ੴ ਸਤਿਗੁਰ ਪ੍ਰਸਾਦਿ ॥

ਤਵਾਰੀਖ ਗੁਰੂ ਖਾਲਸਾ

(ਇਤਿਹਾਸ ਸ੍ਰੀ ਗੁਰੂ ਨਾਨਕ ਦੇਵ ਜੀ)

ਕ੍ਰਿਤ:

ਗਿਆਨੀ ਗਿਆਨ ਸਿੰਘ ਜੀ

TWARIKH GURU KHALSA

(History of Guru Nanak Dev ji)

By

Giani Gian Singh ji

ਸ਼ਹੀਦਾਂ ਦੇ ਸਿਰਤਾਜ ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਦੇ ੪੦੦ ਸਾਲਾ ਸ਼ਹੀਦੀ ਦਿਹਾੜੇ ਨੂੰ ਸਮਰਪਿਤ

Dedicated to 400th Martyrdom Anniversary of

Sri Guru Arjan Dev ji

ਸੇਵਾ: ਭਾਈ ਬਲਜਿੰਦਰ ਸਿੰਘ ਜੀ (ਰਾੜਾ ਸਾਹਿਬ)

Made Available by:

Bhai Baljinder Singh ji

© Baljinder Singh 16914 Lassen Street, Northridge, CA 91343 USA

Visit: www.ik13.com *Email rarasahib@yahoo.com*

Important Notice:

This file is brought in the digital (computer/internet use) format and made available within the reach of common users, scholars and students engaged in the study of Sikh History and Philosophy with the help of computer/internet. The digital composition of this file is the intellectual property of Bhai Baljinder Singh as it is completely an individual effort by him. Except for personal use on a personal computer without changing/decoding the file/database, no one is permitted to use this file in its native (provided), decoded or modified format, in whole or in part, for any computer/internet/publication project without the prior written permission of Bhai Baljinder Singh.

ਤਤਕਰਾ

Click a link to access the required page

	ਹਾਲ ਜਗਨ ਨਾਥ ਦਾ
	ਭੂਮਿਕਾ
	ਤਵਾਰੀਖ ਦੇ ਫਾਇਦੇ
	ਗੁਰੂ ਸਾਹਿਬਾਂ ਦੇ ਦੁਨੀਆਂ ਪਰ ਆਉਣ ਦਾ ਕਾਰਣ
	ਮੁਗਲੀਆ ਸਲਤਨਤ
(ਪਾ: ੧ - ੧)	ਪ੍ਰਸੰਗ ਸ੍ਰੀ ਗੁਰੂ ਨਾਨਕ ਸਾਹਿਬ ਜੀ ਦਾ ਬੰਸਾਵਲੀ ਰਾਇ ਭੋਇ ਲੋਧੀਆਂ ਦੇ ਜ਼ੁਲਮ ਪਾ.੧ ਅਵਤਾਰ ਪੱਤ੍ਰੀ ਬਣਵਾਈ ਮਾਸੀ ਲੱਖੋ, ਉਸਦਾ ਪੁੱਤ੍ਰ ਰਾਮਥੰਮਨ ਪਾਂਧੇ ਪਾਸ ਪੜ੍ਹਨ ਪਾਏ ਗੋਪਾਲ ਪਾਂਧੇ ਨੂੰ ਉਪਦੇਸ਼ ਪੱਟੀ ਲਿਖੀ
(ਪਾ: ੧ - ੨)	ਮੁੱਲਾਂ ਦੇ ਪੜ੍ਹਨੇ ਪਾਏ ਮੌਲਵੀ ਕੁਤਬਦੀਨ ਜਨੇਊ ਤੋਂ ਇਨਕਾਰ ਬ੍ਰਿਜਨਾਥ ਪੰਡਿਤ
(ਪਾ: ੧ - ੩)	ਪੰਡਿਤ ਦੇ ਪੜ੍ਹਨੇ ਪਾਏ ਦੱਖਣੀ ਓਅੰਕਾਰ ਗਊਆਂ ਚਾਰਨਾ
(ਪਾ: ੧ - ੪)	ਖੇਤ ਹਰਿਆ ਹੋ ਗਿਆ ਖੇਤੀ ਕਰਾਉਣੀ ਵੈਦ ਹਰਦਾਸ
(ਪਾ: ੧ - ੫)	ਸਰਪ ਛਾਇਆ
(ਪਾ: ੧ - ੬)	ਦਰੱਖਤ ਦਾ ਪਰਛਾਵਾਂ ਨਾ ਢਲਿਆ
(ਪਾ: ੧ - ੭)	ਬਸਤ੍ਰ ਗਹਿਣੇ ਫ਼ਕੀਰਾਂ ਨੂੰ ਦੇ ਦਿੱਤੇ
(ਪਾ: ੧ - ੮)	ਖਰਾ ਸੌਦਾ ਭਈਆ ਜੈਰਾਮ ਜੀ
(ਪਾ: ੧ - ੯)	ਸੁਲਤਾਨਪੁਰ ਮੋਦੀ ਦੀ ਕਾਰ ਮੋਦੀਖਾਨੇ ਦਾ ਹਿਸਾਬ ਜਨਮ ਬਾਬਾ ਸ੍ਰੀਚੰਦ ਜੀ ਜਨਮ ਬਾਬਾ ਲਖਮੀਦਾਸ ਜੀ
(ਪਾ: ੧ - ੧੦)	ਬਾਬਾ ਜੀ ਦਾ ਵਿਆਹ ਵੇਈਂ ਇਸ਼ਨਾਨ
(ਪਾ: ੧ - ੧੧)	ਨਿਰੰਕਾਰ ਵੱਲੋਂ ਉਪਦੇਸ਼ ਮਿਲਿਆ

(ਪਾ: ੧ - ੧੨)	**ਪੰਡਤ ਨੂੰ ਉਪਦੇਸ਼** ਸ਼ਿਆਮਾ ਪੰਡਿਤ
(ਪਾ: ੧ - ੧੩)	**ਦੇਵੀ ਪੂਜਾ ਬੰਦ ਕੀਤੀ** ਭਾਈ ਭਾਗੀਰਥ
(ਪਾ: ੧ - ੧੪)	**ਨਵਾਬ ਪ੍ਰਤਿ ਉਪਦੇਸ਼** ਮਸੀਤ ਕੌਤਕ ਚੰਦੋਰਾਣੀ
(ਪਾ: ੧ - ੧੫)	**ਸੁਲਤਾਨਪੁਰੋਂ ਕੂਚ ਕੀਤਾ** ਫਰਿੰਦਾ ਰਬਾਬੀ ਗੋਇੰਦਵਾਲ ਵਾਲੀ ਥਾਂ ਨੂੰ ਵਰ ਅੰਮ੍ਰਿਤਸਰ ਵਾਲੀ ਥਾਂ ਨੂੰ ਵਰ
(ਪਾ: ੧ - ੧੬)	**ਰਾਮਤੀਰਥ ਪਰ ਗਏ** ਲਾਹੌਰ ਨੂੰ ਸ੍ਰਾਪ
(ਪਾ: ੧ - ੧੭)	**ਸੱਯਦ ਅਹਿਮਦ ਨੂੰ ਉਪਦੇਸ਼** ਭਾਈ ਲਾਲੋ ਏਮਨਾਬਾਦ ਤਪ ਕੀਤਾ
(ਪਾ: ੧ - ੧੮)	**ਮਲਕ ਭਾਗੋ ਪ੍ਰਤਿ ਉਪਦੇਸ਼** ਭਵਿੱਖ ਬਚਨ
(ਪਾ: ੧ - ੧੯)	**ਸਾਧੂ ਪਕੜੇ ਜਾਣੇਂ** ਚੰਦ੍ਰਭਾਨ ਦਾ ਖੂਹ
(ਪਾ: ੧ - ੨੦)	**ਲਾਲੂ ਮਹਿਤਾ ਪ੍ਰਤਿ ਉਪਦੇਸ਼**
(ਪਾ: ੧ - ੨੧)	**ਰਾਇ ਪ੍ਰਤਿ ਉਪਦੇਸ਼** ਭਾਈ ਰੂਪਾ ਜ਼ਿਮੀਦਾਰ
(ਪਾ: ੧ - ੨੨)	**ਹਮਜ਼ਾ ਗੌਂਸ ਪੀਰ ਨੂੰ ਉਪਦੇਸ਼** ਹਮਜ਼ਾ ਗੌਸ ਗੀਗਾ ਖੱਤ੍ਰੀ ਮੂਲਾ ਖੱਤ੍ਰੀ ਮਰਨਾ ਸੱਚ, ਜੀਵਨ ਝੂਠ
(ਪਾ: ੧ - ੨੩)	**ਪਹੋਏ ਪਹੁੰਚੇ**
(ਪਾ: ੧ - ੨੪)	**ਕੁਰਖੇਤ੍ਰ ਪਰ ਗਏ** ਗ੍ਰਹਿਣ ਸਮੇਂ ਮਾਸ ਰਿੰਨ੍ਹਣਾ ਨਾਨੂ ਪੰਡਿਤ ਨਾਲ ਚਰਚਾ ਹਾਂਡੀ ਵਿੱਚ ਖੀਰ ਰਿੰਨ੍ਹਦੀ ਦੇਖੀ
(ਪਾ: ੧ - ੨੫)	**ਰਾਜਾ ਬਿਜੈ ਪ੍ਰਕਾਸ਼ ਨੂੰ ਉਪਦੇਸ਼** ਕੁਬੁਧਿ ਡੂਮਣੀ
(ਪਾ: ੧ - ੨੬)	**ਸਿਕੰਦਰ ਬਾਦਸ਼ਾਹ ਨੂੰ ਉਪਦੇਸ਼** ਜੇਲ੍ਹ ਵਿੱਚ ਚੱਕੀ ਪੀਸਣੀ ਬੰਦੀ ਛੋੜ ਗੁਰੂ ਨਾਨਕ
(ਪਾ: ੧ - ੨੭)	**ਪੰਡਿਤ ਪ੍ਰਤਿ ਉਪਦੇਸ਼** ਕਾਸ਼ੀ ਵਿੱਚ ਚਤੁਰਰਾਸ ਪੰਡਿਤ ਨਾਲ ਚਰਚਾ
(ਪਾ: ੧ - ੨੮)	**ਕਬੀਰ ਜੀ ਦਾ ਮਿਲਾਪ**

	ਸੱਤ ਦਿਨ ਕਬੀਰ ਜੀ ਨਾਲ ਚਰਚਾ
(ਪਾਃ ੧ - ੨੯)	**ਸਾਲਸਰਾਇ ਪ੍ਰਤਿ ਉਪਦੇਸ਼** ਅਧਰੱਕੇ ਨੂੰ ਮੰਜੀ ਬਖ਼ਸ਼ੀ ਪਟਨੇ ਨੂੰ ਵਰ
(ਪਾਃ ੧ - ੩੦)	**ਗਇਆ ਉੱਪਰ ਪਹੁੰਚੇ**
(ਪਾਃ ੧ - ੩੧)	**ਬੋਧ ਗਇਆ ਪਰ ਪਹੁੰਚਨਾ**
(ਪਾਃ ੧ - ੩੨)	**ਸੂਜਾ ਸਿੱਖ ਹੋਇਆ** ਰਾਮਦਾਸ ਸਿੱਧ ਨੂੰ ਮਿਲੇ
(ਪਾਃ ੧ - ੩੩)	**ਢਾਕੇ ਪ੍ਰਵੇਸ਼ ਕਰਨਾ** ਮਰਦਾਨੇ ਉੱਪਰ ਜਾਦੂ ਗੁਰੂ ਜੀ ਦੇ ਬਰਛੇ ਦੀ ਪੂਜਾ ਧੋਬੜੀ ਪਿੰਡ
(ਪਾਃ ੧ - ੩੪)	**ਆਸਾਮ ਦੇਸ਼ ਦਾ ਝਾਕਾ**
(ਪਾਃ ੧ - ੩੫)	**ਝੰਡੇ ਨੂੰ ਮੰਜੀ ਬਖ਼ਸ਼ਣੀ** ਸੁਧਰਸੈਨ ਅਠਾਰਾਂ ਟਾਪੂਆਂ ਦੇ ਰਾਜੇ ਮਧਰਬੈਨ
(ਪਾਃ ੧ - ੩੬)	**ਧਰਮ ਸਿੰਘ ਦਾ ਮਿਲਨਾ** ਕਮਲਨੈਨ ਧਰਮ ਸਿੰਘ
(ਪਾਃ ੧ - ੩੭)	**ਨਾਂਗੇ ਮੁਲਕ ਦਾ ਸੈਲ** ਦੇਵਲੂਤ
(ਪਾਃ ੧ - ੩੮)	**ਕਲਕੱਤੇ ਵੱਲ ਕੂਚ** ਸੱਚੀ ਆਰਤੀ ਕਲਿਜੁਗ ਪਾਂਡਾ ਛਨਿੱਚਰ ਦੀ ਕਥਾ ਮੈਨਪਾਲ
(ਪਾਃ ੧ - ੩੯)	**ਕਪਲ ਮੁਨੀ ਦਾ ਆਸ਼੍ਰਮ ਦੇਖਿਆ**
(ਪਾਃ ੧ - ੪੦)	**ਕੌਡੇ ਰਾਖਸ਼ ਨੂੰ ਤਾਰਨਾ** ਖੱਖੜੀਆਂ ਮਿੱਠੀਆਂ ਕੀਤੀਆਂ
(ਪਾਃ ੧ - ੪੧)	**ਆਗਰੇ ਪ੍ਰਵੇਸ਼ ਕਰਨਾ** ਮਾਈ ਜੱਸੀ ਮਾਈਥਾਨ
(ਪਾਃ ੧ - ੪੨)	**ਮਥਰਾ ਪ੍ਰਵੇਸ਼** ਕਲਜੁਗ ਦੇ ਲੱਛਣ ਬਿੰਦ੍ਰਾਬਨ
(ਪਾਃ ੧ - ੪੩)	**ਸੁਲਤਾਨਪੁਰ ਪਹੁੰਚਨਾ**
(ਪਾਃ ੧ - ੪੪)	**ਸ੍ਰੀ ਗੁਰੂ ਨਾਨਕ ਦੇਵ ਜੀ ਦੀ ਦੂਜੀ ਉਦਾਸੀ**
(ਪਾਃ ੧ - ੪੫)	**ਬੀਕਾਨੇਰ ਪਹੁੰਚਨਾ** ਜੈਨੀਆਂ ਦਾ ਆਚਰਣ

	ਗੁੱਗੇ ਚੌਹਾਨ ਦੀ ਕਥਾ
(ਪਾਃ ੧ – ੪੬)	**ਝਾਲਾ ਪਾਟਨ ਪ੍ਰਵੇਸ਼** ਪੀਪਾ ਜੀ ਦੀ ਕਥਾ ਹਰਿ ਜੀ ਸਿੱਧ
(ਪਾਃ ੧ – ੪੭)	**ਨਾਥ ਦੁਆਰੇ ਪਹੁੰਚਨਾ** ਪੁਸ਼ਕਰ ਧਾਰਾਨਗਰੀ ਜਗਦੇਉ ਪਵਾਰ ਗੋਪੀਚੰਦ ਦੀ ਕਥਾ ਓਅੰਕਾਰੇਸ਼੍ਵਰ ਦੱਖਣੀ ਓਅੰਕਾਰ ਇੰਦੌਰ ਦਾ ਰਾਜਾ ਪੰਜ ਪ੍ਰਕਾਰ ਦੇ ਜੀਵ ਬੁਰਹਾਨਪੁਰ ਔਂਡਾ ਸ਼ਹਿਰ ਪਹੁੰਚੇ ਨਾਮਦੇਵ ਜੀ ਦਾ ਮਿਲਾਪ ਨਾਨਕ ਝੀਰਾ ਜੋਗੀਆਂ ਵਲੋਂ ਤਿਲ ਭੇਟਾ ਸੰਗਲਾਦੀਪ ਰਾਜਾ ਸ਼ਿਵਨਾਭ
(ਪਾਃ ੧ – ੪੮)	**ਲੰਕਾ ਤੋਂ ਭਾਰਤਵਰਸ਼ ਵਿੱਚ ਮੁੜਨਾ** ਗੋਆ ਬੰਬਈ
(ਪਾਃ ੧ – ੪੯)	**ਗਿਰਨਾਰ ਪਰਬਤ** ਪ੍ਰਭਾਸ ਛੇਤ੍ਰ ਸੋਮਨਾਥ ਮੰਦਰ
(ਪਾਃ ੧ – ੫੦)	**ਦੁਆਰਕਾ**
(ਪਾਃ ੧ – ੫੧)	**ਮੁਲਤਾਨ ਨੂੰ ਆਵਣਾ** ਉੱਚ ਨਗਰ ਮੁਲਤਾਨ ਦੇ ਪੀਰ
(ਪਾਃ ੧ – ੫੨)	**ਮੁਲਤਾਨੋਂ ਸੁਲਤਾਨਪੁਰ ਵੱਲ ਮੁੜਨਾ** ਸੱਜਣ ਠਗ ਤਲਵੰਡੀ ਪਹੁੰਚੇ ਰਾਇ ਬੁਲਾਰ ਮ੍ਰਿਤੂ ਨਵਾਬ ਦੌਲਤਖਾਂ ਪ੍ਰਲੋਕ ਗਮਨ ਕਰਤਾਰਪੁਰ ਵਸਣਾ ਪ੍ਰਵਾਰ ਕਰਤਾਰਪੁਰ ਬੁਲਾਇਆ
(ਪਾਃ ੧ – ੫੩)	**ਸ੍ਰੀ ਗੁਰੂ ਨਾਨਕ ਸਾਹਿਬ ਜੀ ਦੀ ਤੀਜੀ ਉਦਾਸੀ** ਮਨੀਕਰਣ ਬੁੱਢਣਸ਼ਾਹ ਮਾਹੀਆ ਭਗਤ ਹੇਮਕੁੰਟ
(ਪਾਃ ੧ – ੫੪)	**ਸੱਚਖੰਡ ਪ੍ਰਵੇਸ਼ ਕਰਨਾ** ਗੋਰਖ ਨਾਲ ਗੋਸ਼ਟ ਝੰਗਰਨਾਥ ਮਰਦਾਨਾ ਬੀਰਰਸ ਵਿੱਚ ਕਨੀਫਾ

	ਹਨੀਫਾ ਗੋਪੀਚੰਦ ਭਰਥਰੀ ਸੰਘਰਨਾਥ ਮੰਗਲਨਾਥ ਦੱਤਾਤ੍ਰੇਯ ਕਾਕ ਭਸੁੰਡ ਸੱਚਖੰਡ
(ਪਾਃ ੧ – ੫੫)	**ਸਿੱਧਾਂ ਨਾਲ ਗੋਸ਼ਟ** ਮਰਦਾਨਾ ਬਲੀ ਦੇਣ ਲਈ ਪਕੜਿਆ ਨਾਨਕ ਮਤਾ ਸਿੱਧਾਂ ਦੇ ਤਮਾਸ਼ੇ ਗੁਰੂ ਜੀ ਦੀ ਖੜਾਂਵ ਰੀਠੇ ਮਿੱਠੇ ਕੀਤੇ
(ਪਾਃ ੧ – ੫੬)	**ਰਾਮਚੰਦ੍ਰ ਜੀ ਦੀ ਕਥਾ** ਅਯੁੱਧਿਆ ਪਹੁੰਚੇ ਰਮਾਇਣ ਕਥਾ ਅਲਲਾਚੀਨ ਮਾਨ ਸਰੋਵਰ ਕੈਲਾਸ਼ ਪਰਬਤ ਅਮਰਨਾਥ
(ਪਾਃ ੧ – ੫੭)	**ਸੁਲਤਾਨਪੁਰ ਪਹੁੰਚਣਾ** ਬੇਬੇ ਨਾਨਕੀ ਜੀ ਪ੍ਰਲੋਕ ਗਮਨ ਜੈਰਾਮ ਜੀ ਪ੍ਰਲੋਕ ਗਮਨ ਨਵਾਬ ਦੌਲਤ ਖਾਂ ਪ੍ਰਲੋਕ ਗਮਨ? ਚੰਦੋਰਾਣੀ ਪ੍ਰਲੋਕਗਮਨ ਸਿੱਖੀ ਕੀ ਹੈ ਜਸਰੋਟੇ ਦਾ ਰਾਜਾ ਮਰਦਾਨੇ ਨੇ ਮਾਇਆ ਦਾ ਚਮਤਕਾਰਾ ਦੇਖਣਾ ਸੈਦਾ ਘੇਉ ਸ੍ਵਯੰਪਾਕੀ ਬ੍ਰਹਮਚਾਰੀ
(ਪਾਃ ੧ – ੫੮)	**ਚੌਥੀ ਉਦਾਸੀ** ਮਾਤਾ ਤ੍ਰਿਪਤਾ ਜੀ ਬੈਕੁੰਠਗਮਨ ਪਿਤਾ ਕਾਲੂ ਜੀ ਬੈਕੁੰਠਗਮਨ ਅੰਤਿਮ ਕ੍ਰਿਆ ਖੇਤ ਦੇ ਰਾਖੇ ਨੂੰ ਸੁਲਤਾਨ ਬਣਾਇਆ ਨਗਾਹੇ ਦੇ ਪੀਰ ਦੀ ਕਥਾ
(ਪਾਃ ੧ – ੫੯)	**ਅਰਬ ਦੇਸ ਜਾਵਣਾ** ਸ਼ਾਹਸ਼ਰਫ ਨਾਲ ਚਰਚਾ
(ਪਾਃ ੧ – ੬੦)	**ਹਾਜ਼ਰ ਨਾਮਾ ਉਚਾਰਿਆ** ਮੱਕਾ ਫੇਰਿਆ ਮੱਕੇ ਦੀ ਗੋਸਟ ਮਦੀਨਾ ਮਦੀਨੇ ਦੀ ਗੋਸਟ ਕਿਤਾਬ ਤੋਂ ਕੀ ਹਾਸਿਲ ਹੈ? ਪੀਰ ਜੁਲਜੁਲਾਲ ਨਾਲ ਚਰਚਾ ਹਮੀਦ ਕਾਰੂੰ ਬਾਦਸ਼ਾਹ

(ਪਾ: ੧ - ੬੧)	**ਨਸੀਹਤ ਨਾਮਾ** ਗੁਰੂ ਜੀ ਦੀ ਤਸਵੀਰ ਅਤੇ ਚੋਲਾ ਬਾਬਰ ਦਰਸ਼ਨਾਂ ਨੂੰ ਆਇਆ ਕਾਬਲ ਵਾਸੀਆਂ ਨੂੰ ਪੋਥੀ ਬਖ਼ਸ਼ੀ ਘੜੂਕਾ ਫ਼ਕੀਰ ਪੰਜਾ ਸਾਹਿਬ ਵਲੀ ਕੰਧਾਰੀ ਮੂਲਾ ਬੇਮੁਖ ਹੋਇਆ ਏਮਨਾਬਾਦ ਦੀ ਲੁੱਟ ਅਵਾਣ ਪਿੰਡ ਬਾਬਰ ਨਾਲ ਮਿਲਾਪ
(ਪਾ: ੧ - ੬੨)	**ਕਰਤਾਰ ਪੁਰ ਪਹੁੰਚਣਾਂ** ਕਰਤਾਰਪੁਰ ਰੌਣਕ ਸਤਿਸੰਗ ਦੀ ਮਹਿਮਾ ਖੂਹ ਵਿੱਚ ਬਿੱਲੀ ਦਾ ਦ੍ਰਿਸ਼ਟਾਂਤ
(ਪਾ: ੧ - ੬੩)	**ਪਾਕ ਪਟਨ ਦੇਖਣਾ** ਦੁਖੀ ਸੇਠ ਫਰੀਦ ਦੇ ਸਥਾਨ ਤੇ ਗੋਸ਼ਟ ਮੁਲਤਾਨ ਦੁੱਧ ਕਟੋਰਾ ਉੱਚ ਦਾ ਪੀਰ ਜਲਾਲ ਸਹੁ ਸੁਹਾਗਣ
(ਪਾ: ੧ - ੬੪)	**ਮਰਦਾਨੇ ਦਾ ਚਲਾਣਾ**
(ਪਾ: ੧ - ੬੫)	**ਅੱਚਲ ਵਟਾਲਾ** ਭੂਮੀਆ ਚੋਰ ਹਰਿਦੁਆਰ ਕੌਤਕ ਕਪਾਲ ਮੋਚਨ ਰਤਨ ਮਾਲਾ ਕਪਾਲ ਮੋਚਨ ਦਾ-ਦ੍ਰਿਸ਼ਟਾਂਤ ਸੂਤਕ ਖੰਡਨ
(ਪਾ: ੧ - ੬੬)	**ਕਰਤਾਰ ਪੁਰ ਪ੍ਰਵੇਸ਼** ਭਾਈ ਬੁੜਾ-ਬੁੱਢਾ ਤਾਰੂ ਪੋਪਟ ਸ੍ਰੀ ਸੁਲੱਖਣੀ ਜੀ ਦੀ ਉਦਾਰਤਾ ਗੁਰਤਾ ਦਾ ਭਾਰਾਪਨ
(ਪਾ: ੧ - ੬੭)	**ਪੱਖੋਕੇ ਪਿੰਡ ਏਕਾਂਤ ਰਹਿਣਾ** ਪਦਮਾਸਨ ਬੈਠ ਕੇ ਸਰੀਰ ਦਾ ਪ੍ਰੀਤਿਆਗ ਸਰੀਰ ਸਮੇਤ ਅੰਤਰਧਿਆਨ

ਹਾਲ ਜਗਨਨਾਥ ਦਾ

ਜਗਨਨਾਥ ਦੇ ਮੰਦਰ ਤੇ ਮੂਰਤਾਂ ਦੀ ਕਥਾ ਐਉਂ ਹੈ ਕਿ ਸ੍ਰੀ ਕ੍ਰਿਸ਼ਨ ਜੀ ਤੋਂ ਪੰਜ ਸੌ ਬਰਸ ਪਿੱਛੋਂ ਏਸ ਦੇਸ ਦੇ ਰਾਜੇ ਇੰਦ੍ਰ ਦਵਨ ਨੂੰ ਸੁਪਨੇ ਵਿੱਚ ਕ੍ਰਿਸ਼ਨ, ਬਲਭੱਦ੍ਰ, ਸੁਭੱਦ੍ਰਾ ਤਿੰਨਾਂ ਦਾ ਦਰਸ਼ਨ ਹੋਯਾ, ਪਰ ਹੱਥ ਪੈਰ ਕੱਟੇ ਹੋਏ ਦੇਖੇ। ਓਸ ਨੇ ਆਪਣਾ ਇਸ਼ਟ ਦੇਵ ਸਮਝ ਕੇ ਬੇਨਤੀ ਕਰ ਪੁੱਛਿਆ ਤਾਂ ਕ੍ਰਿਸ਼ਨ ਜੀ ਬੋਲੇ, "ਜੇ ਅਸੀਂ ਦੰਡ ਨਾ ਲੈਂਦੇ ਤਾਂ ਈਸ਼੍ਵਰ ਰਚਿਤ ਜੋ ਮ੍ਰਯਾਦਾ ਹੈ (ਯਥਾ ਕਰਮ ਤਥਾ ਫ਼ਲ ਪ੍ਰਾਨੀ ਨੂੰ ਮਿਲੇ) ਏਹ ਭੰਗ ਹੁੰਦੀ ਸੀ। ਜੇ ਅਸੀਂ ਵੱਡੇ ਲੋਕ ਮ੍ਰਯਾਦਾ ਵਿੱਚ ਨਾ ਚੱਲੀਏ ਤਾਂ ਫੇਰ ਹੋਰ ਜੀਵ ਸਾਡੇ ਬਚਨ ਕੈਸੇ ਮੰਨਣਗੇ।" ਈਸ਼੍ਵਰ ਇੱਕ ਹੈ ਜੀਵ ਅਨੰਤ ਤਿੰਨ ਦਰਜੇ ਦੇ ਹਨ, ਇੱਕ ਕਾਰਕ, ਦੂਜੇ ਦੇਵਤਾ, ਤੀਜੇ ਸੰਸਾਰੀ। ਜੋ ਕਾਰਕ ਹਨ ਓਹ ਈਸ਼੍ਵਰ ਦੇ ਸੰਕਲਪ ਨਾਲ ਨਿਤ ਰਹਿੰਦੇ ਹਨ। ਜੰਮਣ ਮਰਣ ਚੁਰਾਸੀ ਜੋਨਿ ਵਿੱਚ ਨਹੀਂ ਜਾਂਦੇ। ਜਦ ਜਿਸ ਨੂੰ ਜੈਸੇ ਹੁਕਮ ਹੁੰਦਾ ਹੈ, ਸੰਸਾਰ ਵਿੱਚ ਪ੍ਰਗਟ ਹੋ ਕੇ ਕੰਮ ਸਵਾਰ ਕੇ ਫੇਰ ਸੱਚਖੰਡ ਵਿੱਚ ਜਾ ਰਹਿੰਦਾ ਹੈ। ਦੇਵਤਾ ਸ਼ੁਭ ਕਰਮ ਕਰ ਕੇ ਸੁਰਗ ਵਿੱਚ ਰਹਿਣ ਵਾਲੇ ਪ੍ਰਾਣੀ ਹਨ, ਸੰਸਾਰੀ ਸ਼ੁਭ ਅਸ਼ੁਭ ਕਰਮਾਂ ਦੇ ਅਧੀਨ ਸੰਸਾਰ ਚੱਕਰ ਵਿੱਚ ਭੌਂਦੇ ਹੋਏ ਚੌਰਾਸੀ ਲੱਖ ਜੋਨਿ ਪਏ ਭੋਗਦੇ ਹਨ। ਅਸਾਂ ਪ੍ਰਾਈਆਂ ਇਸਤਰੀਆਂ ਦਾ ਜਿਨ੍ਹਾਂ ਪੈਰਾਂ ਨਾਲ ਚੱਲ, ਹੱਥਾਂ ਨਾਲ ਫੜ ਸਤ ਤੋੜਿਆ ਹੈ ਓਸ ਦਾ ਫ਼ਲ ਸਾਨੂੰ ਇਹ ਮਿਲਿਆ ਹੈ। ਹੁਣ ਤੂੰ ਏਹੋ ਜੇਹੇ ਸਾਡੇ ਸਰੂਪ ਜੋ ਪਰਮੇਸ਼੍ਵਰ ਦੇ ਹੁਕਮ ਨਾਲ ਕਰੂਪ ਕੀਤੇ ਗਏ ਹਨ, ਇੱਕ ਮੰਦਰ ਵਿੱਚ ਸਥਾਪਨ ਕਰ ਜਿਸ ਤੋਂ ਲੋਕ ਨਸੀਹਤ ਫੜਨ। ਰਾਜੇ ਨੇ ਜਾਗ ਕੇ ਓਹੋ ਜੇਹੀਆਂ ਮੂਰਤਾਂ ਬਣਵਾ ਕੇ ਇੱਕ ਮੰਦਰ ਵਿੱਚ ਥਾਪ ਕੇ ਜਗਨਨਾਥ ਨਾਮ ਧਰ, ਆਰੀਆ ਵਰਤ ਵਿੱਚ ਢੰਡੋਰਾ ਫਿਰਾ ਦਿੱਤਾ ਕਿ ਜੋ ਦਰਸ਼ਨ ਕਰੇਗਾ ਮਨ ਬਾਂਛਤ ਫ਼ਲ ਪਾਵੇਗਾ। ਲੋਕ ਦਰਸ਼ਨ ਨੂੰ ਆਉਣ ਲਗੇ, ਹੌਲੀ ਹੌਲੀ ਰਥ ਯਾਤਰਾ ਕਲੇਵਰ ਆਦਿਕ ਅਨੇਕ ਮ੍ਰਯਾਦਾ ਥੱਪ ਲਈਆਂ। ਕਈ ਆਖਦੇ ਹਨ ਇੰਦ੍ਰ ਦਵਨ ਬੁੱਧ ਮਜ਼੍ਹਬ ਦਾ ਰਾਜਾ ਸੀ। ਏਸ ਨੇ ਆਪਣੇ ਰਾਜ ਵਿੱਚੋਂ ਚੋਰੀ ਯਾਰੀ ਹਟਾਉਣ ਤੇ ਕ੍ਰਿਸ਼ਨ ਜੀ ਦੀ ਨਿੰਦਾ ਕਰਾਉਣ ਵਾਸਤੇ ਏਹ ਕੰਮ ਕੀਤਾ ਸੀ। (ਏਹ ਗੱਲ ਓਸ ਮੰਦਰ ਦੇ ਚਾਰੇ ਪਾਸੇ ਜੋ ਇਸਤ੍ਰੀਆਂ, ਪੁਰਸ਼ਾਂ ਦੀਆਂ ਮੂਰਤਾਂ ਨਗਰ ਵਿਸ਼ੇ ਭੋਗ ਕਰਦੇ ਹੋਏ ਬੇਅੰਤ ਹੀ ਖੜੇ ਕਰ ਰੱਖੇ ਹਨ ਓਨ੍ਹਾਂ ਤੋਂ ਅਤੇ ਦਿਨ ਖੜੇ ਤ੍ਰਿਕਾਲਾਂ ਦਾ ਭੋਗ ਲੱਗ ਜਾਣ ਤੋਂ ਠੀਕ ਸਿੱਧ ਹੈ ਕਿ ਜੈਨ ਧਰਮ ਦਾ ਮੰਦਰ ਹੈ।) ਜਿਸ ਤੋਂ ਹਿੰਦੂ ਐਸੀ ਭੇਡਾ ਚਾਲ ਚਲੇ ਕਿ ਓਸੇ ਨੂੰ ਈਸ਼੍ਵਰ ਮੰਨਣ ਲਗ ਪਏ। ਦੂਜਾ ਜਗਨਨਾਥ ਦਾ ਰਥ ਆਪੇ ਚਲਣਾ ਏਹ ਪੁਜਾਰੀਆਂ ਦੀ ਬਨਾਵਟ ਹੈ ਕਿਉਂਕਿ ਸੰਮਤ ੧੯੨੭ ਬਿਕ੍ਰਮੀ ਨੂੰ ਮੈਂ ਏਹੋ ਬਾਤ ਪਰਖਣ ਵਾਸਤੇ ਚਾਰ ਮਹੀਨੇ ਜਗਨਨਾਥ ਵਿੱਚ ਰਿਹਾ ਸਾਂ। ਸੋ ਹਾੜ ਦੀ ਪੁੰਨਯਾ ਵਾਲੇ ਦਿਨ ਰਥ ਯਾਤ੍ਰਾ ਦਾ ਮੇਲਾ ਹੁੰਦਾ ਹੈ। ਜਗਨਨਾਥ ਪੁਰੀ ਤੋਂ ਤਿੰਨ ਕੋਸ ਜਨਕ ਪੁਰੀ ਹੈ। ਹਾੜ ਸੁਦੀ ਪੰਚਮੀ ਨੂੰ ਤਿੰਨ ਰਥ ਤਯਾਰ ਹੋ ਕੇ ਮੰਦਰ ਦੇ ਨੇੜੇ ਖੜੇ ਹੁੰਦੇ ਹਨ। ਕ੍ਰਿਸ਼ਨ ਜੀ ਦੇ ਰਥ ਨੂੰ ੧੬ ਪਹੀਏ, ਬਲਭੱਦ੍ਰ ਦੇ ਰਥ ਨੂੰ ੧੨ ਪਹੀਏ ਤੇ ਸੁਭੱਦ੍ਰਾ ਦੇ ਰਥ ਨੂੰ ੮ ਪਹੀਏ ਹੁੰਦੇ ਹਨ ਤੇ ਏਨ੍ਹਾਂ ਪਰ ੧੦੦, ੫੦ ਤੇ ੨੫ ਆਦਮੀ ਚੜ੍ਹ ਸਕਦੇ ਹਨ। ਇਨ੍ਹਾਂ ਨੂੰ ਦਸ-ਦਸ, ਅੱਠ-ਅੱਠ ਰੱਸੇ ਨਾਲੀਏਰ ਦੇ ਬਹੁਤ ਮੋਟੇ-ਮੋਟੇ ਅੱਧਾ-ਅੱਧਾ ਮੀਲ ਲੰਬੇ ਬੰਨ੍ਹੇ ਹੋਏ ਹੁੰਦੇ ਹਨ। ਇਕਾਦਸੀ ਨੂੰ ਤਿੰਨੇ ਮੂਰਤਾਂ ਤਿਹਾਂ ਰਥਾਂ ਉੱਤੇ ਬੈਠਾਈਆਂ ਜਾਂਦੀਆਂ ਹਨ। ਯਾਤ੍ਰੀ ਲੋਗ ਜੋ ਦੋ ਲੱਖ ਦੇ ਲੱਗਪੱਗ ਆਏ ਹੋਏ ਹੁੰਦੇ ਹਨ, ਸੋ ਇੱਕ ਇੱਕ ਰੱਸੇ ਨੂੰ ਪੰਜ-ਪੰਜ ਹਜ਼ਾਰ ਚੰਬੜ ਜਾਂਦਾ ਹੈ। ਬੇ ਤਰੀਕੇ ਜ਼ੋਰ ਲਾਉਣ ਕਰ ਕੇ ਰਥ ਨਹੀਂ ਚੱਲਦਾ। ਤ੍ਰੌਦਸੀ ਚੌਦਸ ਨੂੰ ਸਾਰੇ ਲੋਕ ਖਿਚਣ ਵਿੱਚ ਤਤਪਰ ਹੁੰਦੇ ਹਨ ਤੇ ਪਾਂਡੇ ਓਨ੍ਹਾਂ ਪਰ ਸਵਾਰ ਹੋ ਕੇ ਤ੍ਰੀਕੇ ਸਿਰ ਜ਼ੋਰ ਲਵਾ ਕੇ ਹੱਲਾ ਬੋਲ ਦਿੰਦੇ ਹਨ ਤਾਂ ਬਹੁਤ ਛੇਤੀ ਤਿੰਨ ਰਥ ਜਨਕ ਪੁਰੀ ਪਹੁੰਚ ਜਾਂਦੇ ਹਨ। ਓਥੇ ਵਿਵਾਹ ਦੇ ਸਮਾਨ ਕਰ ਕੇ ਪੰਜਵੇਂ ਦਿਨ ਮੁੜ ਪੁਰੀ ਵਿੱਚ ਆ ਜਾਂਦੇ ਹਨ। ਪੰਡਿਆਂ ਦੀ ਏਹ ਗੱਲ ਝੂਠੀ ਹੈ ਕਿ ਅੰਗ੍ਰੇਜ਼ਾਂ ਨੇ ਫੌਜ ਹਾਥੀ ਖਿੱਚਣ ਲਾਏ ਪਰ

ਰਥ ਨਾ ਚੱਲੇ। ਤੀਸਰੇ ਹਾਂਡੀ ਦਾ ਰਿੱਝਣਾ ਸੋ ਏਸ ਚੁਲ੍ਹੇ ਦੀ ਕਰਾਮਾਤ ਹੈ, ਜਿਸ ਦਾ ਨਕਸ਼ਾ ਏਹ ਹੈ:

ਏਸ ਚੁਲ੍ਹੇ ਵਿੱਚ ਚੌਹਾਂ ਪਾਸਿਆਂ ਤੋਂ ਅੱਗ ਬਾਲੀ ਹੋਈ ਸਾਰੀਆਂ ਹਾਂਡੀਆਂ ਹੇਠ ਫਿਰ ਕੇ ਉੱਚਿਆਂ ਨੂੰ ਸੇਕ ਬਹੁਤ ਲੱਗਣੇ ਕਰ ਓਹ ਹੋਰਨਾਂ ਤੋਂ ਪਹਿਲੇ ਰਿਝਦੀਆਂ ਹਨ। ਇੱਕ ਇੱਕ ਚੁਲ੍ਹੇ ਉੱਤੇ ਅੱਸੀ ਅੱਸੀ, ਸੌ ਸੌ ਮਿੱਟੀ ਦੀ ਹਾਂਡੀ ਰਿੱਝਦੀ ਹੈ। ਤਦੇ ਹੀ ਪੰਝੀ ਤੀਹ ਹਜ਼ਾਰ ਆਦਮੀ ਦਾ ਭੋਜਨ ਹਮੇਸ਼ ਤੇ ਰਥ ਯਾਤ੍ਰਾ ਦੇ ਦਿਨਾਂ ਨੂੰ ਲੱਖ ਤੋਂ ਜ਼ਯਾਦਾ ਭੋਜਨ ਛੱਤੀ ਯਾ ਛਪੰਜਾ ਪ੍ਰਕਾਰ ਦਾ ਤਯਾਰ ਹੁੰਦਾ ਹੈ ਜਿਸ ਵਿੱਚ ਚਾਵਲ, ਭਾਜੀਆਂ, ਸਾਗ, ਚਟਨੀਆਂ, ਖਿਚੜੀ, ਕੜ੍ਹੀ, ਖੱਟੀ ਮਿੱਠੀ, ਪੂੜੇ ਆਦਿਕ ਬਣ ਕੇ ਭੋਗ ਲਗਦਾ ਹੈ। ਓਥੋਂ ਹੀ ਹਰ ਤਰ੍ਹਾਂ ਦੇ ਭੋਜਨ ਪੱਕੇ ਪਕਾਏ ਸਸਤੇ ਮੁੱਲ ਸਾਰੀ ਪੁਰੀ ਤੇ ਮੇਲੇ ਦੇ ਲੋਕਾਂ ਨੂੰ ਮਿਲਦੇ ਹਨ, ਸਵੇਰ ਵੇਲੇ ਕੋਈ ਧਨੀ ਨਿਰਧਨ ਆਪਣੇ ਘਰ ਚੁੱਲ੍ਹਾ ਨਹੀਂ ਤਾਉਂਦਾ। ਚੌਥੇ, ਅਟਕੇ ਦਾ ਰੁਪਯਾ। ਏਹ ਰੁਪਯਾ ਰਾਜੇ ਦੇ ਬੈਂਕ ਵਿੱਚ ਜਮਾ ਹੋ ਕੇ ਬਿਆਜ ਦਾ ਭੋਗ ਰੋਜ਼ ਜਗਨਨਾਥ ਨੂੰ ਲੱਗ ਕੇ ਤਿੰਨ ਹਿੱਸੇ ਵਿਕਦਾ ਹੈ ਤੇ ਚੌਥਾ ਹਿੱਸਾ ਓਸ ਪੰਡੇ ਨੂੰ ਮਿਲਦਾ ਹੈ ਜਿਸ ਦੇ ਰਾਹੀਂ ਰੁਪਯਾ ਰੱਖਜਾ ਜਾਂਦਾ ਹੈ ਤੇ ਵਸੂਲ ਹੁੰਦਾ ਹੈ, ਓਹ ਪੰਡਾ ਅੱਗੇ ਵੇਚ ਲੈਂਦਾ ਹੈ ਯਾ ਯਾਤ੍ਰੀਆਂ ਨੂੰ ਦੇਂਦਾ ਹੈ। ਪੰਜਵੇਂ, ਓਥੇ ਤਿੰਨ ਸੌ ਸਠ ਕਿਆਰੀ ਝੋਨੇ ਦੀ ਹੈ। ਹਰ ਰੋਜ਼ ਇੱਕ ਕਟਵਾ ਕੇ ਨਵੇਂ ਚਾਵਲਾਂ ਦਾ ਭੋਗ ਲਾਂਵਦੇ ਹਨ। ਸੋ, ਏਹ ਓਸ ਦੇਸ ਦੀ ਜ਼ਮੀਨ ਦਾ ਸੁਭਾਵ ਹੈ। ਸਰਦੀ ਘੱਟ ਤੇ ਗ਼ਰਮੀ ਬਹੁਤ, ਜਿਸ ਕਰ ਕੇ ਬਾਰਾਂ ਮਹੀਨੇ ਝੋਨਾ ਪੱਕਦਾ ਰਹਿੰਦਾ ਹੈ। ਛੇਵੇਂ, ਪੈਂਤੀਸ ਛੱਤੀ ਬਰਸ ਪਿੱਛੋਂ ਲੌਂਦੇ ਪੈ ਕੇ ਜਦ ਦੋ ਹਾੜ ਆਂਵਦੇ ਹਨ ਤਾਂ ਨਿੰਮ ਦੀ ਲੱਕੜੀ ਦੇ ਤਿੰਨ ਪੁਤਲੇ ਬਣਾ ਕੇ ਪੁਰਾਣੇ ਖੋਲਾਂ ਵਿੱਚੋਂ ਮੂਰਤਾਂ ਕੱਢ ਕੇ ਨਵਿਆਂ ਵਿੱਚ ਰੱਖਦੇ ਹਨ, ਓਸ ਨੂੰ ਕਲੇਵਰ ਆਖਦੇ ਹਨ। ਓਸ ਦੀ ਕਰਾਮਾਤ ਏਹ ਠਹਿਰਾ ਰੱਖੀ ਸੀ ਕਿ ਕਲੇਵਰ ਘੜਨ ਵਾਲਾ ਇੱਕ ਤਰਖਾਣ, ਇੱਕ ਪੰਡਾ, ਇੱਕ ਰਾਜਾ ਤਿੰਨੇ ਮਰ ਜਾਂਦੇ ਸਨ।

ਸੰਮਤ ੧੯੨੮ ਬਿਕ੍ਰਮੀ ਨੂੰ ਜਦ ਕਲੇਵਰ ਚੜ੍ਹਦਾ ਸੀ ਤਾਂ ਓਥੋਂ ਦੇ ਰਾਜੇ ਸ਼ਿਵ ਲਾਲ ਨੇ ਆਪਣੇ ਪੰਜ ਬਰਸ ਦੇ ਪੁੱਤ੍ਰ ਨੂੰ ਦਾਈ ਸਾਹਿਬ (ਜੋ ਓਥੋਂ ਦਾ ਡਿਪਟੀ ਕਮਿਸ਼ਨਰ ਸੀ ਓਸਦੇ) ਪਾਸ ਲੈ ਜਾ ਕੇ ਆਖਯਾ, "ਏਸ ਬੱਚੇ ਦੀ ਪਾਲਣਾ ਤੁਸਾਂ ਰੱਖਣੀ ਮੈਂ ਪੰਜ ਦਿਨ ਨੂੰ ਮਰ ਜਾਵਾਂਗਾ।" ਸਾਹਿਬ ਨੇ ਅਚਰਜ ਰਹਿ ਕੇ ਆਖਯਾ, "ਤੁਸੀਂ ਰਾਜ਼ੀ ਬਾਜੀ ਹੋ ਮਰਣ ਦਾ ਕੀ ਕਾਰਣ ਹੈ?" ਜਾਂ ਰਾਜੇ ਨੇ ਸਭ ਕਥਾ ਸੁਣਾਈ ਤਾਂ ਜ਼ਿਲੇ ਸਾਹਿਬ ਨੇ ਰਾਜੇ ਨੂੰ ਧੀਰਜ ਦਿੱਤਾ ਤੇ ਫੇਰ ਡਾਕਟਰ ਨੂੰ ਬੁਲਾ ਕੇ ਸਾਹਿਬ ਨੇ ਸਭ ਬਾਤ ਸਮਝਾਈ। ਡਾਕਟਰ ਜੋ ਸੰਸਕ੍ਰਿਤ ਪੜ੍ਹਿਆ ਹੋਯਾ ਸੀ ਕਸ਼ਮੀਰੀ ਬ੍ਰਾਹਮਣ ਜਾਤ੍ਰੀ ਬਣ ਕੇ ਪੁਜਾਰੀ ਨੂੰ ਲਾਲਚ ਦੇ ਕੇ ਕਲੇਵਰ ਚੜ੍ਹਨ ਸਮੇਂ ਮੂਰਤਾਂ ਦੇ ਦਰਸ਼ਨ ਕਰਨ ਦੀ ਆਗਿਆ ਲੈ ਕੇ ਮੰਦਰ ਦੇ ਇੱਕ ਕੋਣੇ ਵਿੱਚ ਛਿਪ ਕੇ ਸਭ ਕਿਰਿਆ ਕਰਮ ਦੇਖਦਾ ਰਿਹਾ। ਬਾਹਰ ਪੁਲਸ ਦੇ ਸਿਪਾਹੀ ਭੀ ਭੇਸ ਬਦਲ ਕੇ ਜਾਤ੍ਰੀ ਬਣੇ ਹੋਏ ਚੌਕਸ ਖੜੇ ਸੇ। ਜਦ ਪੁਜਾਰੀ ਓਹ ਮੂਰਤਾਂ ਧੋ ਕੇ ਓਸ ਚਰਨਾਮ੍ਰਿਤ ਵਿੱਚ ਸੁੱਕਾ ਚੰਨਣ (ਜੋ ਡੱਬੀ ਵਿੱਚ ਰਹਿੰਦਾ ਹੈ) ਤੇ ਓਹੋ ਜੇਹਾ ਕੁਛ ਹੋਰ ਮਿਲਾ ਕੇ ਪੰਡੇ ਨੂੰ ਦੇਉ ਰਾਜੇ ਤੇ ਤਰਖਾਣ ਨੂੰ ਦੇਣ ਲੱਗਾ ਤਾਂ ਡਾਕਟਰ ਨੇ ਨੱਸ ਕੇ ਛੇਤੀ ਨਾਲ ਓਹ ਡੱਬੀ ਫੜ ਲਈ ਤੇ ਪੁਲੀਸ ਨੇ ਫੌਰਨ ਬੰਦੋਬਸਤ ਕਰ ਲਿਆ। ਦੋਵੇਂ ਡੱਬੀਆਂ ਇਕੋ ਜੇਹੀਆਂ ਸਨ, ਏਸ ਲਈ ਓਹ ਕਲਕੱਤੇ ਭੇਜੀਆਂ ਗਈਆਂ। ਓਥੋਂ ਇੱਕ ਵਿੱਚ ਸੁੱਕਾ ਚੰਨਣ ਤੇ ਦੂਜੀ ਵਿੱਚ ਜ਼ਹਿਰ ਦਾ ਸਤ ਸਾਬਤ ਹੋਯਾ। ਏਸ ਜੁਰਮ ਵਿੱਚ ਚਾਰ ਪੰਜ ਪੰਡੇ ਕਾਲੇ ਪਾਣੀਆਂ ਨੂੰ ਭੇਜੇ ਗਏ। ਓਦੂੰ ਪਿੱਛੇ ਸੰਮਤ ੧੯੧੩ ਬਿਕ੍ਰਮੀ ਵਿੱਚ ਦੋ ਹਾੜ ਭੀ ਆਏ। ਕਲੇਵਰ ਭੀ ਚੜ੍ਹਿਆ ਪਰ ਕੋਈ ਨਾ ਮੋਯਾ। ਫੇਰ ਸੰਮਤ ੧੯੪੯ ਬਿਕ੍ਰਮੀ ਨੂੰ ਦੋ ਹਾੜ ਆਏ ਤਦ ਕਲੇਵਰ ਚੜ੍ਹਨਾ ਸੀ ਪਰ ਰਾਜੇ ਦੇ ਕੈਦ ਹੋ ਜਾਣ ਕਰ ਕਲੇਵਰ ਨਾ ਚੜ੍ਹਿਆ ਤੇ ਨਾ ਕੋਈ ਮਰਿਆ।

ਸੱਤਵੇਂ 'ਜਗਨਨਾਥ ਦਾ ਬਾਟਾ ਨਾ ਝਗੜਾ ਨਾ ਝਾਟਾ' ਏਹ ਜੋ ਇੱਕ ਹਾਂਡੀ ਦੇ ਚਾਰ ਠੀਕਰੇ ਹੋ ਕੇ ਚੌਹਾਂ ਵਿੱਚ ਇਕੋ ਜੇਹਾ ਭਤ ਆ ਜਾਣਾ ਆਖਦੇ ਹਨ, ਜੋ ਅਸੀਂ ਨਹੀਂ ਦੇਖਿਆ।

ਅੱਠਵੇਂ, ਜੋ ਇਹ ਮਸ਼ਹੂਰ ਹੈ ਕਿ ਜੇਹੜਾ ਜੂਠਾ ਖਾਣ ਥੀਂ ਗਿਲਾਨੀ ਕਰਦਾ ਹੈ ਓਹ ਕੁਸ਼ਟੀ ਹੋ ਜਾਂਦਾ ਹੈ, ਸੋ ਏਹ ਕੂੜ ਦਾ ਡਰਾਵਾ ਹੈ। ਓਥੇ ਇੱਕ ਪਿਆਲਾ ਚਾਰੋ ਵਰਣ ਦਾ ਕ੍ਰਿਸ਼ਨ ਦਾ ਚੈਤੰਨਯ ਪ੍ਰਭੂ ਨੇ (ਜਿਸ ਨੂੰ ਬੰਗਾਲੀ ਕ੍ਰਿਸ਼ਨ ਦਾ ਅਵਤਾਰ ਮੰਨਦੇ ਹਨ) ਚਲਾਯਾ ਹੈ। ਜੇਹੜੀ ਪੋਥੀ ਕ੍ਰਿਸ਼ਨ ਚਰਨਾਮ੍ਰਿਤ ਨਾਮ ਓਸ ਨੇ ਕ੍ਰਿਸ਼ਨ ਲੀਲਾ ਦੀ ਰਚੀ ਹੈ ਸੋ ਬੰਗਾਲੀ, ਉੜੀਆ ਲੋਕ ਓਸ ਨੂੰ ਬਹੁਤ ਪੜ੍ਹਦੇ ਹਨ। ਓਹ ਬਾਮੀਸੀ ਪੁਰੀ ਵਿੱਚ ਆਪਣੀ ਆਗਿਆ ਮਨਾ ਕੇ ਭੈਰਵੀ ਚੱਕ੍ਰ ਚਲਾ ਗਿਆ। ਤਿੰਨ ਕੁ ਸੌ ਬਰਸ ਤੋਂ ਜੂਠਾ ਖਾਣ ਦਾ ਰਿਵਾਜ ਪੈ ਗਿਆ। ਵੇਚਣ ਵਾਲੇ ਬਾਣੀਏਂ ਸਭ ਦਾ ਜੂਠਾ ਬਚਿਆ ਹੋਇਆ ਫੇਰ ਆਪਣੇ ਢੇਰ ਵਿੱਚ ਮਿਲਾ ਕੇ ਵੇਚ ਦਿੰਦੇ ਹਨ।

ਓਸ ਦੇਸ ਦੇ ਸਾਰੇ ਖੂਹਾਂ ਦਾ ਪਾਣੀ ਤੱਤਾ ਤੇ ਖਾਰਾ ਹੈ, ਪਰੰਤੂ ਗੁਰੂ ਨਾਨਕ ਜੀ ਦੀ ਬਾਉਲੀ ਦਾ ਜਲ ਮਿੱਠਾ ਤੇ ਠੰਢਾ ਹੈ। ਓਥੋਂ ਦੇ ਉਦਾਸੀ ਪੁਜਾਰੀ ਹਨ, ਪੈਸਾ ਲੈ ਕੇ ਜਲ ਦਿੰਦੇ ਹਨ। ਏਥੋਂ ਦਾ ਜਲ, ਮਲੂਕ ਦਾਸ ਦਾ ਟੁਕੜਾ, ਕਬੀਰ ਦੀ ਪਾਣ, ਜਗਨਨਾਥ ਭੋਗ ਦੇ ਚਾਵਲ, ਪੱਟ, ਮੂਰਤਾਂ, ਚੰਨਣ, ਲੀਰ, ਪੁਸ਼ਾਕੀ ਦੀ ਏਹ ਪ੍ਰਸ਼ਾਦ ਸਭ ਜਾਤਰੂ ਲਿਆਂਦੇ ਹਨ।

ਬਾਵਲੀ ਨਾਲ ਤਾਂ ਕੁਛ ਜਾਗੀਰ ਨਹੀਂ। ਮੰਗੂਮਠ ਨੂੰ ਦੋ ਪਿੰਡ ਸਨ ਜੋ ਸੰਮਤ ੧੯੨੬ ਬਿਕ੍ਰਮੀ ਤੱਕ ਰਹੇ। ਕਿਉਂਕਿ ਓਥੋਂ ਦੇ ਮਾਲਕ ਉਦਾਸੀਆਂ ਨੇ ਓਨ੍ਹਾਂ ਪਿੰਡ ਸਮੇਤ ਜੋ ਕਈ ਹਵੇਲੀਆਂ ਹੱਟਾਂ ਸਨ ਸਭ ਵੇਚ ਕੇ ਚੱਟਮ ਕਰ ਲਏ। ਹੁਣ ਮੰਗੂਮਠ ਭੀ ਢਹਿ ਪਿਆ ਹੈ, ਸੋ ਓਸ ਦੇ ਵੀ ਇੱਟਾਂ ਵੱਟੇ ਵੇਚ ਰਹੇ ਹਨ। ਏਹ ਜਗੀਰ ਤੇ ਮਕਾਨ ਹਰੀਦਾਸ ਚਮੜ ਪੋਸ਼ ਤੇ ਲਾਲ ਦਰਿਆਵੀ ਨੇ ਤਪ ਜਪ ਦੇ ਜ਼ੋਰ ਰਾਜੇ ਨੂੰ ਚਿਤਾ ਕੇ ਨਾਨਕ ਸ਼ਾਹੀ ਲੋਕਾਂ ਦੇ ਆਰਾਮ ਵਾਸਤੇ ਸੰਮਤ ੧੭੭੨ ਬਿਕ੍ਰਮੀ ਨੂੰ ਕਾਇਮ ਕੀਤੇ ਸੇ।

ਭੂਮਿਕਾ

ਤਵਾਰੀਖ ਦੇ ਅਰੰਭ ਤੋਂ ਪਹਿਲਾਂ ਤਵਾਰੀਖੀ ਇਲਮ ਪੜ੍ਹਨ ਦੇ ਫਾਇਦੇ ਦਿਖਾਵਣ ਵਾਸਤੇ ਥੋੜ੍ਹਾ ਜਿਹਾ ਬ੍ਰਿਤਾਂਤ ਸ੍ਰਿਸ਼ਟੀ ਦੇ ਉਤਪਤੀ ਪ੍ਰਲੈ ਦਾ ਅਤੇ ਥੋੜ੍ਹਾ ਜਿਹਾ ਸੰਸਾਰਕ ਬਿਵਹਾਰਾਂ ਦੀ ਅਦਲਾ ਬਦਲੀ ਦਾ ਨਮੂਨਾ ਦਿਖਾਵਨੇ ਹਾਂ।

ਯੱਦਯਪੀ ਸ੍ਰਿਸ਼ਟੀ ਦੀ ਉਤਪਤੀ ਅਪਨੀ ਅਪਨੀ ਬੁੱਧਿ ਅਨੁਸਾਰ ਲੋਕਾਂ ਨੇ ਕਈ ਤਰ੍ਹਾਂ ਦੇ ਕਈ ਪ੍ਰਕਾਰ ਪਰ ਲਿਖੀ ਹੈ, ਪ੍ਰੰਤੂ ਈਸ਼੍ਵਰ ਦੀ ਇੱਛਯਾ ਨਾਲ ਹੋਣਾ ਸਭ ਨੇ ਮੰਨਯਾ ਹੈ। ਪਾਤੰਜਲ, ਨਯਾਇ, ਬਿਸ਼ੇਸ਼ਕ ਸ਼ਾਸਤ੍ਰ ਵਾਲੇ ਲਿਖਦੇ ਹਨ ਚਾਰ ਤੱਤ ਦੇ ਪ੍ਰਮਾਣੂ ਅਤੀਂਦ੍ਰੇ ਜੋ ਹਮੇਸ਼ਾ ਆਕਾਸ਼ ਵਿੱਚ ਰਹਿੰਦੇ ਹਨ ਈਸ਼੍ਵਰ ਦੀ ਇੱਛਾ ਅਨੁਸਾਰ ਉਨ੍ਹਾਂ ਦੇ ਮਿਲਨੇ ਤੋਂ ਅਸਥੂਲ ਤੱਤ ਹੋ ਕਰ ਅਨੇਕ ਪ੍ਰਕਾਰ ਦੇ ਪ੍ਰਾਣ ਧਾਰੀਆਂ ਦੇ ਸਰੀਰ ਪ੍ਰਗਟ ਹੋ ਜਾਂਦੇ ਹਨ।

ਸਾਂਖ ਸ਼ਾਸਤ੍ਰ ਵਾਲੇ ਕੇਵਲ ਪ੍ਰਕ੍ਰਿਤੀ ਅਰਥਾਤ ਸੁਭਾਵ ਤੋਂ ਹੀ ਸ੍ਰਿਸ਼ਟੀ ਦਾ ਹੋਣਾ ਦੱਸਦੇ ਹਨ। ਵੇਦਾਂਤ, ਮੀਮਾਂਸਾ ਸ਼ਾਸਤ੍ਰ ਆਖਦੇ ਹਨ ਸ੍ਰਿਸ਼ਟੀ ਦੀ ਉਤਪਤੀ ਪ੍ਰਲੈ ਹੋਣਾ ਅਨਾਦੀ ਪ੍ਰਵਾਹਾ ਕਾਰ ਹੈ। ਪ੍ਰਲੈ ਹੋਈ ਪਿੱਛੋਂ ਫੇਰ ਸ੍ਰਿਸ਼ਟੀ ਉਤਪੰਨ ਹੁੰਦੀ ਹੈ, ਈਸ਼੍ਵਰ ਦੀ ਸ਼ਕਤੀ ਦਾ ਨਾਮ ਮਾਯਾ ਹੈ। ਬੀਜ ਤੋਂ ਅੰਕੁਰ ਹੋਣ ਵਾਂਗੂੰ ਮਾਯਾ ਤੋਂ ਸ੍ਰਿਸ਼ਟੀ ਹੁੰਦੀ ਹੈ। ਮਾਯਾ ਦੇ ਵਧਣ ਦਾ ਨਾਮ ਮਹਿ ਤੱਤ੍ਵ ਹੈ। ਉਸ ਤੋਂ ਸਤੋ, ਰਜੋ, ਤਮੋ, ਤਿੰਨ ਗੁਣ ਤ੍ਰਿਧਾ ਹੰਕਾਰ ਪ੍ਰਗਟ ਹੋ ਕੇ ਤਮੋ ਗੁਣ ਤੋਂ ਅਕਾਸ਼, ਅਕਾਸ਼ ਤੋਂ ਪੌਣ, ਪੌਣ ਤੋਂ ਅਗਨੀ, ਅਗਨੀ ਤੋਂ ਜਲ, ਜਲ ਤੋਂ ਧਰਤੀ, ਧਰਤੀ ਵਿੱਚੋਂ ਅਨੰਤ ਪ੍ਰਕਾਰ ਦੀ ਬਨਾਸਪਤੀ, ਬਨਾਸਪਤੀ ਵਿੱਚੋਂ ਅੰਡਜ, ਜੇਰਜ, ਸੇਤਜ, ਤੀਨੋਂ ਖਾਣੀਆਂ ਦੇ ਜੀਵ ਸੂਖਮ ਅਸਥੂਲ ਪ੍ਰਗਟ ਹੋ ਜਾਂਦੇ ਹਨ।

ਬੇਦ ਵਿੱਚ ਲਿਖਿਆ ਹੈ ਜੈਸੇ ਆਦਮੀ ਨੂੰ ਨਿੰਦ੍ਰਾ ਦੇ ਬਲ ਨਾਲ ਸੰਸਾਰਕ ਰਚਨਾ ਪਹਿਲੇ ਹੀ ਬਣੀ ਹੋਈ ਨਜ਼ਰ ਆ ਜਾਂਦੀ ਹੈ ਤੈਸੇ ਹੀ ਮਾਯਾ ਦੇ ਬਲ ਕਰ ਕੇ ਈਸ਼੍ਵਰ ਦੀ ਅੱਖ ਦੇ ਫੋਰ ਵਿੱਚ ਅਨੇਕ ਬ੍ਰਹਮੰਡ ਰਚੇ ਜਾਂਦੇ ਹਨ। ਜੀਵ ਦੀ ਸ੍ਰਿਸ਼ਟੀ ਨਿੰਦ੍ਰਾ ਤੱਕ ਰਹਿੰਦੀ ਹੈ। ਈਸ਼੍ਵਰ ਦੀ ਰਚਨਾ ਮਾਯਾ ਦੇ ਰਹਿਣ ਤਾਈਂ ਰਹਿੰਦੀ ਹੈ। ਜੀਵ ਦੀ ਸ਼ਕਤੀ ਤੁੱਛ ਹੋਣੇ ਕਰ ਜੀਵ ਦੀ ਰਚਨਾ ਤੁੱਛ ਹੈ। ਈਸ਼੍ਵਰ ਦੀ ਸ਼ਕਤੀ ਬੇਅੰਤ ਹੋਣੇ ਕਰ ਈਸ਼੍ਵਰ ਦੀ ਰਚਨਾ ਬੇਅੰਤ ਹੈ। ਏਸੇ ਤਰ੍ਹਾਂ ਈਸਾਈ ਮੁਸਲਮਾਨ ਭੀ ਈਸ਼੍ਵਰ ਦੀ (ਇੱਛਾ ਖ਼ਾਹਸ਼ ਤੋਂ ਹੀ ਸ੍ਰਿਸ਼ਟੀ ਦੀ ਉਤਪਤੀ ਮੰਨਦੇ ਹਨ। ਏਹ ਤਿੰਨ ਚਾਰ ਪ੍ਰਕਾਰ ਸ੍ਰਿਸ਼ਟੀ ਦੇ ਹੋਣ ਦੇ ਏਸ ਵਾਸਤੇ ਦਿਖਾਏ ਹਨ ਕਿ ਸ੍ਰਿਸ਼ਟੀ ਦੇ ਉਤਪਤਿ ਪ੍ਰਲੈ ਹੋਣ ਵਿੱਚ ਪਾਠਕਾਂ ਨੂੰ ਕੋਈ ਭਰਮ ਨਾ ਰਹੇ। ਬਾਕੀ ਅਸਲ ਹਾਲ ਤਾਂ ਆਪਣੀ ਸ੍ਰਿਸ਼ਟੀ ਦਾ ਆਪ ਈਸ਼੍ਵਰ ਹੀ ਜਾਣਦਾ ਹੈ, ਬੰਦਾ ਕੋਈ ਨਹੀਂ ਜਾਣਦਾ। ਯਥਾ:

ਥਿਤਿ ਵਾਰੁ ਨਾ ਜੋਗੀ ਜਾਣੈ ਰੁਤਿ ਮਾਹੁ ਨਾ ਕੋਈ ॥
ਜਾ ਕਰਤਾ ਸਿਰਠੀ ਕਉ ਸਾਜੇ ਆਪੇ ਜਾਣੈ ਸੋਈ ॥

(ਜਪੁ, ਮਃ ੧ – ੪)

ਹੋਰ:

ਆਪ ਆਪਨੀ ਬੁੱਧਿ ਹੈ ਜੇਤੀ ॥
ਬਰਨਤ ਭਿੰਨ ਭਿੰਨ ਤੁਹਿ ਤੇਤੀ ॥
ਤੁਮਰਾ ਲਖਾ ਨ ਜਾਇ ਪਸਾਰਾ ॥
ਕਿਹ ਬਿਧ ਸਜਾ ਪ੍ਰਥਮ ਸੰਸਾਰਾ ॥

(ਸ੍ਰੀ ਦਸਮ ਗ੍ਰੰਥ – ਬੇਨਤੀ ਚੌਪਈ)

ਹੁਣ ਜਿਸ ਪ੍ਰਕਾਰ ਸਭਨਾਂ ਮਜ਼੍ਹਬਾਂ ਵਾਲਯਾਂ ਨੇ ਇੱਕੋ ਰੱਬ ਤੋਂ ਸ੍ਰਿਸ਼ਟੀ ਦੀ ਉਤਪੱਤੀ ਮੰਨੀ ਹੈ ਤੈਸੇ ਰੱਬ ਵੀ ਸਭ ਨੇ ਇੱਕੋ ਮੰਨਯਾਂ ਹੈ ਅਤੇ ਮਜ਼੍ਹਬ ਧਰਮ ਭੀ ਓਸ ਦਾ ਇੱਕੋ ਹੈ। ਵੱਖ ਵੱਖ ਜੇੜ੍ਹੇ ਮਜ਼੍ਹਬ ਦੇਖੀਦੇ ਹੈਨ, ਏਹ ਸਭ ਆਪਨੀ ਆਪਨੀ ਬੁੱਧੀ ਅਨੁਸਾਰ ਲੋਕਾਂ ਦੇ ਬਣਾਏ ਹੋਏ ਹਨ। ਬਨਾਵਟ ਸਭ ਝੂਠ ਹੁੰਦੀ ਹੈ। ਏਸੇ ਕਰ ਕੇ ਗੁਰੂ ਸਾਹਿਬਾਂ ਨੇ ਸਿੰਘ ਮਜ਼੍ਹਬ ਵਿੱਚ ਕੋਈ

ਬਨਾਵਟ ਨਹੀਂ ਹੋਣ ਦਿੱਤੀ। ਜੈਸਾ ਆਦਮੀ ਨੂੰ ਪਰਮੇਸ਼੍ਵਰ ਨੇ ਪੈਦਾ ਕੀਤਾ ਹੈ ਓਸੇ ਤਰ੍ਹਾਂ ਸਿੰਘਾਂ ਨੂੰ ਰੱਖਯਾ। ਇੱਕ ਰੋਮ ਭੀ ਸਰੀਰ ਉੱਤੋਂ ਕੱਟਣ ਦਾ ਹੁਕਮ ਨਹੀਂ। ਜੇਹੜੇ ਲੋਕ ਪ੍ਰਮੇਸ਼੍ਵਰ ਦੀ ਕ੍ਰਿਤ ਅਤੇ ਆਗਯਾ ਭੰਗ ਕਰਦੇ ਹਨ ਓਹ ਹੁਕਮ ਅਦੂਲੀ ਦੇ ਗ਼ੁਨਾਹੀ ਹੋ ਕੇ ਸਜ਼ਾ ਪਾਂਵਦੇ ਹਨ। ਜੈਸੇ ਸ੍ਰਿਸ਼ਟੀ ਦੇ ਪੈਦਾ ਕਰਨ ਵਾਲਾ ਤੇ ਜਥਾ ਕਰਮ ਤਥਾ ਫ਼ਲ ਜੀਵਾਂ ਨੂੰ ਦੇਣ ਵਾਲਾ ਸਭ ਨੇ ਇੱਕੋ ਰੱਬ ਮਾਲਕ ਮੰਨਯਾਂ ਹੈ; ਤੈਸੇ ਚੋਰੀ ਯਾਰੀ ਆਦਿਕ ਖੋਟੇ ਕਰਮਾਂ ਦਾ ਤਯਾਗ, ਸਤ, ਸੰਤੋਖ, ਧਰਮ, ਧੀਰਜ, ਦਇਆ, ਖ਼ਿਮਾਂ ਆਦਿਕ ਉੱਤਮ ਗੁਣਾਂ ਦਾ ਸੰਗ੍ਰਹ ਕਰਨਾ ਸਭ ਦੇ ਮਤ ਵਿੱਚ ਚੰਗਾ ਹੈ ਅਤੇ ਮੁਕਤੀ ਦਾ ਹੋਣਾ ਭੀ ਸ਼ੁਭ ਕਰਮ, ਭਗਤੀ ਕਰ ਕੇ ਗਯਾਨ ਦ੍ਵਾਰਾ ਸਭ ਨੇ ਮੰਨਯਾਂ ਹੈ। ਏਸ ਤੋਂ ਨਿਸਚਜ ਹੋ ਗਿਆ ਕਿ ਈਸ਼੍ਵਰ ਸਭ ਦਾ ਮਾਲਕ ਇੱਕੋ ਤੇ ਮਜ਼੍ਹਬ ਧਰਮ ਵੀ ਓਸ ਦਾ ਇੱਕ ਹੈ। ਸ੍ਰਿਸ਼ਟੀ ਭੀ ਉਸ ਨੇ ਇੱਕੋ ਢੰਗ ਨਾਲ ਉਤਪੰਨ ਕੀਤੀ ਹੈ। ਪਰ ਅਸਲ ਭੇਤ ਕੋਈ ਨਹੀਂ ਪਾ ਸਕਿਆ, ਤਦੇ ਹੀ ਅਨੇਕ ਦੇ ਅਨੇਕ ਪ੍ਰਕਾਰ ਬਰਨਨ ਕਰੀ ਹੈ।

ਯੱਦਜਪਿ ਸਰਬ ਸ਼ਕਤੀਮਾਨ ਪਰਮੇਸ਼੍ਵਰ ਨੇ ਆਪਣੀ ਕੁਦਰਤ ਦ੍ਵਾਰਾ ਸਾਰੀ ਦੁਨੀਆਂ ਨੂੰ ਇੱਕੋ ਤੌਰ ਰਚ ਕਰ ਹੱਥ, ਪੈਰ, ਨੱਕ, ਕੰਨਾਦਿਕ ਸਭ ਅੰਗ ਪ੍ਰਾਣ ਧਾਰੀਆਂ ਨੂੰ ਬਖ਼ਸ਼ੇ ਹਨ, ਪਰੰਤੂ ਆਦਮੀ ਨੂੰ ਐਸੀ ਬਚਿੱਤ੍ਰ ਬੁੱਧੀ ਬਖ਼ਸ਼ੀ ਹੈ ਕਿ ਜਿਸ ਦੇ ਜ਼ੋਰ ਨਾਲ ਏਹ ਓਸ ਪਰਮਪਦ ਨੂੰ ਪ੍ਰਾਪਤ ਹੋ ਜਾਂਦਾ ਹੈ, ਜਿਸ ਨੂੰ ਦੇਵਤਾ ਭੀ ਨਹੀਂ ਪਹੁੰਚ ਸਕਦੇ। ਏਸੇ ਲਈ ਦੇਵਤਾ ਭੀ ਮਨੁੱਖ ਦੇਹੀ ਧਾਰਨ ਦੀ ਲੋੜ ਰੱਖਦੇ ਹਨ। ਯਥਾ:

ਇਸ ਦੇਹੀ ਕਉ ਸਿਮਰਹਿ ਦੇਵ ॥
ਸੋ ਦੇਹੀ ਭਜੁ ਹਰਿ ਕੀ ਸੇਵ ॥੧॥

(ਭੈਰਉ, ਭਗਤ ਕਬੀਰ ਜੀ - ੧੧੫੯)

ਆਦਮੀ ਅਪਨੀ ਬੁੱਧੀ ਦੇ ਬਲ ਨਾਲ ਵੱਡੇ ਵੱਡੇ ਬਲਵਾਨ ਹਾਥੀ ਸ਼ੇਰ ਆਦਿਕ ਜਾਨਵਰਾਂ ਨੂੰ ਆਪਣੇ ਕਾਬੂ ਵਿੱਚ ਰੱਖ ਕੇ ਓਨ੍ਹਾਂ ਤੋਂ ਬਾਂਛਿਤ ਕੰਮ ਪਿਆ ਲੈਂਦਾ ਹੈ ਅਤੇ ਸਰਬ ਪ੍ਰਕਾਰ ਦੇ ਸੁਖਦਾਈ ਸਾਮਾਨ ਬਣਾ ਸਕਦਾ ਹੈ। ਹੋਰ ਕੋਈ ਪ੍ਰਾਣਧਾਰੀ ਨਹੀਂ ਬਣਾ ਸਕਦਾ। ਦੇਖੋ ਪਸ਼ੂ ਪੰਛੀ ਜੈਸੇ ਸ੍ਰਿਸ਼ਟੀ ਦੇ ਰਚਨ ਸਮੇਂ ਤੋਂ ਹੀ ਪਰਬਤਾਂ ਬ੍ਰਿਛਾਂ ਜ਼ਮੀਨ ਦੀਆਂ ਖੁੱਡਾਂ ਅੰਦਰ ਰਹਿਣ ਸਿੱਖੇ ਹਨ, ਉਸੇ ਤਰ੍ਹਾਂ ਹੁਣ ਤੱਕ ਰਹਿੰਦੇ ਹਨ। ਆਪ ਨੇ ਸੁਖ ਵਾਸਤੇ ਬਿਹਾਰ ਦੀ ਕੋਈ ਅਦਲਾ ਬਦਲੀ ਤੇ ਉੱਨਤੀ ਨਹੀਂ ਕਰ ਸਕੇ। ਆਦਮੀ ਨੇ ਆਪਨੀ ਅਕਲ ਦੇ ਜ਼ੋਰ ਸੁਖ ਦੀ ਉੱਨਤੀ ਨੂੰ ਪ੍ਰਾਪਤ ਹੋ ਕੇ ਸਾਰੀ ਖਲਕਤ ਦੀ ਸਰਦਾਰੀ ਲੈ ਲੀਤੀ ਹੈ। ਨਹੀਂ ਤਾਂ ਆਦਮੀ ਤੇ ਪਸ਼ੂ ਦੀ ਬਨਾਵਟ ਵਿੱਚ ਕੁਛ ਬਹੁਤਾ ਭੇਦ ਨਹੀਂ। ਤੁਸੀਂ ਕਦੇ ਪੜ੍ਹਿਆ ਸੁਨਿਆ ਹੋਵੇਗਾ ਕਿ ਪਹਿਲੇ ਸਭ ਆਦਮੀ ਭੀ ਪਸ਼ੂਆਂ ਵਾਂਗੂੰ ਫ਼ਲ ਫ਼ੁੱਲ ਕੰਦ ਮੂਲ ਖਾ ਕੇ ਪੇਟ ਭਰ ਕੇ ਬ੍ਰਿਛਾਂ ਹੇਠ ਯਾ ਪਹਾੜਾਂ ਦੀਆਂ ਕੰਦਰਾਂ ਵਿੱਚ ਰਾਤ ਦਿਨ ਬੰਦਰਾਂ, ਮ੍ਰਿਗਾਂ ਦੀ ਤਰ੍ਹਾਂ ਰਿਹਾ ਕਰਦੇ ਸੇ। ਆਪਣੇ ਸੁਖ ਵਾਸਤੇ ਫੂਸ ਦੀ ਝੌਂਪੜੀ ਭੀ ਨਹੀਂ ਬਣਾਣਾ ਜਾਣਦੇ ਸਨ ਅਤੇ ਨਾ ਕੁਛ ਖੇਤੀ ਆਦਿਕ ਕਰਨਾ ਜਾਣਦੇ ਸੇ। ਜੇੜ੍ਹਾ ਅੰਨ, ਜਵਾਰ, ਮੋਠ, ਮੂੰਗੀ, ਤਿਲ, ਬਾਜਰਾ, ਜੌਂ, ਚਣੇ ਆਦਿਕ ਆਪੇ ਆਪਣੇ ਸਮੇਂ ਅਨੁਸਾਰ ਬਰਖਾ ਨਾਲ ਉਤਪੰਨ ਹੋ ਕੇ ਪੱਕ ਕੇ ਝੜ ਜਾਂਦਾ ਓਹੋ ਚੁਣ ਚੁਣ ਕੱਚਾ ਚਬਾ ਲੈਂਦੇ। ਰਿੰਨ੍ਹ ਪਕਾ ਕੇ ਖਾਣ ਦੀ ਅਕਲ ਭੀ ਨਹੀਂ ਰੱਖਦੇ ਸੇ। ਜੈਸਾ ਕਿ ਗ੍ਰੰਥ ਕਰਤਾ ਨੇ ਸੰਮਤ ੧੯੨੮ ਬਿੱਕ੍ਰਮੀ ਨੂੰ ਆਪਣੇ ਨੇਤ੍ਰਾਂ ਨਾਲ ਜਗਨਨਾਥ ਤੋਂ ਲਹਿੰਦੇ ੪੦ ਕੋਸ ਜ਼ਿਲੇ ਕਟਕ ਟੇਕਾਨ ਵਾਲੇ ਰਾਜੇ ਮਹਿੰਦ੍ਰ ਬਹਾਦਰ ਦੇ ਜੰਗਲਾਂ ਵਿੱਚ ਇਸਤ੍ਰੀ ਮਰਦ ਬਾਂਦਰਾਂ ਵਾਂਗੂੰ ਡਾਰਾਂ ਦੀਆਂ ਡਾਰਾਂ ਅਲਫ ਨੰਗੇ ਦੇਖੇ ਹਨ। ਕੰਦ ਮੂਲ ਫ਼ਲ ਫ਼ੁੱਲ ਯਾਂ ਮ੍ਰਿਗ ਆਦਿਕਾਂ ਨੂੰ ਤੀਰ ਕਮਾਨ ਨਾਲ ਮਾਰ ਕੇ ਕੱਚਾ ਹੀ ਮਾਸ ਤੋੜ ਤੋੜ ਖਾ ਲੈਂਦੇ ਹਨ। ਬਾਂਸ ਦੀ ਫੱਟੀ ਨੂੰ ਟੋਰ ਦੀ ਰੱਸੀ (ਜੋ ਤੰਦੀ ਦੇ ਮਾਫ਼ਕ ਮਜ਼ਬੂਤ ਹੁੰਦੀ ਹੈ) ਬੰਨ੍ਹ ਕੇ ਕਮਾਨ ਤੇ ਗੰਗੇਰਨ ਆਦਿਕ ਬਹੁਤ ਕਰੜੀ ਲੱਕੜ ਦੀ ਛਟੀ ਪੱਥਰ ਉੱਤੇ ਘਸਾ ਕੇ ਤਿੱਖੀ ਕਰ ਓਸ ਨਾਲ ਜਾਨਵਰਾਂ ਨੂੰ ਮਾਰ ਲੈਂਦੇ

ਹਨ। ਮਹੀਨੇ ਪਿੱਛੋਂ ਆਪਣੇ ਆਪਣੇ ਜੋੜੇ ਦੀ ਇਸਤ੍ਰੀ ਨਾਲ ਸੰਬੰਧ ਪਸ਼ੂਆਂ ਵਾਂਗੂੰ ਸਭ ਦੇ ਵੇਖਦੇ ਕਰ ਕੇ ਸੰਤਾਨ ਉਤਪਨ ਕਰਦੇ ਹਨ। ਦੂਸਰੇ ਜੋੜੇ ਦੀ ਇਸਤ੍ਰੀ ਨੂੰ ਦੂਜਾ ਪੁਰਖ ਨਹੀਂ ਛੇੜਦਾ, ਭੈਣ ਭਾਈ ਆਦਿਕ ਦੀ ਕੋਈ ਵਿਚਾਰ ਨਹੀਂ। ਏਹ ਗੱਲਾਂ ਦੋ ਭਾਸ਼ੀਏ ਲੋਕਾਂ ਨੇ ਸਾਨੂੰ ਸੁਣਾਈਆਂ ਹਨ ਜੇੜ੍ਹੇ ਰਾਜੇ ਨੇ ਉਨ੍ਹਾਂ ਵਿੱਚੋਂ ਫੜ ਕੇ ਰੱਖੇ ਹੋਏ ਹਨ।

ਏਸੇ ਪ੍ਰਕਾਰ ਦੀ ਖਲਕਤ ਜਿਨ੍ਹਾਂ ਨੂੰ ਲੋਕ ਬਨਮਾਣੂ ਭੀਲ ਕਿਰਾਤ ਆਖਦੇ ਹਨ, ਬੀਜਾਪੁਰ ਤੇ ਨਾਗਪੁਰ ਦੇ ਵਿਚਕਾਰ ਕਈ ਜੰਗਲਾਂ ਪਹਾੜਾਂ ਵਿੱਚ ਅਤੇ ਗਿਰਨਾਰ ਪਰਬਤ ਨੂੰ ਉਲੰਘ ਕੇ ਬਹੁਤ ਦੇਖਣ ਵਿੱਚ ਆਈ। ਏਸੇ ਤਰ੍ਹਾਂ ਹੋਰ ਭੀ ਅਨੇਕ ਜੰਗਲਾਂ ਪਹਾੜਾਂ ਵਿੱਚ ਲੋਗ ਹੋਣਗੇ ਜੋ ਅਸੀਂ ਨਹੀਂ ਦੇਖੇ। ਏਸ ਤੋਂ ਸਿੱਧ ਹੈ ਕਿ ਪਹਿਲੇ ਕਿਸੇ ਸਮੇਂ ਸਾਰੇ ਮੁਲਕਾਂ ਵਿੱਚ ਏਸੇ ਪ੍ਰਕਾਰ ਬਨਮਾਣੂ ਹੈਸਨ। ਜਯੋਂ ਜਯੋਂ ਬਿਹਾਰ ਦੇ ਸੁਧਾਰ ਦੀ ਅਕਲ ਹੁੰਦੀ ਆਈ ਤਯੋਂ ਤਯੋਂ ਆਪਣੇ ਸੁਖ ਦੇ ਸਮਾਨ ਬਣਵਾਂਦੇ ਗਏ। ਸਨੇ ਸਨੇ ਏਸ ਦਸ਼ਾ ਨੂੰ ਪਹੁੰਚ ਗਏ ਜੋ ਹੁਣ ਦ੍ਰਿਸ਼ਟੀ ਆ ਰਹੀ ਹੈ।

ਯੱਦਪਿ ਇਤਿਹਾਸ ਹਿੰਦ ਤਿਮਰ ਨਾਸਕ, ਤਵਾਰੀਖ ਹਿੰਦ, ਇਤਿਹਾਸ ਭਾਰਤ, ਇਤਿਹਾਸ ਹਿੰਦ, ਆਦਿਕ ਪੁਸਤਕਾਂ ਵਿੱਚ ਲਿਖਯਾ ਹੈ ਕਿ ਪਹਿਲੇ ਈਰਾਨ ਵਾਲੇ ਅਰਿਯਾਨ ਲੋਕਾਂ ਨੂੰ ਨਾਲ ਲੈ ਕੇ ਬ੍ਰਹਮਾ ਨੇ ਇਸ ਦੇ ਤਖਤ ਦੀ ਜਗ੍ਹਾ ਜੋ ਹੁਣ ਤੱਕ ਸਮਰਕੰਦ ਵਿੱਚ ਪ੍ਰਗਟ ਹੈ, ਹਿੰਦੂ ਕੁਸ਼ ਪਰਬਤ ਨੂੰ ਉਲੰਘਨ ਕਰ (ਤ੍ਰਿਬਿਸ਼ੁਪ) ਤਿੱਬਤ ਦੇ ਪਰਬਤਾਂ ਵਿੱਚ ਬਸਤੀ ਦਾ ਢੰਗ ਬਨਾਯਾ। ਫੇਰ ਕਸ਼ਮੀਰ ਆਪ ਨੇ ਬੇਟੇ ਕੱਸ਼ਪ ਦੇ ਨਾਮ ਬਸਾ ਓਸੇ ਨੂੰ ਉਥੋਂ ਦਾ ਰਾਜਾ ਬਣਾ ਕੇ ਹਿਮਾਲੇ ਵੱਲ ਆ ਕੇ ਉੱਤ੍ਰਾਖੰਡ ਦੇ ਪਰਬਤ ਬਸਾਏ। ਫੇਰ ਮੈਦਾਨੀ ਮੁਲਕ ਵਿੱਚੋਂ ਸਭ ਤੋਂ ਪਹਿਲੇ ਜੋ ਦੇਸ਼ ਬਸਾਯਾ ਓਹ ਬ੍ਰਹਮਾ ਵਰਤ ਪ੍ਰਸਿੱਧ ਹੋਯਾ। ਫੇਰ ਗੰਗਾ ਜਮਨਾ ਦੋਹਾਂ ਨਦੀਆਂ ਦੇ ਵਿਚਕਾਰ ਅੰਤਰ ਵੇਦ ਦੇਸ ਬਸਾਯਾ। ਏਸੇ ਤਰ੍ਹਾਂ ਹਿਮਾਲੇ, ਬਿੰਧੀਆਚਲ, ਨੀਲ ਗਿਰ ਦਰਯਾ ਏਨ੍ਹਾਂ ਹੱਦਾਂ ਦੇ ਅੰਦਰ ਜੋ ਦੇਸ ਵੱਸੇ ਓਨ੍ਹਾਂ ਦਾ ਨਾਮ ਆਰਯਾ ਵਰਤ ਪ੍ਰਸਿੱਧ ਹੋ ਗਿਆ। ਪਰ ਏਹ ਪੁਰਾਣੇ (ਮੁਵੱਰਖਾਂ) ਇਤਿਹਾਸਕਾਰਾਂ ਦੀ ਰਾਇ ਹੈ। ਹੁਣ ਜਦ ਬਹੁਤ ਸਾਰਾ ਨਿਰਨਾ ਅੰਗ੍ਰੇਜ਼ਾਂ ਤੇ ਸਾਡੇ ਦੇਸ਼ ਭਾਈਆਂ ਨੇ ਕੀਤਾ ਤਾਂ ਬਹੁਤ ਪਰਾਚੀਨ ਪੁਸਤਕਾਂ ਵਿੱਚੋਂ ਇਹ ਗੱਲ ਚੰਗੀ ਤਰ੍ਹਾਂ ਨਿਰਨਾ ਹੋ ਗਈ ਕਿ ਸਾਰੇ ਮੁਲਕਾਂ ਤੇ ਦੇਸ਼ਾਂ ਨਾਲੋਂ ਭਾਰਤਵਰਸ਼ ਪਹਿਲੇ ਵਸਿਆ ਹੈ ਅਤੇ ਸੰਸਕ੍ਰਿਤ ਵਿੱਦਯਾ ਨਾਲੋਂ ਤੇ ਸਭਨਾਂ ਕਤਾਬਾਂ ਪੋਥੀਆਂ ਤੋਂ ਬੇਦ ਪਹਿਲੇ ਬਣੇ ਹਨ। ਏਸੇ ਵਾਸਤੇ ਅਨੇਕ (ਮੁਵੱਰਖਾਂ) ਵਿੱਦਵਾਨਾਂ ਦਾ ਕਥਨ ਹੈ ਕਿ ਜਿਸ ਤਰ੍ਹਾਂ ਸੰਸਕ੍ਰਿਤ ਵਿੱਦਯਾ ਸਾਰੇ ਇਲਮਾਂ ਹੁਨਰਾਂ ਦੀ ਮਾਤਾ ਹੈ, ਏਸੇ ਤਰ੍ਹਾਂ ਭਾਰਤਵਰਸ਼ ਸਾਰੇ ਮੁਲਕਾਂ ਦਾ ਬਾਪ ਹੈ। ਭਾਰਤਵਰਸ਼ ਬ੍ਰਹਮਾ ਨੇ ਸਾਰੀ ਸ੍ਰਿਸ਼ਟੀ ਤੋਂ ਪਹਿਲੇ ਵਸਾਯਾ ਹੈ। ਤਦੇ ਹੀ ਏਹ ਸ੍ਰਿਸ਼ਟੀ ਬ੍ਰਹਮਾਂ ਦੀ ਬੇਦਾਂ ਸ਼ਾਸਤ੍ਰਾਂ ਵਿੱਚ ਲਿਖੀ ਹੈ। ਉਹ ਈਰਾਨ ਤੋਂ ਆਵਣ ਵਾਲਾ ਬ੍ਰਹਮਾਂ ਕੋਈ ਹੋਰ ਰਾਜਾ ਹੋਵੇਗਾ ਯਾ ਏਸੇ ਬਰਮਾਂ ਨੇ ਭਾਰਤ ਵਿੱਚੋਂ ਜਾ ਕਰ ਜਿਸ ਤਰ੍ਹਾਂ ਮੁਲਕ ਬਰਮਾਂ ਆਪਣੇ ਨਾਮ ਉੱਤੇ ਵਸਾਯਾ ਹੈ ਅਤੇ ਸੰਗਲਾ ਦੀਪ ਲੰਕਾ ਗੜ੍ਹ ਬਸਾ ਕੇ ਆਪਣੇ ਪੋਤਰੇ ਰਾਵਣ ਨੂੰ ਦਿੱਤਾ ਸੀ। ਏਸੇ ਤਰ੍ਹਾਂ ਸਮਰਕੰਦ ਈਰਾਨ ਵਿੱਚ ਭੀ ਆਪਣੀ ਹਕੂਮਤ ਕਰ ਲਈ ਹੋਵੇਗੀ, ਪਰ ਸਾਰੀ ਦੁਨੀਆਂ ਤੋਂ ਪਹਿਲੇ ਆਰਯਾ ਵਰਤ ਦਾ ਵੱਸਣਾ ਸਾਬਤ ਹੈ। ਇਸ ਵਿੱਚ ਹੇਠ ਲਿਖੇ ਪ੍ਰਮਾਣ ਹਨ:

(੧) ਦੇਖੋ ਤੌਰੇਤ, ਜੰਬੂਰ, ਦਸਾਤੀਰ, ਅੰਜੀਲ, ਆਦਿਕ ਜੋ ਹੋਰ ਅਨੇਕ ਫੁਰਕਾਨ ਦੇਸ਼ ਭਾਸ਼ਾ ਵਿੱਚ ਪਰਾਚੀਨ ਕਿਤਾਬਾਂ ਹਨ, ਓਨ੍ਹਾਂ ਵਿੱਚ ਭਾਰਤ ਭੂਮੀ ਦੀ ਭਾਸ਼ਾ ਦੇ ਪਦ ਤੇ ਬੇਦ ਵਿੱਦਜਾ ਦੇ ਹਵਾਲੇ ਹਨ ਪਰ ਬੇਦਾਂ ਵਿੱਚ ਹੋਰ ਕਿਸੇ ਦੇਸ਼ ਦੀ ਭਾਸ਼ਾ ਦਾ ਪਦ ਤੇ ਕਿਸੇ ਕਿਤਾਬ ਦਾ ਨਾਮ ਨਹੀਂ।

(੨) ਦੇਖੋ ਤਾਰੀਖ ਚੀਨ ਸਫਾ ੮੯ ਜੋ ਚਾਰ ਹਜ਼ਾਰ ਬਰਸ ਦੀ ਬਣੀ ਹੋਈ ਹੈ। ਓਸ ਵਿੱਚ ਸੰਸਕ੍ਰਿਤ ਵਿੱਦਜਾ ਦੀ ਤੇ ਭਾਰਤਵਰਸ਼ ਦੀ ਬਹੁਤ ਮਹਿਮਾ ਲਿਖੀ ਹੈ।

(੩) ਦੇਖੋ ਤਾਰੀਖ ਹਿੰਦ ਸਫਾ ੧੫ ਜੋ ਸੰਨ ੧੮੮੪ ਈ. ਨੂੰ ਉਰਦੂ ਵਿੱਚ ਛਪੀ ਉਹ ਲਿਖਦਾ ਹੈ ਚਾਰ ਹਜ਼ਾਰ ਬਰਸ ਤੋਂ ਪਰੇ ਸਾਰੀ ਦੁਨੀਆਂ ਉੱਤੇ ਇਲਮ ਸੰਸਕ੍ਰਿਤ ਦੀ ਬਹੁਤ ਕਦਰ ਸੀ।

(੪) ਤਾਰੀਖ ਫਰਿਸ਼ਤਾ ਦੇਖੋ ਸਫਾ ੩੦ 'ਮਹਮੂਦ ਗਜ਼ਨਵੀ ਨੇ ਜਦ ਸੋਮਨਾਥ ਦਾ ਮੰਦਰ ਤੋੜਯਾ ਤਦ ੪੯੩੦ ਬਰਸ ਦੀ ਸੰਸਕ੍ਰਿਤ ਖੁਦੀ ਹੋਈ ਸਿਲਾ ਮੰਦ੍ਰ ਦੀ ਕੰਧ ਵਿੱਚੋਂ ਨਿਕਲੀ।'

(੫) ਦੇਖੋ ਤਾਰੀਖ ਚੀਨ ਸਫਾ ੪੦੩ ਜੋ ੪੫੨੬ ਬਰਸ ਦੀ ਬਣੀ ਹੋਈ ਫ਼ਾਰਸੀ ਪਾਦਰੀ ਏਸੋਸ ਨੇ ੧੮੬੪ ਈ. ਵਿੱਚ ਬਣਾਈ ਹੈ। ਉਸ ਵਿੱਚ ਲਿਖਿਆ ਹੈ ਕਿ ਛੇ ਹਜ਼ਾਰ ਬਰਸ ਤੋਂ ਪਰੇ ਚੀਨੀ ਇਸਤਰੀਆਂ ਭੀ ਸੰਸਕ੍ਰਿਤ ਵਿੱਦਯਾ ਵਿੱਚ ਵਡਿਆਈ ਦੇ ਯੋਗਯ ਸਨ।

(੬) ਕਰਨਲ ਅਲਕਾਟ ਸਾਹਿਬ ਲਿਖਦਾ ਹੈ "ਮਿਸਰ ਦਾ ਇਸਤੰਬਾ ਨਾਮ ਵੱਡਾ ਮੁਨਾਰਾ ਬਾਈਬਲ ਦੇ ਲਿਖੇ ਜਾਣ ਤੋਂ ੫੮੦੦ ਬਰਸ ਪਹਿਲੇ ਦਾ ਹੈ ਜਿਸ ਨੂੰ ਈਸਾਈ ਸ੍ਰਿਸ਼ਟੀ ਦੀ ਉਤਪਤੀ ਦਾ ਸਮਾਂ ਦੱਸਦੇ ਹਨ।" ਆਰਯਾ ਲੋਕ ਓਸ ਮੁਨਾਰੇ ਤੋਂ ਭੀ ਪਹਿਲੇ ਬੜੀ ਚੜ੍ਹਦੀ ਕਲਾ ਉੱਤੇ ਸਨ। ਆਪਣੀ ਸੰਸਕ੍ਰਿਤ ਭਾਸ਼ਾ ਤੇ ਵਯਾਕਰਣ ਨੂੰ ਐਸਾ ਸੁਧਾਰਯਾ ਹੋਯਾ ਸੀ ਕਿ ਉਨ੍ਹਾਂ ਜੈਸਾ ਅੱਜ ਤੱਕ ਦੂਸਰੇ ਮੁਲਕ ਵਾਲਾ ਕੋਈ ਨਹੀਂ ਹੋਯਾ। (ਦੇਖੋ ਭਾਰਤ ਤ੍ਰਿਕਾਲ ਦਸ਼ਾ ਨਾਮ ਕਿਤਾਬ ਅੰਗਰੇਜ਼ੀ ਦਾ ਸਫਾ ੮੬ ਜੋ ਮਤਬੇ ਮਦਰਾਸ ਵਿੱਚ ਸੰਨ ੧੮੮੩ ਈ. ਨੂੰ ਛਪੀ ਹੈ।)

(੭) ਲਾਟ ਇੰਡਗੈਲਡਨ ਸਾਹਿਬ ਲਿਖਦਾ ਹੈ ਕਿ ਹਜ਼ਰਤ ਆਦਮ ਤੋਂ ੨੨ ਹਜ਼ਾਰ ਬਰਸ ਪਹਿਲੇ ਇਨਸਾਨ ਦਾ ਪਤਾ ਆਰਯਾ ਵਰਤ ਵਿੱਚ ਹੈ। (ਦੇਖੋ ਐਂਡੋਜਿਨਸ ਐਲਸੀਬਜ਼ ਦਾ ੫੮੭ ਸਫਾ)

(੮) ਤਵਾਰੀਖ ਦੁਨੀਆਂ ਅਮਰੀਕਾ ਦੀ ਬਣੀ ਹੋਈ ਅੰਗਰੇਜ਼ੀ ਜਿਲਦ ੧ ਸਫਾ ੪੮੬ ਉੱਤੇ ਲਿਖਯਾ ਹੈ ਕਿ ਇਲਮ ਸੰਸਕ੍ਰਿਤ ਦੇ ਪੜ੍ਹਨੇ ਸੋਚਣੇ ਤੋਂ ਪਤਾ ਲਗਦਾ ਹੈ ਕਿ ਸਭ ਤੋਂ ਪਹਿਲੇ ਮੁਲਕ ਬਕਤਰੀਆ ਵਿੱਚੋਂ ਆਰਯਾ ਖਾਨਦਾਨ ਆ ਕੇ ਏਸ ਦੇਸ ਵਿੱਚ ਵੱਸਿਆ, ਜਿਸ ਦਾ ਨਾਮ ਆਰੀਆ ਵਰਤ ਹੈ। ਦੇਸ ਵਿੱਚ ਬਨਮਾਣੂ ਅਲਫ ਨੰਗੇ ਰਹਿੰਦੇ ਸਨ। ਓਨ੍ਹਾਂ ਨੂੰ ਆਪਣੀ ਅਕਲ, ਹਿੰਮਤ ਨਾਲ ਆਰਯਾਂ ਨੇ ਕਾਬੂ ਕਰ ਕੇ ਪਹਿਲੇ ਗੰਗਾ ਅਤੇ ਸਿੰਧ ਦੇ ਵਿਚਕਾਰ ਪਿੰਡ ਵਸਾਏ। ਫੇਰ ਜਦ ਹਿਮਾਲੇ ਤੇ ਬਿੰਧਯਾਚਲ ਨਰਬਦਾ ਸਿੰਧ ਏਨ੍ਹਾਂ ਦਰਯਾਵਾਂ ਦੇ ਅੰਦਰ ਸਾਰਾ ਮੁਲਕ ਵੱਸ ਗਿਆ ਤਾਂ ਆਰਯਾਂ ਵਿੱਚੋਂ ਸੱਤ ਸ਼ਾਖਾਂ ਹੋਰ ਖਾਨਦਾਨ ਨਿੱਕਲੇ। ਹਿੰਦੂ ੧, ਈਰਾਨੀ ੨, ਯੂਨਾਨੀ ੩, ਰੋਮਾ ੪, ਕੇਲਟ ੫, ਟਯੂਟਨ ੬, ਸਲੇਬ ੭। ਏਹ ਸਭ ਈਸਾ ਦੇ ਜੰਮਣ ਤੋਂ ੩ ਹਜ਼ਾਰ ਬਰਸ ਪਹਿਲੇ ਦਰਮਯਾਨੀ ਏਸ਼ੀਆ ਵਿੱਚ ਬੱਸੇ ਹਨ। ਜਿਉਂ ਜਿਉਂ ਵਧਦੇ ਗਏ ਤਿਉਂ ਤਿਉਂ ਏਨ੍ਹਾਂ ਸ਼ਾਖਾਂ ਦੇ ਨਾਮ ਉੱਤੇ ਏਨ੍ਹਾਂ ਦੇ ਮੁਲਕ ਮਸ਼ਹੂਰ ਹੋ ਗਏ। ਏਹ ਸਭ ਲੋਕ ਆਰਯਾ ਸਮੇਤ ਬੈਲ, ਘੋੜੇ, ਭੇਡਾਂ, ਬੱਕਰੀਆਂ, ਸੂਰ ਰੱਖਦੇ; ਜੰਗਲ ਵਿੱਚ ਨਦੀਆਂ ਕਿਨਾਰੇ ਰਹਿੰਦੇ; ਦੁੱਧ ਤੇ ਮਾਸ ਬਹੁਤ ਖਾਂਦੇ; ਖੇਤੀ ਘੱਟ ਕਰਦੇ। ਪਰ ਇੱਕ ਇੱਕ ਲੜੀ ਦਾ ਇੱਕ ਇੱਕ ਸਰਦਾਰ ਹੁੰਦਾ। ਜੰਗ ਦੇ ਸਮੇਂ ਸਭ ਉਸ ਦੇ ਸਾਥੀ ਹੋ ਜਾਂਦੇ। ਮਿਰਗਾਂ ਤੇ ਬੱਕਰੀਆਂ ਭੇਡਾਂ ਦੇ ਚੰਮ ਰੰਗ ਕੇ ਆਪ ਪਹਿਨਦੇ ਆਪੋ ਆਪਣੇ ਰਾਜੇ ਨੂੰ ਘਿਉ, ਅੰਨ, ਦੁੱਧ, ਘੋੜੇ, ਗਊਆਂ ਦਿੰਦੇ ਰਹਿੰਦੇ। ਲੜਾਈ ਤੀਰ ਦੀ ਹੁੰਦੀ ਹੋਰ ਕੋਈ ਸ਼ਸਤ੍ਰ ਨਹੀਂ ਸੀ। ਸਭ ਤੋਂ ਚੰਗਾ ਪਸ਼ੂ ਗਊ ਨੂੰ ਮੰਨਦੇ ਸੇ। ਯੱਦਪਿ ਈਸਾਈ ਪਾਦਰੀਆਂ ਨੇ ਦੁਨੀਆਂ ਦੀ ਉਤਪਤੀ ੬੦੦੦ ਛੇ ਹਜ਼ਾਰ ਬਰਸ ਤੋਂ ਦੱਸੀ ਹੈ ਤੇ ਆਖਦੇ ਹਨ ਕਿ ਖ਼ੁਦਾ ਨੇ ਸਾਰੀ ਸ੍ਰਿਸ਼ਟੀ ਪੰਜਾਂ ਦਿਨਾਂ ਵਿੱਚ ਰਚ ਕੇ ਛੇਵੇਂ ਦਿਨ ਆਦਮ ਨੂੰ ਬਨਾ ਕੇ ਸੱਤਵੇਂ ਦਿਨ ਅਰਾਮ ਕੀਤਾ। ਪਰ ਉਨ੍ਹਾਂ ਦੇ ਕਥਨ ਨੂੰ ਅਨੇਕਾਂ ਵੱਡੇ ਵੱਡੇ ਵਿੱਦਵਾਨਾਂ ਨੇ ਏਸ ਤਰ੍ਹਾਂ ਝੂਠਾ ਕੀਤਾ ਹੈ ਜੋ ਕੇਵਲ ਜ਼ਮੀਨੀ ਚਟਾਨਾਂ ਦੇ ਬਨਾਵਣ ਲਈ ਚਾਲੀ ਲੱਖ ਬਰਸ ਚਾਹੀਦਾ ਹੈ ਤਾਂ ਫੇਰ ਛੇ ਹਜ਼ਾਰ ਬਰਸ ਤੋਂ ਸ੍ਰਿਸ਼ਟੀ ਹੋਈ ਕਿਸ ਤਰ੍ਹਾਂ ਮੰਨੀ ਜਾਵੇ?

(੯) ਇੱਕ ਕਰੋੜ ਪੰਜਾਹ ਲੱਖ ਬਰਸ ਦੁਨੀਆਂ ਦੇ ਮੁੱਢ ਤੋਂ ਹਿਸਾਬ ਕੀਤੇ ਗਏ ਹਨ ਕਿ ਹਿੰਦੁਸਤਾਨ ਦੇ ਬੜੇ ਬੜੇ ਦਰਯਾਵਾਂ ਦੇ (ਡੈਲਟੇ) ਅਰਥਾਤ ਦਰਯਾ ਕ੍ਰਿਤ ਜ਼ਮੀਨਾਂ ਦੇ ਦੇਸ ਵੱਸੇ ਹੋਏ ਚੰਗੀ ਤਰ੍ਹਾਂ

ਸਬੂਤ ਹਨ। ਮਿਸਰ ਦੇ ਮੁਲਕ ਵਿੱਚ ਦਰਜਾ ਨੀਲਾ ਦਾ ਡੇਲਟਾ ਤਿੰਨ ਹਜ਼ਾਰ ਬਰਸ ਹੋਏ ਫੀਰੋਜ਼ ਦੇ ਸਮੇਂ ਏਤਨਾ ਹੀ ਸੀ ਜਿਤਨਾ ਹੁਣ ਹੈ। ਏਥੋਂ ਵੱਡੇ ਵੱਡੇ ਪੁਰਾਣੇ ਸ਼ਹਿਰ ਇਲਾਕੇ ਬੜੀ ਸ਼ੋਭਾ ਨਾਲ ਵੱਸਦੇ ਹਨ। (ਦੇਖੋ ਅੰਗਰੇਜ਼ੀ ਕਿਤਾਬ ਟਾਪਇਕਸ ਆਫ ਮਿਸਟ੍ਰਗਲੈਡਨ ਸਾਹਿਬ ਕ੍ਰਿਤ ਸਫਾ ੩੨੫)

(੧੦) ਹੋਰ ਦੇਖੋ ਪਾਪੂਲਰ ਐਟਸਰਾਨੋਮੀ, ਜੋਤਸ਼ ਦੀ ਨਵੀਂ ਕਿਤਾਬ ਦਾ ੫੦੯ ਸਫਾ ਪ੍ਰੋਫੈਸਰ ਅਲਬਸ ਨਯੂ ਕੋਮਪ ਸਾਹਿਬ ਲਿਖਦੇ ਹਨ: ਕਈ ਲੱਖ ਬਰਸ ਵਿੱਚ ਜ਼ਮੀਨ ਸਰਦ ਹੋ ਕਰ ਬਨਾਸਪਤੀ ਉਗਾਉਣ ਵਾਲੀ ਹੁੰਦੀ ਹੈ, ਸੋ ਬਨਾਸਪਤੀ ਉੱਗੀ ਨੂੰ ਇੱਕ ਕਰੋੜ ਸਾਲ ਤੋਂ ਉੱਤੇ ਹੋ ਜਾਂਦਾ ਹੈ।

(੧੧) ਪ੍ਰੋਫੈਸਰ ਕਰਾਲ ਸਾਹਿਬ ਜੋ ਬੜਾ ਹਿਸਾਬੀ ਮੰਨਯਾ ਗਿਆ ਹੈ, ਓਹ ਬਨਾਸਪਤੀ ਦਾ ਉੱਗਣਾ ਅੱਠ ਕਰੋੜ ਬਰਸ ਤੋਂ ਦੱਸਦਾ ਹੈ। ਕਿਉਂ ਜੋ ਮੌਸਮ ਸਮੇਂ ਸਿਰ ਬਦਲਦਾ ਹੈ ਤੇ ਬਨਾਸਪਤੀ ਉੱਗਦੀ ਹੈ। (ਦੇਖੋ ਕਿਤਾਬ ਕਲਾਈਮੇਟ ਇਨ ਟਾਇਮ ਦਾ ੩੩੫ ਸਫਾ)

(੧੨) ਚੀਨ ਵਾਲੇ ਲਿਖਦੇ ਹਨ ਹਕੀਮ ਕਨਫ਼ੋਸ, ਜੋ ਮਸੀਹ ਤੋਂ ਪੰਜ ਸੌ ਬਰਸ ਪਹਿਲੇ ਹੋ ਚੁੱਕਾ ਹੈ; ੯ ਲੱਖ ਸਾਲ ਤੋਂ ਬਨਾਸਪਤੀ ਉੱਗੀ ਦੱਸਦਾ ਹੈ। (ਦੇਖੋ ਬਦਿਆ ਹਿੰਦੁਸਤਾਨ ਸਫੇ ੮ ਤੋਂ ੧੨ ਤਕ)

(੧੩) ਤਵਾਰੀਖ ਖਤਾਈ ਤੇ ਆਈਨ ਅਕਬਰੀ (ਦੇਖੋ ਸਫਾ ੩੯੮ ਤੇ ੨੪੨) ਓਹ ਦੱਸਦੇ ਹਨ ਕਿ ਅੱਠ ਕਰੋੜ ਅਠਾਸੀ ਲੱਖ ਚਾਰ ਹਜ਼ਾਰ ਸੱਠ ਬਰਸ ਆਦਮੀ ਬਣੇ ਨੂੰ ਹੋਏ ਹਨ।

(੧੪) ਟਾਮਸਨ ਸਾਹਿਬ ਬਨਾਸਪਤੀ ੧੦ ਕਰੋੜ ਬਰਸ ਤੋਂ ਹੋਈ ਦੱਸਦਾ ਹੈ। (ਦੇਖੋ ਡਾਕਟਰਨ ਸਫਾ ੨੯੪)

(੧੫) ਇੱਕ ਹੋਰ ਬੜੇ ਹਸਾਬੀ ਤੀਸ ਕਰੋੜ ਬਰਸ ਤੋਂ ਬਨਾਸਪਤੀ ਹੋਈ ਦੱਸਦੇ ਹਨ। (ਦੇਖੋ 'ਦੀ ਸਰਕਟ ਡਾਕਟਰਨ' ਸਫਾ ੬੯ ਜੋ ਲੰਡਨ ਵਿੱਚ ੧੮੮੮ ਈ. ਨੂੰ ਛਪੀ ਹੈ)

(੧੬) ਪ੍ਰੋਫੈਸਰ ਮਕਸਲੀ ਸਾਹਿਬ ਬਨਾਸਪਤੀ ਦਾ ਉੱਗਣਾ ਇੱਕ ਅਰਬ ਬਰਸ ਤੋਂ ਦੱਸਦੇ ਹਨ। (ਦੇਖੋ ਵਰਲਡ ਲਾਈਫ ਸਫਾ ੧੮੧)

ਜਦ ਬੜੇ ਬੜੇ ਹਿਸਾਬ ਦੇ ਸੂਰਜ ਅੰਗਰੇਜ਼ ਸ੍ਰਿਸ਼ਟੀ ਦੇ ਹੋਣ ਦਾ ਉਕਤ ਸਮਾਂ ਦੱਸਦੇ ਹਨ ਤਾਂ ਛੇ ਹਜ਼ਾਰ ਸਾਲ ਤੋਂ ਉਤਪਤ ਹੋਈ ਦੱਸਣ ਵਾਲੇ ਕਿਸ ਤਰ੍ਹਾਂ ਸੱਚੇ ਮੰਨੇ ਜਾਣ ਅਤੇ ਤਾਰੀਖ ਫਰਿਸ਼ਤਾ ਦੇ ਸਫੇ ੯ ਤੇ ਲਿਖਿਆ ਹੈ ਕਿ ਨੂਹ ਦਾ ਤੂਫਾਨ ਹੋਣੇ ਪਰ ਨਿਸਚਾ ਨਹੀਂ ਅਕਲ ਤੋਂ ਬਾਹਰ ਹੈ ਤਾਂ ਓਹ ਭੀ ਉਤਪਤੀ ਝੂਠੀ ਠਹਿਰੀ।

ਹੁਣ ਜਿਸ ਤਰ੍ਹਾਂ ਸ੍ਰਿਸ਼ਟੀ ਦੀ ਉਤਪਤੀ ਬੇਅੰਤ ਬਰਸਾਂ ਤੋਂ ਸਹੀ ਹੋਈ ਉਸੇ ਤਰ੍ਹਾਂ ਆਰਯਾ ਵਰਤ ਭੀ ਤਵਾਰੀਖ ਦੁਨੀਆਂ ਵਗ਼ੈਰਾ ਦੇ ਹਵਾਲਜਾਂ ਤੋਂ ਹੋਰ ਸਭਨਾਂ ਮੁਲਕਾਂ ਨਾਲੋਂ ਪਹਿਲੇ ਦਾ ਹੀ ਠੀਕ ਹੈ। ਜਿਸ ਪ੍ਰਕਾਰ ਤਵਾਰੀਖ ਦੁਨੀਆਂ ਨੇ ਆਰਯਾਂ ਵਿੱਚੋਂ ਹੀ ਈਰਾਨੀ ਯੂਨਾਨੀ ਆਦਿਕ ਕੌਮਾਂ ਨਿਕਲੀਆਂ ਦੱਸੀਆਂ ਹਨ, ਏਸੇ ਤਰ੍ਹਾਂ ਰਿਗਵੇਦ ਦੇ ਬ੍ਰਾਹਮਣ ਭਾਗ ਵਿੱਚ ਲਿਖਿਆ ਹੈ ਕਿ ਪਹਿਲੇ ਪਹਿਲ ਜੇਹੜੇ ਮਨੁੱਖ ਸਤੋਗੁਣੀ ਸਤਵਾਦੀ ਵਿੱਦਵਾਨ ਸੱਚੇ ਗੁਣਾਂ ਦੇ ਪੁੰਜ ਸਨ ਓਨ੍ਹਾਂ ਨੂੰ ਦੇਵਤਾ, ਦੂਜਿਆਂ ਨੂੰ ਮਨੁੱਖ ਸੱਦਿਆ ਜਾਂਦਾ ਸੀ। ਯਥਾ: 'ਸੱਤਯ ਮੇਵ ਦੇਵਾ ਅਨਿਰਤਯੰ ਮਨੁਸ਼ਯਾ।' ਓਸ ਤੋਂ ਪਿੱਛੋਂ ਹੋਰ-ਹੋਰ ਦੋ ਭੇਦ ਹੋਏ ਯਥਾ ਮੰਤ੍ਰ ਰਿਗ 'ਇਤਜਾਰਯਾ ਇਤਿ ਦੱਸ਼ਯੁਵਾ।' ਅਰਥਾਤ ਠੱਗੀ, ਚੋਰੀ, ਚਲਾਕੀ ਕਰਨ ਵਾਲੇ ਦੱਸ਼ੂ, ਬਾਕੀ ਦੇ ਆਰਯਾ ਸਦਾਉਂਦੇ ਰਹੇ। ਜਦ ਓਹ ਦੱਸੂ ਬਹੁਤ ਵਧ ਕੇ ਆਰਯਾ ਨੂੰ ਦੁੱਖ ਦੇਣ ਲੱਗੇ ਤਾਂ ਸ਼ੰਭੂਮਨਿ ਰਾਜਾ ਦੇ ਹੁਕਮ ਨਾਲ ਏਸ ਦੇਸ ਵਿੱਚੋਂ ਕੱਢੇ ਗਏ। ਏਹ ਬਹੁਤ ਬਹਾਦਰ ਜ਼ੋਰਾਵਰ ਹੋ ਗਏ ਸੀ, ਜਿਸ ਕਰ ਕੇ ਹੋਰ ਹੋਰ ਮੁਲਕਾਂ ਵਿੱਚ ਜਾ ਕੇ ਓਨ੍ਹਾਂ ਮੁਲਕਾਂ ਦੇ ਜੰਗਲੀ ਮਾਣੂਆਂ ਨੂੰ ਫਤੇ ਕਰ ਆਪਣੇ ਸਾਥੀ ਬਣਾ ਲਿਆ, ਜਿਸ ਤੋਂ ਓਨ੍ਹਾਂ ਦੀਆਂ ਬੋਲੀਆਂ, ਰੀਤਾਂ ਤੇ ਏਨ੍ਹਾਂ ਦੀਆਂ ਮਿਲ ਕੇ ਹੋਰ ਦੇ ਹੋਰ ਹੀ ਯੂਨਾਨੀ, ਈਰਾਨੀ, ਰੋਮਾ, ਕੇਲਟਾ, ਅਫਗਾਨ ਆਦਿਕ ਨਾਮਾਂ ਵਾਲੇ ਪ੍ਰਸਿੱਧ ਹੋ ਗਏ।

ਸੰਸਕ੍ਰਿਤ ਜ਼ੁਬਾਨ ਤੇ ਆਰਯਾਂ ਵਿੱਚੋਂ ਆਪਣਾ ਨਿਕਾਸ ਵੈਦਿਕ ਧਰਮ ਸਭ ਭੁਲਾ ਕੇ ਹੋਰ ਹੀ ਮਜ਼੍ਹਬ ਨਿਯਮ ਆਪਣੇ ਬਣਾ ਬੈਠੇ। ਬਾਕੀ ਜਿੱਥੇ ਆਰਯਾ ਲੋਕ ਰਹੇ ਉਸ ਦੇਸ ਦਾ ਨਾਮ ਆਰਯਾ ਵਰਤ ਬਣਿਆ ਰਿਹਾ ਤੇ ਵਿੱਦਯਾ ਭੀ ਏਨ੍ਹਾਂ ਦੀ ਓਹੋ ਸੰਸਕ੍ਰਿਤ ਹੀ ਰਹੀ, ਜਿਸ ਵਿੱਚ ਆਗਨੇਯ, ਸੌਰਯੇ, ਅੰਗਰੇਜ਼ ਆਦਿਕ ਸਰਬੱਗਯ ਰਿਖੀਆਂ ਨੇ ਈਸ਼੍ਵਰ ਦੀ ਪ੍ਰੇਰਨਾ ਨਾਲ ਸਾਰੀ ਸ੍ਰਿਸ਼ਟੀ ਦੇ ਬਿਵਹਾਰਾਂ ਪ੍ਰਮਾਰਥਾਂ ਦੇ ਸੁਧਾਰ ਵਾਸਤੇ ਇਲਮਾਂ, ਹੁਨਰਾਂ ਦਾ ਖ਼ਜਾਨਾ ਚਾਰੇ ਬੇਦ ਬਣਾਏ ਸਨ, ਜਿਨ੍ਹਾਂ ਨੂੰ ਆਰਯਾ ਲੋਕ ਪਰਮੇਸ਼੍ਵਰ ਵੱਲੋਂ ਪ੍ਰਾਪਤ ਹੋਏ ਮੰਨਦੇ ਹਨ, ਓਨ੍ਹਾਂ ਦੇ ਅਨੁਸਾਰ ਆਪਣੇ ਕਾਰ ਵਿਹਾਰ ਕਰਦੇ ਰਹੇ ਜੋ ਥੋੜੇ ਬਹੁਤੇ ਹੁਣ ਤੱਕ ਭੀ ਹਨ।

ਜੇਹੜੇ ਲੋਕ ਆਰਯਾ ਵਰਤ ਵਿੱਚੋਂ ਨਿੱਕਲ ਕੇ ਈਰਾਨੀ, ਯੂਨਾਨੀ, ਤੁਰਕ ਆਦਿਕ ਨਾਮਾਂ ਵਾਲੇ ਹੋ ਗਏ ਸਨ ਓਹ ਅਨੇਕ ਵਾਰੀ ਆਰਯਾ ਵਰਤ ਉੱਤੇ ਚੜ੍ਹ ਚੜ੍ਹ ਕੇ ਆਂਵਦੇ ਰਹੇ। ਪਰ ਆਰਯਾਂ ਨੇ ਆਰਯਾ ਵਰਤ ਵਿੱਚ ਓਨ੍ਹਾਂ ਦਾ ਦਖ਼ਲ ਨਹੀਂ ਹੋਣ ਦਿੱਤਾ। ਓਨ੍ਹਾਂ ਦੇ ਪਹਿਰਾਵੇ ਖਾਨ ਪਾਨ ਜ਼ੁਬਾਨ ਬਿਲੱਖਣ ਦੇਖ ਕੇ ਆਰਯਾ ਲੋਕ ਓਨ੍ਹਾਂ ਨੂੰ ਮਲੇਛ ਯਵਨ ਰਾਖਸ਼ ਅਸੁਰਾਦਿਕ ਨਾਮ ਨਾਲ ਪੁਕਾਰਦੇ ਤੇ ਆਪਣੀਆਂ ਪੋਥੀਆਂ ਵਿੱਚ ਲਿਖਦੇ ਰਹੇ ਜੋ ਹੁਣ ਤੱਕ ਬੋਲੇ ਜਾਂਦੇ ਹਨ ਕਿਉਂਕਿ ਦੁਖਦਾਈ ਆਦਮੀ ਨੂੰ ਰਾਖਸ਼ ਮਲੇਛ ਕਹਿਣਾ ਵਾਜਬ ਹੈ। ਜੈਸੇ ਕਿ ਰਾਵਣ ਦੇ ਬਾਪ ਦਾਦਾ ਬ੍ਰਹਮਾ ਪੁਲਸਤ ਦੇਵਤਾ ਮਨੁੱਖ ਤੇ ਰਾਵਣ, ਕੁੰਭਕਰਨ, ਅਸੁਰ ਰਾਖਸ਼ ਮਲੇਛ; ਤੇ ਹਿਰਨਾਖਛ, ਹਿਰਨਕੱਸ਼ਪ ਰਾਖਸ਼ ਮਲੇਸ਼ ਅਤੇ ਪ੍ਰਹਿਲਾਦ ਭਗਤ ਦੇਵਤਾ। ਕੰਸ ਮਲੇਛ ਰਾਖਸ਼ ਤੇ ਉਸ ਦੀ ਭੈਣ ਦੇਵਕੀ ਤੇ ਬਾਪ ਉਗ੍ਰਸੈਨ ਮਨੁੱਖ। ਏਸੇ ਤਰ੍ਹਾਂ ਹੋਰ ਅਨੇਕ ਦ੍ਰਿਸ਼ਟਾਂਤ ਹਨ। ਸੰਸਾਰ ਵਿੱਚ ਭੀ ਦੁਖਦਾਈ, ਨਿਰਦਈ, ਕੁਚੀਲ, ਧੱਕੜ, ਬੇਸਮਝ, ਕੁਕਰਮੀ ਨੂੰ ਰਾਖਸ਼ ਮਲੇਛ ਅਸੁਰ ਬੋਲਿਆ ਜਾਂਦਾ ਹੈ। ਯਥਾ ਦਸਮ ਗੁਰੂ ਜੀ ਦਾ ਬਚਨ:

ਸਾਧੁ ਕਰਮ ਜੋ ਪੁਰਖ ਕਮਾਂਹੀ ॥
ਨਾਮ ਦੇਵਤਾ ਜਗ ਬਿਦਤਾਂਹੀ ॥
ਕੁਕ੍ਰਿਤ ਕਰਮ ਜੋਊ ਨਰ ਕਰ ਹੈਂ ॥
ਨਾਮ ਅਸੁਰ ਤਿਨ ਕੇ ਜਗ ਰਰ ਹੈਂ ॥

(ਸ੍ਰੀ ਦਸਮ ਗ੍ਰੰਥ – ਬਚਿਤ੍ਰ ਨਾਟਕ)

ਆਰਯਾਂ ਵਿੱਚੋਂ ਵਿੱਦਵਾਨਾਂ ਨੂੰ ਬ੍ਰਾਹਮਣ, ਸ਼ਸਤਰੀ ਨੂੰ ਛੱਤ੍ਰੀ, ਵਪਾਰੀ ਨੂੰ ਬੈਸ਼ਯ, ਸੇਵਕ ਨੂੰ ਸੂਦ੍ਰ, ਏਹ ਚਾਰ ਵਰਣ ਹੋਏ। ਅਤੇ ਬਹੁਤ ਮੈਲੇ ਕੁਚੈਲੇ ਕੰਮ ਕਰਨ ਵਾਲੇ ਚੂਹੜੇ, ਚਮਾਰ, ਚੰਡਾਲ, ਬਾਕੀ ਜੰਗਲੀ ਲੋਕ ਭੀਲ, ਕਿਰਾਤ, ਕੋਲ ਆਦਿਕ ਨਾਮ ਸੇ ਪ੍ਰਸਿੱਧ ਕੀਤੇ ਗਏ। ਏਸੇ ਮੁਲਕ ਵਿੱਚ ਭਰਤ ਰਾਜੇ ਦੇ ਬਹੁਤ ਵੱਡਾ ਹੋਣ ਕਰ ਕੇ, ਜਿਸ ਨੇ ਬਹੁਤ ਮੁਲਕ ਜਿੱਤੇ ਸਨ; ਭਾਰਤ ਵਰਸ਼ ਨਾਮ ਪੈ ਗਿਆ। ਬੇਦਾਂ ਸ਼ਾਸਤ੍ਰਾਂ ਪੁਰਾਣਾਂ ਤੋਂ ਅਤੇ ਹੋਰ ਅਨੇਕ ਮੁਲਕਾਂ ਦੀਆਂ ਕਿਤਾਬਾਂ ਤੋਂ ਜਿਨ੍ਹਾਂ ਦਾ ਜ਼ਿਕਰ ਅਸੀਂ ਪਿੱਛੇ ਕਰ ਆਏ ਹਾਂ, ਏਹ ਚੰਗੀ ਤਰ੍ਹਾਂ ਪ੍ਰਗਟ ਹੈ ਕਿ ਹੋਰ ਸਾਰੇ ਮੁਲਕਾਂ ਦਾ ਬਾਬਾ ਭਾਰਤਵਰਸ਼ ਅਤੇ ਸਾਰੀਆਂ ਵਿਦਯਾਂ ਦੀ ਮਾਂ ਸੰਸਕ੍ਰਿਤ ਹੈ। ਏਸੇ ਮੁਲਕ ਵਿੱਚੋਂ ਸਾਰੇ ਮੁਲਕਾਂ ਵਿੱਚ ਵਿੱਦਯਾ ਦਾ ਪ੍ਰਕਾਸ਼ ਹੋਣਾ ਪ੍ਰਗਟ ਹੈ। (ਦੇਖੋ ਤਵਾਰੀਖ ਦੁਨੀਆਂ ਜਿਲਦ ੧ ਸਫਾ ੪੮੬)

ਸਿਕੰਦਰ ਆਜ਼ਮ ਜੋ ਈਸਾ ਤੋਂ ਪੰਜ ਸੌ ਬਰਸ ਪਹਿਲੇ ਰਾਜੇ ਚੰਦ੍ਰ ਗੁਪਤ* ਦੇ ਸਮੇਂ ਭਾਰਤਵਰਸ਼ ਵਿੱਚ ਆਯਾ ਸੀ ਓਸ ਦੇ ਸਾਥੀ ਇਤਿਹਾਸ ਲੇਖਕਾਂ ਨੇ ਲਿਖਿਆ ਹੈ ਕਿ ਖ਼ਬਰ ਨਹੀਂ ਹਿੰਦੁਸਤਾਨ ਪਾਰਸ ਦੀ ਧਰਤੀ ਹੈ ਜਾਂ ਦੌਲਤ ਦੇ ਇਲਮਾਂ ਦੀ ਖਾਣ ਹੈ।

---

*ਚੰਦ੍ਰ ਗੁਪਤ ਦੇ ਬਾਪ ਮਹਾਂ ਨੰਦ ਦੇ ਵੇਲੇ ਸਿਕੰਦ੍ਰ ਆਜ਼ਮ ਜਿਸ ਨੂੰ ਰਾਜ ਧੁਜਈ ਤੇ ਜੁਲਕ੍ਰਨ ਸਿਕੰਦ੍ਰ ਆਖਦੇ ਹਨ ਓਹ ਈਸਾ ਤੋਂ ੫੦੦ ਸਾਲ ਪਹਿਲੇ ਹੋਯਾ ਹੈ। ਜਦ ਓਹ ਹਿੰਦੁਸਤਾਨ ਵਿੱਚ ਆਯਾ ਸੀ ਤਾਂ ਉਸ ਦੇ ਮੁਕਾਬਲੇ ਵਾਸਤੇ ਮਹਾਨੰਦ ਪੰਜ ਹਜ਼ਾਰ ਹਾਥੀ, ਬੀਸ ਹਜ਼ਾਰ ਅਸਵਾਰ, ਦੋ ਲੱਖ ਪੈਦਲ ਸਿਪਾਹੀ ਲੈ ਕੇ ਆਪਣੀ ਰਾਜਧਾਨੀ ਪਟਣੇ ਤੋਂ ਚੜ੍ਹਿਆ। ਅਜੇ ਦੋ ਮੰਜਲਾਂ ਹੀ ਗਿਆ ਸੀ ਜੋ ਸਿਕੰਦਰ ਕਾਨ ਕੁਬਜ ਨਦੀ ਦੇ ਕਿਨਾਰੇ ਤੋਂ, ਜੋ ਅਟਾਵੇ ਦੇ ਪਾਸੇ ਹੈ; ਪਿੱਛੇ ਨੂੰ ਮੁੜ ਗਿਆ। ਬ੍ਰਿਹਤ ਕਥਾ ਗ੍ਰੰਥ ਵਿੱਚ ਲਿਖਿਆ ਹੈ ਕਿ ਚਿਰ ਕਾਲ ਤੋਂ ਭਾਰਤਵਰਸ਼ ਵਿੱਚ ਮਗਮ, ਬੰਸਦ, ਜਰਾਸੰਧ ਆਦਿਕ ਬੜੇ ਬੜੇ ਪ੍ਰਸਿੱਧ ਰਾਜੇ ਹੋਏ ਹਨ। ਏਨ੍ਹਾਂ ਦੀ ਰਾਜਧਾਨੀ

ਅਮਰੀਕਾ ਵਾਲੇ ਲਿਖਦੇ ਹਨ ਕਿ ਸਿਕੰਦਰ ਆਜ਼ਮ ਤਾਤਾਰੀ ਸ਼ੱਕਯ ਲੋਕ, ਚੰਗੇਜ਼ ਖ਼ਾਂ, ਮਹਿਮੂਦ ਗਜ਼ਨਵੀ, ਤਿਮੂਲੰਗ, ਨਾਦਰਸ਼ਾਹ, ਅਹਿਮਦਸ਼ਾਹ, ਏਨ੍ਹਾਂ ਸਾਰਿਆਂ ਨੇ ਭਾਰਤਵਰਸ਼ ਨੂੰ ਲੁੱਟ ਲੁੱਟ ਕੇ ਆਪਣੇ ਆਪਣੇ ਮੁਲਕ ਧਨੀ ਕਰ ਲਏ ਪਰ ਏਸ ਦੀ ਦੌਲਤ, ਹਿੰਮਤ, ਵਿੱਦਿਆ ਨਾ ਘਟੀ। ਜਿਸ ਤਰ੍ਹਾਂ ਦੀ ਰੌਣਕ ਤੇ ਉੱਨਤੀ ਸਿਕੰਦਰ ਆਜ਼ਮ ਦੇ ਲੁਟੇਰੇ ਸਿਪਾਹੀ ਦੱਸਦੇ ਸਨ ਓਹੋ ਦਸ਼ਾ ਹੁਣ ਹੈ। ਖ਼ਬਰ ਨਹੀਂ ਏਥੇ ਕੀ ਸਿਆੜ ਸੂਈ ਹੈ ਜੋ ਫੇਰ ਭੀ ਐਡੀ ਵੱਡੀ ਗਜ਼ਬ ਦੀ ਦੌਲਤ, ਵਿੱਦਿਆ, ਹਿੰਮਤ, ਰੌਣਕ, ਵੱਸੋਂ ਬਣੀ ਰਹੀ। ਬੜੇ ਅਸਚਰਜ ਦੀ ਗੱਲ ਹੈ ਜਿਸ ਘਰ ਇੱਕ ਵਾਰੀ ਚੋਰੀ ਹੋ ਜਾਵੇ ਓਸ ਦੀ ਰੌਣਕ ਮਾਰੀ ਜਾਂਦੀ ਹੈ ਤੇ ਜਿਸ ਘਰ ਨੂੰ ਧਾੜਵੀ ਲੋਕ ਅਨੇਕ ਵਾਰੀ ਨਿਰਭੈ ਹੋ ਕੇ ਲੁੱਟ ਲੈ ਜਾਣ ਫੇਰ ਜੇ ਓਹ ਘਰ ਉਸੇ ਤਰ੍ਹਾਂ ਰੌਣਕ ਪਰ ਰਹੇ ਤਾਂ ਜਾਣੋਂ ਉਥੇ ਕੋਈ ਈਸ਼੍ਵਰ ਦੀ ਬਿਲੱਖਣ ਸ਼ਕਤੀ ਹੈ ਯਾ ਪਾਰਸ ਰਸਾਇਣ ਹੈ।

ਸੋ ਭਾਰਤਵਾਰਸ਼ ਵਿੱਚੋਂ ਲੁਟੇਰਿਆਂ ਨੇ ਕੇਵਲ ਦੌਲਤ ਨੂੰ ਹੀ ਝਾੜੂ ਨਹੀਂ ਫੇਰਿਆ ਸਗੋਂ ਲੱਖਾਂ ਆਦਮੀਆਂ ਨੂੰ ਕਤਲਿਆਮ ਕਰ ਕੇ ਲੱਖਾਂ ਹੀ ਜਵਾਨ ਮੁੰਡੇ ਕੁੜੀਆਂ ਬੰਨ੍ਹ ਕੇ ਲੈ ਜਾਂਦੇ ਰਹੇ ਹਨ। ਇੱਕ ਹੋਰ ਅਸਚਰਜ ਦੇਖੋ! ਜਿਸ ਘਰ ਵਿੱਚ ਚਾਰ ਪ੍ਰਾਣੀ ਚੌਹੀਂ ਰਾਹੀਂ ਚੱਲਦੇ ਹੋਣ ਇੱਕ ਮਤਾ ਨਾ ਹੋਵੇ ਤੇ ਫੇਰ ਓਹ ਘਰ ਵੱਸਦਾ ਰਹੇ ਤਾਂ ਨਿਸਚੇ ਮੰਨੋ ਕਿ ਓਥੇ ਕੋਈ ਖ਼ਾਸ ਈਸ਼੍ਵਰੀ ਕ੍ਰਿਪਾ ਹੈ ਜੋ ਓਸ ਨੂੰ ਬੇਰੌਣਕ ਨਹੀਂ ਹੋਣ ਦੇਂਦੀ। ਓਹ ਘਰ ਏਹੋ ਭਾਰਤਵਰਸ਼ ਹੈ ਜਿੱਥੇ ਲੱਖਾਂ ਬਰਸਾਂ ਤੋਂ ਅਨੇਕ ਮਜ੍ਹਬ, ਫਿਰਕੇ, ਮਤ, ਇੱਕ ਦੇ ਇੱਕ ਵਿਰੋਧੀ ਚਲੇ ਆਂਵਦੇ ਹਨ।

ਏਹ ਬਾਤ ਲਿਖਣ ਵਾਲੇ ਡੀਉਲ ਸਾਹਿਬ ਨੂੰ ਏਹ ਖ਼ਬਰ ਨਹੀਂ ਕਿ ਭਗਤੀ, ਭਜਨ, ਈਸ਼੍ਵਰ ਉਪਾਸ਼ਨਾ, ਵੈਰਾਗ, ਬਵੇਕ, ਗਯਾਨ, ਦਾਨ, ਪੁੰਨ, ਸੰਤ ਸਮਾਜ, ਸਤਸੰਗ, ਸਤ, ਸੰਤੋਖ, ਦਇਆ ਆਦਿਕ ਅਨੰਤ ਦੈਵੀ ਗੁਣ ਅਤੇ ਤੀਰਥ ਜਿਤਨੇ ਭਾਰਤਵਰਸ਼ ਵਿੱਚ ਵਰਤੇ ਜਾਂਦੇ ਹਨ; ਇਨਸਾਫ਼ ਨਾਲ ਦੇਖੋ ਤਾਂ ਹੋਰ ਕਿਸੇ ਵਲਾਇਤ ਵਿੱਚ ਨਹੀਂ। ਏਹੋ ਅਲੌਕਿਕ ਸ਼ਕਤੀ ਈਸ਼੍ਵਰੀ ਏਥੇ ਹੈ। ਦੇਖੋ ਮਿਸਰ* ਵਾਲਿਆਂ ਨੇ ਬੰਸਾਵਲੀ ਤੇ ਜ਼ਰਾ ਜ਼ਰਾ ਬ੍ਰਿਤਾਂਤ ਆਪਣੇ ਵੱਡਿਆਂ ਦੇ

(ਪਾਟਲੀਪੁਤ੍ਰ) ਪਟਨਾ ਜੋ ਸੂਰਜਬੰਸ਼ੀ ਸੁਦ੍ਰਸ਼ਨ ਰਾਜ ਦੀ ਬੇਟੀ ਪਾਟਲੀ ਨੇ ਵਸਾਯਾ ਹੈ। ਮਹਾਨੰਦ ਦੇ ਸਮੇਂ ਅੱਠ ਮੀਲ ਲੰਮਾ, ਡੇਢ ਮੀਲ ਚੌੜਾ ਹੀ, ੩੦ ਫੁੱਟ ਡੂੰਘੀ ਖਾਈ ੫੭੧ ਬੁਰਜ ੬੪ ਦਰਵਾਜ਼ੇ ਏਸ ਦੇ ਹਨ। ਸੌਨਕ ਨਾਮ ਵਕੀਲ ਯੂਨਾਨੀ ਜੋ ਈਸਾ ਤੋਂ ੬੦੦ ਸਾਲ ਪਹਿਲੇ ਭਾਰਤਵਰਸ਼ ਵਿੱਚ ਸੈਰ ਕਰਨ ਆਯਾ ਸੀ ਲਿਖਦਾ ਹੈ ਕਿ ਪਾਟਲੀ ਪੁੱਤ੍ਰ ਦਾ ਮਹਾਰਾਜਾ ਮਗਧ ਬੰਸੀ ਬਿੰਬਸਾਰ ਨਾਮ ਹੈ। ਏਹ ਰਾਜਾ ਮਹਾਨੰਦ ਦਾ ਦਾਦਾ ਸੀ। ਓਸੇ ਸਮੇਂ ਜੈਨੀਆਂ ਦੇ ਬੀਸਮੇ ਤੀਰਥਾਂਕੁਰ ਸੁਬ੍ਰਿਤ ਸ੍ਵਾਮੀ ਦਾ ਕੱਲਯਾਣਕ ਰਾਜ ਗ੍ਰਹੀ ਵਿੱਚ ਸੀ। ਬਿੱਗਸਾਰ ਪਿੱਛੋਂ ਅਸ਼ੋਕ ਤੇ ਅਜਾਤ ਛਤਰੂ ਰਾਜੇ ਹੋਏ ਜਿਨ੍ਹਾਂ ਦੇ ਸਤੂਪ ਬਣੇ ਹੋਏ ਨਿਕਲਦੇ ਹਨ। ਬੋਧਾਂ ਦੇ ਬੜੇ ਬੜੇ ਧਰਮ ਸ਼ਾਸਤ੍ਰ ਬਣੇ ਹੋਏ ਹਨ ਹਿੰਦੂ ਉਨ੍ਹਾਂ ਦੇ ਵਿਰੋਧੀ ਹਨ। ਖ਼ਬਰ ਨਹੀਂ ਓਸੇ ਵਿਰੋਧ ਕਰ ਕੇ ਹਿੰਦੂਆਂ ਨੇ ਏਸ ਦੇਸ ਮਗਧ ਭੂਮੀ ਉੱਤੇ ਮਰਨ ਵਾਲੇ ਗਧੇ, ਕੁੱਤੇ ਦਾ ਜਨਮ ਪਾਵਣਾ ਲਿਖਯਾ ਹੈ ਅਤੇ ਗੌਤਮ ਦੀ ਇਸਤ੍ਰੀ ਅਹੱਲਯਾ ਬਿਭਚਾਰ ਦਾ ਪ੍ਰਸੰਗ ਨਿੰਦਾ ਵਾਸਤੇ ਲਿਖਿਆ ਹੈ ਕਿਉਂਕਿ ਅਜਾਤ ਸ਼ੱਤਰੂ ਆਦਕ ਰਾਜੇ ਮਗਧ ਬੰਸੀ ਤੇ ਗੌਤਮ ਸ੍ਵਾਮੀ ਏਸੇ ਦੇਸ ਦੇ ਸਨ। ਅਹੱਲਯਾ ਦੀ ਜਗ੍ਹਾ ਭੀ ਓਸੇ ਦੇਸ ਵਿੱਚ ਬਕਸਰ ਸ਼ਹਿਰ ਦੇ ਪਾਸ ਹੈ। ਸੰਨ ੬੩੭ ਈ. ਨੂੰ ਜਦ ਹਿਆਨ ਸਾਂਗ ਯੂਨਾਨੀ ਪ੍ਰਸਿੱਧ ਯਾਤ੍ਰੀ ਭਾਰਤਵਰਸ਼ ਵਿੱਚ ਆਇਆ ਸੀ ਤਦ ਹਰਖ ਬ੍ਰਧਨ ਨਾਮ ਕਨੌਜ ਵਾਲੇ ਰਾਜੇ ਦਾ ਰਾਜ ਪਟਣੇ ਵਿੱਚ ਸੀ। ਸੰਮਤ ੧੨੯੨ ਈ. ਨੂੰ ਜਦ ਪਹਿਲੇ ਹੀ ਮੁਸਲਮਾਨ ਭਾਰਤ ਵਿੱਚ ਆਏ ਸਨ। ਤਦੋਂ ਕਾਂਸ਼ੀ ਵਾਲੇ ਇੰਦ੍ਰ ਦਮਨ ਬੰਦਾਵਤ ਰਾਜਪੂਤ ਦਾ ਰਾਜ ਪਟਣੇ ਵਿੱਚ ਸੀ। ਸੰਮਤ ੧੩੯੩ ਈ. ਨੂੰ ਜਦ ਮਹਿਮੂਦ ਗਜ਼ਨੀ ਵਾਲੇ ਨੇ ਗਯਾ ਸ਼ਹਿਰ ਨੂੰ ਕਤਲਾਮ ਕੀਤਾ ਤੇ ਲੁੱਟਿਆ ਤਦੋਂ ਕਈ ਰਾਜੇ ਰਾਣੇ ਉਦੇ ਪੁਰੀਏ ਆਦਿਕ ਗਯਾ ਦੇ ਬਚਾਉ ਵਾਸਤੇ ਆਏ ਸਨ। ਮਹਿਮੂਦ ਯੱਦਪਿ ਸ਼ਹਿਰ ਦੀ ਲੁੱਟ ਮਾਰ ਕਰ ਕੇ ਚੱਲ ਪਿਆ ਸੀ ਪਰ ਭਾਰਤੀ ਰਾਜਿਆਂ ਨੇ ਸਜੰਗ ਓਸ ਨੂੰ ਭਾਰੀ ਹਾਰ ਦੇ ਕੇ ਮਾਲ ਖੋਹ ਕੇ ਲੋਕਾਂ ਨੂੰ ਦਿੱਤਾ, ਜਿਨ੍ਹਾਂ ਦਾ ਗਿਆ ਸੀ। ਏਹ ਗੱਲ ਗਯਾ ਦੇ ਇਤਿਹਾਸ ਭੂਗੋਲ ਵਿੱਚ ਸ਼ਿਵ ਨਾਰਾਇਣ ਤ੍ਰਿਬੇਦੀ ਨੇ ਲਿਖੀ ਹੈ।

*(੧) ਮਿਸਰ ਦੇ ਸਭ ਤੋਂ ਵੱਡੇ (ਮੰਬਾ) ਨਾਮ ਮੁਨਾਰੇ ਦੇ ਬਾਬਤ ਬਹੁਤ (ਮੁਵੱਰਖਾਂ) ਕਾਰਕਾਂ ਦੀ ਰਾਇ ਹੈ ਕਿ ਓਹ ਈਸਾ ਤੋਂ ੩੩੫੨ ਸਾਲ ਪਹਿਲੇ ਦਾ ਹੈ। (ਦੇਖੋ ਪ੍ਰਾਕਟਰ ਨਾਲਜ ਦੀ ਜਿਲਦ ੧ ਸਫਾ ੨੪੨) (੨) ਮਿਸਰੀ ਬਾਦਸ਼ਾਹਾਂ ਦਾ ਚੌਥਾ ਖਾਨਦਾਨ ਜੋ ਈਸਾ ਤੋਂ ੨੪੨੫ ਬਰਸ ਪਹਿਲੇ ਸੀ ਓਨ੍ਹਾਂ ਦੇ ਮੁਨਾਰੇ ਮਕਬਰੇ ਬੇਅੰਤ ਰੁਪਿਆ ਖ਼ਰਚ ਹੋ ਕੇ ਬਹੁਤ ਬਣੇ ਹੋਏ ਹਨ ਜੋ ਅਲਪਸੀ ਅਲਬਸ ਸਾਹਿਬ ਦੇ ਕਥਨ ਤੋਂ ਸਿੱਧ ਹੈ। (੩) ਏਹ ਚੌਥੇ ਮਿਸਰੀ ਖਾਨਦਾਨ ਤੇ ਪਹਿਲੇ ੯੫੦ ਸਾਲ ਮੀਨਸ ਖਾਨਦਾਨ ਸੀ। ਮਿਸਰ ਵਿੱਚ ਓਨ੍ਹਾਂ ਤੋਂ ਮੁਨਾਰੇ ਬਨਾਵਣ ਦੀ ਰੀਤਿ ਚਲੀ ਹੈ ਜੋ ੪੧੦੦ ਬਰਸ ਦੇ ਕਈ ਮੁਨਾਰੇ ਹਨ। (ਦੇਖੋ ਸੇਕਰਟ ਡਾਕਟਰ ਦੇ ਸਫਰਨਾਮੇ ਦਾ ਸਫਾ ੪੩੨) (੪) ਕਾਲਸਨ ਸਾਹਿਬ ਲਿਖਦਾ ਹੈ ਕਿ ਇਲਮ ਦੀ ਜ਼ੀਆਲੋਜੀ ਦੇ ਹਿਸਾਬ ਤੋਂ ਸਿੱਧ ਹੈ ਕਿ ੬੫੦੦ ਸਾਲ ਤੋਂ ਉਰੇ ਕੋਈ ਤੂਫਾਨ ਨੂਹ ਦਾ ਨਹੀਂ ਆਇਆ ਕਿਉਂਕਿ ਏਦੂੰ ਪਹਿਲੇ ਦੇ ਬੁੱਤ ਮੂਰਤਾਂ ਮਿਸਰ ਤੇ ਚੀਨ ਵਿੱਚ ਸਮੁੰਦ੍ਰ ਕਿਨਾਰੇ ਪਈਆਂ ਹਨ। (੫) ਸਰ ਚਾਰਲਸ ਲਾਇਲ ਸਾਹਿਬ ਦੀ ਰਾਇ ਹੈ ਕਿ ਬਾਰਾਂ ਹਜ਼ਾਰ ਬਰਸ ਦੇ ਅੰਦਰ ਕੋਈ ਤੁਫਾਨ ਨੂਹ ਦਾ ਨਹੀਂ ਆਇਆ ਕਿਉਂਕਿ ਅੰਟਾਂ ਦੇ ਜੰਗਲਾਂ ਪਹਾੜਾਂ ਵਿੱਚੋਂ ਤੇ ਆਵਰਨੀ ਦੇ ਪਹਾੜਾਂ ਵਿੱਚੋਂ ਜਿੱਥੋਂ ਜਿਥੋਂ ਅੱਗ ਦੇ ਭਬੂਕੇ ਨਿਕਲਦੇ ਹਨ ਓਨ੍ਹਾਂ ਦੀ ਸੁਆਹ ਵਿੱਚੋਂ

ਕਿਤਾਬਾਂ ਵਿੱਚ ਲਿਖੇ ਅਤੇ ਪੱਥਰਾਂ ਉੱਤੇ ਭੀ ਉਕਰਾ ਕੇ ਓਹ ਸਿਲਾਂ ਮੁਨਾਰਿਆਂ ਕਬਰਾਂ ਵਿੱਚ ਜੋੜ ਰੱਖੀਆਂ ਹਨ। ਆਰਯਾਂ ਨੇ ਤਵਾਰੀਖ ਭੀ ਕੋਈ ਨਾ ਰਚੀ ਤੇ ਨਾ ਹੀ ਪੱਥਰ ਉਕਰਾਏ। ਦੇਖੋ! ਤਵਾਰੀਖ ਦਾ ਸਬੰਧ ਸੰਸਾਰ ਨਾਲ, ਬੰਸਾਵਲੀ ਦਾ ਸਬੰਧ ਖਾਨਦਾਨ ਨਾਲ ਹੁੰਦਾ ਹੈ। ਸੋ ਏਨ੍ਹਾਂ ਨੇ ਦੋਹਾਂ ਦੀ ਪ੍ਰਵਾਹ ਨਹੀਂ ਰਖੀ, ਕਿਉਂਕਿ ਏਸ ਸੰਸਾਰ ਨੂੰ ਤੇ ਸੰਸਾਰੀਆਂ ਨੂੰ ਬਿਨਾਸੀ ਤੁੱਛ ਸਮਝ ਕੇ ਜਿੱਥੇ ਹਮੇਸ਼ਾ ਰਹਿਣਾ ਹੈ ਓਸ ਪਰਲੋਕ ਦੇ ਅਬਿਨਾਸੀ ਸੁਖ ਦੀ ਇੱਛਾ ਰੱਖ ਕੇ ਓਥੇ ਪਹੁੰਚਣ ਦੇ ਉੱਦਮ ਕਰਨ ਵਿੱਚ ਲੱਗੇ ਰਹੇ, ਜਿਸ ਦਾ ਫ਼ਲ ਪੱਕੀ ਸਿੱਧੀ ਸੜਕ ਬਣਾ ਦਿਖਾਈ, ਜਿਸ ਦੀ ਕੋਸ਼ਿਸ਼ ਹੋਰ ਕਿਸੇ ਮਜ਼੍ਹਬ ਮੁਲਕ ਨੇ ਨਹੀਂ ਕੀਤੀ। ਓਹ ਸ਼ੁਭ ਕਰਮ ਭਗਤੀ ਸਹਿਤ ਬ੍ਰਹਮਗਯਾਨ ਦਾ ਫ਼ੁੱਲ ਅਦਵੈਤ ਮਤ ਹੈ ਜੋ ਕਦੇ ਟੁੱਟਣਾ ਤੇ ਪੁਰਾਣਾ ਨਹੀਂ ਹੋਣਾ। ਏਸ ਰਸਤੇ ਚੱਲਣ ਵਾਲੇ ਫੇਰ ਆਵਾ ਗੌਣ ਵਿੱਚ ਨਹੀਂ ਪੈਂਦੇ। ਏਸ ਮਤ ਦਾ ਸੁਧਾਰ ਪ੍ਰਚਾਰ ਗੁਰੂ ਨਾਨਕ ਸਾਹਿਬ ਆਦਿਕ ਮਹਾਰਿਖੀਆਂ ਨੇ ਕੀਤਾ ਹੈ, ਜਿਸ ਨੂੰ ਦਸਮ ਪਾਤਸ਼ਾਹ ਨੇ ਸਿਕਲ ਕਰ ਚਮਕਾ ਦਿੱਤਾ। ਯੱਦਯਪਿ ਰਾਮਾਇਣ, ਮਹਾਂਭਾਰਤ, ਪੁਰਾਣ ਏਹ ਇਤਿਹਾਸ ਆਰਯਾ ਵਰਤ ਦੇ ਹਨ ਪਰ ਏਨ੍ਹਾਂ ਵਿੱਚ ਭੀ ਬਹੁਤ ਗੜਬੜ ਹੈ। ਤਵਾਰੀਖਾਂ ਦੇ ਕਾਇਦੇ ਅਨੁਸਾਰ ਸਿਲਸਿਲੇ ਵਾਰ ਹੋਰ ਤਾਂ ਕੋਈ ਨਹੀਂ। ਜੇ ਕੁਛ ਹੈ ਤਾਂ ਮਾੜਾ ਮੋਟਾ ਰਾਜੇ ਚੰਦ੍ਰ ਗੁਪਤ ਦੇ ਸਮੇਂ ਦਾ ਹਾਲ ਹੈ, ਜਿਸ ਤੋਂ ੧੬੧ ਬਰਸ ਪਹਿਲੇ ਬੁੱਧ ਹੋ ਚੁੱਕਾ ਹੈ। ਓਸ ਸਮੇਂ ਭਾਰਤਵਰਸ਼ ਵਿੱਚ ਯੂਨਾਨੀ, ਈਰਾਨੀ, ਚੀਨੀ, ਆਵਣ ਲੱਗ ਪਏ ਸਨ। ਓਨ੍ਹਾਂ ਦੇ ਰੀਤੀ ਪੂਰਬਕ ਲਿਖੇ ਹੋਏ ਬ੍ਰਿਤਾਂਤ ਮਿਲਦੇ ਹਨ।

ਪਿਛਲੇ ਲੇਖਾਂ ਤੋਂ ਚੰਗੀ ਤਰ੍ਹਾਂ ਸਾਬਤ ਹੋ ਗਿਆ ਹੈ ਕਿ ਭਾਰਤਵਰਸ਼ ਸਾਰੇ ਮੁਲਕਾਂ ਤੋਂ ਪਹਿਲੇ ਵਸਦਾ ਹੈ ਇਥੋਂ ਹੀ ਅਕਲ ਇਲਮ ਹੁਨਰਾਂ ਦਾ ਚਾਨਣਾ ਹੋਰ ਹੋਰ ਮੁਲਕਾਂ ਵਿੱਚ ਜਾਣਾ ਅਨੇਕ ਇਤਿਹਾਸਾਂ ਤੋਂ ਸਿੱਧ ਹੈ। ਕੌਣ ਆਖ ਸਕਦਾ ਹੈ ਕਿ ਏਸ ਬੁੱਢੇ ਭਾਰਤ ਦੇ ਬਰਸਾਂ ਵਿੱਚ ਕੌਮਾਂ ਦੀਆਂ ਉਮਰਾਂ ਤੇ ਮਹੀਨਿਆਂ ਵਿੱਚ ਮਜ਼੍ਹਬਾਂ ਦੀਆਂ ਸਦੀਆਂ ਤੇ ਦਿਨਾਂ ਵਿੱਚ ਬਾਦਸ਼ਾਹਾਂ ਦੀਆਂ ਬੰਸਾਵਲੀਆਂ ਨਹੀਂ ਬੀਤੀਆਂ। ਯੱਦਪਿ ਏਸ ਦਾ ਕੋਈ ਇਤਿਹਾਸ ਪ੍ਰਾਚੀਨ ਨਹੀਂ, ਪਰ ਤੁਸੀਂ ਏਹ ਨਹੀਂ ਕਹਿ ਸਕਦੇ ਕਿ ਗਰੰਥ ਕਰਤਾ ਦੀ ਕਲਮ ਏਸ ਤੇ ਬੇਅੰਤ ਬ੍ਰਿਤਾਂਤ ਲਿਖਣ ਤੋਂ ਅਟਕੇ, ਕਿਉਂਕਿ ਕਿਸੇ ਮੁਲਕ ਵਿੱਚ ਇਕ, ਕਿਸੇ ਵਿੱਚ ਦੋ ਹੱਦ ਤਿੰਨ ਯਾ ਚਾਰ ਅਦਲਾ ਬਦਲੀਆਂ ਹੋਈਆਂ ਹੋਣਗੀਆਂ। ਪਰ ਏਸ ਵਿੱਚ ਜੋ ਬੇਅੰਤ ਬਦਲਾਂ ਸ਼ਦਲਾਂ ਹੋਈਆਂ ਹਨ ਓਨ੍ਹਾਂ ਦਾ ਜ਼ਰਾ ਕੁ ਨਮੂਨਾ ਪੰਜ ਕੁ ਹਜ਼ਾਰ ਬਰਸ ਤੋਂ ਉੱਤੇ ਦਾ ਏਥੇ ਦੱਸਦੇ ਹਾਂ।

(੧) ਪਹਿਲੇ ਬੇਦਾਂ ਦੇ ਸਮੇਂ ਇਕੋ ਮਤ ਸੀ, ਫੇਰ ਸਾਰੇ ਲੋਕ ਇੱਕ ਵਾਰੀ ਬਾਮੀ (ਸਾਕਤ) ਸ਼ਕਤੀ ਦੇ ਉਪਾਸ਼ਕ ਹੋ ਗਏ।

(੨) ਫੇਰ ਬੁੱਧ ਹੋਏ ਜਿਨ੍ਹਾਂ ਵਿੱਚੋਂ ਜੈਨ ਮਤ ਦੀ ਸ਼ਾਖ ਨਿਕਲੀ, ਏਨ੍ਹਾਂ ਨੇ ਭੀ ਮੁਲਕ ਉੱਤੇ ਫੈਲ ਕੇ ਵੈਦਤ ਮਤ ਨੂੰ ਬੜਾ ਨੁਕਸਾਨ ਪਹੁੰਚਾਇਆ।

ਦੱਬੀਆਂ ਹੋਈਆਂ ਜਾਨਵਰਾਂ ਦੀਆਂ ਹੱਡੀਆਂ ਨਿਕਲਦੀਆਂ ਹਨ। (੬) ਮਿਸਟਰ ਪਲਟਸ ਲਿਖਦਾ ਹੈ ਕਿ ਪੰਜ ਹਜ਼ਾਰ ਬਰਸ ਤੋਂ ਬਹੁਤੇ ਜੋ ਬਾਦਸ਼ਾਹ ਦੇ ਪੂਜਣ ਦੀਆਂ ਮੂਰਤਾਂ ਓਸੇ ਦੀ ਕਬਰ ਵਿੱਚ ਓਸ ਦੇ ਨਾਲ ਦੱਬੀਆਂ ਸਨ, ਓਹ ਅਜਿਹੀਆਂ ਸੁੰਦਰ ਰੰਗ ਢੰਗ ਦੀਆਂ ਸਬੂਤ ਅੰਗ ਹੁਣ ਨਿਕਲੀਆਂ ਹਨ ਮਾਨੋਂ ਅੱਜ ਬਣ ਕੇ ਓਸ ਸਮੇਂ ਦੀ ਕਾਰੀਗਰੀ ਦਾ ਚਮਤਕਾਰਾ ਦੱਸਦੀਆਂ ਹਨ। (ਦੇਖੋ ਮਿਸਟਰ ਦਾ ਸਫਰਨਾਮਾ ਅੰਗ੍ਰੇਜ਼ੀ ਦਾ ਸਫਾ ੧੧੨) (੭) ਸਬਕ੍ਰਟ ਡਾਕਟਰ ਦੀ ਦੂਜੀ ਜਿਲਦ ਦੇਖੋ ਸਫਾ ੧੨੭ ਲਿਖਦਾ ਹੈ ਵੱਡਾ ਮੁਨਾਰਾ ਮਿਸਰ ਦਾ ੭੮੦੦ ਬਰਸ ਦਾ ਬਣਿਆ ਹੋਇਆ ਇਲਮ ਅਸਟਰਾਨੋਮੀ ਤੋਂ ਸਿੱਧ ਹੈ। (੮) ਤਵਾਰੀਖ ਯੂਨਾਨ ਦੇ ੧੮ ਤੇ ੧੯ ਸਫ਼ੇ ਉੱਤੇ ਲਿਖਿਆ ਹੈ ਕਿ ਜੋ ਈਸਾ ਤੋਂ ੨੦੯੯ ਬਰਸ ਪਹਿਲੇ ਬਾਦਸ਼ਾਹਾਂ ਦੀ ਬਣੀ ਹੋਈ ਹੈ ਓਸ ਤੋਂ ਬੜੇ ਬੜੇ ਪੁਰਾਣੇ ਹਾਲ ਸਿੱਧ ਹੁੰਦੇ ਹਨ। ਨਾਲੇ ਪਾਂਡਵ ਅਰਜਨ ਦਾ ਜਾਣਾ ਵੀ ਸਿੱਧ ਹੁੰਦਾ ਹੈ। ਹੋਰ ਕਈ ਬ੍ਰਿਤਾਂਤ ਭਾਰਤਵਰਸ਼ ਦੇ ਓਸ ਵਿੱਚੋਂ ਨਿਕਲਦੇ ਹਨ। ਏਹ ਮਿਸਰ ਦੇ ਦੇਸ਼ ਦੇ ਕਬਰਾਂ ਮੁਨਾਰਜਾਂ ਦੇ ਹਾਲ ਪ੍ਰਾਚੀਨ ਏਸ ਲਈ ਦੱਸੇ ਹਨ ਕਿ ਇੱਕ ਭਾਰਤਵਰਸ਼ ਵਿੱਚ ਹੀ ਮੂਰਤਾਂ ਦਾ ਪੂਜਨ ਤੇ ਸਮਾਧਾਂ ਦਾ ਬਣਨਾ ਰਿਵਾਜ ਨਹੀਂ। ਇਹ ਕੁਰੀਤਿ ਸਾਰੇ ਹੀ ਫੈਲੀ ਹੋਈ ਹੈ। ਦੂਜਾ ਮਤਲਬ ਇਹ ਹੈ ਕਿ ਕਈ ਲੋਕ ਆਖਦੇ ਹਨ ਦਿੱਲੀ ਵਿੱਚ ਯੋਗ ਮਾਇਆ ਦਾ ਮੰਦਰ ਪਾਂਡਵਾਂ ਦੇ ਸਮੇਂ ਦਾ ਨਹੀਂ ਪਿੱਛੋਂ ਬਣਿਆ ਹੈ ਕਿਉਂਕਿ ਪੰਜ ਹਜ਼ਾਰ ਸਾਲ ਇਮਾਰਤ ਨਹੀਂ ਰਹਿੰਦੀ। ਏਹ ਗਲ ਤੋੜਨ ਵਾਸਤੇ ਮਿਸਰ ਦੇ ਮੁਨਾਰੇ ਸੱਤ ਸੱਤ, ਅੱਠ ਅੱਠ ਹਜ਼ਾਰ ਬਰਸ ਦੇ ਖੜ੍ਹੇ ਦਿਖਾਏ ਹਨ।

(੩) ਕ੍ਰਿਸ਼ਨ ਤੇ ਮਹਾਂਭਾਰਤ ਦੇ ਸਮੇਂ ਨੇ ਜਦ ਪਾਸਾ ਬਦਲਿਆ ਤਾਂ ਹੋਰ ਦਾ ਹੋਰ ਹੀ ਰੰਗ ਖਿੜ ਗਿਆ।

(੪) ਤਾਤਾਰੀ ਤੇ ਸ਼ੱਕਾ ਦਾ ਦੌਰਾ ਹੋਇਆ।

(੫) ਯੂਨਾਨੀਆਂ ਪਾਰਸੀਆਂ ਦੇ ਚੜ੍ਹਾਉ ਹੋਏ।

(੬) ਤੁਰਕਾਂ ਦੇ ਹੱਲਯਾਂ ਨੇ ਏਹ ਮੁਲਕ ਕੁਰਕ ਕੀਤਾ ਜੋ ਤਵਾਰੀਖ ਤੋਂ ਸਿੱਧ ਹੈ।

(੭) ਅਰਬੀ ਆਏ ਚਲੇ ਗਏ, ਪਠਾਣਾਂ ਦੀਆਂ ਚੜ੍ਹਾਈਆਂ ਨੇ ਤਾਂ ਫੇਰ ਕਹਿਰ ਦੇ ਸਮੁੰਦ੍ਰ ਦੀਆਂ ਠਾਠਾਂ ਵਾਂਗੂੰ ਬਹੁਤ ਹੀ ਬਿਹਬਲ ਕੀਤਾ, ਜ਼ਰਾ ਭੀ ਹਿੰਦੂਆਂ ਨੂੰ ਸਿਰ ਚੁੱਕਣ ਨਹੀਂ ਦਿੱਤਾ। ਇੱਕ ਤੋਂ ਇੱਕ ਚੜ੍ਹਦਾ ਜ਼ਾਲਮ ਵਧਦਾ ਚਲਾ ਆਇਆ, ਛੇਕੜ ਮੁਗ਼ਲ ਭੀ ਚੰਮ ਦੇ ਦੰਮ ਚਲਾ ਕੇ ਨਰਕ ਵਿੱਚ ਗ਼ਰਕ ਹੋਏ। ਜੱਟਾਂ, ਮਰਹੱਟਿਆਂ, ਫਰਾਂਸੀਸਾਂ, ਸਿੱਖਾਂ, ਪੁਰਤਗੇਜ਼ਾਂ, ਅੰਗਰੇਜ਼ਾਂ ਦੇ ਜੰਗ ਯੁੱਧ ਹੁੰਦੇ ਰਹੇ। ਓਸੇ ਲੁੱਟ ਮਾਰ ਵਿੱਚ ਇੱਕ ਸਦੀ ਬੀਤ ਗਈ, ਜਿਸ ਦਾ ਓੜਕ ਫ਼ਲ ਲੱਗੇ ਨੂੰ ਮਸਾਂ ਅੱਧੀ ਕੁ ਸਦੀ ਹੋਈ ਹੈ ਜਿਸ ਦਾ ਰੰਗ ਹੁਣ ਤੁਸੀਂ ਪ੍ਰਤੱਖ ਦੇਖ ਰਹੇ ਹੋ। ਬਾਕੀ ਅਨੇਕ ਰੰਗਾਂ ਦੇ ਸੂਤ੍ਰ ਮਜ਼ਹਬ ਦੇ ਦੇਖਾਵਣ ਨੂੰ ਤਾਂ ਏਹ ਮੁਲਕ ਮਦਾਰੀ ਦਾ ਮੂੰਹ ਹੈ। ਸਾਰੇ ਏਸ਼ੀਆਂ ਵਿੱਚ ਐਤਨੇ ਮਜ਼ਹਬ ਨਾ ਹੋਣਗੇ ਜਿਤਨੇ ਕੱਲੇ ਭਾਰਤ ਵਿਖੇ ਹਨ। ਬਲਕਿ ਸਭ ਤੋਂ ਵੱਡੇ ਹਿੱਸੇ ਮੁਹੰਮਦੀ ਈਸਾਈ ਭੀ ਬਹੁਤ ਸਾਰਾ ਆਸਰਾ ਏਸੇ ਦਾ ਰੱਖਦੇ ਹਨ, ਜਦ ਅਸੀਂ ਅਜਿਹੀਆਂ ਦਸ਼ਾਂ ਏਸਦੀਆਂ ਦੇਖਦੇ ਹਾਂ ਤਾਂ ਬਾਰੰਬਾਰ ਏਹੋ ਆਖਣਾ ਪੈਂਦਾ ਹੈ ਕਿ ਧੰਨਜ ਹੈਂ ਤੂੰ ਬੁੱਢੇ ਭਾਰਤਵਰਸ਼! ਜੇਹੜਾ ਏਤਨੇ ਧੱਕੇ ਤੇ ਜ਼ਖ਼ਮ ਖਾ ਕੇ ਅਤਿਅੰਤ ਬੁੱਢਾ ਹੋਇਆ ਭੀ ਫੇਰ ਜਵਾਨਾਂ ਵਰਗੀ ਤਾਕਤ ਹਿੰਮਤ ਹੌਸਲਾ ਰੱਖਦਾ ਹੈਂ। ਜਦ ਤੇਰੇ ਪੋਤ੍ਰੇ, ਪੜੋਤ੍ਰੇ ਅਰਥ, ਈਰਾਨ, ਅਫਗਾਨਿਸਤਾਨ, ਮਿਸਰ, ਚੀਨ-ਕੋਚੀਨ, ਰੂਮ, ਯੂਨਾਨ, ਰੂਸ, ਫਰਾਂਸ, ਟਰੇਲੀਆ, ਹਬਾਸੀਨ, ਇੰਗਲੈਂਡ ਆਦਿਕ ਹਜ਼ਾਰਹਾ ਮੁਲਕ ਜੋ ਤੇਰੇ ਵਿੱਚੋਂ ਪੈਦਾ ਹੋ ਕੇ ਤੇਰੇ ਹੀ ਘਰੋਂ ਇਲਮ, ਹੁਨਰ, ਦੌਲਤ ਲਿਜਾ ਕੇ ਬਣ-ਬਣ ਬੈਠਦੇ ਤੇ ਚਮਤਕਾਰੇ ਦਿਖਾ ਰਹੇ ਹਨ, ਤਦ ਭੀ ਤੇਰੀ ਰੀਸ ਨਹੀਂ ਕਰ ਸਕਦੇ। ਯੱਦਪਿ ਤੇਰੇ ਪਿੰਡੇ ਉੱਤੇ ਝੁਰੜੀਆਂ ਤਾਂ ਠੀਕ ਪੈ ਰਹੀਆਂ ਹਨ ਪਰ ਤਾਕਤ ਚਮਕ ਦਮਕ ਜਵਾਨਾਂ ਨਾਲੋਂ ਭੀ ਵੱਧ ਕੇ ਹੈ। ਧੰਨਜ ਹੈ ਤੇਰੀ ਬੁੱਧੀ, ਵਿਦਜਾ, ਹਿੰਮਤ ਜੋ ਲੱਖਾਂ ਸਾਲ ਹੋਏ ਜੈਸੀ ਮਾਨਧਾਤਾ, ਦਲੀਪ ਦੇ ਸਮੇਂ ਕ੍ਰਾਂਤੀ ਤੇਰੀ ਸੀ; ਓਹੋ ਦਾਰਾ ਸਿਕੰਦਰ ਨੇ ਦੇਖੀ।

ਈਰਾਨੀ, ਅਰਬੀ, ਤੁਰਕੀ, ਅਫਗਾਨੀ, ਯੂਨਾਨੀ, ਖੁਰਾਸਾਨੀ ਆਦਿਕ ਸਭ ਤੇਰੇ ਲਹੂ ਦੇ ਤਿਹਾਏ ਰਹੇ, ਬਥੇਰੇ ਨੌਂਹ ਮਾਰ ਮਾਰ ਤੇਰੇ ਲਹੂ ਦੇ ਘੁੱਟ ਭਰੇ ਪਰ ਤੇਰਾ ਸਰੂਪ ਨਾ ਵਿਗਾੜ ਸਕੇ। ਓੜਕ ਜੇਹੜੀ ਤਲਵਾਰ ਤੇਰੇ ਵਾਸਤੇ ਤੇਜ਼ ਕਰ ਰਹੇ ਸਨ ਆਪ ਹੀ ਓਸ ਦਾ ਗ੍ਰਾਸ ਹੁੰਦੇ ਰਹੇ। ਜੇਹੜੇ ਘਾਵ ਤੇਰੇ ਸਰੀਰ ਉੱਤੇ ਓਨ੍ਹਾਂ ਬੜੇ ਜ਼ੋਰ ਜ਼ੁਲਮ ਨਾਲ ਕੀਤੇ ਸਨ ਓਨ੍ਹਾਂ ਦੇ ਨਿਸ਼ਾਨਾਂ (ਦਾਗ਼ਾਂ) ਤੋਂ ਬਿਨਾਂ ਹੋਰ ਕੁਛ ਬਾਕੀ ਨਹੀਂ। ਹੋਰ ਜੋ ਤੇਰਾ ਮਜ਼੍ਹਬ, ਧਰਮ ਬਦਲਣ ਵਾਸਤੇ ਬੁੱਧ, ਜ਼ਰਦਸਤ, ਈਸਾ, ਮੁਹੰਮਦ, ਆਦਿਕਾਂ ਨੇ ਬੜੇ ਬੜੇ ਜ਼ੋਰ ਲਾਏ; ਸਾਮ ਦਾਮ ਭੇਦ ਦੰਡ ਚਾਲੇ ਚੱਲੇ ਪਰ ਤੇਰਾ ਏਹੋ ਪ੍ਰਸ਼ਨ ਸਭ ਪਰ ਰਿਹਾ ਕਿ ਹੇ ਪੁਤ੍ਰੋ! ਤੁਸੀਂ ਮੈਨੂੰ ਕੀ ਸਿਖਾਂਵਦੇ ਹੋ? ਮੈਂ ਬੁਢੇਪੇ ਦੀ ਕਮਜ਼ੋਰੀ ਦਾ ਮਾਰਿਆ ਪੜ੍ਹ ਤਾਂ ਨਹੀਂ ਸਕਦਾ ਪਰ ਤੁਹਾਡੇ ਪੜ੍ਹਾਵਣ ਵਾਸਤੇ ਸਦੀਆਂ ਤੱਕ ਤਿਆਰ ਹਾਂ। ਤੁਹਾਡੇ ਇਨਸ਼ਾਇ, ਮੰਤਕ, ਫ਼ਲਸਫਾ, ਤਬਈ, ਸਿਆਸਤ, ਮਦਨ, ਮਿਸਮੈਰੇਜ਼ਮ ਆਦਿਕ ਦੁਨੀਆਂ ਦੇ ਵਿਦਵਾਨਾਂ ਨੂੰ ਹੈਰਾਨ ਕਰਦੇ ਹਨ; ਤੁਹਾਡੀ ਸਾਦਗੀ ਇਕਾਇਤ, ਮੁਹੱਬਤ, ਹਿੰਮਤ, ਤਰਤੀਬ, ਚਾਲਬਾਜ਼ੀ ਚੰਗੇ ਚੰਗੇ ਸਿਆਣਿਆਂ ਨੂੰ ਘਬਰਾਹਟ ਪਾਉਂਦੀ ਹੈ; ਪਰ ਮੈਨੂੰ ਤਾਂ ਮੇਰੀ ਹੀ ਉਗਲੀ ਹੋਈ ਬੁੱਧੀ ਵਿੱਦਿਜਾ ਦਿਸਦੀ ਹੈ ਜੋ ਤੁਸੀਂ ਛਕ-ਛਕ ਕੇ ਡਕਾਰ ਮਾਰਦੇ ਹੋ, ਏਹ ਸਭ ਜਦ ਤੁਸੀਂ ਸੋਚੋਗੇ ਤਾਂ ਜਰੂਰ ਮੇਰੇ ਬੁੱਢੇ ਦਾ ਸੀਤ ਪ੍ਰਸਾਦ ਸਮਝੋਗੇ। ਬਾਕੀ ਜੋ ਮੇਰੇ ਨਿਵਾਸੀਆਂ ਦੀ ਬੇਇਤਫ਼ਾਕੀ ਦੇ ਕਾਰਣ ਤੁਰਕੀ ਬਾਦਸ਼ਾਹੀ ਦੇ ਲਿਹਾਜ਼ ਨੂੰ ਯਾ ਜ਼ੋਰ ਜ਼ੁਲਮ ਦੇ ਸਬੱਬ ਮੁਹੰਮਦੀ ਹੋ ਗਏ, ਓਨ੍ਹਾਂ ਵੱਲ ਭੀ ਤੁਸੀਂ

ਅਦਲ ਦੀ ਨਿਗਾਹ ਨਾਲ ਦੇਖੋਗੇ ਤਾਂ ਜ਼ਰੂਰ ਨੀਚ ਕੀਚ ਵਿੱਚ ਡਿੱਗੇ ਹੋਏ ਗਿਲਾਨੀ ਦੇ ਪਾਤ੍ਰ ਦੱਸੋਗੇ। ਕਿਉਂਕਿ ਮੇਰੇ ਪਵਿੱਤ੍ਰ ਮਜ਼ਹਬ ਧਰਮ ਨਾਲੋਂ ਚੰਗਾ ਨਹੀਂ ਸਗੋਂ ਮੁਹੰਮਦੀ ਮਜ਼ਬ ਧਰਮ ਗਿਲਾਨੀ ਤੇ ਬੁਰਾਈਆਂ ਦਾ ਤੋਦਾ ਪਾਓਗੇ ਅਤੇ ਮੇਰੇ ਸਦਾ ਕੇ ਮੁਹੰਮਦੀ ਹੋਣ ਵਾਲਿਆਂ ਉੱਤੇ ਤੁਸੀਂ ਧਿਰਕਾਰ ਤੇ ਲਾਨਤ ਪਾਓਗੇ ਕਿਉਂਕਿ ਜੋ ਓਨ੍ਹਾਂ ਨੂੰ ਸਿਵਾਇ ਨੁਕਸਾਨ ਦੇ ਨਫ਼ਾ ਨਹੀਂ ਲੱਭਾ। ਕਿਉਂਕਿ ਬੇਟੀ ਦੀ ਸਾਂਝ ਤਾਂ ਵਲਾਇਤੀਆਂ ਨੇ ਏਨ੍ਹਾਂ ਨਾਲ ਨਾ ਕੀਤੀ ਜੋ ਹਾਰ ਕੇ ਆਪਣੇ ਹੀ ਭਤੀਜਿਆਂ ਭਣੇਵਿਆਂ ਨੂੰ ਦੇਣੀਆਂ ਪਈਆਂ। ਵੱਡੀ ਭਾਰੀ ਬੇਸ਼ਰਮੀ ਹੈ, ਓਹੋ ਗੱਲ ਹੋਈ। ਸਗੋਂ ਚੱਠੇ, ਪਚਾਧੇ, ਮੰਜ, ਵੜਾਇਚ, ਰਾਜਪੂਤ ਆਦਿਕ ਪਹਿਲੇ ਹਿੰਦੂ ਲੜਕੀਆਂ ਮੁਸਲਮਾਨਾਂ ਦੇ ਵਿਆਹੀਆਂ ਜਾਣ ਕਰ ਕੇ ਮੁਸਲਮਾਨ ਹੋ ਜਾਂਦੀਆਂ ਤੇ ਮੁਸਲਮਾਨਾਂ ਦੀਆਂ ਹਿੰਦੂਆਂ ਦੇ ਵਿਆਹੀਆਂ ਜਾਣ ਕਰ ਕੇ ਹਿੰਦਣੀਆਂ। ਏਹ ਰਿਵਾਜ ਦੇਸੀ ਮੁਸਲਮਾਨਾਂ ਤੇ ਹਿੰਦੂਆਂ ਵਿੱਚ ਜਾਤ ਦੇ ਲਿਹਾਜ਼ ਕਰ ਕੇ ਬਹੁਤ ਚਿਰ ਰਿਹਾ, ਪਰ ਵਲਾਇਤੀ ਮੁਸਲਮਾਨ ਤਾਂ ਹੁਣ ਤੱਕ ਭੀ ਏਨ੍ਹਾਂ ਨਾਲ ਬੇਟੀ ਦੀ ਸਾਂਝ ਨਹੀਂ ਰੱਖਦੇ, ਭੂਠ ਮੂਠ ਖ਼ਿਆਲੀ ਭਾਈ ਸਮਝਦੇ ਹਨ। ਭਾਰਤਵਰਸ਼ੀ ਮੁਸਲਮਾਨਾਂ ਨੇ ਤਾਂ ਕੇਵਲ ਗਿਲਾਨੀ ਤੇ ਨੀਚਪੁਣੇ ਦੇ ਪਾਤ੍ਰ ਹੋਣ ਤੋਂ ਹੋਰ ਕੁਛ ਨਹੀਂ ਖੱਟਿਆ। ਬ੍ਰਾਹਮਣਾਂ ਦੀ ਥਾਂ ਸੱਯਦਾਂ ਨੂੰ, ਦੇਵ ਮੰਦ੍ਰਾਂ ਦੀ ਜਗ੍ਹਾ ਮਕਬਰੇ ਕਬਰਾਂ ਨੂੰ ਮੰਨਦੇ ਹਨ। ਜੇ ਏਨ੍ਹਾਂ ਨੂੰ ਰੱਬ ਅਕਲ ਦੇਵੇ ਤਾਂ ਸਾਰਾ ਹੀ ਆਪਣਾ ਕਦੀਮੀ ਰਿਵਾਜ ਫੜ ਲੈਣ, ਆਪੇ ਦੋ ਤਿੰਨ ਪੁਸ਼ਤਾਂ ਪਿੱਛੋਂ ਹਿੰਦੂ ਆਰਯਾ ਬਣ ਜਾਣ। ਏਹ ਕੁਛਕੁ ਸਫੇ ਜੋ ਅਸਾਂ ਭਾਰਤਵਰਸ਼ ਦੇ ਪ੍ਰਾਚੀਨ ਤੇ ਅਦਲਾ ਬਦਲੀ ਹੋਣ ਦੇ ਦਿਖਾਏ ਹਨ ਯੱਦਪਿ ਏਹ ਬ੍ਰਿਤਾਂਤ ਤਵਾਰੀਖ ਖਾਲਸੇ ਨਾਲ ਅਧਿਕ ਸੰਬੰਧ ਨਹੀਂ ਰੱਖਦਾ ਪਰ ਪਾਠਕਾਂ ਨੂੰ ਪ੍ਰਾਚੀਨ ਬ੍ਰਿਤਾਂਤ ਦਾ ਗਿਆਨ ਹੋਣਾ ਲਾਭਦਾਇਕ ਹੈ। ਪਹਿਲੇ ਪਹਿਲ ਹਰੇਕ ਜਾਤ ਦੀ ਪ੍ਰਤੇਕ ਜਾਤ ਨਾਲ ਰੋਟੀ ਬੇਟੀ ਦੀ ਸਾਂਝ ਸੀ, ਜਿਸ ਤਰ੍ਹਾਂ ਹੁਣ ਹੋਰ ਮੁਲਕਾਂ ਵਿੱਚ ਹੈ। ਆਰਯਾ ਵਰਤ ਵਿੱਚ ਭੀ ਸੀ, ਤਦੇ ਹੀ ਏਹ ਲੋਕ ਅਤਿਅੰਤ ਵੱਧ ਗਏ ਸਨ। ਜੋ ਮਹਾਰਾਜੇ ਦਲੀਪ ਸਿੰਘ ਦੀ ਫੌਜ (ਜਿਸ ਨੇ ਦਿੱਲੀ ਵਸਾਈ ਹੈ) ਬਹੱਤ੍ਰ ਛੂਹਣੀਆਂ ਹੋਣ ਤੋਂ ਸਾਬਤ ਹੈ, ਹੁਣ ਮਰਦੁਮ ਸ਼ੁਮਾਰੀ ਦੇਖੋ ਤਾਂ ਬਹੱਤ੍ਰ ਛੂਹਣੀ ਸਾਰੇ ਏਸ਼ੀਆ ਵਿੱਚ ਨਹੀਂ। ਓਸੇ ਰੋਟੀ ਬੇਟੀ ਦੀ ਸਾਂਝ ਦੇ ਕਾਰਣ ਪਿਛਲੇ ਸਮਯ ਵਿੱਚ ਭਾਰਤਵਰਸ਼ੀ ਰਾਜੇ ਚੀਨ, ਕੋਚੀਨ, ਅਮਰੀਕਾ, ਮਿਸਰ, ਰੂਮ, ਯੂਨਾਨ, ਈਰਾਨ ਆਦਿਕ ਮੁਲਕਾਂ ਨੂੰ ਫਤੇ ਕਰਦੇ ਰਹੇ ਹਨ ਜੋ ਜੈਮਨੀ ਅਸ਼੍ਵਮੇਧ ਪੁਸਤਕ ਤੋਂ ਚੰਗੀ ਤਰ੍ਹਾਂ ਸਾਬਤ ਹੈ। ਜਿਸ ਦਿਨ ਤੋਂ ਰੋਟੀ ਦੀ ਸਾਂਝ ਛੱਡ ਕੇ ਬਾਰਾਂ ਪੂਰਬੀਏ ੧੩ ਚੁੱਲ੍ਹੇ ਬਣੇ ਹਨ ਘਾਟਾ ਹੀ ਘਾਟਾ ਆਰਯਾ ਵਰਤ ਨੂੰ ਹੈ। ਏਸੇ ਵਾਸਤੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਸਾਹਿਬ ਨੇ ਚਾਰੋਂ ਵਰਣਾਂ ਦੀ ਰੋਟੀ ਕੱਠੀ ਕਰਾਈ ਸੀ ਕਿਉਂਕਿ ਜਦ 'ਕੱਠੇ ਬੈਠ ਕੇ ਸਭ ਸਿੱਖ ਪ੍ਰਸ਼ਾਦ ਛਕਣਗੇ ਤਾਂ ਜਾਤ ਦੀ ਵਡਿਆਈ ਛੁਟਿਆਈ ਦਾ ਪਰਹੇਜ਼ ਨਾ ਰਹੂ। ਆਪਸ ਵਿੱਚ ਇਤਫ਼ਾਕ ਪਿਆਰ ਵਧਣ ਕਰ ਕੇ ਬੇਟੀ ਦੀ ਸਾਂਝ ਆਪੇ ਬਣ ਜਾਊ। ਸਿੱਖਾਂ ਨੇ ਉਲਟਾ ਪੋਪਾਂ ਦੇ ਜਾਲ ਤੇ ਦੁਨੀਆਂ ਦੇ ਲਿਹਾਜ਼ ਵਿੱਚ ਫਸ ਕੇ ਬੇਟੀ ਦੀ ਸਾਂਝ ਕਰਨ ਦੇ ਥਾਂ ਰੋਟੀ ਭੀ ਇੱਕ ਭਾਂਡੇ ਵਿੱਚ ਖਾਣੀ ਛੱਡ ਦਿੱਤੀ; ਜਿਸ ਦਾ ਫ਼ਲ ਸਰਦਾਰੀ ਤੋਂ ਗ਼ੁਲਾਮੀ, ਸੁਤੰਤਰਤਾ ਤੋਂ ਪਰਾਧੀਨਤਾ ਪ੍ਰਾਪਤ ਹੋ ਰਹੀ ਹੈ। ਬਹੁਤ ਪੁਰਾਣੇ ਇਤਿਹਾਸਾਂ ਤੋਂ ਸਿੱਧ ਹੁੰਦਾ ਹੈ ਕਿ ਪਹਿਲਾਂ ਜਾਤ ਵਰਣ ਭੇਦ ਕੋਈ ਨਹੀਂ ਸੀ। ਜੈਸੇ ਅਨੰਤ ਪ੍ਰਕਾਰ ਦੇ ਬ੍ਰਿਛਾਂ ਦੀ ਬ੍ਰਿਛੱਤ੍ਵ ਜਾਤੀ ਹੈ ਪਸ਼ੂਆਂ ਦੀ ਪਸੱਤ੍ਵ ਜਾਤੀ ਹੈ ਤੈਸੇ ਮਨੁੱਖ ਮਾਤ੍ਰ ਦੀ ਮਨੁੱਖਤ੍ਵ ਜ਼ਾਤੀ ਇੱਕੋ ਸੀ ਅਤੇ ਹੁਣ ਜੋ ਬੇਅੰਤ ਜਾਤਾਂ ਬਣ ਰਹੀਆਂ ਹਨ ਏਹ ਸਭ ਕੰਮ ਕਰਣ ਤੇ ਕੰਮਾਂ ਦੇ ਅਨੁਸਾਰ ਕਲਪਣਾ ਕੀਤੀਆਂ ਗਈਆਂ ਹਨ। ਜਿਸ ਤਰ੍ਹਾਂ ਪਹਿਲੇ ਪਹਿਲ ਬੇਦ ਪੜ੍ਹਨ ਵਾਲੇ ਬ੍ਰਾਹਮਣ ਸੱਦੇ ਜਾਂਦੇ ਸਨ ਕਿਉਂਕਿ ਬ੍ਰਾਹਮਣ ਬੇਦ ਵਿੱਦਿਆ ਦਾ ਨਾਮ ਹੈ। ਸ਼ਸਤ੍ਰਧਾਰੀ ਸ਼ਸਤ੍ਰੀ ਜਿਸ ਦੀ ਬਦਲ ਛੱਤ੍ਰੀ ਹੈ। ਬਾਕੀ ਛਿਤੀ ਨਾਮ ਪ੍ਰਿਥਵੀ ਦਾ ਨਾਮ ਹੈ, ਛਿਤੀ ਦੀ ਰੱਖਿਆ ਕਰਨ ਤੇ ਛੱਤ੍ਰੀ ਸੱਦੇ ਗਏ। ਏਸੇ ਤਰ੍ਹਾਂ ਬਪਾਰ ਕਰਨ ਤੇ ਵੈਸਯ ਸੁਸ੍ਰਖਾ ਕਰਨ ਤੋਂ ਸ਼ੂਦ੍ਰ, ਏਹ ਨਾਮ ਕਲਪਣਾ ਹੋ ਕੇ ਏਹੋ ਵਰਣ ਥਾਪੇ ਗਏ। ਕਿਉਂਕਿ ਏਹ ਓਦੋਂ ਨਹੀਂ

ਸੀ ਜਿਕੂੰ ਹੁਣ ਪ੍ਰਤੇਕ ਵਰਣ ਦੇ ਕਰਮ ਪ੍ਰਤੇਕ ਵਰਣ ਦੇ ਆਦਮੀ ਕਰਨ ਲੱਗ ਪਏ ਹਨ। ਬ੍ਰਾਹਮਣ ਕੇਵਲ ਵਿੱਦਿਆ ਪੜ੍ਹਦੇ ਪੜ੍ਹਾਂਵਦੇ, ਜੱਗ੍ਯ ਕਰਦੇ ਕਰਾਂਵਦੇ, ਦਾਨ ਲੈਂਦੇ ਦਿੰਦੇ ਰਹਿੰਦੇ ਸੇ। ਜਮ੍ਹਾਂ ਕੁਛ ਨਹੀਂ ਰੱਖਦੇ ਸਨ। ਹੁੰਦੇ ਤਾਣ ਕੰਦ ਮੂਲ ਫ਼ਲ ਫੁੱਲ ਖਾ ਕੇ ਯਾ ਤਿੰਨਾਂ ਵਰਣਾਂ ਦੇ ਘਰਾਂ ਤੋਂ ਭਿਛ੍ਯਾ ਦਾ ਅੰਨ, ਜੋ ਵੇਦ ਸ਼ਾਸਤ੍ਰਾਂ ਵਿੱਚ ਬਹੁਤ ਪਵਿਤ੍ਰ ਲਿਖਿਆ ਹੈ; ਮੰਗ ਕੇ ਗੁਜ਼ਾਰਾ ਕਰਦੇ। ਚਾਂਦੀ ਸੋਨਾ ਅੰਨਜ ਬਸਤ੍ਰ ਜਮ੍ਹਾਂ ਕਿੰਚਤ ਭੀ ਨਾ ਕਰਦੇ। ਛਤ੍ਰੀ ਨੌਕਰੀ ਆਦਿਕ ਸ਼ਸਤ੍ਰ ਦੀ ਜੀਵਕਾ ਕਰਦੇ। ਬੈਸ ਖੇਤੀ ਵਣਜ ਗਊਆਂ ਦੀ ਸੇਵਾ ਆਦਿਕ ਕੰਮ ਕਰ ਕੇ ਆਪਣੀ ਜੀਵਕਾ ਕਰਦੇ ਸਨ। ਵਿਆਹ ਸ਼ਾਦੀ ਇਸਤ੍ਰੀਆਂ ਦੇ ਮਨ ਪਸੰਦ ਹੁੰਦਾ ਸੀ ਜਿਸ ਨੂੰ ਸ੍ਵਯੰਬਰ ਆਖਦੇ ਹਨ। ਗਹਿਣਿਆਂ ਦਾ ਜ਼ਰਾ ਭੀ ਰਿਵਾਜ ਨਹੀਂ ਸੀ। ਵਿਧਵਾ ਆਪਣੀ ਮਰਜ਼ੀ ਨਾਲ ਕਰੇਵਾ ਕਰ ਲੈਂਦੀ ਸੀ। ਦੌਲਤ, ਇਲਮ, ਹਿੰਮਤ, ਕਰਮ, ਧਰਮ, ਜਗ੍ਯ, ਹੋਮ, ਉੱਤਮ ਪਵਿਤ੍ਰਤਾਈ, ਰਹਿਤ ਮ੍ਰਯਾਦਾ, ਵਿਹਾਰ ਪ੍ਰਮਾਰਥ ਦੀ ਸਮਝ ਏਸ ਮੁਲਕ ਵਿੱਚ ਹੋਰ ਸਾਰੇ ਮੁਲਕਾਂ ਨਾਲੋਂ ਅਧਿਕ ਸੀ। ਅੱਜ ਕੱਲ੍ਹ ਜੇਹੜੇ ਹੁਨਰ ਤਾਰ ਬਰਕੀ ਇੰਜਨਾਦਿਕ ਯੰਤ੍ਰਾਦਿਕ ਸਾਡੇ ਦੇਸ ਨੂੰ ਅਚੰਭਾ ਦਿਖਾਈ ਦੇ ਰਹੇ ਹਨ ਸਭ ਏਸੇ ਦੇਸ ਵਿੱਚੋਂ ਗਏ ਹਨ। ਕਲਾ ਦੀਆਂ ਗੱਡੀਆਂ ਜਿਨ੍ਹਾਂ ਨੂੰ ਬਬਾਨ ਤੇ ਉਡਣ ਕਟੋਲੇ ਆਖਦੇ ਸਨ ਜਿਨ੍ਹਾਂ ਉੱਤੇ ਚੜ੍ਹ ਕੇ ਅਕਾਸ ਮਾਰਗ ਜਿੱਥੇ ਚਾਹੁੰਦੇ ਚਲੇ ਜਾਂਦੇ ਸੇ; ਸੋ ਭੀ ਏਸ ਦੇਸ ਵਿੱਚ ਮੌਜੂਦ ਸਨ। (ਦੇਖੋ ਰਾਮਾਯਣ ਰਾਮਚੰਦ੍ਰ ਜੀ ਦਾ ਲੰਕਾ ਜਿੱਤ ਕੇ ਪੁਸ਼ਪਕ ਨਾਮ ਬਿਬਾਨ ਪਰ ਬੈਠ ਕੇ ਅਜੁੱਧਿਆ ਆਉਣਾ, ਦੇਖੋ ਅਸਮੇਧ ਪਰਬ) ਜਿਸ ਤਰ੍ਹਾਂ ਸੜਕਾਂ ਉੱਤੇ ਘੋੜੇ ਗੱਡੀਆਂ ਭਜਾਈ ਫਿਰਦੇ ਹਨ, ਏਸੇ ਤਰ੍ਹਾਂ ਅਕਾਸ਼ ਵਿੱਚ ਉਡਣ ਕਟੋਲੇ ਲਈ ਫਿਰਦੇ ਸਨ। ਬਾਕੀ ਜਾਦੂ ਦੇ ਜ਼ੋਰ ਜੋ ਚਾਹੁੰਦੇ ਕਰ ਦਿਖਾਂਵਦੇ ਜਿਸ ਦਾ ਨਮੂਨਾ ਭਾਨਮਤੀ ਦਾ ਤਮਾਸ਼ਾ ਆਪ ਨੇ ਕਦੇ ਦੇਖਿਆ ਹੋਵੇਗਾ, ਜੋ ਕੱਚੇ ਸੂਤ੍ਰ ਦੀ ਗੌਟੀ ਅਕਾਸ਼ ਵੱਲ ਚਲਾ ਕੇ ਓਸੇ ਤਾਰ ਦੇ ਆਸਰੇ ਆਦਮੀ ਅਕਾਸ਼ ਵਿੱਚ ਦ੍ਰਿਸ਼ਟੀ ਤੋਂ ਪਰੇ ਚਲਾ ਜਾਂਦਾ ਹੈ। ਸੰਦੂਕ ਵਿੱਚ ਇਸਤ੍ਰੀ ਨੂੰ ਬੰਦ ਕਰ ਕੋਠੇ ਅੰਦਰ ਰਖਵਾ ਕੇ ਜੰਦਰੇ ਲੱਗੇ ਹੀ ਰਹਿੰਦੇ ਹਨ ਓਹ ਬਾਹਰ ਆ ਜਾਂਦੀ ਹੈ, ਜਿਸ ਦਾ ਜ਼ਰਾ ਕੁ ਹਿੱਸਾ ਮੈਸਮਰੇਜ਼ਮ ਭੀ ਹੈ। ਪਰ ਜਿਹੜੇ ਭਾਰਤਵਰਸ਼ ਦੇ ਬੜੇ ਬੜੇ ਹੁਨਰ ਤਮਾਸ਼ੇ ਇਲਮਾਂ ਦੇ ਪੁਸਤਕ ਬੈਦ ਉਪਬੇਦ, ਰੁੱਦ੍ਰਯਾਮਲ, ਬ੍ਰਹਮਯਾਮਲ, ਤੰਤ੍ਰ ਸ਼ਾਸਤ੍ਰ, ਦਤਾਤ੍ਰੇਯ ਪਟਲ, ਸ਼ਿਵ ਪਟਲ, ਗੋਰਖ ਪਟਲਾਦਿਕ ਗ੍ਰੰਥ ਸਨ; ਹੁਣ ਨਾ ਓਨ੍ਹਾਂ ਦੇ ਪੜ੍ਹਨੇ ਪੜ੍ਹਾਵਨੇ ਵਾਲਾ ਕੋਈ ਰਿਹਾ ਤੇ ਨਾ ਓਹ ਗ੍ਰੰਥ ਰਹੇ। ਕਿਉਂਕਿ ਏਹ ਸਭ ਪ੍ਰਕਾਰ ਦੀ ਵਿੱਦਿਆ ਬ੍ਰਾਹਮਣ ਕੌਮ ਦੇ ਹੱਥ ਵਿੱਚ ਸੀ। ਏਨ੍ਹਾਂ ਨੇ ਹੋਰ ਕੌਮਾਂ ਨੂੰ ਤਾਂ ਅਨ ਅਧਿਕਾਰੀ ਦੱਸ ਕੇ ਨਾ ਪੜ੍ਹਾਈ ਤੇ ਏਹਨਾਂ ਦੀ ਸੰਤਾਨ ਵਿਸ਼ੇ ਵਿਕਾਰਾਂ ਵਿੱਚ ਰੁੜ੍ਹ ਗਈ। ਏਸ ਤਰ੍ਹਾਂ ਏਸ ਕੌਮ ਦੀ ਖੁਦਗਰਜ਼ੀ ਨੇ ਅਮੋਲਕ ਵਿੱਦ੍ਯਾ ਦਾ ਦਰਿਆ ਸੁਕਾ ਦਿੱਤਾ ਜਿਸ ਦਾ ਹੁਣ ਨਾਮ ਨਿਸ਼ਾਨ ਭੀ ਕਿਤੇ ਨਜ਼ਰ ਨਹੀਂ ਆਂਵਦਾ। ਓਨ੍ਹਾਂ ਪੁਸਤਕਾਂ ਦਾ ਨਸ਼ਟ ਤੁਰਕਾਂ ਨੇ ਕੀਤਾ। ਅੰਗ੍ਰੇਜ਼ੀ ਹਕੂਮਤ ਵਿੱਚ ਸ਼ਸਤ੍ਰ ਲੈਣ ਵਾਂਗੂੰ ਤੁਰਕਾਂ ਨੇ ਜ਼ੋਰ ਜ਼ੁਲਮ ਨਾਲ ਪੁਸਤਕ ਕੱਢ ਕੇ ਸਭ ਹਿਮਾਮਾਂ ਵਿੱਚ ਫੁਕਵਾ ਦਿੱਤੇ। ਏਹ ਬ੍ਰਿਤਾਂਤ ਅਨੇਕ ਤਵਾਰੀਖਾਂ ਤੋਂ ਸਿੱਧ ਹੈ ਜੋ ਮੁਸਲਮਾਨ ਮੁਸੱਨਫ਼ਾਂ ਨੇ ਆਪਣੇ ਦੀਨ ਦੇ ਵਧਾਵਣ ਵਾਲੇ ਬਾਦਸ਼ਾਹਾਂ ਦੀ ਮਹਿਮਾ ਵਿੱਚ ਲਿਖਿਆ ਹੈ ਕਿ ਕੁਤਬਦੀਨ ਸਿਕੰਦਰ ਲੋਧੀ, ਔਰੰਗਜ਼ੇਬ ਏਨ੍ਹਾਂ ਦੇ ਹਮਾਮ ਹਿੰਦੂ ਕਾਫਰਾਂ ਦੀਆਂ ਕਤਾਬਾਂ ਨਾਲ ਧੋਤੇ ਜਾਂਦੇ ਸਨ ਅਤੇ ਬੜੇ ਬੜੇ ਪੁਸਤਕਾਲੇ ਐਵੇਂ ਹੀ ਸੜਵਾ ਦਿੱਤੇ। ਏਸ ਤਰ੍ਹਾਂ ਓਹ ਸੰਜੀਵਨੀ ਵਿੱਦ੍ਯਾ ਆਦਿਕ ਬੜੇ ਬੜੇ ਅਸਚਰਜ ਇਲਮ ਹੁਨਰ ਸਭ ਬ੍ਰਾਹਮਣ ਕੌਮ ਤੋਂ ਤੁਰਕਾਂ ਦੀ ਜਬਰੀ ਨਾਲ ਨਸ਼ਟ ਹੋ ਗਏ। ਭਾਈ ਸਾਹਿਬੋ! ਕਿਸੇ ਨੂੰ ਕੀ ਦੋਸ਼ ਹੈ ਸਭ ਹੁਨਰ ਇਲਮ ਸਮੇਂ ਅਨੁਸਾਰ ਆਪੇ ਘੱਟ ਵੱਧ ਜਾਂਦੇ ਹਨ। ਦੇਖੋ, ਇਲਮ (ਹਬਸਦਮ) ਜੋਗ ਅਭ੍ਯਾਸ ਭਾਰਤਵਰਸ਼ ਵਿੱਚ ਡੇਢ ਸੌ ਬਰਸ ਤੋਂ ਪਰੇ ਪਰੇ ਬਹੁਤ ਸੀ, ਜਿਸ ਦਾ ਨਮੂਨਾ ਇੱਕ ਸੰਤ ਨੇ ੪੧ ਦਿਨ ਸਮਾਧੀ ਕਾਇਮ ਰੱਖ ਕੇ ਮਹਾਰਾਜੇ ਰਣਜੀਤ ਸਿੰਘ ਬਹਾਦਰ ਨੂੰ ਦਿਖਾਯਾ ਸੀ, ਜਿਸ ਦਾ ਹਾਲ ਡਾਕਟਰ ਮੇਗ੍ਰੀਨ ਸਾਹਿਬ ਆਦਿਕ ਅਨੇਕ ਅੰਗਰੇਜ਼ਾਂ ਨੇ ਆਪਣੇ ਆਪਣੇ

ਰਚੇ ਹੋਏ ਇਤਿਹਾਸਾਂ ਵਿੱਚ ਲਿਖਿਆ ਹੈ। ਅਤੇ ਉਸ ਸੰਤ ਦੇ ਦੇਖਣ ਵਾਲੇ ਜਰਨੈਲ ਹਰਸਾ ਸਿੰਘ ਸੁਲਤਾਨ ਪਿੰਡ ਵਾਲੇ ਨੇ ਜੋ ੧੦੬ ਬਰਸ ਦਾ ਹੋ ਕੇ ਸੰਨ ੧੯੪੩ ਬਿਕ੍ਰਮੀ ਵਿੱਚ ਗੁਜ਼ਰਯਾ ਹੈ, ਏਹੋ ਕਥਾ ਮੈਨੂੰ ਸੁਣਾਈ ਸੀ ਕਿ ਠੀਕ ੪੧ ਦਿਨ ਸਮਾਧੀ ਲੱਗੀ ਰਹੀ ਸੀ। ਸਾਡਾ ਪਹਿਰਾ ਓਸ ਉੱਤੇ ਸੀ, ਰੂੰਈਂ ਦੇ ਫੰਭੇ ਮੂੰਹ ਨਾਸਾਂ ਅੱਗੇ ਕਰ ਕੇ ਰਾਤ ਦਿਨੇ ਬੈਠੇ ਰਹਿੰਦੇ। ਮਿਆਦ ਤੱਕ ਫੰਭਾ ਨਹੀਂ ਹਿੱਲਜਾ ਤੇ ਮੂੰਡਤ ਹੋ ਕੇ ਸਮਾਧੀ ਲਾਈ ਸੀ, ੪੧ ਦਿਨ ਰੋਮ ਨਖ ਨਹੀਂ ਉੱਗੇ। ਹਠ ਪ੍ਰਦੀਪਕਾ ਆਦਿਕ ਅਨੰਤ ਪੋਥੀਆਂ ਤੋਂ ਸਿੱਧ ਹੈ ਕਿ ਪਿਛਲੇ ਸਮਿਆਂ ਵਿੱਚ ਸੈਂਕੜੇ ਹਜ਼ਾਰਾਂ ਬਰਸਾਂ ਦੀ ਸਮਾਧੀ ਲਾਵਣ ਵਾਲੇ ਸੇ। ਏਸੇ ਹਬਸਦਮ ਇਲਮ ਦੇ ਜ਼ੋਰ ਤਿੰਨ ਕਾਲ ਦਾ ਬ੍ਰਿਤਾਂਤ ਗੁਪਤ ਪ੍ਰਗਟ ਕਹਿੰਦੇ ਸਨ ਸਗੋਂ ਆਪਣੀ ਦੇਹ ਛੱਡ ਕੇ ਦੂਸਰੇ ਦੀ ਦੇਹ ਵਿੱਚ ਜਾ ਬਿਹਾਰ ਕਰਦੇ। ਏਹ ਭੀ ਸ਼ੰਕ੍ਰਾਚਾਰਯ ਮਛੰਦ੍ਰ ਨਾਥਾਦਿਕ ਅਨੇਕ ਸੰਤਾਂ ਦੇ ਜੀਵਨ ਚਰਿਤ੍ਰਾਂ ਤੋਂ ਸਿੱਧ ਹੈ।

ਪਿੱਛੇ ਦਿਖਾਏ ਇਲਮਾਂ, ਹੁਨਰਾਂ ਨੂੰ ਬਨਾਵਟ ਸਮਝਣ ਵਾਲਿਆਂ ਨੂੰ ਅਸੀਂ ਆਪਣੇ ਨੇਤ੍ਰੀਂ ਦੇਖੀ ਵਾਰਤਾ ਦੱਸਦੇ ਹਾਂ। ਇਲਮ ਤੀਰੰਦਾਜ਼ੀ ਤੇ ਲੱਕੜੀ ਬਾਜ਼ੀ ਦਾ ਥੋੜ੍ਹੇ ਹੀ ਬਰਸ ਹੋਏ ਪੰਜਾਬ ਵਿੱਚ ਅਜਿਹਾ ਚਰਚਾ ਸੀ ਕਿ ਜਿਸ ਨੂੰ ਸੁਣ ਕੇ ਅਨੇਕ ਅੰਗ੍ਰੇਜ਼ੀ ਪੜ੍ਹੇ ਹੋਏ ਗੱਭਰੂ ਅਚਰਜ ਮੰਨਣਗੇ। ਸਰਦਾਰ ਅਮਰ ਸਿੰਘ ਮਜੀਠੀਆ, ਬੁੱਧ ਸਿੰਘ ਵਸਾਵਾ ਸਿੰਘ ਸੰਧਾ ਵਾਲੀਏ ਵਗ਼ੈਰਾ ਅਨੇਕ ਸਰਦਾਰ ਕੜਾਹੇ ਵਿੱਚੋਂ ਦੀ ਤੀਰ ਨਿਕਾਲ ਦਿੰਦੇ ਸਨ ਤੇ ਜਿੱਥੇ ਚਾਹੁੰਦੇ ਓਥੇ ਹੀ ਬਾਣ ਮਾਰਦੇ। ਭਾਈ ਮਨੀ ਸਿੰਘ ਜੀ ਦਾ ਸਕਾ ਭਤੀਜਾ ਏਸ ਤਵਾਰੀਖ ਦੇ ਕਰਤਾ ਦਾ ਬਾਬਾ ਭਾਈ ਦਰਗਾਹਾ ਸਿੰਘ ਜੀ 'ਸ਼ਬਦ ਬੇਧ। ਅਰਥਾਤ ਅੰਧੇਰੇ ਵਿੱਚ ਜਿੱਥੋਂ ਆਵਾਜ਼ ਆਂਵਦੀ ਉਸ ਦੇ ਮੂੰਹ ਯਾ ਦੇਹ ਵਿੱਚ ਅਚੂਕ ਤੀਰ ਮਾਰਦਾ। ਏਹ ਬਾਤ ਕਨਖਲ ਵਿੱਚ ਅਨੇਕ ਆਦਮੀ ਸੁਣੀ ਹੋਈ ਸੁਣਾਯਾ ਕਰਦੇ ਹਨ ਕਿਉਂਕਿ ਓਹ ਓਥੇ ਹੀ ਜਾ ਰਹੇ ਸਨ। ਡੇਰਾ ਭੀ ਉਨ੍ਹਾਂ ਦਾ ਓਥੇ ਮਸ਼ਹੂਰ ਹੈ। ਅਨੇਕ ਦਰੱਖਤਾਂ ਦੇ ਵਿੱਚੋਂ ਓਨ੍ਹਾਂ ਨੇ ਤੀਰ ਕੱਢੇ ਸਨ ਅਤੇ ਲੱਕੜੀ ਬਾਜ਼ੀ ਵਾਲੇ ਅਸਾਂ ਏਥੋਂ ਤੱਕ ਦੇਖੇ ਹਨ ਜੋ ਮੰਜੇ ਹੇਠੋਂ ਕਾਂਉ ਨੂੰ ਬਾਹਰ ਨਾ ਜਾਣ ਦੇਣਾ। ਬਾਕੀ ਜੰਗ ਦਾ ਸਾਮਾਨ ਫੁਲਾਦੀ ਸੰਜੋਆਂ ਪੇਟੀ ਚਿਰਾਨੇ ਟੋਪ ਇਤਨੇ ਭਾਰੇ ਅਸਾਂ ਦੇਖੇ ਹਨ ਜਿਨ੍ਹਾਂ ਨੂੰ ਹੁਣ ਦੇ ਗੱਭਰੂ ਮਸਾਂ ਚੁੱਕਣ ਤੇ ਓਹ ਸਿੰਘ ਓਦੂੰ ਦੂਣੇ ਭਾਰੇ ਸ਼ਸਤ੍ਰ ਸੰਜੋਆਂ ਪਹਿਨ ਕੇ ਜੰਗ ਕਰਦੇ ਹੁੰਦੇ ਜਾਂ ਭਾਂਜ ਪੈਂਦੀ ਤਾਂ ਸ਼ਸਤ੍ਰਾਂ ਸੰਜੋਆਂ ਸਮੇਤ ਬੀਸ-ਬੀਸ ਕੋਹ ਨੱਠੇ ਚਲੇ ਜਾਂਦੇ। ਬਾਕੀ ਜੇ ਲੁੱਟ ਦਾ ਪਦਾਰਥ ਮਣ ਦੋ ਮਣ ਮਿਲ ਜਾਂਦਾ ਤਾਂ ਚਾਲੀ-ਚਾਲੀ ਕੋਹ ਪਹੁੰਚ ਕੇ ਦਮ ਲੈਂਦੇ ਸਨ।

ਭਰੋਸਾ ਹੈ ਹੁਣ ਦੇ ਜਵਾਨ ਏਨ੍ਹਾਂ ਤਾਕਤਾਂ ਤੇ ਸ਼ਸਤ੍ਰ ਵਿੱਦਿਆ ਨੂੰ ਭੀ ਸ਼ਾਇਦ ਹੀ ਸੱਚ ਮੰਨਣ ਕਿਉਂਕਿ ਏਨ੍ਹਾਂ ਤਾਂ ਓਹ ਕਮਾਣਾਂ ਦੇਖੀਆਂ ਭੀ ਨਹੀਂ। ਚਿੱਲੇ ਕੀ ਚੜ੍ਹਾਉਣ? ਏਸੇ ਪ੍ਰਕਾਰ ਅਨੇਕ ਇਲਮ ਤੇ ਹੁਨਰ ਆਪਣੇ ਆਪਣੇ ਸਮੇਂ ਸਿਰ ਉੱਨਤੀ ਪਰ ਹੋ ਕੇ ਮਿਟ ਜਾਂਦੇ ਹਨ। ਸੰਮਤ ੧੯੧੪ ਬਿਕ੍ਰਮੀ ਤੋਂ ਪਹਿਲੇ ਪਹਿਲੇ ਤੀਰ ਅਨੇਕ ਪ੍ਰਕਾਰ ਦੇ ਭੱਥੇ ਭਰੇ ਹੋਏ ਕਮਾਨਾਂ, ਬੰਦੂਕਾਂ ਤੋੜੇਦਾਰਾਂ ਤੇ ਪੱਥਰ ਕਲਾਂ ਤਲਵਾਰਾਂ, ਨੇਜ਼ੇ, ਬਰਛੀਆਂ, ਸਾਂਗਾਂ, ਕਟਾਰ ਪੇਸ਼ਕਬਜ਼, ਤਮੰਚੇ, ਪਸਤੌਲ ਢਾਲਾਂ ਆਦਿਕ ਸ਼ਸਤ੍ਰ ਸੰਜੋਇ ਆਦਿਕ ਬਖਤਰ ਘਰ ਘਰ ਹੁੰਦੇ ਸੇ। ਸਭ ਲੋਕ ਸ਼ਸਤ੍ਰ ਵਿੱਦਯਾ ਸਿੱਖਦੇ ਸਿਖਾਂਵਦੇ ਘਰ ਬੈਠੇ ਹੀ ਪੱਕੇ ਸਿਪਾਹੀ ਬਣੇ ਰਹਿੰਦੇ ਸੇ।

ਹੁਣ ਤਾਂ ਏਸ ਹੁਨਰ ਦੀ ਚਰਚਾ ਵੀ ਨਹੀਂ। ਬਹਾਦਰਾਂ ਦੇ ਪੁੱਤ੍ਰ ਕਿਰਾੜ ਬਣ ਰਹੇ ਹਨ। ਏਹ ਭੀ ਸਾਨੂੰ ਹੱਥੀਂ ਵਰਤਣ ਵਾਲਿਆਂ ਨੂੰ ਸ਼ਸਤ੍ਰ ਵਿੱਦਿਆ ਸੁਪਨਾ ਪ੍ਰਤੀਤ ਹੁੰਦੀ ਹੈ। ਪਚਾਸ ਕੁ ਬਰਸ ਹੋਰ ਨੂੰ ਏਸ ਵਿੱਦਯਾ ਦੀ ਸਖੋਪਤ ਹੋ ਕੇ ਝੂਠ ਹੀ ਮੰਨੀ ਜਾਊ। ਏਸੇ ਤਰ੍ਹਾਂ ਹੋਰ ਭੀ ਸੰਸਾਰਕ ਵਿਹਾਰਾਂ ਤੇ ਇਲਮਾਂ ਹੁਨਰਾਂ ਦੀ ਅਦਲਾ ਬਦਲੀ, ਉਤਪਤੀ ਪਰਲਯ ਹੁੰਦੀ ਰਹਿੰਦੀ ਹੈ। ਦੇਖੋ ਕਦੇ ਓਹ ਸਮਾਂ ਸੀ ਜਦ ਮਨੁੱਖ ਬਣਮਾਣੂ ਬਣੇ ਹੋਏ ਪਰਬਤਾਂ ਦੀਆਂ ਕੰਦਰਾਂ ਤੇ ਬਿਰਛਾਂ ਹੇਠ ਬਿਨਾਂ ਬਿਸਤ੍ਰੇ ਸੁਖੀ ਸੌਂ ਰਹਿੰਦੇ ਸੇ, ਹੁਣ ਨਰਮ ਮੁਲਾਇਮ ਮਖ਼ਮਲੀ ਸੇਜ ਭੀ ਚੁੱਭਦੀ ਹੈ। ਕਦੇ ਅੰਜੀਰ ਤੇ ਭੋਜ ਪਤ੍ਰਾਂ ਨਾਲ ਨੰਗ ਢੱਕਦੇ ਸੇ, ਹੁਣ ਭਾਂਤ-ਭਾਂਤ ਦੇ ਰੇਸ਼ਮੀ ਬਸਤ੍ਰ ਭੀ ਪਸੰਦ

ਨਹੀਂ। ਕਦੇ ਸਾਗ ਪੱਤ੍ਰ, ਕੰਦ ਮੂਲ, ਜੰਡ ਫਲੀ, ਡੇਲਾ ਪੀਲੂੰ ਛੱਕ ਕੇ ਵਾਹਿਗੁਰੂ ਦਾ ਧੰਨਵਾਦ ਕਰਦੇ; ਹੁਣ ਛੱਤੀ ਪ੍ਰਕਾਰ ਦੇ ਭੋਜਨ ਗਲ ਫਸਦੇ ਹਨ। ਪਹਿਲੇ ਛੋਟੀ ਛੋਟੀ ਨਦੀ ਤੋਂ ਪਾਰ ਉੱਤਰਨਾ ਔਖਾ ਸੀ। ਬੇੜੀਆਂ ਖਿਚਦੇ ਖਿਚਦੇ ਥੱਕ ਜਾਂਦੇ। ਜਹਾਜ਼ਾਂ ਉੱਤੇ ਪਾਲਾਂ ਤਾਣ ਕੇ ਅਕਾਸ਼ ਵੱਲ ਅੱਖਾਂ ਚੁੱਕ-ਚੁੱਕ ਦੇਖਦੇ, ਪੀਰ ਮਨਾਂਵਦੇ ਅਨੁਕੂਲ ਪੌਨ ਨੂੰ ਉਡੀਕਦੇ ਰਹਿੰਦੇ ਸਨ; ਹੁਣ ਅਗਨਬੋਟਾਂ ਤੇ ਪੁਲਾਂ ਦੇ ਆਸਰੇ ਬੜੇ ਬੜੇ ਦਰਿਆਵਾਂ ਨੂੰ ਆਸਾਨ ਲੰਘ ਜਾਈਦਾ ਹੈ। ਕਦੇ ਚਿੱਠੀ ਪੱਤ੍ਰ ਭੇਜਣਾ ਮੁਸ਼ਕਲ ਹੁੰਦਾ ਸੀ, ਹੁਣ ਹਜ਼ਾਰਾਂ ਕੋਹਾਂ ਦੀ ਖ਼ਬਰ ਸ਼ੀਘ੍ਰ ਆ ਜਾਂਦੀ ਹੈ। ਕਦੇ ਚਾਲੀ ਪੰਜਾਹ ਕੋਹ ਜਾਣਾ ਮੌਤ ਦੀ ਨਿਸ਼ਾਨੀ ਹੁੰਦਾ ਸੀ, ਹੁਣ ਰੇਲ ਗੱਡੀ ਲੋਰੀ ਦਿੰਦੀ ਹੋਈ ਸੁੱਤਿਆਂ ਪਿਆਂ ਨੂੰ ਹਜ਼ਾਰਾਂ ਕੋਹਾਂ ਤੇ ਲੈ ਜਾ ਬਿਠਾਂਵਦੀ ਹੈ। ਕਦੇ ਧਨੀ ਲੋਕਾਂ ਨੂੰ ਜੇਹੜੇ ਪੁਸਤਕ ਔਖੇ ਲੱਭਦੇ ਸਨ ਹੁਣ ਪਾਖਾਨ ਯੰਤ੍ਰ ਟਾਈਪ ਦੇ ਛਪੇ ਹੋਏ ਸੁੰਦਰ ਸ਼ੁੱਧ ਮੁਫ਼ਤ ਵਾਂਗੂੰ ਸਸਤੇ ਲੱਭਦੇ ਹਨ। ਕਦੇ ਚਿੱਟਾ ਕੱਪੜਾ ਪਾ ਕੇ ਦਸ ਕੋਹ ਜਾਣ ਤੋਂ ਡਰਦੇ ਥਰ ਥਰ ਕੰਬਦੇ, ਹੁਣ ਸੋਨਾ ਉਛਾਲਦੇ ਜਾਓ ਕੋਈ ਤੱਕ ਨਹੀਂ ਸਕਦਾ। ਕਦੇ ਇੱਕ ਆਦਮੀ ਪੜ੍ਹਿਆ ਹੋਯਾ ਔਖਾ ਲੱਭਦਾ ਸੀ, ਹੁਣ ਘਰ ਘਰ ਅੰਗ੍ਰੇਜ਼ੀ ਉਰਦੂ ਗੁਰਮੁਖੀ ਪੜ੍ਹੇ ਹੋਏ ਹਰ ਜਗ੍ਹਾ ਹਾਜ਼ਰ ਹਨ। ਕਦੇ ਮੋਟਾ ਕੱਪੜਾ ਭੀ ਜੁਲਾਹੇ ਮਿੰਨਤਾਂ ਕਰ ਕੇ ਉਣਕੇ ਦਿੰਦੇ, ਹੁਣ ਕਲਾ ਦੇ ਨਾਲ ਘੰਟੇ ਪਹਿਰਾਂ ਵਿੱਚ ਸੌ ਸੌ ਮਣ ਪੱਕੀ ਰੂਈਂ ਦਾ ਮਲਮਲ ਖਾਸਾ ਆਦਿਕ ਮਨਭਾਉਂਦਾ ਕੱਪੜਾ ਤਿਆਰ ਹੁੰਦਾ ਹੈ। ਜੋ ਅਮੀਰਾਂ ਨੂੰ ਔਖਾ ਲੱਭਦਾ ਸੀ, ਹੁਣ ਗ਼ਰੀਬ ਖੁੱਲ੍ਹੇ ਹੰਡਾਂਵਦੇ ਹਨ। ਕਦੇ ਘਾਸ ਦੇ ਕੱਚੇ ਕੋਠਿਆਂ ਨੂੰ ਭੀ ਗਨੀਮਤ ਸਮਝਦੇ ਤੇ ਬਣਾ ਭੀ ਨਹੀਂ ਜਾਣਦੇ ਸੇ ਹੁਣ ਬੜੇ ਬੜੇ ਸੁੰਦਰ ਮੰਦਰ ਭੀ ਪਸੰਦ ਨਹੀਂ ਆਂਵਦੇ। ਏਸੇ ਤਰ੍ਹਾਂ ਦਿਨੋਂ ਦਿਨ ਤੁਹਾਡੇ ਸੁਖ ਦੇ ਸਮਾਨ ਸਰਬ ਪ੍ਰਕਾਰ ਤਜਾਰ ਹੁੰਦੇ ਰਹਿੰਦੇ ਹਨ। ਆਪਣੇ ਮਨ ਵਿੱਚ ਤੁਸੀਂ ਸੋਚ ਕੇ ਦੇਖੋ ਤਾਂ ਏਹ ਸਭ ਤੁਹਾਡੀ ਅਕਲ ਦਾ ਫ਼ਲ ਹੈ ਜੇਹੜੀ ਤੁਹਾਨੂੰ ਈਸ਼੍ਵਰ ਨੇ ਹੋਰ ਸਾਰੇ ਜਾਨਦਾਰਾਂ ਤੋਂ ਅਧਿਕ ਬਖ਼ਸ਼ੀ ਹੈ। ਤਾਂ ਤੇ ਓਸ ਦਾ ਧੰਨਵਾਦ ਕਰੋ ਤੇ ਉਪਕਾਰ ਮੰਨੋ। ਦੇਖੋ, ਚਾਰ ਸੌ ਬਰਸ ਤੋਂ ਪਹਿਲੇ ਪਹਿਲੇ ਏਹੋ ਅੰਗਰੇਜ਼, ਜੇਹੜੇ ਹੁਣ ਅਕਲ ਤੇ ਇਲਮ ਦਾ ਸੂਰਜ ਬਣ ਰਹੇ ਹਨ; ਏਨ੍ਹਾਂ ਦੇ ਵੱਡੇ ਭੀ ਜੰਗਲਾਂ ਵਿੱਚ ਦਰੱਖ਼ਤਾਂ ਦੇ ਪੱਤੇ ਅਰ ਛਿੱਲੜ ਦੇ ਕੱਪੜੇ ਪਹਿਨਦੇ, ਦੇਹ ਉੱਤੇ ਰੰਗ ਲਾਂਵਦੇ ਬਨਮਾਣੂਆਂ ਤਰ੍ਹਾਂ ਰਹਿੰਦੇ ਸੇ। ਬਾਕੀ ਬੇਸਮਝੀ ਭੀ ਅਜੇਹੀ ਸੀ ਜੋ ਇੱਕ ਵਾਰੀ ਜੰਗ ਵਿੱਚੋਂ ਹਾਰ ਕੇ ਆਪਣੇ ਵੱਡੇ ਬੁੱਤ ਦੇਵਤਾ ਦੀ ਨਾਰਾਜ਼ਗੀ ਸਮਝ ਕੇ ਓਹਨੂੰ ਪ੍ਰਸੰਨ ਕਰਨ ਵਾਸਤੇ ਆਪਣੇ ਚਾਰ ਸੌ ਬਾਲਕ ਓਸ ਦੀ ਬਲੀਦਾਨ ਕਰ ਦਿੱਤੇ।

ਅਰਬ ਦੇ ਲੋਕਾਂ ਦੀ ਵੱਲ ਧਿਆਨ ਕਰੀਏ ਤਾਂ ਹੱਜ ਦੇ ਦਿਨ ਇਸਤ੍ਰੀ ਪੁਰਖ ਨੰਗੇ ਹੋ ਕੇ ਕਾਬੇ ਦੇ ਅੰਦ੍ਰ ਜਾ ਕੇ ਪੱਗਾਂ ਅੰਗੂਠੀਆਂ ਬਦਲਣ ਵਾਂਗੂੰ ਆਪਸ ਵਿੱਚ ਇਸਤ੍ਰੀਆਂ ਬਦਲ ਲੈਂਦੇ ਸੇ ਅਤੇ ਜਿਸ ਦੇ ਨਾਲ ਪਤੀ ਨਾ ਹੁੰਦਾ ਓਸ ਦਾ ਮੁਤਾਅ* ਕਿਸੇ ਆਦਮੀ ਨਾਲ ਕਰਾ ਕੇ ਹੱਜ ਹੋਏ ਪਿੱਛੋਂ ਓਸ ਨੂੰ ਯਥਾ ਜੋਗ ਨਕਦੀ ਜਿਨਸ ਦੇ ਕੇ ਤਲਾਕ ਦਿਵਾ ਕਰ ਘਰ ਲੈ ਆਂਵਦੇ। ਇਹ ਰਸਮ ਅਜੇ ਭੀ ਕਈ ਦੇਸਾਂ ਦੇ ਮੁਸਲਮਾਨ ਓਥੇ ਜਾ ਕੇ ਕਰਦੇ ਹਨ। ਏਹੋ ਜੇਹੀਆਂ ਹੋਰ ਭੀ ਅਨੇਕ ਰਸਮਾਂ ਅਰਬ ਦੇ ਮੁਲਕ ਵਿੱਚ ਅਜਿਹੀਆਂ ਹਨ ਜਿਨ੍ਹਾਂ ਨੂੰ ਸੁਣ ਕੇ ਲੱਜਾ ਆਉਂਦੀ ਹੈ ਤੇ ਲਿਖਣ ਤੋਂ ਕਲਮ ਕੰਬਦੀ ਹੈ। ਹੋਰ ਸੁੰਨਤ ਕਰਾਵਣੀ, ਅਲਫ ਨੰਗੇ ਹੋ ਕੇ ਨਦੀਆਂ ਟੋਭਿਆਂ ਵਿੱਚ ਪਿੰਡਾਂ ਦੇ ਮੁਸਲਮਾਨਾਂ ਨੇ ਆਪਣੀਆਂ ਧੀਆਂ ਭੈਣਾਂ ਦੇ ਦੇਖਦਿਆਂ ਨ੍ਹਾਵਣਾਂ; ਸਕੇ ਤਾਏ ਚਾਚੇ ਦੀ ਬੇਟੀ ਜੋ ਪਹਿਲਾਂ ਭੈਣ ਭਤੀਜੀ ਮੰਨੀ ਹੋਈ ਹੁੰਦੀ ਹੈ, ਵਹੁਟੀ ਬਣਾ ਲੈਣੀ; ਕਹੀ ਸ਼ਰਮ ਦੀ ਗੱਲ ਹੈ? ਪਰ ਮਜ਼੍ਹਬੀ ਰਸਮ ਜ਼ਰੂਰ ਕਰਨੀ ਪੈਂਦੀ ਹੈ। ਚੀਨ ਵਾਲੇ ਕੁੜੀਆਂ ਨੂੰ ਲੋਹੇ ਦੇ ਮੌਜੇ ਛੋਟੇ ਪੈਰ ਰਹਿਣ ਦੇ ਸੋਹਜ ਬਦਲੇ ਪਹਿਨਾ ਦਿੰਦੇ ਹਨ। ਏਥੇ ਏਹ ਕਹਾਵਤ ਠੀਕ ਸਜਦੀ ਹੈ 'ਚਿੜੀਆਂ ਦਾ ਮਰਨਾ ਗਵਾਰਾਂ ਦਾ ਹਾਸਾ' ਓਨ੍ਹਾਂ ਵਿਚਾਰੀਆਂ ਨੂੰ ਸਾਰੀ ਉਮਰ ਦਾ ਰੋਗ ਤੇ ਕਸ਼ਟ ਲਗਾ ਦਿੰਦੇ ਹਨ। ਪੈਰਾਂ ਭਾਰ ਬੈਠ ਕੇ ਝਾੜਾ ਪਿਸ਼ਾਬ ਭੀ ਨਹੀਂ ਕਰ ਸਕਦੀਆਂ। ਲੰਗੜੀਆਂ

*ਮੁਤਾਅ ਉਸ ਨੂੰ ਕਹਿੰਦੇ ਹਨ ਜੋ ਜ਼ਰੂਰਤ ਦੇ ਵਕਤ ਕਿਸੇ ਔਰਤ ਨਾਲ ਪੜ੍ਹਿਆ ਜਾਵੇ ਤੇ ਕੇਵਲ ਇੱਕ ਵਾਰੀ ਵਾਸਤੇ ਹੀ ਹੋਵੇ।

ਲੰਗੜੀਆਂ ਮਸਾਂ ਮਸਾਂ ਘਰ ਵਿੱਚ ਫਿਰਦੀਆਂ ਹਨ। ਘਰੋਂ ਬਾਹਰ ਜਾ ਨਹੀਂ ਸਕਦੀਆਂ। ਹੋਰ ਗ਼ਰੀਬ ਅਮੀਰ ਸਭ ਦੇ ਘਰ ਵਿੱਚ ਪਾਣੀ ਦਾ ਕੁੰਡ ਤਲਾਉ ਜੇਹਾ ਕੱਚਾ ਪੱਕਾ ਹੁੰਦਾ ਹੈ, ਮਲ ਮੂਤ੍ਰ ਮੈਲਾ ਕੁਚੈਲਾ ਪਾਣੀ ਓਸੇ ਵਿੱਚ ਸਿੱਟਦੇ ਰਹਿੰਦੇ ਹਨ। ਓਸੇ ਵਿੱਚੋਂ ਮੱਛੀਆਂ ਫੜ ਕੇ ਖਾਂਦੇ ਹਨ, ਕੀੜੇ, ਚੂਹੇ, ਕਿਰਲੀਆਂ ਤੱਕ ਸਭ ਤਰ੍ਹਾਂ ਦੇ ਜਾਨਵਰਾਂ ਦਾ ਮਾਸ ਖਾ ਲੈਂਦੇ ਹਨ, ਗਿਲਾਨੀ ਨਹੀਂ ਹੁੰਦੀ। ਬਾਕੀ ਆਪਣੇ ਆਪਣੇ ਘਰ ਦੇ ਮੁਰਦਿਆਂ ਨੂੰ ਸੰਦੂਕਾਂ ਵਿੱਚ ਬੰਦ ਕਰ ਕੇ ਸੌ ਸੌ ਬਰਸ ਤੱਕ ਘਰਾਂ ਵਿੱਚ ਰੱਖ ਕੇ ਧੂਪ, ਦੀਪ ਕਰ ਕੇ ਚੌਰ ਝੁਲਾਂਵਦੇ ਤੇ ਫ਼ੁੱਲ ਚੜ੍ਹਾਂਵਦੇ ਹਨ। ਸੌ ਬਰਸ ਪੂਰਾ ਹੋਏ ਤੋਂ ਪਿੱਛੋਂ ਓਸ ਸੰਦੂਕ ਨੂੰ ਬਾਜੇ ਗਾਜੇ ਨਾਲ ਬਾਹਰ ਲੈ ਜਾ ਕੇ ਦੱਬ ਆਂਵਦੇ ਹਨ। ਮੁਲਕ ਬ੍ਰਹਮਾ ਵਿੱਚ ਭੀ ਸਭ ਤਰ੍ਹਾਂ ਦੇ ਮਾਸ ਖਾਣ ਅਤੇ ਬਿਭਚਾਰ ਦਾ ਜ਼ਰਾ ਪਰਹੇਜ਼ ਨਹੀਂ। ਯੱਦਪਿ ਰੰਗੂਨ, ਸੀਲਾਨ, ਬ੍ਰਹਮਾ, ਚੀਨ, ਤਿੱਬਤ, ਭੂਟਾਨ, ਲਾਸਾ ਆਦਿਕ ਕਈ ਮੁਲਕ ਬੁੱਧ ਮਜ਼੍ਹਬ ਦੇ ਹਨ ਤੇ ਹਿੰਦੁਸਤਾਨ ਵਿੱਚ ਭੀ ਜੈਨੀ, ਸਰੇਉੜੇ, ਭਾਬੜੇ, ਓਸਵਾਲ, ਢੂਡੀਏ, ਪੂਜ, ਬਹੁਤ ਲੋਕ ਬੁੱਧ ਮਜ਼੍ਹਬ ਦੇ ਹਨ; ਪਰ ਏਹ ਮਾਸ ਨਹੀਂ ਖਾਂਦੇ ਤੇ ਓਹ ਖਾਂਦੇ ਹਨ। ਜਿਸ ਤਰ੍ਹਾਂ ਚੀਨ, ਬ੍ਰਹਮਾ, ਭੋਟਾਨ ਵਿੱਚ ਉਲਟੀਆਂ ਪੁਲਟੀਆਂ ਖ਼ਰਾਬ ਰਸਮਾਂ ਪ੍ਰਚਲਤ ਹਨ, ਏਸੇ ਤਰ੍ਹਾਂ ਦੱਖਣ ਦੇਸ ਨਜ਼ਾਮ ਹੈਦਰਾਬਾਦ ਦੇ (ਪ੍ਰਗਣੇ) ਇਲਾਕੇ ਵਿੱਚ ਏਹ ਰਿਵਾਜ ਹੈ ਕਿ ਜਿਸ ਦੇ ਮੋਏ ਪਿੱਛੋਂ ਪੁਰਾਣੀਆਂ ਜੁੱਤੀਆਂ, ਪੱਗਾਂ ਬਹੁਤ ਨਿਕਲਣ ਉਸ ਨੂੰ ਬੜਾ ਲਾਇਕ ਅਮੀਰ ਸਮਝਿਆ ਜਾਂਦਾ ਹੈ। ਤਦੇ ਹੀ ਉਹ ਲੋਕ ਪੁਰਾਣੀਆਂ ਪੱਗਾਂ ਤੇ ਜੁੱਤੀਆਂ ਦੇ ਸੰਦੂਕ ਭਰ ਰੱਖਦੇ ਹਨ। ਬੁੱਢਾ ਹੋ ਕੇ ਮਰੇ ਤਾਂ ਕੱਢ ਕੇ ਭਾਈਚਾਰੇ ਨੂੰ ਲੱਗਣ ਤੇ ਵਰੀ ਵਾਂਗੂੰ ਦਿਖਾਂਵਦੇ ਹਨ। ਪੰਜਾਬ ਤੇ ਹਿੰਦੁਸਤਾਨ ਵਿੱਚ ਪੰਜ ਬਰਸ ਦੀ ਕੁੜੀ ਸੱਠ ਬਰਸ ਦੇ ਬੁੱਢੇ ਨੂੰ ਵਿਵਾਹ ਦਿੰਦੇ ਹਨ, ਜੋ ਰੰਡੀ ਹੋ ਕੇ ਅਨੰਤ ਗਰਭ ਹੱਤਿਆ ਬਿਭਚਾਰ ਕਰ ਕਰ ਮਾਪਿਆਂ ਤੇ ਸਹੁਰਿਆਂ ਨੂੰ ਬਦਨਾਮ ਪਈ ਕਰਦੀ ਹੈ, ਪਰ ਓਸ ਨੂੰ ਕਰੇਵਾ ਨਹੀਂ ਕਰਾਂਵਦੇ। ਆਪਣਾ ਤੇ ਉਸ ਕੰਨਿਆ ਦਾ ਲੋਕ ਪ੍ਰਲੋਕ ਤਾਂ ਨਸ਼ਟ ਕਰ ਲੈਂਦੇ ਹਨ ਪਰ ਬਾਣੀਏਂ ਬਣਿਆਣੀ ਵਾਲੀ (ਹਿੰਡ) ਸ਼ਰਤ ਨਹੀਂ ਛੱਡਦੇ। ਹੁਣ ਜੋ ਵਿੱਦਜਾ ਦਾ ਸੂਰਜ ਦੇਸ਼ ਵਿੱਚ ਪ੍ਰਕਾਸ਼ ਕਰਨ ਲੱਗਾ ਹੈ ਅਸੀਂ ਆਸ਼ਾ ਰੱਖਦੇ ਹਾਂ ਏਸ ਖੋਟੀ ਰਸਮ ਦੇ ਅੰਧੇਰੇ ਨੂੰ ਜ਼ਰੂਰ ਦੂਰ ਕਰ ਦੇਵੇਗਾ। ਕਿਉਂਕਿ ਖ਼ਾਸ ਕਲਿਜੁਗ ਦੇ ਵਾਸਤੇ ਜੋ ਪਰਾਸਰੀ ਧਰਮ ਸ਼ਾਸਤ੍ਰ ਹੈ ਓਸ ਵਿੱਚ ਪਰਾਸਰ ਜੀ ਲਿਖਦੇ ਹਨ ਕਿ ਜਿਸ ਇਸਤ੍ਰੀ ਦਾ ਪਤੀ ਹੋਰ ਘਰ ਕਰ ਬੈਠੇ ਯਾ ਪਰਦੇਸ ਗਏ ਦੀ ਅਨੇਕ ਬਰਸ ਖ਼ਬਰ ਨਾ ਆਵੇ, ਸਾਧੂ ਬਣ ਜਾਵੇ, ਕੁਸ਼ਟੀ ਯਾ ਨਪੁੰਸਕ ਹੋਵੇ ਓਹ ਇਸਤ੍ਰੀ ਹੋਰ ਪਤੀ ਕਰ ਲਵੇ, ਪਰ ਵਿਧਵਾ ਇਸਤ੍ਰੀਆਂ ਦੇ ਵੈਰੀ ਬ੍ਰਾਹਮਣ ਲੋਕ ਏਹੋ ਜਿਹੇ ਰਿਖੀਆਂ ਦੇ ਬਚਨਾਂ ਦਾ ਅਰਥ ਹੋਰ ਦਾ ਹੋਰ ਅਨਰਥ ਘੜ ਕੇ ਸੁਣਾ ਛੱਡਦੇ ਹਨ ਕਿਉਂਕਿ ਓਨ੍ਹਾਂ ਨੂੰ ਜੋ ਕੁਛ ਲਾਭ ਰੰਡੀਆਂ ਤੋਂ ਹੁੰਦਾ ਹੈ ਓਤਨਾਂ ਸੁਹਾਗਣਾਂ ਤੋਂ ਨਹੀਂ ਹੁੰਦਾ। ਦੇਖੋ, ਕਥਾ ਸੁਣਨੀ, ਤੀਰਥਾਂ ਨੂੰ ਜਾਣਾ, ਤੁਲਸੀ ਦਾ ਸਾਲਿਗਰਾਮ ਨਾਲ ਵਿਵਾਹ ਕਰਨਾ, ਬਇਆ ਲੈਣਾ, ਘਰ ਮਣਸ ਦੇਣਾ; ਏਹ ਸਭ ਕੰਮ ਰੰਡੀਆਂ ਹੀ ਅਧਿਕ ਕਰਦੀਆਂ ਹਨ। ਭਾਵ ਏਹ ਰੰਡੀਆਂ ਦੇ ਤਨ ਧਨ ਤੋਂ ਬਿੱਪ੍ਰ ਲਾਭ ਉਠਾਂਵਦੇ ਹਨ। ਸੁਹਾਗਣਾਂ ਆਪਣੇ ਕੁਟੰਬ ਦੇ ਅਰਥ ਦਰਬ ਲਾਂਵਦੀਆਂ ਹਨ। ਏਸ ਲੋਭ ਲਹਿਰ ਵਿੱਚ ਫਸੇ ਹੋਏ ਬਿੱਪ੍ਰ ਰੰਡੀਆਂ ਦੇ ਕਰੇਵਾ ਕਰਾਵਣ ਦੀ ਸਲਾਹ ਨਹੀਂ ਦਿੰਦੇ।

ਪ੍ਰੰਤੂ ਜੇਕਰ ਹੋਰ ਦੋ ਚਾਰ ਸੌ ਬਰਸ ਸਰਕਾਰ ਅੰਗ੍ਰੇਜ਼ੀ ਦਾ ਰਾਜ ਆਰਯਾ ਵਰਤ ਵਿੱਚ ਬਣਿਆ ਰਿਹਾ ਤਾਂ ਏਸ ਪ੍ਰਜਾ ਘਾਤਕ ਦੁਸ਼ਟ ਰਸਮ ਦਾ ਨਾਸ਼ ਹੋ ਕੇ ਵਿਧਵਾ ਇਸਤ੍ਰੀਆਂ ਦੀ ਭੀ ਅਸੀਸ ਲਈ ਜਾਊ। ਆਪ ਦੇਖ ਸਕਦੇ ਹੋ ਕਿ ਇੱਕ ਤਾਂ ਤੁਰਕ ਬਾਦਸ਼ਾਹਾਂ ਦੀ ਜ਼ੁਲਮੀ ਨੇ ਦੂਜਾ ਬਾਲ ਰੰਡੀਆਂ ਬਿਠਾ ਰੱਖਣ ਨੇ ਤੀਜਾ ਪਤਿਤ ਹੋਏ ਭਾਈ ਨੂੰ ਨਾ ਮਿਲਾਉਣ ਨੇ ਹਿੰਦੂਆਂ ਨੂੰ ਮੌਤ ਨਾਲੋਂ ਭੀ ਅਧਿਕ ਘਾਟਾ ਪਾ ਰੱਖਿਆ ਹੈ। ਉਮੈਦ ਹੈ ਜਿਕੂੰ ਈਸ਼੍ਵਰ ਨੇ ਤੁਰਕਾਂ ਦੇ ਜ਼ੋਰ ਜ਼ੁਲਮ ਦੀ ਜੜ੍ਹ ਕੱਟੀ ਹੈ ਓਸੇ ਤਰ੍ਹਾਂ ਏਨ੍ਹਾਂ ਅਟਕਾਂ ਦਾ ਡਰ ਭੀ ਮਿਟ ਜਾਊ। ਅਚਰਜ ਦੀ ਗੱਲ ਹੈ ਜਦ ਅੰਨ ਘਾਸ ਦਰੱਖਤ ਪੈਦਾ ਹੋਣ ਵਾਲੀ ਜ਼ਮੀਨ ਗਜ਼ ਭਰ ਜ਼ਿਮੀਦਾਰ ਬੇਕਾਰ ਨਹੀਂ ਛੱਡਦੇ

ਤਾਂ ਆਦਮੀ ਜੰਮਣ ਵਾਲੀ ਅਤਿ ਉੱਤਮ ਭੂਮੀ ਨੂੰ ਕਿਉਂ ਬਿਅਰਥ ਛੱਡਿਆ ਜਾਵੇ, ਜਿਸ ਦੇ ਛੱਡਣੇ ਕਰ ਉਲਟਾ ਮਹਾਂਪਾਪ, ਬੇਇੱਜ਼ਤੀ, ਬੇਸ਼ਰਮੀ, ਕਲੇਸ਼ ਪ੍ਰਾਪਤ ਹੋਣ? ਓਸ ਬੰਜਰ ਛੱਡਣ ਵਾਲੇ ਲੋਕਾਂ ਨੂੰ ਸਿਵਾਇ ਖੋਟੀ ਕਿਸਮਤ ਬੇਸਮਝੀ ਦੇ ਹੋਰ ਕੀ ਆਖਿਆ ਜਾਵੇ?

ਤਵਾਰੀਖ ਦੇ ਫਾਇਦੇ

ਭਾਈ ਸਾਹਿਬੋ! ਜੇ ਵਿਚਾਰੋ ਤਾਂ ਏਨ੍ਹਾਂ ਗੱਲਾਂ ਦੇ ਨਫ਼ੇ ਨੁਕਸਾਨ ਸਮੇਂ ਦੇ ਸੁਭਾਵ ਆਦਮੀਆਂ ਦੇ ਵਿਹਾਰਾਂ ਦੀ ਅਦਲਾ ਬਦਲੀ ਨੇਕਾਂ ਦੀ ਨੇਕੀ ਬੁਰਿਆਂ ਦੀ ਬੁਰਿਆਈ, ਬਹਾਦਰਾਂ ਦੀ ਬਹਾਦਰੀ, ਨਾਮਵਰਾਂ ਦੀ ਨਾਮਵਰੀ; ਏਹ ਸਭ ਗਿਆਨ ਤਵਾਰੀਖਾਂ ਤੋਂ ਹੀ ਹੁੰਦਾ ਹੈ। ਤਵਾਰੀਖਾਂ ਪੜ੍ਹ ਕੇ ਆਦਮੀ ਖ਼ਰਾਬ ਵਿਹਾਰਾਂ ਵਿੱਚੋਂ ਨਿੱਕਲ ਕੇ ਧਰਮ ਸੁਖਦਾਈ ਉੱਨਤੀ ਪਰ ਪਹੁੰਚਣ ਦਾ ਪੁਰਖਾਰਥ ਕਰਦਾ ਹੈ। ਦੁਸ਼ਮਣਾਂ ਨੂੰ ਦੂਰ ਕਰਨ ਲਈ ਤੇ ਆਪਣੀ ਕੌਮ ਦੀ ਮਦਦ ਪਾਲਨਾ ਕਰਨ ਵਾਸਤੇ ਉਪਾਇ ਤਵਾਰੀਖਾਂ ਤੋਂ ਹੀ ਸਿੱਖੀਦਾ ਹੈ। ਲੜਾਕੇ ਭਿੜਾ ਕੇ ਦਗੇਦਾਰ ਫਰੇਬੀਆਂ ਤੋਂ ਬਚਨ ਦੀ ਅਕਲ ਤੇ ਇਤਫ਼ਾਕ ਦੇ ਫਾਇਦੇ, ਬੇਇਤਫ਼ਾਕ ਦੇ ਨੁਕਸਾਨ ਤਵਾਰੀਖਾਂ ਤੋਂ ਹੀ ਹੱਥ ਲੱਗਦੇ ਹਨ। ਅਨੇਕ ਦੇਸ਼ਾਂ ਦੀ ਸੈਰ ਵਿਦਵਾਨਾਂ ਦੀ ਸੰਗਤ ਕਰਨ ਤੋਂ ਰਾਜ ਦਰਬਾਰ ਕਚੈਹਰੀਆਂ ਵਿੱਚ ਜਾਣ ਤੋਂ ਕਸਬੀ ਲੋਕਾਂ ਦੇ ਚਾਲ ਚਲਨ, ਦਾਇ ਅਦਾਇ, ਨਾਜ਼ ਨਖ਼ਰੇ, ਚੁਸਤੀ ਚਾਲਾਕੀ, ਬੋਲ ਚਾਲ ਸਿੱਖਣ ਤੋਂ ਅਨੇਕ ਮਤਾਂ ਦੀਆਂ ਪੋਥੀਆਂ ਪੜ੍ਹਨੇ ਕਰ ਜੋ ਜੋ ਅਕਲਾਂ ਆਦਮੀ ਸਿੱਖਦਾ ਹੈ; ਏਹ ਸਭ ਕੇਵਲ ਤਵਾਰੀਖਾਂ ਦੇ ਪੜ੍ਹਨ ਨਾਲ ਆਪੇ ਦਿਲ ਵਿੱਚੋਂ ਪ੍ਰਗਟ ਹੋ ਪੈਂਦੀਆਂ ਹਨ। ਆਪਣੇ ਵੱਡਿਆਂ ਦੇ ਵਿਹਾਰ ਚਾਲ ਚਲਨ ਆਦਿ ਕਾਲ ਦੇ ਤੇ ਵਰਤਮਾਨ ਦੇ ਮੁਕਾਬਲੇ ਕਰ ਕੇ ਪੂਰੇ ਪੂਰੇ ਆਰਾਮ ਦੇ ਮਹਿਲ ਵਿੱਚ ਪਹੁੰਚ ਕਰ ਦਾਨਾ, ਦੂਰੰਦੇਸ਼, ਬੁੱਧੀਮਾਨ ਸੰਸਾਰ ਵਿੱਚ ਸਦਾਵਣਾ ਭੀ ਤਵਾਰੀਖਾਂ ਪੜ੍ਹੇ ਬਿਨਾਂ ਨਹੀਂ ਹੋ ਸਕਦਾ। ਬਿਪਤਾ ਦੇ ਸਮੇਂ ਰਾਜਾ ਨਲ, ਰਾਮ ਚੰਦ੍ਰ, ਯੁਧਿਸ਼ਟਰ ਦੀ ਤਰ੍ਹਾਂ ਆਪਣੀ ਅਕਲ, ਹਿੰਮਤ ਨਾਲ ਵਿਚਾਰ ਦੇ ਘੋੜੇ ਤੇ ਸਵਾਰ ਹੋ ਕੇ ਬਿਪਤਾ ਦੇ ਬਣ ਵਿੱਚੋਂ ਸਾਫ਼ ਨਿੱਕਲ ਜਾਣਾ; ਸਖੀਮੀ ਸ਼ੇਰਨੀ ਦੇ ਪੰਜੇ ਵਿੱਚੋਂ ਛੁੱਟਣਾਂ; ਤਵਾਰੀਖਾਂ ਤੋਂ ਸਿੱਖੀਦਾ ਹੈ। ਦੇਖੋ, ਸੰਨ ੧੭੬੦ ਬਿਕ੍ਰਮੀ ਤੋਂ ਲੈ ਕੇ ੧੯੩੦ ਬਿਕ੍ਰਮੀ ਤੱਕ ਪੰਥ ਖਾਲਸੇ ਨੇ ਬੜੀਆਂ ਬੜੀਆਂ ਮੁਸੀਬਤਾਂ ਵਿੱਚ ਆਪਣਾ ਹੌਂਸਲਾ, ਇਤਫ਼ਾਕ, ਸਿਦਕ, ਕੌਮੀ ਮੁਹੱਬਤ ਕਾਇਮ ਰੱਖਿਆ ਤਾਂ ਓੜਕ ਨੂੰ ਆਪਣੀ ਬਾਦਸ਼ਾਹੀ ਭੀ ਬਣਾ ਲਈ ਸੀ ਜੇੜ੍ਹੀ ਫੇਰ ਬੇਇਲਮ ਜਾਹਲ ਭੰਗੇਰੇ ਲੋਕਾਂ ਨੂੰ ਆਪਣੇ ਉਪਦੇਸ਼ਟਾ ਅੱਗ੍ਰਨੀਯ ਥਾਪ ਕੇ ਥੋੜ੍ਹੇ ਹੀ ਦਿਨਾਂ ਵਿੱਚ ਬੇਇਤਫ਼ਾਕੀ ਨਾਲ ਬਰਾਤ ਦੀ ਆਤਸ਼ਬਾਜ਼ੀ ਵਾਂਗੂੰ ਉਡਾ ਬੈਠੇ।

ਪ੍ਰਮੇਸ਼੍ਵਰ ਏਸ ਬੇਇਤਫ਼ਾਕੀ ਦਾ ਸੱਤਿਆਨਾਸ ਕਰੇ। ਓਨ੍ਹਾਂ ਧਰਮੀ ਸਿੰਘਾਂ ਤੇ ਹਿੰਦੂਆਂ ਦੀ ਸੰਤਾਨ, ਜਿਨ੍ਹਾਂ ਨੇ ਧਰਮ ਵਾਸਤੇ ਦੁੱਖ ਸਹਾਰੇ ਸਿਰ ਦਿੱਤੇ, ਬੰਦ ਬੰਦ ਕਟਵਾ ਲਏ, ਪਰ ਸਲਾਮ ਮੂੰਹੋਂ ਨਾ ਆਖੀ; ਹੁਣ ਜਾਹਲ ਮੂਰਖ ਕਹਾਂਵਦੀ ਹੈ। ਏਹ ਸਭ ਆਪਣੇ ਹੀ ਖੇਤ ਦੇ ਫੁੱਟ ਮੇਵੇ ਦਾ ਸ੍ਵਾਦ ਚੱਖ ਰਹੇ ਹਨ। ਏਹ ਨਫ਼ੇ ਨੁਕਸਾਨ ਤੇ ਸਮੇਂ ਦੇ ਹੇਰ ਫੇਰ ਭੀ ਤਵਾਰੀਖ ਹੀ ਦੱਸਦੀ ਹੈ। ਏਸੇ ਬੇਇਤਫਾਕੀ ਤੇ ਫੁੱਟ ਨੇ ਬੜੇ ਬੜੇ ਸ਼ਹਿਨਸ਼ਾਹਾਂ ਤੇ ਮਜ਼ਹਬਾਂ ਨੂੰ ਬਰਬਾਦ ਕਰ ਛੱਡਿਆ। ਦੇਖੋ ਰਾਵਣ ਦੁਰਯੋਧਨ ਦੀ ਤਰਫ। ਏਸੇ ਫੁੱਟ ਨੇ ਫਰਾਂਸ ਵਾਲਿਆਂ ਨੂੰ ਜਰਮਨੀ ਤੋਂ ਹਾਰ ਦਿਵਾਈ। ਏਸੇ ਮਜ਼੍ਹਬ ਫੁੱਟ ਦੀ ਖਿਲਵਲੀ ਹਿੰਦੁਸਤਾਨ ਵਿੱਚ ਮਚੀ ਹੋਈ ਦੇਖ ਸੁਣ ਜਦ ਤੁਰਕਾਂ ਨੇ ਏਸ ਮੁਲਕ ਪਰ ਹੱਲੇ ਕਰਨੇ ਸ਼ੁਰੂ ਕੀਤੇ ਤਾਂ ਰਾਜਪੂਤ ਰਾਜੇ ਜੋ ਓਸ ਸਮੇਂ ਬਹੁਤ ਸਾਰੇ ਆਪੋ ਆਪਣੇ ਜ਼ੋਰ ਵਿੱਚ ਸਨ, 'ਕੱਠੇ ਹੋ ਕੇ ਨਾ ਲੜੇ। ਜਿਸ ਰਾਜੇ ਦੇ ਦੇਸ ਵਿੱਚ ਆ ਕੇ ਤੁਰਕਾਂ ਨੇ ਲੁੱਟ ਮਾਰ ਮਚਾਈ, ਓਹੋ ਵਿਚਾਰਾ ਕੱਲਾ ਲੜਿਆ।

ਸੁਬੁਗਤਗੀਨ ਗੌਰੀ ਬਾਦਸ਼ਾਹ ਨਾਲ ਕੇਵਲ ਜੈਪਾਲ ਰਾਜਾ ਲੜਿਆ। ਹੋਰ ਕੋਈ ਉਸ ਦੀ ਸਹਾਇਤਾ ਪਰ ਨਾ ਆਇਆ। ਦੇਖੋ ਮਹਿਮੂਦ ਸ਼ਾਹ ਦੇ ਯਾਰ੍ਹਵੇਂ ਹੱਲੇ ਦੇ ਸਮੇਂ ਸਿਰਫ ਇੱਕੋ ਵਾਰੀ ਬਹਿਮਨਾਵਾਦ ਪਾਸ ੨੮ ਰਾਜਿਆਂ ਨੇ ਮਿਲ ਕੇ ਮੁਕਾਬਲਾ ਕੀਤਾ। ਸੋ ਬਾਈ ਹਜ਼ਾਰ ਅਸਵਾਰ ਖੇਤ ਵਿੱਚ ਦੇਖ ਕੇ ਮਹਿਮੂਦ ਦੌੜ ਗਿਆ ਸੀ।

ਓਸ ਸਮੇਂ ਕੇਵਲ ਰਾਜਿਆਂ ਦੀ ਆਪਸ ਵਿੱਚ ਦੀ ਵਿਰੋਧਤਾ ਨੇ ਬਹੁਤ ਨੁਕਸਾਨ ਹਿੰਦੁਸਤਾਨ ਨੂੰ ਪਹੁੰਚਾਇਆ ਤੇ ਸਭ ਤੋਂ ਵਧੇਰੇ ਹਿੰਦੂਆਂ ਦੇ ਪੰਥਾਂ ਤੇ ਧਰਮਾਂ ਦੀ ਵਿਰੋਧੀ ਨੇ ਜੋ ਅਨੇਕ ਮਤ ਹੋ ਰਹੇ ਸੇ ਭਾਰਤਵਰਸ਼ ਦਾ ਸੱਤਯਾਨਾਸ਼ ਹੀ ਕਰ ਦਿੱਤਾ।

ਏਸ ਫੁੱਟ ਨੇ ਹਿੰਦੁਸਤਾਨ ਨੂੰ ਤੁਰਕਸਤਾਨ ਤਾਂ ਬਣਾ ਦੇਣਾ ਸੀ, ਪਰ ਤੁਰਕ ਬਾਦਸ਼ਾਹ ਦੇ ਸੂਬੇ ਹੀ ਓਨ੍ਹਾਂ ਨੂੰ ਬਿਪਤਾ ਪਾਈ ਰੱਖਦੇ। ਇੱਕ ਦੋ ਹਮੇਸ਼ਾਂ ਬਿਗੜੇ ਹੀ ਰਹਿੰਦੇ ਸਨ। ਇੱਕ ਤਾਂ ਓਨ੍ਹਾਂ ਦੇ ਸੁਧਾਰ ਵਾਸਤੇ ਹਿੰਦੂਆਂ ਤੋਂ ਸਹਾਇਤਾ ਲੈਣ ਦੀ ਖ਼ੁਸ਼ਾਮਦ ਬਾਦਸ਼ਾਹਾਂ ਨੂੰ ਹਮੇਸ਼ਾਂ ਬਣੀ ਰਹਿੰਦੀ ਰਹੀ, ਜਿਸ ਦਾ ਫ਼ਲ ਏਹ ਹੋਯਾ; ਜੋ ਬਹੁਤ ਸਾਰਾ ਹਿੱਸਾ ਭਾਰਤ ਦਾ ਹਿੰਦੂ ਬਣਿਆ ਰਿਹਾ। ਦੂਜੇ ਸਭ ਹਿੰਦੂ ਤੁਰਕਾਂ ਨੂੰ ਨੀਚ ਮਲੇਛ ਸਮਝ ਕੇ ਗਿਲਾਨੀ ਨਾਲ ਬੁਰੀ ਤਰ੍ਹਾਂ ਦੇਖਦੇ ਰਹੇ ਤਾਂ ਬੱਚੇ ਰਹੇ।

ਯੱਦਪਿ ਤੁਰਕਾਂ ਨੇ ਬਥੇਰੇ ਹੀ ਜ਼ੋਰ ਜ਼ੁਲਮ ਦੇ ਦਰਿਆ ਹਿੰਦੂਆਂ ਉੱਤੇ ਬਹਾਏ ਪਰ ਏਹ ਉਸੇ ਗਿਲਾਨੀ ਦੇ ਪ੍ਰਤਾਪ ਨਾਲ ਦੱਭ ਦੀ ਜੜ੍ਹ ਵਾਂਗੂੰ ਹਰੇ ਸੁੱਕੇ ਪ੍ਰਤੱਖ ਖੜ੍ਹੇ ਰਹੇ। ਜਿਸ ਤਰ੍ਹਾਂ ਹੁਣ ਨਿਸ ਗਿਲਾਨ ਹੋ ਰਹੇ ਹਨ ਜੇ ਕਦੇ ਏਹੋ ਜਿਹੇ ਹਿੰਦੂ ਓਦੋਂ ਹੁੰਦੇ ਤਾਂ ਇੱਕ ਹਿੰਦੂ ਭੀ ਅੱਜ ਨਜ਼ਰ ਨਾ ਆਉਂਦਾ। ਜਦ ਫੁੱਟ ਆਪੇ ਆਪਣੇ ਪੇਟ ਨੂੰ ਪਾੜ ਸੁੱਟਦੀ ਹੈ ਤਾਂ ਦੂਸਰੇ ਦਾ ਸੱਤਯਾਨਾਸ਼ ਕਿਉਂ ਨਾ ਕਰੇ। ਸਿੱਖਾਂ ਦੀ ਬਾਦਸ਼ਾਹੀ ਏਸੇ ਫੁੱਟ ਨੇ ਹੀ ਮਿੱਟੀ ਕਰ ਸੁੱਟੀ, ਮਹਾਰਾਜੇ ਰਣਜੀਤ ਸਿੰਘ ਬਹਾਦਰ ਦੇ ਦਸ ਬਾਰਾਂ ਪੁੱਤ੍ਰ ਪੋਤ੍ਰੇ ਦੇਖਦੇ ਹੀ ਰਹਿ ਗਏ ਪਰ ਕੁਛ ਨਾ ਬਣਿਆ।

ਤਵਾਰੀਖਾਂ ਪੁਕਾਰ ਪੁਕਾਰ ਸੁਣਾ ਰਹੀਆਂ ਹਨ ਕਿ ਇਤਫ਼ਾਕ ਤੇ ਇਲਮ ਸਾਰੇ ਸੁਖਦਾਈ ਗੁਣਾਂ ਤੇ ਬਰਕਤਾਂ ਦੀ ਜੜ੍ਹ ਹੈ। ਆਰਯਾ ਵਰਤ ਦੇ ਇਤਿਹਾਸ ਪੁਰਾਣ ਪੜ੍ਹ ਦੇਖੋ, ਅਨੇਕ ਮਹਾਰਾਜੇ ਚੱਕ੍ਰਵਰਤੀ ਐਸੇ ਹੋਏ ਹਨ ਜੋ ਇੰਦ੍ਰ ਨੂੰ ਭੀ ਈਨ ਮਨਾ ਕੇ ਮੱਦਦ ਦਿੰਦੇ ਰਹੇ ਪਰ ਬੇਇਤਫ਼ਾਕੀ ਨੇ ਪਛਾੜ ਘੱਤੇ। ਦੂਰ ਨਾ ਜਾਓ, ਅੰਗ੍ਰੇਜ਼ਾਂ ਨੂੰ ਹੀ ਦੇਖ ਲਉ। ਇਲਮ ਇਤਫ਼ਾਕ ਦੇ ਜ਼ੋਰ ਕਿਸ ਜਗ੍ਹਾ ਤੋਂ ਆ ਕੇ ਕਿਸ ਕਿਸ ਜਗ੍ਹਾ ਪਹੁੰਚ ਕਰ, ਕੈਸੀ ਉੱਨਤੀ ਪਰ ਆਪਣੀ ਕੌਮ ਨੂੰ ਪੁਚਾ ਰਹੇ ਹਨ। ਇਹ ਗਿਆਨ ਤਵਾਰੀਖਾਂ ਪੜ੍ਹੇ ਸੁਣੇ ਬਿਨਾਂ ਨਹੀਂ ਹੁੰਦਾ। ਸਿਆਣੇ ਆਦਮੀ ਤਾਂ ਤਵਾਰੀਖਾਂ ਤੋਂ ਅਨੇਕ ਫਾਇਦੇ ਉਠਾਉਂਦੇ ਹਨ ਪਰ ਨਫ਼ੇ ਤੋਂ ਖ਼ਾਲੀ ਨਿਦਾਨ ਭੀ ਨਹੀਂ ਰਹਿੰਦਾ। ਹੋਰ ਕੁਛ ਨਾ ਧਾਰੇਗਾ ਤਾਂ ਮਨ ਦਾ ਪਰਚਾ ਘਰ ਬੈਠੇ ਬਠਾਏ ਸਾਰੀ ਦੁਨੀਆਂ ਦਾ ਸੈਲ ਤਾਂ ਜ਼ਰੂਰ ਕਰ ਲਏਗਾ। ਮੁਲਕ ਪੰਜਾਬ ਜੋ ਸਰਕਾਰ ਅੰਗ੍ਰੇਜ਼ੀ ਦੀ ਹਕੂਮਤ ਤੋਂ ਪਹਿਲੇ ਕੈਸੀ ਬਿਪਤਾ ਵਿੱਚ ਸੀ ਤੇ ਤੁਰਕਾਂ ਦੇ ਜ਼ੁਲਮ ਦੇ ਪੰਜੇ ਵਿੱਚੋਂ ਖਾਲਸੇ ਨੇ ਕਿਸ ਤਰ੍ਹਾਂ ਛੁਡਾਇਆ ਤੇ ਕੈਸਾ ਸੁਖ ਦਿੱਤਾ ਹੈ, ਏਹ ਬ੍ਰਿਤਾਂਤ ਕੇਵਲ ਏਸੇ ਪੋਥੀ ਤੋਂ ਲੱਭਦਾ ਹੈ।

ਗੁਰੂ ਸਾਹਿਬਾਂ ਦੇ ਦੁਨੀਆਂ ਪਰ ਆਉਣ ਦਾ ਕਾਰਣ

ਈਸ਼੍ਵਰ ਦੀ ਸਨਾਤਨ ਮਰਯਾਦਾ ਹੈ, ਜਦ ਜਦ ਕੋਈ ਅਨਯਾਈ ਬਾਦਸ਼ਾਹ ਅਤੇ ਨਿਰਦਈ ਕਾਮੀ, ਕ੍ਰੋਧੀ, ਜ਼ਿਦੀ ਬਾਦੀ ਪੁਰਖ ਵਧ ਕੇ ਸ੍ਰਿਸ਼ਟੀ ਨੂੰ ਦੁੱਖ ਦਿੰਦਾ ਹੈ ਤਦੋਂ ਤਦੋਂ ਕਿਸੇ ਨਾ ਕਿਸੇ ਪੁਰਸ਼ ਨੂੰ ਪ੍ਰਗਟ ਕਰ ਕੇ ਓਨ੍ਹਾਂ ਪਾਪੀਆਂ ਦੇ ਕਰਮਾਂ ਦਾ ਫ਼ਲ ਉਸ ਦੇ ਹੱਥੋਂ ਦਿਵਾ ਕੇ ਈਸ਼੍ਵਰ ਸ੍ਰਿਸ਼ਟੀ ਦੀ ਰੱਖਯਾ ਕਰਦਾ ਹੈ। ਤੇ ਧਰਮ ਦੀ ਮਰਯਾਦਾ ਅਸਥਾਪਨ ਕਰਦਾ ਹੈ ਤੇ ਲੋਕਾਂ ਨੂੰ ਸੱਚੇ ਸੁਖਦਾਈ ਸਿੱਧੇ ਰਸਤੇ ਚਲਾ ਕੇ ਮੁਕਤਿ ਭੁਗਤ ਦੇ ਅਧਿਕਾਰੀ ਕਰ ਦਿੰਦਾ ਹੈ। ਹਿੰਦੂਆਂ ਦੇ ਪੁਸਤਕਾਂ ਵਿੱਚ ਸ੍ਰਿਸ਼ਟੀ ਗੁਣਾਂ ਤੇ ਸ਼ਕਤੀ ਵਾਲੇ ਮਹਾਤਮਾ ਪਰੋਪਕਾਰੀ ਪੁਰਖ ਨੂੰ ਅਵਤਾਰ ਲਿਖਿਆ ਹੈ। ਜੋ ਪਹਿਲੇ ਪਹਿਲ ਪ੍ਰਮੇਸ਼੍ਵਰ ਦੀ ਭਗਤੀ ਬ੍ਰਹਮ ਗਿਆਨ ਤੋਂ ਭੁੱਲੇ ਹੋਏ ਜੀਵਾਂ ਨੂੰ ਹੰਸ ਅਵਤਾਰ ਨੇ ਭਗਤੀ ਗਿਆਨ ਦ੍ਰਿੜਾ ਕੇ ਧਰਮ ਵਿੱਚ ਜੋੜਯਾ। ਉਪਨਿਸ਼ਦਾਂ ਵਿੱਚ ਲਿਖ੍ਯਾ ਹੈ ਕਿ ਬ੍ਰਹਮ ਵਿੱਦ੍ਯਾ ਦੀ ਮਰਯਾਦਾ ਸੰਪ੍ਰਦਾਇ ਓਸੇ ਤੋਂ ਚੱਲੀ ਹੈ ਅਤੇ ਬੈਸ਼ਨੋ ਵੈਰਾਗੀ ਲੋਗ ਉਸੇ ਹੰਸ ਨਾਮ ਮਹਾਤਮਾ ਰਿਖੀ ਤੋਂ ਆਪਣੀ ਆਪਣੀ ਸੰਪ੍ਰਦਾਇ ਦਾ ਪ੍ਰਚਾਰ ਹੋਣਾ ਦੱਸਦੇ ਹਨ। ਜੈਸੇ ਦੁੱਧ ਤੇ ਜਲ ਮਿਲੇ ਹੋਏ ਨੂੰ ਹੰਸ ਵੱਖਰੇ ਵੱਖਰੇ ਕਰ ਜਲ ਨੂੰ ਛੱਡ ਕੇ ਦੁੱਧ ਨੂੰ ਖਾ ਲੈਂਦਾ ਹੈ ਤੈਸੇ ਆਤਮਾ ਅਨਾਤਮਾ ਨੂੰ ਬਵੇਕ ਦਵਾਰਾ ਵੱਖੋ ਵੱਖ ਦਿਖਾ ਕੇ ਅਨਾਤਮਾ ਦਾ ਨਾਮ ਤ੍ਯਾਗ ਆਤਮਾ ਦਾ ਗ੍ਰੈਹਣ ਕਰਾਵਣ ਵਾਲੇ ਮਹਾਤਮਾਂ ਦਾ ਨਾਮ ਪਰਮ ਹੰਸ ਹੈ। ਓਸੇ ਨੂੰ ਬ੍ਰਹਮ ਗਿਆਨੀ ਆਖੀਦਾ ਹੈ। ਸ੍ਰੇਸ਼ਟ ਗੁਣਾਂ ਦੇ ਪੰਜ ਪੁਰਖ ਦਾ ਹੀ ਨਾਮ ਅਵਤਾਰ ਹੈ। ਸੋ ਪਰਮੇਸ਼੍ਰ ਭੀ ਸ੍ਰੇਸ਼ਟ ਗੁਣਾਂ ਦੇ ਪੁੰਜ ਦਾ ਹੀ ਨਾਮ ਹੈ ਤਾਂ ਸੱਤਪੁਰਖ ਬ੍ਰਹਮ ਗਿਆਨੀ ਕਿਉਂ ਨਾ ਅਵਤਾਰ ਹੋਏ। ਸਗੋਂ ਬ੍ਰਹਮ ਗਿਆਨੀ ਨੂੰ ਤਾਂ ਵੇਦ ਤੇ ਗੁਰੂ ਗ੍ਰੰਥ ਸਾਹਿਬ ਜੀ ਵਿੱਚ ਬ੍ਰਹਮ ਹੀ ਲਿਖਿਆ ਹੈ, ਯਥਾ "ਬ੍ਰਹਮਵਿਤ ਬ੍ਰਹਮੈਵ ਭਵਤਿ" ਹੋਰ ਗੁਰੂ ਬਚਨ:

ਬ੍ਰਹਮ ਗਿਆਨੀ ਕਉ ਖੋਜਹਿ ਮਹੇਸੁਰ ॥
ਨਾਨਕ ਬ੍ਰਹਮ ਗਿਆਨੀ ਆਪਿ ਪਰਮੇਸੁਰ ॥੬॥

(ਗਉੜੀ ਸੁਖਮਨੀ, ਮਃ ੫ - ੨੭੩)

ਫੇਰ ਜਦ ਧਰਮ ਦਾ ਰਾਹ ਛੱਡ ਕੇ ਅਧਰਮ ਦੇ ਰਾਹ ਲੋਕ ਪੈ ਤੁਰੇ ਤਾਂ ਰਾਮ ਕ੍ਰਿਸ਼ਨ ਆਦਿਕਾਂ ਨੇ ਦੁਸ਼ਟਾਂ ਨੂੰ ਸੰਘਾਰ ਕੇ ਵੇਦਕ ਧਰਮ ਦਾ ਪ੍ਰਚਾਰ ਕੀਤਾ। ਯੱਦਪਿ ਬਿਆਸ, ਸੰਕਰ, ਗੋਰਖ, ਰਾਮਾਨੁਜ ਅਨੇਕ ਸਤ ਪੁਰਸ਼ ਏਸੇ ਕੰਮ ਵਾਸਤੇ ਹੁੰਦੇ ਰਹੇ ਪਰ ਆਪਣੇ ਆਪਣੇ ਪੰਥਾਂ ਦਾ ਪ੍ਰਚਾਰ ਕਰਨ ਨੂੰ ਜਿਤਨਾ ਜ਼ੋਰ ਲਾਯਾ ਓਤਨਾ ਭਗਤੀ ਗਿਆਨ ਨਹੀਂ ਦ੍ਰਿੜਾਯਾ। ਮਲੂਮ ਹੁੰਦਾ ਹੈ ਕਿ ਬਯਾਸ ਰਿਖੀ ਨੇ ਜੋ ਏਹ ਮਰਯਾਦਾ ਥਾਪੀ ਸੀ ਕਿ ਬ੍ਰਾਹਮਣ ਤਾਂ ਆਪਣੀ ਜੀਵਕਾ ਤੋਂ ਬੇਫ਼ਿਕਰ ਹੋ ਕੇ ਜਪ ਤਪ ਕਰ ਵਿੱਦ੍ਯਾ ਪੜ੍ਹ ਕੇ ਤ੍ਰਿਵਰਣ ਨੂੰ ਵਿੱਦ੍ਯਾ ਦੇ ਫਾਇਦੇ ਪੁਚਾਵਨਗੇ ਅਤੇ ਤੀਨੋਂ ਵਰਣ ਬ੍ਰਾਹਮਣਾਂ ਦੀ ਜੀਵਕਾ ਕਰਾਂਦੇ ਰੈਹਣਗੇ। ਸੋ ਛੱਤ੍ਰੀ ਬੈਸ ਸੂਦ੍ਰ ਤਾਂ ਆਪਣੇ ਧਰਮ ਉੱਤੇ ਜਿਉਂ ਕੇ ਤਿਉਂ ਅਜੇ ਤੱਕ ਖੜੇ ਹਨ ਪਰ ਬ੍ਰਾਹਮਣ ਆਪਣੇ ਧਰਮ ਤੋਂ ਹੀਨ ਹੋ ਗਏ। ਕਿਉਂਕਿ ਇੱਕ ਤਾਂ ਅਮੋਲਕ ਰਤਨਾਂ ਦੀ ਖਾਣ ਵਿੱਦ੍ਯਾ ਵਿਸ਼ੇ ਭੋਗਾਂ ਵਿੱਚ ਲੱਗ ਕੇ ਹੱਥੋਂ ਖੋ ਬੈਠੇ। ਦੂਜੇ ਜਪ, ਤਪ, ਭਗਤੀ, ਸਤ, ਸੰਤੋਖ ਆਦਿਕ ਗੁਣ ਪੱਲੇ ਨਾ ਰੱਖਿਆ। ਜੇੜ੍ਹਾ ਵਿੱਦ੍ਯਾ ਅਧੈਨ ਕਰਨੇ ਬਦਲੇ ਪੁੰਨਜ ਦਾਨ ਲੈਣਾ ਕਾਨੂੰਨ ਠਹਰਾਯਾ ਸੀ ਉਸ ਨੂੰ ਮੌਰੂਸੀ ਵਿਰਸਾ ਥਾਪ ਕੇ ਆਪਣੇ ਡਿਗਰੀ ਪਰਚੇ ਤਾਂ ਜਾਰੀ ਕਰੀ ਜਾਂਦੇ ਹਨ ਪਰ ਆਪ ਜੋ ਵਿੱਦ੍ਯਾ ਦੇ ਬਲ ਨਾਲ ਜੰਤ੍ਰ ਮੰਤ੍ਰ ਸਾਧ ਕੇ ਜਜਮਾਨਾਂ ਨੂੰ ਫਾਇਦੇ ਪੁਚਾਵਣੇ ਸਨ ਓਹ ਕਿੰਚਤ ਭੀ ਨਹੀਂ ਪੁਚਾਂਵਦੇ। ਸਗੋਂ ਪੁੰਨ ਦਾਨ ਦਾ ਧਾਨ ਖਾ ਕੇ ਅਜਿਹੀ ਮਲੀਨ ਬੁੱਧੀ ਹੋਈ ਹੈ ਕਿ ਜੋ ੨੫ ਸਾਲ ਬ੍ਰਹਮਚਰਯ ਧਾਰਣ ਕਰ ਵਿੱਦ੍ਯਾ ਪੜ੍ਹਨੀ ਸੀ ਤੇ ਫੇਰ ੨੫ ਸਾਲ ਗ੍ਰਹਸਤ ਕਰ ਕੇ ਬਾਨ ਪ੍ਰਸਤ ਤੇ ਸੰਨਿਆਸ ਧਰਮ ਧਾਰਨਾ ਸੀ, ਓਹ ਭੀ ਛੱਡ ਬੈਠੇ। ਮਰਨ ਪ੍ਰਯੰਤ ਵਿਸ਼ੇ ਵਿਕਾਰ ਵਿੱਚ ਹੀ ਆਪਣੀ ਉਮਰ ਖ਼ਰਾਬ ਕਰ ਲੈਂਦੇ ਹਨ। ਭੱਖ ਅਭੱਖ ਕੁੱਝ ਨਹੀਂ ਛੱਡਦੇ। ਐਸੇ ਅਧਰਮੀਆਂ ਨੂੰ ਕੇਵਲ ਪ੍ਰੋਹਿਤ ਸਮਝ ਕੇ ਦਾਨ ਦੇਣਾ ਭੀ ਸੁਆਹ ਵਿੱਚ ਆਹੂਤੀ ਪਾਉਣੀ ਹੈ। ਕਿਉਂਕਿ

ਬ੍ਰਾਹਮਣ ਦਾ ਧਰਮ ਕੇਵਲ ਵਿੱਦਿਆ ਪੜ੍ਹੇ ਪੜ੍ਹਾਵੇ ਇੱਕ ਦਿਨ ਦਾ ਭੋਜਨ ਘਰ ਵਿੱਚ ਹੋਏ ਤਾਂ ਦੂਜੇ ਦਿਨ ਦੇ ਜਮ੍ਹਾਂ ਕਰਨ ਲਈ ਜਤਨ ਨਾ ਕਰੇ। ਭਿੱਛਜਾ ਬੇਸ਼ੱਕ ਮੰਗ ਖਾਵੇ ਪਰ ਜਮਾ ਕੁਛ ਨਾ ਰੱਖੇ ਅਤੇ ਨਾ ਹੀ ਵਿਸ਼ੇ ਭੋਗਾਂ ਤੇ ਸੰਸਾਰਕ ਵਿਹਾਰਾਂ ਵਿੱਚ ਲੰਪਟ ਹੋਵੇ। ਸੋ ਏਹ ਧਰਮ ਆਪਣੇ ਸਾਰੇ ਹੀ ਖੂਹ ਵਿੱਚ ਸੁੱਟ ਕੇ ਦੌਲਤ ਜਾਇਦਾਦ ਵਧਾ ਵਧਾ ਕੇ ਆਪ ਸ਼ਾਹੂਕਾਰ ਬਣੇ ਹੋਏ ਬਜਾਜ ਚਲਾਂਵਦੇ ਹਨ ਤੇ ਜਜਮਾਨ ਓਨ੍ਹਾਂ ਦੇ ਕੰਗਾਲ ਹਨ ਜਿਨ੍ਹਾਂ ਨੂੰ ਬ੍ਰਾਹਮਣਾਂ ਨੇ ਹਰ ਪ੍ਰਕਾਰ ਇਲਮ ਹੁਨਰਾਂ ਦੇ ਜ਼ੋਰ ਨਾਲ ਧਨੀ ਕਰ ਰੱਖਣਾ ਸੀ। ਏਸ ਮੰਦ ਮਤੀ ਖ਼ੁਦਗਰਜ਼ ਕੌਮ ਨੇ ਆਪ ਤਾਂ ਵਿੱਦਜਾ ਭੁਲਾ ਦਿੱਤੀ ਤੇ ਹੋਰਨਾਂ ਨੂੰ ਅਨ ਅਧਿਕਾਰੀ ਦੱਸ ਕੇ ਪੜ੍ਹਨ ਨਾ ਦਿੱਤੀ। ਓਹ ਭਾਰਤਵਰਸ਼ ਦੀ ਅਤਿ ਉੱਤਮ ਮਹਾਂ ਵਿੱਦਜਾ ਅਮੋਲਕ ਰਤਨਾਂ ਦੀ ਖਾਣ ਜਿਸ ਦੇ ਚਮਤਕਾਰੇ ਮਹਾਂ ਭਾਰਤਾਦਿਕ ਇਤਿਹਾਸਾਂ ਵਿੱਚ ਪ੍ਰਕਾਸ਼ ਰਹੇ ਹਨ ਸਭ ਸੁਪਨਾ ਕਰ ਛੱਡੀ। ਓਸੇ ਚਿੰਤਾਮਣੀ ਰੂਪ ਮਹਾਂ ਵਿੱਦਜਾ ਦੇ ਜਾਂਦੇ ਰਹਿਣ ਤੋਂ ਭਾਰਤਵਰਸ਼ ਦੀ ਦੁਰਦਸ਼ਾ ਹੈ। ਉੱਪਰਲੇ ਕਥਨ ਤੋਂ ਸਾਡਾ ਏਹ ਤਾਤਪਰਜ ਨਹੀਂ ਕਿ ਸਾਰੇ ਹੀ ਬ੍ਰਾਹਮਣ ਐਸੇ ਹਨ। ਹਾਂ, ਬਹੁਤਾਤ ਹਮੇਸ਼ਾਂ ਗਿਣਤੀ ਵਿੱਚ ਆ ਜਾਂਦੀ ਹੈ। ਜਿਸ ਕੌਮ ਦੇ ੧੦੦ ਵਿੱਚੋਂ ੯੦ ਆਦਮੀ ਜੇਹੜਾ ਕੰਮ ਕਰਨ ਓਹ ਸਾਰੀ ਕੌਮ ਵੱਲੋਂ ਹੀ ਸਮਝਿਆ ਜਾਂਦਾ ਹੈ। ਅਸਚਰਜ ਨਹੀਂ ਕਿ ਹੁਣ ਭੀ ਕਈ ਇੱਕ ਬ੍ਰਾਹਮਣ ਆਪਣੇ ਧਰਮ ਵਿੱਚ ਕਾਇਮ ਹੋਣ ਕਿਉਂਕਿ ਬੀਜ ਨਾਸ਼ ਕਿਸੇ ਚੀਜ਼ ਦਾ ਨਹੀਂ ਹੁੰਦਾ। ਪਰ ਬਹੁਤਿਆਂ ਦਾ ਐਸਾ ਹਾਲ ਦੇਖ ਕੇ ਉੱਪਰਲਾ ਕਥਨ ਕੁਛ ਅਜੋਗ ਨਹੀਂ ਕਿਹਾ ਜਾ ਸਕਦਾ। ਪਹਿਲੇ ਤਾਂ ਵਯਾਸ ਜੀ ਨੇ ਏਹ ਬੁਰਾ ਕੀਤਾ ਜੋ ਆਪਣੀ ਜ਼ਾਤੀ ਦੇ ਮੋਹ ਵਿੱਚ ਫਸ ਕੇ ਏਸੇ ਕਮੀਨ ਕੌਮ ਦੀ ਪੂਜਾ ਮਾਨਤਾ ਠਹਿਰਾ ਦਿੱਤੀ। ਪੂਜਾ ਮਾਨਤਾ ਜਪੀ, ਤਪੀ, ਗੁਣੀ ਪੁਰਸ਼ਾਂ ਦੀ ਰੱਖਣੀ ਸੀ ਚਾਹੇ ਕਿਸੇ ਕੌਮ ਵਿੱਚ ਹੁੰਦੇ। ਦੂਸਰਾ ਕੰਮ ਏਹ ਖੋਟਾ ਕੀਤਾ ਜੋ ਸੁਯੰਬਰ ਹਟਾ ਕੇ ਆਪਣੇ ਲੋਭ ਵਾਸਤੇ ਬਿੱਪ੍ਰਾਂ ਦੇ ਹੱਥ ਕੁੜਮਾਈ ਕਰਨੀ ਸ਼ੁਰੂ ਕਰ ਦਿੱਤੀ ਜੇਹੜੇ ਲੋਭ ਲੈ ਕੇ ਲੋਕਾਂ ਦੀਆਂ ਧੀਆਂ ਨੂੰ ਉਮਰ ਭਰ ਦਾ ਰੋਗ ਲਾ ਛੱਡਦੇ ਹਨ। ਤੀਜਾ ਵਿਧਵਾ ਕਰੇਵਾ ਹਟਾ ਕੇ ਮਹਾਂ ਹੱਤਿਆ ਕੀਤੀ ਜਿਸ ਦਾ ਫ਼ਲ ਬਿਭਚਾਰ ਤੇ ਗਰਭ ਹੱਤਜਾਦਿਕ ਅਨੇਕ ਪਾਪ ਅਤੇ ਸੰਬੰਧੀਆਂ ਦੀ ਇੱਜ਼ਤ ਨਸ਼ਟ ਹੁੰਦੀ ਹੈ। ਚੌਥਾ ਹੋਰ ਭਾਰੀ ਬਿਗਾੜ ਕੀਤਾ ਜੋ ਇੱਕ ਪ੍ਰਮੇਸ਼੍ਵਰ ਦੀ ਪੂਜਾ ਮਾਨਤਾ ਭਗਤੀ ਛੁਡਾ ਕੇ ਬਿਸ਼ਨ, ਸ਼ਿਵ, ਗਣੇਸ਼, ਸੂਰਜ, ਸ਼ਕਤੀ, ਭੈਰੋਂ ਆਦਿਕ ਅਨੇਕ ਪਰਮੇਸ਼੍ਵਰ ਪੁਰਾਣਾਂ ਵਿੱਚ ਬਰਨਨ ਕਰ ਦਿੱਤੇ ਤੇ ਰਾਮ ਕ੍ਰਿਸ਼ਨਾਦਿਕ ਰਾਜਿਆਂ ਦੀਆਂ ਮੂਰਤਾਂ ਪੂਜਨ ਵਿੱਚ ਲੋਕਾਂ ਨੂੰ ਲਾ ਛੱਡਿਆ। ਜੇ ਕਦੇ ਬਯਾਸ ਜੀ ਏਹ ਕੈਦ ਨਾ ਲਾ ਜਾਂਦੇ ਅਤੇ ਸਭ ਲੋਕ ਵਿੱਦਜਾ ਦੇ ਅਧਿਕਾਰੀ ਬਣੇ ਰਹਿੰਦੇ ਤਾਂ ਏਹ ਦਸ਼ਾ ਜੋ ਵਿੱਦਜਾ ਰੂਪੀ ਨੇਤ੍ਰਹੀਨ ਹੋਏ ਤੇ ਏਸ ਬੁੱਢੜੇ ਭਾਰਤ ਦੀ ਹੋਈ, ਸੋ ਨਾ ਹੁੰਦੀ। ਓਸ ਮਹਾਂਵਿੱਦਜਾ ਦੇ ਹੁੰਦਿਆਂ ਕੀ ਮਜ਼ਾਲ ਸੀ ਜੋ ਤਾਤਾਰੀ, ਅਰਬੀ, ਈਰਾਨੀ, ਕੁੱਦ ਕੁੱਦ ਕੇ ਏਸ ਉੱਤੇ ਆਉਂਦੇ। ਜਦ ਏਹ ਵਿੱਦਜਾ ਸੀ ਤਦ ਏਹ ਸਭ ਮੁਲਕਾਂ ਵਾਲੇ ਏਸੇ ਭਾਰਤਵਰਸ਼ ਦੇ ਤਾਬੇਦਾਰ ਸਨ। ਦੇਖੋ ਅਸਮੇਧ ਪਰਬ ਮਹਾਂਭਾਰਤ ਦਾ ਜੋ ਅਰਜਨ ਭੀਮ ਆਦਿਕ ਭਾਰਤ ਵਰਸ਼ੀਆਂ ਨੇ ਓਨ੍ਹਾਂ ਮੁਲਕਾਂ ਨੂੰ ਕੈਸੀ ਕੈਸੀ ਈਨ ਮਨਾ ਰੱਖੀ ਸੀ। ਏਸੇ ਮਹਾਂ ਵਿੱਦਜਾ ਦੇ ਨਸ਼ਟ ਹੋਣ ਕਰ ਭਾਰਤਵਰਸ਼ ਵਿੱਚ ਗੋਰਖ, ਸ਼ੰਕਰ, ਰਾਮਾਨੁਜ ਆਦਿਕਾਂ ਨੇ ਅਨੇਕ ਤਰ੍ਹਾਂ ਦੇ ਪਖੰਡ ਠਟ ਠਟ ਕੇ ਆਪਣੇ ਆਪਣੇ ਪੰਥ, ਮਤ ਚਲਾ ਕਰ ਆਪਸ ਵਿੱਚ ਬਾਦ ਬਿਬਾਦ ਝਗੜੇ ਰਚਾ ਰਚਾ ਕਰ ਐਡੀ ਬੇਇਤਫ਼ਾਕੀ ਖਿੰਡਾਈ ਜੋ ਮੁਲਕ ਤੇ ਬਾਦਸ਼ਾਹੀ ਆਪਣੀ ਕੌਮ ਵਿੱਚੋਂ ਗਵਾ ਕੇ ਤੁਰਕਾਂ ਦੇ ਗ਼ੁਲਾਮ ਬਣ ਬੈਠੇ।

ਪਹਿਲੇ ਪਹਿਲ ਬਿਕ੍ਰਮਾਜੀਤ ਦੇ ਸਮੇਂ ਤਾਤਾਰੀ ਲੋਕਾਂ ਨੇ ਭਾਰਤਵਰਸ਼ ਉੱਤੇ ਚੜ੍ਹਾਈ ਕਰ ਕੇ ਕਈ ਵਰ੍ਹੇ ਲੁੱਟ ਮਾਰ ਰੱਖੀ। ਓਨ੍ਹਾਂ ਨੂੰ ਕੱਢਿਆ ਤਾਂ ਸ਼ੱਕ ਲੋਕਾਂ ਨੇ ਆ ਧੂਮ ਮਚਾਈ। ਓੜਕ ਓਨ੍ਹਾਂ ਨੂੰ ਭੀ ਮਹਾਰਾਜੇ ਬਿਕ੍ਰਮਾਜੀਤ ਨੇ ਮਾਰ ਕੁੱਟ ਕੇ ਪਾਰ ਕੀਤਾ, ਜਿਸ ਕਰ ਕੇ ਬਿਕ੍ਰਮਾਜੀਤ ਦਾ ਨਾਮ ਸ਼ਿਕਾਰੀ ਪੈ ਗਿਆ। ਓਸ ਸਮੇਂ ਬਿਕ੍ਰਮਾਜੀਤ ਉਜੈਨ ਦਾ ਤੇ ਪ੍ਰਿਥੀ ਪਾਲ ਸੀਧਪੁਰ ਦਾ ਏਹ ਦੋ

ਰਾਜੇ ਭਾਰਤ ਵਿੱਚ ਬਹੁਤ ਵੱਡੇ ਸਨ। ਬਿਕ੍ਰਮਾਜੀਤ ਨਰਬਦਾ ਨਦੀ ਤੋਂ ਲੈ ਕੇ ਉੜੀਸਾ, ਬੰਗਾਲ, ਹਿਮਾਲਾ, ਕਸ਼ਮੀਰ, ਕਾਬੁਲ ਕੰਧਾਰ, ਸਿੰਧ ਆਦਿਕ ਦੇਸ਼ਾਂ ਦਾ ਰਾਜਾ ਸੀ, ਉਸ ਨੇ ਉਜੈਨ ਤੋਂ ਉੱਠ ਕੇ ਦਿੱਲੀ ਦੇ ਤਖ਼ਤ ਪਰ ਬੈਠ ਕੇ ਆਪਣੇ ਨਾਮ ਦਾ ਸੰਮਤ ਚਲਾਯਾ।

ਓਧਰ ਨਰਬਦਾ ਤੋਂ ਪਾਰ ਦਾ ਦੱਖਣ ਦੇਸ ਸਾਰਾ ਪ੍ਰਿਥੀ ਪਾਲ ਸਾਲਬਾਹਨ ਦੇ ਬਾਪ ਪਾਸ ਸੀ (ਸੀਧਪੁਰ ਪਾਸ ਇੱਕ ਤੀਰਥ ਵਿੱਚ ਗੁਜਰਾਤੀ ਲੋਕ 'ਗਯਾ' ਵਾਂਗੂੰ ਪਿੰਡ ਭਰਾਉਂਦੇ ਹਨ) ਤਾਤਾਰੀ ਤੇ ਸੱਕਯ ਲੋਗ ਭੀ ਏਨ੍ਹਾਂ ਦੋਹਾਂ ਮਹਾਰਾਜਿਆਂ ਦੀ ਬੇਇਤਫ਼ਾਕੀ ਕਰ ਕੇ ਕਈ ਬਰਸ ਹਿੰਦੁਸਤਾਨ ਨੂੰ ਲੁੱਟਦੇ ਰਹੇ। ਫੇਰ ਜਦ ਸਾਲਬਾਹਨ ੧੫ ਬਰਸ ਦੀ ਉਮਰ ਵਿੱਚ ਆਪਣੇ ਬਾਪ ਮਰੇ ਤੋਂ ਗੱਦੀ ਬੈਠਾ ਤਾਂ ਬਿਕ੍ਰਮਾਜੀਤ ਦੇ ਦੀਵਾਨ ਹੰਸ ਪਾਲ ਨੇ ਨਰਬਦਾ ਤੋਂ ਪਾਰ ਜਾ ਕੇ ਸਾਲਬਾਹਨ ਦਾ ਮੁਲਕ ਦਬਾ ਲੀਤਾ, ਜਿਸ ਤੇ ਬੜੇ ਭਾਰੀ ਜੰਗ ਹੋਏ। ਓੜਕ ਜਦ ਆਪਣੇ ਦੀਵਾਨ ਦੀ ਸਹਾਇਤਾ ਵਾਸਤੇ ਬਿਕ੍ਰਮਾਜੀਤ ਚੜ੍ਹ ਆਇਆ ਤਾਂ ਸਾਲਬਾਹਨ ਨੇ ਲਿਖ ਭੇਜਯਾ ਕਿ ਤੂੰ ਵੱਡੀ ਉਮਰ ਦਾ ਬਹੁਤ ਬੜਾ ਧਰਮਾਤਮਾ ਪਰੋਪਕਾਰੀ ਮਹਾਰਾਜਾ ਹੈਂ। ਮੈਂ ਭੀ ਤੈਨੂੰ ਅਪਨੇ ਬਾਪ ਦਾਦੇ ਜਿਹਾ ਮੰਨਦਾ ਹਾਂ, ਤੇਰੇ ਨਾਲ ਲੜਨਾ ਨਹੀਂ ਚਾਹੁੰਦਾ। ਤੂੰ ਅਪਨੇ ਦੀਵਾਨ ਨੂੰ ਹਟਾ ਲੈ ਮੇਰਾ ਮੁਲਕ ਛੱਡ ਜਾਵੇ। ਓਸ ਨੇ ਤਾਂ ਚੰਗੀ ਗੱਲ ਆਖੀ ਪਰ ਕੁਸੰਗਤ ਨੇ ਕਿਸ ਕਿਸ ਦਾ ਨਾਸ ਨਹੀਂ ਕੀਤਾ, ਭਾਵੀ ਨੇ ਕਿਸ ਕਿਸ ਦੀ ਮੱਤ ਨਹੀਂ ਮਾਰੀ? ਸੱਚ ਹੈ 'ਬਿਨਾਸ਼ ਕਾਲੇ ਬਿਪ੍ਰੀਤ ਬੁੱਧੀ' ਬਿਕ੍ਰਮਾਜੀਤ ਨੂੰ ਤਾਂ ਹੌਂਸਲਾ ਸੀ ਕਿ ਮੈਨੂੰ ਕੌਣ ਜਿੱਤ ਸਕਦਾ ਹੈ। ਮੇਰੀ ਸਹਾਇਤਾ ਪਰ ਮਹਾਂਕਾਲ ਤੇ ਹਰਸ ਦੀ ਦੇਵੀ ਹੈ, ਜਿਨ੍ਹਾਂ ਨੇ ਮੈਨੂੰ ਵਰ ਦਿੱਤਾ ਹੋਇਆ ਹੈ ਕਿ ਤੈਨੂੰ ਓਤਨਾਂ ਚਿਰ ਕੋਈ ਨਾ ਜਿੱਤੇਗਾ ਜਦ ਤੱਕ ਤੂੰ ਅਨੀਤਿ ਨਾ ਕਰੇਂਗਾ। ਸੋ ਵਰ ਤਾਂ ਯਾਦ ਰਿਹਾ ਪਰ ਅਨੀਤ ਕਰਨੀ ਯਾਦ ਨਾ ਰਹੀ। ਓੜਕ ਦੋਹਾਂ ਰਾਜਿਆਂ ਦੇ ਟਕਰਾ ਹੋਨੇ ਪਰ ਬਿਕ੍ਰਮਾਜੀਤ ਸਾਲਬਾਹਨ ਦੇ ਹੱਥੋਂ ਮਾਰਿਆ ਗਿਆ।

ਸਾਲਵਾਹਨ ਨੇ ਇੰਦ੍ਰਪ੍ਰਸਤ ਦੇ ਤਖ਼ਤ ਤੇ ਬੈਠ ਕੇ ਬਿਕ੍ਰਮਾਜੀਤ ਦਾ ਸੰਮਤ ਭੀ ਕਾਇਮ ਰੱਖਿਆ ਤੇ ਆਪਣਾ ਸਿੱਕਾ ਜਾਰੀ ਕਰ ਦਿੱਤਾ ਜੋ ਬਿਕ੍ਰਮਾਜੀਤ ਦੇ ਸੰਮਤ ਤੋਂ ੧੩੫ ਬਰਸ ਪਿੱਛੋਂ ਚੱਲਿਆ ਹੈ। ਏਨ੍ਹਾਂ ਤੋਂ ਪਹਿਲੇ ਰਾਜੇ ਯੁਧਿਸ਼ਟਰ ਦਾ ਸੰਮਤ ਪੱਤ੍ਰੀਆਂ ਉੱਤੇ ਲਿਖਿਆ ਜਾਂਦਾ ਸੀ, ਜੋ ਹੁਣ ੪੯੯੬ ਹੈ।

ਸਾਲਬਾਹਨ ਨੇ ਪੰਜਾਬ ਦੇਸ਼ ਦੀ ਆਬ ਹਵਾ ਪਸੰਦ ਕਰ ਕੇ ਸਯਾਲਕੋਟ ਸ਼ਹਿਰ ਬਸਾ ਕੇ ਰਾਜਧਾਨੀ ਥਾਪੀ। ਏਸੇ ਰਾਜੇ ਦੇ ਬੇਟੇ ਪੂਰਨ ਭਗਤ ਤੇ ਰਾਜਾ ਰਸਾਲੂ ਮਸ਼ਹੂਰ ਹੋਏ ਹਨ। ਰਾਜੇ ਰਸਾਲੂ ਦੇ ਸਮੇਂ ਬਹੁਤ ਦੇਸ਼ ਦੂਸਰੇ ਰਾਜੇ ਦਬਾ ਬੈਠੇ। ਦਿੱਲੀ ਵਿੱਚ ਸਮੁੰਦ੍ਰਪਾਲ ਰਾਜਾ ਤਖ਼ਤ ਉੱਤੇ ਬੈਠ ਗਿਆ। ਓਸ ਦਾ ਬੇਟਾ ਚੰਦ੍ਰ ਪਾਲ ਹੋਇਆ, ੧੪ ਪੁਸ਼ਤ ਓਸ ਦੀ ਉਲਾਦ ਨੇ ਰਾਜ ਕੀਤਾ। ਰਾਜਾ ਦੇਵਾ ਸਿੰਘ, ਰਣ ਸਿੰਘ, ਹਰ ਸਿੰਘ, ਜੀਵਣ ਸਿੰਘ ਆਦਿਕ ਬਹੁਤ ਰਾਜੇ ਹੋਏ। ਫੇਰ ਸੰਮਤ ੭੨੩ ਬਿਕ੍ਰਮੀ ਨੂੰ ਰਾਜਾ ਅਨਿਕ ਪਾਲਤੂਰ ਨੇ ਤਖ਼ਤ ਸੰਭਾਲਕੇ ੭ ਪੁਸ਼ਤ ਰਾਜ ਕੀਤਾ। ਸੰਮਤ ੯੩੭ ਬਿਕ੍ਰਮੀ ਨੂੰ ਰਾਜੇ ਬਲਦੇਵ ਚੁਹਾਣ ਦੇ ਪਾਸ ਦਿੱਲੀ ਆ ਗਈ। ਚੁਹਾਣਾਂ ਦੇ ਵਕਤ ਮਹਿਮੂਦਸ਼ਾਹ ਗਜ਼ਨੀ ਵਾਲਾ ਯਾਰਾਂ ਵਾਰੀ ਏਸ ਮੁਲਕ ਉੱਤੇ ਹੱਲੇ ਕਰ ਕਰ ਆਇਆ। ਚੁਹਾਣਾਂ ਨੇ ਉਸ ਨੂੰ ਰਹਿਣ ਤਾਂ ਨਾ ਦਿੱਤਾ ਪਰ ਹਰ ਵਾਰੀ ਬੇਸ਼ੁਮਾਰ ਮੰਦ੍ਰ ਤੋੜ ਤੋੜ, ਸ਼ਹਿਰ ਲੁੱਟ ਕੇ ਦੌਲਤ ਤੇ ਹਜ਼ਾਰਾਂ ਲੜਕੇ ਲੜਕੀਆਂ ਲੈ ਜਾਂਦਾ ਰਿਹਾ। ਓੜਕ ਸੰਮਤ ੧੨੫੦ ਬਿਕ੍ਰਮੀ ਤੇ ੧੧੯੩ ਈ. ਨੂੰ ਸ਼ਹਾਬਦੀਨ ਗੌਰੀ ਬਾਦਸ਼ਾਹ ਨੇ ਪਾਨੀਪਤ ਦੇ ਜੰਗ ਵਿੱਚ ਮਹਾਰਾਜੇ ਰਾਇ ਪਥੌਰੇ* ਚੁਹਾਣ ਨੂੰ ਜਿੱਤ ਕੇ ਦਿੱਲੀ ਦਾ ਤਖ਼ਤ ਸੰਭਾਲ ਲੀਤਾ। ਸੰਮਤ ੧੭੯੭ ਬਿਕ੍ਰਮੀ ਤੱਕ ਤੁਰਕਾਂ ਦੀ ਬਾਦਸ਼ਾਹੀ ਰਹੀ। ਯੱਦਪਿ ਸਾਢੇ ਪੰਜ ਸੌ ਬਰਸ ਵਿੱਚ ਇੱਕ ਤੋਂ ਇੱਕ ਚੜ੍ਹਦੇ ਜ਼ਾਲਮ ਤੁਰਕ ਬਾਦਸ਼ਾਹਾਂ ਨੇ ਤਖ਼ਤ ਤੇ ਬੈਠ ਕੇ ਹਿੰਦੂਆਂ ਨੂੰ ਮੁਹੰਮਦੀ ਕਰਨ ਲਈ

*ਚੰਦ ਕਵੀ ਤੋਂ ਜਿਸ ਦੇ ਬਾਪ ਦਾ ਨਾਮ ਸੋਮੇਸ਼੍ਵਰ ਦੇ ਦਾਦੇ ਦਾ ਅਨੰਦ ਲਿਖਯਾ ਹੈ ਰਾਇ ਪਥੌਰੇ ਦੇ ਬੇਟੇ ਵੇਸਾਖ ਦੱਤ ਨੇ ਇਤਿਹਾਸ ਨਾਟਕ ਬਣਵਾਯਾ ਹੈ।

ਅਜਿਹੇ ਥੋੜ੍ਹੇ ਜ਼ੁਲਮ ਨਹੀਂ ਕੀਤੇ ਜਿਨ੍ਹਾਂ ਨੂੰ ਯਾਦ ਕਰਨ ਤੋਂ ਛਾਤੀ ਨਾ ਫਟੇ ਤੇ ਨੇਤ੍ਰ ਜਲ ਨਾ ਵਹਾਉਣ ਅਤੇ ਲਿੱਖਣ ਨਾ ਥਿੜਕੇ। ਓਨ੍ਹਾਂ ਜ਼ੁਲਮਾਂ ਨੂੰ ਯਾਦ ਕਰ ਕੇ ਮੇਰੇ ਨੇਤ੍ਰ ਐਸੇ ਡਬਾ ਡਬ ਹੋ ਗਏ ਹਨ ਕਿ ਮੇਰੇ ਵਿੱਚ ਓਹ ਜ਼ੁਲਮ ਆਪਣੀ ਕਲਮ ਨਾਲ ਲਿਖਣ ਦੀ ਤਾਕਤ ਹੀ ਨਹੀਂ ਰਹੀ। ਪਰ ਜਿਹੜੇ ਬ੍ਰਿਤਾਂਤ ਮੁਸਲਮਾਨ ਮੁਸੰਨਫ਼ਾਂ ਨੇ ਆਪਣੇ ਬਾਦਸ਼ਾਹਾਂ ਦੀ ਵਡਿਆਈ ਵਿੱਚ ਲਿਖੇ ਹਨ ਓਨ੍ਹਾਂ ਵਿੱਚੋਂ ਨਮੂਨਾ ਦਿਖਾ ਦਿੰਦੇ ਹਾਂ।

ਮੁਗਲੀਆ ਸਲਤਨਤ

(੧) ਤਵਾਰੀਖ ਤਾਜੁਲ ਮੁਆਸਰ ਵਿੱਚ ਲਿਖਿਆ ਹੈ ਕਿ ਸੰਨ ੧੨੬੩ ਬਿਕ੍ਰਮੀ ਨੂੰ ਜਦ ਕੁਤਬਦੀਨ ਏਬਕ ਨੇ ਸਜੰਗ ਮੇਰਠੇ ਸ਼ਹਿਰ ਤੋਂ ਰਾਣੇ ਬੰਸ ਪਾਲ ਤੋਂ ਛੁਡਾਯਾ ਤਾਂ ੭੦੦ ਦਿਵਾਲਾ ਤੋੜ ਕੇ ਮਸੀਤਾਂ ਬਣਾਈਆਂ। ਬੰਸ ਪਾਲ ਤਾਂ ਸ਼ਹੀਦ ਹੋਯਾ। ਓਸ ਦੇ ਕੁਟੰਬ ਦਾ ਤਿੰਨ ਹਜ਼ਾਰ ਕਾਫਰ ਕਤਲ ਕਰ ਕੇ ਓਨ੍ਹਾਂ ਦੇ ਲਹੂ ਨਾਲ ਮੂਰਤਾਂ ਨੁਲ੍ਹਾਈਆਂ ਤੇ ਚੂਨਾ ਕਰ ਮਸੀਤਾਂ ਨੂੰ ਲਾਯਾ।

(੨) ਸੰਮਤ ੧੨੬੮ ਬਿਕ੍ਰਮੀ ਵਿੱਚ ਏਸੇ ਬਾਦਸ਼ਾਹ ਨੇ ਕੋਇਲ ਸ਼ੈਹਰ (ਰਾਣੀ ਜਗਦੇਈ ਤੋਂ) ਛੁਡਾਯਾ। ਯੱਦਪਿ ਰਾਣੀ ਤਾਂ (ਜੋ ਮਰਦਾਨਾ ਭੇਸ ਧਾਰ ਕੇ ਲੜ ਰਹੀ ਸੀ) ਸ਼ਹੀਦ ਹੋ ਗਈ ਪਰ ਬਾਕੀ ਜਿਸ ਹਿੰਦੂ ਕਾਫਰ ਨੇ ਦੀਨ ਕਬੂਲ ਨਾ ਕੀਤਾ ਕਤਲ ਹੋਯਾ। ਸਾਰੇ ਮੰਦਰ ਤੋੜ ਕੇ ੨੩ ਮਸੀਤਾਂ ਤਿਆਰ ਕਰਵਾਈਆਂ।

(੩) ਸ਼ਹਿਰ ਕਲੰਜਰ ਦੇ ੧੧੩ ਮੰਦਰ ਤੁੜਵਾ ਕੇ ਮਸੀਤਾਂ ਬਣੀਆਂ ਤੇ ਤੇਤੀ ਹਜ਼ਾਰ ਹਿੰਦੂ ਓਹ ਕਤਲ ਹੋਯਾ ਜਿਨ੍ਹਾਂ ਨੇ ਕਲਮਾ ਨਾ ਪੜ੍ਹਿਆ, ੫੦ ਹਜ਼ਾਰ ਹਿੰਦੂ ਗੋਲੀਆਂ ਗੋੱਲੇ ਬਨਾਵਣ ਲਈ ਗਜ਼ਨੀ ਵਿੱਚ ਭੇਜੇ।

(੪) ਤਵਾਰੀਖ ਅਲਾਈ ਵਿੱਚ ਅਮੀਰ ਖੁਸਰੋ ਲਿਖਦਾ ਹੈ ਕਿ ਸੰਨ ੧੩੪੬ ਬਿਕ੍ਰਮੀ ਨੂੰ ਫੀਰੋਜ਼ਸ਼ਾਹ ਖਿਲਜੀ ਨੇ ਦੱਖਣ ਦੇਸ ਦੇ ਰਾਜਾ ਬੀਰ ਸੈਨ ਦਾ ਮੁਲਕ ਫਤੇ ਕਰ ਕੇ ਤਿੰਨ ਵਾਰੀ ਇਸਲਾਮੀਆਂ ਤੋਂ ਐਸਾ ਲੁਟਵਾਇਆ ਜੋ ਅੰਨ, ਬਸਤ੍ਰ ਕੁਛ ਨਾ ਛੱਡਿਆ। ਤਾਂ ਭੀ ਕਾਫ਼ਰਾਂ ਨੇ ਦੀਨ ਇਸਲਾਮ ਨੂੰ ਨਾ ਕਬੂਲ ਕੀਤਾ, ਓੜਕ ਕਤਲ ਹੋਏ।

(੫) ਭਿਲਸਾ ਸ਼ਹਿਰ ਬੀਰਸੈਨ ਦੀ ਰਾਜਧਾਨੀ ਜੋ ਲੱਛਮੀ ਦਾ ਘਰ ਸੀ ਲੁੱਟ ਪੁੱਟ ਕੇ ਉਜਾੜ ਛੱਡਿਆ। ਮੰਦਰ ਤੋੜ ਕੇ ਮਸਜਦਾਂ ਕੀਤੀਆਂ। ਮੂਰਤਾਂ ਦਾ ਫਰਸ਼ ਕਿਲ੍ਹੇ ਅੱਗੇ ਬਣਵਾ ਕੇ ਓਨ੍ਹਾਂ ਉੱਤੇ ਹਰ ਰੋਜ਼ ਇੱਕ ਹਜ਼ਾਰ ਹਿੰਦੂ ਸਾਰੇ ਰਮਜ਼ਾਨ ਵਿੱਚ ਕਟਾਂਵਦਾ ਰਿਹਾ।

(੬) ਅਲਾਉਦੀਨ ਖ਼ਿਲਜੀ ਦਾ ਹਾਲ ਮੀਰ ਅਬਦੁੱਲਾ ਲਿਖਦਾ ਹੈ ਕਿ ਏਹ ਬਾਦਸ਼ਾਹ ਆਪਣੇ ਦੀਨ ਉੱਨਤੀ ਵਾਸਤੇ ਦੂਸਰਾ ਖ਼ਲੀਫਾ ਉਮਰ ਸੀ। ਸ਼ਹਿਰ ਖੰਭਾਤ ਸਮੇਤ ਓਸ ਦੇਸ਼ ਨੂੰ ਦੀਨ ਮਨਾਉਣ ਲਈ ਅਜਿਹੇ ਕਸ਼ਟ ਦਿੱਤੇ ਜਿਨ੍ਹਾਂ ਕਰ ਕੇ ਕਈ ਹਜ਼ਾਰ ਕਾਫ਼ਰ ਮਾਰੀ ਦਾ ਮਰ ਗਿਆ ਪਰ ਮੋਮਨ ਨਾ ਹੋਯਾ। ਓੜਕ ਲਸ਼ਕਰ ਇਸਲਾਮ ਤੋਂ ਲੁਟਵਾ ਕੇ ਕੰਗਾਲ ਕਰ ਛੱਡਯਾ। ਜਿੱਥੋਂ ਦੋ ਲੱਖ ਸਿਪਾਹੀ ਨੂੰ ਸੋਨਾ, ਚਾਂਦੀ, ਹੀਰੇ, ਮੋਤੀ, ਰੇਸ਼ਮੀ ਕੱਪੜੇ ਐਤਨੇ ਲੱਭੇ ਜੋ ਬਾਦਸ਼ਾਹ ਦੀ ਨੌਕਰੀ ਛੱਡ ਕੇ ਦੋ ਦੋ, ਚਾਰ ਚਾਰ ਲੜਕੇ ਲੜਕੀਆਂ ਲੈ ਕੇ ਆਪਣੇ ਦੇਸ਼ ਨੂੰ ਚਲੇ ਗਏ ਤੇ ਬਾਦਸ਼ਾਹ ਨੂੰ ਹੋਰ ਫੌਜ ਨੌਕਰ ਰੱਖਣੀ ਪਈ।

(੭) ਤਵਾਰੀਖ ਅਲਾਈ ਵਿੱਚ ਲਿਖਿਆ ਹੈ ਕਿ ਅਲਾਉਦੀਨ ਨੇ ਇੱਕ ਦਿਨ ਕਾਜ਼ੀ ਤੋਂ ਪੁੱਛਿਆ ਕਿ ਹਿੰਦੂ ਕਾਫ਼ਰਾਂ ਵਾਸਤੇ ਸ਼ਰ੍ਹਾ ਕੀ ਫਰਮਾਉਂਦੀ ਹੈ? ਤਾਂ ਕਾਜ਼ੀ ਨੇ ਅਰਜ਼ ਕੀਤੀ ਹਿੰਦੂ ਧਰਤੀ ਮਾਫ਼ਕ ਹਨ। ਏਨ੍ਹਾਂ ਤੋਂ ਮੋਮਨ ਚਾਂਦੀ ਮੰਗੇ ਤਾਂ ਏਹ ਸੋਨਾ ਕੱਢ ਦੇਣ। ਹਿੰਦੂ ਕਾਫ਼ਰ ਕਮਾਦ ਹਨ। ਜਿਤਨੇ ਪੀੜੇ ਜਾਣ ਓਤਨਾ ਹੀ ਰਸ ਦਿੰਦੇ ਹਨ। ਜੇ ਮੋਮਨ ਥੁੱਕੇ ਤਾਂ ਹਿੰਦੂ ਖ਼ੁਸ਼ੀ ਨਾਲ ਮੂੰਹ ਖੋਲ੍ਹ ਕੇ ਲੈ ਲਵੇ। ਖੁਦਾਵੰਦ ਕਰੀਮ ਨੇ ਹਿੰਦੂ ਮੋਮਨਾਂ ਦੀ ਖ਼ਿਦਮਤ ਲਈ ਪੈਦਾ ਕੀਤੇ ਹਨ। ਹਦੀਸ ਜ਼ਿਆਉਲਾ ਵਿੱਚ ਪੈਗ਼ੰਬਰ ਸਾਹਿਬ ਫੁਰਮਾਂਦੇ ਹਨ ਕਿ ਕਾਫਰਾਂ ਨੂੰ ਮਾਰੋ ਲੁੱਟੋ ਗ਼ੁਲਾਮ ਬਣਾ ਕੇ ਰੱਖੋ। ਹਿੰਦੂ ਦਾ ਮਾਲ ਮੁਸਲਮਾਨ ਵਾਸਤੇ ਮਾਂ ਦਾ ਦੁੱਧ ਹੈ। ਕਲਮਾ ਪੜ੍ਹਾਵਣ ਲਈ ਜਿਤਨਾ ਕਸ਼ਟ ਹਿੰਦੂਆਂ ਨੂੰ ਮੋਮਨ ਦੇਣਗੇ ਓਤਨਾ ਬਹਿਸ਼ਤ ਖ਼ੁਦਾ ਦੇਵੇਗਾ। ਬਾਦਸ਼ਾਹ ਨੇ ਹੱਸ ਕੇ ਜਵਾਬ ਦਿੱਤਾ, "ਮੀਆਂ ਕਾਜ਼ੀ! ਸ਼ਰਾ ਦਾ ਕਮਾਵਨਾ ਤਾਂ ਬਹੁਤ ਦੂਰ ਹੈ, ਪਰ ਮੈਂ ਆਪਣੀ ਫੌਜ ਨੂੰ ਏਹੋ ਹੁਕਮ ਦੇ ਰੱਖਿਆ ਹੈ ਜੋ ਕਿਸੇ ਹਿੰਦੂ ਦੇ ਘਰ ਛੇ ਮਹੀਨੇ ਦੇ ਗ਼ੁਜ਼ਾਰੇ ਤੋਂ ਬਹੁਤੀ ਕੋਈ ਚੀਜ਼ ਨਾ ਛੱਡੋ। ਘਿਉ, ਦੁੱਧ, ਮੂੰਗੀ, ਚਾਵਲ, ਕਣਕ, ਖਰਬੂਜੇ, ਤਰਬੂਜ, ਅੰਬ ਆਦਿ ਚੰਗੀ ਚੀਜ਼ ਕੋਈ ਹਿੰਦੂ ਨਾ ਖਾਵੇ, ਸੁੰਦਰ ਲੜਕਾ ਲੜਕੀ ਫੜ ਲਿਆਓ।"

(੮) ਤਵਾਰੀਖ ਫਰਿਸ਼ਤਾ ਵਿੱਚ ਲਿਖਿਆ ਹੈ ਕਿ ਏਸ ਬਾਦਸ਼ਾਹ ਦੇ ਵਕਤ ਹਿੰਦੂਆਂ ਪਰ ਐਡੀ ਸਖੀਮੀ, ਸਖ਼ਤੀ ਗੁਜ਼ਰਦੀ ਸੀ ਜੋ ਵੱਡੇ ਵੱਡੇ ਘਰਾਂ ਦੀਆਂ ਇਸਤ੍ਰੀਆਂ ਤੁਰਕਾਂ ਦੇ ਘਰਾਂ ਵਿੱਚ ਜਾ ਕੇ ਮਜੂਰੀ ਕਰਦੀਆਂ ਤੇ ਸੈਂਕੜੇ ਹਿੰਦੂ ਭੁੱਖ ਦੇ ਧੋਖੇ ਨਦੀਆਂ ਵਿੱਚ ਡੁੱਬ ਡੁੱਬ ਗਏ, ਪਰ ਦੀਨ ਮਨਜ਼ੂਰ ਨਾ ਕੀਤਾ।

(੯) ਅਮੀਰ ਖੁਸਰੋ ਮੁਹੰਮਦ ਤੁਗਲਕ ਬਾਦਸ਼ਾਹ ਦੇ ਬਾਬਤ ਲਿਖਦਾ ਹੈ ਕਿ ਏਸ ਬਾਦਸ਼ਾਹ ਜੈਸਾ ਦਬਦਬਾ ਹੋਰ ਕਿਸੇ ਬਾਦਸ਼ਾਹ ਦਾ ਨਹੀਂ ਹੋਇਆ, ਜਿਸ ਤਰਫ਼ ਏਸ ਦੀ ਚੜ੍ਹਾਈ ਹੁੰਦੀ ਸੌ ਸੌ ਕੋਹ ਅੱਗੇ ਭਾਜੜਾਂ ਪੈ ਕੇ ਮੁਲਕ ਉਜਾੜ ਹੋ ਜਾਂਦਾ। ਇੱਕ ਹਜ਼ਾਰ ਹਿੰਦੂ ਦੀ ਲੋਥ ਤੇ ਦੋ ਸੌ ਜਲਾਦ ਏਸ ਦੇ ਦਰਵਾਜ਼ੇ ਅੱਗੇ ਹਰ ਵਕਤ ਬਣੇ ਰਹਿੰਦੇ। ਚਾਰ ਪਹਿਰ ਤੋਂ ਬਾਅਦ ਅਗਲੇ ਮੁਰਦੇ ਉਠਾਏ ਜਾਂਦੇ ਤੇ ਹੋਰ ਹਿੰਦੂ ਕਤਲ ਕਰਾ ਸਿਟਾਏ ਜਾਂਦੇ। ਫੌਜ ਵਿੱਚ ੯ ਲੱਖ ਘੋੜਾ, ਤਿੰਨ ਹਜ਼ਾਰ ਹਾਥੀ ਜੰਗੀ ਲੋਹੇ ਦੇ ਝੁੱਲਾਂ ਵਾਲੇ ਤੱਯਾਰ ਰਹਿੰਦੇ। ਬਾਦਸ਼ਾਹੀ ਕਾਰਖਾਨੇ ਵਿੱਚ ੪੪੪ ਕੁੰਭਲ ਕੱਪੜਾ ਬੁਣਨ ਵਾਲੇ ਜੁਲਾਹੇ ਦੀ ਤੇ ਪੰਜ ਸੌ ਅੱਡਾ ਜ਼ਰੀ, ਬਾਫ, ਕਮਖ਼ਾਬ, ਖ਼ਿਲਤਾਂ ਵਾਸਤੇ ਜਾਰੀ ਰਹਿੰਦਾ। ਦਸ ਹਜ਼ਾਰ ਇਸਤ੍ਰੀ ਮਰਦ ਗਾਉਣ ਵਾਲੇ ਬਜਾਉਣ ਵਾਲੇ ਸਨ। ਦੋ ਹਜ਼ਾਰ ਭੇਡ ਬੱਕਰੀ, ਢਾਈ ਸੌ ਗਾਇ ਬੈਲ ਹਮੇਸ਼ ਸ਼ਾਹੀ ਬਵਰਚੀ ਖਾਨੇ ਵਿੱਚ ਖ਼ਰਚ ਹੁੰਦਾ। ਚਿੜੀ, ਕਬੂਤਰ, ਕੁੱਕੜ ਬੇਗਿਣਤ ਮਰਦੇ। ਚਾਰ ਵਜ਼ੀਰ ਰਹਿੰਦੇ। ਇੱਕ ਇੱਕ ਵਜ਼ੀਰ ਦੀ ਤਨਖ਼ਾਹ ਪੰਦਰਾਂ-ਪੰਦਰਾਂ ਲੱਖ ਰੁਪਯਾ ਸਾਲਾਨਾ ਸੀ। ਇੱਕ ਇੱਕ ਵਜ਼ੀਰ ਦੇ ਤਾਬੇ ਚਾਰ-ਚਾਰ ਨਾਇਬ, ਇੱਕ ਇੱਕ ਨਾਇਬ ਦੇ ਅੱਗੇ ਚਾਰ ਚਾਰ ਦੁਬੀਰ, ਇੱਕ ਇੱਕ ਦੁਬੀਰ ਦੇ ਤਾਬੇ ਪੰਜ-ਪੰਜ ਸੌ ਮੁਨਸ਼ੀ। ਜ਼ਾਲਮ ਐਸਾ ਸੀ ਜੋ ਆਪਣੇ ਸਕੇ ਭਾਈ ਬਹਾਵਲਦੀਨ ਤੇ ਭਾਣਜੇ ਗਯਾਸੁੱਦੀਨ ਨੂੰ ਬਾਗ਼ੀ ਹੋ ਜਾਣ ਦੇ ਸ਼ੁਭੇ ਵਿੱਚ ਮਰਵਾ ਕਰ ਓਨ੍ਹਾਂ ਦਾ ਮਾਸ ਪੁਲਾਉ ਵਿੱਚ ਰਿੱਨ੍ਹ ਕੇ ਓਨ੍ਹਾਂ ਦੇ ਬਾਲ ਬੱਚੇ ਨੂੰ ਖੁਆਇਆ ਤੇ ਫੇਰ ਓਨ੍ਹਾਂ ਨੂੰ ਭੀ ਹਾਥੀਆਂ ਤੋਂ ਮਸਲਵਾ ਕੇ ਮਰਵਾ ਦਿੱਤਾ। ਦੌਲਤਾਬਾਦ ਸ਼ਹਿਰ ਜੋ ਬੜਾ ਮਸ਼ਹੂਰ ਸੀ ਐਸਾ ਕਤਲਿਆਮ ਕੀਤਾ ਕਿ ਬਿੱਲੀ ਕੁੱਤਾ ਭੀ ਕੋਈ ਨਾ ਛੱਡਜਾ।

(੧੦) ਤਾਰੀਖ਼ ਫਰਿਸ਼ਤਾ ਨੇ ਸਿਕੰਦਰ ਲੋਦੀ ਦੇ ਜ਼ਿਕਰ ਵਿੱਚ ਸਫ਼ੇ ੧੨ ਪਰ ਲਿਖਿਆ ਹੈ ਕਿ ਮੁਸਲਮਾਨ (ਤਅੱਸਬ) ਜ਼ਿਦ ਬਾਦ ਬਹੁਤ ਕਰਦੇ, ਹਿੰਦੂਆਂ ਤੇ ਬ੍ਰਾਹਮਣਾਂ ਨੂੰ ਖ਼ਾਕ ਜੈਸਾ ਸਮਝਦੇ ਸਨ। ਜਿਸ ਤੀਰਥ ਵਿੱਚ ਹਿੰਦੂ ਇਸ਼ਨਾਨ ਕਰਦੇ ਓਥੇ ਨਿਗਾਹਵਾਨ ਖੜ੍ਹੇ ਕਰ ਸਰਾਇ ਮਦਰੱਸੇ ਬਣਵਾ ਕੇ ਹੁਕਮ ਦਿੱਤਾ ਕਿ ਕਿਸੇ ਨੂੰ ਇਸ਼ਨਾਨ ਨਾ ਕਰਨ ਦਿਓ ਤੇ ਮਥਰਾ ਵਿੱਚ ਸਿਰ ਮੁਨਾਵਣ ਵਾਲੇ ਹਿੰਦੂ ਤੇ ਮੁੰਨਣ ਵਾਲੇ ਹਿੰਦੂ ਨਾਈ ਮਾਰੇ ਜਾਣ ਦਾ ਹੁਕਮ ਹੋਯਾ। ਇੱਕ ਮਸਊਦ ਨਾਮ ਨਿਗਾਹਵਾਨਾਂ ਦਾ ਸਰਦਾਰ ਸਭਨਾਂ ਤੀਰਥਾਂ ਤਲਾਵਾਂ ਵਿੱਚ ਨ੍ਹਾਵਣੋਂ, ਮੰਦਰ ਵਿੱਚ ਜਾਣੋਂ ਰੋਕਦਾ। ਜੋ ਨਾ ਰੁਕਦਾ, ਸੋ ਕਤਲ ਹੁੰਦਾ। ਉਸ ਨੇ ਥਨੇਸਰ ਤੇ ਕੁਰਖੇਤ੍ਰ ਤੀਰਥ ਦੇ ਧਾਰਮਿਕ ਮੇਲੇ ਗ੍ਰਹਣ ਦੇ ਸਮੇਂ ਮੌਲਵੀਆਂ ਨੂੰ ਪੁੱਛਿਆ ਕਿ ਸ਼ਰ੍ਹਾ ਮੁਹੰਮਦੀ ਵਿੱਚ ਕੀ ਹੁਕਮ ਹੈ? ਇੱਕ ਬੁੱਢੇ ਮੌਲਵੀ ਨੇ ਆਖਿਆ ਕਿ ਕਦੀਮੀ ਮੰਦਰਾਂ ਵਿੱਚ ਜਾਣੋਂ ਯਾ ਤੀਰਥਾਂ ਵਿੱਚ ਨ੍ਹਾਵਣੋਂ ਹਿੰਦੂਆਂ ਨੂੰ ਹਟਾਵਣਾਂ ਜਾਇਜ਼ ਨਹੀਂ, ਕਿਉਂਕਿ ਏਹ ਕੰਮ ਹਿੰਦੂ ਕਦੀਮ ਤੋਂ ਕਰਦੇ ਹਨ। ਏਨ੍ਹਾਂ ਤੋਂ ਰੋਕਣਾ ਤੇ ਏਨ੍ਹਾਂ ਨੂੰ ਵੈਰਾਨ ਕਰਨਾ ਆਪ ਨੂੰ ਵਾਜਬ ਨਹੀਂ। ਏਹ ਸੁਣਦੇ ਸਾਰ ਓਸ ਨੇ ਖ਼ੰਜਰ ਖੈਂਚ ਕੇ ਮੌਲਵੀ ਨੂੰ ਆਖਿਆ ਤੂੰ ਕਾਫ਼ਰਾਂ ਦੀ ਮਦਦ ਕਰਦਾ ਹੈਂ।

(੧੧) ਤਾਰੀਖ ਅਲਾਈ ਵਿੱਚ ਲਿਖਿਆ ਹੈ ਜਦ ਅਲਾਉਦੀਨ ਸਿਕੰਦਰ ਨੇ ਸੰਮਤ ੧੪੨੬ ਬਿਕ੍ਰਮੀ ਨੂੰ ਪੁਰਾਣੀ ਦਿੱਲੀ ਵਿੱਚ ਨਵਾਂ ਕਿਲ੍ਹਾ ਬਣਾਇਆ ਤਾਂ ੧੧ ਹਜ਼ਾਰ ਮੰਦਰ ਤੁੜਾ ਕੇ ਓਨ੍ਹਾਂ ਦੀਆਂ ਮੂਰਤਾਂ, ਪੱਥਰਾਂ, ਇੱਟਾਂ ਨਾਲ ਚਿਣਵਾਇਆ ਸੀ।

(੧੨) ਖੁਸਰੋ ਨੇ ਜਲਾਲਦੀਨ ਖਿਲਜੀ ਬਾਦਸ਼ਾਹ ਦੀ ਨਰਮ ਮਿਜਾਜ਼ੀ ਤਾਂ ਐਸੀ ਲਿਖੀ ਹੈ ਕਿ ਓਹ ਚੋਰਾਂ ਨੂੰ ਸਜ਼ਾ ਦੁੱਖ ਨਹੀਂ ਦਿੰਦਾ ਸੀ ਕੇਵਲ ਚੋਰੀ ਨਾ ਕਰਨ ਦੀ ਸੌਂਹ ਕਰਾ ਕੇ ਛੱਡ ਦਿੰਦਾ। ਪਰ ਏਹ ਗੱਲ ਛਿਪਾ ਗਿਆ ਜੋ ਸੰਮਤ ੧੩੪੪ ਬਿਕ੍ਰਮੀ ਨੂੰ ਓਸ ਨੇ ਮਾਲਵਾ, ਕਾਠੀਆਵਾੜ,

ਮੇਵਾੜ, ਕੱਛ, ਗੁਜਰਾਤ ਆਦਿਕ ਮੁਲਕਾਂ ਵਿੱਚ ਤੁਰਕੀ ਫੌਜ ਲੈ ਜਾ ਕਰ ਹਿੰਦੂ ਅਜੇਹੇ ਲੁਟਵਾਏ ਕਿ ਮਿੱਟੀ ਦੇ ਤਵੇ ਚੜ੍ਹਵਾ ਛੱਡੇ। ੩੦ ਹਜ਼ਾਰ ਹਿੰਦੂਆਂ ਦੇ ਛੋਕਰੇ ਛੋਕਰੀਆਂ ਬ੍ਰਿਲਾਪ ਕਰਦੇ ਹੋਏ ਮਾਂ ਬਾਪ ਤੋਂ ਵਿਛੋੜ ਕੇ ਸਿਨਾਮ ਵਿੱਚ ਮੁਸਲਮਾਨਾਂ ਨੂੰ ਗ਼ੁਲਾਮ ਠਹਰਾ ਕੇ ਵੰਡ ਦਿੱਤੇ। ਚੌਦਾਂ ਹਜ਼ਾਰ ਸਿਰ ਨਾਮੀ ਹਿੰਦੂਆਂ ਦਾ ਕਿਲ੍ਹੇ ਦੀਆਂ ਕੰਧਾਂ ਉੱਤੇ ਕਿੰਗਰਯਾਂ ਦੇ ਥਾਉਂ ਧਰਾ ਕੇ ਉਨ੍ਹਾਂ ਉੱਤੇ ਦੀਵੇ ਜਗਵਾਏ ਤੇ ਜਲਸਾ ਕੀਤਾ। ਏਸ ਨੇ ਪਰਜਾ ਐਡੀ ਭੁੱਖੀ ਤੰਗ ਰੱਖ ਕੇ ਕਾਬੂ ਕਰ ਛੱਡੀ ਸੀ ਜੋ ਇੱਕ ਵਾਰੀ ਕਾਲ ਪਿਆ ਸਵਾ ਮਣ ਅੰਨ ਰੁਪਏ ਦਾ ਵਿਕਣ ਲੱਗਾ ਪਰ ਰੁਪਿਆ ਕਿਸੇ ਹਿੰਦੂ ਪਾਸ ਨਹੀਂ ਛੱਡਿਆ ਸੀ। ਬੇਅੰਤ ਹਿੰਦੂ ਭੁੱਖੇ ਮਰ ਗਏ। ਏਨ੍ਹਾਂ ਗੱਲਾਂ ਤੋਂ ਸਹੀ ਹੁੰਦਾ ਹੈ ਕਿ ਜਿਨ੍ਹਾਂ ਚੋਰਾਂ ਨੂੰ ਕਸਮ ਖੁਆ ਕੇ ਛੱਡਦਾ ਸੀ ਓਹ ਭੀ ਮੁਸਲਮਾਨ ਹੋਣਗੇ।

(੧੩) ਦੇਖੋ ਫੀਰੋਜ਼ਸ਼ਾਹ ਦੀ ਕਰਤੂਤ ਤਾਰੀਖ ਫੀਰੋਜ਼ੀ ਵਿੱਚ ਆਪ ਤਾਂ ਐਉਂ ਲਿਖਦਾ ਹੈ 'ਮੇਰੇ ਤੋਂ ਪਹਿਲੇ ਬਾਦਸ਼ਾਹ ਥੋੜ੍ਹੇ ਥੋੜ੍ਹੇ ਕਸੂਰ ਪਰ ਬੜੀ ਬੜੀ ਸਜ਼ਾ ਦਿੰਦੇ ਸੇ ਕਿ ਹੱਥ, ਪੈਰ, ਨੱਕ ਕਟਵਾ ਅੰਧੇ ਕਰਾ ਕੇ ਛੱਡਦੇ ਸੇ ਪਰ ਮੈਂ ਕਿਸੇ ਨੂੰ ਦੁੱਖ ਨਹੀਂ ਦੇਣਾ ਚਾਹੁੰਦਾ, ਹਿੰਦੂ ਮੁਸਲਮਾਨ ਦੋਵੇਂ ਦੀਨ ਮੈਨੂੰ ਇੱਕੋ ਜਿਹੇ ਹਨ।' ਪਰੰਤੂ ਤਾਰੀਖ ਫਰਿਸ਼ਤਾ ਲਿਖਦਾ ਹੈ ਜਿਦ ਫੀਰੋਜ਼ਸ਼ਾਹ ਨੇ ਨਗਰਕੋਟ ਕਾਂਗੜਾ ਫਤਿਹ ਕੀਤਾ ਤਾਂ ਮੰਦਰ ਤੋੜ ਕੇ ਮੂਰਤਾਂ ਗਊ ਦੇ ਕੱਚੇ ਚੰਮ ਵਿੱਚ ਸਿਵਾ ਕੇ ਬ੍ਰਾਹਮਣਾਂ ਦੇ ਗਲ੍ਹ ਬੰਧਵਾ ਦਿੱਤੀਆਂ। ਦਸ ਹਜ਼ਾਰ ਬ੍ਰਾਹਮਣ ਛੱਤ੍ਰੀ ਨੂੰ ਜਬਰਨ ਗਊ ਦਾ ਮਾਸ ਖੁਲਾਯਾ। ੧੩ ਹਜ਼ਾਰ ਮੰਦਰਾਂ ਦੇ ਪੁਜਾਰੀ ਬ੍ਰਾਹਮਣ ਜੋ ਹਿੰਦੂਆਂ ਨੂੰ ਦੀਨ ਵਿੱਚ ਆਵਣੋਂ ਰੋਕਦੇ ਸਨ ਕਤਲ ਕਰਾਏ।

(੧੪) ਤਾਰੀਖ ਫੀਰੋਜ਼ ਸ਼ਾਹੀ ਵਿੱਚ ਲਿਖਯਾ ਹੈ ਕਿ ਇੱਕ ਬ੍ਰਾਹਮਣ ਦਿੱਲੀ ਵਿੱਚ ਆਪਣੇ ਘਰ ਅੰਦਰ ਬੈਠ ਕੇ ਮੂਰਤੀ ਪੂਜਾ ਕਰਦਾ ਹੋਯਾ ਪਕੜਯਾ ਗਿਆ, ਓਹ ਸ਼ਾਹੀ ਹੁਕਮ ਨਾਲ ਜੀਂਦਾ ਹੀ ਤੰਦੂਰ ਵਿੱਚ ਸਾੜਿਆ ਗਿਆ ਜੋ ਐਸਾ ਮਕਰੂਹ ਕੰਮ ਫੇਰ ਕੋਈ ਨਾ ਕਰੇ।

(੧੫) ਓਹ ਲਿਖਦਾ ਹੈ ਕਿ ਹਿੰਦੂ ਕਾਫ਼ਰਾਂ ਨੇ ਜਦੋਂ ਤੱਕ ਜੇਜ਼ੀਆ ਦੇਣਾ ਨਾ ਮੰਨਯਾਂ ਤਦੋਂ ਤੱਕ ਅਮਨ ਨਾ ਹੋਣ ਦਿੱਤਾ। ਚਾਬਕਾਂ ਨਾਲ ਚੰਮ ਉਡਾਂਵਦਾ ਰਿਹਾ। ਪੂਰਬ ਦੇਸ਼ ਦੇ ਬੁੱਤ ਖਾਨੇ ਤੁੜਾ ਕੇ ਮਸੀਤਾਂ ਖ਼ੁਦਾ ਦੇ ਘਰ ਬਣਾਏ। ੨੨ ਹਜ਼ਾਰ ਹਿੰਦੂ ਮੂਰਤਾਂ ਪੂਜਣ ਵਾਲਾ ਕਤਲ ਕਰਾਯਾ।

(੧੬) ਏਸ ਬਾਦਸ਼ਾਹ ਨੇ ਡੌਂਡੀ ਫਿਰਾ ਸੀ ਕਿ ਮੂਰਤੀ ਪੂਜਾ, ਸੰਖ ਦੀ ਆਵਾਜ਼, ਬੇਦ ਸ਼ਾਸਤ੍ਰ ਦੀ ਕਥਾ ਆਦਿਕ (ਮਕਰੂਹ) ਖ਼ਰਾਬ ਕੰਮ ਕੋਈ ਨਾ ਕਰੇ।

(੧੭) ਇੱਕ ਵਾਰੀ ਦੋ ਸਰਾਫਾਂ ਨੇ ਅਰਜ਼ੀ ਦਿੱਤੀ ਕਿ ਬਾਦਸ਼ਾਹੀ ਸ਼ਸ਼ਗਾਨੀ ਵਿੱਚ (ਜੋ ਦੁਆਨੀ ਬਰਾਬਰ ਹੁੰਦੀ ਸੀ) ਦੋ ਰੱਤੀ ਚਾਂਦੀ ਘੱਟ ਹੈ। ਟਕਸਾਲ ਵਾਲਿਆਂ ਨੂੰ ਸਜ਼ਾ ਹੋਣੀ ਚਾਹੀਦੀ ਹੈ। ਬਾਦਸ਼ਾਹ ਨੇ ਵਜ਼ੀਰ ਨੂੰ ਪੁੱਛਿਆ। ਵਜ਼ੀਰ ਨੇ ਟਕਸਾਲੀਆਂ ਤੋਂ ਵੱਢੀ ਖਾ ਕੇ ਆਖਿਆ, "ਸ਼ਸ਼ਗਾਨੀ ਦੇ ਵੱਧ ਘੱਟ ਦੀ ਕੁਛ ਬਾਤ ਨਹੀਂ। ਸਿੱਕਾ ਕੁਆਰੀ ਕੰਨਯਾ ਹੈ, ਏਸ ਦੀ ਬਦਨਾਮੀ ਹੋਈ ਤਾਂ ਫੇਰ ਕੋਈ ਨਾ ਲਵੇਗਾ।" ਏਹ ਸੁਣ ਕੇ ਬਾਦਸ਼ਾਹ ਨੇ ਉਲਟਾ ਓਨ੍ਹਾਂ ਸਰਾਫਾਂ ਨੂੰ ਹੀ ਸਜ਼ਾ ਦੇ ਦਿੱਤੀ, ਏਹ ਤਾਂ ਨਜਾਉਂ ਦਾ ਨਮੂਨਾ ਹੈ।

ਬੰਦੋਬਸਤ ਦਾ ਨਮੂਨਾ

(੧੮) ਜਦ ਨਗਰ ਠੱਟੇ ਤੋਂ ਫੀਰੋਜ਼ਸ਼ਾਹ ਹਾਰ ਮੰਨ ਕੇ ਕੱਛ ਦੇਸ਼ ਦੇ ਰਸਤੇ ਗੁਜਰਾਤ ਨੂੰ ਚੱਲਯ ਤਾਂ ਕੁੱਛ ਮੁਲਕ ਦੇ ਜੰਗਲਾਂ ਤੇ ਲਖਪਤ ਦੇ ਰਣ ਵਿੱਚ ਛੀ ਮਹੀਨੇ ਭੁੱਲਯਾ ਫਿਰਦਾ ਰਿਹਾ, ਲੱਖਾਂ ਜੀਵ ਮਰ ਗਏ। ਦਿੱਲੀ ਵਿੱਚ ਵਜ਼ੀਰ ਨੂੰ ਕੁਛ ਖ਼ਬਰ ਨਾ ਪਹੁੰਚੀ, ਹੁਣ ਤਾਂ ਇੱਕ ਇੱਕ ਲੜਕਾ ਸਕੂਲ ਦੇ ਪੜ੍ਹਨ ਵਾਲਾ ਸਾਰੀ ਏਸ਼ੀਆ ਦਾ ਨਕਸ਼ਾ ਜ਼ੁਬਾਨ ਤੇ ਰੱਖਦਾ ਹੈ ਤੇ ਜਿੱਥੇ ਚਾਹੇ ਪਹੁੰਚਾ ਸਕਦਾ ਹੈ।

ਖ਼ਰਚ ਦਾ ਨਮੂਨਾ

(੧੯) ਵਜ਼ੀਰ ਦੀ ਤਨਖ਼ਾਹ ੧੩ ਲੱਖ ਨਕਦ ਇੱਕ ਕਰੋੜ ਸਾਲ ਦੀ ਜਾਗੀਰ। ਬਾਕੀ ਓਸ ਦੀਆਂ ਦੋ ਹਜ਼ਾਰ ਬੇਗਮਾਂ ਸਨ ਜਿਨ੍ਹਾਂ ਦੀ ਤਨਖ਼ਾਹ ਵੱਖ ਵੱਖ ਸ਼ਾਹੀ ਖ਼ਜ਼ਾਨੇ ਵਿੱਚੋਂ ਮਿਲਦੀ ਹੁੰਦੀ ਸੀ, ਏਹੋ ਨਮੂਨਾ ਹੋਰ ਖ਼ਰਚਾਂ ਦਾ ਸਮਝੋ।

(੨੦) ਇਨਸਾਫ਼ ਦੀ ਵਾਗ ਓਦੋਂ ਕਾਜ਼ੀਆਂ ਦੇ ਹੱਥ ਹੁੰਦੀ ਸੀ, ਤਾਰੀਖ ਸਿੰਧ ਵਿੱਚ ਲਿਖਿਆ ਹੈ ਨਗਰ ਠੱਟੇ ਦੇ ਹਾਕਮ ਜਾਮਸੰਜਰ ਨੇ ਸੁਣਿਆ ਕਿ ਕਾਜ਼ੀ ਵੱਢੀ ਲੈਂਦਾ ਹੈ। ਜਾਂ ਬੁਲਾ ਕੇ ਪੁੱਛਿਆ ਤਾਂ ਕਾਜ਼ੀ ਨੇ ਆਖਿਆ ਬੇਸ਼ਕ ਮੁਦੱਈ ਮੁੱਦਾਲੈ ਤੋਂ ਵੱਢੀ ਲੈਂਦਾ ਹਾਂ, ਪਰ ਅਫਸੋਸ਼ ਗਵਾਹਾਂ ਤੋਂ ਕੁੱਝ ਨਹੀਂ ਮਿਲਦਾ। ਏਸੇ ਲਈ ਮੇਰਾ ਬਾਲ ਬੱਚਾ ਭੁੱਖਾ ਮਰਦਾ ਹੈ, ਹਾਕਮ ਹੱਸ ਕੇ ਚੁੱਪ ਕਰ ਰਿਹਾ।

ਜ਼ੋਰ ਜ਼ੁਲਮ ਦਾ ਨਮੂਨਾ

(੨੧) ਰਾਣਾ ਮਲ ਭੱਟੀ ਭਟਨੇਰ ਵਾਲੇ ਦੀ ਬੇਟੀ ਸੁੰਦਰ ਸੁਣ ਕੇ ਫੀਰੋਜ਼ ਸ਼ਾਹ ਦੇ ਬਾਪ ਗਿਆਸੁੱਦੀਨ ਨੇ ਮੰਗੀ। ਜਾਂ ਓਸ ਨੇ ਟਾਲਾ ਕੀਤਾ ਤਾਂ ਲਸ਼ਕਰ ਲੈ ਕੇ ਚੜ੍ਹ ਪਿਆ, ਸਖ਼ਤੀ ਕਰਨ ਲੱਗਾ। ਓਸ ਕੁੜੀ ਨੇ ਮਾਂ ਬਾਪ ਨੂੰ ਆਖਿਆ, "ਜੇ ਮੇਰੇ ਦੇਣ ਨਾਲ ਸਾਰਾ ਕੁਟੰਬ ਤੇ ਰਾਜ ਬਚ ਰਹੇ ਤਾਂ ਦੇ ਛੱਡੋ। ਜਾਣੋਂ ਮਰ ਗਈ ਯਾ ਜਿਸ ਤਰ੍ਹਾਂ ਹੋਰ ਲੋਕਾਂ ਦੀਆਂ ਧੀਆਂ ਨੂੰ ਤੁਰਕ ਚੱਕ ਕੇ ਲੈ ਜਾਂਦੇ ਹਨ ਮੈਨੂੰ ਭੀ ਲੈ ਗਏ ਸਮਝੋ।"

ਰਾਣਾ ਮੱਲ ਨੇ ਬੇਟੀ ਦਾ ਡੋਲਾ ਦੇ ਕੇ ਜਾਨ ਬਚਾਈ, ਜਿਸ ਵਿੱਚੋਂ ਫੀਰੋਜ਼ਸ਼ਾਹ ਪੈਦਾ ਹੋਯਾ। ਏਨ੍ਹਾਂ ਹੀ ਉਪੱਦਰਾਂ ਤੋਂ ਡਰਦੇ ਬਹੁਤ ਹਿੰਦੂ ਬੇਟੀਆਂ ਮਾਰਨ ਲੱਗ ਪਏ ਸਨ ਜੋ ਕੁਛ ਤਾਂ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨੇ ਹਟਾਏ, ਬਾਕੀ ਸਰਕਾਰ ਅੰਗ੍ਰੇਜ਼ੀ ਨੇ। ਤੁਰਕਾਨੀ ਰਾਜ ਨਸ਼ਟ ਹੋਏ ਨੂੰ ਭੀ ਡੂਢ ਸੌ ਬਰਸ ਗ਼ੁਜ਼ਰ ਗਿਆ। ਪਰ ਸੂਰਜ ਛਿਪੇ ਤੋਂ ਛੱਤਰੀ ਤਾਣ ਕੇ ਫਿਰਨ ਵਾਂਗੂੰ ਅਹਿਮਕ ਲੋਗ ਅਜੇ ਵੀ ਕੰਨਜਾਂ ਦੀ ਮਹਾਂ ਹੱਤਜਾ ਕਰੀ ਜਾਂਦੇ ਹਨ। ਆਸ਼ਾ ਹੈ ਜਿਸ ਤਰ੍ਹਾਂ ਸਰਕਾਰ ਅੰਗ੍ਰੇਜ਼ੀ ਨੇ ਕੰਨਜਾਂ ਬਚਾਵਣ ਦਾ ਪੁੰਨ ਖੱਟਿਆ ਹੈ ਕਦੇ ਵਿਧਵਾ ਇਸਤ੍ਰੀਆਂ ਦਾ ਭੀ ਦੁੱਖ ਦੂਰ ਕਰ ਦੇਵੇਗੀ।

(੨੨) ਮੀਰ ਤਹਮੂਰ (ਤਿਮਰਲੰਗ) ਆਪਣੀ ਤਾਰੀਖ ਵਿੱਚ ਆਪੇ ਲਿਖਦਾ ਹੈ ਕਿ ਮੇਰੇ ਹੁਕਮ ਨਾਲ ਇਲਾਕੇ ਦੀਪਾਲਪੁਰ ਵਿੱਚ ਪੰਜ ਹਜ਼ਾਰ, ਤੇ ਅਜੁੱਧਜਾ ਦੇ ਪਰਗਣੇ ਚੌਦਾਂ ਹਜ਼ਾਰ, ਬਨਾਰਸ ਦੇ ਤੇਤੀ ਹਜ਼ਾਰ ਹਿੰਦੂ ਬ੍ਰਾਹਮਣ ਕਤਲ ਤੇ ਓਨ੍ਹਾਂ ਦੇ ਕੁੜੀਆਂ ਮੁੰਡੇ ਦਾਸ ਦਾਸੀਆਂ ਕੀਤੇ ਗਏ। ਜੇਜ਼ੀਆ ਲਾਉਣ ਬਦਲੇ ਭਟਨੇਰ ਵਿੱਚ ਹਾਰ ਹੋਣੇ ਕਰ ਉਨੱਤੀ ਹਜ਼ਾਰ ਹਿੰਦੂ ਕੋਠਿਆਂ ਵਿੱਚ ਬੰਦ ਕਰ ਕੇ ਸੜਵਾ ਦਿੱਤੇ। ਡੇਢ ਲੱਖ ਤੁਰਕੀ ਸਿਪਾਹੀ ਕੇਵਲ ਹਿੰਦੂਆਂ ਨੂੰ ਲੁੱਟਣ ਵਾਸਤੇ ਛੱਡਜਾ ਹੋਯਾ ਹੈ। ਦਿੱਲੀ ਵਿੱਚ ਪਹੁੰਚ ਕੇ ਮੈਂ ਪੰਦਰਾਂ ਦਿਨ ਚੈਨ ਨਾਲ ਬੈਠਾ। ਫੇਰ ਮੈਨੂੰ ਖਜਾਲ ਫੁਰਿਆ ਕਿ ਮੇਰਾ ਆਉਣਾ ਹਿੰਦੁਸਤਾਨ ਵਿੱਚ ਹਿੰਦੂਆਂ ਦੇ ਨਾਸ਼ ਕਰਨ ਨੂੰ ਤੇ ਉਨ੍ਹਾਂ ਦਾ ਮਾਲ ਮੋਮਨਾਂ ਨੂੰ ਲੁਟਾਵਣ ਵਾਸਤੇ ਹੈ। ਆਰਾਮ ਨਾਲ ਬੈਠਣਾ ਮੇਰੇ ਵਾਸਤੇ ਹਰਾਮ ਹੈ। ਏਹ ਸੋਚ ਕੇ ਗੰਗਾ ਦੇ ਆਰ ਪਾਰ ਬੇਸ਼ੁਮਾਰ ਹਿੰਦੂ ਲੁੱਟੇ ਮਾਰੇ, ਕੰਗਾਲ ਕਰ ਛੱਡੇ। ਅਨੇਕ ਪਰਬਤੀ ਰਾਜਿਆਂ ਨੂੰ ਜ਼ੋਰ ਜ਼ੁਲਮ ਨਾਲ ਗਾਇ ਦਾ ਗੋਸ਼ਤ ਖੁਲਾਯਾ। ਫੇਰ ਸਮਰਕੰਦ ਪਹੁੰਚਣ ਤੱਕ ਸੱਤ ਲੱਖ ਦੇ ਲੱਗਪੱਗ ਹਿੰਦੂ ਕਤਲ ਤੇ ਦੋ ਲੱਖ ਮੋਮਨ ਕੀਤਾ ਜਿਸ ਤੋਂ ਮੈਂ ਹੁਣ ਆਪ ਨੂੰ ਬਹਿਸ਼ਤ ਦਾ ਅਧਿਕਾਰੀ ਸਮਝਦਾ ਹਾਂ।

(੨੩) ਬਾਬਰ ਸ਼ਾਹ ਤੋਜ਼ਕ ਬਾਬਰੀ ਵਿੱਚ ਲਿਖਦਾ ਹੈ ਕਿ ਮੈਂ ਆਪਣੀ ਫਤੇ ਦੇ ਸ਼ਗਨ ਮਨਾਵਣ ਵਾਸਤੇ ਹਿੰਦੂ ਕਾਫ਼ਰਾਂ ਦੇ ਪਿੰਡਾਂ ਤੇ ਸ਼ਹਿਰਾਂ ਨੂੰ ਅੱਗ ਲਵਾ ਕੇ ਖ਼ੁਸ਼ ਹੁੰਦਾ ਹਾਂ। ਜੋ ਫੜੇ ਆਂਵਦੇ ਹਨ ਓਨ੍ਹਾਂ ਨੂੰ ਆਪਣੇ ਸਾਹਮਣੇ ਤੰਬੂ ਪਾਸ ਕਤਲ ਕਰਾ ਕੇ ਉਮੈਦਵਾਰ ਬਹਿਸ਼ਤ ਦਾ ਹੁੰਦਾ ਹਾਂ। ਇੱਕ ਵਾਰੀ ਏਤਨੇ ਹਿੰਦੂ ਕਤਲ ਹੋਏ ਜੋ ਤਿੰਨ ਵਾਰੀ ਮੈਨੂੰ ਤੰਬੂ ਬਦਲਾਵਣਾ ਪਿਆ।

ਭਾਈ ਮਿਤ੍ਰੋ! ਕਿਹੜੇ-ਕਿਹੜੇ ਜ਼ੁਲਮ ਦੱਸੀਏ, ਤੁਰਕ ਬਾਦਸ਼ਾਹ ਸਾਰੇ ਹੀ ਹਿੰਦਵਾਇਣ ਦੇ ਨਸ਼ਟ ਨੂੰ ਜ਼ੋਰ ਲਾਉਂਦੇ ਰਹੇ। ਜਿਹੜੇ-ਜਿਹੜੇ ਬੇਸ਼ੁਮਾਰ ਥੇਹ ਪੰਜਾਬ ਤੇ ਹਿੰਦੁਸਤਾਨ ਵਿੱਚ ਪਏ ਦੇਖੀਦੇ ਹਨ ਏਹ ਸਭ ਤੁਰਕ ਬਾਦਸ਼ਾਹਾਂ ਦੀ ਕਰਤੂਤ ਹੈ। ਕਿੱਥੇ ਹੈ ਕਨੌਜ ਸ਼ਹਿਰ ਜੋ ਪੈਂਤੀ ਕੋਹਾਂ ਵਿੱਚ ਵੱਸਦਾ ਹੁੰਦਾ ਸੀ? ਤਿੰਨ ਹਜ਼ਾਰ ਦੁਕਾਨ ਕੇਵਲ ਪਾਨਵਾੜੀਆਂ ਦੀ ਸੀ। ਸ਼ਹਾਬੁੱਦੀਨ ਗੌਰੀ ਨੇ ਲੁੱਟ ਮਾਰ ਕਰ ਉਜਾੜ ਥੇਹ ਕਰ ਛੱਡਿਆ। ਕਿੱਥੇ ਹੈ ਮਥਰਾ ਸ਼ਹਿਰ ਜਿੱਥੇ ੨੨ ਕੋਹ ਵਿੱਚ ਮੰਦਰ ਨਾਲ ਮੰਦਰ ਜੁੜ ਰਹੇ ਸਨ? ਮਹਿਮੂਦ ਗਜ਼ਨਵੀ ਵਾਲਾ ਮਲੀਆਮੇਟ ਕਰ ਗਿਆ। ਮਥਰਾ ਦੇ ਇੱਕ ਬੜੇ ਮੰਦਰ ਦਾ ਹਾਲ ਮਹਿਮੂਦ ਸ਼ਾਹ ਆਪ ਹੀ ਲਿਖਦਾ ਹੈ ਕਿ ਜੇਕਰ ਅੱਸੀ ਕਰੋੜ ਮੋਹਰ ਖ਼ਰਚ ਕਰੀਏ ਤੇ ਪੰਜ ਸੌ ਕਾਰੀਗਰ ਸੌ ਬਰਸ ਲੱਗਾ ਰਹੇ, ਤਾਂ ਭੀ ਅਜਿਹਾ ਮੰਦਰ ਬਣਨਾ ਮੁਸ਼ਕਿਲ ਹੈ। ਫੇਰ ਓਸੇ ਦਾ ਮੀਰ ਮੁਨਸ਼ੀ ਸ਼ਾਹ ਅਨਾਇਤ ਆਪਣੀ ਤਾਰੀਖ ਵਿੱਚ ਲਿਖਦਾ ਹੈ ਕਿ ਓਸ ਮੰਦਰ ਦੀ ਸੁੰਦਰਤਾਈ ਕਹੀ ਨਹੀਂ ਜਾਂਦੀ। ਦੁਨੀਆਂ ਵਿੱਚ ਐਸਾ ਮੰਦਰ ਨਾ ਹੈ, ਨਾ ਹੋਵੇਗਾ। ਮਹਿਮੂਦ ਸ਼ਾਹ ਨੂੰ ਹੀਰੇ, ਪੰਨੇ, ਮੋਤੀ, ਮੂੰਗਾ, ਚੂਨੀ, ਲਾਲ, ਫੀਰੋਜ਼ੇ ਸੋਨੇ ਚਾਂਦੀ ਦੀ ਖਾਣ ਇੱਕ ਸੋਮਨਾਥ ਦਾ ਮੰਦਰ, ਦੂਜਾ ਕੇਸ਼ਵ ਜੀ ਦਾ ਮੰਦਰ; ਏਹ ਦੋ ਐਸੇ ਹੱਥ ਆਏ ਜੋ ਫੌਜ ਸਮੇਤ ਦੌਲਤ ਨਾਲ ਰੱਜ ਕੇ ਬੈਠ ਗਿਆ। ਏਸੇ ਮੰਦਰ ਦੇ ਤਖ਼ਤੇ ਬਾਵਨ ਚੰਦਨ ਦੇ ਸਨ ਜੇਹੜੇ ਮਹਿਮੂਦ ਲੈ ਗਿਆ ਸੀ ਤੇ ਫੇਰ ਅੰਗ੍ਰੇਜ਼ਾਂ ਨੇ ਸੰ. ੧੮੯੮ ਬਿ. ਵਿੱਚ ਗਜ਼ਨੀ ਵਿੱਚੋਂ ਲਿਆ ਕੇ ਆਗਰੇ ਦੇ ਕਿਲੇ ਵਿੱਚ ਰੱਖੇ ਹਨ।

(੨੫) ਤਵਾਰੀਖ ਨਾਸਰੀ ਵਿੱਚ ਲਿਖਦਾ ਹੈ ਕਿ ਦੱਖਣ ਦੇਸ਼ ਦੇ ਸ਼ਹਿਰ ਭਿਲਸਾ ਦਾ ਮੰਦਰ ਜਦ ਸੰਨ ੧੨੯੬ ਬਿਕ੍ਰਮੀ ਵਿੱਚ ਸ਼ੱਮਸੁੱਦੀਨ ਗੌਰੀ ਨੇ ਤੋੜਿਆ ਤਾਂ ਬਹੱਤਰ ਕਰੋੜ ਰੁਪਏ ਦਾ ਹੀਰਾ ਮੋਤੀ ਸੋਨਾ ਚਾਂਦੀ ਹੱਥ ਲੱਗਾ। ਏਹ ਮੰਦਰ ੧੦੫ ਗਜ਼ ਉੱਚਾ, ਅੱਧ ਕੋਸ ਲੰਮਾ ਤੇ ਚੌੜਾ, ਤਿੰਨ ਸੌ ਬਰਸ ਵਿੱਚ ੯੨ ਕਰੋੜ ੭੩ ਲੱਖ ੮੨ ਹਜ਼ਾਰ ੭ ਸੌ ੬੫ ਰੁਪਏ ਨੌਂ ਆਨੇ ਖ਼ਰਚ ਹੋ ਕੇ ਤਿਆਰ ਹੋਇਆ ਸੀ। ਲੱਖਾਂ ਰੁਪਏ ਇਸ ਦੇ ਤੋੜਨ ਪਰ ਖ਼ਰਚ ਹੋਏ। ਪੰਜਾਹ ਹਜ਼ਾਰ ਹਿੰਦੂ ਇਸ ਦੇ ਤੋੜਨ ਸਮੇਂ ਕਤਲ ਹੋਏ। ਉਨ੍ਹਾਂ ਉੱਤੇ ਖੜ੍ਹੇ ਹੋ ਕੇ ਮੁਸਲਮਾਨ ਨਿਮਾਜ਼ਾਂ ਪੜ੍ਹਦੇ, ਨੱਚਦੇ ਖ਼ੁਸ਼ੀ ਮਨਾਂਵਦੇ ਸੇ।

(੨੬) ਤਵਾਰੀਖ ਅਲਾਈ ਵਿੱਚ ਲਿਖਤਾ ਹੈ ਕਿ ਏਸ ਸ਼ਿਵਾਲੇ ਦੇ ਨਾਲ ਹੋਰ ਕਈ ਹਜ਼ਾਰ ਮੰਦਰ ਮੂਰਤਾਂ ਜਿਨ੍ਹਾਂ ਪਰ ਲੱਖਾਂ ਰੁਪਏ ਲੱਗੇ ਹੋਏ ਸੀ ਤੋੜ ਕੇ ਮਸੀਤਾਂ ਬਣਾ ਛੱਡੀਆਂ। ਏਸ ਸ਼ਿਵਾਲੇ ਦੀ ਛੱਤ ਵਿੱਚੋਂ ਕਰੋੜਾਂ ਰੁਪਏ ਦਾ ਹੀਰਾ, ਪੰਨਾ, ਮਾਣਕ, ਮੋਤੀ ਮੁਸਲਮਾਨਾਂ ਦੇ ਹੱਥ ਆਯਾ।

(੨੭) ਤਵਾਰੀਖ ਚੱਚ ਨਾਮੇ ਵਿੱਚ ਲਿਖਿਆ ਹੈ ਕਿ ਜਦ ਮੁਹੰਮਦ ਕਾਸਮ ਨੇ ਸਿੰਧ ਵਿੱਚ ਹਾਰਾਊ ਦਾ ਕਿਲਾ ਫਤਹਿ ਕਰ ਕੇ ਅੱਠ ਹਜ਼ਾਰ ਲੜਕਾ ਲੜਕੀ ਪ੍ਰਜਾ ਦਾ ਤੇ ਤਿੰਨ ਹਜ਼ਾਰ ਔਰਤ ਮਰਦ ਰਾਜੇ ਦੇ ਖਾਨਦਾਨ ਦਾ ਫੜ ਕੇ ਬਗਦਾਦ ਭੇਜਤਾ ਤਾਂ ਖਲੀਫਾ ਵਲੀਦ ਦੇ ਕੁਛ ਇਨਾਮ ਵਿੱਚ ਵੰਡੇ ਤੇ ਕੁਝ ਵੇਚੇ। ਮੁਹੰਮਦ ਕਾਸਮ ਨੂੰ ਲਿਖਤਾ ਕਿ ਹਿੰਦੂਆਂ ਨੂੰ ਅਮਨ ਕਦੇ ਨਹੀਂ ਦੇਣਾ, ਦੀਨ ਵਿੱਚ ਲਿਆਵਣਾ ਲੁੱਟ ਮਾਰ ਕੇ ਕੰਗਾਲ ਕਰ ਦੇਣਾ ਮੋਮਨਾਂ ਦਾ ਧਰਮ ਹੈ।

(੨੯) ਏਸੇ ਮੁਹੰਮਦ ਕਾਸਮ ਨੇ ਪ੍ਰਗਣੇ ਦੀਪਾਲਪੁਰ ਨੂੰ ਲੁੱਟ ਕੇ ਬਹੁਤ ਮੰਦਰ ਮੂਰਤਾਂ ਤੋੜੇ ਕਈ ਕਰੋੜ ਰੁਪਜਾ ਨਕਦ ਤੇ ਲੱਖਾਂ ਰੁਪਏ ਦੀ ਜਿਨਸ, ੮ ਹਜ਼ਾਰ ਹਿੰਦੂ ਕੈਦੀ ਬਗਦਾਦ ਵਿੱਚ ਭੇਜਿਆ।

(੩੦) ਤਵਾਰੀਖ ਸਿੰਧ ਵਿੱਚ ਮੁਹੰਮਦ ਮੂਸਾ ਲਿਖਦਾ ਹੈ ਕਿ ਜਬ ਮੁਹੰਮਦ ਕਾਸਮ ਨੇ ਬਹਿਮਨਾਵਾਦ ਨੂੰ ਬਰਬਾਦ ਕੀਤਾ ਤਾਂ ੧੬ ਹਜ਼ਾਰ ਹਿੰਦੂ ਕਤਲ ਕੀਤੇ ਅਤੇ ੨੦ ਹਜ਼ਾਰ ਜਵਾਨ ਮੁੰਡੇ ਕੁੜੀਆਂ ਫੜ ਕੇ ਬਗਦਾਦ ਭੇਜੇ, ਓਨ੍ਹਾਂ ਵਿੱਚੋਂ ਰਾਜੇ ਦੀਆਂ ਦੋ ਬੇਟੀਆਂ ਅਤੀ ਸੁੰਦਰ ਖਲੀਫਾ ਵਲੀਫਾ ਵਲੀਦ ਦੇ ਮਹਿਲ ਵਿੱਚ ਦਾਖ਼ਲ ਕੀਤੀਆਂ ਗਈਆਂ। ਓਨ੍ਹਾਂ ਨੇ ਖਲੀਫੇ ਨੂੰ ਆਖਿਆ, "ਅਸੀਂ ਤੇਰੇ ਲਾਇਕ ਨਹੀਂ ਰਹੀਆਂ, ਸਾਨੂੰ ਮੁਹੰਮਦ ਕਾਸਮ ਨੇ ਜ਼ੋਰੋ ਜ਼ੋਰੀ ਵਿਗਾੜ ਕੇ ਭੇਜਤਾ ਹੈ।" ਖਲੀਫੇ ਨੇ ਓਸੇ ਸਮੇਂ ਆਪਣੇ ਫੌਜੀ ਅਫ਼ਸਰਾਂ ਨੂੰ ਲਿਖ ਭੇਜਿਆ ਕਿ ਮੁਹੰਮਦ ਕਾਸਮ ਨੂੰ ਬੈਲ ਦੇ ਕੱਚੇ ਚੰਮ ਵਿੱਚ ਜੀਂਵਦੇ ਨੂੰ ਸੀਊਂ ਕੇ ਮੇਰੇ ਪਾਸ ਭੇਜ ਦਿਓ। ਜਦ ਓਸ ਦੀ ਲੋਥ ਓਸੇ ਤਰ੍ਹਾਂ

ਬਗਦਾਦ ਵਿੱਚ ਪਹੁੰਚੀ ਤੇ ਰਾਜੇ ਦੀਆਂ ਬੇਟੀਆਂ ਨੂੰ ਦਿਖਾਈ ਤਾਂ ਓਨ੍ਹਾਂ ਨੇ ਖਲੀਫੇ ਨੂੰ ਆਖਯਾ, "ਤੂੰ ਬੜਾ ਅਹਿਮਕ ਹੈਂ ਸਾਡੇ ਕਹਿਣੇ ਪਰ ਐਸੇ ਬਹਾਦੁਰ ਲਾਇਕ ਸ਼ਖਸ ਨੂੰ ਮਰਵਾ ਦਿੱਤਾ। ਏਸ ਨੇ ਤਾਂ ਸਾਨੂੰ ਛੋਹਯਾ ਭੀ ਨਹੀਂ। ਏਸ ਬਹਾਨੇ ਨਾਲ ਅਸੀਂ ਆਪਣੇ ਬਾਪ ਦਾ ਵੈਰ ਲੀਤਾ ਹੈ।" ਖਲੀਫਾ ਸੁਣ ਕੇ ਰੋਯਾ। ਤ੍ਰਿਯਾ ਚਰਿਤ੍ਰ ਪਰ ਪਛਤਾ ਕੇ ਓਨ੍ਹਾਂ ਲੜਕੀਆਂ ਨੂੰ ਕਤਲ ਕਰਵਾ ਦਿੱਤਾ, ਓਹ ਤਾਂ ਏਹੋ ਚਾਹੁੰਦੀਆਂ ਸਨ।

(੩੧) ਮੀਰ ਮਾਸੂਮ ਤਬਕਾਤ ਨਾਸਰੀ ਵਿੱਚ ਲਿਖਦਾ ਹੈ ਕਿ ਏਹ ਗੌਰੀ ਬਾਦਸ਼ਾਹ ਸ਼ਰ੍ਹਾ ਦੇ ਬਹੁਤ ਪੱਕੇ ਸੀ। ਕਦੇ ਕਿਸੇ ਹਿੰਦੂ ਨੂੰ ਆਰਾਮ ਨਹੀਂ ਲੈਣ ਦਿੰਦੇ ਸਨ, ਹੁਕਮ ਸੀ ਕਿ ਕੌਮ ਜੱਟ, ਭਾਟੀਆ, ਲੁਹਾਣਾ, ਕੁਰਮੀ, ਬਨੀਆਂ ਆਦਿਕ ਕੋਈ ਹਿੰਦੂ ਚੰਗਾ ਕੱਪੜਾ ਨਾ ਪਹਿਨੇ। ਕਣਕ, ਚਾਵਲ, ਮੂੰਗੀ, ਘੀ, ਦੁੱਧ ਨਾ ਖਾਵੇ। ਦੋ ਮੰਜ਼ਲਾ ਮਕਾਨ ਨਾ ਬਣਾਵੇ। ਸ਼ਾਦੀ ਵਿੱਚ ਨਗਾਰਾ ਨਾ ਬਜਾਵੇ। ਸੁੰਦਰ ਲੜਕਾ ਲੜਕੀ ਆਪਣੇ ਘਰ ਨਾ ਰਖੇ, ਮੁਸਲਮਾਨਾਂ ਨੂੰ ਗ਼ੁਲਾਮ ਕਰਨ ਵਾਸਤੇ ਦੇ ਦੇਵੇ। ਹਿੰਦੂਆਂ ਉੱਤੇ ਐਸੇ ਸਖ਼ਤ ਜੇਜ਼ੀਏ (ਡੰਡ) ਲਾ ਰੱਖੇ ਸੇ ਜਿਸ ਤੋਂ ਤੰਗ ਹੋ ਕੇ ਅਨੇਕ ਹਿੰਦੂ ਮੁਹੰਮਦੀ ਹੋ ਗਏ।

(੩੨) ਟਾਡ ਸਾਹਿਬ ਲਿਖਦਾ ਹੈ ਕਿ ਅਕਬਰ ਬਾਦਸ਼ਾਹ ਜੋ ਨਿਹਾਇਤ ਚੰਗਾ ਨੇਕ ਪਾਕ ਮੁਸੰਨਫ਼ ਗਿਣੀਂਦਾ ਹੈ ਓਸਨੇ ਜ਼ੋਰੀ ਜ਼ੋਰੀ ਅਬਦੁੱਲੇਸ਼ਾਹ ਦੀ ਔਰਤ ਸੁੰਦਰ ਦੇਖ ਕੇ ਆਪਣੇ ਘਰ ਰੱਖ ਲਈ ਸੀ ਤੇ ਹੋਰ ਅਨੇਕ ਹਿੰਦੂ ਰਾਜਿਆਂ ਨੂੰ ਧਮਕੀ ਦੇ ਕੇ ਓਨ੍ਹਾਂ ਦੀਆਂ ਧੀਆਂ ਲੈਂਦਾ ਰਿਹਾ। ਪਰਜਾ ਪਾਸੋਂ ਇੱਕ ਘੁਮਾਉਂ ਜ਼ਮੀਨ ਪਿੱਛੇ ਪੰਜ ਮਣ ਅਨਾਜ ਲੈਂਦਾ ਸੀ। ਜਦ ਰਾਜਾ ਜਸਵੰਤ ਸਿੰਘ ਜੋਧਪੁਰੀਆ ਬੜੇ ਬੜੇ ਏਸ ਦੇ ਕੰਮ ਸਵਾਰ ਕੇ ਮੁਲਕ ਫਤਹਿ ਕਰ ਕਾਬਲ ਵਿੱਚ ਸ਼ਹੀਦ ਹੋਇਆ ਤਾਂ ਓਸ ਦੇ ਬਾਲ ਬੱਚੇ ਨੂੰ, ਜੋ ਦਿੱਲੀ ਵਿੱਚ ਰਹਿੰਦਾ ਸੀ; ਫੜ ਕੇ ਤੁਰਕ ਕਰਨ ਦਾ ਹੁਕਮ ਦੇ ਦਿੱਤਾ। ਪਰ ਰਾਜਪੂਤਾਂ ਨੇ ਆਪਣੇ ਰਾਜੇ ਦੇ ਪੁਤ੍ਰਾਂ ਨੂੰ ਤਾਂ ਮਿਠਾਈ ਦੇ ਟੋਕਰਿਆਂ ਵਿੱਚ ਛੁਪਾ ਛੁਪਾ ਕੇ ਬਾਹਰ ਕੱਢ ਦਿੱਤਾ। ਬਾਕੀ ਜੋ ਜੰਗ ਨਹੀਂ ਕਰ ਸਕਦੇ ਸੇ ਔਰਤ ਮਰਦ ਇੱਕ ਕੋਠੇ ਵਿੱਚ ਵਾੜ ਕੇ ਬਰੂਦ ਨਾਲ ਉਡਾ ਦਿੱਤੇ। ਆਪ ਲੜ ਕੇ ਬਹੁਤਿਆਂ ਨੂੰ ਮਾਰ ਕੇ ਸ਼ਹੀਦ ਹੋ ਗਏ। ਏਹ ਸਾਕਾ ਸੰਨ ੧੯੩੮ ਬਿ. ਵਿੱਚ ਸਾਉਣ ਦੀ ਸੱਤਵੀਂ ਨੂੰ ਹੋਇਆ ਸੀ, ਏਸੇ ਵਾਸਤੇ ਜੋਧਪੁਰ ਵਿੱਚ ਹੁਣ ਤੱਕ ਓਹ ਦਿਨ ਮੰਨਿਆ ਜਾਂਦਾ ਹੈ।

(੩੩) ਉਦੈਪੁਰ ਦੇ ਰਾਣੇ ਜੈਮਲ ਦੀ ਬੇਟੀ ਵਾਸਤੇ ਚਤੌੜ ਦੇ ਕਿਲੇ ਪਰ ਏਸੇ ਅਕਬਰ ਬਾਦਸ਼ਾਹ ਨੇ ਕਈ ਬਰਸ ਲੜਾਈ ਰੱਖੀ, ਜਿਸ ਨੂੰ ਫਤਹਿ ਕਰ ਕੇ ੩੦ ਹਜ਼ਾਰ ਔਰਤ ਮਰਦ ਕਤਲ ਕਰਾਏ। ਯੱਦਪਿ ਏਹੋ ਹਾਲ ਜਹਾਂਗੀਰ ਤੇ ਸ਼ਾਹਜਹਾਂ ਦੇ ਸਮੇਂ ਰਿਹਾ ਪਰ ਔਰੰਗਜ਼ੇਬ ਦਾ ਜ਼ੁਲਮ ਤਾਂ ਜੇਠ ਮਹੀਨੇ ਦੀ ਦੁਪਹਿਰ ਦਾ ਸੂਰਜ ਖਲਕਤ ਨੂੰ ਤੜਫਾ ਰਿਹਾ ਸੀ, ਜ਼ੋਰੋ ਜ਼ੋਰੀ ਹਜ਼ਾਰਾਂ ਹਿੰਦੂਆਂ ਨੂੰ ਰੋਜ਼ ਰੋਜ਼ ਮੁਸਲਮਾਨ ਕੀਤਾ ਜਾਂਦਾ।

(੩੪) ਇੱਕ ਅੱਘਰ ਨਾਥ ਜੋਗੀ ਦਿੱਲੀ ਵਿੱਚ ਸੀ ਓਸ ਨੂੰ ਚੰਗਾ ਬਣਦਾ ਤਣਦਾ ਜੁਆਨ ਦੇਖ ਕੇ ਬਾਦਸ਼ਾਹ ਨੇ ਤੁਰਕ ਕਰਨਾ ਚਾਹਯਾ। ਓਸਨੇ ਨਾ ਮੰਨਿਆ ਤਾਂ ਸਿਰ ਕਟਵਾ ਕੇ ਚਾਨਣੀ ਚੌਂਕ ਵਿੱਚ ਬਾਂਸ ਉੱਤੇ ਟੰਗਵਾ ਛੱਡਯਾ। ਏਸੇ ਤਰ੍ਹਾਂ ਏਸ ਨੇ ਹੋਰ ਭੀ ਬਹੁਤ ਚੰਗੇ ਚੰਗੇ ਧਰਮੀ ਗੁਰੂ ਤੇਗ ਬਹਾਦਰ ਜੇਹੇ ਮਰਵਾਏ।

(੩੫) ਤਾਰੀਖ ਫਰਿਸ਼ਤਾ ਵਿੱਚ ਲਿਖਿਆ ਹੈ ਕਿ ਗੁਲਬਰਗੇ ਦੇ ਹਾਕਮ ਮੁਹੰਮਦ ਕਾਸਮ ਨੇ ਤਿਲੰਗ ਦੇਸ਼ ਦੇ ਰਾਜੇ ਦੀ ਜੀਭ ਕੱਟ ਕੇ ਤੁਰਕ ਨਾ ਹੋਣ ਬਦਲੇ ਜੀਉਂਦੇ ਨੂੰ ਅੱਗ ਵਿੱਚ ਸਾੜ ਛੱਡਿਆ। ਓਸੇ ਝਗੜੇ ਵਿੱਚ ਇੱਕ ਲੱਖ ਹਿੰਦੂ ਕਤਲ ਹੋਯਾ। ਜਿਸ ਮਹੀਨੇ ਵਿੱਚ ਬੀਸ ਹਜ਼ਾਰ ਹਿੰਦੂ, ਤੇ ਤੁਰਕ ਦਸ ਹਜ਼ਾਰ ਕਤਲ ਹੋਂਦਾ ਉਸ ਮਹੀਨੇ ਏਹ ਬੜਾ ਖ਼ੁਸ਼ੀ ਦਾ ਜਲਸਾ ਕਰਦਾ।

ਆਮਦਨੀ ਦਾ ਅੰਦਾਜ਼ਾ

(੩੬) ਟਾਮਸ ਸਾਹਿਬ ਦੇ ਹਿਸਾਬ ਮੁਜਬ ਫੀਰੋਜ਼ਸ਼ਾਹ ਦੇ ਵਕਤ ਸੱਤ ਕਰੋੜ, ਬਾਬਰ ਦੇ ਵਕਤ ੩ ਕਰੋੜ, ਅਕਬਰ ਦੇ ਵਕਤ ੩੨ ਕਰੋੜ, ਜਹਾਂਗੀਰ ਦੇ ਵਕਤ ੨੨ ਕਰੋੜ, ਔਰੰਗਜ਼ੇਬ ਦੇ

ਵਕਤ ੨੯ ਕਰੋੜ ਰੁਪਿਆ ਹਿੰਦੁਸਤਾਨ ਵਿੱਚੋਂ ਆਮਦਨੀ ਖਾਬਸਾ ਸ਼ਾਹੀ ਖ਼ਜ਼ਾਨੇ ਵਿੱਚ ਹਰ ਸਾਲ ਪੈਂਦੀ ਸੀ।

ਬੜੇ ਅਸਚਰਜ ਦੀ ਬਾਤ ਹੈ ਕਿ ਹਿੰਦੂਆਂ ਨੂੰ ਭੇਡਾਂ ਬੱਕਰੀਆਂ ਦੀ ਤਰ੍ਹਾਂ ਜ਼ਿਬ੍ਹਾ ਕਰਨਾ, ਜ਼ੋਰ ਨਾਲ ਗ਼ੁਲਾਮ ਬਣਾ ਲੈਣਾ, ਘਰ ਬਾਰ ਲੁੱਟ ਪੁੱਟ ਕੇ ਕੰਗਾਲ ਕਰ ਛੱਡਣਾ; ਏਨ੍ਹਾਂ ਗੱਲਾਂ ਨੂੰ ਤਾਂ ਸ਼ਰ੍ਹਾ ਮੁਹੰਮਦੀ (ਸਵਾਬ) ਪੁੰਨ ਮੰਨਦੀ ਹੈ ਤੇ ਭੰਗ ਸ਼ਰਾਬ ਪੀਣ ਨੂੰ ਪਾਪ। ਏਹ ਪਿਛਲੇ ਬਾਦਸ਼ਾਹਾਂ ਦੇ ਬ੍ਰਿਤਾਂਤ ਕਿਤਾਬਾਂ ਬਨਾਵਣ ਵਾਲੇ ਮੁਸਲਮਾਨਾਂ ਨੇ ਆਪਣੇ ਬਾਦਸ਼ਾਹਾਂ ਦੀ ਉਸਤਤੀ ਵਿੱਚ ਲਿਖ ਕੇ ਏਹੋ ਦਿਖਾਯਾ ਹੈ ਕਿ ਓਹ ਅਜੇਹੇ ਸ਼ਰ੍ਹਾ ਦੇ ਪੱਕੇ ਸਨ ਕਿ ਆਪਣੇ ਧਰਮ ਦੀਨ ਦੀ ਉੱਨਤੀ ਕਰਨ ਵਾਸਤੇ ਹਿੰਦੂਆਂ ਨੂੰ ਮਾਰਨ ਦਾ ਜ਼ਰਾ ਭੀ ਦਰੇਗ ਨਹੀਂ ਕਰਦੇ ਸਨ। ਜੇ ਓਹ ਤਰੀਫ ਨਾ ਲਿਖਦੇ ਤਾਂ ਇਹ ਗੱਲਾਂ ਕਿੱਥੋਂ ਪ੍ਰਗਟ ਹੋਣੀਆਂ ਸਨ ਕਿਉਂਕਿ ਸੱਚ ਤਾਂ ਕੋਈ ਲਿਖ ਹੀ ਨਹੀਂ ਸਕਦਾ ਸੀ। ਦੇਖੋ ਸ਼ਾਹਨਾਮੇ ਵਿੱਚ ਫਰਦੋਸੀ ਨੇ ਇੱਕੋ ਗੱਲ ਮਹਿਮੂਦ ਸ਼ਾਹ ਦੀ ਸੱਚੀ ਲਿਖੀ ਤਾਂ ਨੱਸ ਕੇ ਜਾਨ ਬਚਾਈ।

ਮਹਿਮੂਦ ਗਜ਼ਨਵੀ ਦੇ ਹੱਲਿਆਂ ਤੋਂ ਪਹਿਲੇ ਈਰਾਨ ਵਾਲੇ ਬਾਦਸ਼ਾਹ ਦੇ ਵਕੀਲ ਅਬਦੁਲ ਰਜ਼ਾਕ ਨੇ ਆਪਣੇ ਸਫ਼ਰਨਾਮੇ ਵਿੱਚ ਲਿਖਿਆ ਹੈ ਕਿ ਜਦ ਮੈਂ ਸੰਮਤ ੭੭੩ ਬਿਕ੍ਰਮੀ ਨੂੰ ਆਰਯਾ ਵਰਤ ਦਾ ਸੈਲ ਕਰਨ ਗਿਆ ਤਾਂ ਸਭਨਾਂ ਲੋਕਾਂ ਦੇ ਮੰਦਰਾਂ, ਮਕਾਨਾਂ ਉੱਤੇ ਕੰਚਨ ਦੇ ਕਲਸ਼ ਅਤੇ ਸੋਨੇ ਦੇ ਜ਼ੇਵਰ, ਹੀਰੇ, ਪੰਨੇ ਜੜੇ ਹੋਏ ਦੇਖੇ। ਘਰ ਦੇ ਬਰਤਨ, ਗਊਆਂ, ਘੋੜਜਾਂ ਦੇ ਜੰਜੀਰ ਸੋਨੇ ਚਾਂਦੀ ਦੇ ਸਨ। ਬਜ਼ਾਰ ਵਿੱਚ ਹੀਰਾ, ਮੋਤੀ, ਪੰਨਾ, ਮਾਣਕ, ਚੂੰਨੀ, ਫੀਰੋਜ਼ੇ, ਲਸਨੀਏ, ਪੁਖਰਾਜ, ਤਾਮੜੇ ਆਦਿਕ ਰਤਨਾਂ ਦੇ ਢੇਰ ਲੱਗੇ ਹੋਏ ਸਰਾਫਾਂ ਦੀਆਂ ਦੁਕਾਨਾਂ ਪਰ ਦੇਖੇ। ਬੇਸ਼ੁਮਾਰ ਦੁਕਾਨਾਂ ਐਸੀਆਂ ਦੇਖੀਆਂ ਜਿਨ੍ਹਾਂ ਉੱਤੇ ਦਸ ਦਸ ਬੀਸ ਬੀਸ ਧ੍ਵਜਾ ਖੜ੍ਹੀਆਂ ਸਨ ਜੋ ਇੱਕ ਧ੍ਵਜਾ ਇੱਕ ਕਰੋੜ ਦੀ ਨਿਸ਼ਾਨੀ ਸੀ। ਰਾਜਿਆਂ ਦੇ ਦਰਵਾਜਿਆਂ ਅੱਗੇ ਸੋਨੇ ਚਾਂਦੀ ਦੇ ਝੁੱਲਾਂ, ਕਾਠੀਆਂ ਵਾਲੇ ਘੋੜੇ ਹਾਥੀ ਰਤਨ ਜੜਤ ਜ਼ੇਵਰਾਂ ਵਾਲੇ ਖੜ੍ਹੇ ਰਹਿੰਦੇ ਦੇਖੇ ਸੇ।

ਜਦ ਮੈਂ ਕਲੀਕੋਟ ਦੇ ਮਹਾਰਾਜੇ ਪਾਸ ਗਿਆ ਤਾਂ ਇਤਨੀ ਦੌਲਤ ਦੇਖੀ ਜੋ ਕਹੀ ਨਹੀਂ ਜਾਂਦੀ। ਬਜ਼ਾਰਾਂ ਵਿੱਚ ਸੋਨੇ, ਚਾਂਦੀ, ਰਤਨਾਂ ਦੇ ਢੇਰ ਲੱਗੇ ਹੋਏ ਬਾਣੀਏਂ ਖਰੀਦ ਬਿੱਕਰੀ ਕਰਦੇ ਦੇਖੇ। ਬਿਨਾਂ ਇੱਕ ਰੇਸ਼ਮੀ ਧੋਤੀ ਦੇ ਹੋਰ ਕੋਈ ਕੱਪੜਾ ਇਸਤ੍ਰੀ ਮਰਦ ਨਹੀਂ ਪਹਿਨਦੇ। ਕਮਰ ਵਿੱਚ ਸੋਨੇ ਦੇ ਜੰਜੀਰ, ਗਲੇ ਵਿੱਚ ਗੋਪ ਜੜਾਊ, ਭਵੱਟੇ, ਕੰਕਣ, ਕੁੰਡਲ ਸਭ ਦੇ ਪਹਿਰੇ ਹੋਏ ਦੇਖੇ। ਰਾਜਾ ਦੇ ਮੰਦਰ ਸੋਨੇ ਦੇ ਰਤਨ ਜੜਤ, ਮੂੰਗੇ ਦੀਆਂ ਚੁਕਾਠਾਂ, ਚੰਨਣ ਦੇ ਕਿਵਾੜ, ਦ੍ਵਾਰਪਾਲ ਸੋਨੇ ਦੇ ਡੰਡੇ ਲੈ ਕਰ ਬੜੇ ਮੁੱਲ ਦੇ ਜ਼ੇਵਰ ਧਾਰੇ ਹੋਏ, ਪੰਜ ਸੌ ਘੋੜਾ, ਪੰਜਾਹ ਪਾਲਕੀ, ਇੱਕ ਸੌ ਹਾਥੀ ਸੋਨੇ ਚਾਂਦੀ ਦੇ ਮੜ੍ਹੇ ਹੋਏ ਓਸ ਦੀ ਡੇਉਢੀ ਉੱਤੇ ਖੜ੍ਹੇ ਰਹਿੰਦੇ ਦੇਖੇ। ਇੱਕ ਹਾਥੀ ਸਫੈਦ ਰੰਗ, ਸੋਨੇ ਦੇ ਜੰਜੀਰ, ਜ਼ੇਵਰ ਜੜਾਊ ਅੰਬਾਰੀ ਵਾਲਾ ਰਾਜ ਸਿੰਘਾਸਨ ਦੇ ਨੇੜੇ ਖੜਾ ਰਹਿੰਦਾ ਸੀ। ਜਿਸ ਸਿੰਘਾਸਨ ਵਿੱਚ ਕਈ ਮਣ ਰਤਨ ਖਚੇ ਹੂਏ ਸੂਰਜ ਚੰਦ ਵਾਂਗੂੰ ਪ੍ਰਕਾਸ਼ ਕਰ ਰਹੇ ਸਨ, ਓਸ ਉੱਤੇ ਰਾਜਾ ਰਾਣੀ ਬੈਠ ਕੇ ਨਿਆਉਂ ਕਰਦੇ ਸਨ। ਇੱਕ ਲੱਖ ਕੋਤਲ ਘੋੜੇ ਸੋਨੇ ਚਾਂਦੀ ਦੇ ਜ਼ੰਜੀਰਾਂ ਵਾਲੇ ਤਬੇਲੇ ਵਿੱਚ ਖੜੇ ਰਹਿੰਦੇ ਸਨ। ਮੈਂ ਅਨੇਕ ਵਲਾਇਤਾਂ ਦੇਖੀਆਂ ਪਰ ਏਸ ਮੁਲਕ ਵਿੱਚ ਸਾਰੀ ਦੁਨੀਆਂ ਨਾਲੋਂ ਲੱਖਾਂ ਗੁਣੀ ਦੌਲਤ ਹੈ। ਇਸਤ੍ਰੀ ਪੁਰਖ ਬਹੁਤ ਸੁੰਦਰ ਹਨ। ਚੋਰੀ ਠੱਗੀ ਦਗ਼ੇ ਫਰੇਬ ਦਾ ਨਾਮ ਕੋਈ ਨਹੀਂ ਜਾਣਦਾ। ਯਾਰੀ ਦਾ ਦੋਸ਼ ਨਹੀਂ ਮੰਨਦੇ। ਵਿਆਹ ਇਸਤ੍ਰੀਆਂ ਮਨ ਪਸੰਦ ਕਰਦੀਆਂ ਹਨ, ਫ਼ੁੱਲਾਂ ਦੇ ਹਾਰ ਬਹੁਤ ਰੱਖਦੀਆਂ ਤੇ ਅਤਰ ਲਾਂਵਦੀਆਂ ਹਨ, ਦੁਕਾਨਾਂ, ਘਰ ਬਿਨਾਂ ਜੰਦੇ ਕੁੰਡੇ ਰਹਿੰਦੇ ਹਨ, ਸ਼ਰਾਬ ਨਹੀਂ ਪੀਂਦੇ, ਮਾਸ ਸਭ ਖਾਂਦੇ ਹਨ ਜਿਸ ਨੂੰ ਬਹਿਸ਼ਤ (ਸ੍ਵਰਗ) ਆਖਦੇ ਹਨ ਸੋ ਏਹੋ ਮੁਲਕ ਹੈ। ਹੋਰ ਭੀ ਵਲਾਇਤਾਂ ਮੁਲਕਾਂ ਦੇ ਬ੍ਰਿਤਾਂਤ ਓਸ ਨੇ ਲਿਖੇ ਹਨ, ਪਰ ਸਭ ਤੋਂ ਵੱਧ ਕੇ ਭਾਰਤਵਰਸ਼ ਦੀ ਮਹਿਮਾ ਤੇ ਦੌਲਤ ਲਿਖੀ ਹੈ।

ਓਸ ਦਾ ਲਿਖਣਾ ਸਭ ਸੱਚ ਹੈ ਸਗੋਂ ਥੋੜ੍ਹਾ ਲਿਖਜਾ ਹੈ ਕਿਉਂਕਿ ਭਾਰਤਵਰਸ਼ ਦੇ ਪੁਰਾਣੇ ਪੁਸਤਕਾਂ ਵਿੱਚ ਓਸ ਤੋਂ ਭੀ ਸੌ ਹਿੱਸਾ ਅਧਿਕ ਏਸ ਦੇਸ਼ ਦੀ ਸ਼ੋਭਾ ਦੌਲਤ ਲਿਖੀ ਹੈ। ਦੇਖੋ ਮਹਿਮੂਦ ਗਜ਼ਨਵੀ ਵਾਲੇ ਦੇ ਹੱਲਯਾਂ ਦਾ ਹਵਾਲ ਜੋ ੧੨ ਵਾਰੀ ਏਸ ਮੁਲਕ ਵਿੱਚੋਂ ਕਈ ਕਰੋੜਾਂ ਦਾ ਮਾਲ ਲੈ ਜਾਂਦਾ ਰਿਹਾ ਤੇ ਓਸ ਦੀ ਫੌਜ ਭੀ ਸੋਨੇ ਚਾਂਦੀ ਦੇ ਘੋੜੇ ਊਠ ਲੱਦ ਕੇ ਲੈ ਜਾਂਦੀ ਰਹੀ। ਏਸੇ ਤਰ੍ਹਾਂ ਸੱਤ ਸੌ ਬਰਸ ਏਹ ਮੁਲਕ ਲੁੱਟੀਦਾ ਰਿਹਾ ਜੋ ਤਾਰੀਖਾਂ ਵਿੱਚੋਂ ਸਾਬਤ ਹੈ। ਓਨ੍ਹਾਂ ਹੀ ਆਫਤਾਂ ਦਾ ਮਾਰਿਆ ਹੋਯਾ ਭਾਰਤਵਰਸ਼ ਕੰਗਾਲ, ਗ਼ਰੀਬ, ਬੇਇਲਮ, ਬੇਹਿੰਮਤ ਹੋ ਕੇ ਹੋਰ ਸਭਨਾਂ ਮੁਲਕਾਂ ਨਾਲੋਂ ਜੈਸਾ ਉੱਨਤੀ ਵਿੱਚ ਸੀ; ਤੈਸਾ ਹੀ ਭੈੜਾ ਨਿਕਾਰਾ ਹੋ ਗਿਆ। ਫੇਰ ਭੀ ਇਹੋ ਭਾਰਤਵਰਸ਼ ਹੈ ਜੋ ਆਪਣੀ ਕਮਾਈ ਤੇ ਹਿੰਮਤ ਦੇ ਬਲ ਨਾਲ (ਮਰਦ ਖ਼ੁੱਸੇ ਮਰਦੜੀ ਰਹਿ ਜਾਏ) ਏਸ ਕਹਾਵਤ ਵਾਂਗੂੰ ਥੋੜ੍ਹਾ ਬਹੁਤ ਆਪਣਾ ਚਮਤਕਾਰਾ ਦਿਖਾ ਰਿਹਾ ਹੈ। ਅਸੀਂ ਸ਼ੁਕਰ ਕਰਦੇ ਹਾਂ ਜੋ ਸਰਕਾਰ ਅੰਗ੍ਰੇਜ਼ੀ ਸੱਚ ਲਿਖਣ ਤੋਂ ਭੀ ਰੋਕਦੀ ਨਹੀਂ ਤੇ ਨਾ ਕੋਈ ਜਬਰੀ ਜ਼ੁਲਮ ਕਰਦੀ ਹੈ। ਮੁਸਲਮਾਨ ਤਾਂ ਧਰਮ ਤੇ ਲਿਖਣ ਵਾਲਿਆਂ ਨੂੰ ਸੱਚ ਭੀ ਲਿਖਣਾ ਨਹੀਂ ਮਿਲਦਾ ਸੀ। ਓਨ੍ਹਾਂ ਦੇ ਜ਼ੁਲਮਾਂ ਦਾ ਨਮੂਨਾ ਅਸੀਂ ਪਿੱਛੇ ਦਿਖਾ ਚੁੱਕੇ ਹਾਂ। ਸਿਕੰਦਰ ਲੋਦੀ ਲਿਖਦਾ ਹੈ ਮੈਂ ਚਾਰ ਲੱਖ ਬੱਤੀ ਹਜ਼ਾਰ ਮੋਮਨ ਤੇ ਦੋ ਲੱਖ ਤ੍ਰੈਪਨ ਹਜ਼ਾਰ ਹਿੰਦੂ ਕਤਲ ਕੀਤਾ ਹੈ ਜਿਸ ਤੋਂ ਇੱਕ ਮੇਰੇ ਵਾਸਤੇ ਕੀ ਮੇਰੀ ਉਲਾਦ ਵਾਸਤੇ ਭੀ ਖੁਦਾਵੰਦ ਕਰੀਮ ਹਮੇਸ਼ ਬਹਿਸ਼ਤ ਦਾ ਦਰਵਾਜ਼ਾ ਖੁੱਲ੍ਹਾ ਰੱਖੇਗਾ। ਏਸ ਬਾਦਸ਼ਾਹ ਦੇ ਹੁਕਮ ਨਾਲ ਸਿਵਾਇ ਖੇਤੀ ਕਰਨ ਵਾਲਿਆਂ ਦੇ ਹੋਰ ਸਭ ਤੋਂ ਸਵਾ ਮਣ ਕੱਚਾ ਤੋਲ ਕੇ ਆਟਾ ਪਿਸਾਯਾ ਜਾਂਦਾ। ਬੇਅੰਤ ਸਾਧੂ ਬ੍ਰਾਹਮਣ ਫੜੇ ਹੋਏ ਚੱਕੀਆਂ ਚਲਾਂਵਦੇ। ਜੇ ਪੂਰਾ ਨਾ ਪੀਸਿਆ ਜਾਂਦਾ ਤਾਂ ਕੋਰੜੇ ਮਾਰੇ ਜਾਂਦੇ ਯਾ ਇੱਕ ਆਨਾ ਜੇਜ਼ੀਆ ਵੱਧ ਲੀਤਾ ਜਾਂਦਾ। ਕਿਸੇ ਹਿੰਦੂ ਦੀ ਬਹੂ ਬੇਟੀ ਘਰ ਨਹੀਂ ਰਹਿਣੀ ਮਿਲਦੀ ਸੀ, ਤੁਰਕਾਂ ਦੇ ਘਰ ਜਾ ਕੇ ਕੰਮ ਕਰਦੀਆਂ ਸਨ। ਸ਼ਰਾਧ, ਹੋਮ, ਖਯਾਹ, ਜੱਗ, ਪੁਰਾਣਾਂ ਦਾ ਪੜ੍ਹਨਾ, ਮੂਰਤੀ ਪੂਜਾ, ਆਦਿਕ ਕੋਈ ਕੰਮ ਧਰਮ ਦਾ ਉਜਾਗਰ ਨਹੀਂ ਕਰਣਾ ਪਾਂਵਦਾ ਸੀ।

ਕਬੀਰ ਨਾਮਦੇਵ ਰਵਿਦਾਸ ਸਧਨਾ ਸੈਨ ਏਹ ਸਭ ਭਗਤ ਏਸੇ ਬਾਦਸ਼ਾਹ ਦੇ ਵਕਤ ਹੋਏ ਹਨ। ਯੱਦਪਿ ਕਸ਼ਟ ਤਾਂ ਏਸ ਨੇ ਏਨ੍ਹਾਂ ਨੂੰ ਭੀ ਵੱਡੇ ਵੱਡੇ ਦਿੱਤੇ ਜੋ ਕਬੀਰ ਜੀ ਦੀ ਜਨਮਸਾਖੀ ਤੇ ਗੁਰੂ ਗ੍ਰੰਥ ਸਾਹਿਬ ਜੀ ਤੋਂ ਸਾਬਤ ਹਨ, ਪਰ ਹਿੰਦੂਆਂ ਨੂੰ ਤਾਂ ਬਹੁਤ ਹੀ ਤੜਪਾ ਰੱਖਿਆ ਸੀ। ਕਿਸੇ ਦੇ ਘਰ ਸੁੰਦਰ ਲੜਕਾ, ਲੜਕੀ, ਛੇ ਮਹੀਨੇ ਦਾ ਅੰਨ, ਜ਼ਰ, ਜ਼ੇਵਰ, ਚੰਗੀ ਗਊ, ਭੈਂਸ, ਬੈਲ, ਘੋੜਾ ਤੁਰਕ ਨਹੀਂ ਰੈਹਣ ਦਿੰਦੇ ਸੇ। ਨਜਾਉਂ ਕਾਜ਼ੀ ਕਰਦੇ ਜੋ ਵੱਢੀ ਨੂੰ ਹੱਥ ਟੱਡੀ ਹੀ ਰੱਖਦੇ ਸਨ। ਸੱਚ ਮੁੱਚ ਓਸ ਸਮੇਂ ਏਹ ਵਰਤਾਰਾ ਸੀ ਜੋ ਗੁਰੂ ਨਾਨਕ ਜੀ ਨੇ ਦੱਸਿਆ ਹੈ:

ਕਲਿ ਕਾਤੀ ਰਾਜੇ ਕਾਸਾਈ ਧਰਮੁ ਪੰਖ ਕਰਿ ਉਡਰਿਆ ॥
ਕੂੜੁ ਅਮਾਵਸ ਸਚੁ ਚੰਦ੍ਰਮਾ ਦੀਸੈ ਨਾਹੀ ਕਹ ਚੜਿਆ ॥

(ਵਾਰ-ਮਾਝ, ਮ: ੧ - ੧੪੫)

ਜਦ ਏਸ ਜ਼ੁਲਮ ਦੀ ਭੱਠੀ ਵਿੱਚ ਭੁੱਜਦੀ ਹੋਈ ਪਰਜਾ ਦੀ ਪੁਕਾਰ ਕਰਤਾਰ ਨੇ ਸੁਣੀ ਤਾਂ ਪਰਜਾ ਤੇ ਧਰਮ ਦੀ ਰੱਖਿਆ ਵਾਸਤੇ ਕਰਤਾਰ ਨੇ ਅਨੰਤ ਸ਼ਕਤੀ ਬਖ਼ਸ਼ ਕੇ ਗੁਰੂ ਨਾਨਕ ਸਾਹਿਬ ਜੀ ਨੂੰ ਭੇਜਿਆ ਜਿਨ੍ਹਾਂ ਦੇ ਪ੍ਰਗਟ ਹੋਣ ਤੋਂ ਆਪਣੇ ਆਪ ਹੀ ਕਾਮ, ਕ੍ਰੋਧ, ਲੋਭ, ਝੂਠ, ਛਲ, ਨਿੰਦਾ, ਬਖੀਲਾ, ਮਤਸਰ, ਜ਼ੋਰ ਜ਼ੁਲਮ ਘਟਣ; ਤੇ ਸਤ, ਸੰਤੋਖ, ਦਯਾ, ਧਰਮ ਆਦਿਕ ਸ਼ੁਭ ਗੁਣ ਵਧਣ ਲੱਗ ਪਏ।

ਜਿੱਕੂੰ ਸੂਰਜ ਦੇ ਚੜ੍ਹਨ ਨਾਲ ਅੰਧੇਰਾ ਨਿਸ਼ਚਰ ਚੋਰ ਉੱਲੂ ਆਦਿਕ ਛਪ ਜਾਂਦੇ ਹਨ ਤੇ ਕਮਲ ਖਿੜ ਪੈਂਦੇ ਹਨ। ਪੁਰਖ ਪਸ਼ੂ ਪੰਛੀ ਖ਼ੁਸ਼ੀ ਹੋ ਕੇ ਆਪਣੇ ਆਪਣੇ ਕਾਰ ਰੋਜ਼ਗਾਰ ਵਿੱਚ ਲੱਗ ਪੈਂਦੇ ਹਨ। ਐਸਾ ਸਮਾਂ ਹੋ ਗਿਆ।

ਏਹੋ ਦ੍ਰਿਸ਼ਟਾਂਤ ਭਾਈ ਗੁਰਦਾਸ ਜੀ ਨੇ ਲਿਖਿਆ ਹੈ। ਯਥਾ:

ਸਤਿਗੁਰੁ ਨਾਨਕੁ ਪ੍ਰਗਟਿਆ ਮਿਟੀ ਧੁੰਧੁ ਜਗਿ ਚਾਨਣੁ ਹੋਆ।

ਜਿਉ ਕਰਿ ਸੂਰਜੁ ਨਿਕਲਿਆ ਤਾਰੇ ਛਿਪੇ ਅੰਧੇਰੁ ਪਲੋਆ।
ਸਿੰਘੁ ਬੁਕੇ ਮਿਰਗਾਵਲੀ ਭੰਨੀ ਜਾਇ ਨ ਧੀਰਿ ਧਰੋਆ।
ਜਿਥੇ ਬਾਬਾ ਪੈਰੁ ਧਰੇ ਪੂਜਾ ਆਸਣੁ ਥਾਪਣਿ ਸੋਆ।
ਸਿਧਾਸਣਿ ਸਭਿ ਜਗਤਿ ਦੇ ਨਾਨਕ ਆਦਿ ਮਤੇ ਜੇ ਕੋਆ।
ਘਰਿ ਘਰਿ ਅੰਦਰਿ ਧਰਮਸਾਲ ਹੋਵੈ ਕੀਰਤਨੁ ਸਦਾ ਵਿਸੋਆ।
ਬਾਬੇ ਤਾਰੇ ਚਾਰਿ ਚਕਿ ਨਉ ਖੰਡਿ ਪ੍ਰਿਥਵੀ ਸਚਾ ਢੋਆ।
ਗੁਰਮੁਖਿ ਕਲਿ ਵਿਚਿ ਪਰਗਟੁ ਹੋਆ ॥੨੭॥

(ਭਾ. ਗੁਰਦਾਸ ਜੀ: ਵਾਰ ੧, ਪਉੜੀ ੨੭)

ਇਹੋ ਲੱਖਣ ਸੱਤਪੁਰਖਾਂ ਦੇ ਸਰਬ ਸ਼ਾਸਤ੍ਰਕਾਰਾਂ ਨੇ ਲਿਖੇ ਹਨ, ਯੱਦਪਿ ਗੁਰੂ ਸਾਹਿਬ ਤੋਂ ਪਹਿਲੇ ਰਾਮ, ਕ੍ਰਿਸ਼ਨ ਆਦਿਕ ਅਨੇਕ ਪੁਰਖ ਬੜੀ ਬੜੀ ਸ਼ਕਤੀ ਵਾਲੇ ਜਗਤ ਉਧਾਰ ਵਾਸਤੇ ਪ੍ਰਮੇਸ਼੍ਵਰ ਦੇ ਭੇਜੇ ਹੋਏ ਸੰਸਾਰ ਵਿੱਚ ਆਏ ਪਰ ਓਨ੍ਹਾਂ ਨੇ ਪ੍ਰਮੇਸ਼੍ਵਰ ਦੇ ਸੱਚੇ ਰਾਹ ਪਰ ਲੋਕਾਂ ਨੂੰ ਨਾ ਚਲਾਯਾ। ਆਪੋ-ਆਪਣੇ ਨਾਮ ਜਪਾਏ ਤੇ ਪੰਥ ਚਲਾਏ ਜਿਸ ਤੋਂ ਜੀਵਾਂ ਦੇ ਉਧਾਰ ਹੋਣ ਦੀ ਜਗ੍ਹਾ ਉਲਟਾ ਬਾਦ ਬਿਬਾਦ ਕਰ ਕੇ ਸੰਸਾਰਕ ਦੁੱਖ ਸਗੋਂ ਹੋਰ ਵੱਧ ਗਿਆ ਤੇ ਮੁਕਤੀ ਨਾ ਹੋਈ ਕਿਉਂਕਿ ਮੁਕਤੀ ਸਤਿਗੁਰੂ ਤੋਂ ਮਿਲਦੀ ਹੈ। ਓਹ ਸਤਿਗੁਰੂ ਨਹੀਂ ਹੋਏ ਤੇ ਨਾ ਓਨ੍ਹਾਂ ਨੂੰ ਸਤਿਗੁਰ ਪਦਵੀ ਈਸ਼੍ਵਰ ਤੋਂ ਹੀ ਮਿਲੀ ਹੈ। ਏਹ ਸਤਿਗੁਰੂ ਪਦਵੀ ਕੇਵਲ ਗੁਰੂ ਨਾਨਕ ਸਾਹਿਬ ਆਦਿਕ ਦਸੋਂ ਗੁਰੂਆਂ ਨੂੰ ਹੀ ਅਕਾਲ ਪੁਰਖ ਨੇ ਬਖ਼ਸ਼ੀ ਹੈ। ਜਿਕੂੰ ਚੌਥੇ ਪਹਿਰ ਮਜੂਰ ਨੂੰ ਮਜੂਰੀ ਮਿਲਦੀ ਹੈ ਏਸੇ ਤਰ੍ਹਾਂ ਪਿਛਲੇ ਜੁਗਾਂ ਵਿੱਚ ਸ਼ੁਭ ਕਰਮ ਕਰਨ ਵਾਲੇ ਪੁਰਖਾਂ ਨੂੰ ਮੁਕਤੀ ਰੂਪ ਮਜੂਰੀ ਹਮੇਸ਼ਾ ਕਲਿਜੁਗ ਵਿੱਚ ਆ ਕੇ ਏਹੋ ਸਤਿਗੁਰੂ ਬਖ਼ਸ਼ਦੇ ਹਨ ਤੇ ਏਨ੍ਹਾਂ ਦੇ ਹੀ ਸੇਵਕਾਂ ਦਾ ਨਾਮ ਗੁਰੂ ਕੇ ਸਿੱਖ ਹੈ। ਹੋਰ ਸੰਨਜਾਸੀ, ਵੈਰਾਗੀ, ਜੈਨੀ, ਜੋਗੀ ਆਦਿਕ ਕੋਈ ਆਪ ਨੂੰ ਗੁਰੂ ਕਾ ਸਿੱਖ ਨਹੀਂ ਕਹਾਂਵਦਾ।

ਗੁਰੂ ਨਾਨਕ ਜੀ ਦਾ ਸਤਿਗੁਰੂ ਅਵਤਾਰ ਹੋਣਾ ਬਯਾਸ ਜੀ ਨੇ ਭਵਿੱਖਯਤ ਪੁਰਾਣ ਵਿੱਚ ਲਿਖ਼ਯਾ ਹੈ। (ਦੇਖੋ ਧਯਾਯ ੨੮ ਸਲੋਕ ੩੩ ਤੋਂ ਅੱਗੇ ਬ੍ਰਹਮਾ ਜੀ ਅਰ ਸਵਾਮੀ ਕਾਰਤਕ ਜੀ ਦੇ ਸੰਬਾਦ ਵਿੱਚ ਏਹ ਕਥਾ ਲਿਖੀ ਹੈ)

'ਜਦ ਕਲਿਜੁਗ ਦੇ ਸਮੇਂ ਮਲੇਛਾਂ ਦਾ ਰਾਜ ਹੋ ਕੇ ਪ੍ਰਜਾ ਪੀੜਤ ਹੋਵੇਗੀ ਤਦੋਂ ਲੋਕਾਂ ਦੀ ਰੱਖਯਾ ਤੇ ਮਲੇਛਾਂ ਦਾ ਨਾਮ ਕਰਨ ਵਾਸਤੇ ਪੱਛਮ ਦੇਸ ਬੇਦੀ ਬੰਸ ਵਿੱਚ ਨਾਨਕ ਨਾਮ ਰਾਜ ਰਿਖੀ ਬ੍ਰਹਮ ਗਯਾਨੀ ਸਤਿਗੁਰੂ ਦਸ ਰੂਪ ਧਾਰੇਗਾ। ਓਨ੍ਹਾਂ ਦੀ ਸੰਪ੍ਰਦਾਇ ਦੇ ਸਿੰਘ ਕੁੱਝ ਦਿਨ ਰਾਜ ਕਰਨਗੇ। ਓਨ੍ਹਾਂ ਤੋਂ ਪਿੱਛੋਂ ਗੋਹੇ ਜੂਹ ਵਾਲੇ ਦੇਸ ਛੁਡਾ ਕੇ ਆਪ ਮਾਲਕ ਬਣ ਕਰ ਰਾਜ ਤੇ ਅਬਾਦੀ ਬਹੁਤ ਕਰਨਗੇ। ਫੇਰ ਰਾਜ ਰਿਖੀ ਦੀ ਸੰਪ੍ਰਦਾਇ ਰਾਜ ਕਰੇਗੀ।'

ਏਹ ਕਥਾ ਪੰਜ ਹਜ਼ਾਰ ਬਰਸ ਦੇ ਬਣੇ ਹੋਏ ਭਵਿੱਖਯਤ ਪੁਰਾਣ ਵਿੱਚ ਹੈ। ਪ੍ਰਸੰਗ ਚੱਲੇ ਤੋਂ ਇਤਿਹਾਸ ਸਮਝ ਕੇ ਲਿਖੀ ਹੈ। ਨਹੀਂ ਤਾਂ ਤਵਾਰੀਖ ਵਿੱਚ ਏਸ ਦੀ ਕੋਈ ਲੋੜ ਨਹੀਂ। ਜਿਸ ਨੇ ਐਨ ਬੈਨ ਭਵਿੱਖਤ ਪੁਰਾਣ ਦੇ ਸਲੋਕ ਪੜ੍ਹਨੇ ਸੁਣਨੇ ਹੋਣ ਓਹ ਪੰਥ ਪ੍ਰਕਾਸ਼ ਗ੍ਰੰਥ ਵਿੱਚੋਂ ਦੇਖ ਲਵੇ।

ਤੁਰਕਾਂ ਦੇ ਜ਼ੁਲਮ ਦੀ ਅੱਗ ਵਿੱਚ ਸੜਦੀ ਹੋਈ ਹਿੰਦੁਵਾਇਣ ਉੱਤੇ ਸੱਤ ਨਾਮ ਦਾ ਚੰਦਨ ਛਿੜਕ ਕੇ ਸੀਤਲ ਕਰ ਦਿਖਾਯਾ, ਏਹੋ ਸੱਚੇ ਸਤਿਗੁਰੂ ਦੀ ਨਿਸ਼ਾਨੀ ਹੈ।ਯਥਾ:

ਬਲਤੋ ਜਲਤੋ ਤਉਕਿਆ ਗੁਰ ਚੰਦਨੁ ਸੀਤਲਾਇਓ ॥੧॥

(ਗਉੜੀ, ਮਃ ੫ - ੨੪੧)

ਤਦੇ ਹੀ ਹਿੰਦੂ ਮੁਸਲਮਾਨ ਆਦਿਕ ਸਭ ਮਜ਼੍ਹਬਾਂ ਵਾਲੇ ਓਨ੍ਹਾਂ ਦੇ ਸੱਚੇ ਬਚਨਾਂ ਪਰ ਅਮਲ ਕਰ ਰਹੇ ਹਨ, ਹੁਣ ਉਨ੍ਹਾਂ ਦੇ ਖ਼ਾਸ ਉਪਕਾਰ ਤੇ ਜੀਵਣ ਚਰਿੱਤ ਦੱਸਦੇ ਹਾਂ।

ੴ ਸਤਿਗੁਰ ਪ੍ਰਸਾਦਿ ॥

ਅਰੰਭ ਤਵਾਰੀਖ

ਪ੍ਰਸੰਗ ਸ੍ਰੀ ਗੁਰੂ ਨਾਨਕ ਸਾਹਿਬ ਜੀ ਦਾ

ਸ੍ਰੀ ਗੁਰੂ ਨਾਨਕ ਸਾਹਿਬ ਜੀ ਦੀ ਬੰਸਾਵਲੀ {ਬੰਸਾਵਲੀ} ਸੂਰਜ ਬੰਸੀ ਮਹਾਰਾਜੇ ਰਾਮਚੰਦ੍ਰ ਜੀ ਨਾਲ ਮਿਲਦੀ ਹੈ ਜੋ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਬਚਿੱਤ੍ਰ ਨਾਟਕ ਪੋਥੀ ਵਿੱਚ ਐਉਂ ਦਿਖਾਈ ਹੈ: ਮਹਾਰਾਜੇ ਰਾਮਚੰਦ੍ਰ ਜੀ ਦੇ ਬੇਟੇ ਲਊ ਨੇ ਲਾਹੌਰ, ਕੁਸੂ ਨੇ ਕਸੂਰ ਵਸਾ ਕੇ ਰਾਜਧਾਨੀਆਂ ਥਾਪੀਆਂ। ਓਨ੍ਹਾਂ ਦੀ ਸੰਤਾਨ ਬਹੁਤ ਚਿਰ ਰਾਜ ਕਰਦੀ ਰਹੀ। ਓੜਕ:

ਧਨ ਅਰ ਭੂਮ ਪੁਰਾਤਨ ਬੈਰਾ ॥

(ਸ੍ਰੀ ਦਸਮ ਗ੍ਰੰਥ - ਬਚਿਤ੍ਰ ਨਾਟਕ)

'ਤੀਨੋਂ ਮੂਲ ਉਪਾਧ ਕਾ ਜ਼ਰ ਜੋਰੂ ਜ਼ਮੀਨ।' ਓਧਰ ਕੁੱਸ਼ੀ ਕਾਲਕੇਤ, ਤੇ ਲਵੀ ਕਾਲਰਾਇ, ਆਪਸ ਮੈਂ ਦੋਵੇਂ ਰਾਜੇ ਕਈ ਬਰਸ ਲੜਦੇ ਰਹੇ। ਛੇਕੜ ਕਾਲਕੇਤ ਨੇ ਕਾਲਰਾਇ ਨੂੰ ਪੰਜਾਬ ਵਿੱਚੋਂ ਕੱਢ ਦਿੱਤਾ। ਯਥਾ ਬਚਨ ਦਸਮ ਗੁਰੂ:

ਕਾਲਕੇਤੁ ਭਯੋ ਬਲੀ ਅਪਾਰਾ ॥ ਕਾਲਰਾਇ ਜਿਨ ਨਗਰ ਨਿਕਾਰਾ ॥
ਭਾਜ ਸਨੌਢ ਦੇਸ ਸੋ ਗਏ ॥ ਤਹੀਂ ਨਿਰਪਜਾ ਬਿਆਹਤ ਭਏ ॥

(ਸ੍ਰੀ ਦਸਮ ਗ੍ਰੰਥ - ਬਚਿਤ੍ਰ ਨਾਟਕ)

ਲਵੀ ਹਾਰ ਕੇ ਪੰਜਾਬ ਛੱਡ ਗਏ। ਸਨੌਢ ਦੇਸ ਜੋ ਮੱਥਰਾ, ਆਗਰਾ ਤੋਂ ਅਮਰਕੋਟ ਤੱਕ ਹੈ ਓਸ ਵਿੱਚ ਚਕਰੈਲ ਬਣੇ ਫਿਰਦੇ ਰਹੇ। ਅਮਰਕੋਟ ਵਾਲੇ ਰਾਜੇ ਨੂੰ ਫਤਹਿ ਕਰ ਕੇ ਉਸ ਦਾ ਰਾਜ ਦਬਾ ਲੀਤਾ। ਉਸ ਦੇ ਬੇਟਾ ਨਹੀਂ ਸੀ ਇੱਕ ਸਨੌਢ ਨਾਮ ਬੇਟੀ ਸੀ ਜੋ ਕਾਲਕੇਤ ਨੂੰ ਵਿਵਾਹ ਦਿੱਤੀ। ਉਸ ਦੇ ਪੁੱਤ੍ਰ ਦਾ ਨਾਮ ਸੋਢੀ ਰਾਇ ਰੱਖਿਆ। ਓਸੇ ਦੀ ਸੰਤਾਨ ਸੋਢੀ ਹੋਏ।

ਕਈ ਆਖਦੇ ਹਨ, ਸਸੋਦ ਪਦ ਤੋਂ ਸੋਢੀ ਬਨਿਆ ਹੈ। ਸਸੋਦੀ ਗੋਤ ਦੇ ਛੱਤ੍ਰੀ ਹੁਣ ਭੀ ਨੈਪਾਲੀਏ ਉਦੇਪੁਰੀਏ ਆਦਿਕ ਬਹੁਤ ਹਨ। ਸੋਢੀ ਰਾਇ ਤੋਂ ਪੰਜਵੀਂ ਪੀੜ੍ਹੀ ਬਿਜੈਰਾਇ ਮਹਾਰਾਜੇ ਨੇ ਪੁਰਾਣਾ ਵੈਰ ਚਿਤਾਰ ਕੇ ਕੁਸ਼ੂ ਦੀ ਸੰਤਾਨ ਦੇ ਰਾਜੇ ਧੀਰ ਰਾਇ ਨੂੰ ਜਿੱਤ ਕੇ ਪੰਜਾਬ ਵਿੱਚੋਂ ਕੱਢ ਦਿੱਤਾ। ਯਥਾ:

ਲਵੀ ਸਰਬ ਜੀਤੇ ਕੁਸ਼ੀ ਸਰਬ ਹਾਰੇ ॥
ਬਚੇ ਜੇ ਬਲੀ ਪ੍ਰਾਨ ਲੈ ਕੇ ਪਧਾਰੇ ॥

(ਸ੍ਰੀ ਦਸਮ ਗ੍ਰੰਥ - ਬਚਿਤ੍ਰ ਨਾਟਕ)

ਕੁਸ਼ੀ ਹਾਰ ਕੇ ਪੂਰਬ ਦੇਸ਼ ਅਯੁੱਧਿਆ ਦੇ ਜ਼ਿਲੇ ਜ਼ਿਮੀਂਦਾਰਾ ਸਾਂਭ ਕੇ ਸਨੇ ਸਨੇ ਰਈਸ ਬਣ ਗਏ। ਓਨ੍ਹਾਂ ਦੀ ਸੰਤਾਨ ਹੁਣ ਭੀ ਓਸ ਦੇਸ਼ ਵਿੱਚ ਠਾਕੁਰ ਸਦਾਂਵਦੀ ਹੈ। ਕੁਸ਼ੀਆਂ ਵਿੱਚੋਂ ਅੰਮ੍ਰਿਤ ਰਾਇ ਨਾਮ ਇੱਕ ਮਹਾਂਪੁਰਸ਼ ਨੇ ਕਾਂਸ਼ੀ ਵਿੱਚ ਰਹਿ ਕੇ ਐਸੀ ਬੇਦ ਵਿੱਦਿਆ ਪੜ੍ਹੀ, ਜੋ ਓਸ ਦਾ ਨਾਮ ਹੀ ਬੇਦੀ ਮਸ਼ਹੂਰ ਹੋ ਗਿਆ। ਸਭ ਦੇਸ਼ਾਂ ਦੇ ਪੰਡਤ ਓਸ ਨੇ ਜਿੱਤ ਲੀਤੇ। ਪੰਜਾਬ ਵਿੱਚ ਆਇਆ ਤੇ ਮੁਕਲਰਾਇ ਰਾਜੇ ਨੂੰ; ਜੋ ਬਿਜੇਰਾਇ ਤੋਂ ੧੪ਵੀਂ ਪੀੜ੍ਹੀ ਸੀ, ਓਸ ਤੋਂ ਵੇਦ ਸੁਣ ਕੇ ਐਸਾ ਵੈਰਾਗ ਹੋਇਆ ਕਿ ਆਪਣਾ ਰਾਜ ਸਮਾਜ ਸਭ ਅੰਮ੍ਰਿਤ ਰਾਇ ਬੇਦੀ ਨੂੰ ਦੇ ਕੇ ਆਪ ਤਿਆਗੀ ਬਣ ਗਿਆ। ਤਪੋ ਬਣ ਵਿੱਚ ਗੰਗਾ ਕਿਨਾਰੇ ਜਾ ਤਪੱਸਿਆ ਕਰਨ ਲੱਗਾ। ਬੇਦੀ ਦੀ ਸੰਤਾਨ ਵਿੱਚੋਂ ਅੰਭੋਜ, ਨਰੋਮਤ, ਸੱਲ੍ਹ ਤਿੰਨ ਰਾਜੇ ਪਾਂਡਵਾਂ ਦੇ ਸਮੇਂ ਸਨ ਪਰ ਸਭ ਤੋਂ ਵੱਡਾ ਸੱਲ੍ਹ ਸੀ। ਸਮੇਂ ਦੇ ਹੇਰ ਫੇਰ ਕਰ ਕੇ ਬੀਸ ਕੁ ਪਿੰਡ ਰਹਿ ਗਏ। ਯਥਾ:

ਬੀਸ ਗਾਂਵ ਤਿਨ ਕੇ ਰਹਿ ਗਏ ॥
ਜਿਨ ਮੋ ਕਰਤ ਕ੍ਰਿਸਾਨੀ ਭਏ ॥

(ਸ੍ਰੀ ਦਸਮ ਗ੍ਰੰਥ - ਬਚਿਤ੍ਰ ਨਾਟਕ)

ਅੰਭੋਜ ਦੀ ਸੰਤਾਨ ਵਿੱਚੋਂ ਨਾਥ ਜੀ, ਸ਼ੰਭੂਜੀ, ਪਰਜਾਪਤ, ਨਾਰਾਇਣ, ਸੰਨਪਾਤ, ਰਾਮ ਨਾਰਾਇਣ ਉੱਤ੍ਰ ਉੱਤ੍ਰ ਪੈਦਾ ਹੋ ਕੇ ਖੇਤੀ ਸੁਦਾਗਰੀ ਪੈਦਾ ਕਰਦੇ ਰਹੇ। ਸੰਮਤ ੧੪੭੧ ਬਿਕ੍ਰਮੀ ਨੂੰ ਭੱਟੀਆਂ ਦੀ ਪਿੰਡੀ ਵਾਲੇ ਭੱਟੀ ਰਾਜਪੂਤ ਭੋਏ ਨੇ {ਰਾਇ ਭੋਇ} ਮੁਸਲਮਾਨ ਹੋ ਕੇ ਰਾਇ ਪਦਵੀ ਤੇ ਦਸ ਪਿੰਡ ਪ੍ਰਗਣੇ ਸ਼ਰਕਪੁਰ ਜਾਗੀਰ ਪਾਈ। ਸੰਨ ੧੪੯੬ ਬਿਕ੍ਰਮੀ ਨੂੰ ਆਪਣੇ ਨਾਮ ਪਰ ਤਲਵੰਡੀ ਪਿੰਡ ਆਪਣੀ ਜਾਗੀਰ ਵਿੱਚ ਵਸਾ ਕੇ ਓਥੇ ਘਰ ਬਣਾ ਲਏ। ਗੋਡੇ ਪਿੰਡ ਦੇ ਰਹਿਣ ਵਾਲੇ ਰਾਮ ਨਰੈਣ ਦੇ ਬੇਟੇ ਸ਼ਿਵਰਾਮ ਬੇਦੀ ਨੂੰ; ਜੋ ਓਸ ਦੀ ਜਾਗੀਰ ਦਾ ਕਾਰਦਾਰ ਸੀ, ਆਪਣੇ ਪਾਸ ਤਲਵੰਡੀ ਵਿੱਚ ਵਸਾ ਲੀਤਾ। ਸੰਮਤ ੧੪੯੭ ਬਿਕ੍ਰਮੀ ਨੂੰ ਮਾਈ ਬਨਾਰਸੀ ਵਿੱਚੋਂ ਸ਼ਿਵਰਾਮ ਦੇ ਘਰ ਕਲਿਆਣ ਚੰਦ ਤੇ ੧੫੦੧ ਬਿਕ੍ਰਮੀ ਨੂੰ ਲਾਲ ਚੰਦ ਪੈਦਾ ਹੋਏ ਜੋ 'ਕਾਲੂ' 'ਲਾਲੂ' ਮਸ਼ਹੂਰ ਹੋਏ ਹਨ। ਸੰਨ ੧੫੧੮ ਬਿਕ੍ਰਮੀ ਨੂੰ ਰਾਇ ਭੋਏ ਦੇ ਮੋਏ ਤੋਂ ਉਸ ਦੇ ਬੇਟੇ ਰਾਇ ਬੁਲਾਰ ਨੇ ਕਾਲੂ ਚੰਦ ਨੂੰ ਆਪਣੇ ਇਲਾਕੇ ਦੀ ਜਾਗੀਰ ਦਾ ਪਟਵਾਰੀ ਬਣਾ ਲੀਤਾ, ਜੋ ਸਾਰੀ ਕਾਰਾਦਾਰੀ ਕਰਦਾ ਰਿਹਾ।

ਓਸੇ ਸਮੇਂ ਬਹਿਲੋਲ ਲੋਧੀ ਬਾਦਸ਼ਾਹ ਦਾ ਬੇਟਾ ਸਿਕੰਦਰ ਔਰੰਗਜ਼ੇਬ ਵਾਂਗੂੰ ਹਿੰਦੂਆਂ ਨੂੰ ਮੁਹੰਮਦੀ ਕਰਨ ਲਈ ਅਨੇਕ ਪ੍ਰਕਾਰ ਦੇ (ਜੇਜ਼ੀਏ) ਮੁੰਡ ਕੇ ਲਾ ਕਰ ਅਜਿਹੇ ਜ਼ੁਲਮ ਦੀ ਭੱਠੀ ਵਿੱਚ ਤੜਫਾ ਰਿਹਾ ਸੀ ਕਿ ਜਿਸ ਤੋਂ ਦੁਖੀ ਹੋ ਕੇ ਹਿੰਦੂ ਆਪੇ ਮੁਹੰਮਦੀ ਬਣ ਜਾਣ। {ਲੋਧੀਆਂ ਦੇ ਜ਼ੁਲਮ} ਉਸ ਦੇ ਜ਼ੁਲਮਾਂ ਦਾ ਨਮੂਨਾ ਦੱਸਦੇ ਹਾਂ:

(੧) ਸੰਨ ੧੫੧੭ ਬਿਕ੍ਰਮੀ ਨੂੰ ਹਿੰਦੂਆਂ ਨੇ ਆਪਣੇ ਰਿਵਾਜ ਅਨੁਸਾਰ ਦੁਸੈਹਰੇ ਪਰ ਜੌਨਪੁਰ ਦੇਵੀ ਦੀ ਮੂਰਤ ਅੱਗੇ ਬੱਕਰੇ ਝਟਕਾਏ। ਕੇਵਲ ਏਸੇ ਗ਼ੁਨਾਹ ਬਦਲੇ ਕਾਜ਼ੀ ਨੇ ਫਤਵਾ ਦਿੱਤਾ ਕਿ ਜਿਨ੍ਹਾਂ ਜਿਨ੍ਹਾਂ ਹਿੰਦੂਆਂ ਨੇ ਬੱਕਰੇ ਦੇਵੀ ਨੂੰ ਚੜ੍ਹਾਏ ਹਨ, ਓਨ੍ਹਾਂ ਦੇ ਮੂੰਹ ਵਿੱਚ ਗਾਇ ਦਾ ਗੋਸ਼ਤ ਓਸੇ ਦੇਵੀ ਦੇ ਰੂਬਰੂ ਦਿੱਤਾ ਜਾਵੇ। ਦੇਖੋ ਤਵਾਰੀਖ ਸਿਕੰਦਰੀ ਸਫਾ ੧੯੨।

(੨) ਮਿਰਜ਼ਾਪੁਰ ਬਿੰਧ ਬਾਸਨੀ ਦੇਵੀ ਅੱਗੇ ਜੀਕੂੰ ਹੁਣ ਹਿੰਦੂ ਬੱਕਰੇ ਝਟਕਾਉਂਦੇ ਹਨ ਓਸ ਸਮੇਂ ਹਲਾਲ ਕਰਾਏ ਜਾਂਦੇ ਸੇ ਝਟਕਾਉਣ ਦਾ ਹੁਕਮ ਨਹੀਂ ਸੀ। ਇੱਕ ਦਿਨ ਇੱਕ ਰਾਜਪੂਤ ਨੇ ਝਟਕਾ ਕੀਤਾ ਓਸੇ ਨੂੰ ਗ਼ੁਨਾਹ ਸਮਝ ਕੇ ਉਸ ਦਾ ਪੁੱਤ੍ਰ ਓਸੇ ਥਾਂ ਦੇਵੀ ਦੇ ਸਾਹਮਣੇ ਹਲਾਲ ਕਰਾਯਾ ਗਿਆ।

(੩) ਕਾਂਸ਼ੀ ਵਿੱਚ ਰਾਮ ਪ੍ਰਸ਼ਾਦ ਨਾਮ ਇੱਕ ਮਸ਼ਹੂਰ ਪੰਡਿਤ ਆਪਣੇ ਘਰ ਅੰਦਰ ਪ੍ਰਿਤਮਾ ਪੂਜਾ ਕਰਦਾ ਸੀ। ਸੰਖ ਦੀ ਆਵਾਜ਼ ਕਾਜ਼ੀ ਨੇ ਸੁਣ ਕੇ ਪਕੜਾ ਦਿੱਤਾ। ਓਸ ਦੇ ਮੂੰਹ ਵਿੱਚ ਪਹਿਲੇ ਗਾਂਇ ਦੀ ਹੱਡੀ ਦਿਵਾਈ। ਫੇਰ ਭੀ ਦੀਨ ਨਾ ਮੰਨਿਆ ਤਾਂ ਕਤਲ ਕਰਾ ਦਿੱਤਾ। ਜਿਨ੍ਹਾਂ ਨੇ ਉਸ ਦੇ ਛੁਡਾਵਣ ਦਾ ਉੱਦਮ ਕੀਤਾ ਓਹ ਦੀਨੋਂ ਬਦੀਨ ਕਰ ਮਾਰੇ। ਏਸ ਨੇ ਕਤਈ ਹੁਕਮ ਦੇ ਰੱਖਿਆ ਸੀ ਕਿ ਕੋਈ ਬਹੂ ਬੇਟੀ ਹਿੰਦੂ ਦੀ ਪਹਿਲੇ ਮੁਸਲਮਾਨ ਦੀ ਭੇਟਾ ਹੋਏ ਬਿਨਾਂ ਹਿੰਦੂ ਦੇ ਘਰ ਨਾ ਬਸੇ। ਚੰਗਾ ਬਸਤ੍ਰ, ਜ਼ੇਵਰ, ਕਿਸੇ ਹਿੰਦੂ ਔਰਤ ਮਰਦ ਨੂੰ ਨਾ ਪਹਿਨਣਾ ਮਿਲੇ। ਏਸੇ ਤਰ੍ਹਾਂ ਸੁੰਦਰ ਲੜਕਾ ਲੜਕੀ ਛੇ ਮਹੀਨੇ ਦੇ ਖਾਣ ਤੋਂ ਅਧਿਕ ਅੰਨਯ ਕਿਸੇ ਹਿੰਦੂ ਦੇ ਘਰ ਨਾ ਰਹੇ।

ਖ਼ਿਆਲ ਕਰੋ ! ਜਦ ਹਾਕਮ ਏਹੋ ਜਿਹਾ ਸੀ ਤਾਂ ਹੋਰ ਮੁਸਲਮਾਨਾਂ ਦੇ ਜ਼ੁਲਮਾਂ ਦਾ ਕੀ ਠਿਕਾਣਾਂ ਹੋ ਸਕਦਾ ਹੈ। ਏਹਨਾਂ ਲੋਧੀ ਪਠਾਣਾਂ ਪਾਪੀਆਂ ਦੇ ਸਤਾਏ ਹੋਏ ਸਾਰੇ ਸੰਸਾਰ ਦੀ ਪੁਕਾਰ ਜਦ ਕਰਤਾਰ ਨੇ ਸੁਣੀ ਤਾਂ ਗੁਰੂ ਨਾਨਕ ਸਾਹਿਬ ਜੀ ਨੂੰ ਧਰਮ ਦੀ ਰੱਖਿਆ ਵਾਸਤੇ ਜਗਤ ਵਿੱਚ ਪ੍ਰਗਟ ਕੀਤਾ। ਯਥਾ ਵਾਕ ਭਾਈ ਗੁਰਦਾਸ:

ਸੁਣੀ ਪੁਕਾਰਿ ਦਾਤਾਰ ਪ੍ਰਭੁ ਗੁਰੁ ਨਾਨਕ ਜਗ ਮਾਹਿ ਪਠਾਇਆ।
ਚਰਨ ਧੋਇ ਰਹਰਾਸਿ ਕਰਿ ਚਰਣਾਮ੍ਰਿਤੁ ਸਿਖਾਂ ਪੀਲਾਇਆ।

(ਭਾ. ਗੁਰਦਾਸ ਜੀ: ਵਾਰ ੧, ਪਉੜੀ ੨੩)

ਸੰ: ੧੫੨੬ ਬਿਕ੍ਰਮੀ ਤੇ ਸੰਨ ੧੪੬੯ ਈਸਵੀ ਕਤਕ ਸੁਦੀ ੧੫ {ਪਾ.੧ ਅਵਤਾਰ} ਨੂੰ ਬਾਰ ਦੇਸ ਪ੍ਰਗਣੇ ਸ਼ਕਰਪੁਰ, ਰਾਇ ਭੋਏ ਦੀ ਤਲਵੰਡੀ ਜੋ ਲਾਹੌਰੋਂ ਪੱਛੋਂ ਵੱਲ ੨੦ ਮੀਲ ਪਰ ਹੈ ਕਾਲੂ ਚੰਦ ਮਹਿਤੇ ਘਰ ਮਾਤਾ ਤ੍ਰਿਪਤਾ ਸੈਂ ਇੱਕ ਪਹਿਰ ਦੇ ਤੜਕੇ ਆਇਤਵਾਰ ਬਹਿਲੋਲ ਲੋਦੀ ਬਾਦਸ਼ਾਹ ਦੇ ਵਕਤ ਗੁਰੂ ਨਾਨਕ ਜੀ ਪ੍ਰਗਟ ਹੋਏ। ਜੈਸੇ ਬਰਖਾ ਹੋਣੇ ਤੇ ਤਪਸ਼ ਘਟ ਜਾਂਦੀ ਹੈ ਤੈਸੇ ਏਨ੍ਹਾਂ ਦੇ ਪ੍ਰਗਟ ਹੋਣ ਨਾਲ ਸਹਿਜੇ ਹੀ ਆਪ ਤੋਂ ਆਪ ਲੋਗਾਂ ਦੇ ਦਿਲਾਂ ਵਿੱਚ ਦਯਾ, ਧਰਮ, ਖਿਮਾ, ਪ੍ਰੇਮਾਦਿਕ ਗੁਣ ਪ੍ਰਗਟ ਹੋ ਪਏ। ਤਲਵੰਡੀ ਵਿੱਚ ਘਰ ਘਰ ਖ਼ੁਸ਼ੀ ਹੋਈ। ਆਪਣੇ ਆਪਣੇ ਘਰਾਂ ਤੋਂ ਦੁੱਧ, ਦਹੀਂ, ਕੇਸਰ ਆਦਿਕ ਮੰਗਲੀਕ ਚੀਜ਼ਾਂ ਲੈ ਕੇ ਮੰਗਲ ਗਾਉਂਦੀਆਂ ਹੋਈਆਂ ਭਾਈਚਾਰੇ ਤੇ ਲਾਗੀਆਂ ਦੀਆਂ ਔਰਤਾਂ ਵਧਾਈ ਦੇਣ ਆਈਆਂ। ਮਹਿਤੇ ਕਾਲੂ ਚੰਦ ਨੇ ਭੀ ਮਿਠਾਈ, ਅੰਨ, ਬਸਤ੍ਰ, ਨਕਦੀ, ਜਥਾਯੋਗ ਬਹੁਤ ਵੰਡਿਆ ਤੇ ਆਪਣੇ ਪਰੋਹਤ ਹਰਿਦਯਾਲ ਨੂੰ ਟੇਵਾ {ਪੱਤ੍ਰੀ ਬਣਵਾਈ} ਲਾਉਣ ਲਈ ਬੁਲਾਯਾ।

ਪੰਡਤ ਨੇ ਜਦ ਦਾਈ ਨੂੰ ਬੁਲਾ ਕੇ ਬਾਲਕ ਦੇ ਲੱਛਣ, ਵਕਤ ਪੁੱਛਿਆ ਤਾਂ ਓਸ ਦੌਲਤਾਂ ਨਾਮ ਦਾਈ ਨੇ ਆਖਿਆ, "ਅਨੇਕ ਲੜਕੇ ਮੇਰੇ ਹੱਥਾਂ ਵਿੱਚ ਜੰਮੇ ਹਨ ਪਰ ਏਹੋ ਜੇਹਾ ਨੀਂਗਰ ਕੋਈ ਨਹੀਂ ਦੇਖਿਆ। ਏਸ ਦੇ ਪੈਦਾ ਹੋਣ ਸਮੇਂ ਅਚਨਚੇਤ ਘਰ ਵਿੱਚ ਐਸਾ ਪ੍ਰਕਾਸ਼ ਹੋ ਗਿਆ ਜੈਸਾ ਸੂਰਜ ਚੜ੍ਹੇ ਤੋਂ ਹੁੰਦਾ ਹੈ। ਆਕਾਸ਼ ਵਿੱਚੋਂ ਠੰਡੀ ਪੌਣ ਸੁਗੰਧੀ ਵਾਲੀ ਅਤਰ ਦੀ ਭਿੰਨੀ ਹੋਈ ਆਈ। ਮੰਗਲਾਚਾਰ, ਜੈ ਜੈ ਕਾਰ ਸੁਣੇ ਗਏ। ਏਹ ਬਾਲਕ ਐਉਂ ਪ੍ਰਗਟ ਹੋਯਾ ਜਿਉਂ ਬੱਦਲ ਵਿੱਚੋਂ ਪੁੰਨਯਾ ਦਾ ਚੰਦ੍ਰਮਾ ਨਿੱਕਲਦਾ ਹੈ।" ਫੇਰ ਤੁਲਸਾਂ ਨਾਮ ਦਾਸੀ ਨੇ ਭੀ ਬਾਲਕ ਦੇ ਲੱਛਣ, ਅੰਗ ਬਹੁਤ ਚੰਗੇ ਬਰਨਨ ਕੀਏ।

ਏਹ ਗੱਲਾਂ ਸੁਣ ਕੇ ਪੰਡਤ ਨੇ ਮਹੂਰਤਾਂ, ਨਛੱਤ੍ਰਾਂ, ਗ੍ਰਿਹਾਂ ਦਾ ਹਿਸਾਬ ਕਰ ਇਸ ਕੁੰਡਲੀ ਦੇ ਅਨੁਸਾਰ ਜਨਮ ਪੱਤ੍ਰੀ ਬਣਾ ਕਾਲੂ ਚੰਦ ਨੂੰ ਜਾ ਸੁਣਾਈ, ਤੇ ਇਸ ਵਿੱਚ ਲਿਖਿਆ ਕਿ ਏਹ ਬਾਲਕ ਬੜਾ ਪ੍ਰਤਾਪੀ ਹੋਵੇਗਾ। ਸੱਚਾ ਪਾਤਸ਼ਾਹ ਸਦਾਵੇਗਾ, ਸਿਰ ਪਰ ਚੌਰ ਛੱਤ੍ਰ ਝੁਲੇਗਾ। ਦੇਵਤਾ, ਮਨੁੱਖ, ਪਸ਼ੂ, ਪੰਛੀ, ਏਸ ਦੀ ਕਾਣ ਮੰਨਣਗੇ। ਜਗਤ ਦਾ ਸੱਚਾ ਮਲਾਹ ਹੋਵੇਗਾ, ਏਸ ਦਾ ਪੰਥ ਚੱਲੇਗਾ। ਏਹ ਪੱਤ੍ਰੀ ਸੁਣ ਕੇ ਕਾਲੂ ਚੰਦ ਨੇ ਪ੍ਰੋਹਤ ਨੂੰ ਬਹੁਤ ਕੁਛ ਦਿੱਤਾ। ਛਠੀ ਵਾਲੇ ਦਿਨ ਨਾਨਕ ਨਾਮ ਰਖਾਯਾ ਕਿਉਂਕਿ ਇਨ੍ਹਾਂ ਦੀ ਭੈਣ ਦਾ ਨਾਮ ਨਾਨਕੀ ਸੀ ਜੋ ਨਾਨਕੇ ਘਰ ਪੈਦਾ ਹੋਣ ਕਰ ਕੇ 'ਨਾਨਕੀ' 'ਨਾਨਕੀ' ਨਾਮ ਨਾਲ ਬੁਲਾਈ ਜਾਂਦੀ ਸੀ।

੬	੫ ਮੰਗਲ	੪ ਰਾਹੂ
੭ ਸ਼ੁੱਕ੍ਰ ਸ਼ਨੀ	੨ ਚੰਦ੍ਰਮਾ	੩
੮ ਸੂਰਜ, ਬੁੱਧ	੧੧ ਬ੍ਰਹਸਤ	੧
੯	੧੦ ਕੇਤੂ	੧੨

ਜਦ ਗੁਰੂ ਸਾਹਿਬ ਤਿੰਨ ਬਰਸ ਦੇ ਹੋਏ, ਤਾਂ ਬਾਲਕਾਂ ਦੇ ਨਾਲ ਖੇਡ ਵਿੱਚ ਗਿਆਨ ਦੀਆਂ ਬਾਤਾਂ ਕਰ ਕਰ ਭਜਨ ਕਰਨ ਕਰਾਉਣ। ਪੰਜਾਂ ਕੁ ਬਰਸਾਂ ਦੇ ਹੋਏ, ਤਾਂ ਦਾਨਾਈ ਨਾਲ ਭਗਤਾਂ ਸੰਤਾਂ ਦੇ ਪ੍ਰਸੰਗ ਸੁਣਾ ਕੇ ਸਭ ਨੂੰ ਗਿਆਨ ਦਾ ਉਪਦੇਸ਼ ਕਰਨ, ਜਿਸ ਤੋਂ ਦਿਲ ਨੂੰ ਸ਼ਾਂਤੀ ਹੋਵੇ। ਏਨ੍ਹਾਂ ਦੀਆਂ ਗੱਲਾਂ ਸੁਣਨ ਵਾਸਤੇ ਹਰ ਵਕਤ ਇਸਤ੍ਰੀ ਮਰਦ ਵੱਡੇ ਛੋਟੇ ਇਨ੍ਹਾਂ ਦੇ ਪਾਸ ਖੜੇ ਰਹਿੰਦੇ। ਜੋ ਕੁਛ ਇਨ੍ਹਾਂ ਨੂੰ ਘਰੋਂ ਮਿਲਦਾ ਗ਼ਰੀਬਾਂ ਫ਼ਕੀਰਾਂ ਨੂੰ ਦੇ ਛੱਡਦੇ, ਜਿਸ ਤੋਂ ਏਨ੍ਹਾਂ ਦੇ ਸਰੇਸ਼ਟ ਗੁਣਾਂ ਦੀ ਚਰਚਾ ਸੁਣ ਸੁਣ ਕੇ ਦਰਸ਼ਨ ਲਈ ਲੋਕ ਆਵਣ ਲੱਗ ਪਏ। ਪਿੰਡ ਦੇ ਬੂਹੇ

ਅੱਗੇ ਕੱਚੇ ਤਾਲਾਬ ਕਿਨਾਰੇ ਪੀਲੂੰ ਦੇ ਦਰੱਖਤਾਂ ਹੇਠ ਲੋਕਾਂ ਦੀ ਭੀੜ ਭਾੜ ਬਣੀ ਰਹੇ। ਜੇ ਕੋਈ ਕੁਛ ਪੁੱਛੇ ਤਾਂ ਗਿਆਨ ਦਾ ਉੱਤਰ ਦੇ ਕੇ ਖ਼ਾਤਰ ਜਮ੍ਹਾਂ ਕਰ ਛੱਡਣ।

ਇਕ ਦਿਨ ਗੁਰੂ ਜੀ ਦੀ ਮਾਸੀ ਲੱਖੋ {ਮਾਸੀ ਲੱਖੋ, ਉਸਦਾ ਪੁੱਤ੍ਰ ਰਾਮਥੰਮਨ} ਨਾਮੇ ਆਪਣੀ ਭੈਣ ਨੂੰ ਮਿਲਣ ਆਈ ਤਾਂ ਗੁਰੂ ਜੀ ਦਾ ਹਾਲ ਦੇਖ ਕੇ ਬੋਲੀ, "ਭੈਣ! ਤੇਰਾ ਪੁੱਤ੍ਰ ਤਾਂ ਕਮਲਾ ਹੈ ਜੋ ਘਰ ਦੀਆਂ ਚੀਜ਼ਾਂ ਲੋਕਾਂ ਨੂੰ ਦੇ ਛੱਡਦਾ ਹੈ।" ਗੁਰੂ ਜੀ ਬੋਲੇ, "ਮਾਸੀ ਜੀ! ਤੇਰਾ ਪੁੱਤ੍ਰ ਮੇਰੇ ਨਾਲੋਂ ਭੀ ਅਧਕ ਕਮਲਾ ਹੋਵੇਗਾ।" ਓਹ ਸੁਣ ਕੇ ਅਸਚਰਜ ਰਹਿ ਗਈ। ਓੜਕ ਓਸ ਦਾ ਪੁੱਤ੍ਰ ਬਾਬਾ ਰਾਮਥੰਮਨ ਐਸਾ ਮਸਤ ਬੈਰਾਗੀ ਸੰਤ ਹੋਇਆ ਜੋ ਹੁਣ ਤੱਕ ਮੰਨਿਆ ਜਾਂਦਾ ਹੈ। ਸ਼ਹਿਰ ਕਸੂਰ ਦੇ ਪਾਸ ਵੈਸਾਖੀ ਵਾਲੇ ਦਿਨ ਓਸ ਦੇ ਨਾਮ ਦਾ ਮੇਲਾ ਭਰਦਾ ਹੈ।

ਜਦ ਸ੍ਰੀ ਗੁਰੂ ਨਾਨਕ ਸਾਹਿਬ ਜੀ ਸੱਤ ਬਰਸ ਦੇ ਹੋਏ ਤਾਂ ਜੋ ਕੁਛ ਘਰੋਂ ਬਾਹਰ ਲੈ ਜਾਣ, ਮੋੜ ਕੇ ਨਾ ਲਿਆਵਣ। ਅੰਨ, ਬਸਤ੍ਰ, ਜ਼ੇਵਰ, ਬਰਤਨ, ਗ਼ਰੀਬਾਂ ਨੂੰ ਦੇ ਛੱਡਣ। ਮਾਤਾ ਤ੍ਰਿਪਤਾ ਜੀ ਤਾਂ ਓਨ੍ਹਾਂ ਦੀ ਧਰਮ ਚਰਚਾ ਤੇ ਅਨੇਕ ਸ਼ਕਤੀਆਂ ਦੇਖ ਕੇ ਨਿਸਚੇ ਕਰ ਬੈਠੀ ਸੀ, ਜੋ ਏਹ ਕੋਈ ਅਵਤਾਰੀ ਪੁਰਖ ਹੈ। ਜਿਸ ਦਿਨ ਤੋਂ ਜੰਮਿਆ ਹੈ, ਲੁਟਾਉਂਦਾ ਭੀ ਬਹੁਤ ਹੈ ਪਰ ਸਾਡੇ ਘਰ ਅੱਗੇ ਨਾਲੋਂ ਦਸ ਗੁਣੇਂ ਪਦਾਰਥ ਵਧੀਕ ਹਨ ਤੇ ਨਾ ਹੀ ਕਿਸੇ ਮੰਦੇ ਰਾਹ ਗਵਾਂਵਦਾ ਹੈ। ਏਹ ਬਾਤ ਸੋਚ ਕੇ ਮਾਤਾ ਸਾਹਿਬ ਤਾਂ ਗੁਰੂ ਜੀ ਨੂੰ ਪਦਾਰਥ ਲੁਟਾਵਣੋਂ ਨਾ ਰੋਕਦੀ, ਸਗੋਂ ਪੱਖ ਰੱਖਦੀ। ਪਰ ਮਹਿਤਾ ਕਾਲੂ ਚੰਦ; ਜਿਸ ਨੇ ਓਥੋਂ ਦੇ ਰਈਸ ਰਾਏ ਭੋਇ ਦੀ ਕਾਰਦਾਰੀ ਵਿੱਚ ਬੜੀ ਇੱਜ਼ਤ ਪਾ ਰੱਖੀ ਸੀ, ਬਾਬੇ ਜੀ ਦੀ ਉਦਾਰਤਾ ਨੂੰ ਦੇਖ ਦੇਖ ਨਰਾਜ਼ ਹੁੰਦਾ। ਕਿਉਂਕਿ ਓਨ੍ਹਾਂ ਦੇ ਦਿਲ ਦਿਮਾਗ਼ ਦੀ ਸ਼ਕਤੀ ਨੂੰ ਨਹੀਂ ਸਮਝਦਾ ਸੀ। ਹਮੇਸ਼ਾ ਗ਼ੁੱਸੇ ਰਾਜ਼ੀ ਹੁੰਦਾ ਰਹਿੰਦਾ।

ਓੜਕ ਗੋਪਾਲ ਪਾਂਧੇ ਪਾਸ; ਜਿੱਥੇ ਸਾਰੇ ਪਿੰਡ ਦੇ ਬਾਲਕ ਪੜ੍ਹਦੇ ਸੇ, ਸੰਮਤ ੧੫੩੩ ਬਿਕ੍ਰਮੀ ਮਘਰ ੭ ਨੂੰ {ਪਾਂਧੇ ਪਾਸ ਪੜ੍ਹਨ ਪਾਏ} ਕੇਸਰ, ਸੁਪਾਰੀ, ਚਾਵਲ, ਕੁਛ ਨਕਦ, ਮਿਠਾਈ ਘਰੋਂ ਲੈ ਜਾ ਕੇ ਹਿੰਦੀ ਹਿਸਾਬ ਸਿੱਖਣ ਲਈ ਏਹ ਸੋਚ ਕੇ ਬਠਾ ਆਯਾ, ਜੋ ਏਥੇ ਬੈਠਾ ਰਹੂ। ਘਰ ਤਾਂ ਨਾ ਲੁਟਾਊ। ਭਲਾ ਓਹ ਸਾਰੇ ਇਲਮਾਂ ਦੇ ਕੁਦਰਤੀ ਗਿਆਤਾ ਕੇਹਰ ਕੱਚੀ ਪੜ੍ਹਤ ਦੀ ਤੰਦ ਵਿੱਚ ਕਿਸ ਤਰ੍ਹਾਂ ਬੰਧਾਏਮਾਨ ਹੁੰਦੇ ਸਨ। ਕਈ ਦਿਨ ਤਾਂ ਜੋ ਕੁਛ ਪਾਂਧਾ ਲਿਖ ਦੇਵੇ ਓਹੋ ਛਿਨ ਕੁ ਪਿੱਛੋਂ ਸੁਣਾ ਦੇਣ। ਇੱਕ ਦਿਨ ਬਾਬੇ ਜੀ ਨੇ 'ਓਅੰਨਮਹ ਸਿਧੰ' ਜੋ ਪਾਂਧੇ ਪਹਿਲੇ ਹੀ ਸਭ ਨੂੰ ਦੱਸਦੇ ਹਨ ਏਸ ਦੇ ਅਰਥ ਪਾਂਧੇ ਤੋਂ ਪੁੱਛੇ ਤਾਂ ਓਸ ਦੀ ਚੌਕੜੀ ਗਈ। ਬੋਲਿਜ਼ਾ, "ਤੂੰ ਅਰਥਾਂ ਨੂੰ ਕੀ ਸਮਝਣਾ ਹੈ? ਲੇਖਾ ਹਿਸਾਬ ਸਿੱਖ।" ਬਾਬੇ ਜੀ ਆਖਜ਼ਾ ਏਹ ਬੰਧਨਾਂ ਵਿੱਚ ਪਾਵਣ ਵਾਲੇ ਛਲ ਬਣਾ ਕੇ ਨਰਕ ਦੇਣ ਵਾਲਾ ਲੇਖਾ ਅਸੀਂ ਨਹੀਂ ਪੜ੍ਹਨਾ। ਪਾਂਧੇ ਆਖਿਆ, "ਨਾਨਕ! ਜੇ ਤੂੰ ਪ੍ਰਲੋਕ ਦਾ ਸਹਾਇਕ ਲੇਖਾ ਜਾਣਦਾ ਹੈਂ ਤਾਂ ਸਾਨੂੰ ਸਿਖਾ। ਅਸੀਂ ਤਾਂ ਕੇਵਲ ਦੁਕਾਨਦਾਰੀ ਦੇ ਵਿਹਾਰ ਦਾ ਹਿਸਾਬ ਜਾਣਦੇ ਹਾਂ। ਪ੍ਰਲੋਕ ਦਾ ਕਦੇ ਸੁਣਿਆ ਭੀ ਨਹੀਂ।" ਤਾਂ ਬਾਬੇ {ਗੋਪਾਲ ਪਾਂਧੇ ਨੂੰ ਉਪਦੇਸ਼} ਸ਼ਬਦ ਬੋਲਿਆ:

ਸਿਰੀਰਾਗੁ ਮਹਲੁ ੧ ॥
ਜਾਲਿ ਮੋਹੁ ਘਸਿ ਮਸੁ ਕਰਿ ਮਤਿ ਕਾਗਦੁ ਕਰਿ ਸਾਰੁ ॥
ਭਾਉ ਕਲਮ ਕਰਿ ਚਿਤੁ ਲੇਖਾਰੀ ਗੁਰ ਪੁਛਿ ਲਿਖੁ ਬੀਚਾਰੁ ॥
ਲਿਖੁ ਨਾਮੁ ਸਾਲਾਹ ਲਿਖੁ ਲਿਖੁ ਅੰਤੁ ਨ ਪਾਰਾਵਾਰੁ ॥੧॥
ਬਾਬਾ ਏਹੁ ਲੇਖਾ ਲਿਖਿ ਜਾਣੁ ॥
ਜਿਥੈ ਲੇਖਾ ਮੰਗੀਐ ਤਿਥੈ ਹੋਇ ਸਚਾ ਨੀਸਾਣੁ ॥੧॥ ਰਹਾਉ ॥
ਜਿਥੈ ਮਿਲਹਿ ਵਡਿਆਈਆ ਸਦ ਖੁਸੀਆ ਸਦ ਚਾਉ ॥
ਤਿਨ ਮੁਖਿ ਟਿਕੇ ਨਿਕਲਹਿ ਜਿਨ ਮਨਿ ਸਚਾ ਨਾਉ ॥
ਕਰਮਿ ਮਿਲੈ ਤਾ ਪਾਈਐ ਨਾਹੀ ਗਲੀ ਵਾਉ ਦੁਆਉ ॥੨॥

ਇਕਿ ਆਵਹਿ ਇਕਿ ਜਾਹਿ ਉਠਿ ਰਖੀਅਹਿ ਨਾਵ ਸਲਾਰ ॥
ਇਕਿ ਉਪਾਏ ਮੰਗਤੇ ਇਕਨਾ ਵਡੇ ਦਰਵਾਰ ॥
ਅਗੈ ਗਇਆ ਜਾਣੀਐ ਵਿਣੁ ਨਾਵੈ ਵੇਕਾਰ ॥੩॥
ਭੈ ਤੇਰੈ ਡਰੁ ਅਗਲਾ ਖਪਿ ਖਪਿ ਛਿਜੈ ਦੇਹ ॥
ਨਾਵ ਜਿਨਾ ਸੁਲਤਾਨ ਖਾਨ ਹੋਦੇ ਡਿਠੇ ਖੇਹ ॥
ਨਾਨਕ ਉਠੀ ਚਲਿਆ ਸਭਿ ਕੂੜੇ ਤੁਟੇ ਨੇਹ ॥੪॥੬॥

(ਸਿਰੀਰਾਗੁ, ਮਃ ੧ - ੧੬)

ਏਹ ਸਾਰਾ ਸ਼ਬਦ ਪੜ੍ਹ ਕੇ ਬੋਲੇ ਪਾਂਧਾ ਜੀ! ਜੇ ਤੈਨੂੰ ਜਨਮ-ਮਰਨ ਦੇ ਲੇਖੇ ਤੋਂ ਛੁੱਟਣ ਦੀ ਇੱਛਾ ਹੈ ਤਾਂ ਏਹ ਲੇਖਾ ਲਿਖ ਪੜ੍ਹ ਕੇ ਬਾਲਕਾਂ ਨੂੰ ਪੜ੍ਹਾ। ਸੰਸਾਰ ਦਾ ਸਨੇਹ ਮਾਯਾ ਦਾ ਮੋਹ ਜਲਾ ਕੇ ਸਜਾਹੀ ਬਣਾ। ਸਾਰਗ੍ਰਾਹੀ ਬੁੱਧੀ ਦੇ ਕਾਗ਼ਜ਼ ਪਰ ਪ੍ਰੇਮ ਦੀ ਕਲਮ ਨਾਲ ਸ਼ੁੱਧ ਚਿੱਤ ਲਿਖਾਰੀ ਤੋਂ ਸਤਿਗੁਰੂ ਦ੍ਵਾਰਾ ਭਗਤੀ ਗਜਾਨ ਦਾ ਵੀਚਾਰ ਪੁੱਛ ਕੇ ਧਾਰਣ ਕਰ। (ਲਿਖ ਨਾਮ) ਪ੍ਰਮੇਸ੍ਵਰ ਦੀ ਮਹਿਮਾ ਗੁਣਨਾਵਾਦ ਕਰਦਾ ਹੋਯਾ ਭਗਤੀ ਭਜਨ ਕਰ। ਜਿੱਥੇ ਪ੍ਰਲੋਕ ਵਿੱਚ ਧਰਮਰਾਜ ਲੇਖਾ ਮੰਗਦਾ ਹੈ ਓਥੇ ਏਸੇ ਲੇਖੇ ਦੇ ਪਰਵਾਨੇ ਨਾਲ ਛੁੱਟੀਦਾ ਹੈ। ਏਹੋ ਜੇਹਾ ਲੇਖਾ ਸਿੱਖਣ ਵਾਲੇ ਪੁਰਖਾਂ ਨੂੰ ਜਿੱਥੇ ਕਿੱਥੇ ਸਦਾ ਹੀ ਖ਼ੁਸ਼ੀਆਂ ਤੇ ਉਤਸ਼ਾਹ ਬਣੇ ਰਹਿੰਦੇ ਹਨ ਅਤੇ ਓਨ੍ਹਾਂ ਦੇ ਮੱਥੇ ਪਰ ਵਡਜਾਈ ਦਾ ਤਿਲਕ ਲਾਯਾ ਜਾਂਦਾ ਹੈ ਅਰਥਾਤ ਪ੍ਰਮੇਸ੍ਵਰ ਵੱਲੋਂ ਦੋਹਾਂ ਜਹਾਨਾਂ ਵਿੱਚ ਓਹਨਾਂ ਨੂੰ ਸੰਪੂਰਨ ਸੁਖ ਪ੍ਰਾਪਤ ਹੁੰਦਾ ਹੈ।

ਏਹ ਸੁਣ ਕੇ ਪਾਂਧੇ ਸਮੇਤ ਸਭ ਲੋਕ ਬਹੁਤ ਖ਼ੁਸ਼ੀ ਹੋਏ ਤੇ ਬਾਬੇ ਜੀ ਨੂੰ ਸਮਰੱਥ ਸਮਝ ਕੇ 'ਓਅੰਨਮਹ ਸਿਧੰ' ਦੇ ਅਰਥ ਪੁੱਛੇ ਤਾਂ ਬਾਬੇ ਆਖਜਾ, "ਪਾਂਧਾ ਜੀ ਏਹੋ ਓਅੰ ਸ੍ਰਗੁਣ ਬ੍ਰਹਮ ਹੈ। ਜੀਕੂੰ ਤੇਰਾ ਨਾਮ ਤੂੰਹੀ ਹੈ। ਏਸੇ ਨੂੰ ਵੇਦ ਵਿੱਚ ਪ੍ਰਣਵ ਤਾਰਕ ਮੰਤ੍ਰ ਲਿਖਿਆ ਹੈ। ਏਹੋ ਨਮਸਕਾਰ ਕਰਨੇ ਜੋਗ ਪ੍ਰਸਿੱਧ ਹੈ। ਏਹ ਅਕ੍ਰਿਤਮ ਨਾਮ ਪ੍ਰਮੇਸ੍ਵਰ ਨੂੰ ਸ਼ੀਘਰ ਮਿਲਾ ਦਿੰਦਾ ਹੈ।"

ਓਹਨਾਂ ਬੇਨਤੀ ਕੀਤੀ ਓਅੰਕਾਰ ਵਾਂਗੂੰ ਹੋਰਨਾਂ ਅੱਖਰਾਂ ਦੇ ਭੀ ਅਰਥ ਦੱਸੋ, ਤਾਂ ਗੁਰੂ ਜੀ ਨੇ ਓਨ੍ਹਾਂ ਦੀ ਕਲਿਆਣ ਵਾਸਤੇ ਸਭਨਾਂ ਅੱਖਰਾਂ ਦੇ ਅਰਥ ਉਚਾਰਨ ਕੀਤੇ ਜੋ ਪੱਟੀ {ਪੱਟੀ ਲਿਖੀ} ਨਾਮ ਬਾਣੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿੱਚ ਏਥੇ ਜ਼ਰਾ ਕੁ ਨਮੂਨਾ ਦੱਸਦੇ ਹਾਂ।

ਰਾਗੁ ਆਸਾ ਮਹਲਾ ੧ ਪਟੀ ਲਿਖੀ
ੴ ਸਤਿਗੁਰ ਪ੍ਰਸਾਦਿ ॥
ਸਸੈ ਸੋਇ ਸ੍ਰਿਸਟਿ ਜਿਨਿ ਸਾਜੀ ਸਭਨਾ ਸਾਹਿਬੁ ਏਕੁ ਭਇਆ ॥
ਸੇਵਤ ਰਹੇ ਚਿਤੁ ਜਿਨ੍ ਕਾ ਲਾਗਾ ਆਇਆ ਤਿਨ੍ ਕਾ ਸਫਲੁ ਭਇਆ ॥੧॥
ਮਨ ਕਾਹੇ ਭੂਲੇ ਮੂੜ ਮਨਾ ॥
ਜਬ ਲੇਖਾ ਦੇਵਹਿ ਬੀਰਾ ਤਉ ਪੜਿਆ ॥੧॥ ਰਹਾਉ ॥
ਈਵੜੀ ਆਦਿ ਪੁਰਖੁ ਹੈ ਦਾਤਾ ਆਪੇ ਸਚਾ ਸੋਈ ॥
ਏਨਾ ਅਖਰਾ ਮਹਿ ਜੋ ਗੁਰਮੁਖਿ ਬੂਝੈ ਤਿਸੁ ਸਿਰਿ ਲੇਖੁ ਨ ਹੋਈ ॥੨॥

(ਆਸਾ ਪਟੀ, ਮਃ ੧ - ੪੩੨)

ਏਸੇ ਪ੍ਰਕਾਰ ਸਾਰੇ ਅੱਖਰਾਂ ਦ੍ਵਾਰਾ ਪ੍ਰਮੇਸ੍ਵਰ ਦੇ ਮਿਲਣ ਦਾ ਰਾਹ ਦੱਸਿਆ। ਬਾਬੇ ਜੀ ਤੋਂ ਅੱਖਰਾਂ ਦਾ ਉਚਾਰਨ ਸੁਣ ਕੇ ਬਾਲਕਾਂ ਸਮੇਤ ਪਾਂਧੇ ਨੇ ਨਿਹਾਲ ਹੋ ਕੇ ਬਾਬੇ ਦੇ ਚਰਨ ਚੁੰਮੇ ਤੇ ਭਗਤੀ ਭਜਨ ਕਰਨ ਲੱਗ ਪਿਆ, ਫੇਰ ਤਾਂ ਘਰ ਘਰ ਬਾਬੇ ਜੀ ਦੀ ਚਰਚਾ ਹੋਣ ਲੱਗੀ।

ਮੁੱਲਾਂ ਦੇ ਪੜ੍ਹਨੇ ਪਾਏ

ਕਈ ਮਹੀਨੇ ਪਿੱਛੋਂ ਮਹਿਤਾ ਕਾਲੂ ਨੇ ਬਾਬੇ ਨੂੰ ਫ਼ਾਰਸੀ ਪੜ੍ਹਾਉਣ ਲਈ ਕੁਤਬਦੀਨ ਮੁੱਲਾਂ {ਮੌਲਵੀ ਕੁਤਬਦੀਨ} ਦੇ ਸਪੁਰਦ ਕੀਤਾ। ਕੁਛ ਦਿਨ ਤਾਂ ਬਾਬਾ ਜੀ ਪੜ੍ਹਦੇ ਰਹੇ। ਇੱਕ ਦਿਨ ਓਥੇ ਭੀ ਪਾਂਧੇ ਵਾਲੀ ਗੱਲ ਆ ਚੱਲੀ ਤਾਂ ਮੁੱਲਾਂ ਨੇ ਆਖਿਆ ਨਾਨਕ! "ਜਿਕੂੰ ਤੈਂ ਪਾਂਧੇ ਨੂੰ ਹਰਫ ਸੁਣਾਏ ਹਨ ਕੁਛ ਮੈਨੂੰ ਭੀ ਸੁਣਾ।" ਤਾਂ ਬਾਬਾ ਜੀ ਨੇ ਏਸ ਤਰ੍ਹਾਂ ਸ਼ੁਰੂ ਕੀਤੇ:

ਅਲਫ ਅੱਲਾ ਨੂੰ ਯਾਦ ਕਰ ਗਫਲਤ ਮਨੋਂ ਵਿਸਾਰ।
ਸ੍ਵਾਸ ਪਲੇਟੇ ਨਾਮ ਬਿਨ ਧ੍ਰਿਗ ਜੀਵਨ ਸੰਸਾਰ॥੧॥
ਬ ਬਿਦਾਯਤ ਦੂਰ ਕਰ ਕਦਮ ਤਰੀਕਤ ਰਾਖ।
ਸਾਹਿਬ ਸਭ ਮੈਂ ਦੇਖ ਕੇ ਨਿਉਂ ਚੱਲ ਬੁਰਾ ਨ ਆਖ॥੨॥
ਤੇ ਤੋਬਾ ਕਰ ਆਜਜ਼ੀ ਸਾਈਂ ਬੇ ਪਰਵਾਹ।
ਸਾਥ ਨ ਚੱਲੇ ਕੁਤਬਦੀਨ ਦੁਨੀ ਕੁਟੰਬ ਅਥਾਹ॥੩॥
ਸ ਸਨਾਇ ਕਰ ਰੱਬ ਦੀ ਮਰਨੇ ਨੂੰ ਰੱਖ ਯਾਦ।
ਬਿਨਾਂ ਬੰਦਗੀ ਕੁਤਬਦੀਨ ਜਨਮ ਜਾਇ ਹੈ ਬਾਦ॥੪॥
ਜੀਮ ਸਮਾਂ ਕਰ ਨਾਮ ਦੀ ਪੰਜ ਨਿਮਾਜ਼* ਗੁਜ਼ਾਰ।
ਬਾਝੋਂ ਯਾਦ ਖੁਦਾਇ ਦੇ ਹੋਸੈਂ ਬਹੁਤ ਖੁਆਰ॥੫॥
ਹੇ ਹਾਲੇਮੀ ਧਾਰ ਕੇ ਹਿਰਸ ਹੰਕਾਰ ਤਿਆਗ।
ਕਾਲ ਖੜੋਤਾ ਸੀਸ ਪਰ ਗਫਲਤ ਨੀਂਦੋਂ ਜਾਗ॥੬॥
ਖੇ ਖਯਾਨਤ ਕਰ ਨਾ ਕਿਸੇ ਖਾਲਕ ਹੈ ਸਭ ਮਾਂਹਿ।
ਖਿਮਾਂ ਗ਼ਰੀਬੀ ਖੁਲਕ ਰੱਖ ਜੇ ਤੂੰ ਤਰਣਾ ਚਾਹਿ** ॥੭॥

---

*੧. ਸੱਚ ਬੋਲਣਾ। ੨. ਹੱਕ ਪਛਾਨਣਾ। ੩. ਖ਼ੁਦਾ ਦੇ ਜਾਨਣ ਵਾਲਜਾਂ ਦੀ ਖ਼ਿਦਮਤ ਸੰਗਤ ਕਰਨੀ। ੪. ਨੀਤ ਸਾਫ਼ ਰੱਖਣੀ। ੫. ਰੱਬ ਦੇ ਗੁਣ ਉਪਕਾਰ ਯਾਦ ਕਰਨੇ।

**ਕਨਿੰਘਮ ਨੇ ਮੁਸਲਮਾਨਾਂ ਦੀਆਂ ਤਾਰੀਖਾਂ ਦਾ ਹਵਾਲਾ ਦੇ ਕੇ ਲਿਖਯਾ ਹੈ ਕਿ ਮੀਰ ਸੱਯਦ ਹਸਨ ਜੋ ਓਸ ਦੇਸ਼ ਵਿੱਚ ਔਲੀਆ ਕਰਾਮਾਤੀ ਸੁਲਹਕੁੱਲ ਬੇਲਾਗ ਪੀਰ ਮੰਨਜਾ ਹੋਯਾ ਮਹਿਤੇ ਕਾਲੂ ਦੇ ਘਰ ਪਾਸ ਵਸਦਾ ਸੀ, ਓਹ ਬਾਬੇ ਤੋਂ ਸਿਹਰਫੀ ਸੁਣ ਕੇ ਹੱਕਾ-ਬੱਕਾ ਰਹਿ ਗਿਆ। ਓਸੇ ਦਿਨ ਤੋਂ ਬਾਬੇ ਜੀ ਨਾਲ ਬਹੁਤ ਪਿਆਰ ਤੇ ਪੱਥ ਰੱਖਣ ਲੱਗ ਪਿਆ (ਰਾਇ ਬੁਲਾਰ ਭੀ ਪਹਿਲੇ ਓਸ ਦਾ ਮੁਰੀਦ ਸੀ) ਓਸ ਨੇ ਆਪਣਾ ਸਾਰਾ ਇਲਮ ਦੀਨੀ ਦੁਨਿਆਵੀ ਬਾਬੇ ਨਾਨਕ ਜੀ ਨੂੰ ਪੜ੍ਹਾਯਾ ਤੇ ਬੜੇ ਬੜੇ ਭੇਤ ਰਾਹ ਹੱਕ ਦੇ ਦਸੇ (ਖਿਜਰ ਵਰਣ) ਜੋ ਜ਼ਮੀਨਾਂ ਦਾ ਦੇਵਤਾ ਤੇ (ਅੱਲਿਆਸ) ਜੋ ਸਮੁੰਦਰਾਂ ਦਾ ਦੇਵਤਾ ਹੈ, ਏਹ ਦੋਵੇਂ ਜਦ ਨਾਨਕ ਜੀ ਚਾਹੁੰਦੇ; ਪ੍ਰਤੱਖ ਆ ਦਰਸ਼ਨ ਦਿੰਦੇ। ਕੰਮ ਮਨਾਂ ਇੱਛਤ ਕਰ ਜਾਂਦੇ ਜੋ ਕੁਛ ਬਾਬਾ ਚਾਹੁੰਦਾ ਸੋ ਹਾਜ਼ਰ ਕਰ ਦਿੰਦੇ। ਇੱਕ ਦਿਨ ਪੀਰ ਮੀਰ ਹਸਨ ਨਾਲ ਬਾਬੇ ਜੀ ਦੀ ਚਰਚਾ ਅਲਫ ਦੇ ਅਰਥ ਕਰਨ ਪਰ ਅਜਿਹੀ ਹੋਈ ਜੋ ਬਾਬੇ ਨੇ ਬੜੇ ਬੜੇ ਇਲਮਾਂ ਦੀਆਂ ਕਿਤਾਬਾਂ ਦੇ (ਜਿਹੜੀਆਂ ਏਹਨਾਂ ਨੇ ਕਦੇ ਸੁਣੀਆਂ ਭੀ ਨਹੀਂ ਸਨ) ਹਵਾਲੇ ਦੇ ਕੇ ਓਸ ਨੂੰ ਨਿਰ ਉੱਤਰ ਕਰ ਦਿੱਤਾ।

ਕਨਿੰਘਮ ਲਿਖਦਾ ਹੈ ਕਿ ਪੰਦ੍ਰਵੀਂ ਸਦੀ ਵਿੱਚ ਕੁਛ ਕੁਦਰਤੀ ਖ਼ਜਾਲ ਹਿੰਦੂਆਂ ਦੇ ਐਸੇ ਬਦਲੇ ਜੋ ਹੋਰ ਦੇ ਹੋਰ ਹੀ ਮਤ ਚੱਲ ਪਏ। ਬਿਆਸ, ਗੋਰਖ, ਸ਼ੰਕਰ, ਬਲਭ, ਰਾਮਾਨੁਜ, ਰਾਮਾਨੰਦ, ਮਾਧਵਾ ਚਾਰਯ ਆਦਿਕ ਅਨੇਕ ਮਤ ਚਲਾਵਣ ਵਾਲੇ ਪੈਦਾ ਹੋ ਗਏ ਪਰ ਸਭ ਨੇ ਆਪਣੇ ਚਿੰਨ੍ਹ ਤੇ ਭਿੰਨ ਭਿੰਨ ਮਤ ਐਸੇ ਚਲਾਏ ਜਿਸ ਤੋਂ ਉਨ੍ਹਾਂ ਦੇ ਸੇਵਕ ਆਪਸ ਵਿੱਚ ਬਹਿਸਬਾਦ ਕਰ ਕਰ ਇੱਕ ਦੂਸਰੇ ਦੇ ਮਤ ਨੂੰ ਖੰਡੇਨ ਲੱਗੇ। ਮੂਰਤ ਪੂਜਾ ਆਦਿਕ ਕਰਮ ਕਾਂਡ ਵਿੱਚ ਲੋਕਾਂ ਨੂੰ ਬਹੁਤ ਲਾਯਾ ਤੇ ਪ੍ਰਮੇਸ਼੍ਵਰ ਨੂੰ ਬੈਕੁੰਠ ਛੀਰ ਸਿੰਧਾਦਿਕ ਸਥਾਨਾਂ ਵਿੱਚ ਰਹਿਣ ਵਾਲਾ ਦੇਹਧਾਰੀ ਕਿਸੇ ਸੂਰਤ ਵਿੱਚ ਹੱਦਾਂ ਵਾਲਾ ਠਹਿਰਾਯਾ। ਕਾਠ ਦੀ ਕੰਠੀ, ਰੁਦ੍ਰਾਖ, ਤਿਲਕ, ਮੁੰਦਰਾ, ਮੁੰਡਨ ਆਦਿਕ ਚਿੰਨ੍ਹ ਦੇ ਜਾਲ ਵਿੱਚ ਫਸਾ ਕੇ ਲੋਕਾਂ ਨੂੰ ਆਪਣੇ ਚੇਲੇ ਬਣਾਉਣ ਉੱਤੋਂ ਤਾਂ ਬਹੁਤ ਜ਼ੋਰ ਦਿੰਦੇ ਰਹੇ ਪਰ ਪਰਮੇਸ਼੍ਵਰ ਦੇ ਪਾਸੇ ਸੱਚੇ ਰਾਹ ਕਿਸੇ ਨੂੰ ਨਾ ਚਲਾਯਾ। ਕਿਉਂਕਿ ਪ੍ਰਮੇਸ਼ਰ ਦੀ ਭਗਤੀ ਨਾਲ ਮਿਲਿਆ ਹੋਇਆ ਸੱਚੇ ਗਿਆਨ ਤੇ ਨਾਮ ਦਾ ਹਿੱਸਾ ਜੋ ਪ੍ਰਮੇਸ਼੍ਵਰ ਨੇ ਖ਼ਾਸ ਨਾਨਕ ਜੀ ਵਾਸਤੇ ਹੀ ਰੱਖਯਾ ਸੀ, ਸੋ ਏਨ੍ਹਾਂ ਨੂੰ ਹੀ ਬਖਸ਼ਿਆ। ਤਦੇ ਹੀ ਜਿਹੜੀਆਂ ਗ਼ਲਤੀਆਂ ਓਨ੍ਹਾਂ ਤੋਂ ਰਹੀਆਂ ਸਨ ਏਨ੍ਹਾਂ ਓਹ ਸਭ ਕੱਢੀਆਂ। ਸੱਚਾ ਮਤ ਜੈਸਾ ਕਿ ਦੋਹਾਂ ਤਹਾਨਾਂ ਜਹਾਨਾਂ ਦੇ ਸੁਧਾਰ ਵਾਸਤੇ ਚਾਹੀਦਾ ਸੀ ਕਾਇਮ ਕੀਤਾ, ਜੋ ਜੋ ਗੱਲਾਂ ਫਾਇਦੇ ਵਾਲੀਆਂ ਪਿੱਛੇ ਅਚਾਰਯਾਂ ਦੀਆਂ ਸਨ ਓਹ ਭੀ ਸਭ ਏਹਨਾਂ ਆਪਣੇ ਸਿੱਖਾਂ ਨੂੰ ਬਖ਼ਸ਼ੀਆਂ। ਅਕਾਲ ਪੁਰਖ ਨੂੰ ਸਰਬ ਸ਼ਕਤੀਵਾਨ ਵਿਆਪਕ ਦਿਖਾ ਕੇ ਓਸ ਦੇ ਰਚੇ ਹੋਏ ਓਸ ਦੇ ਦਰਵਾਜੇ ਅੱਗੇ ਬਿਸ਼ਨੂੰ, ਸ਼ਿਵ, ਬ੍ਰਹਮਾ, ਗਣੇਸ਼, ਦੇਵੀ, ਸੂਰਜ, ਚੰਦ, ਮੂਸਾ, ਈਸਾ, ਜਾਦੁਸਤ, ਮੁਹੰਮਦ, ਗੋਰਖ, ਸ਼ੰਕ੍ਰ, ਰਾਮ, ਕ੍ਰਿਸ਼ਨਾਦਿਕ ਬੇਗਿਣਤ ਸਿਰ ਝੁਕਾਏ ਹੋਏ ਆਜਜ਼ ਖੜ੍ਹੇ ਓਸ ਦੀ ਕ੍ਰਿਪਾ ਦੇ ਉਮੀਦਵਾਰ ਦਖਾਏ। ਗੁਰੂ ਨਾਨਕ ਜੀ ਨੇ ਓਹ ਕੂੜਾ ਹੰਕਾਰ ਨਹੀਂ ਕੀਤਾ ਜੋ ਮੁਹੰਮਦ ਆਦਿਕਾਂ ਨੇ ਆਪਣੇ ਚੇਲਿਆਂ ਨੂੰ ਠੱਗਣ ਵਾਸਤੇ ਰੱਬ ਅੱਗੇ ਸਿਫਾਰਸ਼ ਕਰ ਕੇ ਨਰਕ ਤੋਂ ਬਚਾਵਣ ਦਾ ਛਾਤੀ ਠੋਕ ਕੇ ਝੂਠਾ ਦਾਵਾ ਕੀਤਾ ਹੈ। ਏਹੋ ਜਿਹੇ ਧੋਖੇ ਦੇਣ ਤੋਂ ਬਾਬਾ ਨਾਨਕ ਪਾਕ ਹੈ ਤੇ ਨਾ ਹੀ ਏਨ੍ਹਾਂ ਓਸ ਦੇ ਨਾਮ ਨਾਲ ਆਪਣਾ ਨਾਮ ਜਪਾਇਆ। ਜੈਸੇ ਕਿ ਮੁਹੰਮਦ ਨਾਲੇ ਤਾਂ ਰੱਬ ਨੂੰ ਲਾ ਸ਼ਰੀਕ

ਇਸ ਪ੍ਰਕਾਰ ਸਭਨਾਂ ਹਰਫਾਂ ਉੱਤੇ ਜਦ ਗੁਰੂ ਜੀ ਨੇ ਉਪਦੇਸ਼ ਵਰਣਨ ਕੀਤਾ ਤਾਂ ਮੁੱਲਾਂ ਨੇ ਬਾਬੇ ਨੂੰ ਵਲੀ ਅੱਲਾ ਜਾਣ ਕੇ ਸਲਾਮ ਕੀਤਾ ਤੇ ਕਾਲੂ ਚੰਦ ਨੂੰ ਆਖਿਆ, "ਮਹਿਤਾ ਜੀ! ਤੇਰਾ ਪੁੱਤ੍ਰ ਕੁਦਰਤੀ ਸੱਭੋ ਕੁਛ ਪੜ੍ਹਿਆ ਹੋਯਾ ਹੈ। ਦੂਜੇ ਕਿਸੇ ਦੇ ਪੜ੍ਹਾਵਣ ਦਾ ਨਹੀਂ। ਏਹ ਤਾਂ ਹਿੰਦੂ ਮੁਸਲਮਾਨ ਦੋਹਾਂ ਨੂੰ ਹੱਕ ਦੇ ਪਾਵਣ ਵਾਸਤੇ ਆਯਾ ਹੈ।"

ਜਦ ਗਯਾਰਵੇਂ ਸਾਲ ਵਿੱਚ ਹਰਦਿਆਲ ਪ੍ਰੋਹਤ {ਜਨੇਊ ਤੋਂ ਇਨਕਾਰ} ਬਾਬੇ ਜੀ ਨੂੰ ਜਨੇਊ ਪਾਉਣ ਲੱਗਾ ਤੇ ਬੱਕਰਾ ਮਾਰਿਆ ਤਾਂ ਬਾਬਾ ਜੀ ਨੇ ਏਹ ਸ਼ਲੋਕ ਬੋਲਿਆ:

ਮਃ ੧ ॥
ਲਖ ਚੋਰੀਆ ਲਖ ਜਾਰੀਆ ਲਖ ਕੂੜੀਆ ਲਖ ਗਾਲਿ ॥
ਲਖ ਠਗੀਆ ਪਹਿਨਾਮੀਆ ਰਾਤਿ ਦਿਨਸੁ ਜੀਅ ਨਾਲਿ ॥
ਤਗੁ ਕਪਾਹਹੁ ਕਤੀਐ ਬਾਮ੍ਹਣੁ ਵਟੇ ਆਇ ॥
ਕੁਹਿ ਬਕਰਾ ਰਿੰਨ੍ਹਿ ਖਾਇਆ ਸਭੁ ਕੋ ਆਖੈ ਪਾਇ ॥
ਹੋਇ ਪੁਰਾਣਾ ਸੁਟੀਐ ਭੀ ਫਿਰਿ ਪਾਈਐ ਹੋਰੁ ॥
ਨਾਨਕ ਤਗੁ ਨ ਤੁਟਈ ਜੇ ਤਗਿ ਹੋਵੈ ਜੋਰੁ ॥੨॥

(ਵਾਰ-ਆਸਾ, ਮਃ ੧ - ੪੭੧)

ਬਾਬੇ ਆਖਯਾ, "ਪ੍ਰੋਹਤ ਜੀ! ਤੁਸੀਂ ਕਪਾਸ ਦਾ ਜੰਞੂ ਵੱਟ ਕੇ ਉਤਸ਼ਾਹ ਕੀਤਾ। ਨਿਉਤਾ ਦੇ ਕੇ ਬ੍ਰਾਹਮਣ ਬੁਲਾਏ ਆਪਣੇ ਸ੍ਵਾਦ ਵਾਸਤੇ ਬੱਕਰਾ ਮਾਰਿਆ। ਸਭੇ ਆਖਦੇ ਹੋ -ਪਾਓ! ਜੰਞੂ ਪਾਓ- ਪਰ ਮੈਂ ਏਹ ਪੁੱਛਦਾ ਹਾਂ ਕਿ ਏਹ ਨਿਰਾਰਥਕ ਤਾਗਾ ਪਹਿਰਨਾਂ ਕਿਉਂ ਚਾਹੀਏ?"

ਏਹ ਸੁਣ ਕੇ ਬ੍ਰਾਹਮਣ ਚਮਕੇ ਤਾਂ ਬਾਬੇ ਆਖਯਾ, "ਚਮਕਦੇ ਕਿਉਂ ਹੋ? ਪਹਿਰਨ ਜੋਗ ਜੰਞੂ ਤਾਂ ਤੁਸਾਂ ਕਿਸੇ ਭੀ ਨਹੀਂ ਪਾਇਆ। ਦੇਖੋ:

ਮਃ ੧ ॥
ਤਗੁ ਨ ਇੰਦ੍ਰੀ ਤਗੁ ਨ ਨਾਰੀ ॥
ਭਲਕੇ ਥੁਕ ਪਵੈ ਨਿਤ ਦਾੜੀ ॥
ਤਗੁ ਨ ਪੈਰੀ ਤਗੁ ਨ ਹਥੀ ॥
ਤਗੁ ਨ ਜਿਹਵਾ ਤਗੁ ਨ ਅਖੀ ॥
ਵੇਤਗਾ ਆਪੇ ਵਤੈ ॥
ਵਟਿ ਧਾਗੇ ਅਵਰਾ ਘਤੈ ॥
ਲੈ ਭਾੜਿ ਕਰੇ ਵੀਆਹੁ ॥
ਕਢਿ ਕਾਗਲੁ ਦਸੇ ਰਾਹੁ ॥
ਸੁਣਿ ਵੇਖਹੁ ਲੋਕਾ ਏਹੁ ਵਿਡਾਣੁ ॥
ਮਨਿ ਅੰਧਾ ਨਾਉ ਸੁਜਾਣੁ ॥੪॥

(ਵਾਰ-ਆਸਾ, ਮਃ ੧ - ੪੭੧)

"ਪੰਡਤ ਜੀ! ਜਦ ਆਪਣੀਆਂ ਇੰਦ੍ਰੀਆਂ ਨੂੰ ਹੀ ਵਿਸ਼ੇ ਵਿਕਾਰਾਂ ਵੱਲੋਂ ਰੋਕਣ ਦਾ ਜੰਞੂ ਜੋ ਤੁਸਾਂ ਨੂੰ ਪਾਉਣਾ ਯੋਗਯ ਸੀ ਨਹੀਂ ਪਾਯਾ ਤਾਂ ਹੋਰ ਕਿਸੇ ਨੂੰ ਤੁਸਾਡਾ ਤੱਗ ਕੀ ਫਾਇਦਾ ਕਰੇਗਾ? ਆਪ ਬੇਤੱਗੇ ਹੋ ਕੇ ਹੋਰਨਾਂ ਨੂੰ ਤੱਗ ਪਾਉਣਾ, ਟਕਾ ਲੈ ਕੇ ਪੱਤ੍ਰੀ ਦੱਸਣੀ, ਵੱਢੀਆਂ ਭਾੜੇ ਖਾ ਕੇ ਲੋਕਾਂ ਦੇ ਸੰਜੋਗ ਵਿਵਾਹ ਕਰਨੇ, ਲੋਕਾਂ ਨੂੰ ਚੇਲੇ ਕਰ ਕਰ ਖਾਣ ਵਾਸਤੇ ਕੇਹਾ ਅਚਰਜ ਖੋਟਾ ਰਾਹ ਫੜਯਾ ਹੈ। ਜਦ ਤੁਸਾਂ ਨੂੰ ਪ੍ਰਲੋਕ ਦਾ ਭੈਅ ਨਹੀਂ। ਦਿਲ ਦਿਮਾਗ਼ ਦੇ ਗਯਾਨ ਵਿਚਾਰ ਨੇਤ੍ਰਾਂ

ਦੱਸਦਾ ਹੈ ਤੇ ਨਾਲੇ ਦਾਦੂਰਾਮ, ਰਾਮ ਕਬੀਰ ਦੇ ਭਜਨ ਵਾਂਗੂੰ "ਲਾਇੱਲਾ ਮੁਹੰਮਦ ਰਸੂਲ ਇੱਲਾ" ਜਪਾਉਂਦਾ ਹੋਇਆ ਅੱਲਾ ਦਾ ਸ਼ਰੀਕ ਬਣਦਾ ਹੈ। ਰੱਬ ਦੇ ਨਾਮ ਨਾਲ ਆਪਣਾ ਨਾਮ ਜਪਾਵਣਾ ਏਦੂੰ ਵੱਧ ਕੇ ਹੋਰ ਕਿਹੜੀ ਬਖੀਲੀ ਸ਼ਰੀਕਤ ਹੈ। ਓਹ ਅੰਗ੍ਰੇਜ਼ ਕਹਿੰਦਾ ਹੈ ਮੈਂ ਸੱਚੇ ਇਨਸਾਫ਼ ਨਾਲ ਆਖਦਾ ਹਾਂ ਕਿ ਜੈਸਾ ਦੋਹਾਂ ਜਹਾਨਾਂ ਵਿੱਚ ਨਫ਼ਾ ਦੇਣ ਵਾਲਾ ਤੇ ਸੁਲਹ ਕੁੱਲ ਬਿਨਾਂ ਲਾਗ ਲਪੇਟ ਜੀਵਾਂ ਨੂੰ ਮੁਕਤੀ ਦੇਣ ਵਾਲਾ ਬਾਬੇ ਨਾਨਕ ਦਾ ਮਤ ਹੈ ਤੈਸਾ ਕਿਸੇ ਦਾ ਨਹੀਂ।

ਹੀਨ ਹੋ, ਫੇਰ ਸਜਾਣੇ ਸਦਾਵਣਾਂ ਬੜਾ ਅਚਰਜ ਕਰਦੇ ਹੋ। ਝੂਠਾ ਤੱਗ ਝੂਠੇ ਸਰੀਰ ਨੂੰ ਜਿਹੜਾ ਏਸ ਦੇ ਨਾਲ ਏਥੇ ਹੀ ਸੜ ਕੇ ਝੜ ਜਾਏ ਲੋਕ ਦਿਖਾਵਾ ਦੰਭ ਅਸੀਂ ਨਹੀਂ ਪਾਉਂਦੇ। ਜੀਵ ਦੇ ਸਦਾ ਸਾਥ ਰਹਿਣ ਵਾਲਾ ਤੱਗ ਪਾਵਾਂਗੇ। ਜੇ ਤੁਹਾਡੇ ਪਾਸ ਹੈ ਤਾਂ ਪਾਓ।"

ਪੰਡਤਾਂ ਪੁੱਛਜਾ, "ਜੀਵ ਦਾ ਤੱਗ ਕਿਹੜਾ ਹੈ?" ਤਾਂ ਬਾਬਾ ਜੀ ਨੇ ਜੀਵ ਦਾ ਤੱਗ ਦੱਸਿਆ:

ਸਲੋਕੁ ਮਃ ੧ ॥
ਦਇਆ ਕਪਾਹ ਸੰਤੋਖੁ ਸੂਤੁ ਜਤੁ ਗੰਢੀ ਸਤੁ ਵਟੁ ॥
ਏਹੁ ਜਨੇਊ ਜੀਅ ਕਾ ਹਈ ਤ ਪਾਡੇ ਘਤੁ ॥
ਨਾ ਏਹੁ ਤੁਟੈ ਨਾ ਮਲੁ ਲਗੈ ਨਾ ਏਹੁ ਜਲੈ ਨ ਜਾਇ ॥
ਧੰਨੁ ਸੁ ਮਾਣਸ ਨਾਨਕਾ ਜੋ ਗਲਿ ਚਲੇ ਪਾਇ ॥
ਚਉਕੜਿ ਮੁਲਿ ਅਣਾਇਆ ਬਹਿ ਚਉਕੈ ਪਾਇਆ ॥
ਸਿਖਾ ਕੰਨਿ ਚੜਾਈਆ ਗੁਰੁ ਬ੍ਰਾਹਮਣੁ ਥਿਆ ॥
ਓਹੁ ਮੁਆ ਓਹੁ ਝੜਿ ਪਇਆ ਵੇਤਗਾ ਗਇਆ ॥੧॥

(ਵਾਰ-ਆਸਾ, ਮਃ ੧ - ੪੭੧)

ਬਾਬੇ ਜੀ ਦੇ ਏਹ ਸੱਚੇ ਸੁਖਦਾਈ ਬਚਨ ਸੁਣ ਕੇ ਸਭ ਪੰਡਤ ਹੱਕੇ ਬੱਕੇ ਰਹਿ ਗਏ। ਹੋਰ ਬ੍ਰਾਹਮਣ ਤਾਂ ਬਹੁਤ ਖੁਨਸਾਏ ਕਿ ਖੱਤ੍ਰੀ ਦਾ ਬਾਲਕ ਹੋ ਕੇ ਬ੍ਰਾਹਮਣਾਂ ਨੂੰ ਉਪਦੇਸ਼ ਕਰਦਾ ਹੈ ਪਰ ਹਰਦਿਆਲ ਪ੍ਰੋਹਤ ਜੋ ਗੁਰੂ ਕੀ ਮਹਿਮਾ ਨੂੰ ਜਾਣਦਾ ਸੀ ਬੋਲਿਆ ਕਿ, "ਮਹਾਰਾਜ! ਸਦਾ ਹੀ ਛੱਤ੍ਰੀਆਂ ਤੋਂ ਬ੍ਰਾਹਮਣਾਂ ਨੂੰ ਅਰਥ ਪ੍ਰਮਾਰਥ ਦਾ ਲਾਭ ਹੁੰਦਾ ਰਿਹਾ ਹੈ। ਸਭ ਤੋਂ ਪਹਿਲੇ ਵਿਸ਼ਨੂੰ ਛੱਤ੍ਰੀ ਤੋਂ ਬ੍ਰਹਮਾ ਜੀ ਨੂੰ ਉਪਦੇਸ਼ ਹੋਯਾ। ਨਾਰਦ ਸਨਕਾਦਿਕ ਆਦਿਕ ਸਭ ਮਹਾਂਰਿਖੀ ਸ਼ਿਵਜੀ ਛੱਤ੍ਰੀ ਤੋਂ ਯਾ ਵਿਸ਼ਨੂ ਜੀ ਤੋਂ ਉਪਦੇਸ਼ ਲੈਂਦੇ ਰਹੇ। ਯਯਾਤੀ ਛੱਤ੍ਰੀ ਰਾਜੇ ਤੋਂ ਅਨੰਤ ਬ੍ਰਾਹਮਣਾਂ ਨੇ ਵੇਦ ਵਿੱਦਜਾ ਪੜ੍ਹੀ। ਕ੍ਰਿਸ਼ਨ ਜੀ ਛੱਤ੍ਰੀ ਦਾ ਉਪਦੇਸ਼ ਜੋ ਗੀਤਾ ਹੈ, ਹੁਣ ਤੱਕ ਸਾਰੀ ਦੁਨੀਆਂ ਦੇ ਬ੍ਰਾਹਮਣ ਧਾਰਨ ਕਰ ਕਰਾ ਰਹੇ ਹਨ। ਸੂਰਜ ਤੋਂ ਅਨੰਤ ਬ੍ਰਾਹਮਣਾਂ ਨੇ ਜੋਤਸ਼ ਵਿੱਦਜਾ ਸਿੱਖੀ। ਏਹ ਸਭ ਕਥਾ ਬੇਦ ਸੰਘਤਾ ਤੇ ਪੁਰਾਣਾਂ ਵਿੱਚ ਪ੍ਰਸਿੱਧ ਹਨ। ਸੋ ਆਪ ਹੁਣ ਓਸੇ ਸੂਰਜ ਬੰਸ ਵਿੱਚ ਸੂਰਜ ਰੂਪ ਅੱਗਜਾਨ ਅੰਧੇਰੇ ਨੂੰ ਦੂਰ ਕਰਨ ਲਈ ਜੀਵਾਂ ਦੇ ਉਧਾਰ ਵਾਸਤੇ ਪ੍ਰਗਟੇ ਹੋ, ਕਿਰਪਾ ਕਰ ਕੇ ਮੈਨੂੰ ਓਹ ਦਾਨ ਬਖ਼ਸ਼ੋ ਜਿਸ ਤੋਂ ਮੇਰਾ ਮਨ ਤ੍ਰਿਪਤ ਹੋ ਜਾਵੇ।"

ਬਾਬਾ ਜੀ ਨੇ ਆਖਿਆ ਪ੍ਰਮੇਸ਼੍ਵਰ ਸਰਬ ਸ਼ਕਤੀਵਾਨ ਸਭ ਦਾ ਜਜਮਾਨ ਹੈ, ਓਸ ਅੱਗੇ ਏਸ ਪ੍ਰਕਾਰ ਪ੍ਰਾਰਥਨਾ ਕੀਤਾ ਕਰੋ। ਯਥਾ:

ਪ੍ਰਭਾਤੀ ਮਹਲਾ ੧ ॥
ਗੁਰ ਪਰਸਾਦੀ ਵਿਦਿਆ ਵੀਚਾਰੈ ਪੜਿ ਪੜਿ ਪਾਵੈ ਮਾਨੁ ॥
ਆਪਾ ਮਧੇ ਆਪੁ ਪਰਗਾਸਿਆ ਪਾਇਆ ਅੰਮ੍ਰਿਤੁ ਨਾਮੁ ॥੧॥
ਕਰਤਾ ਤੂ ਮੇਰਾ ਜਜਮਾਨੁ ॥
ਇਕ ਦਖਿਣਾ ਹਉ ਤੈ ਪਹਿ ਮਾਗਉ ਦੇਹਿ ਆਪਣਾ ਨਾਮੁ ॥੧॥ ਰਹਾਉ ॥
ਪੰਚ ਤਸਕਰ ਧਾਵਤ ਰਾਖੇ ਚੂਕਾ ਮਨਿ ਅਭਿਮਾਨੁ ॥
ਦਿਸਟਿ ਬਿਕਾਰੀ ਦੁਰਮਤਿ ਭਾਗੀ ਐਸਾ ਬ੍ਰਹਮ ਗਿਆਨੁ ॥੨॥
ਜਤੁ ਸਤੁ ਚਾਵਲ ਦਇਆ ਕਣਕ ਕਰਿ ਪ੍ਰਾਪਤਿ ਪਾਤੀ ਧਾਨੁ ॥
ਦੂਧੁ ਕਰਮੁ ਸੰਤੋਖੁ ਘੀਉ ਕਰਿ ਐਸਾ ਮਾਂਗਉ ਦਾਨੁ ॥੩॥
ਖਿਮਾ ਧੀਰਜੁ ਕਰਿ ਗਊ ਲਵੇਰੀ ਸਹਜੇ ਬਛਰਾ ਖੀਰੁ ਪੀਐ ॥
ਸਿਫਤਿ ਸਰਮ ਕਾ ਕਪੜਾ ਮਾਂਗਉ ਹਰਿ ਗੁਣ ਨਾਨਕ ਰਵਤੁ ਰਹੈ ॥੪॥੭॥

(ਪ੍ਰਭਾਤੀ, ਮਃ ੧ - ੧੩੨੯)

ਏਹ ਸ਼ਬਦ ਸੁਣ ਕੇ ਹਰਦਿਆਲ ਦ੍ਰਿੜ੍ਹ ਭਗਤੀ ਭਜਨ ਸਤਸੰਗ ਵਿੱਚ ਜੁੜ ਗਿਆ।

ਬਾਬਾ ਜੀ ਨੂੰ ਕਿਸੇ ਕੰਮ ਯਾ ਕਿਸੇ ਦੇ ਆਖੇ ਨਾ ਲਗਦਾ ਦੇਖ ਕੇ ਮਹਿਤਾ ਕਾਲੂ ਚੰਦ ਇੱਕ ਦਿਨ ਫ਼ਿਕਰ ਵਿੱਚ ਬੈਠਾ ਸੀ ਤਾਂ ਬ੍ਰਿਜਨਾਥ {ਬ੍ਰਿਜਨਾਥ ਪੰਡਿਤ} ਪੰਡਿਤ ਆ ਗਿਆ, ਓਸ ਦੇ ਪੁੱਛੇ ਤੋਂ ਮਹਿਤੇ ਨੇ ਆਪਣਾ ਸਾਰਾ ਭੇਦ ਫੋਲਿਆ। ਓਨ ਆਖ੍ਯਾ, "ਮਹਿਤਾ ਜੀ! ਤੁਸੀਂ ਜ਼ਰਾ ਫ਼ਿਕਰ ਨਾ ਕਰੋ, ਇੱਕ ਦਿਨ ਮੇਰੇ ਪਾਸ ਨਾਨਕ ਨੂੰ ਲੈ ਆਓ। ਮੈਂ ਸਮਝ ਲੀਤਾ ਹੈ ਓਸ ਦਾ ਬਹੁਤ ਉੱਚਾ ਦਿਮਾਗ਼ ਹੈ। ਹੋਰਨਾਂ ਵਿੱਦ੍ਯਾ ਨੂੰ ਕੱਚੀਆਂ ਹੋਣੇ ਕਰ ਨਹੀਂ ਮੰਨਦਾ ਸੰਸਕ੍ਰਿਤ ਪੜ੍ਹਨਾ ਮੰਨ ਜਾਏਗਾ।"

ਪੰਡਿਤ ਦੇ ਪੜ੍ਹਨੇ ਪਾਏ

ਦੂਜੇ ਦਿਨ ਮਹਿਤਾ ਜੀ ਬਾਬਾ ਜੀ ਨੂੰ ਪੰਡਿਤ ਪਾਸ ਲੈ ਗਏ। ਪੰਡਿਤ ਨੇ ਪੱਟੀ ਉੱਤੇ ਓਅੰਕਾਰ ਤੇ ਸ਼ਾਸਤ੍ਰੀ ਦੇ ਅੱਖਰ ਲਿਖ ਦਿੱਤੇ। ਗੁਰੂ ਜੀ ਨੇ ਦੋ ਚਾਰ ਦਿਨ ਤਾਂ ਓਥੇ ਗ਼ੁਜ਼ਾਰੇ। ਇੱਕ ਦਿਨ ਓਅੰ ਦੇ ਅਰਥ ਪੁੱਛੇ ਤਾਂ ਪੰਡਿਤ ਨੇ ਕਿਹਾ, "ਤੈਨੂੰ ਅਜੇ ਅਰਥਾਂ ਦੀ ਸਮਝ ਨਹੀਂ ਅੱਖਰ ਪੜ੍ਹ।"

ਬਾਬਾ ਜੀ ਬੋਲੇ, "ਅਰਥ ਸਮਝੇ ਬਿਨਾਂ ਪੜ੍ਹਨਾ ਅੰਧੇਰੇ ਵਿੱਚ ਹੱਥ ਮਾਰਨਾ ਹੈ। ਪੰਡਿਤ ਨੇ ਖੁਨਸਾ ਕੇ ਕਿਹਾ ਓਹ ਪਾਂਧੇ ਮੀਂਏ ਦੀ ਵਿੱਦਜਾ ਸੀ ਜਿਹੜੀ ਦੇ ਤੁਸਾਂ ਕੁਛ ਕੁਛ ਅਰਥ ਕਰ ਸੁਣਾਏ, ਏਹ ਬੇਦ ਵਿੱਦਜਾ ਦੇਵ ਬਾਣੀ ਬਹੁਤ ਕਠਿਨ ਹੈ।" ਤਾਂ ਬਾਬੇ ਜੀ ਨੇ ਪੰਡਿਤ ਦਾ ਹੰਕਾਰ ਨਿਵਾਰਨ ਵਾਸਤੇ ਭਾਗਵਤ ਸੰਸਕ੍ਰਿਤ ਜੋ ਪੰਡਤ ਦੇ ਪਾਸ ਸੀ ਪੜ੍ਹ ਕੇ ਐਸੇ ਐਸੇ ਅਰਥ ਚਮਤਕਾਰੇ ਵਾਲੇ ਸੁਣਾਏ ਜਿਸ ਤੋਂ ਪੰਡਿਤ ਜੀ ਪਾਣੀ ਹੋ ਤੁਰੇ। ਜੋ ਬਾਣੀ ਬਾਬੇ ਨੇ ਓਥੇ {ਦੱਖਣੀ ਓਅੰਕਾਰ} ਉਚਾਰੀ ਓਸ ਦਾ ਨਮੂਨਾ ਏਹ ਹੈ:

ਰਾਮਕਲੀ ਮਹਲਾ ੧ ਦਖਣੀ ਓਅੰਕਾਰੁ
ੴ ਸਤਿਗੁਰ ਪ੍ਰਸਾਦਿ ॥
ਓਅੰਕਾਰਿ ਬ੍ਰਹਮਾ ਉਤਪਤਿ ॥ ਓਅੰਕਾਰੁ ਕੀਆ ਜਿਨਿ ਚਿਤਿ ॥
ਓਅੰਕਾਰਿ ਸੈਲ ਜੁਗ ਭਏ ॥ ਓਅੰਕਾਰਿ ਬੇਦ ਨਿਰਮਏ ॥
ਓਅੰਕਾਰਿ ਸਬਦਿ ਉਧਰੇ ॥ ਓਅੰਕਾਰਿ ਗੁਰਮੁਖਿ ਤਰੇ ॥
ਓਨਮ ਅਖਰ ਸੁਣਹੁ ਬੀਚਾਰੁ ॥ ਓਨਮ ਅਖਰੁ ਤ੍ਰਿਭਵਣ ਸਾਰੁ ॥੧॥
ਸੁਣਿ ਪਾਡੇ ਕਿਆ ਲਿਖਹੁ ਜੰਜਾਲਾ ॥
ਲਿਖੁ ਰਾਮ ਨਾਮ ਗੁਰਮੁਖਿ ਗੋਪਾਲਾ ॥੧॥ ਰਹਾਉ ॥
ਸਸੈ ਸਭੁ ਜਗੁ ਸਹਜਿ ਉਪਾਇਆ ਤੀਨਿ ਭਵਨ ਇਕ ਜੋਤੀ ॥
ਗੁਰਮੁਖਿ ਵਸਤੁ ਪਰਾਪਤਿ ਹੋਵੈ ਚੁਣਿ ਲੈ ਮਾਣਕ ਮੋਤੀ ॥
ਸਮਝੈ ਸੂਝੈ ਪੜਿ ਪੜਿ ਬੂਝੈ ਅੰਤਿ ਨਿਰੰਤਰਿ ਸਾਚਾ ॥
ਗੁਰਮੁਖਿ ਦੇਖੈ ਸਾਚੁ ਸਮਾਲੇ ਬਿਨੁ ਸਾਚੇ ਜਗੁ ਕਾਚਾ ॥੨॥

(ਰਾਮਕਲੀ ਦਖਣੀ, ਮਃ ੧ - ੯੨੯)

ਇਤਜਾਦਿਕ ਸਾਰੇ ਅੱਖਰਾਂ ਦ੍ਵਾਰਾ ਪ੍ਰਮੇਸ਼੍ਵਰ ਦੀ ਭਗਤੀ ਤੇ ਗਿਆਨ ਤੇ ਓਅੰਕਾਰ ਨੂੰ ਸਰਗੁਣ ਬ੍ਰਹਮ ਠਹਿਰਾ ਕੇ ਸਾਰੇ ਜਗਤ ਦੀ ਉਤਪਤੀ ਏਸੇ ਤੋਂ ਦਿਖਾਈ, ਜਿਸ ਨੂੰ ਸੁਣ ਕੇ ਪੰਡਿਤ ਬਾਬੇ ਜੀ ਨੂੰ ਸਰਬਗਜ ਰਿਖੀ ਬ੍ਰਹਮ ਵੇਤਾ ਮੰਨ ਕੇ ਸਤਿ ਨਾਮ ਦਾ ਉਪਦੇਸ਼ੀ ਹੋ ਗਿਆ।

ਓਸ ਦਿਨ ਤੋਂ ਮਹਿਤੇ ਕਾਲੂ ਜੀ ਨੇ ਏਹ ਨਿਸਚੇ ਕਰ ਲੀਤਾ ਕਿ ਨਾਨਕ ਚੰਦ! ਜੇ ਤੂੰ ਪੜ੍ਹਨਾ ਨਹੀਂ ਤਾਂ ਪਾਲੀਆਂ ਦੇ ਨਾਲ ਗਊਆਂ ਚਾਰਨ ਜਾਇਆ ਕਰ। ਪਿਤਾ ਦਾ ਬਚਨ ਮੰਨ ਕੇ {ਗਊਆਂ ਚਾਰਨਾ} ਖ਼ੁਸ਼ੀ ਨਾਲ ਗਊਆਂ ਚਾਰਨ ਪਾਲੀਆਂ ਨਾਲ ਜਾਣ ਲੱਗੇ। ਰਿਖੀਆਂ ਮੁਨੀਆਂ ਭਗਤਾਂ ਦੀਆਂ ਕਹਾਣੀਆਂ ਤੇ ਬਾਣੀਆਂ ਸੁਣਾ ਕੇ ਸਭ ਪਾਲੀ ਪ੍ਰਮੇਸ਼੍ਵਰ ਦੀ ਭਗਤੀ ਕਰਨ ਲਾ ਦਿੱਤੇ, ਜਿਸ ਤੋਂ ਸਾਰੇ ਪਿੰਡ ਦੇ ਮੁੰਡੇ ਸੁਧਰ ਗਏ।

ਖੇਤ ਹਰਿਆ ਹੋ ਗਿਆ

ਇਕ ਦਿਨ ਏਹਨਾਂ ਦਾ ਚੌਣਾ ਕਿਸੇ ਜ਼ਿਮੀਂਦਾਰ ਦਾ ਖੇਤ ਚਰ ਗਿਆ। ਖੇਤ ਵਾਲਾ ਗਊਆਂ ਸਮੇਤ ਪਾਲੀਆਂ ਨੂੰ ਫੜ ਕੇ ਹਾਕਮ ਪਾਸ ਲੈ ਆਇਆ। ਜਦ ਹਾਕਮ ਨੇ ਪਾਲੀਆਂ ਨੂੰ ਖੇਤੀ ਦੇ ਨੁਕਸਾਨ ਬਦਲੇ ਚੱਟੀ ਲਾਵਨੀ ਚਾਹੀ ਤਾਂ ਬਾਬੇ ਆਖਿਆ, "ਖੇਤ ਦੇਖਿਆ ਜਾਵੇ। ਜੇ ਉਜਾੜਾ ਨਹੀਂ ਹੋਯਾ ਤਾਂ ਚੱਟੀ ਕਿਉਂ ਭਰਦੇ ਹੋ?" ਹਾਕਮ ਨੇ ਖੇਤੀ ਵੇਖੀ ਤਾਂ ਹਰੀ ਭਰੀ ਨਜ਼ਰ ਆਈ। ਏਹ ਭੀ ਅਜ਼ਮਤ ਬਾਬੇ ਦੀ ਮੰਨੀ ਗਈ।

ਮਹਿਤੇ ਨੇ ਬਾਬੇ ਜੀ ਨੂੰ ਗਊਆਂ ਚਾਰਣੋਂ ਹਟਾ ਕੇ ਖੇਤੀ ਕਰਾਵਣ ਲਾਯਾ। ਕਾਮਜਾਂ ਤੋਂ ਖੇਤੀ ਕਰਾਉਣ ਲੱਗੇ {ਖੇਤੀ ਕਰਾਉਣੀ} ਪਰ ਕਿਸੇ ਪਸ਼ੂ ਜਾਨਵਰ ਨੂੰ ਖੇਤੀ ਚਰਣ ਤੋਂ ਨਾ ਹਟਾਉਣ। ਓੜਕ ਮਹਿਤਾ ਜੀ ਨੇ ਬਹੁਤ ਗ਼ੁੱਸੇ ਹੋ ਕੇ ਬਾਬੇ ਜੀ ਨੂੰ ਖੇਤੀ ਦੀ ਰਾਖੀ ਕਰਨੋਂ ਹਟਾ ਦਿੱਤਾ। ਗੁਰੂ ਜੀ ਤਾਂ ਹਰਖ ਸੋਗ ਤੋਂ ਰਹਿਤ ਸੇ। ਜੋ ਮਹਿਤਾ ਜੀ ਆਖਦੇ, ਸੋ ਮੰਨ ਲੈਂਦੇ। ਆਪ ਦੁਨੀਆਂ ਦੌਲਤ ਦੇ ਪ੍ਰੇਮੀ ਨਹੀਂ ਸੇ। ਜਾਣੀ ਵੈਰਾਗ ਦੀ ਲੈ ਵਿੱਚ ਰਹਿਣ ਲੱਗੇ। ਜਿੱਥੇ ਬੈਠੇ ਹੋਣ, ਓਥੇ ਹੀ ਬੈਠੇ ਰਹਿਣ। ਖਾਣੇ ਪੀਣੇ ਦੀ ਕੁਛ ਪ੍ਰਵਾਹ ਨਾ ਕਰਨ। ਦੋ ਦੋ ਚਾਰ ਚਾਰ ਦਿਨ ਜੰਗਲ ਵਿੱਚ ਹੀ ਗ਼ੁਜ਼ਰ ਜਾਣ। ਕਦੇ ਘਰ ਲੈ ਆਵਣ ਤਾਂ ਬੈਠੇ ਰਹਿਣ। ਕਿਸੇ ਨਾਲ ਕੂਣ ਭੀ ਨਹੀਂ। ਮਾਤਾ ਤ੍ਰਿਪਤਾ ਜੀ ਬਹੁਤ ਵਾਰੀ ਹਠ ਕਰੇ ਤਾਂ ਓਸ ਦਾ ਦਿਲ ਰੱਖਣ ਵਾਸਤੇ ਕੁਛ ਥੋੜ੍ਹਾ ਜਿਹਾ ਛੱਕ ਲੈਣ। ਸੌਣਾ ਬਹੁਤ ਥੋੜ੍ਹਾ ਕਰ ਦਿੱਤਾ ਅਤੇ ਹਰ ਵੇਲੇ ਆਤਮਾ ਦੇ ਧਿਆਨ ਵਿੱਚ ਮਗਨ ਰਹਿੰਦੇ। ਸ਼ਬਦ ਗਾਉਣ, ਕਦੇ ਵੈਰਾਗ ਵਿੱਚ ਰੋਣ ਲੱਗ ਪੈਣ, ਕਦੇ ਹੱਸਣ। ਕਦੀ ਚੁੱਪ ਕਰ ਬੈਠਣ। ਏਹੋ ਸੱਚੇ ਵੈਰਾਗਵਾਣਾਂ ਸੰਤਾਂ ਦੇ ਲੱਖਣ* ਹਨ। ਦੇਖੋ ਗੁਰੂ ਬਚਨ ਯਥਾ:

ਰੰਗਿ ਹਸਹਿ ਰੰਗਿ ਰੋਵਹਿ ਚੁਪ ਭੀ ਕਰਿ ਜਾਹਿ ॥
ਪਰਵਾਹ ਨਾਹੀ ਕਿਸੈ ਕੇਰੀ ਬਾਝੁ ਸਚੇ ਨਾਹ ॥

(ਵਾਰ-ਆਸਾ, ਮਃ ੧ - ੪੭੩)

ਪੁਨਾ:

ਓਨ੍ਹੀ ਦੁਨੀਆ ਤੋੜੇ ਬੰਧਨਾ ਅੰਨੁ ਪਾਣੀ ਥੋੜਾ ਖਾਇਆ ॥
ਤੂੰ ਬਖਸੀਸੀ ਅਗਲਾ ਨਿਤ ਦੇਵਹਿ ਚੜਹਿ ਸਵਾਇਆ ॥

(ਵਾਰ-ਆਸਾ, ਮਃ ੧ - ੪੬੭)

ਇਸ ਪ੍ਰਕਾਰ ਗੁਰੂ ਜੀ ਤਾਂ ਅਪਨੇ ਪ੍ਰੀਤਮ ਦੇ ਪ੍ਰੇਮ ਵਿੱਚ ਮਗਨ ਸੇ, ਪਰ ਅਜਾਣ ਲੋਕਾਂ ਦੇ ਆਖੇ ਲੱਗ ਕੇ ਮਹਿਤਾ ਕਾਲੂ ਕਦੇ ਮੁੱਲਾਂ ਨੂੰ ਬੁਲਾ ਕੇ ਜੰਤ੍ਰ ਮੰਤ੍ਰ ਕਰਾਵੇ, ਕਦੇ ਹਲੂਫੇ** ਦੇਵੇ, ਹਜ਼ਰਾਯਤ ਪਵਾਏ। ਜੋ ਕੁਛ ਕੋਈ ਆਖੇ ਓਹੋ ਮਹਿਤਾ ਜੀ ਕਰੇ। ਏਹ ਹਾਲ ਦੇਖ ਕੇ ਬਾਬੇ ਜੀ ਸ਼ਬਦ ਬੋਲਿਆ:

ਮਾਰੂ ਮਹਲਾ ੧ ॥
ਕੋਈ ਆਖੈ ਭੂਤਨਾ ਕੋ ਕਹੈ ਬੇਤਾਲਾ ॥
ਕੋਈ ਆਖੈ ਆਦਮੀ ਨਾਨਕੁ ਵੇਚਾਰਾ ॥੧॥
ਭਇਆ ਦਿਵਾਨਾ ਸਾਹ ਕਾ ਨਾਨਕੁ ਬਉਰਾਨਾ ॥
ਹਉ ਹਰਿ ਬਿਨੁ ਅਵਰੁ ਨ ਜਾਨਾ ॥੧॥ ਰਹਾਉ ॥
ਤਉ ਦੇਵਾਨਾ ਜਾਣੀਐ ਜਾ ਭੈ ਦੇਵਾਨਾ ਹੋਇ ॥
ਏਕੀ ਸਾਹਿਬ ਬਾਹਰਾ ਦੂਜਾ ਅਵਰੁ ਨ ਜਾਣੈ ਕੋਇ ॥੨॥
ਤਉ ਦੇਵਾਨਾ ਜਾਣੀਐ ਜਾ ਏਕਾ ਕਾਰ ਕਮਾਇ ॥

---

*ਆਸ਼ਕਾਰਾ ਨੌਂਨਿਸ਼ਾਨੀ ਅ ਪਿਸਰ! ਆਹ ਸਰਦੋ (੧) ਰੰਗ ਜ਼ਰਦੇ (੨) ਚਸ਼ਮ ਤਰ। (੩) ਇੰਤਜ਼ਾਰੀ (੪) ਬੇ ਕਰਾਰੀ (੫) ਮਸਤ ਵਰ। (੬) ਕਮੇ ਗੁਫਤਨ (੭) ਕਮੇਂ ਖੁਰਦਨ (੮) ਕਮੇਂ ਖ਼੍ਵਾਬੇ ਸ਼ਾਨਬਰ। (੯)

**ਹਲੂਫਾ ਉਤਾਰੇ ਨੂੰ ਆਖਦੀ ਹੈ ਕੋ ਸ਼ਹਿਤ ਘਿਉ ਖੰਡ ਚਾਵਲ ਯਾ ਮਾਸ, ਮਦਰਾ, ਰਕੇਬੀ ਵਿੱਚ ਪਾ ਕੇ ਬਾਲਕ ਤੋਂ ਵਾਰ ਵਾਰ ਚੁਰਸਤੇ ਵਿੱਚ ਰੱਖ ਆਂਵਦੇ ਹਨ।

ਹੁਕਮੁ ਪਛਾਣੈ ਖਸਮ ਕਾ ਦੂਜੀ ਅਵਰ ਸਿਆਣਪ ਕਾਇ ॥੩॥
ਤਉ ਦੇਵਾਨਾ ਜਾਣੀਐ ਜਾ ਸਾਹਿਬ ਧਰੇ ਪਿਆਰੁ ॥
ਮੰਦਾ ਜਾਣੈ ਆਪ ਕਉ ਅਵਰੁ ਭਲਾ ਸੰਸਾਰੁ ॥੪॥੭॥

(ਮਾਰੂ, ਮਃ ੧ - ੯੯੧)

ਫੇਰ ਮਹਿਤਾ ਜੀ ਇੱਕ {ਵੈਦ ਹਰਦਾਸ} ਹਰਦਾਸ ਨਾਮੇ ਬੈਦ ਨੂੰ ਬੁਲਾ ਲਿਆਇਆ। ਜਾਂ ਨਾੜੀ ਦੇਖਣ ਲੱਗਾ ਤਾਂ ਬਾਬੇ ਨੇ ਆਪਣਾ ਹੱਥ ਓਸ ਦੇ ਹੱਥੋਂ ਖਿੱਚ ਲੀਤਾ ਤੇ ਸ਼ਬਦ ਬੋਲਿਆ:

ਸਲੋਕ ਮਃ ੧ ॥
ਵੈਦੁ ਬੁਲਾਇਆ ਵੈਦਗੀ ਪਕੜਿ ਢੰਢੋਲੇ ਬਾਂਹ ॥
ਭੋਲਾ ਵੈਦੁ ਨ ਜਾਣਈ ਕਰਕ ਕਲੇਜੇ ਮਾਹਿ ॥੧॥

(ਵਾਰ-ਮਲਾਰ, ਮਃ ੧ - ੧੨੭੯)

ਵੈਦਾ ਵੈਦੁ ਸੁਵੈਦੁ ਤੂ ਪਹਿਲਾਂ ਰੋਗੁ ਪਛਾਣੁ ॥
ਐਸਾ ਦਾਰੂ ਲੋੜਿ ਲਹੁ ਜਿਤੁ ਵੰਞੈ ਰੋਗਾ ਘਾਣਿ ॥
ਜਿਤੁ ਦਾਰੂ ਰੋਗ ਉਠਿਅਹਿ ਤਨਿ ਸੁਖੁ ਵਸੈ ਆਇ ॥
ਰੋਗੁ ਗਵਾਇਹਿ ਆਪਣਾ ਤ ਨਾਨਕ ਵੈਦੁ ਸਦਾਇ ॥੨॥

(ਵਾਰ-ਮਲਾਰ, ਮਃ ੨ - ੧੨੭੯)
(ਇਹ ਸਲੋਕ ਗੁਰੂ ਅੰਗਦ ਦੇਵ ਜੀ ਦਾ ਹੈ)

ਜਾਹਿ ਵੈਦ ਘਰ ਆਪਣੇ ਤੈਨੂੰ ਨਹੀਂ ਪਛਾਣ ॥
ਹਮ ਰਤੇ ਸਹੁ ਆਪਣੇ ਤੂੰ ਕਿਸ ਦਾਰੂ ਦੇਇ ॥
ਨਾਨਕ ਪ੍ਰੀਤਮ ਜੇ ਮਿਲੈ ਤਾ ਦੁਖ ਜਾਵੀ ਏਹ ॥

(ਇਹ ਗੁਰਬਾਣੀ ਨਹੀਂ)

ਬਾਬੇ ਆਖਿਆ, "ਵੈਦ! ਤੂੰ ਪਹਿਲਾਂ ਆਪਣਾ ਰੋਗ ਹਟਾ, ਫੇਰ ਨਾੜੀ ਨੂੰ ਹੱਥ ਲਾਵੀਂ।" ਤਾਂ ਵੈਦ ਨੇ ਬੇਨਤੀ ਕੀਤੀ, "ਜੀ! ਮੇਰੇ ਰੋਗ ਦਾ ਦਾਰੂ ਤੁਸੀਂ ਦੱਸੋ।" ਤਾਂ ਬਾਬਾ ਬੋਲਿਆ:

ਬਿਖ ਮਹੁਰਾ ਮਾਰਣ ਹਰਿ ਨਾਮ ॥
ਸਿਲਾ ਸੰਤੋਖ ਪੀਸਣ ਹੱਥ ਦਾਨ ॥
ਐਸਾ ਦਾਰੂ ਖਾਹਿ ਗਵਾਰ ॥
ਜਿਤੁ ਖਾਧੈ ਤੇਰੈ ਜਾਹਿ ਬਿਕਾਰ ॥

(ਇਹ ਗੁਰਬਾਣੀ ਨਹੀਂ)

ਵੈਦ ਦੇ ਭਾਗ ਜਾਗੇ, ਬਚਨ ਮੰਨ ਕੇ ਸਤਸੰਗ ਭਜਨ ਕਰਨ ਲੱਗ ਪਿਆ ਤੇ ਮਹਿਤੇ ਨੂੰ ਆਖਿਆ, "ਮੇਰੇ ਆਖੇ ਭਟਕਦਾ ਨਾ ਫਿਰ, ਏਹ ਤਾਂ ਕੋਈ ਪੂਰਨ ਪੁਰਖ ਹੈ। ਏਸ ਦੀ ਦਇਆ ਦ੍ਰਿਸ਼ਟੀ ਨਾਲ ਲੱਖਾਂ ਜੀਵਾਂ ਦੇ ਰੋਗ ਦੂਰ ਹੋ ਸਕਦੇ ਹਨ। ਅਸੀਂ ਕੌਣ ਹਾਂ, ਤੂੰ ਏਸ ਨੂੰ ਰੱਬ ਦੀ ਜਾਤ ਸਮਝ।"

ਸਰਪ ਛਾਇਆ

ਜਨਮ ਸਾਖੀ ਵਿੱਚ ਲਿਖਿਆ ਹੈ ਕਿ ਇੱਕ ਦਿਨ ਗੁਰੂ ਜੀ ਮਸਤੀ ਦੇ ਰੰਗ ਵਿੱਚ ਘਰੋਂ ਨਿੱਕਲ ਕੇ ਉਜਾੜ ਵਿੱਚ ਜਾ ਬੈਠੇ। ਭਾਲੇ ਹੋਏ ਭੀ ਨਾ ਲੱਭੇ। ਤੀਜੇ ਦਿਨ ਕੁਦਰਤ ਨਾਲ ਰਾਇ ਬੁਲਾਰ ਸ਼ਿਕਾਰ ਖੇਡਦਾ ਓਥੇ ਪਹੁੰਚਿਆ ਤਾਂ ਕੀ ਦੇਖੇ ਜੋ ਗੁਰੂ ਜੀ ਸੁੱਤੇ ਪਏ ਹਨ। ਮੂੰਹ ਉੱਤੇ ਸਫੈਦ ਰੰਗ ਦਾ ਸੱਪ ਫਣ ਫੈਲਾ ਕੇ ਛਾਯਾ ਕਰੀ ਖੜ੍ਹਾ ਹੈ। ਏਹ ਕੌਤਕ ਦੇਖ ਹੈਰਾਨ ਹੋ ਬਾਬੇ ਵੱਲ ਤੁਰਿਆ ਤਾਂ ਸੱਪ ਝਾੜੀ ਵਿੱਚ ਵੜ ਗਿਆ ਤੇ ਬਾਬੇ ਨੂੰ ਰਾਇ ਘਰ ਲੈ ਆਇਆ।

ਦਰੱਖਤ ਦਾ ਪਰਛਾਵਾਂ ਨਾ ਢਲਿਆ

ਏਸੇ ਤਰ੍ਹਾਂ ਹੋਰ ਇੱਕ ਦਿਨ ਬਾਬਾ ਜੀ ਜੰਗਲ ਵਿੱਚ ਜਾ ਕੇ ਤਾੜੀ ਲਾ ਬੈਠੇ। ਓਥੇ ਭੀ ਦੂਜੇ ਦਿਨ ਸ਼ਿਕਾਰ ਕਰਦਾ ਰਾਇ ਬੁਲਾਰ ਜਾ ਪਹੁੰਚਿਆ। ਦੇਖੇ, ਤਾਂ ਹੋਰ ਬ੍ਰਿਛਾਂ ਦੀ ਛਾਉਂ ਪੂਰਬ ਦੀ ਤਰਫ ਹੈ ਤੇ ਓਸ ਬ੍ਰਿਛ ਦੀ ਛਾਂ ਜਿਸ ਦੇ ਹੇਠ ਬਾਬਾ ਜੀ ਬੈਠੇ ਸੇ ਤੇ ਜੋ ਹੁਣ ਮਾਲ ਸਾਹਿਬ ਸੱਦੀ ਦਾ ਹੈ; ਪੱਛੋਂ ਵੱਲ ਸੂਰਜ ਦੇ ਸਾਹਮਣੇ ਨਾਨਕ ਜੀ ਦੇ ਉੱਤੇ ਖੜ੍ਹੀ ਹੈ। ਰਾਇ ਅਸਚਰਜ ਮੰਨ ਕੇ ਬਾਬੇ ਜੀ ਦਾ ਤਨੋਂ ਮਨੋਂ ਪ੍ਰੇਮੀ ਸੇਵਕ ਬਣ ਗਿਆ ਤੇ ਓਸ ਤੋਂ ਏਹ ਦੋਨੋਂ ਗੱਲਾਂ ਸੁਣ ਕੇ ਹੋਰ ਲੋਗ ਭੀ ਬਾਬੇ ਜੀ ਨੂੰ ਸੱਤਪੁਰਖ ਮੰਨਣ ਲੱਗ ਪਏ।

ਬਸਤ੍ਰ ਗਹਿਣੇ ਫ਼ਕੀਰਾਂ ਨੂੰ ਦੇ ਦਿੱਤੇ

ਇੱਕ ਦਿਨ ਭਾਈਚਾਰੇ ਵਿੱਚ ਵਿਆਹ ਸੀ। ਮਾਤਾ ਤ੍ਰਿਪਤਾ ਜੀ ਨੇ ਮੁੰਦ੍ਰੀ, ਕੰਗਣ, ਚੌਂਕੀ, ਕੰਠਾ, ਮਾਲਾ, ਗਹਿਣੇ ਕੱਪੜੇ ਪਹਿਨਾਏ। ਬਾਬਾ ਜੀ ਹੱਥ ਗੜਵਾ ਲੈ ਕੇ ਸੁਚੇਤੇ ਗਏ ਤਾਂ ਇੱਕ ਫ਼ਕੀਰ ਦੇ ਸਵਾਲ ਕਰਨੇ ਪਰ ਸੱਭੋ ਕੁਛ ਉਤਾਰ ਕੇ ਉਸੇ ਨੂੰ ਦੇ ਆਏ। ਕਾਲੂ ਚੰਦ ਬਹੁਤ ਰਿਸਾਯਾ। ਬਾਬੇ ਨੂੰ ਬੁਰਾ ਭਲਾ ਬੋਲਿਆ ਪਰ ਬਾਬਾ ਜੀ ਨੇ ਅੱਗੋਂ ਕੁਛ ਉੱਤਰ ਨਾ ਦਿੱਤਾ। ਰਾਇ ਬੁਲਾਰ ਨੇ ਮਹਿਤੇ ਕਾਲੂ ਨੂੰ ਬੁਲਾ ਕੇ ਕਿਹਾ, "ਜੋ ਕੁਛ ਨਾਨਕ ਤੇਰੇ ਘਰੋਂ ਫ਼ਕੀਰਾਂ ਨੂੰ ਯਾ ਹੋਰ ਕਿਸੇ ਨੂੰ ਕੁਛ ਉਠਾ ਦੇਣ ਓਸ ਤੋਂ ਦੂਣਾ ਮੇਰੇ ਪਾਸੋਂ ਲੈ ਜਾਯਾ ਕਰ ਪਰ ਓਨ੍ਹਾਂ ਨੂੰ ਖਰਾਜ਼ਤ ਕਰਨ ਤੋਂ ਗ਼ੁੱਸੇ ਨਾ ਹੋਵੀਂ।" ਤੇ ਬਾਬੇ ਨੂੰ ਵੱਖਰੇ ਮਿਲ ਕੇ ਕਿਹਾ, "ਤੁਸੀਂ ਮੇਰੇ ਖ਼ਜ਼ਾਨੇ ਤੇ ਘਰ ਨੂੰ ਆਪਣਾ ਖ਼ਜ਼ਾਨਾ ਤੇ ਘਰ ਸਮਝ ਕੇ, ਜੋ ਚਾਹੀਏ ਮੰਗਵਾ ਲੀਤਾ ਕਰੋ। ਨਿਸ਼ੰਗ ਸ੍ਵਾਲੀ ਦਾ ਸਵਾਲ ਪੂਰਾ ਕਰਦੇ ਰਹੋ।" ਓਸ ਦਿਨ ਤੋਂ ਬਾਬੇ ਨੂੰ ਜੋ ਕੁਛ ਚਾਹੀਏ ਠੀਕਰੀ ਉੱਤੇ ਰਾਇ ਵੱਲ ਲਿਖ ਦੇਣ ਸੋ ਮਿਲ ਜਾਵੇ, ਕਦੇ ਕਦੇ ਆਪਣੇ ਪਾਸੋਂ ਹੀ ਕੁਛ ਕੱਢ ਦੇਣ। ਅਨੇਕ ਰੋਗੀ ਸ੍ਵਾਲੀ ਆਉਣ, ਖ਼ਾਲੀ ਕੋਈ ਨਾ ਜਾਵੇ। ਜਿਸ ਨੂੰ ਕੋਈ ਜੜ੍ਹੀ ਬੂਟੀ ਖ਼ਾਕ ਦੀ ਚੁਟਕੀ ਬਖ਼ਸ਼ ਦੇਣ ਓਹੋ ਰਾਜ਼ੀ ਹੋ ਜਾਵੇ, ਜਿਸ ਤੋਂ ਬਾਬੇ ਜੀ ਦੀ ਬਹੁਤ ਮਹਿਮਾ ਹੋਣ ਲੱਗੀ। ਕੋਈ ਬਾਬੇ ਪਾਸ ਪਾਰਸ ਦੱਸੇ, ਕੋਈ ਰਸੈਣ। ਕੋਈ ਆਖੇ ਏਨ੍ਹਾਂ ਵਾਸਤੇ ਰੱਬ ਦੇ ਖ਼ਜ਼ਾਨੇ ਖੁੱਲੇ ਹਨ, ਕੋਈ ਰਾਇ ਬੁਲਾਰ ਦੇ ਦੱਸੇ।

ਜਾਂ ਬਾਬਾ ਜੀ ਤੇਰਾਂ ਬਰਸਾਂ ਦੇ ਹੋਏ ਤਾਂ ਇੱਕ ਦਿਨ ਮਰਦਾਨੇ ਨੂੰ ਨਾਲ ਲੈ ਕੇ ਪਾਕਪਟਨ ਜਿੱਥੇ ਬਾਬੇ ਫਰੀਦ ਦੀ ਸਮਾਧ ਹੈ ਮੇਲਾ ਦੇਖਣ ਚਲੇ ਗਏ। ਓਥੇ ਬਹੁਤੇ ਫ਼ਕੀਰਾਂ ਨਾਲ ਕਈ ਤਰ੍ਹਾਂ ਦੀ ਚਰਚਾ ਹੁੰਦੀ ਰਹੀ, ਸ਼ੇਖ ਇਬਰਾਹੀਮ ਓਥੋਂ ਦੇ ਗੱਦੀ ਨਸ਼ੀਨ ਨੇ ਜੋ ਜੋ ਪ੍ਰਸ਼ਨ ਕੀਤੇ ਤੇ ਗੁਰੂ ਜੀ ਨੇ ਜੋ ਜੋ ਉੱਤਰ ਦਿੱਤੇ ਓਹ ਆਸਾ ਦੀ ਵਾਰ ਵਿੱਚ ਹਨ।

ਕਈ ਦਿਨ ਪਿੱਛੋਂ ਘਰ ਆਏ ਤਾਂ ਮਹਿਤੇ ਕਾਲੂ ਨੇ ਸੋਚਿਆ ਨਾਨਕ ਚੰਦ ਹੁਣੇ ਫ਼ਕੀਰਾਂ ਦੇ ਮੇਲੇ ਦੇਖਣ ਲੱਗ ਪਿਆ ਹੈ ਕਿਤੇ ਫ਼ਕੀਰ ਨਾ ਬਣ ਜਾਵੇ। ਤਾਂ ਤੇ ਇਸ ਨੂੰ ਹੱਟੀ ਪਾ ਦੇਈਏ। ਸੌਦਾ ਦੇਣੇ ਲੈਣੇ ਵਿੱਚ ਪਰਚ ਰਹੇਗਾ। ਏਹ ਸੋਚ ਕੇ ਬਾਬੇ ਜੀ ਨੂੰ ਬੀਸ ਰੁਪਏ ਤੇ ਭਾਈ ਬਾਲੇ ਨੂੰ ਸਾਥ ਦੇ ਕੇ ਆਖਿਆ ਹੱਟੀ ਵਾਸਤੇ ਬਹੁਤ ਖਰਾ ਨਫ਼ੇ ਵਾਲਾ ਸੌਦਾ ਖਰੀਦ ਲਿਆਓ।

ਖਰਾ ਸੌਦਾ

ਬਾਬਾ ਜੀ ਆਗਿਆ ਮੰਨ ਕੇ ਘੋੜੀ ਤੇ ਸਵਾਰ ਹੋ ਕੇ ਤਲਵੰਡੀਓਂ ੧੨ ਮੀਲ ਚੂੜ੍ਹਕਾਣੇ ਪਿੰਡ ਪਾਸ ਗਏ ਤਾਂ ਓਥੇ ਇੱਕ ਜਮਾਤ ਖ਼ਾਕੀ ਫ਼ਕੀਰਾਂ ਦੀ ਬੈਠੀ ਦੇਖ ਕੇ ਘੋੜੀ ਉੱਤੋਂ ਉੱਤਰ ਬਾਬੇ ਨੇ ਮੱਥਾ ਟੇਕਿਆ। ਬੈਠ ਕੇ ਬਚਨ ਬਿਲਾਸ ਕਰਨ ਤੋਂ ਮਾਲੂਮ ਹੋਇਆ ਕਿ ਸੰਤਾਂ ਨੂੰ ਭੋਜਨ ਨਹੀਂ ਆਯਾ। ਗੁਰੂ ਜੀ ਨੇ ਆਖਯਾ, "ਭਾਈ ਬਾਲਾ! ਸਾਨੂੰ ਪਿਤਾ ਦੀ ਆਗਿਆ ਹੈ, ਬਹੁਤ ਨਫ਼ੇ ਵਾਲਾ ਖਰਾ ਸੌਦਾ ਖਰੀਦਣਾ। ਸੋ ਭੁੱਖੇ ਸੰਤਾਂ ਨੂੰ ਛਕਾਉਣ ਵਰਗਾ ਹੋਰ ਖਰਾ ਸੌਦਾ ਨਫ਼ੇ ਵਾਲਾ ਕੋਈ ਨਹੀਂ।" ਬਾਲੇ ਨੇ ਆਖਿਆ, "ਜੀ ਆਪ ਦੀ ਰਜ਼ਾਇ।" ਬਾਬੇ ਨੇ ਬੀਸ ਰੁਪਯੇ ਜਮਾਤ ਦੇ ਮਹੰਤ (ਸੰਤ ਰੇਣ) ਅੱਗੇ ਰੱਖ ਦਿੱਤੇ। ਸੰਤਾਂ ਨੇ ਛਾਦਨ ਭੋਜਨ ਵਿੱਚ ਖ਼ਰਚ ਕਰ ਲੀਤੇ। ਬਾਬਾ ਜੀ ਘਰ ਨੂੰ ਮੁੜ ਆਏ ਪਰ ਮਹਿਤੇ ਜੀ ਤੋਂ ਡਰਦੇ ਪੀਲੂ ਦੇ ਬ੍ਰਿਛ ਹੇਠ ਜਿਸ ਨੂੰ ਹੁਣ ਤੰਬੂ ਸਾਹਿਬ ਆਖਦੇ ਹਨ ਛਿਪ ਰਹੇ। ਮਹਿਤਾ ਜੀ ਨੇ ਏਹ ਹਵਾਲ ਭਾਈ ਬਾਲੇ ਤੋਂ ਸੁਣ ਕੇ ਅਤਜੰਤ ਗ਼ੁੱਸੇ ਹੋ ਬਾਬੇ ਨੂੰ ਜਾ ਫੜਿਆ ਤੇ ਬੜਾ ਖਿਝ ਕੇ ਘਰ ਲੈ ਆਇਆ। ਤੇ ਮਾਤਾ ਤ੍ਰਿਪਤਾ ਨੂੰ ਤਾਨ੍ਹੇਂ ਨਾਲ ਆਖਿਆ, "ਚੰਗਾ ਚੌੜ ਚਾਨਣ ਪੁੱਤ੍ਰ ਜਣਿਓਂ! ਕਰ ਆਇਓ ਸੁਦਾਗਰੀ।" ਤਾਂ ਬਾਬਾ ਜੀ ਨੇ ਬਹੁਤ ਧੀਰਜ ਨਾਲ ਆਖਿਆ, "ਪਿਤਾ ਜੀ! ਤੁਸਾਂ ਹੁਕਮ ਦਿੱਤਾ ਸੀ ਕਿ ਬਹੁਤ ਨਫ਼ੇ ਵਾਲਾ ਖਰਾ ਸੌਦਾ ਖਰੀਦਣਾ। ਸੋ ਮੈਂ ਤਾਂ ਖਰਾ ਸੌਦਾ ਕੀਤਾ ਹੈ।" ਮਹਿਤੇ ਆਖਜਾ "ਤਾਂਹੀ ਤਾਂ ਡੁੱਬੇ ਜੇ ਸਾਹ ਨਾ ਆਇਆ।" ਤਦੋਂ ਨੂੰ ਪ੍ਰੋਹਤ ਸਾਮ੍ਹਣੇ ਨਜ਼ਰ ਪਿਆ ਤਾਂ ਖਿਝ ਕੇ ਬੋਲਜਾ, "ਵਾਹ ਪੰਡਿਤ ਹਰਦਿਆਲ! ਨਿਹਾਲ ਕੀਤੋਈ। ਕਿੱਥੇ ਡੁੱਬੀ ਤੇਰੀ ਪੱਤ੍ਰੀ? ਤੂੰ ਤਾਂ ਆਖਦਾ ਸੈਂ ਨਾਨਕ ਦੇ ਸਿਰ ਛੱਤ੍ਰ ਝੁਲਸੀ। ਹਿੰਦੂ ਤੁਰਕ ਦੋਵੇਂ ਦੀਨ ਮੰਨਣਗੇ। ਬੱਸ ਏਸੇ ਅਕਲ ਦੇ ਮਾਲਕ ਨੂੰ ਕੈਂਹਦਾ ਸੈਂ ਜੋ ਨਫ਼ੇ ਦੀ ਥਾਂ ਮੂਲ ਭੀ ਡੋਬ ਆਇਆ ਹੈ?"

ਜਦ ਏਹ ਖ਼ਬਰ ਰਾਇ ਨੇ ਸੁਣੀ ਤਾਂ ਮਹਿਤੇ ਨੂੰ ਬੁਲਾ ਕੇ ਝਿੜਕਿਆ ਤੇ ਆਖਿਆ, "ਜਦ ਮੈਂ ਤੈਨੂੰ ਹੁਕਮ ਦੇ ਰੱਖਿਆ ਹੈ ਕਿ ਜੋ ਕੁਛ ਨਾਨਕ ਜੀ ਖ਼ਰਚੇ, ਤੂੰ ਮੇਰੇ ਖ਼ਜ਼ਾਨੇ ਵਿੱਚੋਂ ਲੈ ਜਾਇਆ ਕਰ। ਪਰ ਏਸ ਨੂੰ ਕੁਛ ਨਾ ਆਖੀਂ। ਫੇਰ ਤੂੰ ਨਾਨਕ ਨੂੰ ਕਿਉਂ ਗ਼ੁੱਸੇ ਹੁੰਦਾ ਹੈਂ? ਕੀ ਕਰਾਂ, ਤੂੰ ਨਾਨਕ ਦਾ ਬਾਪ ਹੈਂ। ਨਹੀਂ ਤਾਂ ਤੈਨੂੰ ਹੁਣੇ ਸਜ਼ਾ ਦਿੰਦਾ।"

ਬਾਬੇ ਜੀ ਦੇ ਖ਼ਰਚ ਖਰਾਇਤ ਕਰਨ ਤੋਂ ਯੱਦਪਿ ਮਹਿਤਾ ਜੀ ਤਾਂ ਹਮੇਸ਼ਾਂ ਕ੍ਰੋਧ ਹੀ ਕਰਦਾ ਰਹਿੰਦਾ ਪਰ ਮਾਤਾ ਤ੍ਰਿਪਤਾ ਜੀ ਤੇ ਭੈਣ ਨਾਨਕੀ ਜੀ ਬਾਬੇ ਦੀ ਬਹੁਤ ਸਹਾਇਤਾ ਰੱਖਦੀਆਂ। ਸੰਮਤ ੧੫੪੧ ਬਿਕ੍ਰਮੀ ਨੂੰ {ਭਈਆ ਜੈਰਾਮ ਜੀ} ਜੈਰਾਮ ਨਾਮ ਸੂਬੇ ਦੌਲਤ ਖਾਂ ਲੋਦੀ ਦਾ ਦੀਵਾਨ ਬਾਬੇ ਜੀ ਦੀ ਭੈਣ ਨਾਨਕੀ ਦਾ ਮੁਕਲਾਵਾ ਲੈਣ ਆਯਾ। ਏਹ ਸੰਨ ੧੫੨੧ ਬਿਕ੍ਰਮੀ ਵਿੱਚ ਪੈਦਾ ਹੋਈ ਸੀ। ਸੰਮਤ ੧੫੩੮ ਬਿਕ੍ਰਮੀ ਨੂੰ ਜੈਰਾਮ ਸੁਲਤਾਨਪੁਰ ਵਾਲੇ ਨਾਲ ਦੂਾਬੇ ਵਿੱਚ ਜੋ ਹੁਣ ਕਪੂਰਥਲੇ ਦੇ ਰਾਜ ਵਿੱਚ ਹੈ ਬਿਆਹੀ ਗਈ ਸੀ। ਓਸ ਦਿਨ ਬਾਬੇ ਜੀ ਦੇ ਚੰਗੇ ਕੱਪੜੇ ਤੇ ਇੱਕ ਸੋਨੇ ਦੀ ਅੰਗੂਠੀ ਮਾਤਾ ਤ੍ਰਿਪਤਾ ਨੇ ਪਹਿਰਾ ਰੱਖੀ ਸੀ। ਓਨ੍ਹਾਂ ਦਿਨਾਂ ਵਿੱਚ ਇੱਕ ਕਪਟੀ ਨਾਂਗਾ ਸਾਧ ਬਣ ਕੇ ਪਿੰਡ ਦੇ ਬੂਹੇ ਅੱਗੇ ਬੈਠਾ ਤਪ ਕਰਦਾ ਹੁੰਦਾ। ਬਾਬਾ ਜੀ ਓਸ ਦੇ ਖਾਨ ਪਾਨ ਦੀ ਖ਼ਬਰ ਰੱਖਦੇ। ਓਸ ਨੇ ਬਾਬੇ ਦੇ ਹੱਥ ਅੰਗੂਠੀ ਗੜਵਾ ਦੇਖ ਕੇ ਦੋਹਾਂ ਦਾ ਸ੍ਵਾਲ ਕੀਤਾ। ਬਾਬੇ ਨੇ ਦੇ ਦਿੱਤੇ, ਜਿਸ ਤੋਂ ਕਾਲੂ ਜੀ ਨੇ ਬਹੁਤ ਛਿੱਥੇ ਹੋ ਕੇ ਬਾਬੇ ਨੂੰ ਦੋ ਤਿੰਨ ਚਪੇੜਾਂ ਕੱਢ ਮਾਰੀਆਂ ਅਤੇ ਆਖਿਆ, "ਉਠ ਬਾਬਾ! ਮੇਰੇ ਘਰੋਂ ਨਿੱਕਲ ਜਾਹ। ਕਿਉਂ ਤੂੰ ਮੈਨੂੰ ਉਜਾੜਣ ਡਹਿਆ ਹੈਂ। ਮੈਂ ਤੇਰਾ ਫਰੂ ਨਹੀਂ। ਮੈਂ ਤਾਂ ਬਥੇਰਾ ਭੌਂਕ ਚੌਂਕ ਰਿਹਾ ਪਰ ਤੇਰੇ ਦੀਦੇ ਇੱਕ ਨਾ ਲੱਗੀ।"

ਏਹ ਗੱਲ ਰਾਇ ਨੇ ਸੁਣ ਕੇ ਮਹਿਤੇ ਨੂੰ ਬੁਲਾ ਕੇ ਆਖਿਆ ਕਿ ਵੱਤ ਕਾਲੂ ਨਾ ਟਲਿਓਂ? ਕਾਲੂ ਬੋਲਿਆ ਜੀ ਭੱਸੁ ਟਲਿਓਂ, ਘਰ ਵਿੱਚ ਕੁੱਝ ਨਹੀਂ ਛੱਡਦਾ।

ਓੜਕ ਰਾਇ ਨੇ ਰੋਜ਼ ਦਾ ਖਰਖਸਾ ਮੇਟਣ ਲਈ ਬਾਬੇ ਜੀ ਨੂੰ ਜੈਰਾਮ ਦੇ ਨਾਲ ਤੋਰਨ ਦੀ ਰਾਇ ਦਿੱਤੀ। ਸੋ ਕਾਲੂ ਚੰਦ ਨੇ ਖ਼ੁਸ਼ੀ ਹੋ ਕੇ ਬਾਬੇ ਨੂੰ ਸੁਲਤਾਨਪੁਰ ਭੇਜ ਦਿੱਤਾ। ਤੁਰਨ ਸਮੇਂ ਜਦ ਮਾਤਾ ਤ੍ਰਿਪਤਾ ਨੂੰ ਬਾਬੇ ਮੱਥਾ ਟੇਕਿਆ ਤਾਂ ਮਾਤਾ ਨੇ ਬੁੱਕਲ ਵਿੱਚ ਲੈ ਕੇ ਪੁੱਤ੍ਰ ਦਾ ਮੂੰਹ ਮੱਥਾ ਚੁੰਮਿਆ ਅਤੇ ਨੇਤ੍ਰ ਭਰ ਕੇ ਆਖਿਆ, "ਪੁੱਤ੍ਰ ਮੈਨੂੰ ਤਾਂ ਤੇਰੇ ਨਾਲ ਹੀ ਜਹਾਨ ਵਸਦਾ ਹੈ। ਮੇਰਾ ਧਰਵਾਸ ਤੂੰ ਹੀ ਹੈਂ। ਤੈਨੂੰ ਵੇਖ ਕੇ ਨੇਤ੍ਰ ਠੰਡੇ ਰਹਿੰਦੇ ਹਨ। ਫੇਰ ਖਵਰੇ ਕਦੋਂ ਮਿਲਸੇਂ?" ਬਾਬਾ ਜੀ ਨੇ ਕ੍ਰਿਪਾ ਕਰ ਗਜਾਨ ਦ੍ਰਿਸ਼ਟੀ ਦੇ ਕੇ ਮਾਤਾ ਦਾ ਮੋਹ ਦੂਰ ਕੀਤਾ ਅਤੇ ਇਨ੍ਹਾਂ ਨੂੰ ਮਿਲ ਗਿਲ ਸੰਮਤ ੧੫੪੧ ਬਿਕ੍ਰਮੀ ਨੂੰ ਫੱਗਨ ਵਿੱਚ ਤਲਵੰਡੀ ਤੋਂ ਚੱਲ ਕੇ ਭਾਈ ਬਾਲੇ ਸਮੇਤ ਸੁਲਤਾਨਪੁਰ ਪੰਜਵੇਂ ਦਿਨ ਪਹੁੰਚੇ। ਬੀਬੀ ਨਾਨਕੀ ਤੇ ਦੀਵਾਨ ਜੈਰਾਮ ਬਹੁਤ ਖ਼ੁਸ਼ ਹੋਏ।

ਪੰਜ ਦਿਨ ਗੁਜ਼ਰੇ ਤਾਂ ਬਾਬੇ ਜੀ ਨੇ ਜੈਰਾਮ ਨੂੰ ਆਖਯਾ ਜੀਜਾ ਜੀ! ਸਾਨੂੰ ਭੀ ਕਿਤੇ ਕਾਰੇ ਲਾਓ, ਕਿਉਂਕਿ ਕਿਰਤ ਕਰ ਖਾਣੀ ਚੰਗੀ ਹੈ। ਮੈਨੂੰ ਹਿੰਦੀ ਲਿਖਣਾ ਪੜ੍ਹਨਾ ਯਾਦ ਹੈ। ਬੀਬੀ ਜੀ ਬੋਲੀ, "ਭਾਈ ਜੀ! ਤੁਸੀਂ ਕਿਉਂ ਜੰਜਾਲਾਂ ਵਿੱਚ ਪੈਂਦੇ ਹੋ? ਸੰਸਾਰ ਦੇ ਵਿਹਾਰ ਜੰਜਾਲ ਰੂਪ ਹਨ।" ਬਾਬੇ ਆਖਿਆ, "ਭੈਣ ਜੀ! ਕੋਈ ਖਟਕਾ ਨਾ ਕਰੋ, ਕਰਤਾਰ ਆਪੇ ਨਿਬਾਹੇਗਾ, ਕੰਮ ਕਰ ਕੇ ਖਾਣਾ ਪਵਿੱਤ੍ਰ ਹੁੰਦਾ ਹੈ।"

ਬਾਬੇ ਦੀ ਮਰਜ਼ੀ ਦੇਖ ਕੇ ਜੀਵਨ ਜੈਰਾਮ ਓਨ੍ਹਾਂ ਨੂੰ ਕੋਈ ਕੰਮ ਦਵਾਵਣ ਦੇ ਫ਼ਿਕਰ ਵਿੱਚ ਹੋਯਾ। ਤਰੱਦਦ ਕਰ ਕੇ ਨਵਾਬ ਦੌਲਤ ਖਾਂ ਦੇ ਮੋਦੀ ਖਾਨੇ ਦੀ ਕਾਰ ਬਾਬੇ ਨੂੰ ਦਵਾ ਦਿੱਤੀ। ਜਾਂ ਨਵਾਬ ਨੂੰ ਨਜ਼ਰ ਦਵਾਈ ਤਾਂ ਨਵਾਬ ਬਾਬੇ ਦੀ ਤਰ੍ਹਾਂ ਵਜ੍ਹਾ ਦੇਖ ਕੇ ਬੋਲਿਆ, "ਏਹ ਤਾਂ ਕੋਈ ਔਲੀਆ ਜਿਹਾ ਦਿਸਦਾ ਹੈ। ਮੋਦੀ ਦਾ ਕੰਮ ਕੀਕੂੰ ਨਿਬਾਹੇਗਾ?" ਬਾਬੇ ਨੇ ਬਚਨ ਕੀਤਾ, "ਸਭ ਦੇ ਕੰਮ ਕਰਤਾਰ ਦੇ ਹੱਥ ਹਨ, ਆਦਮੀ ਦਾ ਉੱਦਮ ਓਹੋ ਸਫ਼ਲ ਕਰਨ ਵਾਲਾ ਹੈ।"

ਸੁਲਤਾਨਪੁਰ ਮੋਦੀ ਦੀ ਕਾਰ

ਓੜਕ ੫ ਵੈਸਾਖ ਸੰਮਤ ੧੫੪੨ ਬਿਕ੍ਰਮੀ ਨੂੰ ਬਾਬਾ ਜੀ ਦੇ ਸਪੁਰਦ ਮੋਦੀ ਖਾਨੇ ਦਾ ਕੰਮ ਹੋਇਆ ਤਾਂ ਭਾਈ ਬਾਲੇ ਆਖਜਾ, "ਤੁਸੀਂ ਤਾਂ ਖੱਤ੍ਰੀ ਪੁੱਤ੍ਰ ਹੁਣ ਆਪਣੇ ਕੰਮ ਲੱਗੇ। ਮੈਨੂੰ ਰਜ਼ਾਇ ਦਿਓ ਤਾਂ ਜੋ ਮੈਂ ਭੀ ਆਪਣਾ ਕਿਤੇ ਖੇਤੀ ਕਰਾਂ। ਕਿਉਂਕਿ ਮੈਂ ਤਾਂ ਜੱਟ ਪੁੱਤ੍ਰ ਹਾਂ, ਖੇਤੀ ਬਿਨਾਂ ਹੋਰ ਕੁਛ ਨਹੀਂ ਕਰ ਜਾਣਦਾ।" ਬਾਬੇ ਆਖਜਾ, "ਭਾਈ ਬਾਲਿਆ! ਗੁਜ਼ਰ ਕਰ। ਅਸਾਂ ਏਹ ਕਸਬ ਹਮੇਸ਼ਾ ਨਹੀਂ ਕਰਨਾ। ਜੇਹੜਾ ਕੰਮ ਅਸਾਂ ਤੁਸਾਂ ਹਮੇਸ਼ਾ ਕਰਨਾ ਹੈ, ਓਸ ਦਾ ਸਮਾਂ ਦੂਰ ਨਹੀਂ। ਧੀਰਜ ਕਰ, ਜੋ ਚਾਹੀਏ ਸੋ ਲੈ ਪਰ ਜਾਹਿ ਨਹੀਂ।" ਬਾਲੇ ਆਖਿਆ, "ਜੀ! ਜੋ ਰਜਾਇ ਤੁਸਾਡੀ। ਮੈਂ ਤੁਸਾਡੇ ਵੱਸ ਹਾਂ।" ਬਾਬਾ ਜੀ ਜੋਖ ਦੋਖ ਦੇਣ ਤੇ ਬਾਲਾ ਜੀ ਰਸਦ ਅੰਦਰੋਂ ਕੱਢ ਕੇ ਦੇਣ ਉੱਤੇ ਲੱਗੇ। ਏਸੇ ਤਰ੍ਹਾਂ ਕੰਮ ਕਰਨ ਲੱਗੇ। ਬਾਬਾ ਹੁਰੀਂ ਸਭ ਨੂੰ ਝੁਕਦਾ ਜੋਖਣ। ਜੈਸੀ ਰਸਦ ਨਵਾਬ ਦੇ ਘਰ ਜਾਵੇ ਤੈਸੀ ਹੋਰ ਲੋਕਾਂ ਨੂੰ ਮਿਲੇ। ਸ੍ਵਾਲੀ ਫ਼ਕੀਰ ਗ਼ਰੀਬ ਕੋਈ ਖ਼ਾਲੀ ਨਾ ਜਾਵੇ। ਹਰ ਵੇਲੇ ਭੀੜ ਬਣੀ ਰਹੇ। ਬਹੁਤ ਜੱਸ ਪੁੰਨ ਹੋਣ ਲੱਗਾ। ਕਦੇ-ਕਦੇ ਪ੍ਰੇਮ ਵਿੱਚ ਜੋਖਦੇ ਹੋਏ 'ਤੇਰਾ ਹਾਂ' 'ਤੇਰਾ ਹਾਂ' ਏਹੋ ਆਵਾਜ਼ ਬੋਲਦੇ ਰਹਿਣ। ਇੱਕ ਤੋਂ ਸੌ ਪਚਾਸ ਤੱਕ ਕਾਈ ਗਿਣਤ ਨਾ ਕਰਨ। ਹੋਰ ਤਾਂ ਸਾਰੇ ਲੋਕ ਖ਼ੁਸ਼ੀ ਸੇ ਪਰ ਨਿੰਦਕ ਮਤਸਰੀ ਲੋਕ ਜਲਨ। ਕਈ ਵਾਰੀ ਚੁਗ਼ਲਾਂ ਨੇ ਨਵਾਬ ਪਾਸ ਚੁਗਲੀ ਉਗਲੀ ਕਿ ਮੋਦੀ ਤੇਰਾ ਘਰ ਲੁਟਾਇ ਰਿਹਾ ਹੈ। ਪਰ ਪਾਸੋਂ ਸਪਾਹੀ ਤੇ ਹੋਰ ਕਾਰਦਾਰ ਜਿਨ੍ਹਾਂ ਦੇ ਘਰ ਰਸਤ ਬਹੁਤ ਚੰਗੀ ਜਾਂਦੀ ਸੀ, ਬਾਬੇ ਦੀ ਵਡਿਆਈ ਤੇ ਸੱਚਾਈ ਸਫ਼ਾਈ ਕਹਿ ਕੇ ਚੁਗਲੀ ਦਾ ਅਸਰ ਉਡਾ ਛੱਡਣ।

ਓੜਕ ਇੱਕ ਸਾਲ ਪਿੱਛੋਂ ਬਖੀਲਾਂ ਦੀ ਬਾਤ ਭੀ ਸੁਣੀ ਗਈ। ਨਵਾਬ ਨੇ ਮੋਦੀ ਖਾਨੇ ਦੇ ਪੜਤਾਲ ਤੇ {ਮੋਦੀਖਾਨੇ ਦਾ ਹਿਸਾਬ} ਹਿਸਾਬ ਹੋਣ ਦਾ ਹੁਕਮ ਦਿੱਤਾ। ਜੈਰਾਮ ਬਹੁਤ ਡਰਿਆ ਪਰ ਬੀਬੀ ਜੀ ਨੇ ਧੀਰਜ ਬੰਧਾਜਾ। ਬਾਬੇ ਨੂੰ ਇੱਕ ਕੋਠੜੀ ਵਿੱਚ ਬੈਠਾ ਰੱਖਜਾ (ਜੋ ਹੁਣ ਕੋਠੜੀ ਸਾਹਿਬ ਅਤੇ ਰਸਤ ਜੋਖਣ ਦੀ ਜਗ੍ਹਾ ਦਾ ਨਾਮ ਮੋਦੀਖਾਨਾ ਮਸ਼ਹੂਰ ਹੈ।) ਜੇਠ ਸੰਨ ੧੫੪੩ ਬਿਕ੍ਰਮੀ ਨੂੰ ਹਿਸਾਬ ਹੋਜਾ। ੧੩੫) ਰੁਪਏ ਬਾਬਾ ਦੇ ਨਵਾਬ ਵੱਲ ਵਾਧਾ ਨਿੱਕਲੇ। ਏਸੇ ਤਰ੍ਹਾਂ ਜਦ ਲੇਖਾ ਹੋਵੇ, ਵਾਧਾ ਹੀ ਨਿੱਕਲਦਾ ਰਹੇ। ਓੜਕ ਨਵਾਬ ਨੇ ਚੁਗਲੀ ਸੁਣਨੀ ਬੰਦ ਕਰ ਦਿੱਤੀ। ਨਵਾਬ ਨੇ ਬਾਬੇ ਨੂੰ ਦੁਸ਼ਾਲਾ ਦਿੱਤਾ ਤੇ ਮੋਦੀਖਾਨਾ ਸਪੁਰਦ ਕੀਤਾ। ਏਹ ਤਾਂ ਨਹੀਂ ਚਾਹੁੰਦੇ ਸਨ ਪਰ ਜੈਰਾਮ ਆਦਿਕ ਸਾਰੇ ਕਾਰਦਾਰਾਂ ਸਿਪਾਹੀਆਂ ਤੇ ਗ਼ਰੀਬਾਂ ਫ਼ਕੀਰਾਂ ਦੇ ਆਖੇ ਫੇਰ ਕੰਮ ਕਰਨ ਲੱਗੇ। ਇੱਕ ਦੋ ਵਾਰੀ ਮਹਿਤਾ ਕਾਲੂ ਬਾਬੇ ਜੀ ਪਾਸ ਆਯਾ, ਏਹੋ ਉਪਦੇਸ਼ ਕਰੇ 'ਰੁਪਏ ਜੋੜੋ, ਲੁਟਾਓ ਨਾ। ਜੋ ਕੁਛ ਜੋੜਿਆ ਹੈ ਮੈਨੂੰ ਦਿਓ, ਘਰ ਲੈ ਜਾਵਾਂ।"

ਬਾਬਾ ਜੀ ਦਾ ਵਿਆਹ

ਏਸੇ ਮੋਦੀਖਾਨੇ ਦੀ ਵਡਿਆਈ ਵਿੱਚ ਕੁੜਮਾਈ ਹੋ ਕੇ ੭ ਜੇਠ ਸੰਮਤ ੧੫੪੫ ਬਿਕ੍ਰਮੀ ਸੰਮਤ ੮੯੧ ਹਿ. ੧੪੮੭ ਈ. ਨੂੰ ਪ੍ਰਗਣੇ ਗੁਰਦਾਸਪੁਰ ਪੱਖੋ ਪਿੰਡ, ਜੋ ਰੰਧਾਵੇ ਜੱਟਾਂ ਦਾ ਹੈ; ਮੂਲ ਚੰਦ ਚੋਣੇ ਖੱਤ੍ਰੀ ਦੀ ਬੇਟੀ ਸੁਲੱਖਣੀ ਜੀ ਦੇ ਨਾਲ ਬਾਬੇ ਨਾਨਕ ਜੀ ਦਾ ਵਿਆਹ ਹੋਯਾ। ੫ ਸਾਵਨ ਸੰਨ ੧੫੫੧ ਬਿਕ੍ਰਮੀ ਨੂੰ ਸ੍ਰੀ ਚੰਦ ਜੀ* ਅਤੇ ੧੯ ਫੱਗਣ ਸੰਨ ੧੫੫੩ ਬਿਕ੍ਰਮੀ ਨੂੰ ਲਖਮੀ ਚੰਦ ਜੀ ਗੁਰੂ ਸਾਹਿਬ ਦੇ ਸਪੁੱਤ੍ਰ {ਜਨਮ ਬਾਬਾ ਸ੍ਰੀਚੰਦ} {ਜਨਮ ਬਾਬਾ ਲਖਮੀਦਾਸ} ਪ੍ਰਗਟ ਹੋਏ। ਜਦ ਗ੍ਰਿਸਥ ਦਾ ਫ਼ਲ ਦੋ ਫਰਜ਼ੰਦ ਅਨੰਦਦਾਇਕ ਬੁਲੰਦ ਪ੍ਰਤਾਪ ਬਾਬੇ ਦੇ ਘਰ ਹੋ ਗਏ ਤਾਂ ਬਾਬੇ ਜੀ ਨੇ ਸੰਸਾਰ ਦੇ ਕਾਰ ਵਿਹਾਰ ਦੀ ਇੱਛਾ ਛੱਡ ਕੇ ਪ੍ਰਾਣੀਆਂ ਦੇ ਉਧਾਰ ਵਾਸਤੇ ਦੇਸ਼ਾਂਤ੍ਰਾਂ ਦਾ ਸੈਰ ਕਰਨਾ ਚਾਹਿਆ।

ਇਕ ਦਿਨ ਰੋਜ਼ ਦੇ ਵਿਹਾਰ ਅਨੁਸਾਰ ਵੇਈਂ ਨਾਮ ਨਦੀ ਪਰ ਇਸ਼ਨਾਨ ਕਰਨ ਗਏ ਤੇ ਤਿੰਨ ਦਿਨ ਤੱਕ ਓਥੋਂ ਮੁੜ ਨਾ ਆਏ।

ਏਸ ਪ੍ਰਸੰਗ ਬਾਬਤ ਦੇਖੋ ਸੈਰੁਲਮੁਤਾਖਰੀਨ ਸਫਾ ੧੭੨ ਲਿਖਦਾ ਹੈ, ਜਦ ਬਾਬੇ ਦਾ ਵਿਆਹ ਹੋਯਾ ਤਾਂ ਬੀ ਜਿਕੂੰ ਪਹਿਲੇ ਹਮੇਸ਼ ਸਤਿਸੰਗ ਵਿੱਚ ਰਾਤ ਗੁਜ਼ਾਰਦੇ ਓਸੇ ਤਰ੍ਹਾਂ ਫ਼ਕੀਰਾਂ ਪਾਸ ਰਹਿਣ ਕਿਉਂਕਿ ਓਨ੍ਹਾਂ ਪਾਸ ਹਿੰਦੂ ਮੁਸਲਮਾਨ ਸੰਤ ਬਹੁਤ ਟਿਕੇ ਰਹਿੰਦੇ ਸੇ। ਸੰਸਾਰ ਦੇ ਸੁੱਖ ਭੋਗਣ ਦੀ ਤੇ ਪੁੱਤ੍ਰ ਧੀਆਂ ਪੈਦਾ ਕਰਨੇ ਦੁਨੀਆਂ ਦੌਲਤ ਦੀ ਬਾਬੇ ਨਾਨਕ ਨੂੰ ਕਦੇ ਇੱਛਯਾ ਨਹੀਂ ਫੁਰੀ ਸੀ। ਬੀਬੀ ਨਾਨਕੀ ਜੀ ਨੇ ਏਨ੍ਹਾਂ ਨੂੰ ਵੱਖਰਾ ਘਰ ਲੈ ਦਿੱਤਾ। ਸਭ ਸਾਮਾਨ ਘਰ ਦਾ ਬਣਾ ਦਿੱਤਾ। ਬਾਬੇ ਦੇ ਘਰੋਂ ਸੁਲੱਖਣੀ ਜੀ ਵੱਖਰੀ ਰਸੋਈ ਕਰਨ ਲੱਗੀ। ਭਾਈ ਬਾਲਾ ਜੀ ਬਾਬੇ ਨੂੰ ਦਿਨੇ ਘਰ ਤਾਂ ਲੈ ਜਾਣ ਪਰ ਪ੍ਰਸਾਦ ਛੱਕ ਆਵਣ ਅਰ ਘਰ ਵਿੱਚ ਬੈਠਣ ਨਹੀਂ। ਬਾਲਾ ਜੀ ਨੇ ਅਨੇਕ ਵਾਰੀ ਆਖਿਆ, "ਭਰਾ ਜੀ! ਤੁਸੀਂ ਰਾਤ ਨੂੰ ਘਰ ਪ੍ਰਸ਼ਾਦ ਛਕੋ ਤੇ ਘਰ ਵਿੱਚ ਸੱਵਿਆਂ ਕਰੋ। ਮੈਨੂੰ ਬੜੀ ਭਾਰੀ ਸਿੱਕ ਹੈ ਜੋ ਤੇਰੇ ਪੁੱਤ੍ਰਾਂ ਧੀਆਂ ਨੂੰ ਖਿਡਾਵਾਂ।" ਮਾਤਾ ਤ੍ਰਿਪਤਾ ਜੀ ਭੀ ਜੋ ਕਈ ਮਹੀਨੇ ਬਾਬਾ ਜੀ ਦੇ ਪਾਸ ਆਇ ਰਹੀ ਸੀ ਅਨੇਕ ਹੇਰ ਫੇਰ ਕਰ ਕੇ ਹਮੇਸ਼ਾ ਏਹੋ ਬਾਤ ਆਖਿਆ ਕਰਦੀ, "ਪੁੱਤ੍ਰ ਨਾਨਕ! ਮੈਂ ਪੋਤੇ ਖਿਲਾਉਣ ਦੀ ਇੱਛਾ ਕਰਦੀ ਹਾਂ।" ਲਿਖਿਆ ਹੈ ਕਿ ਬਾਬੇ ਜੀ ਨੇ ਓਨ੍ਹਾਂ ਦੀ ਮਨਸ਼ਾ ਸਮਝ ਕੇ ਇੱਕ ਦਿਨ ਦੋ ਲੌਂਗ ਸੁਲੱਖਣੀ ਜੀ ਨੂੰ ਦਿੱਤੇ ਜਿਸ ਤੋਂ ਦੋ ਪੁੱਤ੍ਰ ਹੋਏ।

ਇਕ ਦਿਨ ਬਾਬਾ ਨਾਨਕ ਜੀ ਆਪਣੀ ਦੁਕਾਨ ਉੱਤੇ ਬੈਠੇ ਸੀ ਇੱਕ ਸੰਤ ਰੱਬ ਦੀ ਸੂਰਤ ਜਿਸ ਨੂੰ ਕਿਸੇ ਨੇ ਕਦੇ ਨਹੀਂ ਦੇਖਿਆ ਸੀ ਬੜੇ ਤੇਜ਼ ਵਾਲਾ ਆਯਾ। ਬਾਬੇ ਨੂੰ ਆਖਿਆ, "ਨਾਨਕ ਨਿਰੰਕਾਰੀ! ਏਹ ਕੰਮ ਤਾਂ ਜੈਸਾ ਚਾਹੀਦਾ ਸੀ ਹੋ ਲੀਤਾ। ਬਿੰਦੀ ਬੰਸ ਤੁਮਾਰੀ ਬਹੁਤ ਵਧੇਗੀ। ਹੁਣ ਓਹ ਕੰਮ ਕਰੋ ਜਿਸ ਵਾਸਤੇ ਸੰਸਾਰ ਵਿੱਚ ਆਏ ਹੋ।"

ਓਹ ਫ਼ਕੀਰ ਓਦੂੰ ਪਹਿਲਾਂ ਕਦੇ ਕਿਸੇ ਨਹੀਂ ਡਿੱਠਾ ਸੀ ਤੇ ਨਾ ਹੀ ਨਾਨਕ ਨਿਰੰਕਾਰੀ ਨਾਮ ਬਾਬੇ ਦਾ ਕਿਨੇ ਲੀਤਾ ਸੀ। {ਵੇਈਂ ਇਸ਼ਨਾਨ} ਬਾਬਾ ਜੀ ਓਸ ਨਾਲ ਸਹਿਜ ਭਾਵ ਹੋ ਲੀਤੇ ਤੇ ਵੇਈਂ ਨਦੀ ਕਿਨਾਰੇ ਕਿਨਾਰੇ ਥੋੜ੍ਹੀ ਦੂਰ ਤੱਕ ਲੋਕਾਂ ਨੇ ਗੱਲਾਂ ਕਰਦੇ ਦੇਖੇ। ਫੇਰ ਦੋਵੇਂ ਗਾਇਬ ਹੋਏ। ਤੀਜੇ ਦਿਨ ਫ਼ਕੀਰੀ ਲਿਬਾਸ ਵਿੱਚ ਬਾਬਾ ਜੀ ਗੋਰਾਂ ਵਿੱਚ ਬੈਠੇ ਲੋਕਾਂ ਨੇ ਦੇਖੇ। ਓਸ ਦਿਨ ਤੋਂ ਫੇਰ ਨਾ ਘਰ, ਨਾ ਮੋਦੀਖਾਨੇ; ਕਿਤੇ ਨਹੀਂ ਗਏ। ਲੋਕਾਂ ਨੂੰ ਰੱਬ ਦੇ ਸੱਚੇ ਰਾਹ ਪਰ ਚਲਾਉਣ ਲੱਗੇ।

---

*ਕੇਸਰ ਸਿੰਘ ਨੇ ੧੫੫੧ ਮੇਂ ਲਖਮੀ ਚੰਦ, ਸੰਮਤ ੧੫੫੬ ਬਿਕ੍ਰਮੀ ਨੂੰ ਸਿਰੀ ਚੰਦ ਦਾ ਪੈਦਾ ਹੋਣਾ ਲਿਖਿਆ ਹੈ। ਸੋਢੀ ਮੇਹਰਵਾਨ ਤੇ ਸੂਰਤ ਸਿੰਘ ਨੇ ਬਾਬੇ ਨਾਨਕ ਦਾ ਜਨਮ ਖੁਦਪੁਰ, ਮਾਂਗੇ ਪਾਸ ਬਾਠ ਪਿੰਡ ਨਾਨਕੇ ਘਰ ਹੋਣਾ ਲਿਖਿਆ ਹੈ। ਸੋ ਏਹ ਦੋਵੇਂ ਸਹੀ ਨਹੀਂ ਸਮਝਣੇ।

ਨਿਰੰਕਾਰ ਵੱਲੋਂ ਉਪਦੇਸ਼ ਮਿਲਿਆ

ਜਨਮ ਸਾਖੀ ਤੇ ਨਾਨਕ ਪ੍ਰਕਾਸ਼ ਵਿੱਚ ਲਿਖਿਆ ਹੈ ਕਿ ਜਦ ਬਾਬਾ ਜੀ ਵੇਈਂ ਨਦੀ ਵਿੱਚ ਹਮੇਸ਼ਾਂ ਵਾਂਗੂੰ ਇਸ਼ਨਾਨ ਕਰਨ ਗਏ ਗੋਤਾ ਲਾਇਆ ਤਾਂ ਵਰਣ ਦੇਵਤਾ ਪ੍ਰਮੇਸ਼੍ਵਰ ਦੇ ਹੁਕਮ ਅਨੁਸਾਰ ਦਰਗਾਹ ਵਿੱਚ ਲੈ ਗਿਆ। ਓਥੇ ਇੱਛਾ ਧਾਰੀ ਨੂਰੀ ਪੁਰਖ ਬ੍ਰਹਮਾਂ, ਬਿਸ਼ਨ, ਸ਼ਿਵ, ਇੰਦ੍ਰ, ਕੁਬੇਰ, ਬਯਾਸ, ਨਾਰਦ, ਸਨਕਾਦਿਕ, ਰਾਮ, ਕ੍ਰਿਸ਼ਨ, ਜਰਦੁਸਤ, ਮੂਸਾ, ਮੁਹੰਮਦ ਆਦਿਕ ਅਨੰਤ ਐਉਂ ਖੜੇ ਦੇਖੇ ਜੀਕੂੰ ਕਿਸੇ ਸੱਚੇ ਸਦਾ ਵਰਤੀ ਦੇ ਦਰਵਾਜ਼ੇ ਅੱਗੇ ਭਿੱਛਕ ਖੜ੍ਹੇ ਹੁੰਦੇ ਹਨ। ਤਦੋਂ ਨੂੰ ਇੱਕ ਦਿਬਯ ਪੁਰਖ ਅੰਦਰੋਂ ਆਇਆ ਤੇ ਬਾਬੇ ਜੀ ਨੂੰ ਈਸ਼੍ਵਰ ਦੇ ਹਜ਼ੂਰ ਲੈ ਗਿਆ। ਨੂਰ ਹੀ ਨੂਰ ਸੂਰਜ ਬਿਜਲੀ ਤੋਂ ਭੀ ਅਧਿਕ ਤੇਜ਼ ਨਜ਼ਰ ਆਇਆ। ਓਥੋਂ ਆਵਾਜ਼ ਆਈ "ਨਾਨਕ ਨਿਰੰਕਾਰੀ! ਤੈਨੂੰ ਕਲਜੁਗੀ ਪੁਰਖਾਂ ਦੇ ਉਧਾਰ ਵਾਸਤੇ ਸੰਸਾਰ ਵਿੱਚ ਭੇਜਿਆ ਹੈ, ਸਤਿਨਾਮ ਵਾਹਿਗੁਰੂ ਜਪਾ ਕੇ ਭਗਤੀ ਗਿਆਨ ਦ੍ਰਿੜ੍ਹਾ, ਜਿਸ ਤੋਂ ਸਹਿਜੇ ਹੀ ਮਹਾਂ ਪਾਪੀ ਭੀ ਪਵਿੱਤ੍ਰ ਹੋ ਕੇ ਮੁਕਤੀ ਦੇ ਅਧਿਕਾਰੀ ਹੋਣ। ਪਹਿਲੇ ਅਨੇਕ ਕਾਰਕ, ਜੋ ਤੁਸਾਂ ਦਰਵਾਜ਼ੇ ਅੱਗੇ ਖੜ੍ਹੇ ਦੇਖੇ ਹਨ; ਮੈਂ ਭੇਜੇ ਸਨ। ਏਨ੍ਹਾਂ ਸਭਨਾਂ ਨੇ ਆਪਣੇ ਆਪਣੇ ਨਾਮ ਜਪਾਏ। ਸੱਚੇ ਰਸਤੇ ਜੀਵਾਂ ਨੂੰ ਨਾ ਚਲਾਯਾ। ਏਸੇ ਵਾਸਤੇ ਏਹਨਾਂ ਨੂੰ ਏਹ ਸਜ਼ਾ ਦਿੱਤੀ ਹੈ ਕਿ ਕਲਪ ਪ੍ਰਯੰਤ ਏਥੇ ਹੀ ਖੜ੍ਹੇ ਰਹਿਣ। ਏਹਨਾਂ ਦੇ ਅੰਦਰ ਆਉਣ ਦੀ ਅਰਜ਼ ਕੋਈ ਨਾ ਕਰੇ। ਏਥੇ ਹੀ ਮੇਰੇ ਕੋਪ ਕਰਾਲ ਦੀ ਅੱਗ ਵਿੱਚ ਖੜ੍ਹੇ ਸੜਦੇ ਰਹਿਣ। ਏਹਨਾਂ ਦੇ ਦਿਖਾਵਣ ਵਾਸਤੇ ਤੈਨੂੰ ਸੱਦਿਆ ਹੈ। ਜੇ ਤੂੰ ਭੀ ਆਪਣੀ ਪੂਜਾ ਮੰਨਤਾ ਕਰਾਵੇਂਗਾ ਤਾਂ ਏਹਨਾਂ ਦਾ ਸਾਥੀ ਹੋਵੇਂਗਾ। ਜੇ ਸੱਚੇ ਰਾਹ ਜੀਵਾਂ ਨੂੰ ਤੂੰ ਚਲਾਵੇਂਗਾ ਤਾਂ ਮੇਰੇ ਸਰੂਪ ਵਿੱਚ ਸਮਾਵੇਂਗਾ।"

ਬਾਬੇ ਜੀ ਨੇ ਓਥੇ ਏਹ ਬਾਣੀ ਉਚਾਰੀ:

ਸੋ ਦਰੁ ਰਾਗੁ ਆਸਾ ਮਹਲਾ ੧
ੴ ਸਤਿਗੁਰ ਪ੍ਰਸਾਦਿ ॥
ਸੋ ਦਰੁ ਤੇਰਾ ਕੇਹਾ ਸੋ ਘਰੁ ਕੇਹਾ ਜਿਤੁ ਬਹਿ ਸਰਬ ਸਮਾਲੇ ॥
ਵਾਜੇ ਤੇਰੇ ਨਾਦ ਅਨੇਕ ਅਸੰਖਾ ਕੇਤੇ ਤੇਰੇ ਵਾਵਣਹਾਰੇ ॥
ਕੇਤੇ ਤੇਰੇ ਰਾਗ ਪਰੀ ਸਿਉ ਕਹੀਅਹਿ ਕੇਤੇ ਤੇਰੇ ਗਾਵਣਹਾਰੇ ॥
ਗਾਵਨਿ ਤੁਧਨੋ ਪਵਣੁ ਪਾਣੀ ਬੈਸੰਤਰੁ ਗਾਵੈ ਰਾਜਾ ਧਰਮੁ ਦੁਆਰੇ ॥
ਗਾਵਨਿ ਤੁਧਨੋ ਚਿਤੁ ਗੁਪਤੁ ਲਿਖਿ ਜਾਣਨਿ ਲਿਖਿ ਲਿਖਿ ਧਰਮੁ ਬੀਚਾਰੇ ॥
ਗਾਵਨਿ ਤੁਧਨੋ ਈਸਰੁ ਬ੍ਰਹਮਾ ਦੇਵੀ ਸੋਹਨਿ ਤੇਰੇ ਸਦਾ ਸਵਾਰੇ ॥
ਗਾਵਨਿ ਤੁਧਨੋ ਇੰਦ੍ਰ ਇੰਦ੍ਰਾਸਣਿ ਬੈਠੇ ਦੇਵਤਿਆ ਦਰਿ ਨਾਲੇ ॥
ਗਾਵਨਿ ਤੁਧਨੋ ਸਿਧ ਸਮਾਧੀ ਅੰਦਰਿ ਗਾਵਨਿ ਤੁਧਨੋ ਸਾਧ ਬੀਚਾਰੇ ॥
ਗਾਵਨਿ ਤੁਧਨੋ ਜਤੀ ਸਤੀ ਸੰਤੋਖੀ ਗਾਵਨਿ ਤੁਧਨੋ ਵੀਰ ਕਰਾਰੇ ॥
ਗਾਵਨਿ ਤੁਧਨੋ ਪੰਡਿਤ ਪੜਨਿ ਰਖੀਸੁਰ ਜੁਗੁ ਜੁਗੁ ਵੇਦਾ ਨਾਲੇ ॥
ਗਾਵਨਿ ਤੁਧਨੋ ਮੋਹਣੀਆ ਮਨੁ ਮੋਹਨਿ ਸੁਰਗੁ ਮਛੁ ਪਇਆਲੇ ॥
ਗਾਵਨਿ ਤੁਧਨੋ ਰਤਨ ਉਪਾਏ ਤੇਰੇ ਅਠਸਠਿ ਤੀਰਥ ਨਾਲੇ ॥
ਗਾਵਨਿ ਤੁਧਨੋ ਜੋਧ ਮਹਾਬਲ ਸੂਰਾ ਗਾਵਨਿ ਤੁਧਨੋ ਖਾਣੀ ਚਾਰੇ ॥
ਗਾਵਨਿ ਤੁਧਨੋ ਖੰਡ ਮੰਡਲ ਬ੍ਰਹਮੰਡਾ ਕਰਿ ਕਰਿ ਰਖੇ ਤੇਰੇ ਧਾਰੇ ॥
ਸੇਈ ਤੁਧਨੋ ਗਾਵਨਿ ਜੋ ਤੁਧੁ ਭਾਵਨਿ ਰਤੇ ਤੇਰੇ ਭਗਤ ਰਸਾਲੇ ॥
ਹੋਰਿ ਕੇਤੇ ਤੁਧਨੋ ਗਾਵਨਿ ਸੇ ਮੈ ਚਿਤਿ ਨ ਆਵਨਿ ਨਾਨਕੁ ਕਿਆ ਬੀਚਾਰੇ ॥
ਸੋਈ ਸੋਈ ਸਦਾ ਸਚੁ ਸਾਹਿਬੁ ਸਾਚਾ ਸਾਚੀ ਨਾਈ ॥
ਹੈ ਭੀ ਹੋਸੀ ਜਾਇ ਨ ਜਾਸੀ ਰਚਨਾ ਜਿਨਿ ਰਚਾਈ ॥
ਰੰਗੀ ਰੰਗੀ ਭਾਤੀ ਕਰਿ ਕਰਿ ਜਿਨਸੀ ਮਾਇਆ ਜਿਨਿ ਉਪਾਈ ॥

ਕਰਿ ਕਰਿ ਦੇਖੈ ਕੀਤਾ ਆਪਣਾ ਜਿਉ ਤਿਸ ਦੀ ਵਡਿਆਈ ॥
ਜੋ ਤਿਸੁ ਭਾਵੈ ਸੋਈ ਕਰਸੀ ਫਿਰਿ ਹੁਕਮੁ ਨ ਕਰਣਾ ਜਾਈ ॥
ਸੋ ਪਾਤਿਸਾਹੁ ਸਾਹਾ ਪਤਿਸਾਹਿਬੁ ਨਾਨਕ ਰਹਣੁ ਰਜਾਈ ॥੧॥

(ਸੋਦਰੁ, ਆਸਾ ਮਃ ੧ - ੮/੯)

ਸਿਰੀਰਾਗੁ ਮਹਲਾ ੧ ॥
ਕੋਟਿ ਕੋਟੀ ਮੇਰੀ ਆਰਜਾ ਪਵਣੁ ਪੀਅਣੁ ਅਪਿਆਉ ॥
ਚੰਦੁ ਸੂਰਜੁ ਦੁਇ ਗੁਫੈ ਨ ਦੇਖਾ ਸੁਪਨੈ ਸਉਣ ਨ ਥਾਉ ॥
ਭੀ ਤੇਰੀ ਕੀਮਤਿ ਨਾ ਪਵੈ ਹਉ ਕੇਵਡੁ ਆਖਾ ਨਾਉ ॥੧॥
ਸਾਚਾ ਨਿਰੰਕਾਰੁ ਨਿਜ ਥਾਇ ॥
ਸੁਣਿ ਸੁਣਿ ਆਖਣੁ ਆਖਣਾ ਜੇ ਭਾਵੈ ਕਰੇ ਤਮਾਇ ॥੧॥ ਰਹਾਉ ॥
ਕੁਸਾ ਕਟੀਆ ਵਾਰ ਵਾਰ ਪੀਸਣਿ ਪੀਸਾ ਪਾਇ ॥
ਅਗੀ ਸੇਤੀ ਜਾਲੀਆ ਭਸਮ ਸੇਤੀ ਰਲਿ ਜਾਉ ॥
ਭੀ ਤੇਰੀ ਕੀਮਤਿ ਨਾ ਪਵੈ ਹਉ ਕੇਵਡੁ ਆਖਾ ਨਾਉ ॥੨॥
ਪੰਖੀ ਹੋਇ ਕੈ ਜੇ ਭਵਾ ਸੈ ਅਸਮਾਨੀ ਜਾਉ ॥
ਨਦਰੀ ਕਿਸੈ ਨ ਆਵਊ ਨਾ ਕਿਛੁ ਪੀਆ ਨ ਖਾਉ ॥
ਭੀ ਤੇਰੀ ਕੀਮਤਿ ਨਾ ਪਵੈ ਹਉ ਕੇਵਡੁ ਆਖਾ ਨਾਉ ॥੩॥
ਨਾਨਕ ਕਾਗਦ ਲਖ ਮਣਾ ਪੜਿ ਪੜਿ ਕੀਚੈ ਭਾਉ ॥
ਮਸੂ ਤੋਟਿ ਨ ਆਵਈ ਲੇਖਣਿ ਪਉਣੁ ਚਲਾਉ ॥
ਭੀ ਤੇਰੀ ਕੀਮਤਿ ਨਾ ਪਵੈ ਹਉ ਕੇਵਡੁ ਆਖਾ ਨਾਉ ॥੪॥੨॥

(ਸਿਰੀਰਾਗੁ, ਮਃ ੧ - ੧੪)

ਏਹੋ ਜੇਹੇ ਹੋਰ ਭੀ ਕਈ ਸ਼ਬਦ ਅਕਾਲ ਪੁਰਖ ਦੀ ਮਹਿਮਾ ਦੇ ਬਾਬੇ ਜੀ ਨੇ ਓਥੇ ਉਚਾਰੇ ਜਿਨ੍ਹਾਂ ਨੂੰ ਸੁਣ ਕੇ ਅਕਾਲ ਪੁਰਖ ਨੇ ਵਰ ਦਿੱਤਾ ਕਿ ਜੋ ਕੋਈ ਤੇਰੀ ਉਚਾਰੀ ਹੋਈ, ਮੇਰੀ ਮਹਿਮਾ ਦੀ ਬਾਣੀ ਪੜ੍ਹੇ ਸੁਣੇਗਾ ਓਸ ਨੂੰ ਜਮ ਦੀ ਤਲਬ ਨਾ ਹੋਊ। ਏਹ ਵਰ ਉਪਦੇਸ਼ ਲੈ ਕੇ ਵੇਈਂ ਨਾਮ ਨਦੀ ਵਿੱਚੋਂ ਬਾਬਾ ਜੀ ਤੀਜੇ ਦਿਨ ਆਇ ਪ੍ਰਗਟ ਹੋਏ।

ਏਧਰ ਜਦ ਬਾਬੇ ਦੇ ਵੇਈਂ ਵਿੱਚ ਗਾਇਬ ਹੋਣ ਦੀ ਖ਼ਬਰ ਜੈਰਾਮ ਤੇ ਨਵਾਬ ਨੂੰ ਹੋਈ ਤਾਂ ਓਨ੍ਹਾਂ ਗੋਤੇ ਲਗਵਾਏ, ਜਾਲ ਪਵਾਏ ਪਰ ਕੁੱਝ ਪਤਾ ਨਾ ਲੱਗਾ। ਸਾਰੇ ਪਿੰਡ ਵਿੱਚ ਡੰਡ ਪੈ ਗਈ ਕਿ ਨਾਨਕ ਜੀ ਵੇਈਂ ਵਿੱਚ ਡੁੱਬ ਗਏ ਪਰ ਬੀਬੀ ਨਾਨਕੀ ਜੀ ਏਹੋ ਆਖਦੇ ਰਹੇ ਕਿ ਓਹ ਸਦਾ ਸਲਾਮਤ ਹਨ। ਓਨ੍ਹਾਂ ਦੀ ਲੀਲਾ ਨੂੰ ਦੂਜਾ ਕੋਈ ਨਹੀਂ ਜਾਣ ਸਕਦਾ। ਫੇਰ ਜਦ ਬਾਹਰ ਆਏ ਤਾਂ ਸਿੱਖਾਂ ਦੇ ਪੁੱਛਣੇ ਪਰ ਬਾਬੇ ਜੀ ਨੇ ਸੱਚੀ ਦਰਗਾਹ ਦੇ ਹਾਲ ਦਾ ਏਹ ਸ਼ਬਦ ਉਚਾਰਨ ਕੀਤਾ। ਯਥਾ:

ਜਿਤ ਦਰ ਲਖ ਮੁਹੰਮਦਾ ਲਖ ਬ੍ਰਹਮਾ ਬਿਸਨ ਮਹੇਸ ॥
ਲਖ ਲਖ ਰਾਮ ਵਡੀਰੀਅਹਿ ਲਖ ਰਾਹੀ ਲਖ ਵੇਸ ॥
ਲਖ ਲਖ ਓਥੇ ਜਤੀ ਹੈ ਸਤੀਅਹੁ ਤੇ ਸੰਨਯਾਸ ॥
ਲਖ ਲਖ ਓਥੇ ਗੋਰਖਾ ਲਖ ਲਖ ਨਾਥਾ ਨਾਥ ॥
ਲਖ ਲਖ ਓਥੇ ਆਸਨਾ ਗੁਰੂ ਚੇਲੇ ਰਹਰਾਸ ॥
ਲਖ ਲਖ ਦੇਵੀ ਦੇਵਤੇ ਦਾਨੂੰ ਲਖ ਨਿਵਾਸ ॥
ਲਖ ਪੀਰ ਪੈਕਾਂਬਰ ਅਉਲੀਏ ਲਖ ਕਾਜ਼ੀ ਮੁਲਾ ਸੇਖ ॥
ਕਿਸੇ ਸਾਤਿ ਨ ਆਈਆ ਬਿਨ ਸਤਗੁਰ ਕੇ ਉਪਦੇਸ ॥
ਸਾਧਿਕ ਸਿਧ ਅਗਿਣਤ ਹੈ ਕੇਤੇ ਲਖ ਅਪਾਰ ॥
ਏਤੜਿਆ ਅਪਵਿਤ੍ਰ ਹੈ ਬਿਨ ਸਤਿਗੁਰ ਸਬਦ ਬੀਚਾਰ ॥

ਸਿਰ ਨਾਥਾ ਕੇ ਏਕ ਨਾਥ ਸਚ ਨਾਮ ਕਰਤਾਰ ॥
ਨਾਨਕ ਤਾਕੀ ਕੀਮਤਿ ਨਾ ਪਵੈ ਬੇਅੰਤ ਬੇਸੁਮਾਰ ॥੧॥

(ਇਹ ਸ਼ਬਦ ਭਾਈ ਬੰਨੋ ਵਾਲੀ ਬੀੜ ਦਾ ਹੈ)

ਇਤਯਾਦਿਕ ਬਹੁਤ ਸਾਰੇ ਸ਼ਬਦ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿੱਚ ਹਨ, ਜਿਨ੍ਹਾਂ ਤੋਂ ਪ੍ਰਮੇਸ਼੍ਵਰ ਦੇ ਦੁਆਰੇ ਪਰ ਬੇਅੰਤ ਹੀ ਏਹੋ ਜੇਹੇ ਮਹਾਤਮਾ ਦਾ ਹਰ ਵੇਲੇ ਖੜ੍ਹੇ ਰਹਿਣਾ ਸਾਬਤ ਹੈ*।"

ਜਦ ਬਾਬਾ ਜੀ ਤਿੰਨ ਦਿਨ ਗੁਪਤ ਰਹਿ ਕੇ ਪ੍ਰਗਟ ਹੋਏ ਤਾਂ ਨਵਾਬ ਸਾਹਿਬ ਨੇ ਤੇ ਜੈਰਾਮ ਨੇ ਮੋਦੀ ਖਾਨੇ ਦਾ ਕੰਮ ਕਰਨ ਵਾਸਤੇ ਬਾਬੇ ਜੀ ਨੂੰ ਬਹੁਤ ਹੀ ਪ੍ਰੇਰਿਆ ਪਰ ਬਾਬੇ ਜੀ ਨੇ ਨਾ ਮੰਨਿਆ ਤੇ ਉੱਤਰ ਦਿੱਤਾ ਕਿ ਮੈਨੂੰ ਸੱਚੇ ਪਾਤਸ਼ਾਹ ਨੇ ਖਿਲਅਤ 'ਸਿਰੋਪਾਉ' ਦੇ ਕੇ ਕਾਰੇ ਲਾ ਲਿਆ ਹੈ। ਯਥਾ:

ਪਉੜੀ ॥
ਹਉ ਢਾਢੀ ਵੇਕਾਰੁ ਕਾਰੈ ਲਾਇਆ ॥
ਰਾਤਿ ਦਿਹੈ ਕੈ ਵਾਰ ਧੁਰਹੁ ਫੁਰਮਾਇਆ ॥
ਢਾਢੀ ਸਚੈ ਮਹਲਿ ਖਸਮਿ ਬੁਲਾਇਆ ॥
ਸਚੀ ਸਿਫਤਿ ਸਾਲਾਹ ਕਪੜਾ ਪਾਇਆ ॥
ਸਚਾ ਅੰਮ੍ਰਿਤ ਨਾਮੁ ਭੋਜਨੁ ਆਇਆ ॥
ਗੁਰਮਤੀ ਖਾਧਾ ਰਜਿ ਤਿਨਿ ਸੁਖੁ ਪਾਇਆ ॥
ਢਾਢੀ ਕਰੇ ਪਸਾਉ ਸਬਦੁ ਵਜਾਇਆ ॥
ਨਾਨਕ ਸਚੁ ਸਾਲਾਹਿ ਪੂਰਾ ਪਾਇਆ ॥੨੭॥ ਸੁਧੁ

(ਵਾਰ-ਮਾਝ, ਮਃ ੧ - ੧੫੦)

ਓਸ ਦਿਨ ਤੋਂ ਫੇਰ ਕਦੇ ਘਰ ਭੀ ਨਾ ਆਏ। ਸੰਤ ਬਾਣਾ ਧਾਰ ਕੇ ਲੋਕਾਂ ਨੂੰ ਧਰਮ ਦਾ ਉਪਦੇਸ਼ ਕਰਨ ਵਿੱਚ ਤੱਤਪਰ ਹੋ ਗਏ।

ਹਿਸਾਬ ਹੋਯਾ ਤਾਂ (੭੬੦) ਰੁਪਏ ਬਾਬੇ ਦੇ ਨਵਾਬ ਵੱਲ ਵਧੇ। ਜੈਰਾਮ ਤੇ ਨਵਾਬ ਨੇ ਬਥੇਰਾ ਚਾਹਿਆ ਕਿ ਏਹ ਰੁਪਏ ਬਾਬੇ ਦੇ ਪੁੱਤ੍ਰਾਂ ਦੀ ਪਰਵਰਸ਼ ਵਾਸਤੇ ਘਰ ਦਿੱਤੇ ਜਾਣ ਪਰ ਬਾਬੇ ਜੀ ਨੇ ਅੰਨ ਲੈ ਕੇ ਗ਼ਰੀਬਾਂ ਨੂੰ ਦਵਾ ਦਿੱਤਾ ਤੇ ਆਪ ਸੰਤ ਬਾਣਾ ਖੱਫਨੀ, ਸੇਲੀ, ਚੋਲਾ ਆਦਿਕ ਧਾਰਨ ਕਰ ਲੋਕਾਂ ਨੂੰ ਜਥਾ ਜੋਗ ਉਪਦੇਸ਼ ਕਰਨ ਤੇ ਬਾਣੀ ਉਚਾਰਨ ਲੱਗੇ, ਜਿਸ ਨੂੰ ਸੁਣ ਕੇ ਬੜੇ ਬੜੇ ਪੰਡਿਤ ਮੌਲਵੀ ਫ਼ਕੀਰ ਹੈਰਾਨ ਰਹਿੰਦੇ ਸੇ। ਜੋ ਕੋਈ ਚਰਚਾ ਕਰਨ ਆਉਂਦਾ ਓਹੋ ਗੁਰੂ ਕੀ ਬਾਣੀ ਅੱਗੇ ਪਾਣੀ ਹੋ ਜਾਂਦਾ। ਜੋ ਕੁਛ ਕੋਈ ਦੇ ਜਾਂਦਾ ਓਸ ਦਾ ਲੰਗਰ ਪਕਵਾ ਕੇ ਗ਼ਰੀਬਾਂ ਫ਼ਕੀਰਾਂ ਨੂੰ ਵਰਤਵਾ ਦਿੰਦੇ। ਏਸ ਕਰ ਕੇ ਬਹੁਤ ਭੀੜ ਭਾੜ ਰਹਿਣ ਲੱਗੀ।

ਜਦ ਏਹ ਖ਼ਬਰ ਤਲਵੰਡੀ ਵਿੱਚ ਤੇ ਬਾਬੇ ਦੇ ਸਹੁਰੇ ਘਰ ਪਹੁੰਚੀ ਤਾਂ ਬਾਬੇ ਦਾ ਸੌਹਰਾ ਮੂਲ ਚੰਦ ਆਪਣੇ ਗੁਰੂ ਸ਼ਾਮੇ ਪੰਡਿਤ ਨੂੰ ਬਾਬੇ ਜੀ ਦੇ ਸਮਝਾਉਣ ਲਈ ਨਾਲ ਲੈ ਕੇ ਸੁਲਤਾਨਪੁਰ ਆਇਆ ਤੇ ਓਧਰੋਂ ਕਾਲੂ ਚੰਦ ਭੀ ਆ ਪਹੁੰਚਿਆ ਤੇ ਜਦ ਆ ਕੇ ਏਹ ਸੁਣਿਆ ਜੋ ਸੱਤ ਸੌ ਸੱਠ ਰੁਪੱਯੇ ਜੋ ਹਿਸਾਬ ਵਿੱਚੋਂ ਵਧੇ ਸੇ, ਬਾਬਾ ਜੀ ਫ਼ਕੀਰਾਂ ਗ਼ਰੀਬਾਂ ਨੂੰ ਵਰਤਵਾ ਚੁੱਕੇ ਹਨ ਤਾਂ ਇਹ ਗੱਲ ਸੁਣਦੇਸਾਰ ਮੂਲੇ ਤੇ ਕਾਲੂ ਨੂੰ ਅਜਿਹੀ ਗ਼ਸ਼ ਪਈ ਜੋ ਘੜੀ ਸਾਰੀ ਗੁੰਮ ਰਹੇ। ਓਤਨਾ ਜ਼ਿਕਰ ਫ਼ਿਕਰ ਬਾਬੇ ਦੇ ਸੰਤ ਬਣ ਜਾਣ ਦਾ ਨਾ ਕੀਤਾ ਜਿਤਨਾ ਰੁਪਏ ਲੁਟਾ ਦੇਣ ਦਾ ਗ਼ਮ ਕੀਤਾ।

---

*ਜਿਸ ਸਰਗੁਣ ਰੂਪ ਪ੍ਰਮੇਸ਼੍ਵਰ ਦਾ ਮੁਹੰਮਦੀ ਸੱਤਵੇਂ ਅਕਾਸ਼, ਈਸਾਈ ਚੌਥੇ ਪੰਜਵੇਂ ਆਕਾਸ਼ ਵਿੱਚ ਨਿਵਾਸ ਮੰਨ ਕੇ ਆਖਦੇ ਹਨ ਕਿ (ਕਯਾਮਤ ਦੇ ਰੋਜ਼) ਪ੍ਰਲਯ ਦੇ ਦਿਨ ਓਹ ਈਸ਼੍ਵਰ ਤਖ਼ਤ ਉੱਤੇ ਬੈਠ ਕੇ ਸਭ ਰੂਹਾਂ ਨੂੰ ਕਰਮਾਂ ਅਨੁਸਾਰ ਭਿਸਤ ਦੋਜ਼ਖ ਦੇਵੇਗਾ, ਮੁਹੰਮਦ ਮੁਹੰਮਦੀਆਂ ਨੂੰ ਤੇ ਈਸਾ ਈਸਾਈਆਂ ਨੂੰ ਗਵਾਹੀ ਦੇ ਕੇ ਦੋਜ਼ਖ ਤੋਂ ਬਖ਼ਸ਼ਾਉਣਗੇ। ਓਤਨਾ ਚਿਰ ਸਭ ਰੂਹਾਂ ਗੋਰਾਂ ਵਿੱਚ ਰਹਿਣਗੀਆਂ। ਹੋਰ ਨਵੀਆਂ ਰੂਹਾਂ ਖ਼ੁਦਾ ਪੈਦਾ ਕਰ ਭੇਜਦਾ ਰਹਿੰਦਾ ਹੈ। ਹਿੰਦੂ ਬੈਦਕ ਮਤ ਵਾਲੇ ਜੀਵ ਦਾ ਜਨਮ ਕਰਨ ਵਾਸ਼ਨਾ ਅਨੁਸਾਰ ਹਮੇਸ਼ਾ ਹੁੰਦਾ ਰਹਿੰਦਾ ਮੰਨਦੇ ਹਨ। ਅਧਿਕ ਸ਼ੁਭ ਕਰਮਾਂ ਵਾਲੇ ਸ੍ਵਰਗ ਤੇ ਉਪਾਸ਼ਨਾ ਭਗਤੀ ਕਰਨ ਵਾਲੇ ਸੱਚਖੰਡ ਵੈਕੁੰਠ ਵਿੱਚ ਨਿਵਾਸ ਕਰਦੇ ਹਨ ਤੇ ਬ੍ਰਹਮ ਗਿਆਨੀ ਮੁਕਤ ਹੋ ਜਾਂਦੇ ਹਨ।

ਪੰਡਤ ਨੂੰ ਉਪਦੇਸ਼

ਓੜਕ ਸ਼ਾਮੇ ਪੰਡਿਤ ਨੂੰ ਨਾਲ ਲੈ ਕੇ ਬਾਬੇ ਜੀ ਪਾਸ ਜਿੱਥੇ ਓਹ ਜੰਗਲ ਵਿੱਚ ਬੈਠੇ ਸੇ ਗਏ, ਬਹੁਤ ਨਰਮ ਗ਼ਰਮ ਬਚਨ ਕੀਤੇ ਪਰ ਬਾਬਾ ਜੀ ਚੁੱਪ ਰਹੇ। ਸ਼ਾਮੇ {ਸ਼ਿਆਮਾ ਪੰਡਿਤ} ਪੰਡਿਤ ਨੇ ਆਖਿਆ, "ਨਾਨਕ! ਏਹ ਕੇਹਾ ਸਾਂਗ ਬਣਾ ਬੈਠਾ ਹੈਂ। ਕੱਚੀਆਂ ਗੱਲਾਂ ਛੱਡ, ਜੇ ਤੈਨੂੰ ਰੱਬ ਵੱਲ ਦਾ ਸ਼ੌਕ ਹੈ ਤਾਂ ਸਾਡੀ ਸੰਗਤ ਕਰ। ਅਸੀਂ ਤੈਨੂੰ ਬਹੁਤ ਚੰਗੀ ਸਿੱਖ ਮੱਤ ਦੇਵਾਂਗੇ ਜਿਸ ਕਰ ਕੇ ਤੂੰ ਘਰ ਦਾ ਕੰਮ ਕਾਰ ਭੀ ਕਰਦਾ ਰਹੇਂ ਅਤੇ ਬੇੜਾ ਭੀ ਪਾਰ ਹੋ ਜਾਏ। ਘਰ ਚੱਲ ਆਪਣਾ ਕੰਮ ਸੰਭਾਲ। ਨਿਰਾ ਪੁਰਾ ਬਾਲਕ ਨਾ ਬਣ। ਮਾਂ ਬਾਪ ਦੀ ਆਗਿਆ ਮੰਨ, ਰਾਮ ਰਾਮ ਰਟ। ਪੁੱਤ੍ਰਾਂ ਦੀ ਸ਼ਾਦੀ ਵਾਸਤੇ ਧਨ ਜੋੜ, ਮਨ ਨੂੰ ਮੋੜ, ਆਖੇ ਲੱਗ, ਹੁਣ ਹੂੜ ਮਾਰ ਗੱਲਾਂ ਨਾ ਕਰ।"

ਤਾਂ ਬਾਬੇ ਜੀ ਨੇ ਸ਼ਬਦ ਬੋਲਿਆ:

ਬਸੰਤੁ ਹਿੰਡੋਲ ਮਹਲਾ ੧ ॥
ਰਾਜਾ ਬਾਲਕੁ ਨਗਰੀ ਕਾਚੀ ਦੁਸਟਾ ਨਾਲਿ ਪਿਆਰੋ ॥
ਦੁਇ ਮਾਈ ਦੁਇ ਬਾਪਾ ਪੜੀਅਹਿ ਪੰਡਿਤ ਕਰਹੁ ਬੀਚਾਰੋ ॥੧॥
ਸੁਆਮੀ ਪੰਡਿਤਾ ਤੁਮ੍ਹ ਦੇਹੁ ਮਤੀ ॥
ਕਿਨ ਬਿਧਿ ਪਾਵਉ ਪ੍ਰਾਨਪਤੀ ॥੧॥ ਰਹਾਉ ॥
ਭੀਤਰਿ ਅਗਨਿ ਬਨਾਸਪਤਿ ਮਉਲੀ ਸਾਗਰੁ ਪੰਡੈ ਪਾਇਆ ॥
ਚੰਦੁ ਸੂਰਜੁ ਦੁਇ ਘਰ ਹੀ ਭੀਤਰਿ ਐਸਾ ਗਿਆਨੁ ਨ ਪਾਇਆ ॥੨॥
ਰਾਮ ਰਵੰਤਾ ਜਾਣੀਐ ਇਕ ਮਾਈ ਭੋਗੁ ਕਰੇਇ ॥
ਤਾ ਕੇ ਲਖਣ ਜਾਣੀਅਹਿ ਖਿਮਾ ਧਨੁ ਸੰਗ੍ਰਹੇਇ ॥੩॥
ਕਹਿਆ ਸੁਣਹਿ ਨ ਖਾਇਆ ਮਾਨਹਿ ਤਿਨ੍ਹਾ ਹੀ ਸੇਤੀ ਵਾਸਾ ॥
ਪ੍ਰਣਵਤਿ ਨਾਨਕੁ ਦਾਸਨਿ ਦਾਸਾ ਖਿਨੁ ਤੋਲਾ ਖਿਨੁ ਮਾਸਾ ॥੪॥੩॥੧੧॥

(ਬਸੰਤੁ ਹਿੰਡੋਲ, ਮਃ ੧ - ੧੧੭੧)

ਏਹ ਸ਼ਬਦ ਅਨੁਭਵ ਦਾ ਸੁਣ ਕੇ ਪੰਡਿਤ ਤਾਂ ਹੈਰਾਨ ਰਹਿ ਗਿਆ, ਓਸ ਨੂੰ ਅਰਥ ਭੀ ਏਸ ਦੇ ਨਾ ਸੁਝੇ, ਚੁੱਪ ਕੀਤਾ ਹੀ ਕੰਨ ਖਿਸਕਾ ਕੇ ਰਾਹ ਪਿਆ।

ਮੂਲੇ ਤੇ ਕਾਲੂ ਨੂੰ ਤਾਂ ਲੱਗੀ ਹੋਈ ਸੀ, ਓਹਨਾਂ ਨੇ ਆਖਜਾ, "ਨਾਨਕ! ਤੂੰ ਦੀਵਾਨਾ ਹੋ ਗਿਆ ਹੈਂ? ਆ! ਸਿਆਣਾ ਬਣ।" ਤਾਂ ਬਾਬਾ ਬੋਲਿਆ:

ਤਉ ਦੇਵਾਨਾ ਜਾਣੀਐ ਜਾ ਏਕਾ ਕਾਰ ਕਮਾਇ ॥
ਹੁਕਮੁ ਪਛਾਣੈ ਖਸਮ ਕਾ ਦੂਜੀ ਅਵਰ ਸਿਆਣਪ ਕਾਇ ॥੩॥
ਤਉ ਦੇਵਾਨਾ ਜਾਣੀਐ ਜਾ ਸਾਹਿਬ ਧਰੇ ਪਿਆਰੁ ॥
ਮੰਦਾ ਜਾਣੈ ਆਪ ਕਉ ਅਵਰੁ ਭਲਾ ਸੰਸਾਰੁ ॥੪॥੭॥

(ਮਾਰੂ, ਮਃ ੧ - ੯੯੧)

ਹੋਰ ਅਨੇਕ ਪ੍ਰਕਾਰ ਦੇ ਚੜ੍ਹਾ ਉਤਰਾ ਮੂਲੇ ਤੇ ਕਾਲੂ ਆਦਿਕਾਂ ਨੇ ਕੀਤੇ ਪਰ ਬਾਬੇ ਨੇ ਦਿਲੋਂ ਹੀ ਸੰਸਾਰ ਵਿਹਾਰ ਤਿਆਗ ਕਰ ਦਿੱਤਾ। ਹਾਰ ਕੇ ਚੁੱਪ ਕਰ ਘਰ ਨੂੰ ਤੁਰ ਗਏ।

ਦੇਵੀ ਪੂਜਾ ਬੰਦ ਕੀਤੀ

ਓਸੇ ਸਮੇਂ ਭਗੀਰਥਾ {ਭਾਈ ਭਾਗੀਰਥ} ਨਾਮ ਖੱਤ੍ਰੀ ਮਣਸੀਹ ਪਿੰਡ ਵਾਲਾ, ਜੋ ਦੇਵੀ ਦਾ ਭਗਤ ਜਗਤ ਵਿੱਚ ਮਸ਼ਹੂਰ ਸੀ; ਆਪਣੀ ਸੰਗਤ ਲੈ ਕੇ ਦੇਵੀ ਦੇ ਦਰਸ਼ਨ ਨੂੰ ਜਾਂਦਾ ਹੋਯਾ ਬਾਬੇ ਦਾ ਜੱਸ ਸੁਣ ਕੇ ਦਰਸ਼ਨ ਨੂੰ ਆਇਆ। ਗੁਰੂ ਜੀ ਦੇ ਪੁੱਛਣੇ ਪਰ ਓਸ ਨੇ ਆਖਯਾ ਮੈਂ ਹਰ ਸਾਲ ਦੇਵੀ ਦੇ ਦਰਸ਼ਨ ਕਰਨ ਜਾਂਦਾ ਹਾਂ। ਬਾਬੇ ਪੁੱਛਿਆ, "ਕਦੇ ਦੇਵੀ ਨੇ ਕੋਈ ਗੱਲ ਭੀ ਕੀਤੀ ਹੈ?" ਓਨ ਆਖਿਆ, "ਨਹੀਂ ਜੀ! ਓਹ ਤਾਂ ਪੱਥਰ ਦੀ ਪ੍ਰਿਤਮਾ ਹੈ, ਗੱਲ ਨਹੀਂ ਕਰਦੀ।" ਗੁਰੂ ਜੀ ਨੇ ਆਖਿਆ, "ਭਾਈ ਸਿੱਖਾ! ਦੇਵੀ ਨਾਮ ਈਸ਼੍ਵਰ ਦੀ ਸ਼ਕਤੀ ਤੇ ਕੁਦਰਤ ਦਾ ਹੈ ਜੋ ਸਾਰੇ ਵਿਆਪਕ ਹੈ। ਜੜ੍ਹ ਵਸਤੂ ਦੇ ਮੰਨਣ ਪੂਜਣ ਦਾ ਕੋਈ ਲਾਭ ਨਹੀਂ। ਤੁਸੀਂ ਪ੍ਰਮੇਸ਼੍ਵਰ ਦੀ ਉਪਾਸਨਾ ਕਰਿਆ ਕਰੋ ਜਿਸ ਦੇ ਆਸਰੇ ਅਨੰਤ ਸ਼ਕਤੀਆਂ ਹਨ।"

ਓਨ ਆਖਿਆ, "ਜੀ! ਬਿਨਾਂ ਦੇਖੇ ਮਨ ਪਸੀਜਦਾ ਨਹੀਂ।" ਬਾਬੇ ਆਖਿਆ, "ਭਲਾ ਭਾਈ! ਰਾਤੀਂ ਜਾਗਦੇ ਰਹਿਣਾ।" ਜਾ ਪਹਿਰ ਕੁ ਦਾ ਤੜਕਾ ਰਿਹਾ ਤਾਂ ਇੱਕ ਮਾਈ ਦਿਬਯ* ਰੂਪ ਬਾਬੇ ਨੂੰ ਮੱਥਾ ਟੇਕਦੀ ਦੇਖੀ। ਏਸ ਨੇ ਪੁੱਛਿਆ ਤਾਂ ਮਾਈ ਨੇ ਆਖਿਆ, "ਸਤਿਗੁਰੂ ਕਲਿਆਣ ਕਰਨ ਵਾਲੇ ਏਹੋ ਹਨ।" ਓਸੇ ਦਿਨ ਓਹ ਤਾਂ ਗੁਰਮੰਤ੍ਰ ਉਪਦੇਸ਼ ਲੈ ਕੇ ਗੁਰੂ ਕਾ ਸਿਦਕੀ ਸਿੱਖ ਹੋ ਗਿਆ ਤੇ ਸਾਥੀ ਭੀ ਓਸ ਦੇ ਅੱਗੇ ਨਾ ਗਏ। ਸਿੱਖ ਬਣ ਕੇ ਜਨਮ ਸੁਧਾਰਨ ਲੱਗੇ। ਫੇਰ ਤਾਂ ਦੇਸ਼ ਵਿੱਚ ਧੁੰਮ ਪੈ ਗਈ। ਰਾਤ ਦਿਨੇ ਬਾਬੇ ਪਾਸ ਮੇਲਾ ਤੇ ਲੰਗਰ ਰਹੇ। ਬਹੁਤ ਲੋਕ ਸਿੱਖ ਹੋਣ ਲੱਗੇ। ਬਾਬੇ ਹੋਰੀਂ ਜੋ ਮੜ੍ਹੀ, ਮਸਾਣੀ, ਮੂਰਤੀ ਮੰਨਣ ਪੂਜਨ ਤੋਂ ਹਟਾ ਕੇ ਲੋਕਾਂ ਨੂੰ ਪ੍ਰਮੇਸ਼ਰ ਦੀ ਭਗਤੀ ਭਜਨ ਵਿੱਚ ਲਾਂਵਦੇ ਤੇ ਭੇਖ ਪਖੰਡ ਦਾ ਨਖੇਲ ਕਰਦੇ; ਏਸ ਕਰ ਕੇ ਪਾਂਧੇ ਪੰਡਤ ਬੈਰਾਗੀ, ਗੁਸਾਈਂ ਆਦਿਕ ਭੇਖੀ ਤੇ ਕਾਜ਼ੀ, ਮੌਲਵੀ ਮਤਸਰ ਜ਼ਿਦ ਬਾਦ ਕਰ ਕੇ ਚਰਚਾ ਕਰਨ ਆਉਣ ਪਰ ਹਾਰ ਕੇ ਚਲੇ ਜਾਣ। ਕਿਉਂਕਿ:

ਦੋਹਰਾ: ਵਿੱਦਯਾ ਵੇਦ ਕਤੇਬ ਕੀ, ਹੈ ਕੰਚਨ ਕੋ ਢੇਰ।
ਅਨੁਭਵ ਪਾਰਸ ਕੀ ਬਣੀ, ਜਾਂ ਮੇਂ ਲਾਖ ਸੁਮੇਰ।

---

*ਜਨਮ ਸਾਖੀ ਵਿੱਚ ਲਿਖ਼ਯਾ ਹੈ ਕਿ ਅਸ਼ਟ ਭੁਜੀ ਦੇਵੀ ਗੁਰੂ ਸਾਹਿਬ ਦੇ ਦਰਬਾਰ ਵਿਖੇ ਰੋਜ਼ ਝਾੜੂ ਦੇਂਦੀ ਹੁੰਦੀ ਸੀ।

ਨਵਾਬ ਪ੍ਰਤਿ ਉਪਦੇਸ਼

ਬਾਬੇ ਤੋਂ ਹਰ ਬਾਤ ਵਿੱਚ ਨਿਰੁਤਰ ਹੋ ਕੇ ਕਾਜ਼ੀਆਂ ਮੌਲਵੀਆਂ ਨੇ ਝੂਠ ਮੂਠ ਨਵਾਬ ਨੂੰ ਜਾ ਆਖਿਆ ਕਿ ਨਾਨਕ ਇਸਲਾਮ ਦੀ ਨਿੰਦਾ ਕਰਦਾ ਹੈ। ਓਸ ਨੇ ਬੁਲਾ ਭੇਜੇ, ਬਾਬਾ ਜੀ ਨਾ ਆਏ। ਦੋਬਾਰਾ ਫੇਰ ਆਦਮੀ ਗਿਆ ਤਾਂ ਬਾਬਾ ਜੀ ਆਏ ਪਰ ਸਲਾਮ ਨਵਾਬ ਨੂੰ ਨਾ ਕੀਤੀ। ਓਨ ਆਖਿਆ, "ਨਾਨਕ! ਤੂੰ ਮੁਹੰਮਦੀ ਮਤ ਦੀ ਤੌਹੀਨ (ਨਿੰਦਾ) ਕਰਦਾ ਹੈਂ?" ਤਾਂ ਬਾਬਾ ਬੋਲਿਆ:

ਨਿੰਦਾ ਉਸਤਤਿ ਕਾਹਿ ਨ ਕਰਹੈਂ ॥
ਹਿੰਦੂ ਤੁਰਕਨ ਕੋ ਸਮ ਧਰਹੈਂ ॥
ਏਕੋ ਸਾਹਿਬ ਸਬ ਕੇ ਮਾਹੀ ॥
ਬੁਰਾ ਭਲਾ ਤਬ ਕਹੀਏ ਕਾਹੀ ॥
ਰਾਮ ਰਹੀਮ ਪੁਰਾਨ ਕੁਰਾਨ ॥
ਮਤਲਬ ਏਕੋ ਦੋਇ ਜੁਬਾਨ ॥
ਸਾਹਿਬ ਏਕੋ ਰਸਤੇ ਦੋਇ ॥
ਜੋ ਚੱਲੇ ਪਹੁੰਚੇਗਾ ਸੋਇ ॥
ਬਿਨ ਹਰਿ ਭਗਤ ਨਹੀਂ ਛੁਟਕਾਰਾ ॥
ਸਾਹਿਬ ਕੋ ਹੈ ਸੱਚ ਪਿਆਰਾ ॥
ਹਿੰਦੂ ਮੁਸਲਮਾਨ ਕਹਾਵਤ ॥
ਕਰਨੀ ਬਿਨਾਂ ਨਾ ਕੋਈ ਪਾਵਤ ॥
ਗੋਰਖ ਰਾਮਾ ਨੰਦ ਰਸੂਲ ॥
ਬਿਨਾਂ ਭਗਤ ਨਹਿ ਕੋਈ ਕਬੂਲ ॥
ਪੀਰ ਪਕੰਬਰ ਉਮਰੇ ਸ਼ਾਹਿ ॥
ਸਾਹਿਬ ਕੇ ਸਭ ਏਕੋ ਆਹਿ ॥
ਜਿਸ ਨੇ ਦੂਈ ਦੀਨੀ ਖੋਇ ॥
ਨਾਨਕ ਤਾਂਹਿ ਪਰੰਗਤਿ ਹੋਇ ॥

(ਇਹ ਗੁਰਬਾਣੀ ਨਹੀਂ)

ਏਹ ਸ਼ਬਦ ਸੁਣ ਕੇ ਕਾਜ਼ੀ ਨੇ ਆਖਿਆ, "ਨਾਨਕ! ਤੂੰ ਨਵਾਬ ਦਾ ਬੁਲਾਯਾ ਪਹਿਲੇ ਕਿਉਂ ਨਾ ਆਯਾ?" ਬਾਬੇ ਜਵਾਬ ਦਿੱਤਾ, "ਜਦ ਨਵਾਬ ਦਾ ਨੌਕਰ ਸੀ ਤਾਂ ਆਉਂਦਾ ਸੀ। ਹੁਣ ਸੱਚੇ ਸਾਹਿਬ ਦੇ ਨੌਕਰ ਹੋਏ ਉਸ ਦੇ ਬੰਦੇ ਹਾਂ ਨਵਾਬ ਦੇ ਨੌਕਰ ਨਹੀਂ, ਕੁੱਝ ਲੋਕ ਲਿਹਾਜ਼ ਮੰਨ ਕੇ ਦੋ ਬਾਰ ਬੁਲਾਏ ਆਏ ਹਾਂ।

ਬਾਬੇ ਦੇ ਸੱਚੇ ਬਚਨ ਸੁਣ ਕੇ ਨਵਾਬ ਖ਼ੁਸ਼ ਹੋਯਾ, ਪਰ ਕਾਜ਼ੀ ਨੇ ਆਖਿਆ ਜੇ ਤੂੰ ਹਿੰਦੂ ਇਸਲਾਮ ਨੂੰ ਇੱਕੋ ਜਿਹਾ ਸਮਝਦਾ ਹੈਂ ਤਾਂ {ਮਸੀਤ ਕੌਤਕ} ਮਸੀਤ ਰੱਬ ਦਾ ਘਰ ਹੈ, ਏਥੇ ਸਾਡੇ ਨਾਲ ਨਮਾਜ਼ ਪੜ੍ਹ। ਬਾਬੇ ਆਖਿਆ, "ਭਲਾ ਭਾਈ! ਜੇ ਤੁਸੀਂ ਪੜ੍ਹੋ ਤਾਂ ਮੈਂ ਭੀ ਪੜ੍ਹਾਂ।" ਨਵਾਬ ਤੇ ਕਾਜ਼ੀ ਖੜ੍ਹੇ ਹੋਏ। ਬਾਬਾ ਜੀ ਨਾਲ ਖੜ੍ਹਾ ਤਾਂ ਹੋਇਆ ਪਰ ਫੇਰ ਹਟ ਬੈਠਾ। ਨਿਮਾਜ਼ ਪੜ੍ਹ ਕੇ ਕਾਜ਼ੀ ਬੋਲਿਆ, "ਤੁਸੀਂ ਕਿਉਂ ਹਟ ਬੈਠੇ?" ਬਾਬੇ ਕਿਹਾ, "ਕਿਸ ਦੇ ਨਾਲ ਪੜ੍ਹਦੇ?" ਓਹ ਬੋਲਿਆ, "ਨਵਾਬ ਨਾਲ।" ਬਾਬਾ ਜੀ ਬੋਲੇ, "ਨਵਾਬ ਏਥੇ ਕਿੱਥੇ ਸੀ? ਏਹ ਤਾਂ ਕਾਬਲ ਕੰਧਾਰ ਘੋੜੇ ਖਰੀਦਦਾ ਫਿਰਦਾ ਸੀ। ਤੇ ਕਾਜ਼ੀ ਸਾਹਿਬ! ਤੂੰ ਆਪਣੇ ਘਰ ਘੋੜੀ ਦੀ ਵਛੇਰੀ ਨੂੰ; ਖੂਹੀ ਵਿੱਚ ਜੋ ਤੇਰੇ ਘਰ ਹੈ, ਡਿੱਗਣੋਂ ਰੋਕਦਾ ਫਿਰਦਾ ਸੀ। ਮੈਂ ਨਿਮਾਜ਼ ਕਿਸ ਨਾਲ ਪੜ੍ਹਦਾ?" ਏਹ ਗੱਲ ਦੋਵੇਂ ਮੰਨ ਗਏ, ਬਾਬੇ ਜੀ ਨੂੰ ਦਿਲਾਂ ਦੀ ਜਾਨਣ ਵਾਲਾ ਖ਼ੁਦਾ ਨੂੰ ਪਹੁੰਚਿਆ ਹੋਇਆ ਸਮਝ ਕੇ ਬਾਬੇ ਦੇ ਦਾਸ ਬਣ ਗਏ। ਨਵਾਬ ਦੌਲਤ ਖ਼ਾਂ ਨੇ ਬਹੁਤ ਪ੍ਰੇਮ

ਨਾਲ ਅਰਜ਼ ਕੀਤੀ, ਜੋ ਮੈਨੂੰ ਖ੍ਵਾਜੇ ਖਿਜਰ ਦੇ ਦੀਦਾਰ ਕਰਾਓ। ਬਾਬੇ ਜੀ ਨੇ ਹੱਸ ਕੇ ਕਿਹਾ, "ਜੇ ਆਖੇਂ ਤਾਂ ਤੈਨੂੰ ਹੀ ਖ੍ਵਾਜਾ ਖਿਜਰ ਬਣਾ ਦੇਈਏ?" ਨਵਾਬ ਬੋਲਿਆ, "ਐਡੇ ਨਸੀਬ ਮੇਰੇ ਕਿੱਥੇ।"

ਆਪਣੀ ਕ੍ਰਿਪਾ ਦ੍ਰਿਸ਼ਟੀ ਨਾਲ ਨਵਾਬ ਨੂੰ ਸਮਸ਼ਟੀ ਬਿਅਸ਼ਟੀ ਦ੍ਰਿੜ੍ਹਾ ਕਰ ਏਹ ਨਿਸਚੇ ਕਰਵਾ ਦਿੱਤਾ ਕਿ ਠੀਕ ਮੈਂ ਹੀ ਖ੍ਵਾਜਾ ਖਿਜਰ ਹਾਂ। ਕਿਉਂਕਿ ਰਸਨਾ ਇੰਦ੍ਰੀ ਦਾ ਦੇਵਤਾ ਵਰਣ ਹੈ, ਜਿਸ ਨੂੰ ਖਿਜਰ ਆਖਦੇ ਹਨ। ਸੋ ਇੰਦ੍ਰੀਆਂ ਦੇ ਦੇਵਤਾ ਇੰਦ੍ਰੀਆਂ ਤੋਂ ਵੱਖਰੇ ਨਹੀਂ, ਕੇਵਲ ਸਮਝ ਦਾ ਘਾਟਾ ਹੈ। ਹੁਣ ਨਵਾਬ ਨੇ ਬਹੁਤ ਪ੍ਰਸੰਨਜ ਹੋ ਕੇ ਬਾਬੇ ਜੀ ਦੇ ਕਦਮ ਚੁੰਮੇ ਅਤੇ ਪ੍ਰਾਰਥਨਾ ਕੀਤੀ ਕਿ ਮੈਨੂੰ ਬੰਦਗ਼ੀ ਦਾ ਤਰੀਕਾ ਦੱਸੋ। ਤਾਂ ਬਾਬੇ ਜੀ ਨੇ ਸਤਿਨਾਮ ਦਾ ਉਪਦੇਸ਼ ਦੇ ਕੇ ਓਸ ਨੂੰ ਨਿਹਾਲ ਕੀਤਾ। ਫੇਰ ਤਾਂ ਓਸ ਦਿਨ ਤੋਂ ਸਭ ਕਾਜ਼ੀ ਬਾਬੇ ਦੀ ਸ਼ਿਕਾਇਤ ਕਰਨੋਂ ਹਟ ਗਏ। ਨਾਲੇ ਨਵਾਬ ਦੇ ਸੰਤਾਨ ਨਹੀਂ ਸੀ ਪੁੱਤਰ ਹੋ ਪਿਆ। ਓਹ ਭੀ ਬਾਬੇ ਦੀ ਕ੍ਰਿਪਾ ਹੀ ਸਮਝੀ ਗਈ। ਫੇਰ ਤਾਂ ਨਵਾਬ ਖ਼ਿਦਮਤ ਕਰਨ ਲੱਗਾ। ਓਸੇ ਸਮੇਂ ਮਰਦਾਨਾ ਮਿਰਾਸੀ ਤਲਵੰਡੀ ਤੋਂ ਬਾਬੇ ਜੀ ਦੇ ਮਾਂ ਬਾਪ ਦਾ ਘੱਲਿਆ ਹੋਇਆ ਬਾਬੇ ਦੀ ਸੁੱਧ ਲੈਣ ਵਾਸਤੇ ਸੁਲਤਾਨਪੁਰ ਆਇਆ ਤਾਂ ਬਾਬੇ ਪਾਸ ਚੰਗਾ ਚੋਖਾ ਛਕਣ ਨੂੰ ਮਿਲਦਾ ਦੇਖ ਕੇ ਓਥੇ ਹੀ ਟਿਕ ਪਿਆ। ਰਬਾਬ ਵਜਾਵੇ ਸ਼ਬਦ ਗਾਵੇ ਏਸ ਕਰ ਕੇ ਬਾਬਾ ਜੀ ਭੀ ਓਸ ਦਾ ਮਾਨ ਕਰਨ ਲੱਗੇ।

ਜਦ ਗੁਰੂ ਜੀ ਪਾਸ ਲੋਕਾਂ ਦੀ ਬਹੁਤ ਭੀੜ ਰਹਿਣ ਲੱਗੀ ਤਾਂ ਕਰਤਾਰ ਦੀ ਪ੍ਰੇਰਨਾ ਨਾਲ ਦੇਸ਼ਾਂਤ੍ਰਾਂ ਦੇ ਜੀਵਾਂ ਨੂੰ ਤਾਰਨ ਵਾਸਤੇ ੨੨ ਕੱਤਕ ਸੰਮਤ ੧੫੫੮ ਬਿਕ੍ਰਮੀ ਨੂੰ ੩੨ ਸਾਲ ਦੀ ਉਮਰ ਵਿੱਚ ਜਦ ਬਾਬੇ ਜੀ ਨੇ ਸੈਰ ਕਰਨ ਦੀ ਤਜਾਰੀ ਕੀਤੀ। ਤਦੋਂ ਨੂੰ ਬਾਬੇ {ਚੰਦੋਰਾਣੀ} ਦੀ ਸੱਸ ਚੰਦੋ ਰਾਣੀ ਆਦਿ ਪਹੁੰਚੀ। ਫੇਰ ਤਾਂ ਸੱਸ ਸੌਹਰੇ ਦੋਹਾਂ ਨੇ ਬਾਬੇ ਨੂੰ ਰੋਕਣ ਦਾ ਬਹੁਤ ਜ਼ੋਰ ਪਾਇਆ। ਚੰਦੋ ਨੇ ਆਖਿਆ, "ਸੁਣ ਵੇ ਨਾਨਕ! ਜੇ ਤੂੰ ਫ਼ਕੀਰ ਹੋਣਾ ਸੀ ਤਾਂ ਵਿਆਹ ਕਿਉਂ ਕਰਾਯਾ? ਟੱਬਰ ਕਿਉਂ ਵਧਾਯਾ?" ਤਾਂ ਬਾਬੇ ਸ਼ਬਦ ਬੋਲਿਆ:

ਮਾਰੂ ਮਹਲਾ ੧ ॥
ਮਿਲਿ ਮਾਤ ਪਿਤਾ ਪਿੰਡੁ ਕਮਾਇਆ ॥
ਤਿਨਿ ਕਰਤੈ ਲੇਖੁ ਲਿਖਾਇਆ ॥
ਲਿਖੁ ਦਾਤਿ ਜੋਤਿ ਵਡਿਆਈ ॥
ਮਿਲਿ ਮਾਇਆ ਸੁਰਤਿ ਗਵਾਈ ॥੧॥
ਮੂਰਖ ਮਨ ਕਾਹੇ ਕਰਸਹਿ ਮਾਣਾ ॥
ਉਠਿ ਚਲਣਾ ਖਸਮੈ ਭਾਣਾ ॥੧॥ ਰਹਾਉ ॥
ਤਜਿ ਸਾਦ ਸਹਜ ਸੁਖੁ ਹੋਈ ॥ ਘਰ ਛਡਣੇ ਰਹੈ ਨ ਕੋਈ ॥
ਕਿਛੁ ਖਾਜੈ ਕਿਛੁ ਧਰਿ ਜਾਈਐ ॥ ਜੇ ਬਾਹੁੜਿ ਦੁਨੀਆ ਆਈਐ ॥੨॥
ਸਜੁ ਕਾਇਆ ਪਟੁ ਹਢਾਏ ॥ ਫੁਰਮਾਇਸਿ ਬਹੁਤੁ ਚਲਾਏ ॥
ਕਰਿ ਸੇਜ ਸੁਖਾਲੀ ਸੋਵੈ ॥ ਹਥੀ ਪਉਦੀ ਕਾਹੇ ਰੋਵੈ ॥੩॥
ਘਰ ਘੁੰਮਣਵਾਣੀ ਭਾਈ ॥ ਪਾਪ ਪਥਰ ਤਰਣੁ ਨ ਜਾਈ ॥
ਭਉ ਬੇੜਾ ਜੀਉ ਚੜਾਊ ॥ ਕਹੁ ਨਾਨਕ ਦੇਵੈ ਕਾਹੂ ॥੪॥੨॥

(ਮਾਰੂ, ਮਃ ੧ – ੯੮੯/੯੦)

ਸੁਲਤਾਨਪੁਰੋਂ ਕੂਚ ਕੀਤਾ

ਰਾਣੀ ਚੰਦੋ ਚੁੱਪ ਹੋ ਰਹੀ, ਬਾਬੇ ਜੀ ਨੇ ਬੇਬੇ ਨਾਨਕੀ ਤੋਂ ਆਗਿਆ ਲਈ ਅਤੇ ਆਖਿਆ, "ਭੈਣ! ਜਦੋਂ ਤੂੰ ਯਾਦ ਕਰੇਂ, ਤਦੋਂ ਆਵਸਾਂ।" ਬੀਬੀ ਜੀ ਪਾਸੋਂ ਸੱਤ ਰੁਪਏ ਲੈ ਕੇ ਮਰਦਾਨੇ ਨੂੰ {ਫਰਿੰਦਾ ਰਬਾਬੀ} ਫਰਿੰਦੇ ਰਬਾਬੀ ਪਾਸੋਂ ਰਬਾਬ ਲੈ ਦਿੱਤਾ ਤੇ ਤੁਰ ਪਏ।

ਸੁਲਤਾਨਪੁਰੋਂ ਚੱਲ ਕੇ ਬਜਾਸਾ ਪਾਰ ਹੋ (ਜਿੱਥੇ ਹੁਣ ਬਾਉਲੀ ਸਾਹਿਬ ਗੋਇੰਦਵਾਲ ਹੈ) ਜੰਗਲ, ਥੇਹ ਉਜਾੜ ਉੱਪਰ ਜਾ ਬੈਠੇ, ਤਿੰਨ ਦਿਨ ਤਿੰਨ ਰਾਤਾਂ ਓਥੇ ਹੀ ਬੈਠੇ ਰਬਾਬ ਸੁਣਦੇ ਸ਼ਬਦ ਗਾਉਂਦੇ ਰਹੇ। {ਗੋਇੰਦਵਾਲ ਵਾਲੀ ਥਾਂ ਨੂੰ ਵਰ} ਬਾਬੇ ਦੀ ਸਮਾਧ ਲੱਗ ਗਈ। ਤਦ ਨੇਤ੍ਰ ਖੋਲ੍ਹੇ ਤਾਂ ਮਰਦਾਨੇ ਆਖਜਾ, "ਜੀ! ਤੁਸਾਡੀ ਤਾਂ ਭੁੱਖ ਕਰਤਾਰ ਨੇ ਖੋਹ ਛੱਡੀ। ਤੂੰ ਤਾਂ ਕੋਈ ਦੇਵਤਾ ਹੈਂ ਕਿ ਨਿਰੰਕਾਰ ਹੈਂ? ਅਸੀਂ ਤਾਂ ਆਦਮੀ ਅੰਨ ਜਲ ਦੇ ਕੀੜੇ ਹਾਂ। ਜਾਂ ਤਾਂ ਮੈਨੂੰ ਆਪ ਜੇਹਾ ਕਰ, ਨਹੀਂ ਤਾਂ ਦੋ ਵਕਤ ਚੰਗਾ ਚੋਖਾ ਖਾਣ ਪੈਨ੍ਹਣ ਨੂੰ ਮਿਲੇ ਤਦ ਮੈਂ ਤੇਰੇ ਨਾਲ ਨਿਭਾਂਗਾ। ਮੈਂ ਤਾਂ ਮੁਲੰਮਾਂ ਨਹੀਂ ਰੱਖਜਾ ਸੱਚ ਬੋਲ ਦਿੱਤਾ ਹੈ।"

ਬਾਬੇ ਹੱਸ ਕੇ ਆਖਜਾ, "ਭਾਈ ਮਰਦਾਨਿਆਂ! ਤੇਰਾ ਭਾਗ ਆਪੈ ਆਇ ਰਹਿਸੀ। ਤੂੰ ਫ਼ਿਕਰ ਛੱਡ ਰੱਖ। ਤਦੋਂ ਨੂੰ ਇੱਕ ਜ਼ਿਮੀਂਦਾਰ ਨੇ ਛੱਲੀਆਂ ਲਿਆ ਚਬਾਈਆਂ ਤੇ ਫੇਰ ਘਰੋਂ ਜਾ ਕੇ ਦੁੱਧ ਲੈ ਆਇਆ। ਦੂਜੇ ਓਸ ਦੇ ਭਾਈ ਨੇ ਪ੍ਰਸ਼ਾਦ ਲੈ ਆਂਦਾ। ਮਰਦਾਨਾ ਛਕ ਕੇ ਬਹੁਤ ਖ਼ੁਸ਼ ਹੋਇਆ ਤਾਂ ਗੁਰੂ ਜੀ ਬੋਲੇ, "ਭਾਈ! ਏਥੇ ਸੱਤਪੁਰਖ ਬੈਠ ਕੇ ਨਾਮ ਤੇ ਅੰਨ ਦਾ ਸਦਾ ਬ੍ਰਤ ਦੇਵੇਗਾ।"

ਓਥੋਂ ਤੁਰ ਫਤਿਆਬਾਦ ਰਾਤ ਕੱਟ ਕੇ ਸੁਲਤਾਨ ਪਿੰਡ ਦੀ ਜੂਹ ਵਿੱਚ ਜਿੱਥੇ ਹੁਣ ਅੰਮ੍ਰਿਤਸਰ ਹੈ ਢਾਬ ਦੇ ਕਿਨਾਰੇ ਬ੍ਰਿਛ ਹੇਠ ਬੈਠ ਕੇ ਸ਼ਬਦ ਗਾਉਣ ਲੱਗੇ। ਇੱਕ ਜ਼ਿਮੀਂਦਾਰ ਦੇ ਘਰ ਧਮਾਣ ਸੀ। ਏਨ੍ਹਾਂ ਨੂੰ ਸੰਤ ਸਮਝ ਕੇ ਖੀਰ, ਖੰਡ, ਕੜਾਹ, ਮੰਡੇ ਲੈ ਆਯਾ। ਮਰਦਾਨੇ ਨੇ ਛਕ ਖ਼ੁਸ਼ੀ ਹੋ ਬਹੁਤ ਸ਼ਬਦ ਪ੍ਰੇਮ ਨਾਲ ਗਾਏ। ਗੁਰੂ ਜੀ ਬੋਲੇ {ਅੰਮ੍ਰਿਤਸਰ ਵਾਲੀ ਥਾਂ ਨੂੰ ਵਰ} ਏਥੇ ਭੋਗ ਮੋਖ ਦਾ ਪ੍ਰਵਾਹ ਚੱਲੇਗਾ।

ਰਾਮਤੀਰਥ ਪਰ ਗਏ

ਓਥੋਂ ਚੱਲ ਕੇ ਰਾਮਤੀਰਥ* ਜਾ ਦੇਖਿਆ। ਬਾਬੇ ਜੀ ਦੇ ਸ਼ਬਦ ਤੇ ਮਰਦਾਨੇ ਦਾ ਰਾਗ ਸੁਣ ਕੇ ਬਹੁਤ ਸਾਰੇ ਲੋਕ ਇਕੱਠੇ ਹੋ ਗਏ। ਕੋਈ ਕੁਛ ਪ੍ਰਸ਼ਨ ਕਰੇ ਕੋਈ ਕੁਛ ਚਰਚਾ। ਬਾਬਾ ਜੀ ਸਭ ਦੀ ਨਿਸ਼ਾ ਕਰ ਛੱਡਣ। ਰਾਮ ਚਰਨ ਦਾਸ ਪੰਡਿਤ ਬੈਰਾਗੀ ਫ਼ਕੀਰ ਜੋ ਓਥੋਂ ਦਾ ਮਹੰਤ ਲੋਕਾਂ ਦਾ ਗੁਰੂ ਤ੍ਰਿਕਾਲਦਰਸ਼ੀ ਸਿੱਧ ਸਦਾਉਂਦਾ ਸੀ। ਬਾਬੇ ਜੀ ਦਾ ਮਾਨ ਹੁੰਦਾ ਦੇਖ ਕੇ ਬਹੁਤ ਖੁਣਸਾਇਆ ਤੇ ਅੱਟ ਵੱਟ ਬੋਲਣ ਲੱਗਾ। ਤਾਂ ਬਾਬੇ ਨੇ ਏਹ ਸਬਦ ਬੋਲਿਆ:

ਰਾਮਕਲੀ ਮਹਲਾ ੫ ॥
ਮੁਖ ਤੇ ਪੜਤਾ ਟੀਕਾ ਸਹਿਤ ॥
ਹਿਰਦੈ ਰਾਮੁ ਨਹੀ ਪੂਰਨ ਰਹਤ ॥
ਉਪਦੇਸੁ ਕਰੇ ਕਰਿ ਲੋਕ ਦ੍ਰਿੜਾਵੈ ॥
ਅਪਨਾ ਕਹਿਆ ਆਪਿ ਨ ਕਮਾਵੈ ॥੧॥
ਪੰਡਿਤ ਬੇਦੁ ਬੀਚਾਰਿ ਪੰਡਿਤ ॥
ਮਨ ਕਾ ਕ੍ਰੋਧੁ ਨਿਵਾਰਿ ਪੰਡਿਤ ॥੧॥ ਰਹਾਉ ॥
ਆਗੈ ਰਾਖਿਓ ਸਾਲ ਗਿਰਾਮੁ ॥ ਮਨੁ ਕੀਨੋ ਦਹ ਦਿਸ ਬਿਸ੍ਰਾਮੁ ॥
ਤਿਲਕੁ ਚਰਾਵੈ ਪਾਈ ਪਾਇ ॥ ਲੋਕ ਪਚਾਰਾ ਅੰਧੁ ਕਮਾਇ ॥੨॥
ਖਟੁ ਕਰਮਾ ਅਰੁ ਆਸਣੁ ਧੋਤੀ ॥ ਭਾਗਠਿ ਗ੍ਰਿਹਿ ਪੜੈ ਨਿਤ ਪੋਥੀ ॥
ਮਾਲਾ ਫੇਰੈ ਮੰਗੈ ਬਿਭੂਤ ॥ ਇਹ ਬਿਧਿ ਕੋਇ ਨ ਤਰਿਓ ਮੀਤ ॥੩॥
ਸੋ ਪੰਡਿਤੁ ਗੁਰ ਸਬਦੁ ਕਮਾਇ ॥
ਤ੍ਰੈ ਗੁਣ ਕੀ ਓਸੁ ਉਤਰੀ ਮਾਇ ॥
ਚਤੁਰ ਬੇਦ ਪੂਰਨ ਹਰਿ ਨਾਇ ॥
ਨਾਨਕ ਤਿਸ ਕੀ ਸਰਣੀ ਪਾਇ ॥੪॥੬॥੧੭॥

(ਰਾਮਕਲੀ, ਮ: ੫ - ੮੮੭/੮੮)

ਐਸੇ ਐਸੇ ਹੋਰ ਭੀ ਕਈ ਸ਼ਬਦ ਉਚਾਰੇ ਜਿਨ੍ਹਾਂ ਨੂੰ ਸੁਣ ਕੇ ਲੋਕ ਗੁਰੂ ਜੀ ਦੇ ਸੇਵਕ ਬਣ ਗਏ।

ਏਸੇ ਤਰ੍ਹਾਂ ਮਾਝੇ ਦੇਸ ਵਿੱਚ ਕਈ ਮਹੀਨੇ ਵਿਚਰ ਕੇ ਸੰਤਾਂ, ਭਗਤਾਂ ਨੂੰ ਮਿਲ ਕੇ ਅਨੰਤ ਜੀਵਾਂ ਦਾ ਉਧਾਰ ਕੀਤਾ। ਖਾਲੜੇ ਪਿੰਡ ਤੋਂ ਚੱਲ ਕੇ ਲਾਹੌਰ {ਲਾਹੌਰ ਨੂੰ ਸ੍ਰਾਪ} ਜਵਾਹਰ ਮੱਲ ਦੇ ਚੁਹੱਟੇ ਵਿੱਚ ਖੂਹ ਦੇ ਪਾਸ ਪਿੱਪਲ ਹੇਠ ਰਾਤ ਜਾ ਗ਼ੁਜ਼ਾਰੀ। ਓਥੇ ਕਸਾਈ ਗਊਆਂ ਬੱਕਰੇ ਘਾਤ ਕਰਦੇ ਦੇਖੇ ਤਾਂ ਗੁਰੂ ਜੀ ਬੋਲੇ:

ਲਾਹੌਰ ਸਹਰੁ ਜਹਰੁ ਕਹਰੁ ਸਵਾ ਪਹਰੁ ॥੨੭॥

(ਸਲੋਕ ਵਾਰਾਂ ਤੇ ਵਧੀਕ, ਮ: ੧ - ੧੪੧੨)

ਬਹੁਤ ਲੋਕ ਗੁਰੂ ਜੀ ਪਾਸ ਆਵਣ। ਹਿੰਦੂ ਤੁਰਕ ਸ਼ਬਦ ਸੁਣ ਚਰਚਾ ਕਰ ਖ਼ੁਸ਼ ਹੋ ਜਾਣ। ਗੁਰੂ ਜੀ ਦਾ ਮਤ ਕੋਈ ਖੰਡ ਨਾ ਸਕੇ, ਕਿਉਂਕਿ ਏਹ ਭਗਤੀ ਗਿਆਨ ਦ੍ਰਿੜ੍ਹਾਉਂਦੇ ਸੇ। ਸੋ ਸਭ ਨੂੰ ਮੰਨਣਾ ਪੈਂਦਾ ਸੀ।

---

*ਰਾਮਤੀਰਥ ਅੰਮ੍ਰਿਤਸਰੋਂ ੭ ਮੀਲ ਦੀਵਾਨ ਲਖਪਤ ਜਸਪਤ ਨੇ, ਜੋ ਨਵਾਬ ਜ਼ਿਕਰੀਏ ਖਾਂ ਸੂਬੇ ਲਾਹੌਰ ਖਾਨ ਬਹਾਦਰ ਦੇ ਦੀਵਾਨ ਸੇ ਅਤੇ ਸਿੱਖਾਂ ਦੇ ਬੜੇ ਭਾਰੇ ਜਾਨੀ ਦੁਸ਼ਮਣ ਹੋਏ ਹਨ; (ਦੇਖੋ ਦੂਜਾ ਹਿੱਸਾ ਏਸੇ ਪੋਥੀ ਦਾ) ਉਨ੍ਹਾਂ ਨੇ ਅੰਮ੍ਰਿਤਸਰ ਦੀ ਜ਼ਿਦ ਪਰ ਬਨਵਾ ਕੇ ਆਮ ਮਸ਼ਹੂਰ ਕਰ ਦਿੱਤਾ ਕਿ ਇਹ ਰਾਮਚੰਦ੍ਰ ਜੀ ਦੇ ਸਮੇਂ ਦਾ ਰਾਮਤੀਰਥ ਹੈ। ਏਥੇ ਹੀ ਲਵ ਕੁਸ਼ ਦਾ ਜੰਗ ਰਾਮਚੰਦ੍ਰ ਜੀ ਦੀ ਸੈਨਾ ਨਾਲ ਹੋਇਆ ਹੈ।

ਸੱਯਦ ਅਹਿਮਦ ਨੂੰ ਉਪਦੇਸ਼

ਸੱਯਦ ਅਹਿਮਦ ਤੱਕੀ ਸਿਕੰਦਰ ਲੋਦੀ ਬਾਦਸ਼ਾਹ ਦਾ ਮੁਰਸ਼ਦ ਜਿਸ ਨੇ ਸੰਮਤ ੯੩੨ ਹਿਜ਼ਰੀ ਨੂੰ ਉੱਚ ਪਿੰਡ ਮ੍ਰਿਤੂ ਪਾਈ। (ਓਸ ਦੀ ਗੋਰ ਹੁਣ ਤੱਕ ਓਥੇ ਮੰਨੀਦੀ ਹੈ) ਏਹ ਬਹੁਤ ਜ਼ਿਦੀ ਸੀ। ਏਸੇ ਦੇ ਆਖੇ ਸਿਕੰਦਰ ਨੇ ਕਬੀਰ ਬੰਨ੍ਹ ਕੇ ਗੰਗਾ ਵਿੱਚ ਤੇ ਨਾਮਦੇਵ ਨੂੰ ਹਾਥੀ ਅੱਗੇ ਸਿਟਾਇਆ ਸੀ। ਅਨੰਤ ਹਿੰਦੂ ਤੁਰਕ ਕਰਨ ਲਈ ਮਾਰੇ ਸੇ। ਸੋਈ ਹੁਣ ਮੌਲਵੀਆਂ ਨੂੰ ਨਾਲ ਲੈ ਚਰਚਾ ਕਰਨ ਆ ਲੱਗਜਾ। ਭਲਾ ਸ਼ਰ੍ਹਾ ਦੇ ਜਾਲ ਵਿੱਚ ਬੱਧੇ ਹੋਏ ਬਟੇਰੇ ਅਕਾਸ਼ਚਾਰੀ ਹੰਸਾਂ ਨਾਲ ਕੀਕੂੰ ਉੱਡ ਸਕਦੇ ਸਨ? ਇੱਕ ਗੱਲ ਭੀ ਨਾ ਕਰ ਸਕੇ। ਓਨ੍ਹਾਂ ਦਾ ਹਾਰ ਜਾਣਾ ਦੇਖ ਕੇ ਸੈਂਕੜੇ ਲਾਹੌਰੀ ਲੋਕ ਬਾਬੇ ਦੇ ਸੇਵਕ ਬਣ ਗਏ।

ਬੀਸ ਦਿਨ ਓਥੇ ਰਹਿ ਕੇ ਬਾਬਾ ਜੀ ਨੇ ਅਨੇਕ ਜਗ੍ਹਾ ਦੀ ਸੈਲ ਕਰ ਭਾਈ ਲਾਲੋ ਤ੍ਰਖਾਣ {ਭਾਈ ਲਾਲੋ} ਭਗਤ ਨੂੰ ਏਮਨਾਵਾਦ ਜਾ ਦਰਸ਼ਨ ਦਿੱਤਾ, ਜਿੱਥੇ ਹੁਣ ਰੋੜੀ ਸਾਹਿਬ ਗੁਰਦ੍ਵਾਰਾ ਹੈ। ਓਥੇ ਤਾਲਾਬ ਦੇ ਕਿਨਾਰੇ ਰੋੜਾਂ ਦੇ ਬਿਸਤ੍ਰੇ ਪਰ ਤਪ ਕਰਨ ਲੱਗ ਪਏ। ਭਾਈ ਲਾਲੋ ਤੇ ਹੋਰ ਅਨੇਕ ਸੰਤ ਭਗਤ ਸਤਸੰਗੀ ਲੋਕ ਬਾਬੇ ਦੀ ਸੇਵਾ ਸਤਸੰਗ ਕਰਦੇ ਰਹੇ। ਇੱਕ ਸਾਲ ਓਥੇ ਰਹਿ ਕੇ ਬਾਬੇ ਜੀ ਨੇ ਬਹੁਤ {ਏਮਨਾਬਾਦ ਤਪ ਕੀਤਾ} ਉੱਗਰ ਤਪ ਕੀਤਾ, ਜਿਸ ਕਰ ਕੇ ਦੜਪ ਦੇਸ਼ ਦੇ ਹਿੰਦੂ ਮੁਸਲਮਾਨ ਰੱਬ ਦੇ ਸ਼ੌਕ ਵਾਲੇ ਸਭ ਬਾਬੇ ਦੇ ਸੰਗਤੀ ਬਣ ਗਏ। ਭਾਈ ਮਰਦਾਨਾ ਸ਼ਬਦ ਗਾਉਂਦਾ ਰਹੇ। ਮੁਸਲਮਾਨ 'ਨਾਨਕ ਸ਼ਾਹ' ਤੇ ਹਿੰਦੂ 'ਨਾਨਕ ਤਪਾ' 'ਨਾਨਕ ਨਿਰੰਕਾਰੀ' ਬੋਲਦੇ ਸੇ। ਓਸ ਸਮੇਂ ਕੰਨ ਪਾਟੇ ਜੋਗੀ ਅਸ਼ਟਾਂਗ ਜੋਗ ਦੀ ਪ੍ਰਕ੍ਰਿਯਾ, ਨੇਤੀ ਧੋਤੀ ਪ੍ਰਾਣਾਯਾਮ ਕਰਨ ਵਿਖੇ ਲੋਕਾਂ ਨੂੰ ਲਾਂਵਦੇ ਸੇ, ਜਿਸ ਤੋਂ ਬਹੁਤ ਲੋਕ ਰੋਗੀ ਹੋ ਕੇ ਮਰ ਜਾਂਦੇ। ਕਿਉਂਕਿ ਯੋਗ ਸਾਧਨਾ ਬਹੁਤ ਕਠਿਨ ਹੈ ਤੇ ਕਲਿਜੁਗ ਵਿੱਚ ਅੰਨ ਬਿਨਾਂ ਪ੍ਰਾਣ ਨਹੀਂ ਰਹਿੰਦੇ। ਬੈਰਾਗੀ ਫ਼ਕੀਰ ਪਾਹਨ ਪੂਜਾ ਵਿੱਚ ਜੋੜਦੇ ਸਨ। ਸੰਨਿਜਾਸੀ ਤਜਾਗ ਕਰਾਂਵਦੇ ਤੇ ਸ਼ਿਵਲਿੰਗ ਪੁਜਵਾਉਂਦੇ ਸਨ। ਬਾਕੀ ਜੋ ਬੈਰਾਗੀ ਗੁਸਾਈਂ ਫ਼ਕੀਰਾਂ ਦੀਆਂ ਜਮਾਤਾਂ ਤੇ ਸਾਧ ਸ਼ਸਤ੍ਰਧਾਰੀ ਘੋੜੇ ਊਠ ਲੈ ਕੇ ਲੋਕਾਂ ਨੂੰ ਸਤਾਉਂਦੇ ਫਿਰਦੇ ਸਨ। ਹਰ ਇੱਕ ਪਿੰਡ ਤੋਂ ਭੀਖ ਐਥੋਂ ਤੀਕ ਜ਼ੋਰ ਨਾਲ ਲੈਂਦੇ, ਜੋ ਪਿੰਡ ਦੇ ਦਰਵਾਜ਼ੇ ਰੋਕ ਬੈਠਦੇ। ਆਵਾਜਾਈ ਬੰਦ ਕਰ ਛੱਡਦੇ। ਜਦੋਂ ਤੱਕ ਦਸ ਬੀਸ ਤੀਸ ਰੁਪੱਯੇ ਤੇ ਰਸਦ ਨਾ ਲੈਂਦੇ, ਤਦੋਂ ਤੱਕ ਖ਼ਲਾਸੀ ਨਾ ਕਰਦੇ। ਸਰਕਾਰ ਅੰਗ੍ਰੇਜ਼ੀ ਦਾ ਰਾਜ ਕਾਇਮ ਹੋਣ ਤੱਕ ਹਿੰਦੁਸਤਾਨ ਪੰਜਾਬ ਵਿੱਚ ਏਹੋ ਹਾਲ ਸਾਡੇ ਦੇਖਣ ਤਾਈਂ ਰਿਹਾ ਹੈ। ਦੀਵਾਨੇ ਫ਼ਕੀਰ ਤੇ ਭੱਟ ਲੋਕਾਂ ਨੂੰ ਬਹੁਤ ਸੰਤਾਪ ਦਿੰਦੇ ਸੇ। ਪੰਜ ਪੰਜ ਸੌ ਅਲਫ ਨੰਗੇ ਹੋ ਕੇ ਪਿੰਡ ਦੇ ਦਰਵਾਜ਼ੇ ਅੱਗੇ ਧਰਣਾ ਮਾਰ ਬੈਠਦੇ। ਜੋ ਮੰਗਦੇ, ਸੋ ਲੈ ਕੇ ਉਠਦੇ। ਕੋਈ ਹਾਕਮ ਓਨ੍ਹਾਂ ਨੂੰ ਬੰਦ ਨਹੀਂ ਕਰਦਾ ਸੀ। ਸਰਕਾਰ ਦਾ ਮਾਮਲਾ ਓਸ ਸਮੇਂ ਇਤਨਾ ਨਹੀਂ ਸੀ, ਜਿਤਨਾ ਮਲਬਾ ਜਮਾਤਾਂ ਦਾ ਜੱਟਾਂ ਨੂੰ ਦੇਣਾ ਪੈਂਦਾ। ਬੈਰਾਗੀ ਸੰਨਿਜਾਸੀ ਫ਼ਕੀਰਾਂ ਨੇ ਐਸੇ ਅੰਧ ਘੋਰ ਦੇ ਕਠੋਰ ਰਸਤੇ ਲੋਕਾਂ ਨੂੰ ਪਾ ਰੱਖਜਾ ਸੀ, ਜਿਸ ਤੋਂ ਹੰਕਾਰ ਤੇ ਨਰਕਾਂ ਦੇ ਸਮੁੰਦਰ ਵਿੱਚ ਗੋਤੇ ਖਾਂਦੇ ਰਹਿੰਦੇ। ਇਸ ਪ੍ਰਕਾਰ ਜੀਵਾਂ ਨੂੰ ਦੇਖ ਕੇ ਪਰਮ ਦਿਆਲੂ ਸ੍ਰੀ ਨਾਨਕ ਜੀ ਨੇ ਪ੍ਰਮੇਸ਼੍ਵਰ ਦੀ ਭਗਤੀ ਗਿਆਨ ਦੇ ਸੱਚੇ ਸੁਖਾਲੇ ਰਸਤੇ ਚਲਾ ਕੇ ਜੀਵਾਂ ਨੂੰ ਮੁਕਤੀ ਦੇ ਅਧਿਕਾਰੀ ਕਰ ਦਿੱਤਾ। ਪਰੰਤੂ ਜਦ ਓਨ੍ਹਾਂ ਜਾਲ੍ਹਸਾਜਾਂ ਦੇ ਜਾਲ ਵਿੱਚ ਫਸਣ ਤੋਂ (ਗੁਰੂ ਸਾਹਿਬ ਜੋ ਪਖੰਡੀਆਂ ਦੇ ਪਖੰਡ ਕਪਟ ਜ਼ਾਹਰ ਕਰ ਕੇ ਭੇਖੀ ਸ਼ਰਈ ਲੋਕਾਂ ਦੇ ਜਾਲ ਵਿੱਚੋਂ ਜੀਵਾਂ ਨੂੰ ਛੁਡਾਉਂਦੇ ਸੇ) ਬੇਅੰਤ ਲੋਕਾਂ ਨੂੰ ਬਚਾਯਾ ਤਾਂ ਏਸ ਕਰ ਕੇ ਕਾਜ਼ੀ, ਪੰਡਤ ਸਾਰੇ ਹੀ ਬਾਬੇ ਜੀ ਦੇ ਨਾਲ ਦਵੈਸ਼ ਠਾਣਕੇ ਚਰਚਾ ਕਰਨ। ਪਰ ਹਾਰ ਕੇ ਲੋਕਾਂ ਪਾਸ ਨਿੰਦਾ ਕਰਨ ਤੋਂ ਬਿਨਾਂ ਹੋਰ ਕੁੱਝ ਨਾ ਕਰ ਸਕਨ। ਕੁਰਾਹੀ ਖੱਤ੍ਰੀ ਦੱਸਣ। ਆਖਣ ਕਿ ਲਾਲੋ ਸ਼ੂਦਰ ਦੇ ਘਰ ਰੋਟੀ ਖਾਂਦਾ ਤੇ ਮੁਸਲਮਾਨ ਡੂੰਮ ਨਾਲ ਵਰਤਦਾ ਹੈ।

ਮਲਕ ਭਾਗੋ ਪ੍ਰਤਿ ਉਪਦੇਸ਼

ਏਹੋ ਜਿਹੀਆਂ ਗੱਲਾਂ ਸਿਖਾ ਕੇ ਓਥੋਂ ਦੇ ਕਾਰਦਾਰ, ਮਲਕ ਭਾਗੋ ਨੂੰ ਤੇ ਕਾਜ਼ੀਆਂ ਦੁਾਰਾ ਨਵਾਬ ਨੂੰ ਅਜਿਹਾ ਸਿੱਖਾਯਾ ਜਿਸ ਤੋਂ ਓਹ ਭੀ ਰਿਸ਼ਕ ਰੱਖਣ ਲੱਗ ਪਏ। ਬਾਬੇ ਜੀ ਦੇ ਪਾਸ ਰਹਿਣ ਵਾਲਾ ਕੋਈ ਸੰਤ ਯਾ ਭਾਈ ਮਰਦਾਨਾ ਜਦ ਸ਼ਹਿਰ ਵਿੱਚ ਜਾਵੇ ਤਾਂ ਖੱਤ੍ਰੀ, ਬਿੱਪ੍ਰ, ਫ਼ਕੀਰ, ਤੁਰਕ, ਹਿੰਦੂ ਸਭ ਏਨ੍ਹਾਂ ਦੀ ਨਿਰਾਦਰੀ ਕਰਨ ਤੇ ਕੁਰਾਹੀ ਦੇ ਸੰਗਤੀ ਦੱਸਣ। ਕੁੱਝ ਤਾਂ ਓਹ ਆ ਕੇ ਬਾਬੇ ਜੀ ਪਾਸ ਨਿਰਾਦਰੀ ਹੁੰਦੀ ਸੁਣਾਉਣ ਅਤੇ ਕੁਛ ਓਸ ਦੇਸ ਦੀ ਪਰਜਾ ਆਪਣੇ ਉੱਤੇ ਭਾਰੇ ਭਾਰੇ ਜ਼ੁਲਮ; ਜੋ ਹਾਕਮ ਕਰ ਰਹੇ ਸੇ, ਦੱਸਣ। ਪਰ ਬਾਬਾ ਜੀ ਆਪਣੇ ਧਿਆਨ ਵਿੱਚ ਮਗਨ ਗੰਗਾ ਜਲ ਵਾਂਗੂੰ ਸੀਤਲ ਬਣੇ ਰਹਿਣ। ਅਨੇਕ ਵਾਰੀ ਮਲਕ ਭਾਗੋ ਨੇ ਬਿੱਪ੍ਰਾਂ ਦੇ ਕਹੇ ਬਾਬੇ ਨੂੰ ਉਠਾਵਣ ਵਾਸਤੇ ਸਿਪਾਹੀ ਭੇਜੇ। ਪਰ ਫ਼ਕੀਰਾਂ ਤੇ ਦਰਯਾਵਾਂ ਦੇ ਵਹਿਣ ਹਨ। ਕਿਸੇ ਦੇ ਉਠਾਏ ਹਟਾਏ ਨਹੀਂ ਟਲਦੇ। ਸਿਪਾਹੀ ਭੀ ਕੋਈ ਨੇੜੇ ਨਾ ਆਵੇ। ਓਨ੍ਹਾਂ ਦੇ ਮੰਦੇ ਦਿਨ ਆਏ, ਸੰਤਾਂ ਨਾਲ ਵੈਰ ਵਧਾਏ। ਓਸੇ ਸਮੇਂ ਮਲਕ ਭਾਗੋ ਹੇਰੜ ਖੱਤ੍ਰੀ ਨੇ ਆਪਣੇ ਬੇਟੇ ਦੀ ਸ਼ਾਦੀ ਪਰ ਬ੍ਰਹਮ ਭੋਜ ਕੀਤਾ। ਓਸ ਵਿੱਚ ਜਦ ਬੁਲਾਏ ਹੋਏ ਬਾਬਾ ਜੀ ਨਾ ਗਏ ਤੇ ਆਪਣੇ ਸਾਥੀ ਹੋਰ ਸੰਤ ਭੇਜ ਦਿੱਤੇ। ਤਾਂ ਮਲਕ ਨੇ ਬਾਕੀ ਲੋਕਾਂ ਦੇ ਕਹੇ ਨਿਰਾਦਰੀ ਕਰ ਕੇ ਓਨ੍ਹਾਂ ਸੰਤਾਂ ਨੂੰ ਪੰਗਤ ਵਿੱਚੋਂ ਉਠਾ ਦਿੱਤਾ। ਤੇ ਅਗਲੇ ਦਿਨ ਉਸ ਨੇ ਬਾਬੇ ਜੀ ਨੂੰ ਕਚੈਹਰੀ ਵਿੱਚ ਬੁਲਾ ਕੇ ਆਖਿਆ, "ਤੂੰ ਉੱਤਮ ਜਾਤ ਖੱਤ੍ਰੀ ਹੋ ਕੇ ਲਾਲੋ ਸ਼ੂਦ੍ਰ ਦੇ ਘਰ ਰੋਟੀ ਖਾਂਦਾ ਹੈਂ। ਮਿਰਾਸੀ ਨੂੰ ਪਾਸ ਰੱਖਦਾ ਹੈਂ। ਖੱਤ੍ਰੀਆਂ ਦੇ ਘਰ ਬੁਲਾਏ ਹੋਏ ਬ੍ਰਹਮ ਭੋਜ ਦਾ ਭੋਜਨ ਪਾਉਣ ਨਹੀਂ ਆਉਂਦਾ। ਏਹ ਕੁਰਾਹ ਕੇਹਾ ਫੜਿਆ ਹੈ?" ਬਾਬੇ ਜੀ ਨੇ ਆਖਿਆ, "ਰਾਜ ਅੰਨ ਰਕਤ ਦੇ ਬਰਾਬਰ ਹੁੰਦਾ ਹੈ। ਸੰਤਾਂ ਦੇ ਭੋਗਣ ਜੋਗ ਨਹੀਂ। ਧਰਮ ਦੀ ਕਮਾਈ ਦੁੱਧ ਸਮਾਨ ਹੁੰਦੀ ਹੈ।" ਏਸ ਪਰ ਉਸ ਨੇ ਕ੍ਰੋਧ ਨਾਲ ਆਖਿਆ, "ਏਸ ਗੱਲ ਦਾ ਅੰਤ੍ਰਾ ਦਿਓ। ਨਹੀਂ ਤਾਂ ਝੂਠ ਦਾ ਫ਼ਲ ਦਿੱਤਾ ਜਾਊ।" ਗੁਰੂ ਜੀ ਬੋਲੇ, "ਕਰਾਮਾਤ ਦੇਖਣਾ ਕਹਿਰ ਹੈ।" ਓਸ ਨੇ ਦੇਖਣ ਨੂੰ ਹਠ ਕੀਤਾ ਤਾਂ ਬਾਬੇ ਜੀ ਨੇ ਦੋਹਾਂ ਦੇ ਘਰ ਦੇ ਟੁਕਰ ਵੱਖਰੇ ਵੱਖਰੇ ਦੋਹਾਂ ਹੱਥਾਂ ਵਿੱਚ ਲੈ ਕੇ ਨਪਿੱਤੇ। ਤਾਂ ਮਲਕ ਦੇ ਮਾਲ੍ਹਪੂੜੇ ਵਿੱਚੋਂ ਲਹੂ, ਤੇ ਲਾਲੋ ਦੀ ਬਾਜਰੇ ਦੀ ਰੋਟੀ ਵਿੱਚੋਂ ਦੁੱਧ ਟਪਕ ਪਿਆ। ਭਾਵੇਂ ਓਸ ਨੂੰ ਗਿਆਨ ਨਾਲ ਹੱਕ ਦੀ ਕਮਾਈ ਦੁੱਧ ਤੇ ਜ਼ੁਲਮ ਦੀ ਰਕਤ ਸਮਾਨ ਭੀ ਦਿਖਾਈ ਪਰ ਉਲਟਾ ਲਾਲ ਨੇਤ੍ਰ ਕਰ ਕੇ ਜਾਦੂਗਰ ਪਾਖੰਡੀ ਦੱਸਣ ਲੱਗਾ। ਸੱਚ ਹੈ, 'ਬਿਨਾਸ ਕਾਲੇ ਬਿਪ੍ਰੀਤ ਬੁੱਧੀ।' ਕੁਛ ਤਾਂ ਪਹਿਲੇ ਹੀ ਓਨ੍ਹਾਂ ਦੇ ਅਕਾਰਨ ਬੁਰਾਈਆਂ ਕਰਨ ਤੋਂ ਬਾਬਾ ਜੀ ਉਨ੍ਹਾਂ ਉੱਤੇ ਗ਼ੁੱਸੇ ਸੇ। ਬਾਕੀ ਏਸ ਵੱਧ ਘੱਟ ਬੋਲਣ ਤੋਂ ਬਾਬੇ ਜੀ ਨੂੰ ਗ਼ੁੱਸੇ ਵਿੱਚ ਬੈਠਿਆਂ ਜੋ ਇਲਹਾਮ ਅਰਥਾਤ (ਆਕਾਸ਼ਬਾਣੀ) ਹੋਈ, ਓਹੋ ਭਾਈ ਲਾਲੋ ਨੂੰ ਗੁਰੂ ਜੀ ਨੇ ਕਹਿ ਸੁਣਾਈ। ਯਥਾ:

ਤਿਲੰਗ ਮਹਲਾ ੧ ॥
ਜੈਸੀ ਮੈ ਆਵੈ ਖਸਮ ਕੀ ਬਾਣੀ ਤੈਸੜਾ ਕਰੀ ਗਿਆਨੁ ਵੇ ਲਾਲੋ ॥
ਪਾਪ ਕੀ ਜੰਞ ਲੈ ਕਾਬਲਹੁ ਧਾਇਆ ਜੋਰੀ ਮੰਗੈ ਦਾਨੁ ਵੇ ਲਾਲੋ ॥
ਸਰਮੁ ਧਰਮੁ ਦੁਇ ਛਪਿ ਖਲੋਏ ਕੂੜੁ ਫਿਰੈ ਪਰਧਾਨੁ ਵੇ ਲਾਲੋ ॥
ਕਾਜੀਆ ਬਾਮਣਾ ਕੀ ਗਲ ਥਕੀ ਅਗਦੁ ਪੜੈ ਸੈਤਾਨੁ ਵੇ ਲਾਲੋ ॥
ਮੁਸਲਮਾਨੀਆ ਪੜਹਿ ਕਤੇਬਾ ਕਸਟ ਮਹਿ ਕਰਹਿ ਖੁਦਾਇ ਵੇ ਲਾਲੋ ॥
ਜਾਤਿ ਸਨਾਤੀ ਹੋਰਿ ਹਿਦਵਾਣੀਆ ਏਹਿ ਭੀ ਲੇਖੈ ਲਾਇ ਵੇ ਲਾਲੋ ॥
ਖੂਨ ਕੇ ਸੋਹਿਲੇ ਗਾਵੀਅਹਿ ਨਾਨਕ ਰਤੁ ਕਾ ਕੁੰਗੂ ਪਾਇ ਵੇ ਲਾਲੋ ॥੧॥
ਸਾਹਿਬ ਕੇ ਗੁਣ ਨਾਨਕੁ ਗਾਵੈ ਮਾਸ ਪੁਰੀ ਵਿਚਿ ਆਖੁ ਮਸੋਲਾ ॥
ਜਿਨਿ ਉਪਾਈ ਰੰਗਿ ਰਵਾਈ ਬੈਠਾ ਵੇਖੈ ਵਖਿ ਇਕੇਲਾ ॥
ਸਚਾ ਸੋ ਸਾਹਿਬੁ ਸਚੁ ਤਪਾਵਸੁ ਸਚੜਾ ਨਿਆਉ ਕਰੇਗੁ ਮਸੋਲਾ ॥

ਕਾਇਆ ਕਪੜੁ ਟੁਕੁ ਟੁਕੁ ਹੋਸੀ ਹਿਦੁਸਤਾਨੁ ਸਮਾਲਸੀ ਬੋਲਾ ॥
ਆਵਨਿ ਅਠਤਰੈ ਜਾਨਿ ਸਤਾਨਵੈ ਹੋਰੁ ਭੀ ਉਠਸੀ ਮਰਦ ਕਾ ਚੇਲਾ ॥
ਸਚ ਕੀ ਬਾਣੀ ਨਾਨਕੁ ਆਖੈ ਸਚੁ ਸੁਣਾਇਸੀ ਸਚ ਕੀ ਬੇਲਾ ॥੨॥੩॥੫॥

(ਤਿਲੰਗ, ਮਃ ੧ - ੭੨੨/੨੩)

ਗੁਰੂ ਜੀ ਬੋਲੇ, "ਹੇ ਭਾਈ ਲਾਲੋ! ਏਨ੍ਹਾਂ ਹਾਕਮਾਂ ਦੇ ਪਾਪਾਂ ਤੇ ਜ਼ੁਲਮਾਂ ਦਾ ਫ਼ਲ ਦੇਣ ਵਾਸਤੇ ਗਿਲਜਜਾਂ ਦੀ ਫੌਜ ਲੈ ਕੇ ਬਾਬਰ* ਬਾਦਸ਼ਾਹ ਕਾਬਲ ਦੀ ਵੱਲੋਂ ਆ ਕੇ ਏਨ੍ਹਾਂ ਦਾ ਸੱਤਯਾ ਨਾਸ ਕਰੇਗਾ। ਪਾਪੀਆਂ ਦੇ ਬੈਠਿਆਂ ਬੇੜਾ ਡੁੱਬਣ ਵਾਂਗੂੰ ਭਲੇ ਲੋਕ ਭੀ ਮਾਰੇ ਜਾਣਗੇ। ਪਠਾਣਾਂ ਦਾ ਨਾਸ ਕਰ ਕੇ ਮੁਗ਼ਲ ਬਾਬਰ ਬਾਦਸ਼ਾਹ ਹਿੰਦੁਸਤਾਨ ਦਾ ਹੋਵੇਗਾ।" ਏਹ ਬਾਬੇ ਨੇ {ਭਵਿੱਖ ਬਚਨ} ਭਵਿੱਖਤ ਬਚਨ ਸੰਮਤ ੧੫੬੯ ਬਿਕ੍ਰਮੀ ਵਿੱਚ ਜੈਸਾ ਉਚਾਰਿਆ ਸੀ ਤੈਸਾ ਹੀ ਸੰਮਤ ੧੫੭੮ ਬਿਕ੍ਰਮੀ ਵਿੱਚ ਪੂਰਾ ਹੋਯਾ। ਸੱਚ ਹੈ:

ਸੰਤ ਸਤਾਏ ਤੀਨ ਹਾਣ ਧਰਮ ਅਰਥ ਸੁਖ ਬੰਸ।
ਤੀਨੋਂ ਹੀ ਨੋਂ ਦੇਖ ਲੈ ਰਾਵਣ ਕੈਰੋਂ ਕੰਸ।

ਜਦ ਬਾਬੇ ਜੀ ਦਾ ਏਹ ਬਚਨ ਜੋ ਮਲਕ ਭਾਗੋ ਦੇ ਸਤਾਉਣੇ ਕਰ ਏਸ ਸ਼ਹਿਰ ਤੇ ਹਾਕਮ ਦੀ ਬਾਬਤ ਹੋ ਗਿਆ ਅਤੇ ਅਨੇਕ ਲੋਗਾਂ ਸੁਣਿਆ ਤਾਂ ਬਹੁਤ ਪਛਤਾਏ। ਬਖ਼ਸ਼ਾਉਣ ਆਏ, ਤਾਂ ਬਾਬੇ ਜੀ ਨੇ ਆਖਿਆ, "ਏਹ ਸਭ ਕਰਤਾਰ ਦੇ ਹੱਥ ਹੈ।" ਓਸ ਦਿਨ ਤੋਂ ਸਭ ਲੋਗ ਬਾਬੇ ਦੀ ਸੇਵਾ ਸੰਗਤ ਕਰਨ ਲੱਗੇ। ਪਰ ਗੁਰੂ ਜੀ ਪ੍ਰਸ਼ਾਦ ਭਾਈ ਲਾਲੋ ਦੇ ਘਰ ਦਾ ਹੀ ਛਕਦੇ ਰਹੇ। ਇੱਕ ਦਿਨ ਭਾਈ ਮਰਦਾਨੇ ਨੇ ਆਖਯਾ, "ਜੀ! ਏਥੇ ਸਾਡੀ ਨਿੰਦਾ ਬਹੁਤ ਹੁੰਦੀ ਹੈ। ਟਿਕਣਾ ਚੰਗਾ ਨਹੀਂ। ਕੁਰਾਹੀ ਕੁਰਾਹੀ ਪੁਕਾਰ ਕੇ ਸਾਨੂੰ ਦੁਖਾਂਵਦੇ ਹਨ।" ਇਸ ਪਰ ਬਾਬਾ ਜੀ ਤਾਂ ਕਈ ਵਾਰੀ ਚੱਲਣ ਨੂੰ ਤਯਾਰ ਹੋਏ, ਪਰ ਭਾਈ ਲਾਲੋ ਚਰਨਾਂ ਉੱਤੇ ਢਹਿ ਪਏ ਤੇ ਕੁਛ ਚਿਰ ਹੋਰ ਠਹਿਰਾ ਲਵੇ।

---

*ਚੁਗੱਤੇ ਮੁਗ਼ਲ ਸਮਰਕੰਦ ਵਾਲੇ ਮੀਰ ਤਹਿਮੂਰ ਦਾ (ਜਿਸ ਨੂੰ ਤਿਮਰਲੰਗ ਭੀ ਆਖਦੇ ਹਨ) ਪੜੋਤਾ ਬਾਬਰ ਸ਼ਾਹ ਜੋ ਪਹਿਲੇ ਸੰਮਤ ੧੫੭੪ ਬਿਕ੍ਰਮੀ ਵਿੱਚ ਆ ਕੇ ਅਟਕ ਤੱਕ ਮੁਲਕ ਫਤੇ ਕਰ ਗਿਆ। ਫੇਰ ਸੰਮਤ ੧੫੭੬ ਬਿਕ੍ਰਮੀ ਵਿੱਚ ਕਸ਼ਮੀਰ, ਜੰਮੂ, ਰਾਵੀ, ਤੱਕ ਆਯਾ ਤਾਂ ਖ਼ਬਰ ਆਈ ਕਿ ਬਦਖਸ਼ਾਂ ਵਾਲਾ ਬਾਦਸ਼ਾਹ ਸਮਰਕੰਦ ਪਰ ਚੜ੍ਹ ਆਯਾ ਹੈ, ਇਹ ਸੁਣ ਕੇ ਮੁੜ ਗਿਆ। ਤੀਜੀ ਵਾਰੀ ਸੰਮਤ ੧੫੭੮ ਬਿਕ੍ਰਮੀ ਵਿੱਚ ਫੇਰ ਆਯਾ। ਅੱਸੂ ਵਿੱਚ ਏਮਨਾਬਾਦ ਕਤਲ ਕੀਤਾ ਲੁੱਟਿਆ ਓਦੂੰ ਪਹਿਲੇ ਏਸ ਦਾ ਨਾਮ ਸੈਦਪੁਰਾ ਸੀ ਜੋ ਸੰਮਤ ੧੨੬੨ ਬਿਕ੍ਰਮੀ ਵਿੱਚ ਸੈਦਖਾਨ ਪੰਜਾਬ ਦੇ ਹਾਕਮ ਨੇ ਵਸਾਯਾ ਸੀ। ਫੇਰ ਉੱਜੜ ਗਿਆ ਸੰਮਤ ੧੪੪੪ ਬਿਕ੍ਰਮੀ ਨੂੰ ਫੀਰੋਜ਼ ਸ਼ਾਹ ਤੁਗ਼ਲਕ ਦੀ ਦਾਈ ਏਮਨਾਂ ਨੇ ਆਬਾਦ ਕਰ ਕੇ ਏਮਨਾਬਾਦ ਨਾਮ ਰੱਖਯਾ। ਬਾਬਰ ਪਾਣੀਪਤ ਦੇ ਮੈਦਾਨ ਵਿੱਚ ਇਬਰਾਹੀਮ ਲੋਦੀ ਨੂੰ ਫਤੇ ਕਰ ਕੇ ਮੱਘਰ ਦੇ ਮਹੀਨੇ ਦਿੱਲੀ ਦਾ ਬਾਦਸ਼ਾਹ ਬਣ ਗਿਆ। ਫੇਰ ਸੰਮਤ ੧੫੮੭ ਵਿੱਚ ਪੋਹ ਦੇ ਮਹੀਨੇ ਬਾਬਰ ਦੇ ਮਰੇ ਤੋਂ ਓਸ ਦਾ ਬੇਟਾ ਹਿਮਾਯੂੰ ਤਖ਼ਤ ਪਰ ਬੈਠਾ ਜਿਸ ਨੂੰ ਸੰਨ ੧੫੯੭ ਵਿੱਚ ਸ਼ੇਰਸ਼ਾਹ ਸੂਰੀ ਪਠਾਣ ਜੌਨਪੁਰ ਵਾਲੇ ਨੇ ਸਜੰਗ ਕਰ ਹਿੰਦੁਸਤਾਨ ਵਿੱਚੋਂ ਕੱਢ ਦਿੱਤਾ ਸੀ। ਇੱਕ ਤਾਂ ਏਸ ਤਰ੍ਹਾਂ "ਆਵਨ ਅਠੱਤ੍ਰੇ ਜਾਣ ਸਤਾਨਵੇਂ" ਗੁਰੂ ਜੀ ਦਾ ਸੱਤ ਬਚਨ ਹੋਇਆ ਪਰ ਫੇਰ ਜਦ ਗੁਰੂ ਅੰਗਦ ਸਾਹਿਬ ਦੇ ਵਰ ਕਰ ਕੇ ਈਰਾਨ ਵਾਲੇ ਬਾਦਸ਼ਾਹ ਦੀ ਮਦਦ ਨਾਲ ਹਿਮਾਯੂੰ ਨੇ ਸੰਮਤ ੧੬੧੩ ਬਿਕ੍ਰਮੀ ਵਿੱਚ ਮੁੜ ਦਿੱਲੀ ਦੀ ਬਾਦਸ਼ਾਹੀ ਮੁਹੰਮਦ ਸ਼ਾਹ ਅਦਲੀ ਬਾਦਸ਼ਾਹ ਪਾਸੋਂ (ਜਿਸ ਦਾ ਵਜ਼ੀਰ ਹੇਮੂੰ ਬਾਣੀਆ) ਸੀ, ਜਿਸ ਨੇ ਆਪਣਾ ਸਿੱਕਾ ਚੰਮ ਦੇ ਰੁਪੱਯੇ ਸੋਨੇ ਦੀ ਮੇਖ ਵਾਲੇ ਚਲਾਏ ਸੇ) ਛੀਨ ਲਈ ਸੀ। ਏਸੇ ਬਾਦਸ਼ਾਹ ਨੇ ਰਾਂਝੇ ਨੂੰ ਖੇੜਿਆਂ ਤੋਂ ਹੀਰ ਦਿਵਾਈ ਸੀ ਦੂਜੀ ਰੀਤ ਹਿਮਾਯੂੰ ਤੋਂ ਦਸਵੀਂ ਪੀਹੜੀ ਮੁਹੰਮਦ ਸ਼ਾਹ ਦੇ ਸਮੇਂ ਸੰਮਤ ੧੭੯੭ ਬਿਕ੍ਰਮੀ ਵਿੱਚ ਨਾਦਰ ਸ਼ਾਹ ਈਰਾਨ ਵਾਲਾ ਸਜੰਗ ਫਤੇ ਕਰ ੩੨ ਕਰੋੜ ਦਾ ਖ਼ਜ਼ਾਨਾ ਦਿੱਲੀ ਵਿੱਚੋਂ ਲੈ ਕੇ ਪ੍ਰਤੀ ਦਿਨ ਤਖ਼ਤ ਉੱਤੇ ਬੈਠ ਕੇ ਦਿੱਲੀ ਵਿੱਚ ਕਤਲਾਮ ਕਰ ਚਲਾ ਗਿਆ। ਤਦ ਤੋਂ ਮੁਗ਼ਲਾਂ ਦੀ ਬਾਦਸ਼ਾਹੀ ਜਾਂਦੀ ਰਹੀ। ਫੇਰ ਗੁਰੂ ਗੋਬਿੰਦ ਸਿੰਘ ਜੀ ਮਰਦ ਦਾ ਚੇਲਾ ਖਾਲਸਾ ਉੱਠ ਪਿਆ, ਜਮਨਾ ਤੇ ਅਟਕ ਵਿੱਚ ਸਾਰਾ ਮੁਲਕ ਸੰਭਾਲ ਲੀਤਾ, ਗੁਰੂ ਕਾ ਬਚਨ ਸੱਚਾ ਹੋਯਾ।

ਸਾਧੂ ਪਕੜੇ ਜਾਣੇਂ

ਓਥੋਂ ਦੇ ਨਵਾਬ ਦਾ ਪੁੱਤਰ ਜੁਆਨ ਬਹੁਤ ਬੀਮਾਰ ਸੀ। ਓਸ ਨੇ ਉਪਾਉ ਪੁੱਛਿਆ। ਮਲਕ ਭਾਗੋ ਨੇ ਆਖਿਆ, "ਫ਼ਕੀਰਾਂ ਨੂੰ ਫੜੋ ਤਾਂ ਆਪੇ ਕੋਈ ਕਾਮਲ ਫ਼ਕੀਰ ਆਪ ਦੇ ਫਰਜ਼ੰਦ ਨੂੰ ਰਾਜ਼ੀ ਕਰ ਕੇ ਫ਼ਕੀਰਾਂ ਨੂੰ ਛੁਡਾਏਗਾ।" ਸੱਚ ਹੈ 'ਜੈਸੀ ਹੁਇ ਭਵਤੱਬਤਾ ਤੈਸੀ ਮਿਲਤ ਸਹਾਇ।' ਨਵਾਬ ਨੇ ਸਭ ਦੇਸ ਦੇ ਸੰਤ ਪਕੜ ਮੰਗਾਏ। ਬਾਬਾ ਜੀ ਤੇ ਮਰਦਾਨਾ ਭੀ ਫੜੇ ਗਏ। ਭਾਈ ਲਾਲੋ ਬਾਬੇ ਜੀ ਨੂੰ ਕੈਦ ਵਿੱਚ ਬੈਠੇ ਵੇਖ ਕੇ ਰੋਣ ਲੱਗਾ। ਤਾਂ ਬਾਬੇ ਆਖਿਆ, "ਭਾਈ ਲਾਲੋ! ਤੂੰ ਆਪਣਾ ਜੂਠਾ ਟੁੱਕਰ ਨਵਾਬ ਦੇ ਪੁੱਤਰ ਨੂੰ ਦੇਹ, ਫ਼ਕੀਰ ਛੁੱਟਣ।" ਲਾਲੋ ਨੇ ਬਾਬੇ ਦਾ ਜੂਠਾ ਟੁੱਕਰ ਨਵਾਬ ਦੇ ਪੁੱਤਰ ਨੂੰ ਦਿੱਤਾ, ਤਾਂ ਓਹ ਰਾਜ਼ੀ ਹੋ ਗਿਆ। ਫ਼ਕੀਰਾਂ ਦੇ ਕੈਦ ਕਰੇ ਜਾਣ ਤੋਂ ਬਾਬਾ ਜੀ ਹੋਰ ਭੀ ਨਵਾਬ ਪਰ ਨਰਾਜ਼ ਹੋਏ।

ਤਲਵੰਡੀ ਵਿੱਚ ਬਾਬੇ ਜੀ ਦੇ ਇਸ ਬ੍ਰਿਤਾਂਤ ਦੀ ਖ਼ਬਰ ਪਹੁੰਚੀ ਤਾਂ ਸਾਰੇ ਪਰਿਵਾਰ ਤੇ ਰਾਇ ਬੁਲਾਰ ਨੇ ਭਾਈ ਬਾਲੇ ਨੂੰ ਆਖਯਾ, "ਭਾਈ ਬਾਲਾ! ਕਿਵੇਂ ਨਾਨਕ ਜੀ ਦਾ ਦਰਸ਼ਨ ਸਾਨੂੰ ਕਰਾ। ਸਭ ਤੋਂ ਵਧ ਕੇ ਰਾਇ ਨੇ ਬੇਨਤੀ ਕੀਤੀ ਕਿ ਮੇਰੀ ਦੇਹ ਬ੍ਰਿਧ ਬਹੁਤ ਹੋ ਗਈ ਹੈ। ਨਹੀਂ ਤਾਂ ਮੈਂ ਚੱਲ ਕੇ ਆਉਂਦਾ। ਹੁਣ ਤੁਸੀਂ ਆਪਣੇ ਦਿਆਲੂ ਸੁਭਾਵ ਅਨੁਸਾਰ ਮੈਂ ਕੀਟ ਨੂੰ ਦਰਸ਼ਨ ਦਿਓ।"

ਬਾਲਾ ਤਲਵੰਡੀ ਤੋਂ ਬਾਬੇ ਜੀ ਪਾਸ ਏਮਨਾਬਾਦ ਆ ਪਹੁੰਚਯਾ ਤੇ ਬਾਬੇ ਦਾ ਭੀ ਸਵਾ ਬਰਸ ਰੋੜਾਂ ਦੇ ਬਿਸਤ੍ਰੇ ਪਰ ਤਪ ਕਰਨ ਦਾ ਪੂਰਾ ਹੋ ਗਿਆ। ਤਾਂ ਭਾਈ ਬਾਲੇ ਤੇ ਮਰਦਾਨੇ ਦੀ ਬਹੁਤ ਪ੍ਰੇਰਨਾ ਕਰਨੇ ਕਰ ਬਾਬਾ ਜੀ ਲਾਲੋ ਤੋਂ ਬਿਦਾ ਹੋ ਕੇ ੧੦ ਦਿਨ ਵਿੱਚ ਤਲਵੰਡੀ ਪਹੁੰਚੇ। {ਚੰਦ੍ਰਭਾਨ ਦਾ ਖੂਹ} ਤੇ ਪਿੰਡੋਂ ਬਾਹਰ ਚੰਦ੍ਰਭਾਨ ਸੰਧੂ ਜੱਟ ਦੇ; ਜੋ ਬਾਲੇ ਦਾ ਬਾਪ ਸੀ, ਖੂਹ ਉੱਤੇ ਜਾ ਉੱਤਰੇ।

ਲਾਲੂ ਮਹਿਤਾ ਪ੍ਰਤਿ ਉਪਦੇਸ਼

ਮਹਿਤਾ ਕਾਲੂ, ਲਾਲੂ, ਮਾਤਾ ਤ੍ਰਿਪਤਾ ਹੋਰ ਸਭ ਪਰਿਵਾਰ ਮਿਲਣ ਆਇਆ, ਬਾਬੇ ਦਾ ਫ਼ਕੀਰੀ ਭੇਸ ਦੇਖ ਕੇ ਓਹਨਾਂ ਨੇ ਬਹੁਤ ਰੰਜ ਮੰਨਿਆ। ਲਾਲੂ ਨੇ ਬਹੁਤ ਨਿਮ੍ਰਤਾ ਤੇ ਜੁਗਤ ਨਾਲ ਆਖਿਆ, "ਆਪ ਆਪਣੇ ਮਾਤਾ ਪਿਤਾ ਕੁਟੰਬ ਦਾ ਬਚਨ ਮੰਨੋ। ਘਰ ਚੱਲੋ। ਸੰਸਾਰੀ ਕੱਪੜੇ ਪਹਿਰੋ। ਤਾਂ ਬਾਬੇ ਜੀ ਨੇ ਏਹ ਸ਼ਬਦ ਉਚਾਰਿਆ:

ਖਿਮਾ ਹਮਾਰੀ ਮਾਤਾ ਕਹੀਏ ਸੰਤੋਖ ਹਮਾਰਾ ਪਿਤਾ ॥
ਸਤ ਹਮਾਰਾ ਚਾਚਾ ਸਾਚਾ ਜਿਸ ਸੰਗ ਮਨੂਆ ਜਿਤਾ ॥
ਭਉ ਭਾਈ ਹੈ ਸੰਗ ਹਮਾਰੇ ਮਿਤ੍ਰ ਪਰੇਮ ਪਿਆਰਾ ॥
ਧੀਅ ਹਮਾਰੀ ਧੀਰਜ ਕਹੀਏ ਪੁੱਤਰ ਗਯਾਨ ਵਿਚਾਰਾ ॥
ਸਾਤਿ ਹਮਾਰੀ ਤ੍ਰਿਆ ਨੀਕੀ ਮਤਿ ਹਮਾਰੀ ਚੇਲੀ ॥
ਸੀਲ ਹਮਾਰਾ ਸਹੁਰਾ ਕਹੀਏ ਸਾਸੁ ਦਇਆ ਸਹੇਲੀ ॥
ਏਕੰਕਾਰ ਹਮਾਰਾ ਖਾਵੰਦ ਜਿਨ ਏਹ ਬਣਤ ਬਨਾਈ ॥
ਉਸ ਕੋ ਤਿਆਗ ਅਵਰ ਕੋ ਲਾਗੇ ਨਾਨਕ ਸੋ ਦੁਖਦਾਈ ॥

(ਇਹ ਗੁਰਬਾਣੀ ਨਹੀਂ)

ਰਾਇ ਪ੍ਰਤਿ ਉਪਦੇਸ਼

ਏਹ ਸ਼ਬਦ ਸੁਣ ਸਭ ਚੁੱਪ ਰਹੇ। ਲਾਲੂ ਜੀ ਨੇ ਆਖਿਆ, "ਭਲਾ ਜੀ! ਰਾਇ ਤਾਈਂ ਤਾਂ ਚੱਲੋ। ਓਹ ਦੇਖਣ ਨੂੰ ਬਹੁਤ ਲੋਚਦਾ ਹੈ।" ਤਾਂ ਬਾਬਾ ਜੀ ਸਾਰੇ ਸਬੰਧੀਆਂ ਸਮੇਤ ਰਾਇ ਦੇ ਘਰ ਨੂੰ ਗਏ। ਅੱਗੇ ਰਾਇ ਮੰਜੀ ਉੱਤੇ ਬੈਠਾ ਸੀ। ਉੱਠਣ ਲੱਗਾ, ਤਾਂ ਬਾਬੇ ਨੇ ਥੰਮ੍ਹ ਕੇ ਬਠਾ ਦਿੱਤਾ। ਓਨ ਬਾਬੇ ਨੂੰ ਦੂਜੀ ਮੰਜੀ ਉੱਤੇ ਬੈਠਾ ਕੇ ਬਹੁਤ ਪਜਾਰ ਕੀਤਾ ਤੇ ਅਧੀਨ ਹੋ ਕੇ ਆਖਿਆ, "ਤੁਸਾਂ ਮੈਨੂੰ ਬਖ਼ਸ਼ਣਾ। ਮੈਂ ਤੁਹਾਨੂੰ ਬੁਲਾਯਾ ਤੇ ਖੇਚਲ ਦਿੱਤੀ ਹੈ।" ਅਤਜੰਤ ਖ਼ੁਸ਼ੀ ਹੋਇਆ ਦੇਖ ਦੇਖ ਨਿਹਾਲ ਹੋਵੇ। ਆਪਣੇ ਨਫ਼ਰ ਉਮੈਦੇ ਨੂੰ ਭੇਜ ਕੇ ਨਿੱਧੇ ਬ੍ਰਾਹਮਣ ਨੂੰ ਬੁਲਾ ਕੇ ਆਖਿਆ, "ਬਹੁਤ ਚੰਗੀ ਰਸੋਈ ਕਰ ਕੇ ਏਥੇ ਹੀ ਜਿਵਾਉ।" ਤੇ ਆਖਿਆ, "ਨਾਨਕ ਜੀ! ਗ਼ੁਨਾਹ ਮਾਫ਼ ਕਰਨਾ। ਹੁਕਮ ਦੇਵੋ ਤਾਂ ਬੱਕਰਾ ਸਵਰਾਈਏ।" ਬਾਬਾ ਬੋਲਿਆ, "ਏਥੇ ਫਰਮਾਇਸ਼ ਦੀ ਜਗ੍ਹਾ ਨਹੀਂ। ਜੋ ਕੁਛ ਤੁਹਾਡੀ ਖ਼ੁਸ਼ੀ ਸੋ ਕਰੋ। ਜੈਸਾ ਕਰਤਾਰ ਭੇਜਦਾ ਹੈ, ਅਸੀਂ ਤਾਂ ਓਹੋ ਜੀਉ ਲੈਂਦੇ ਹਾਂ।" ਤਾਂ ਰਾਇ ਨੇ ਬੱਕਰਾ ਸਵਰਾਯਾ ਤੇ ਨਿਧੇ ਬ੍ਰਾਹਮਣ ਨੂੰ ਆਖਿਆ, "ਕੁਝ ਮਿੱਠਾ ਬਣਾ ਕੁੱਝ ਸਲੋਣਾ, ਜੈਸੀ ਨਾਨਕ ਦੀ ਇੱਛਾ ਸੋ ਬਣਾਉ।" ਜਾਂ ਓਸ ਨੇ ਬਾਬੇ ਜੀ ਨੂੰ ਪੁੱਛਿਆ ਤਾਂ ਏਨ੍ਹਾਂ ਨੇ ਏਹ ਸ਼ਬਦ ਉਚਾਰਿਆ:

ਮਿਠਾ ਮਰਮ ਸਲੋਨਾ ਸੰਜਮ ਖਟਾ ਖਰਾ ਧਜਾਨ ॥
ਐਸਾ ਭੋਜਨ ਜੋ ਨਰ ਅਚਵੇ ਸੋ ਮਾਣਸ ਪਰਧਾਨ ॥
ਮੇਵਾ ਮਗਨ ਰਹਿਨ ਸਚ ਸੇਤੀ ਕਰ ਚਰਚਾ ਕੀ ਚਟਨੀ ॥
ਅੰਮ੍ਰਿਤ ਫ਼ਲ ਹੈ ਨਾਮ ਧਨੀ ਕਾ ਪਾਣੀ ਪ੍ਰਤਿ ਨਾ ਹਟਨੀ ॥
ਕਹੁ ਨਾਨਕ ਸੋ ਖਰਾ ਸੁਆਦੀ ਏਕੰਕਾਰ ਰਸਲੀਆ ॥
ਔਰ ਸ੍ਵਾਦ ਸਭ ਫੀਕੇ ਲਾਗੇ ਜਬ ਸਚ ਨਾਮ ਮੁਖ ਦੀਆ ॥

(ਇਹ ਗੁਰਬਾਣੀ ਨਹੀਂ)

ਏਹ ਸੁਣ ਕੇ ਸਭ ਅਨੰਦ ਹੋਏ। ਮਾਤਾ ਤ੍ਰਿਪਤਾ ਨੇ ਘੁੰਡ ਕੱਢ ਕੇ ਰਾਇ ਦੇ ਪੈਰਾਂ ਉੱਤੇ ਸਿਰ ਧਰ ਕੇ ਆਖਜਾ, "ਜੀ! ਤੁਸੀਂ ਨਾਨਕ ਨੂੰ ਆਖੋ, ਤਾਂ ਏਥੇ ਹੀ ਰਹੇ।" ਰਾਇ ਨੇ ਬਹੁਤ ਨਿੰਮ੍ਰ ਹੋ ਕੇ ਆਖਿਆ, "ਤਪਾ ਜੀ! ਤੁਸੀਂ ਏਥੇ ਹੀ ਰਹੋ। ਏਥੇ ਹੀ ਗ਼ੁਜ਼ਰ ਕਰੋ। ਕਾਮੇ ਰੱਖ ਦਿੰਦੇ ਹਾਂ, ਖੇਤੀ ਕਰਾਓ। ਹਾਲਾ ਤੁਸਾਥੋਂ ਨਾ ਲੀਤਾ ਜਾਊ।" ਤਾਂ ਬਾਬੇ ਆਖਿਆ, "ਮੈਂ ਤਾਂ ਏਹ ਖੇਤੀ ਕਰਦਾ ਹਾਂ:"

ਸੋਰਠਿ ਮਹਲਾ ੧ ਘਰੁ ੧ ॥
ਮਨੁ ਹਾਲੀ ਕਿਰਸਾਣੀ ਕਰਣੀ ਸਰਮੁ ਪਾਣੀ ਤਨੁ ਖੇਤੁ ॥
ਨਾਮੁ ਬੀਜੁ ਸੰਤੋਖੁ ਸੁਹਾਗਾ ਰਖੁ ਗਰੀਬੀ ਵੇਸੁ ॥
ਭਾਉ ਕਰਮ ਕਰਿ ਜੰਮਸੀ ਸੇ ਘਰ ਭਾਗਠ ਦੇਖੁ ॥੧॥
ਬਾਬਾ ਮਾਇਆ ਸਾਥਿ ਨ ਹੋਇ ॥
ਇਨਿ ਮਾਇਆ ਜਗੁ ਮੋਹਿਆ ਵਿਰਲਾ ਬੂਝੈ ਕੋਇ ॥ ਰਹਾਉ ॥

ਏਹ ਸੁਣ ਕੇ ਲਾਲੂ ਜੀ ਨੇ ਆਖਿਆ, "ਹੱਟ ਕੱਢ ਦਿੰਦੇ ਹਾਂ। ਤੁਸੀਂ ਬੈਠੇ ਰਿਹਾ ਕਰੋ।" ਬਾਬਾ ਫੇਰ ਬੋਲਯਾ:

ਹਾਣੁ ਹਟੁ ਕਰਿ ਆਰਜਾ ਸਚੁ ਨਾਮੁ ਕਰਿ ਵਥੁ ॥
ਸੁਰਤਿ ਸੋਚ ਕਰਿ ਭਾਂਡਸਾਲ ਤਿਸੁ ਵਿਚਿ ਤਿਸ ਨੋ ਰਖੁ ॥
ਵਣਜਾਰਿਆ ਸਿਉ ਵਣਜੁ ਕਰਿ ਲੈ ਲਾਹਾ ਮਨ ਹਸੁ ॥੨॥

ਤਾਂ ਕਾਲੂ ਬੋਲਿਆ, "ਜੇ ਏਹ ਕੰਮ ਚੰਗਾ ਨਹੀਂ, ਤਾਂ ਘੋੜਿਆਂ ਦੀ ਸੁਦਾਗਰੀ ਕਰੋ।" ਤਾਂ ਫੇਰ ਬਾਬਾ ਬੋਲਿਆ:

ਸੁਣਿ ਸਾਸਤ ਸਉਦਾਗਰੀ ਸਤੁ ਘੋੜੇ ਲੈ ਚਲੁ ॥

ਖਰਚੁ ਬੰਨੁ ਚੰਗਿਆਈਆ ਮਤੁ ਮਨ ਜਾਣਹਿ ਕਲੁ ॥
ਨਿਰੰਕਾਰ ਕੈ ਦੇਸਿ ਜਾਹਿ ਤਾ ਸੁਖਿ ਲਹਹਿ ਮਹਲੁ ॥੩॥

ਤਾਂ ਲਾਲੂ ਬੋਲਿਆ ਜੇ ਹੋਰ ਕੁੱਝ ਨਹੀਂ ਕਰਦੇ, ਤਾਂ ਚਾਕਰੀ ਕਰ ਲਓ।" ਤਾਂ ਬਾਬਾ ਚੌਥੀ ਵਾਰ ਬੋਲਿਆ:

ਲਾਇ ਚਿਤੁ ਕਰਿ ਚਾਕਰੀ ਮੰਨਿ ਨਾਮੁ ਕਰਿ ਕੰਮੁ ॥
ਬੰਨੁ ਬਦੀਆ ਕਰਿ ਧਾਵਣੀ ਤਾ ਕੋ ਆਖੈ ਧੰਨੁ ॥
ਨਾਨਕ ਵੇਖੈ ਨਦਰਿ ਕਰਿ ਚੜੈ ਚਵਗਣ ਵੰਨੁ ॥੪॥੨॥

(ਸੋਰਠਿ, ਮਃ ੧ – ੫੯੫/੯੬)

ਏਹ ਸੁਣ ਕੇ ਰਾਇ ਨੇ ਆਖਿਆ, "ਕੋਈ ਫੁਰਮਾਇਸ਼ ਕਰੋ, ਜੋ ਮੈਂ ਟਹਲ ਕਰਾਂ।" ਤਾਂ ਬਾਬੇ ਏਹ ਸ਼ਬਦ ਉਚਾਰਿਆ:

ਇਕ ਫਰਮਾਇਸ਼ ਆਖੀਏ ਜੇ ਮੰਨੇ ਸਾਈਂ ॥
ਜਿਸ ਤੇ ਜ਼ੋਰ ਨ ਚਲਈ ਕਰ ਜੋੜ ਧਿਆਈ ॥ ੧ ॥
ਐਸਾ ਸਤਿਗੁਰ ਰਾਇ ਜੀ ਕਿਸੈ ਹਾਥ ਆਵੈ ॥
ਸਾਈ ਕਾਰ ਕਮਾਵਣੀ ਜੋ ਉਸਕੋ ਭਾਵੈ ॥
ਲੰਗਰ ਏਕ ਖੁਦਾਇ ਦਾ ਦੂਜਾ ਲੰਗਰ ਨਾਹੀ ॥
ਦੂਜੇ ਲੰਗਰ ਨਾ ਚਲੇ ਜਗ ਥਿਰ ਨਾ ਰਹਾਈ ॥

(ਇਹ ਗੁਰਬਾਣੀ ਨਹੀਂ)

ਫੇਰ ਤਾਂ ਪੰਜ ਦਿਨ ਤਲਵੰਡੀ ਰਹੇ। ਹੋਰ ਰੱਖਣ ਨੂੰ ਬਹੁਤ ਜ਼ੋਰ ਲਾਯਾ ਪਰ ਬਾਬਾ ਜੀ ੬ ਪੋਹ ਸੰਮਤ ੧੫੬੧ ਬਿਕ੍ਰਮੀ ਨੂੰ ਤਲਵੰਡੀ ਤੋਂ ਚੱਲ ਕੇ ਭਾਈ ਬਾਲੇ ਮਰਦਾਨੇ ਸਮੇਤ ਮੁੜ ਏਮਨਾਬਾਦ ਭਾਈ ਲਾਲੋ ਦੇ ਘਰ ਆਇ ਪਹੁੰਚੇ। ਭਾਈ ਲਾਲੋ ਬਹੁਤ ਖ਼ੁਸ਼ ਹੋਇਆ। ਸੱਤ ਅੱਠ ਦਿਨ ਉਥੇ ਰਹਿ ਕੇ ਦੜਪ ਦੇਸ਼ ਦਾ ਸੈਰ ਕਰਦੇ ਹੋਏ ਬੇਅੰਤ ਲੋਗਾਂ ਨੂੰ ਸੁਮੱਤੇ ਲਾ ਕੇ (ਸਿਉਕੇ ਪਿੰਡ) ਭਾਈ ਰੁਪੇ ਨਾਮ ਜ਼ਿਮੀਂਦਾਰ {ਭਾਈ ਰੂਪਾ ਜ਼ਿਮੀਦਾਰ} ਭਗਤ ਨੂੰ ਦਰਸ਼ਨ ਦੇਣ ਲਈ; ਜੋ ਦੋ ਬਰਸ ਤੋਂ ਬਾਬੇ ਦੀ ਉਪਾਸਨਾ ਕਰ ਰਿਹਾ ਸੀ, ਜਾ ਉੱਤਰੇ। ਓਸ ਨੇ ਬਹੁਤ ਟਹਲ ਕੀਤੀ। ਓਸ ਦੇ ਸਬੱਬ ਅਨੇਕਾਂ ਦਾ ਉਧਾਰ ਹੋਯਾ।

ਹਮਜ਼ਾ ਗੌਂਸ ਪੀਰ ਨੂੰ ਉਪਦੇਸ਼

ਓਥੇ ਏਹ ਗੱਲ ਸੁਣੀ ਕਿ ਇੱਕ {ਹਮਜ਼ਾ ਗੌਸ} (ਹਮਜ਼ਾ ਗੌਂਸ) ਫ਼ਕੀਰ ਦੇ ਬਚਨ ਤੋਂ ਗੀਗੇ ਨਾਮ {ਗੀਗਾ ਖੱਤ੍ਰੀ} ਬਡੈੜੇ ਖੱਤ੍ਰੀ ਦੇ ਘਰ ਤਿੰਨ ਬੇਟੇ ਹੋਏ ਸੇ। ਖੱਤ੍ਰੀ ਨੇ ਇੱਕ ਬੇਟਾ ਦੇਣਾ ਕੀਤਾ ਸੀ, ਸੋ ਨਹੀਂ ਦਿੱਤਾ। ਇਸ ਪਰ ਫ਼ਕੀਰ ਗ਼ੁੱਸੇ ਹੋ ਕੇ ਸਜਾਲਕੋਟ ਸ਼ਹਿਰ ਨੂੰ ਗਾਰਤ ਕਰਨ ਵਾਸਤੇ ਛਿਲੇ ਬੈਠਾ ਹੈ। ਏਹ ਗੱਲ ਸੁਣ ਕੇ ਗੁਰੂ ਜੀ ਸਿਆਲਕੋਟ; ਜਿੱਥੇ ਹੁਣ ਬਾਬੇ ਦੀ ਬੇਰ ਗੁਰਦਵਾਰਾ ਹੈ, ਬੇਰੀ ਹੇਠ ਜਾ ਬੈਠੇ। ਹਮਜ਼ਾ ਗੌਂਸ ਜਿਸ ਮਕਬਰੇ ਵਿੱਚ ਬੂਹੇ ਬੰਦ ਕਰ ਕੇ ਚਲੀਹੇ ਬੈਠਾ ਸੀ, ਓਹ ਭੀ ਨੇੜੇ ਹੀ ਹੈ। ਬਾਬੇ ਨੇ ਫ਼ਕੀਰ ਨੂੰ ਬੁਲਾ ਕੇ ਚਲੀਹੇ ਬੈਠਣ ਦਾ ਸਬੱਬ ਪੁੱਛਿਆ ਤਾਂ ਓਸ ਨੇ ਆਖਿਆ, "ਏਹ ਸ਼ਹਿਰ ਝੂਠਿਆਂ ਦਾ ਹੈ। ਏਸ ਨੂੰ ਗ਼ਰਕ ਕਰਨਾ ਚਾਹੀਏ। ਬਾਬੇ ਜੀ ਨੇ ਆਖਿਆ, "ਫ਼ਕੀਰ! ਤੈਂ ਸਬੂਰੀ ਨਹੀਂ ਪਕੜੀ। ਤੇਰੇ ਮਨ ਵਿੱਚ ਮਕਰ ਹੀ ਝੂਠ ਹੈ। ਜੇ ਕੁੱਝ ਤੂੰ ਫ਼ਕੀਰੀ ਵਿੱਚੋਂ ਖੱਟਣਾ ਹੈ ਤਾਂ ਏਸੇ ਨੂੰ ਗ਼ਰਕ ਕਰ। ਫ਼ਕੀਰਾਂ ਨੂੰ ਪੰਜਾਂ ਤੱਤਾਂ ਦੇ ਤੇ ਬ੍ਰਿਛਾਂ ਦੇ ਸੁਭਾਵ ਧਾਰਨੇ ਲੋੜੀਂਦੇ ਹਨ। ਜਿਸ ਸ਼ਹਰ ਨੂੰ ਤੂੰ ਝੂਠਾ ਦੱਸਦਾ ਹੈਂ, ਹੁਣੇ ਪਰਖ ਦਿੰਦੇ ਹਾਂ।

ਬਾਬੇ ਜੀ ਨੇ ਮਰਦਾਨੇ ਨੂੰ ਦੋ ਪੈਸੇ ਦੇ ਕੇ ਇੱਕ ਦਾ ਸੱਚ ਇੱਕ ਦਾ ਝੂਠ ਖਰੀਦਣ ਭੇਜਿਆ। ਮਰਦਾਨਾ ਸਾਰੇ ਬਾਜ਼ਾਰ ਫਿਰਿਆ। ਸੱਚ ਝੂਠ ਮੰਗੇ। ਕੋਈ ਦੇਵੇ ਨਹੀਂ, ਸਗੋਂ ਹਾਸੀ ਕਰਨ। ਇੱਕ ਮੂਲੇ ਨਾਮ ਖੱਤ੍ਰੀ ਨੇ ਦੋਵੇਂ ਪੈਸੇ ਲੈ ਕੇ ਇੱਕ ਕਾਗ਼ਜ਼ ਪਰ 'ਜੀਵਣਾਂ ਝੂਠ' ਦੂਜੇ ਪਰ 'ਮਰਣਾ ਸੱਚ' ਲਿਖ ਦਿੱਤਾ। ਬਾਬੇ ਨੇ ਦੋਵੇਂ ਕਾਗ਼ਜ਼ ਫਕੀਰ ਨੂੰ ਦਿਖਾ ਕੇ ਕਾਯਲ ਕਰ ਓਦੂੰ ਪਾਸਿਓਂ ਹਟਾ ਕੇ ਰੱਬ ਦੀ ਬੰਦਗੀ ਵਿੱਚ ਜੋੜਿਆ ਤੇ ਓਸ ਖਤਰੇਟੇ ਨੂੰ ਬੁਲਾ ਕੇ ਆਖਿਆ, "ਜੇ ਤੂੰ ਮਰਨਾ ਸੱਚ ਮੰਨਿਆ ਹੈ ਤਾਂ ਕੁਟੰਬ ਛੱਡ, ਸਾਡੇ ਨਾਲ ਚੱਲ।" ਉਸ ਦੇ ਭਾਗ ਜਾਗੇ ਹੱਟੀ ਲੁਟਾ ਕੇ ਹੋ ਤੁਰਿਆ।

ਓਥੋਂ ਤੁਰ ਕੇ ਪਸਰੂਰ ਮਿੱਠੇ ਦੇ ਕੋਟਲੇ ਪਹੁੰਚੇ। ਓਥੋਂ ਦੇ ਲੋਕਾਂ ਨੂੰ ਸੁਧਾਰ, ਮਿੱਠਣ ਸ਼ਾਹ ਪੀਰ ਦਾ ਹੰਕਾਰ ਤੋੜਿਆ। ਮਾਝੇ ਦੇਸ਼ ਵਿੱਚ ਏਧਰ ਓਧਰ ਵਿਚਰ ਕੇ ਬੇਅੰਤ ਲੋਕਾਂ ਦਾ ਭਲਾ ਕੀਤਾ, ਠੱਗਾਂ ਤੋਂ ਛੁਡਾਇ ਜਮਜਾਲ ਤੇ ਬਚਾਏ। ਅਰਥਾਤ:%

"ਨਾਨਕ ਜਿਨ ਕਉ ਸਤਿਗੁਰ ਮਿਲਿਆ ਤਿਨ ਕਾ ਲੇਖਾ ਨਿਬੜਿਆ"

ਆਪ ਜਾਣਦੇ ਹੋ ਸੰਤ, ਨਦੀ, ਮੇਘ, ਏਹ ਸਿੱਧੇ ਰਾਹ ਨਹੀਂ ਤੱਕਦੇ। ਇੱਛਾ ਅਨੁਸਾਰ ਚੱਲਦੇ ਹਨ। ਏਸੇ ਤਰ੍ਹਾਂ ਗੁਰੂ ਜੀ ਜਾਮਣ ਪਿੰਡ ਕੁੱਝ ਦਿਨ ਪ੍ਰੇਮੀ ਭਗਤਾਂ ਦੇ ਟਿਕਾਏ ਟਿਕੇ ਰਹੇ। ਓਥੋਂ ਛਾਂਗੇ ਮਾਂਗੇ ਪਿੰਡ ਪਾਸ ਜਿੱਥੇ ਹੁਣ ਛੋਟਾ ਨਨਕਿਆਣਾ, ਤਲਾਬ ਤੇ ਗੁਰਦਵਾਰਾ ਹੈ ਜੰਗਲ ਵਿੱਚ ਜਾ ਬੈਠੇ। ਆਸੇ ਪਾਸੇ ਦੇ ਪਿੰਡ ਸਤਸੰਗੀ ਬਣ ਗਏ। ਓਨ੍ਹਾਂ ਨੂੰ ਸੁਧਾਰ ਕੇ ਜਦ ਕਸਬੇ ਚੂਹਣੀ ਪਹੁੰਚੇ ਤਾਂ ਬਾਬੇ ਦੇ ਦਰਸ਼ਨ ਨੂੰ ਬਹੁਤ ਲੋਕ ਆਵਣ। ਪਿੰਡ ਵਿੱਚੋਂ ਬਾਬੇ ਦੇ ਗੁਣਾਂ ਦੀ ਚਰਚਾ ਸੁਣ ਕੇ ਮਹੰਤ ਜਾਨਕੀ ਪ੍ਰਸ਼ਾਦ, ਸੱਤਨਾਥ ਕੰਨਪਾਟਾ ਜੋਗੀ, ਰੂਪਾ ਭਗਤ, ਸ਼ੇਖ ਦਾਊਦ ਕਿਰਮਾਨੀ, ਪੀਰ ਗੰਜ ਬਖਸ਼, ਜਿਸ ਦਾ ੯੭੮ ਹਿਜਰੀ ੧੬੨੨ ਬਿਕ੍ਰਮੀ ਨੂੰ ਮਰਣੇ ਪਰ ਓਥੇ ਹੀ ਮਜਾਰ ਬਣਿਆ ਹੋਇਆ ਹੈ; ਏਹੋ ਜੇਹੇ ਨਾਮੀ ਨਾਮੀ ਪੁਰਖ ਆਏ। ਗਿਆਨ ਵਿਚਾਰ ਸੁਣਿਆ ਸੁਣਾਇਆ, ਬਹੁਤ ਖ਼ੁਸ਼ੀ ਹੋਏ। ਕਈ ਦਿਨ ਗੁਰੂ ਜੀ ਨੂੰ ਓਨ੍ਹਾਂ ਨੇ ਆਪਣੇ ਪਾਸ ਰੱਖਿਆ।

ਬਾਬੇ ਜੀ ਨੇ ਮਰਦਾਨੇ ਨੂੰ ਦੋ ਪੈਸੇ ਦੇ ਕੇ, ਇੱਕ ਦਾ ਸੱਚ ਇੱਕ ਦਾ ਝੂਠ ਖਰੀਦਣ ਭੇਜਿਆ। ਮਰਦਾਨਾ ਸਾਰੇ ਬਾਜ਼ਾਰ ਫਿਰਿਆ। ਸੱਚ ਝੂਠ ਮੰਗੇ। ਕੋਈ ਦੇਵੇ ਨਹੀਂ, ਸਗੋਂ ਹਾਸੀ ਕਰਨ। ਇੱਕ {ਮੂਲਾ ਖੱਤ੍ਰੀ} ਮੂਲੇ ਨਾਮ ਖੱਤ੍ਰੀ ਨੇ ਦੋਵੇਂ ਪੈਸੇ ਲੈ ਕੇ ਇੱਕ ਕਾਗ਼ਜ਼ ਪਰ {ਮਰਨਾ ਸੱਚ, ਜੀਵਨ ਝੂਠ} 'ਜੀਵਣਾ ਝੂਠ' ਦੂਜੇ ਪਰ 'ਮਰਣਾ ਸੱਚ' ਲਿਖ ਦਿੱਤਾ। ਬਾਬੇ ਨੇ ਦੋਵੇਂ ਕਾਗ਼ਜ਼ ਫ਼ਕੀਰ ਨੂੰ ਦਿਖਾ ਕੇ ਕਾਯਲ ਕਰ ਓਦੂੰ ਪਾਸਿਓਂ ਹਟਾ ਕੇ ਰੱਬ ਦੀ ਬੰਦਗੀ ਵਿੱਚ ਜੋੜਿਆ ਤੇ ਓਸ ਖਤਰੇਟੇ ਨੂੰ ਬੁਲਾ

ਕੇ ਆਖਿਆ, "ਜੇ ਤੂੰ ਮਰਨਾ ਸੱਚ ਮੰਨਿਆ ਹੈ, ਤਾਂ ਕੁਟੰਬ ਛੱਡ ਸਾਡੇ ਨਾਲ ਚੱਲ।" ਉਸ ਦੇ ਭਾਗ ਜਾਗੇ। ਹੱਟੀ ਲੁਟਾ ਕੇ ਨਾਲ ਹੋ ਤੁਰਿਆ। ਓਥੋਂ ਤੁਰ ਕੇ ਪਸਰੂਰ ਮਿੱਠੇ ਦੇ ਕੋਟਲੇ ਪਹੁੰਚੇ, ਓਥੋਂ ਦੇ ਲੋਕਾਂ ਨੂੰ ਸੁਧਾਰ ਮਿੱਠਣ ਸ਼ਾਹ ਪੀਰ ਦਾ ਹੰਕਾਰ ਤੋੜਿਆ। ਮਾਝੇ ਦੇਸ਼ ਵਿੱਚ ਏਧਰ ਓਧਰ ਵਿਚਰ ਕੇ ਬੇਅੰਤ ਲੋਕਾਂ ਦਾ ਭਲਾ ਕੀਤਾ। ਠੱਗਾਂ ਤੋਂ ਛੁਡਾਇ, ਜਮਜਾਲ ਤੇ ਬਚਾਏ। ਅਰਥਾਤ:

ਨਾਨਕ ਜਿਨ੍ ਕਉ ਸਤਿਗੁਰੁ ਮਿਲਿਆ
ਤਿਨ੍ ਕਾ ਲੇਖਾ ਨਿਬੜਿਆ ॥੧੮॥੧॥੨॥

(ਆਸਾ ਪਟੀ, ਮਃ ੩ - ੪੩੫)

ਆਪ ਜਾਣਦੇ ਹੋ ਸੰਤ, ਨਦੀ, ਮੇਘ, ਏਹ ਸਿੱਧੇ ਰਾਹ ਨਹੀਂ ਤੱਕਦੇ, ਇੱਛਾ ਅਨੁਸਾਰ ਚੱਲਦੇ ਹਨ। ਏਸੇ ਤਰ੍ਹਾਂ ਗੁਰੂ ਜੀ ਜਾਮਣ ਪਿੰਡ ਕੁੱਝ ਦਿਨ ਪ੍ਰੇਮੀ ਭਗਤਾਂ ਦੇ ਟਿਕਾਏ ਟਿਕੇ ਰਹੇ। ਓਥੋਂ ਛਾਂਗੇ ਮਾਂਗੇ ਪਿੰਡ ਪਾਸ ਜਿੱਥੇ ਹੁਣ ਛੋਟਾ ਨਨਕਿਆਣਾ ਤਲਾਬ ਤੇ ਗੁਰਦਵਾਰਾ ਹੈ ਜੰਗਲ ਵਿੱਚ ਜਾ ਬੈਠੇ। ਆਸੇ ਪਾਸੇ ਦੇ ਪਿੰਡ ਸਤਸੰਗੀ ਬਣ ਗਏ। ਓਨ੍ਹਾਂ ਨੂੰ ਸੁਧਾਰ ਕੇ ਜਦ ਕਸਬੇ ਚੂਹਣੀ ਪਹੁੰਚੇ, ਤਾਂ ਬਾਬੇ ਦੇ ਦਰਸ਼ਨ ਨੂੰ ਬਹੁਤ ਲੋਕ ਆਵਣ। ਪਿੰਡ ਵਿੱਚੋਂ ਬਾਬੇ ਦੇ ਗੁਣਾਂ ਦੀ ਚਰਚਾ ਸੁਣ ਕੇ ਮਹੰਤ ਜਾਨਕੀ ਪ੍ਰਸ਼ਾਦ, ਸੱਤਨਾਥ ਕੰਨਪਾਟਾ ਜੋਗੀ, ਰੂਪਾ ਭਗਤ, ਸ਼ੇਖ ਦਾਊਦ ਕਿਰਮਾਨੀ, ਪੀਰ ਗੰਜ ਬਖ਼ਸ਼; ਜਿਸ ਦਾ ੯੭੮ ਹਿਜ਼ਰੀ ੧੬੭੭ ਬਿਕ੍ਰਮੀ ਨੂੰ ਮਰਣੇ ਪਰ ਓਥੇ ਹੀ ਮਜਾਰ ਬਣਿਆ ਹੋਇਆ ਹੈ, ਏਹੋ ਜੇਹੇ ਨਾਮੀ ਨਾਮੀ ਪੁਰਖ ਆਏ। ਗਿਆਨ ਵਿਚਾਰ ਸੁਣਿਆ ਸੁਣਾਇਆ। ਬਹੁਤ ਖ਼ੁਸ਼ੀ ਹੋਏ। ਕਈ ਦਿਨ ਗੁਰੂ ਜੀ ਨੂੰ ਓਨ੍ਹਾਂ ਨੇ ਆਪਣੇ ਪਾਸ ਰੱਖਿਆ।

www.ik13.com Humble service provided by Bhai Baljinder Singh (Rara Sahib) Email: rarasahib@yahoo.com

ਪਹੋਏ ਪਹੁੰਚੇ

ਓਥੋਂ ਸਤਲੁਜ ਪਾਰ ਹੋ ਮਾਲਵੇ ਦੇਸ਼ ਦਾ ਸੈਲ ਕਰਦੇ ਹੋਏ ਪਹੋਏ ਤੀਰਥ ਸੁਰੱਸ੍ਵਤੀ ਨਦੀ ਕਿਨਾਰੇ ਜਾ ਬੈਠੇ। ਸੰਮਤ ੧੫੬੧ ਬਿਕ੍ਰਮੀ ਚੇਤ ਚੌਦੇਂ ਦੇ ਮੇਲੇ ਪਰ ਲੋਕਾਂ ਨੂੰ ਪਿੰਡ ਭਰਾਉਂਦੇ ਤੇ ਪੰਡਿਆਂ ਨੂੰ ਜਾਲ ਪਾਇ ਲੁੱਟਦੇ ਦੇਖ ਕੇ ਬਾਬੇ ਆਖਿਆ, "ਜੀਵ ਆਪਣੀ ਕਰਣੀ ਨਾਲ ਤਰਦੇ ਡੁੱਬਦੇ ਹਨ। ਤੁਸੀਂ ਜੋ ਕੁਰਖੇਤ੍ਰ ਮਹਾਤਮ ਵਿੱਚ ਲਿਖਿਆ ਹੈ, ਕਿਸੇ ਇਸਤ੍ਰੀ ਦਾ ਕਾਨ ਫ਼ੁੱਲ ਇਸ਼ਨਾਨ ਕਰਨ ਲੱਗਿਆਂ ਤੀਰਥ ਵਿੱਚ ਡਿੱਗ ਪਿਆ। ਦੂਜੇ ਦਿਨ ਕੱਢਿਆ ਤਾਂ ਰਥ ਦੇ ਪਹੀਏ ਜੇਡਾ ਨਿੱਕਲਿਆ। ਏਤਨਾ ਪੁੰਨ ਏਥੇ ਰੋਜ਼ ਵਧਦਾ ਹੈ ਤਾਂ ਪਾਪ ਭੀ ਏਤਨਾ ਹੀ ਵਧਦਾ ਹੋਊ। ਤਾਂ ਤੇ ਤੁਸੀਂ ਜੋ ਛਲ ਵਲ ਕਰ ਝੂਠ ਬੋਲ ਕੇ ਲੈਂਦੇ ਹੋ, ਏਹ ਛੱਡ ਕੇ ਪ੍ਰਮੇਸ਼੍ਵਰ ਦੀ ਭਗਤੀ ਕਰੋ ਕਰਾਓ। ਸੰਤੋਖ ਰੱਖੋ। ਜਿਨ੍ਹਾਂ ਪਿੱਛੇ ਤੁਸੀਂ ਫਿਰਦੇ ਹੋਏ ਦੀਨਤਾ ਕਰਦੇ ਹੋ, ਏਹ ਤੁਸਾਡੇ ਪਿੱਛੇ ਫਿਰਨਗੇ। ਬਾਕੀ ਜਿਨ੍ਹਾਂ ਤੋਂ ਤੁਸੀਂ ਪੁੰਨ ਲੈਂਦੇ ਹੋ, ਓਨ੍ਹਾਂ ਨੂੰ ਈਸ਼੍ਵਰ ਤੁਸਾਂ ਪਾਸੋਂ ਦਿਵਾਊ। ਪਏ ਬਲਦ, ਸੰਢੇ, ਗਧੇ ਬਣ ਕੇ ਲੇਖਾ ਦਿਓਗੇ।" ਓਹ ਬੋਲੇ, "ਕਾਜ਼ੀ ਮੁੱਲਾਂ ਫ਼ਕੀਰ ਏਸੇ ਤਰ੍ਹਾਂ ਪੁੰਨ ਦਾਨ ਦੀ ਮਹਿਮਾ ਸੁਣਾ ਕੇ ਲੈਂਦੇ ਹਨ।" ਤਾਂ ਬਾਬੇ ਜੀ ਨੇ ਸ਼ਬਦ ਵਿੱਚ ਉੱਤਰ ਦਿੱਤਾ। ਯਥਾ:

ਸਲੋਕੁ ਮਃ ੧ ॥
ਕੂੜੁ ਬੋਲਿ ਮੁਰਦਾਰੁ ਖਾਇ ॥ ਅਵਰੀ ਨੋ ਸਮਝਾਵਣਿ ਜਾਇ ॥
ਮੁਠਾ ਆਪਿ ਮੁਹਾਏ ਸਾਥੈ ॥ ਨਾਨਕ ਐਸਾ ਆਗੂ ਜਾਪੈ ॥੧॥

(ਵਾਰ-ਮਾਝ, ਮਃ ੧ - ੧੩੯)

ਕਾਦੀ ਕੂੜੁ ਬੋਲਿ ਮਲੁ ਖਾਇ ॥ ਬ੍ਰਾਹਮਣੁ ਨਾਵੈ ਜੀਆ ਘਾਇ ॥
ਜੋਗੀ ਜੁਗਤਿ ਨ ਜਾਣੈ ਅੰਧੁ ॥ ਤੀਨੇ ਓਜਾੜੇ ਕਾ ਬੰਧੁ ॥੨॥

(ਧਨਾਸਰੀ, ਮਃ ੧ - ੬੬੨)

ਬਾਬੇ ਆਖਿਆ, "ਕੂੜ ਬੋਲਣਾ, ਪੁੰਨ ਲੈ ਖਾਣਾ ਅੱਛਾ ਨਹੀਂ ਹੁੰਦਾ। ਤਾਂ ਤੇ ਸਤਿਨਾਮ ਵਾਹਿਗੁਰੂ ਮੰਤ੍ਰ ਜਪੋ। ਏਹ ਸਾਰੇ ਕੁਕਰਮਾਂ ਦੇ ਕਾਸ਼ਟ ਨੂੰ ਦਾਹ ਕਰਨ ਵਾਲਾ ਹੈ। ਦਾਨ ਲੈਣਾ ਦੇਣਾ, ਵਿੱਦਿਆ ਪੜ੍ਹਨੀ ਪੜ੍ਹਾਉਣੀ, ਜੱਗ ਕਰਨਾ ਕਰਾਉਣਾ ਏਹ ਛੀ ਕਰਮ ਜੋ ਬ੍ਰਾਹਮਣਾਂ ਦੇ ਹਨ; ਓਹ ਭਲਾ ਕੈਸੇ ਹੋਵੇ? ਤਾਂ ਤੇ ਜੋ ਦਾਨ ਲਓ ਓਸ ਤੋਂ ਚੌਥਾ ਹਿੱਸਾ ਗ਼ਰੀਬਾਂ ਨੂੰ ਖੁਲਾਯਾ ਕਰੋ। ਤਾਂ ਸੁਰਖਰੂ ਹੋਵੋਗੇ ਕਿਉਂਕਿ:

ਘਾਲਿ ਖਾਇ ਕਿਛੁ ਹਥਹੁ ਦੇਇ ॥
ਨਾਨਕ ਰਾਹੁ ਪਛਾਣਹਿ ਸੇਇ ॥੧॥

(ਵਾਰ-ਸਾਰਗ, ਮਃ ੧ - ੧੨੪੫)

ਬਾਬੇ ਜੀ ਦਾ ਬਚਨ ਮੰਨ ਕੇ ਅਨੇਕ ਬਿੱਪ੍ਰ ਭਗਤੀ ਦਾਨ ਕਰਨ ਲੱਗ ਪਏ।

ਕੁਰਖੇਤ੍ਰ ਪਰ ਗਏ

ਪਹੋਏ ਤੋਂ ਚੱਲ ਕੇ ਗੁਰੂ ਜੀ ਸੂਰਜ ਗ੍ਰਹਿਣ ਨੂੰ ਕੁਰਖੇਤ੍ਰ ਪਹੁੰਚੇ। ਪਹਿਲੇ ਸਿੱਧਾਂ ਨਾਲ ਚਰਚਾ ਹੋਈ (ਜਿੱਥੇ ਸਿੱਧ ਬਟੀ ਨਾਮ ਹੁਣ ਗੁਰੂ ਕੀ ਜਗ੍ਹਾ ਹੈ) ਫੇਰ ਸਨੇਹਤ ਤੀਰਥ ਕਿਨਾਰੇ ਆ ਬੈਠੇ। ਭਾਈ ਮਰਦਾਨੇ ਤੋਂ ਰਬਾਬ ਵਜਵਾ ਕੇ ਸ਼ਬਦ ਗਾਵਿਆ ਜੋ ਸੁਣ ਕੇ ਸਭ ਲੋਕ ਅਨੰਦ ਹੋਏ। ਤਦੋਂ ਹਾਂਸੀ ਵਾਲੇ ਰਾਜੇ ਅੰਮ੍ਰਿਤ ਰਾਇ ਦੇ ਬੇਟੇ ਜਗਤ ਰਾਇ ਨੇ ਮ੍ਰਿਗ ਸ਼ਿਕਾਰ ਕੀਤਾ ਹੋਇਆ ਗੁਰੂ ਜੀ ਅੱਗੇ ਲਿਆ ਰੱਖਿਆ। ਏਹ ਨਾਨਕ ਪ੍ਰਕਾਸ਼ ਵਿੱਚ ਲਿਖਿਆ ਹੈ ਤੇ ਜਨਮ ਸਾਖੀ ਵਿੱਚ ਬੱਕਰੀ ਦਾ ਮਾਸ ਮੰਗਵਾਇਆ ਲਿਖਿਆ ਹੈ। ਕੁਛ ਹੋਵੇ, ਗੁਰੂ ਜੀ ਨੇ ਮੇਲੇ ਵਿੱਚ ਆਏ ਹੋਏ ਲੋਕਾਂ ਨੂੰ ਆਪਣੀ ਤਰਫ {ਗ੍ਰਹਿਣ ਸਮੇਂ ਮਾਸ ਰਿੰਨ੍ਹਣਾ} ਰੁਜੂ ਕਰਨ ਲਈ ਗ੍ਰਹਿਣ ਦੇ ਸਮੇਂ ਮਾਸ ਰਿੰਨ੍ਹਣਾ ਧਰਵਾ ਦਿੱਤਾ ਤੇ ਕੁਛ ਚੀਲ੍ਹਾਂ ਨੂੰ ਬਟਵਾਯਾ, ਜਿਸ ਤੋਂ ਸਭ ਲੋਕ ਬਾਬੇ ਦੇ ਗਿਰਦੇ ਆ ਹੋਏ। ਬੜਾ ਰੌਲਾ ਪਿਆ, ਜਿਤਨੇ ਮੂੰਹ ਉਤਨੀ ਭਾਖਯਾ ਹੋਈ। ਏਸ ਵੇਲੇ ਬਾਬੇ ਨਾਨਕ ਜੀ ਜੈਸੇ ਨਿਰਭੈ ਤੇ ਸ਼ਕਤੀ ਵਾਲੇ ਪੁਰਸ਼ ਦਾ ਹੀ ਕੰਮ ਸੀ ਜੋ ਮਤਸਰ ਤੇ ਕ੍ਰੋਧ ਅਗਨੀ ਨਾਲ ਤਪੇ ਹੋਏ ਹਜ਼ਾਰਾਂ ਲੋਕਾਂ ਨੂੰ ਆਪਣੇ ਬਚਨ ਰੂਪੀ ਅੰਮ੍ਰਿਤ ਦੀ ਬਰਖਾ ਕਰ ਕੇ ਸ਼ਾਂਤਿ ਕਰ ਦਿੱਤਾ। ਨਾਨੂ ਪੰਡਿਤ; {ਨਾਨੂ ਪੰਡਿਤ ਨਾਲ ਚਰਚਾ} ਜੋ ਭਵਿੱਖਤ ਪੁਰਾਣ ਦੇ ਅਨੁਸਾਰ ਆਪ ਨੂੰ ਨਾਨਕ ਅਵਤਾਰ ਪ੍ਰਸਿੱਧ ਕਰਦਾ ਸੀ, ਓਸ ਨਾਲ ਚਰਚਾ ਹੋਣ ਲੱਗੀ। ਭਲਾ ਸੂਰਜ ਅੱਗੇ ਦੀਵੇ ਦਾ ਤੇਜ਼ ਕਿਸ ਨੂੰ ਪਸੰਦ ਹੋਣਾ ਸੀ? ਹਾਰ ਕੇ ਨਾਨੂੰ ਪੰਡਿਤ ਦੀ ਜਦ ਹੋਰ ਕੁਛ ਪੇਸ਼ ਨਾ ਚੱਲੀ, ਤਾਂ ਆਖਿਆ, "ਤੁਸੀਂ ਹਿੰਦੂ ਹੋ ਕੇ ਗ੍ਰਹਿਣ ਵਿੱਚ ਮਾਸ ਕਿਉਂ ਚੜ੍ਹਾਯਾ ਹੈ?" ਤਾਂ ਬਾਬੇ ਨੇ ਸ਼ਬਦ ਬੋਲਿਆ:

ਸਲੋਕ ਮਃ ੧ ॥
ਪਹਿਲਾਂ ਮਾਸਹੁ ਨਿੰਮਿਆ ਮਾਸੈ ਅੰਦਰਿ ਵਾਸੁ ॥
ਜੀਉ ਪਾਇ ਮਾਸੁ ਮੁਹਿ ਮਿਲਿਆ ਹਡੁ ਚੰਮੁ ਤਨੁ ਮਾਸੁ ॥
ਮਾਸਹੁ ਬਾਹਰਿ ਕਢਿਆ ਮੰਮਾ ਮਾਸੁ ਗਿਰਾਸੁ ॥
ਮੁਹੁ ਮਾਸੈ ਕਾ ਜੀਭ ਮਾਸੈ ਕੀ ਮਾਸੈ ਅੰਦਰਿ ਸਾਸੁ ॥
ਵਡਾ ਹੋਆ ਵੀਆਹਿਆ ਘਰਿ ਲੈ ਆਇਆ ਮਾਸੁ ॥
ਮਾਸਹੁ ਹੀ ਮਾਸੁ ਊਪਜੈ ਮਾਸਹੁ ਸਭੋ ਸਾਕੁ ॥
ਸਤਿਗੁਰਿ ਮਿਲਿਐ ਹੁਕਮੁ ਬੁਝੀਐ ਤਾਂ ਕੋ ਆਵੈ ਰਾਸਿ ॥
ਆਪਿ ਛੁਟੇ ਨਹ ਛੂਟੀਐ ਨਾਨਕ ਬਚਨਿ ਬਿਣਾਸੁ ॥੧॥

(ਵਾਰ-ਮਲਾਰ, ਮਃ ੧ - ੧੨੮੯)

ਮਃ ੧ ॥
ਮਾਸੁ ਮਾਸੁ ਕਰਿ ਮੂਰਖੁ ਝਗੜੇ ਗਿਆਨੁ ਧਿਆਨੁ ਨਹੀ ਜਾਣੈ ॥
ਕਉਣੁ ਮਾਸੁ ਕਉਣੁ ਸਾਗੁ ਕਹਾਵੈ ਕਿਸੁ ਮਹਿ ਪਾਪ ਸਮਾਣੇ ॥
ਗੈਂਡਾ ਮਾਰਿ ਹੋਮ ਜਗ ਕੀਏ ਦੇਵਤਿਆ ਕੀ ਬਾਣੇ ॥
ਮਾਸੁ ਛੋਡਿ ਬੈਸਿ ਨਕੁ ਪਕੜਹਿ ਰਾਤੀ ਮਾਣਸ ਖਾਣੇ ॥
ਫੜੁ ਕਰਿ ਲੋਕਾਂ ਨੋ ਦਿਖਲਾਵਹਿ ਗਿਆਨੁ ਧਿਆਨੁ ਨਹੀ ਸੂਝੈ ॥
ਨਾਨਕ ਅੰਧੇ ਸਿਉ ਕਿਆ ਕਹੀਐ ਕਹੈ ਨ ਕਹਿਆ ਬੂਝੈ ॥
ਅੰਧਾ ਸੋਇ ਜਿ ਅੰਧੁ ਕਮਾਵੈ ਤਿਸੁ ਰਿਦੈ ਸਿ ਲੋਚਨ ਨਾਹੀ ॥
ਮਾਤ ਪਿਤਾ ਕੀ ਰਕਤੁ ਨਿਪੰਨੇ ਮਛੀ ਮਾਸੁ ਨ ਖਾਂਹੀ ॥
ਇਸਤ੍ਰੀ ਪੁਰਖੈ ਜਾਂ ਨਿਸਿ ਮੇਲਾ ਓਥੈ ਮੰਧੁ ਕਮਾਹੀ ॥
ਮਾਸਹੁ ਨਿੰਮੇ ਮਾਸਹੁ ਜੰਮੇ ਹਮ ਮਾਸੈ ਕੇ ਭਾਂਡੇ ॥
ਗਿਆਨੁ ਧਿਆਨੁ ਕਛੁ ਸੂਝੈ ਨਾਹੀ ਚਤੁਰੁ ਕਹਾਵੈ ਪਾਂਡੇ ॥

ਬਾਹਰ ਕਾ ਮਾਸੁ ਮੰਦਾ ਸੁਆਮੀ ਘਰ ਕਾ ਮਾਸੁ ਚੰਗੇਰਾ ॥
ਜੀਅ ਜੰਤ ਸਭਿ ਮਾਸਹੁ ਹੋਏ ਜੀਇ ਲਇਆ ਵਾਸੇਰਾ ॥
ਅਭਖੁ ਭਖਹਿ ਭਖੁ ਤਜਿ ਛੋਡਹਿ ਅੰਧੁ ਗੁਰੂ ਜਿਨ ਕੇਰਾ ॥
ਮਾਸਹੁ ਨਿੰਮੇ ਮਾਸਹੁ ਜੰਮੇ ਹਮ ਮਾਸੈ ਕੇ ਭਾਂਡੇ ॥
ਗਿਆਨੁ ਧਿਆਨੁ ਕਛੁ ਸੂਝੈ ਨਾਹੀ ਚਤੁਰੁ ਕਹਾਵੈ ਪਾਂਡੇ ॥
ਮਾਸੁ ਪੁਰਾਣੀ ਮਾਸੁ ਕਤੇਬੀ ਚਹੁ ਜੁਗਿ ਮਾਸੁ ਕਮਾਣਾ ॥
ਜਜਿ ਕਾਜਿ ਵੀਆਹਿ ਸੁਹਾਵੈ ਓਥੈ ਮਾਸੁ ਸਮਾਣਾ ॥
ਇਸਤ੍ਰੀ ਪੁਰਖ ਨਿਪਜਹਿ ਮਾਸਹੁ ਪਾਤਿਸਾਹ ਸੁਲਤਾਨਾਂ ॥
ਜੇ ਓਇ ਦਿਸਹਿ ਨਰਕਿ ਜਾਂਦੇ ਤਾਂ ਉਨ੍ ਕਾ ਦਾਨੁ ਨ ਲੈਣਾ ॥
ਦੇਂਦਾ ਨਰਕਿ ਸੁਰਗਿ ਲੈਦੇ ਦੇਖਹੁ ਏਹੁ ਧਿਙਾਣਾ ॥
ਆਪਿ ਨ ਬੂਝੈ ਲੋਕ ਬੁਝਾਏ ਪਾਂਡੇ ਖਰਾ ਸਿਆਣਾ ॥
ਪਾਂਡੇ ਤੂ ਜਾਣੈ ਹੀ ਨਾਹੀ ਕਿਥਹੁ ਮਾਸੁ ਉਪੰਨਾ ॥
ਤੋਇਅਹੁ ਅੰਨੁ ਕਮਾਦੁ ਕਪਾਹਾਂ ਤੋਇਅਹੁ ਤ੍ਰਿਭਵਣੁ ਗੰਨਾ ॥
ਤੋਆ ਆਖੈ ਹਉ ਬਹੁ ਬਿਧਿ ਹਛਾ ਤੋਐ ਬਹੁਤੁ ਬਿਕਾਰਾ ॥
ਏਤੇ ਰਸ ਛੋਡਿ ਹੋਵੈ ਸੰਨਿਆਸੀ ਨਾਨਕੁ ਕਹੈ ਵਿਚਾਰਾ ॥੨॥

(ਵਾਰ-ਮਲਾਰ, ਮਃ ੧ - ੧੨੮੯/੯੦)

ਏਹ ਸ਼ਬਦ ਸੁਣ ਕੇ ਅਤੇ {ਹਾਂਡੀ ਵਿੱਚ ਖੀਰ ਰਿੰਨ੍ਹਦੀ ਦੇਖੀ} ਹਾਂਡੀ ਵਿੱਚ ਖੀਰ ਰਿਝਦੀ ਦੇਖ ਨਾਨੂ ਆਦਿਕ ਸਭ ਲੋਕ ਗੁਰੂ ਜੀ ਨੂੰ ਸੱਚਾ ਸੱਤਪੁਰਖ ਸ਼ਕਤੀਵਾਨ ਮੰਨਣ ਲੱਗੇ।

ਫੇਰ ਬਾਬੇ ਨੇ ਆਖਿਆ, "ਸੂਰਜ, ਚੰਦ, ਤਾਰੇ, ਧਰਤੀ ਏਹ ਸਭ ਈਸ਼੍ਵਰ ਦੀ ਕੁਦਰਤ ਦੇ ਰਚੇ ਹੋਏ ਸ਼ਸ਼ਮਾਰ ਚੱਕ੍ਰ ਪੌਣ ਦੇ ਆਸਰੇ ਆਪਣੇ ਆਪਣੇ ਕਾਇਦੇ ਪਰ ਹਿਸਾਬ ਨਾਲ ਧਰਤੀ ਦੀ ਛਾਯਾ ਉੱਤੇ ਪੈਂਦੀ ਹੈ ਤਾਂ ਓਨ੍ਹਾਂ ਦਾ ਤੇਜ਼ ਦਬ ਜਾਂਦਾ ਹੈ। ਓਸੇ ਨੂੰ ਗ੍ਰੈਹਣ ਆਖੀਦਾ ਹੈ। ਸੋ ਭੀ ਸਾਰੇ ਮੁਲਕਾਂ ਵਿੱਚ ਨਹੀਂ ਹੁੰਦਾ। ਜੀਕੂੰ ਮੇਘ ਦੀ ਛਾਇਆ ਜਿਤਨੇ ਮਨੁੱਖਾਂ ਦੀਆਂ ਅੱਖੀਆਂ ਅੱਗੇ ਆਂਵਦੀ ਹੈ, ਓਹੋ ਚੰਦ ਸੂਰਜ ਨੂੰ ਢਕਿਆ ਹੋਇਆ ਵੇਖਦੇ ਹਨ। ਏਹੋ ਹਿਸਾਬ ਗ੍ਰੈਹਣ ਦਾ ਹੈ। ਹੋਰ ਰਾਹੂ ਕੇਤੂ ਕੋਈ ਨਹੀਂ। ਏਹ ਸਜਾਣੇ ਪੰਡਤਾਂ ਦੇ ਪੁੰਨ ਦਾਨ ਕਰਾਵਣ ਦੇ ਬਹਾਨੇ ਥਾਪੇ ਹੋਏ ਹਨ, ਕਿਉਂਕਿ ਬਿਨਾਂ ਸਬੱਬ ਦੇ ਪੁਰਖ ਪੁੰਨ ਨਹੀਂ ਕਰਦੇ। ਜਿਸ ਤੋਂ ਇਸ਼ਨਾਨ ਦਾਨ ਦਾ ਤੁਸਾਨੂੰ ਲੱਭੇਗਾ। ਏਹ ਰਿਵਾਜ ਭੀ ਹਿੰਦੂਆਂ ਵਿੱਚ ਹੀ ਹੈ। ਜੇ ਸੂਰਜ ਚੰਦ ਨੂੰ ਫਾਇਦਾ ਪਹੁੰਚਦਾ ਹੋਵੇ ਤਾਂ ਸਾਰੇ ਹੀ ਮਜ਼੍ਹਬ ਕਰਦੇ, ਕਿਉਂਕਿ ਸੂਰਜ ਚੰਦ ਤਾਂ ਸਭ ਦੇ ਸਾਂਝੇ ਹਨ।" ਬਾਬੇ ਦੇ ਏਹੋ ਜੇਹੇ ਸੱਚੇ ਧਰਮ ਦੇ ਉਪਦੇਸ਼ ਸੁਣ ਕੇ ਬਹੁਤ ਲੋਕ ਸੇਵਕ ਬਣ ਗਏ। ਥਨੇਸਰੋਂ ਚੱਲ ਕੇ ਕਰਨਾਲ; ਜੋ ਓਦੋਂ ਮਾਜਰਾ ਸੀ, ਇੱਕ ਪਿੱਪਲ ਹੇਠ ਜਾ ਬੈਠੇ। ਸ਼ੇਖ ਸਰਫ ਪਾਨੀਪਤ ਵਾਲੇ ਬੋਲੀ ਕਲੰਦ੍ਰ ਦਾ ਚੇਲਾ; ਜੋ ਓਥੇ ਆਪਣੇ ਚੇਲੇ ਸ਼ੇਖ ਟਟੀਰੋ ਪਾਸ ਆਯਾ ਹੋਯਾ ਸੀ, ਓਸ ਨਾਲ ਗੋਸ਼ਟ ਹੋਈ।

ਰਾਜਾ ਬਿਜੈ ਪ੍ਰਕਾਸ਼ ਨੂੰ ਉਪਦੇਸ਼

ਓਥੋਂ ਚੱਲ ਕੇ ਰਸਤੇ ਵਿੱਚ ਅਨੇਕ ਭਗਤਾਂ ਸੰਤਾਂ ਨੂੰ ਮਿਲਦੇ ਹੋਏ ਸੰਮਤ ੧੫੬੨ ਬਿਕ੍ਰਮੀ ਨੂੰ ਮੇਲੇ ਵੈਸਾਖੀ ਦੇ ਸਮੇਂ ਹਰਿਦੁਵਾਰ ਗੰਗਾ ਕਿਨਾਰੇ; ਜਿੱਥੇ ਹੁਣ ਨਾਨਕ ਵਾੜਾ ਹੈ, ਜਾ ਬੈਠੇ। ਭਾਈ ਮਰਦਾਨੇ ਦਾ ਰਬਾਬ, ਗੁਰੂ ਕਾ ਸ਼ਬਦ (ਜੋ ਰਾਗ ਪਾ ਕੇ ਗਾਉਂਦੇ ਸੇ) ਸੁਣ ਕੇ ਬਹੁਤ ਲੋਕ ਬਾਬੇ ਦੇ ਪ੍ਰੇਮੀ ਬਣ ਗਏ। ਸੰਨਯਾਸੀ, ਬੈਰਾਗੀ, ਜੋਗੀ, ਪੰਡਿਤ ਖੁਣਸਾ ਕੇ ਚਰਚਾ ਕਰਨ ਲੱਗੇ। ਬਾਬਾ ਜੀ ਸਭ ਦੇ ਮਤ ਖੰਡ ਕੇ ਪ੍ਰਮੇਸ਼ਰ ਦੀ ਭਗਤੀ ਦ੍ਰਿੜਾਉਂਦੇ ਰਹੇ, ਜਿਸ ਤੋਂ ਓਹ ਸਭ ਓਸ ਸੂਰਜ ਦੇ ਅੱਗੇ ਟਟਾਣੇ ਹੋ ਗਏ।

ਬਾਬੇ ਦਾ ਜੱਸ ਸੁਣ ਕੇ ਗੜ੍ਹਵਾਲ ਦੇ ਰਾਜੇ ਬਿਜੈ ਪ੍ਰਕਾਸ਼ ਨੇ ਬਾਬੇ ਦਾ ਦਰਸ਼ਨ ਕਰ ਕੇ ਪੁੱਛਿਆ, "ਤੁਸਾਡੀ ਜਾਤਿ ਕੀ ਹੈ ਤੇ ਫ਼ਕੀਰ ਕਿਉਂ ਹੋਏ? ਤੁਸਾਡਾ ਕੌਣ ਭੇਖ ਹੈ?" ਤਾਂ ਬਾਬਾ ਬੋਲਿਆ:

ਆਸਾ ਘਰੁ ੪ ਮਹਲਾ ੧
ੴ ਸਤਿਗੁਰ ਪ੍ਰਸਾਦਿ ॥
ਦੇਵਤਿਆ ਦਰਸਨ ਕੈ ਤਾਈ ਦੂਖ ਭੂਖ ਤੀਰਥ ਕੀਏ ॥
ਜੋਗੀ ਜਤੀ ਜੁਗਤਿ ਮਹਿ ਰਹਤੇ ਕਰਿ ਕਰਿ ਭਗਵੇ ਭੇਖ ਭਏ ॥੧॥
ਤਉ ਕਾਰਣਿ ਸਾਹਿਬਾ ਰੰਗਿ ਰਤੇ ॥
ਤੇਰੇ ਨਾਮ ਅਨੇਕਾ ਰੂਪ ਅਨੰਤਾ ਕਹਣੁ ਨ ਜਾਹੀ ਤੇਰੇ ਗੁਣ ਕੇਤੇ ॥੧॥ ਰਹਾਉ ॥
ਦਰ ਘਰ ਮਹਲਾ ਹਸਤੀ ਘੋੜੇ ਛੋਡਿ ਵਿਲਾਇਤਿ ਦੇਸ ਗਏ ॥
ਪੀਰ ਪੇਕਾਂਬਰ ਸਾਲਿਕ ਸਾਦਿਕ ਛੋਡੀ ਦੁਨੀਆ ਥਾਇ ਪਏ ॥੨॥
ਸਾਦ ਸਹਜ ਸੁਖ ਰਸ ਕਸ ਤਜੀਅਲੇ ਕਾਪੜ ਛੋਡੇ ਚਮੜ ਲੀਏ ॥
ਦੁਖੀਏ ਦਰਦਵੰਦ ਦਰਿ ਤੇਰੈ ਨਾਮਿ ਰਤੇ ਦਰਵੇਸ ਭਏ ॥੩॥
ਖਲੜੀ ਖਪਰੀ ਲਕੜੀ ਚਮੜੀ ਸਿਖਾ ਸੂਤੁ ਧੋਤੀ ਕੀਨ੍ਹੀ ॥
ਤੂੰ ਸਾਹਿਬੁ ਹਉ ਸਾਂਗੀ ਤੇਰਾ ਪ੍ਰਣਵੈ ਨਾਨਕੁ ਜਾਤਿ ਕੈਸੀ ॥੪॥੧॥੩੩॥

(ਆਸਾ, ਮਃ ੧ - ੩੫੮)

ਏਹ ਸ਼ਬਦ ਤੇ ਹੋਰ ਧਰਮ ਦਾ ਉਪਦੇਸ਼ ਗਿਆਨ ਚਰਚਾ ਸੁਣ ਕੇ ਭੇਖੀ ਅਭਿਮਾਨੀ ਲੋਕ ਸ਼ਰਮਿੰਦੇ ਹੋ ਗਏ ਤੇ ਰਾਜਾ ਖ਼ੁਸ਼ ਹੋਇਆ। ਆਪਣੇ ਨਗਰ ਲੈ ਜਾਣ ਵਾਸਤੇ ਜਤਨ ਕੀਤਾ ਪਰ ਬਾਬਾ ਜੀ ਨਾ ਗਏ। ਓਸੇ ਦੇ ਬੰਸ ਵਿੱਚੋਂ ਰਾਜੇ ਮਹਾਂ ਪ੍ਰਸ਼ਾਦ ਨੇ ਗੁਰੂ ਰਾਮਰਾਇ ਨੂੰ ਦੋ ਪਿੰਡ ਮਾਫ਼ੀ; ਜੋ ਹੁਣ ਤੱਕ ਦੇਹਰੇ ਰਾਮਰਾਇ ਦੇ ਨਾਮ ਹਨ, ਦੇ ਕੇ ਬੜੇ ਪ੍ਰੇਮ ਨਾਲ ਆਪਣੇ ਪਾਸ ਟਿਕਾਇਆ ਸੀ।

ਜਿੱਥੇ ਬਾਬਾ ਜੀ ਬ੍ਰਿਛ ਹੇਠ ਗੰਗਾ ਤੀਰੇ ਉੱਤਰੇ ਸਨ ਓਥੇ ਪਾਸ ਹੀ ਇੱਕ ਆਚਾਰੀ ਬੈਸਨੋਂ ਉੱਤਰੇ ਹੋਏ ਸਨ। ਭਾਈ ਮਰਦਾਨੇ ਨੇ ਓਨ੍ਹਾਂ ਤੋਂ ਅੱਗ ਮੰਗੀ। ਓਹ ਕ੍ਰੋਧ ਕਰ ਮਾਰਣ ਉੱਠ ਪਏ ਕਿ ਡੂੰਮ ਦ੍ਰਿਸ਼ਤ ਨਾਲ ਸਾਡਾ ਚੌਂਕਾ ਭ੍ਰਿਸ਼ਟ ਹੋ ਗਿਆ। ਹੋਰ ਬਥੇਰਾ ਵੱਧ ਘੱਟ ਬੋਲੇ। {ਕੁਬੁਧਿ ਡੂਮਣੀ} ਬਾਬੇ ਨੂੰ ਨਿੰਦਣ ਤੇ ਮਰਦਾਨੇ ਨੂੰ ਮਾਰਣ ਲੱਗੇ ਤਾਂ ਬਾਬੇ ਆਖਿਆ, "ਤੁਹਾਡੇ ਚੌਂਕੇ ਵਿੱਚ ਕਈ ਚੰਡਾਲ ਚੰਡਾਲੀਆਂ ਹਨ। ਤੁਸੀਂ ਕੀਕੂੰ ਪਵਿੱਤ੍ਰ ਕਹਿੰਦੇ ਹੋ?" ਓਹ ਬੋਲੇ, "ਤਪਾ ਹੋ ਕੇ ਕੂੜ ਕਿਉਂ ਬੋਲਦਾ ਹੈਂ?" ਤਾਂ ਬਾਬੇ ਸ਼ਲੋਕ ਉਚਾਰਿਆ:

ਸਲੋਕ ਮਃ ੧ ॥
ਕੁਬੁਧਿ ਡੂਮਣੀ ਕੁਦਇਆ ਕਸਾਇਣਿ
ਪਰ ਨਿੰਦਾ ਘਟ ਚੂਹੜੀ ਮੁਠੀ ਕ੍ਰੋਧਿ ਚੰਡਾਲਿ ॥
ਕਾਰੀ ਕਢੀ ਕਿਆ ਥੀਐ ਜਾਂ ਚਾਰੇ ਬੈਠੀਆ ਨਾਲਿ ॥

ਏਹ ਬਚਨ ਸੁਣ ਕੇ ਓਨ੍ਹਾਂ ਦੇ ਮਨ ਫਿਰ ਗਏ। ਸੱਚ ਬੋਲ ਦਿੱਤਾ, "ਏਹ ਤਾਂ ਠੀਕ ਹੈ ਪਰ ਏਨ੍ਹਾਂ ਤੋਂ ਕੈਸੇ ਬਚੀਏ?" ਤਾਂ ਬਾਬੇ ਬਚਣ ਦਾ ਉਪਾਇ ਦੱਸਿਆ:

ਸਚੁ ਸੰਜਮੁ ਕਰਣੀ ਕਾਰਾਂ ਨਾਵਣੁ ਨਾਉ ਜਪੇਹੀ ॥
ਨਾਨਕ ਅਗੈ ਊਤਮ ਸੇਈ ਜਿ ਪਾਪਾਂ ਪੰਦਿ ਨ ਦੇਹੀ ॥੧॥

(ਵਾਰ-ਸਿਰੀਰਾਗੁ, ਮਃ ੧ - ੯੧)

ਇਤਯਾਦਿਕ ਉਪਦੇਸ਼ ਮੰਨ ਕੇ ਸੱਚੇ ਰਸਤੇ ਭਗਤੀ ਗਿਆਨ ਦੇ ਪੈ ਕੇ ਕਲਿਆਣ ਦੇ ਅਧਿਕਾਰੀ ਹੋ ਗਏ।

ਸਿਕੰਦਰ ਬਾਦਸ਼ਾਹ ਨੂੰ ਉਪਦੇਸ਼

ਹਰਦਵਾਰ ਤੋਂ ਚੱਲ ਕੇ ਨਜੀਬਾਬਾਦ ਅਨੂਪ ਸ਼ਹਿਰ ਆਦਿਕ ਅਨੇਕ ਸ਼ਹਿਰਾਂ ਪਿੰਡਾਂ ਦੇ ਲੋਕਾਂ ਨੂੰ ਸਮੱਤੇ ਲਾਉਂਦੇ ਹੋਏ ਬਾਬਾ ਜੀ ਦਿੱਲੀ ਮਜਨੂੰ ਦੇ ਟਿੱਲੇ* ਜਾ ਉੱਤਰੇ। ਸਿਕੰਦਰ ਬਾਦਸ਼ਾਹ; ਜੋ ਹਿੰਦੂਆਂ ਉੱਤੇ ਬੜੇ ਬੜੇ ਜ਼ੁਲਮ ਕਰ ਰਿਹਾ ਸੀ, ਜੇਜ਼ੀਆ (ਮੁੰਡਕਾਂ) ਚਰਖਜਾਂ, ਪਸ਼ੂਆਂ, ਫ਼ਕੀਰਾਂ ਉੱਤੇ ਅਤੇ ਦੁਕਾਨਾਂ, ਕਾਰਖਾਨਿਆਂ ਉੱਤੇ ਲਾ ਛੱਡਿਆ ਸੀ। ਜ਼ਿਮੀਂਦਾਰਾਂ ਹਿੰਦੂਆਂ ਨੂੰ ਅਨੇਕ ਪ੍ਰਕਾਰ ਦਾ ਐਸਾ ਕਸ਼ਟ ਦੇ ਰੱਖਿਆ ਸੀ, ਜਿਸ ਤੋਂ ਓਹ ਦੁਖੀ ਹੋ ਕੇ ਆਪੇ ਦੀਨ ਮੰਨ ਲੈਣ। ਬੇਅੰਤ ਮੰਦਰ ਮੂਰਤਾਂ ਤੋੜ ਕੇ ਮੰਦਰਾਂ ਦੇ ਥਾਂ ਮਸੀਤਾਂ ਬਣਵਾ ਦਿੱਤੀਆਂ ਸਨ। ਜ਼ਿਦੀ ਐਸਾ ਸੀ ਕਿ ਇੱਕ ਸ਼ਿਵਾ ਨੰਦ ਮਸ਼ਹੂਰ ਪੰਡਤ ਕਾਂਸ਼ੀ ਵਿੱਚ ਸੀ। ਓਸ ਨੂੰ ਮੂਰਤੀ ਦੀ ਪੂਜਾ ਕਰਨ ਬਦਲੇ ਬੁਲਾ ਕੇ ਪੁੱਛਿਆ, "ਮਜ਼੍ਹਬ ਹਿੰਦੂ ਚੰਗਾ ਹੈ ਜਾਂ ਮੁਹੰਮਦੀ?" ਓਸ ਨੇ ਆਖਿਆ, "ਦੋਵੇਂ ਇੱਕੋ ਜੇਹੇ ਹਨ।" ਏਤਨੇ ਕਹਿਣੇ ਤੇ ਮੂਰਤ ਪੂਜਣ ਬਦਲੇ ਓਸ ਜ਼ਮੀਨ ਵਿੱਚ ਗਡਵਾ ਕੇ ਮਾਰ ਦਿੱਤਾ ਸੀ। ਕਬੀਰ ਜੀ ਨੂੰ ਗੰਗਾ ਵਿੱਚ, ਨਾਮਦੇਵ ਨੂੰ ਹਾਥੀ ਅੱਗੇ, ਰਵਿਦਾਸ ਨੂੰ ਕੋਠੜੀ ਵਿੱਚ ਬੰਨ੍ਹ ਕੇ ਏਸੇ ਨੇ ਸਿੱਟਿਆ ਸੀ ਤੇ ਸਧਨੇ ਭਗਤ ਨੂੰ ਬੁਰਜ ਵਿੱਚ ਚਿਣਾਯਾ ਸੀ।

ਏਹ ਬੜਾ ਭਾਰੀ ਜ਼ਾਲਮ ਬਾਦਸ਼ਾਹ ਸੀ। ਕਈ ਸੌ ਫ਼ਕੀਰ ਹਿੰਦੂ ਫੜ ਕੇ ਚੱਕੀਆਂ ਪੀਸਣ ਲਾ ਰੱਖੇ ਸਨ। ਕਰਾਮਾਤ ਮੰਗਦਾ ਸੀ। ਜਦ ਬਾਬਾ ਜੀ ਦਿੱਲੀ ਗਏ ਤਾਂ ਏਹਨਾਂ ਨੂੰ ਭੀ ਫੜ ਕੇ ਪੀਸਣ {ਜੇਲ੍ਹ ਵਿੱਚ ਚੱਕੀ ਪੀਸਣੀ} ਲਈ ਚੱਕੀਆਂ ਦੇ ਦਿੱਤੀਆਂ। ਬਾਬੇ ਜੀ ਨੇ ਅੰਮ੍ਰਿਤ ਵੇਲੇ ਰਬਾਬ ਬਜਵਾ ਕੇ ਏਹ ਸ਼ਬਦ ਗਾਵਿਆ:

ਸਿਰੀਰਾਗੁ ਮਹਲਾ ੧ ਘਰੁ ੨ ॥
ਮੁਕਾਮੁ ਕਰਿ ਘਰਿ ਬੈਸਣਾ ਨਿਤ ਚਲਣੈ ਕੀ ਧੋਖ ॥
ਮੁਕਾਮੁ ਤਾ ਪਰੁ ਜਾਣੀਐ ਜਾ ਰਹੈ ਨਿਹਚਲੁ ਲੋਕ ॥੧॥
ਦੁਨੀਆ ਕੈਸਿ ਮੁਕਾਮੇ ॥
ਕਰਿ ਸਿਦਕੁ ਕਰਣੀ ਖਰਚੁ ਬਾਧਹੁ ਲਾਗਿ ਰਹੁ ਨਾਮੇ ॥੧॥ ਰਹਾਉ ॥
ਜੋਗੀ ਤ ਆਸਣੁ ਕਰਿ ਬਹੈ ਮੁਲਾ ਬਹੈ ਮੁਕਾਮਿ ॥
ਪੰਡਿਤ ਵਖਾਣਹਿ ਪੋਥੀਆ ਸਿਧ ਬਹਹਿ ਦੇਵ ਸਥਾਨਿ ॥੨॥
ਸੁਰ ਸਿਧ ਗਣ ਗੰਧਰਬ ਮੁਨਿ ਜਨ ਸੇਖ ਪੀਰ ਸਲਾਰ ॥
ਦਰਿ ਕੂਚ ਕੂਚਾ ਕਰਿ ਗਏ ਅਵਰੇ ਭਿ ਚਲਣਹਾਰ ॥੩॥
ਸੁਲਤਾਨ ਖਾਨ ਮਲੂਕ ਉਮਰੇ ਗਏ ਕਰਿ ਕਰਿ ਕੂਚੁ ॥
ਘੜੀ ਮੁਹਤਿ ਕਿ ਚਲਣਾ ਦਿਲ ਸਮਝੁ ਤੂੰ ਭਿ ਪਹੂਚੁ ॥੪॥
ਸਬਦਾਹ ਮਾਹਿ ਵਖਾਣੀਐ ਵਿਰਲਾ ਤ ਬੂਝੈ ਕੋਇ ॥
ਨਾਨਕੁ ਵਖਾਣੈ ਬੇਨਤੀ ਜਲਿ ਥਲਿ ਮਹੀਅਲਿ ਸੋਇ ॥੫॥

(ਸਿਰੀਰਾਗੁ, ਮਃ ੧ – ੬੪)

---

*ਨਾਨਕ ਪ੍ਰਕਾਸ਼ ਵਿੱਚ ਲਿਖਿਆ ਹੈ ਕਿ ਜਿੱਥੇ ਬਾਬੇ ਜੀ ਟਿੱਲੇ ਮਜਨੂੰ ਦੇ ਜਾ ਕੇ ਉੱਤਰੇ ਓਥੇ ਬਾਦਸ਼ਾਹ ਦੀ ਅਸਵਾਰੀ ਦਾ ਹਾਥੀ ਬਾਗ਼ ਵਿੱਚ ਮਰ ਗਿਆ ਤਾਂ ਹਥਵਾਨਾਂ ਨੂੰ ਰੋਂਦੇ ਦੇਖ ਕੇ ਬਾਬੇ ਨੂੰ ਤਰਸ ਆਇਆ। ਭਾਈ ਮਰਦਾਨੇ ਧੁੰਮ ਗਈ। ਬਾਦਸ਼ਾਹ ਨੇ ਬਾਲੇ, ਮਰਦਾਨੇ ਤੇ ਬਾਬੇ ਨੂੰ ਭੀ ਬੁਲਾ ਕੇ ਓਹਨਾਂ ਫ਼ਕੀਰਾਂ ਵਿੱਚ, ਜੇਹੜੇ ਰੋਜ਼ ਸਵਾ ਮਣ ਆਟਾ ਪੀਸਦੇ; ਕੈਦ ਕਰ ਲਿਆ ਤੇ ਚੱਕੀਆਂ ਦੇ ਦਿੱਤੀਆਂ। ਅੰਮ੍ਰਿਤ ਵੇਲੇ ਬਾਬੇ ਜੀ ਨੇ ਏਹ ਸ਼ਬਦ ਗਾਵਿਆ "ਕੋਲੂ ਚਰਖਾ ਚਕੀ ਚਕੁ॥ ਥਲ ਵਾਰੋਲੇ ਬਹੁਤ ਅਨੰਤ॥ ਲਾਟੂ ਮਾਧਾਣੀਆਂ ਅਸਗਾਹ॥ ਪੰਖੀ ਭਉਦੀਆਂ ਲੈਨਿ ਨ ਸਾਹ॥ ਸੂਐ ਚਾੜਿ ਭੁਆਈਅਹਿ ਜੰਤ॥ ਨਾਨਕ ਭਉਦਿਆ ਗਣਤ ਨ ਅੰਤ।" ਜਿੱਥੇ ਤੋੜੀ ਆਵਾਜ਼ ਗਈ ਸਭ ਚੱਕੀਆਂ ਫਿਰਨ ਲੱਗ ਪਈਆਂ। ਦਰੋਗੇ ਨੇ ਬਾਦਸ਼ਾਹ ਪਾਸ ਸਭ ਹਾਲ ਜਾ ਸੁਣਾਇਆ। ਬਾਦਸ਼ਾਹ ਸੁਣ ਕੇ ਤੁਰਤ ਆ ਗਿਆ। ਬਾਬੇ ਜੀ ਦੇ ਚਰਨਾਂ ਤੇ ਸਲਾਮ ਕੀਤੀ ਤੇ ਆਖਿਆ ਹਾਥੀ ਤੁਸਾਂ ਜਿਵਾਯਾ ਹੈ? ਬਾਬੇ ਆਖਿਆ "ਮਾਰੇ ਮਾਰ ਜੀਵਾਲੇ ਸੋਈ॥ ਨਾਨਕ ਇੱਕ ਬਿਨ ਅਵਰ ਨ ਕੋਈ॥ ਦੁਆਇ ਫ਼ਕੀਰਾਂ ਰਹਿਮ ਖੁਦਾਇ॥ ਜੇ ਭਾਵੇ ਤਾਂ ਲਏ ਜਿਵਾਇ"॥ ਬਾਬੇ ਆਖਿਆ ਜਿਕੂੰ ਅੱਗ ਵਿੱਚ ਪੈ ਕੇ ਲੋਹਾ ਲਾਲ ਹੋ ਕੇ ਛੋਹਣ ਵਾਲੇ ਦੇ ਹੱਥ ਨੂੰ ਸਾੜ ਸਿੱਟਦਾ ਹੈ, ਤੈਸੇ ਸੰਤ ਰੱਬ ਦਾ ਭਜਨ ਕਰਨ ਵਾਲੇ ਹਨ। ਉਨ੍ਹਾਂ ਵਿੱਚ ਭੀ ਰੱਬ ਦੇ ਗੁਣ ਆਇ ਜਾਂਦੇ ਹਨ। ਕਿਸੇ ਫ਼ਕੀਰ ਦਾ ਕੌਲ ਹੈ 'ਫਕਰ ਮਨ ਅੱਲਾ ਅੱਲਾ ਮਨ ਫਕਰ।' ਬਾਦਸ਼ਾਹ ਨੇ ਬਾਬੇ ਨੂੰ ਪਹੁੰਚਿਆ ਹੋਇਆ ਸਤਪੁਰਖ ਸਮਝ ਕੇ ਏਨ੍ਹਾਂ ਦੇ ਕਹੇ ਸਭ ਫ਼ਕੀਰ ਛੱਡ ਦਿੱਤੇ।

ਬਾਦਸ਼ਾਹ ਦਾ ਮਹਿਲ ਨੇੜੇ ਸੀ। ਏਸ ਸ਼ਬਦ ਨੇ ਓਸ ਦੇ ਦਿਲ ਉੱਤੇ ਐਸਾ ਅਸਰ ਕੀਤਾ ਕਿ ਦਿਨ ਚੜ੍ਹਦੇ ਨੂੰ ਬਾਬੇ ਦੇ ਪਾਸ ਆਇ ਸਲਾਮ ਕੀਤਾ। ਤਾਂ ਬਾਬੇ ਜੀ ਨੇ ਏਹ ਸ਼ਬਦ ਹੋਰ ਸੁਣਾਇਆ:

ਏਕ ਨੂਰ ਤੈ ਖਲਕ ਉਪਾਈ ॥ ਆਪ ਖ਼ੁਦਾ ਨੇ ਵਾੜੀ ਲਾਈ ॥
ਬਾਦਸ਼ਾਹ ਰਾਜੇ ਇਹੁ ਮਾਲੀ ਪਾਲਣ ਹੇਤ ਬਣਾਏ ਹੇ ॥
ਹਿੰਦੂ ਤੁਰਕ ਦੀਨ ਸਭ ਕੂੜੇ ॥ ਬਾਦ ਬਿਬਾਦ ਕਰਤ ਹੈ ਮੂੜੇ ॥
ਜੰਮਣ ਮਰਣ ਏਕ ਸਮ ਸਭ ਕੋ ਲੇਖਾ ਦੇਣਾ ਜਾਏ ਹੇ ॥
ਦੂਈ ਦਿਲ ਧਰ ਖਲਕ ਦੁਖਾਈ ॥ ਖੁਸ ਖੁਸ ਲੈਦਾ ਵਸਤ ਪਰਾਈ ॥
ਅਜਰਾਈਲ ਤਿੰਨੇ ਫੜ ਮਾਰੇ ਦੋਜਕ ਦੇ ਵਿੱਚ ਪਾਏ ਹੇ ॥
ਆਪ ਖੁਦਾਇ ਨਿਆਉ ਨਬੇੜੇ ॥ ਲੈਨ ਸਜਾਈ ਜੈਸੇ ਫੇੜੇ ॥
ਈਸਾ ਮੂਸਾ ਰਾਮ ਮੁਹੰਮਦ ਕੋਇ ਨ ਕਿਸੈ ਛੁਡਾਇ ਹੇ ॥
ਏਥੇ ਗੋਇਲ ਵਾਸਾ ਆਏ ॥ ਦੁਨੀਆ ਕਾਰਣ ਪਾਪ ਕਮਾਏ ॥
ਲੇਖਾ ਮੰਗੈ ਸਿਰਜਣਹਾਰਾ ਖਸ ਖਸ ਦੇ ਸਮ ਭਾਈ ਹੇ ॥
ਪੀਰ ਪਿਕੰਬਰ ਵਲੀ ਫ਼ਕੀਰਾ ॥ ਬਾਦਸ਼ਾਹਿ ਕੰਗਾਲ ਅਮੀਰਾ ॥
ਅਮਲਾ ਉੱਤੇ ਹੋਣ ਨਿਬੇੜੇ ਸਚੋ ਸਚ ਨਿਬਾਹੀ ਹੇ ॥
ਬਾਦਸਾਹਿ ਜੋ ਦਾਤ ਨ ਦੇਵੈ ॥ ਸੋ ਦੋਜਖ ਵਿੱਚ ਬਹੁ ਦੁਖ ਲੇਵੈ ॥
ਕਰ ਨਿਆਉ ਭਿਸਤ ਸੋ ਪਾਵੈ ਨਾਨਕ ਸਚ ਸੁਨਾਈ ਹੇ ॥

(ਇਹ ਗੁਰਬਾਣੀ ਨਹੀਂ)

ਇੱਤਜਾਦਿਕ ਉਪਦੇਸ਼ ਸੁਣ ਕੇ ਬਾਦਸ਼ਾਹ ਨੇ ਬਾਬੇ ਦੇ ਕਦਮ ਚੁੰਮੇ। ਪਿਛਲੇ ਗ਼ੁਨਾਹਾਂ ਦੀ ਮਾਫ਼ੀ ਮੰਗੀ ਤਾਂ ਬਾਬੇ ਜੀ ਆਖਿਆ, "ਮਾਫ਼ੀ ਕਰਤਾਰ ਤੋਂ ਮੰਗ।" ਓਹ ਬੋਲਿਆ, "ਨਮਾਜ਼ਾਂ ਪੜ੍ਹ ਕੇ ਤਾਂ ਰੋਜ਼ ਮੰਗਦਾ ਹਾਂ। ਤੁਸੀਂ ਕੋਈ ਹੋਰ ਰਾਹ ਦੱਸੋ, ਓਸ ਤਰ੍ਹਾਂ ਮੰਗੀ ਜਾਵੇ।" ਤਾਂ ਬਾਬੇ ਜੀ ਨੇ ਏਹ ਸ਼ਬਦ ਉਚਾਰਿਆ:

ਰਾਗੁ ਤਿਲੰਗ ਮਹਲਾ ੧ ਘਰੁ ੧
ੴ ਸਤਿਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ
ਅਕਾਲ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ ॥
ਯਕ ਅਰਜ ਗੁਫਤਮ ਪੇਸਿ ਤੋ ਦਰ ਗੋਸ ਕੁਨ ਕਰਤਾਰ ॥
ਹਕਾ ਕਬੀਰ ਕਰੀਮ ਤੂ ਬੇਐਬ ਪਰਵਦਗਾਰ ॥੧॥
ਦੁਨੀਆ ਮੁਕਾਮੇ ਫਾਨੀ ਤਹਕੀਕ ਦਿਲ ਦਾਨੀ ॥
ਮਮ ਸਰ ਮੂਇ ਅਜਰਾਈਲ ਗਿਰਫਤਹ ਦਿਲ ਹੇਚਿ ਨ ਦਾਨੀ ॥੧॥ ਰਹਾਉ ॥
ਜਨ ਪਿਸਰ ਪਦਰ ਬਿਰਾਦਰਾਂ ਕਸ ਨੇਸ ਦਸਤੰਗੀਰ ॥
ਆਖਿਰ ਬਿਅਫਤਮ ਕਸ ਨ ਦਾਰਦ ਚੂੰ ਸਵਦ ਤਕਬੀਰ ॥੨॥
ਸਬ ਰੋਜ ਗਸਤਮ ਦਰ ਹਵਾ ਕਰਦੇਮ ਬਦੀ ਖਿਆਲ ॥
ਗਾਹੇ ਨ ਨੇਕੀ ਕਾਰ ਕਰਦਮ ਮਮ ਈ ਚਿਨੀ ਅਹਵਾਲ ॥੩॥
ਬਦਬਖਤ ਹਮ ਚੁ ਬਖੀਲ ਗਾਫਿਲ ਬੇਨਜਰ ਬੇਬਾਕ ॥
ਨਾਨਕ ਬੁਗੋਯਦ ਜਨੁ ਤੁਰਾ ਤੇਰੇ ਚਾਕਰਾਂ ਪਾ ਖਾਕ ॥੪॥੧॥

(ਤਿਲੰਗ, ਮਃ ੧ - ੭੨੧)

ਏਹ ਸ਼ਬਦ ਸੁਣ ਕੇ ਕਾਜ਼ੀ ਮੌਲਵੀ ਭੀ ਦੰਗ ਹੋ ਗਏ ਤੇ ਬਾਦਸ਼ਾਹ ਨੇ ਏਨ੍ਹਾਂ ਨੂੰ ਸੱਚੇ ਸੰਤ ਸਮਝ ਕੇ ਬਹੁਤ ਕੁਛ ਦੌਲਤ ਬਸਤ੍ਰ ਦੇਣੇ ਚਾਹੇ। ਬਾਬਾ ਜੀ ਨੇ ਓਨ੍ਹਾਂ ਫ਼ਕੀਰਾਂ ਨੂੰ; ਜੋ ਫੜੇ ਹੋਏ ਸਨ, ਸਭ ਕੁੱਝ ਦਿਵਾ ਕੇ ਸਭਨਾਂ ਦੀ ਬੰਦ ਖਲਾਸੀ ਕਰਾਈ। ਓਸ ਦਿਨ ਤੋਂ ਬਾਬੇ ਦਾ ਨਾਮ {ਬੰਦੀਛੋੜ ਗੁਰੂ ਨਾਨਕ} 'ਬੰਦੀ ਛੋੜ ਨਾਨਕ' ਹੋ ਗਿਆ। ਏਨ੍ਹਾਂ ਦੀ ਮਹਿਮਾ ਸੁਣ ਕੇ ਨਜ਼ਾਮਦੀਨ ਔਲੀਏ ਦਾ ਚੇਲਾ ਹਸਨ ਬੋਦਲਾ; ਜੋ ਸੰਨ ੯੬੬ ਹਿਜ਼ਰੀ ਵਿੱਚ, ਮੀਆਂ ਮਾਦੂਫ ਜੋ ਸੰਨ ੯੪੭

ਹਿਜ਼ਰੀ ਨੂੰ ਦਿੱਲੀ ਵਿੱਚ ਗੁਜ਼ਰੇ ਹਨ, ਰਾਘੋ ਦਾਸ ਵੈਰਾਗੀ, ਉਦੇ ਨਾਥ ਜੋਗੀ, ਅਘੋਰ ਨਾਥ, ਸੱਯਦ ਮੱਦੇਸ਼ਾਹ ਇਤਯਾਦਿਕ ਅਨੇਕ ਪੀਰ ਫ਼ਕੀਰ ਦਰਸ਼ਨ ਚਰਚਾ ਕਰਨ ਆਏ। ਪਰ ਗੁਰੂ ਜੀ ਦੀ ਬਾਣੀ ਸੁਣੀ ਸਭ ਨੇ ਜ਼ਿੱਦ ਬਾਦ ਛੱਡ ਦਿੱਤੀ ਤੇ ਰੱਬ ਦੇ ਰਾਹ ਦੀ ਚਰਚਾ ਬਾਰਤਾ ਕਰ ਬਹੁਤ ਖ਼ੁਸ਼ ਹੋ ਕੇ ਗਏ।

ਦਿੱਲੀ ਤੋਂ ਤੁਰ ਕੇ ਕੋਇਲ, ਮਥਰਾ, ਬਿੰਦ੍ਰਾਬਨ, ਆਗਰਾ, ਅਟਾਏ, ਕਾਨ੍ਹਪੁਰ, ਲਖਨਊ, ਅਯੁੱਧਿਆ, ਪ੍ਰਯਾਗ, ਮਿਰਜਾਪੁਰ ਆਦਿਕ ਅਨੇਕ ਸ਼ਹਿਰਾਂ ਦਾ ਸੈਲ ਕਰ ਬੇਅੰਤ ਭਗਤਾਂ ਸੰਤਾਂ ਨੂੰ ਸੱਚੇ ਰਾਹ ਦੇ ਮਹਿਰਮ ਕਰ ਕੇ ਕਾਂਸ਼ੀ ਉੱਤੇ ਜਾ ਠਹਿਰੇ ਜਿੱਥੇ ਹੁਣ ਗੁਰੂ ਕਾ ਬਾਗ਼ ਹੈ। ਰਬਾਬ ਵਜਵਾਇ ਸਬਦ ਗਾਵਿਆ। ਜਿਸ ਨੇ ਸੁਣਿਆ, ਓਹੋ ਪ੍ਰਮੋਦ ਹੋਇ ਬਾਬੇ ਪਾਸ ਆਇ ਬੈਠਾ। ਸ਼ਹਿਰ ਵਿੱਚ ਬੜੀ ਧੁਮ ਧਾਮ ਫੈਲ ਗਈ। ਬਹੁਤ ਲੋਕ ਆਵਣ ਲੱਗੇ।

ਪੰਡਿਤ ਪ੍ਰਤਿ ਉਪਦੇਸ਼

ਚਤੁਰਦਾਸ ਪੰਡਿਤ ਨੇ {ਕਾਸ਼ੀ ਵਿੱਚ ਚਤੁਰਦਾਸ ਪੰਡਿਤ ਨਾਲ ਚਰਚਾ} ਬਾਬੇ ਨੂੰ ਆਖਿਆ, "ਤੁਹਾਡੇ ਕੋਲ ਸਾਲਗਰਾਮ ਪੂਜਾ ਦੀ ਸਮਿਗ੍ਰੀ, ਤੁਲਸੀ ਦੀ ਮਾਲਾ ਨਹੀਂ, ਬ੍ਰਾਹਮਣਾਂ ਨੂੰ ਪੂਜਦੇ ਨਹੀਂ, ਤੁਸੀਂ ਕੈਸੇ ਸਾਧੂ ਹੋ?" ਬਾਬੇ ਉੱਤਰ ਦਿੱਤਾ:

ਮਹਲਾ ੧ ਬਸੰਤੁ ਹਿੰਡੋਲ ਘਰੁ ੨
ੴ ਸਤਿਗੁਰ ਪ੍ਰਸਾਦਿ ॥
ਸਾਲ ਗ੍ਰਾਮ ਬਿਪ ਪੂਜਿ ਮਨਾਵਹੁ ਸੁਕ੍ਰਿਤੁ ਤੁਲਸੀ ਮਾਲਾ ॥
ਰਾਮ ਨਾਮੁ ਜਪਿ ਬੇੜਾ ਬਾਂਧਹੁ ਦਇਆ ਕਰਹੁ ਦਇਆਲਾ ॥੧॥
ਕਾਹੇ ਕਲਰਾ ਸਿੰਚਹੁ ਜਨਮੁ ਗਵਾਵਹੁ ॥
ਕਾਚੀ ਢਹਗਿ ਦਿਵਾਲ ਕਾਹੇ ਗਚੁ ਲਾਵਹੁ ॥੧॥ ਰਹਾਉ ॥
ਕਰ ਹਰਿਹਟ ਮਾਲ ਟਿੰਡ ਪਰੋਵਹੁ ਤਿਸੁ ਭੀਤਰਿ ਮਨੁ ਜੋਵਹੁ ॥
ਅੰਮ੍ਰਿਤੁ ਸਿੰਚਹੁ ਭਰਹੁ ਕਿਆਰੇ ਤਉ ਮਾਲੀ ਕੇ ਹੋਵਹੁ ॥੨॥
ਕਾਮੁ ਕ੍ਰੋਧੁ ਦੁਇ ਕਰਹੁ ਬਸੋਲੇ ਗੋਡਹੁ ਧਰਤੀ ਭਾਈ ॥
ਜਿਉ ਗੋਡਹੁ ਤਿਉ ਤੁਮ੍ਹ ਸੁਖ ਪਾਵਹੁ ਕਿਰਤੁ ਨ ਮੇਟਿਆ ਜਾਈ ॥੩॥
ਬਗੁਲੇ ਤੇ ਫੁਨਿ ਹੰਸੁਲਾ ਹੋਵੈ ਜੇ ਤੂ ਕਰਹਿ ਦਇਆਲਾ ॥
ਪ੍ਰਣਵਤਿ ਨਾਨਕੁ ਦਾਸਨਿ ਦਾਸਾ ਦਇਆ ਕਰਹੁ ਦਇਆਲਾ ॥੪॥੧॥੯॥

(ਬਸੰਤੁ ਹਿੰਡੋਲ, ਮਃ ੧ - ੧੧੭੦/੭੧)

ਏਹ ਸ਼ਬਦ ਸੁਣ ਕੇ ਓਹ ਨਿਰੁਤਰ ਹੋ ਗਿਆ।

ਨਾਮਦੇਵ, ਰਵਿਦਾਸ, ਤਿਲੋਚਨ, ਪਰਸਾ, ਹਾਂਸੋ ਰਾਇ ਤੇ ਧਰਮਦਾਸ (ਏਹ ਦੋਵੇਂ ਕਬੀਰ ਦੇ ਚੇਲੇ) ਨਿਤਾਨੰਦ (ਰਾਮਾਨੰਦ ਦਾ ਚੇਲਾ) ਹੋਰ ਅਨੇਕ ਭਗਤ ਸੰਤ ਸੋਭਾ ਸੁਣ ਕੇ ਗੁਰੂ ਜੀ ਦੇ ਦਰਸ਼ਨ ਨੂੰ ਆਏ। ਮਿਲ ਕੇ ਬੜੇ ਆਨੰਦ ਪਾਏ। ਗਜਾਨ ਚਰਚਾ ਸੁਣੀ ਸੁਣਾਈ। ਬਾਬੇ ਜੀ ਨੂੰ ਪਾਰਬ੍ਰਹਮ ਰੂਪ ਜਾਣ ਕੇ ਮਸਤ ਹੋਇ ਰਹੇ। ਓਨ੍ਹਾਂ ਦੀ ਇੱਛਾ ਸ਼ਬਦ ਸੁਣਨੇ ਦੀ ਸਮਝ ਕੇ ਬਾਬੇ ਜੀ ਨੇ ਏਹ ਸ਼ਬਦ ਗਾਵਿਆ:

ਸਿਰੀਰਾਗੁ ਮਹਲਾ ੧ ਘਰੁ ਦੂਜਾ ੨ ॥
ਆਪੇ ਰਸੀਆ ਆਪਿ ਰਸੁ ਆਪੇ ਰਾਵਣਹਾਰੁ ॥
ਆਪੇ ਹੋਵੈ ਚੋਲੜਾ ਆਪੇ ਸੇਜ ਭਤਾਰੁ ॥੧॥
ਰੰਗਿ ਰਤਾ ਮੇਰਾ ਸਾਹਿਬੁ ਰਵਿ ਰਹਿਆ ਭਰਪੂਰਿ ॥੧॥ ਰਹਾਉ ॥
ਆਪੇ ਮਾਛੀ ਮਛੁਲੀ ਆਪੇ ਪਾਣੀ ਜਾਲੁ ॥
ਆਪੇ ਜਾਲ ਮਣਕੜਾ ਆਪੇ ਅੰਦਰਿ ਲਾਲੁ ॥੨॥
ਆਪੇ ਬਹੁ ਬਿਧਿ ਰੰਗੁਲਾ ਸਖੀਏ ਮੇਰਾ ਲਾਲੁ ॥
ਨਿਤ ਰਵੈ ਸੋਹਾਗਣੀ ਦੇਖੁ ਹਮਾਰਾ ਹਾਲੁ ॥੩॥
ਪ੍ਰਣਵੈ ਨਾਨਕੁ ਬੇਨਤੀ ਤੂ ਸਰਵਰੁ ਤੂ ਹੰਸੁ ॥
ਕਉਲੁ ਤੂ ਹੈ ਕਵੀਆ ਤੂ ਹੈ ਆਪੇ ਵੇਖਿ ਵਿਗਸੁ ॥੪॥੨੫॥

(ਸਿਰੀਰਾਗੁ, ਮਃ ੧ - ੨੩)

ਏਹ ਅਭੇਦ ਉਪਾਸਨਾ ਦਾ ਸ਼ਬਦ ਸੁਣ ਕੇ ਸਭ ਅਤਿਅੰਤ ਖ਼ੁਸ਼ ਹੋਏ। ਪਰਮਾਨੰਦ ਨੇ; ਜੋ ਰਾਮਾਨੰਦ ਦੀ ਗੱਦੀ ਪਰ ਮਹੰਤ ਸੀ, ਆਖਿਆ "ਏਹ ਨਿਰਭੈਤਾ ਤੁਹਾਨੂੰ ਕਿੱਥੋਂ ਹੱਥ ਆਈ?" ਬਾਬੇ ਨੇ ਸ਼ਬਦ ਵਿੱਚ ਉੱਤਰ ਦਿੱਤਾ:

ਮਾਰੂ ਮਹਲਾ ੫ ॥
ਫੂਟੋ ਆਂਡਾ ਭਰਮ ਕਾ ਮਨਹਿ ਭਇਓ ਪਰਗਾਸੁ ॥
ਕਾਟੀ ਬੇਰੀ ਪਗਹ ਤੇ ਗੁਰਿ ਕੀਨੀ ਬੰਦਿ ਖਲਾਸੁ ॥੧॥

ਆਵਣ ਜਾਣੁ ਰਹਿਓ ॥
ਤਪਤ ਕੜਾਹਾ ਬੁਝਿ ਗਇਆ ਗੁਰਿ ਸੀਤਲ ਨਾਮੁ ਦੀਓ ॥੧॥ ਰਹਾਉ ॥
ਜਬ ਤੇ ਸਾਧੂ ਸੰਗੁ ਭਇਆ ਤਉ ਛੋਡਿ ਗਏ ਨਿਗਹਾਰ ॥
ਜਿਸ ਕੀ ਅਟਕ ਤਿਸ ਤੇ ਛੁਟੀ ਤਉ ਕਹਾ ਕਰੈ ਕੋਟਵਾਰ ॥੨॥
ਚੂਕਾ ਭਾਰਾ ਕਰਮ ਕਾ ਹੋਏ ਨਿਹਕਰਮਾ ॥
ਸਾਗਰ ਤੇ ਕੰਢੈ ਚੜੇ ਗੁਰਿ ਕੀਨੇ ਧਰਮਾ ॥੩॥
ਸਚੁ ਥਾਨੁ ਸਚੁ ਬੈਠਕਾ ਸਚੁ ਸੁਆਉ ਬਣਾਇਆ ॥
ਸਚੁ ਪੂੰਜੀ ਸਚੁ ਵਖਰੋ ਨਾਨਕ ਘਰਿ ਪਾਇਆ ॥੪॥੫॥੧੪॥

(ਮਾਰੂ, ਮਃ ੫ - ੧੦੦੨)

(ਇਹ ਸ਼ਬਦ ਪੰਚਮ ਗੁਰੂ ਜੀ ਦਾ ਉਚਾਰਨ ਕੀਤਾ ਹੈ।)

ਇਤਯਾਦਿਕ ਬਹੁਤ ਸ਼ਬਦ ਉਚਾਰੇ। ਏਥੇ ਸਾਰੇ ਨਹੀਂ ਲਿਖੇ। ਬਾਬੇ ਦਾ ਸ਼ਬਦ ਸ੍ਰੋਤਿਆਂ ਦੇ ਮਨ ਨੂੰ ਮੋਹਿਤ ਕਰਨ ਵਾਲਾ ਸੀ। ਓਹ ਸਭ ਪਰਮਾਨੰਦ ਨੂੰ ਪਾਇ ਮਹਿਮਾ ਕਰਦੇ ਹੋਏ ਗਏ। ਪੰਦ੍ਰਾਂ ਦਿਨ ਗੁਰੂ ਜੀ ਓਥੇ ਰਹੇ। ਬਹੁਤ ਲੋਕ ਸਤਸੰਗੀ ਭਏ।

ਕਬੀਰ ਜੀ ਦਾ ਮਿਲਾਪ

ਕਬੀਰ ਜੀ ਕਾਂਸ਼ੀ ਨਹੀਂ ਸੇ। ਰਘੁਨਾਥ ਪੁਰੇ ਵਿੱਚ ਜੋ ਬਿਜਲੀ ਖ਼ਾਂ ਨਵਾਬ ਓਨ੍ਹਾਂ ਦਾ ਸੇਵਕ ਸੀ, ਉਥੇ ਗਏ ਹੋਏ ਸੇ। ਜਦ ਉਸ ਦੇ ਮਿਲਣ ਲਈ ਗੁਰੂ ਜੀ ਕਾਂਸ਼ੀਓਂ ਚਲੇ, ਤਦ ਓਧਰੋਂ ਉਹ ਭੀ ਆਇਆ। ਰਸਤੇ ਵਿੱਚ ਪੂਸੇ ਪਿੰਡ ਪਾਸ ੨੭ ਅਸੂ ਸੰਮਤ ੧੫੬੩ ਬਿਕ੍ਰਮੀ ਨੂੰ ਦੂਹਾਂ ਦਾ ਮੇਲ* ਹੋਇਆ। ਬਹੁਤ ਖ਼ੁਸ਼ੀ ਹੋਏ। ਪਰਸਪਰ ਸ਼ਬਦ ਸੁਣੇ ਸੁਣਾਏ। ਆਤਮਾ ਪ੍ਰਮਾਤਮਾ ਦੇ ਨਿਰਨੇ ਦੀ ਚਰਚਾ ਕਰਦੇ ਰਹੇ। ਆਪਸ ਮੇਂ ਬਹੁਤ ਆਨੰਦ ਹੋਏ। {ਸੱਤ ਦਿਨ ਕਬੀਰ ਜੀ ਨਾਲ ਚਰਚਾ} ਸੱਤ ਦਿਨ ਕਬੀਰ ਤੇ ਗੁਰੂ ਸਾਹਿਬ ਜੀ ਇਕੱਠੇ ਰਹੇ। ਫੇਰ ਬਾਬਾ ਜੀ ਓਥੋਂ ਚੱਲ ਕੇ ਜੌਨਪੁਰ, ਛਪਰੇ, ਆਰੇ, ਬਕਸਰ ਆਦਿਕ ਸ਼ਹਿਰਾਂ ਤੀਰਥਾਂ ਆਦਿ ਉੱਤੇ ਹੁੰਦੇ ਹੋਏ ਇੱਕ ਜੰਗਲ ਵਿੱਚ ਜਾ ਰਹੇ; ਤਾਂ ਮਰਦਾਨੇ ਬਹੁਤ ਖਿਝ ਕੇ ਆਖਿਆ, "ਜੀ ਤੁਸੀਂ ਤਾਂ ਰਾਹ ਕੁਰਾਹ ਲਈ ਫਿਰਦੇ ਹੋ। ਮੈਥੋਂ ਤਾਂ ਭੁੱਖ ਦੇ ਮਾਰੇ ਤੁਰਿਆ ਨਹੀਂ ਜਾਂਦਾ। ਨਾ ਕੁੱਝ ਸਾਡੇ ਪੱਲੇ ਹੈ ਜੋ ਖ਼ਰਚ ਖਾਈਏ।" ਬਾਬੇ ਆਖਿਆ, "ਭਾਈ ਮਰਦਾਨਾ! ਫ਼ਕੀਰੀ ਸਬੂਰੀ ਹੈ। ਤੇ ਜੇ ਤੂੰ ਪੱਲੇ ਹੀ ਬੰਨ੍ਹਣਾ ਚਾਹੁੰਦਾ ਹੈਂ, ਤਾਂ ਕਰਤਾਰ ਦੇ ਦੇਸੀ।"

ਏਤਨੇ ਨੂੰ ਗੰਗਾ ਕਿਨਾਰੇ ਇੱਕ ਰਤਨ ਪਿਆ ਲੱਭਿਆ। ਬਾਬੇ ਆਖਿਆ, "ਲੈ ਭਾਈ! ਤੂੰ ਪੱਲੇ ਬੰਨ੍ਹਣ ਨੂੰ ਮੰਗਦਾ ਸੈਂ, ਬੰਨ੍ਹ ਰੱਖ। ਤਦੋਂ ਨੂੰ ਪਟਣੇ* ਸ਼ਹਿਰ ਜਾ ਪਹੁੰਚੇ। ਓਸੇ ਸਮੇਂ ਓਥੇ ਹਰੀਹਰਿ ਛੇਤ ਦਾ ਮੇਲਾ ਸੀ ਜੋ ਕੱਤਕ ਦੀ ਪੁੰਨਯਾ ਨੂੰ ਪਟਣੇ ਤੋਂ ਤਿੰਨ ਕੋਹ ਗੰਗਾ ਪਾਰ ਹੁਣ ਭੀ ਹੁੰਦਾ ਹੈ। (ਜਿੱਥੇ ਤੰਦੂਏ ਦੇ ਗ੍ਰਸੇ ਹੋਏ ਹਾਥੀ ਨੂੰ ਕਿਸ਼ਨ ਨੇ ਉਬਾਰਯਾ ਸੀ) ਬਹੁਤ ਨਦੀਆਂ ਓਥੋਂ ਤੱਕ ਗੰਗਾ ਵਿੱਚ ਮਿਲਦੀਆਂ ਹਨ। ਪਾਣੀ ਅਥਾਹ ਪੜ ਪਾਟਾ ਹੋਯਾ ਹੈ। ਗੁਰੂ ਸਾਹਿਬ ਨੇ ਓਥੇ ਮਰਦਾਨੇ ਤੋਂ ਰਬਾਬ ਵਜਵਾ ਕੇ ਸ਼ਬਦ ਗਾਵਿਆ ਤਾਂ ਸਭ ਲੋਕ ਸੁਣ ਕੇ ਚਿੱਤ੍ਰ ਲਿਖੇ ਜੈਸੇ ਹੋ ਗਏ। ਆਖਣ ਲੱਗੇ, "ਤੁਸਾਂ ਬਚਨਾਂ ਦੇ ਬਾਣਾਂ ਨਾਲ ਲੋਕਾਂ ਦੇ ਖੋਟੇ ਸੁਭਾਵ ਰਾਖਸ਼ਾਂ ਨੂੰ ਮਾਰ ਕੇ ਈਸ਼੍ਵਰ ਦੀ ਭਗਤੀ ਗਿਆਨ ਉਪਦੇਸ਼ ਦ੍ਰਿੜ੍ਹਾ ਕਰ ਧਰਮ ਦਾ ਪ੍ਰਚਾਰ ਕੀਤਾ ਹੈ। ਆਪ ਦਾ ਸੱਚਾ, ਨਿਰਪੱਖ, ਲਾਗ ਲਪੇਟ ਰਹਿਤ ਸੁਲ੍ਹਾ ਕੁੱਲ ਉਪਦੇਸ਼ ਹੋਰ ਸਭਨਾਂ ਅਚਾਰਯਾਂ ਪੈਗੰਬਰਾਂ ਦੇ ਉਪਦੇਸ਼ ਤੋਂ ਬਸ਼ੇਸ਼ ਅਸਰ ਕਰਦਾ ਹੈ।"

---

*ਇਸ ਕਥਾ ਦੇ ਸ਼ਬਦ ਨਾਨਕ ਪ੍ਰਬੋਧ ਪੋਥੀ ਵਿੱਚ ਕਬੀਰ ਦੇ ਚੇਲੇ ਧਰਮ ਦਾਸ ਨੇ ਲਿਖੇ ਹਨ। ਕਈ ਲੋਕ ਅਨਜਾਣ ਆਖਿਆ ਕਰਦੇ ਹਨ ਕਬੀਰ ਬਾਬੇ ਨਾਨਕ ਤੋਂ ਪਹਿਲੇ ਹੋਯਾ ਹੈ। ਇਸ ਵਾਸਤੇ ਏਥੇ ਉਸ ਦੇ ਜਨਮ ਦਿਨ ਸੰਮਤ ਦਿਖਾਉਂਦੇ ਹਾਂ ਸੰਮਤ ੧੪੫੫ ਬਿਕ੍ਰਮੀ ਜੇਠ ਸੁਦੀ ੧੫ ਸੋਮਵਾਰ ਨੂੰ ਕਾਂਸ਼ੀ ਦੇ ਬਾਰਾਂ ਕੋਸ ਭਰ ਜੁਲਹਾ ਪੁਰ ਵਿੱਚ ਲਹਿਰ ਤਲਾਵ ਦੇ ਕਿਨਾਰੇ ਗੁਦੜੀ ਵਿੱਚ ਲਿਪਟੇ ਪੜੇ ਦੋ ਪਹਿਰ ਦੇ ਜੰਮੇ ਹੋਏ ਨੀਰੂ ਜੁਲਾਹੇ ਮੁਸਲਮਾਨ ਨੂੰ ਲੱਭੇ। ਉਸ ਨੇ ਆਪਣਾ ਪੁੱਤਰ ਮੰਨ ਕੇ ਪਾਲੇ ਪੋਸੇ। ਸੰਮਤ ੧੪੬੨ ਬਿਕ੍ਰਮੀ ਹਾੜ ਦੇ ਮਹੀਨੇ ਗੰਗਾ ਕਿਨਾਰੇ ਬਰੇਤੀ ਵਿੱਚ ਸੁੱਤੇ ਪਏ ਕਬੀਰ ਨੂੰ ਰਾਮਾਨੰਦ ਦੇ ਪਊਏ ਦੀ ਠੋਕਰ ਲੱਗੀ ਤਾਂ ਕਬੀਰ ਸੱਤ ਬਰਸ ਦਾ ਬਾਲਕ ਸੀ ਰੋਣ ਲੱਗਾ। ਰਾਮਾਨੰਦ ਜੀ ਸਿਰ ਪਰ ਹੱਥ ਫੇਰ ਕੇ ਆਖ੍ਯਾ, "ਬੱਚਾ ਰੋਇ ਨਹੀਂ, ਰਾਮ ਰਾਮ ਕਹੁ।" ਏਹੀ ਉਪਦੇਸ਼ ਕਬੀਰ ਜੀ ਨੂੰ ਭਯਾ। ੧੪੭੧ ਬਿਕ੍ਰਮੀ ਵਿੱਚ ਕਬੀਰ ਜੀ ਦੀ ਸ਼ਾਦੀ ਨੇਤੀ ਜੁਲਾਹੇ ਦੀ ਬੇਟੀ ਲੋਈ ਦੇ ਨਾਲ ਹੋਹਿ, ਸੰਨ ੧੪੯੧ ਬਿਕ੍ਰਮੀ ਨੂੰ ਕਮਾਲਾ ਜੰਮਯਾਂ, ਸੰਨ ੧੪੯੫ ਬਿਕ੍ਰਮੀ ਵਿੱਚ ਕਮਾਲੀ ਜੰਮੀ। ਸੰਮਤ ੧੪੯੨ ਬਿਕ੍ਰਮੀ ਨੂੰ ਕਬੀਰ ਜੀ ਦਾ ਜੱਗ ਪ੍ਰਭੂ ਨੇ ਕਬੀਰ ਦਾ ਰੂਪ ਧਾਰ ਕੇ ਪੂਰਾ ਕੀਤਾ। ਸੰਨ ੧੫੯੫ ਬਿਕ੍ਰਮੀ ਮਾਘ ਮਹੀਨੇ ਸਿਕੰਦਰ ਬਾਦਸ਼ਾਹ ਨੇ ਕਰਾਮਾਤ ਦੇਖਣ ਵਾਸਤੇ ਕਬੀਰ ਜੀ ਦੇ ਹੱਥ ਪੈਰ ਬੰਨ੍ਹ ਕੇ ਗੰਗਾ ਵਿੱਚ ਸੁੱਟਿਆ। ਸੰਮਤ ੧੫੭੫ ਬਿਕ੍ਰਮੀ ਵਿੱਚ ਮੱਘਰ ਸੁਦੀ ੧੧ ਨੂੰ ਕਬੀਰ ਜੀ ਪਰਲੋਕ ਗਵਨੇ। ਗੋਰਖਪੁਰ ਦੇ ਜ਼ਿਲੇ ਮਗਹਰੇ ਪਿੰਡ ਕਬਰ ਤੇ ਸਮਾਧ ਦੋਵੇਂ ਹਨ। ਏਸ ਦੀ ਸਬੂਤੀ ਵਿੱਚ ਏਹ ਬਚਨ ਧਰਮ ਦਾਸ ਦਾ ਕਬੀਰ ਦੀ ਜਨਮ ਸਾਖੀ ਵਿੱਚ ਲਿਖਿਆ ਹੈ। ਯਥਾ (ਚੌਦਾਂ ਸੌ ਪਚਪਨ ਮੈਂ ਭਾਈ॥ ਜੇਠ ਸੁਦੀ ਪੰਦਰਸ ਸੁਖਦਾਈ॥ ਪ੍ਰਗਟੇ ਪ੍ਰਭੂ ਕਬੀਰ ਗੁਸਾਈ॥ ਕਲਿਜੁਗ ਜੀਵ ਤਰਾਵਨ ਆਈ॥) ਪੁਨਹ (ਪੰਦ੍ਰਾਂ ਸਏ ਪਛਤ੍ਰੇ ਕੀਆ ਮਗਹਰ ਕੋ ਗੌਨ॥ ਮੱਘਰ ਸੁਦੀ ਇਕਾਦਸ਼ੀ ਮਿਲੀ ਪੌਨ ਮੇਂ ਪੌਨ॥)

*ਏਹ ਪਟਣਾ ਸ਼ਹਿਰ ਰਾਜੇ ਹੰਸਪਾਲ ਚੰਦ ਬੰਸੀ ਨੇ ਪਾਟਲੀ ਦੇਵੀ ਦੇ ਨਾਮ ਪਰ ਜਿਸ ਦਾ ਮੰਦਰ ਹੁਣ ਭੀ ਓਥੇ ਹੀ ਹੈ ਬਿਕ੍ਰਮਾ ਜੀਤ ਤੋਂ ਇੱਕ ਹਜ਼ਾਰ ਬਰਸ ਪਹਿਲੇ ਬਸਾਯਾ ਸੀ। ਏਥੇ ਹੀ ਰਾਜਾ ਹਰੀਚੰਦ ਹੋਯਾ ਹੈ ਜਿਸ ਦੇ ਸਮਾਨ ਸੱਤ ਵਾਦੀ ਧਰਮੀ ਨਹੀਂ ਹੋਯਾ ਤੇ ਏਹੋ ਬਿੱਸਵਾ ਮਿੱਤ੍ਰ ਦੇ ਹੱਥੋਂ ਕਾਲੀਏ ਚੰਡਾਲ ਦੇ ਘਰ ਬਿਕ ਕੇ ਸੂਰੀਆਂ ਚਾਰਦਾ ਰਿਹਾ ਤੇ ਕਹਿੰਦੇ ਹਨ ਏਸੇ ਦੇ ਸਤ ਨਾਲ ਕਾਂਸ਼ੀ ਨਗਰੀ ਇੱਕ ਵਾਰੀ ਬੈਕੁੰਠ ਨੂੰ ਗਈ ਹੈ, ਇੱਕ ਵਾਰੀ ਫੇਰ ਜਾਊ।

ਸਾਲਸਰਾਇ ਪ੍ਰਤਿ ਉਪਦੇਸ਼

ਇਕ ਦਿਨ ਮਰਦਾਨੇ ਨੇ ਬਾਬੇ ਜੀ ਨੂੰ ਪੁੱਛਿਆ, "ਸਭ ਸੰਤ, ਗ੍ਰੰਥ ਮਾਨੁਖ ਜਨਮ ਨੂੰ ਅਮੋਲਕ ਰਤਨ ਕਹਿੰਦੇ ਹਨ। ਜੇ ਸੱਚ ਹੋਵੇ ਤਾਂ ਵਿਸ਼ੇ ਵਿਕਾਰਾਂ ਵਿੱਚ ਕਿਉਂ ਖੋਹ ਛੱਡਣ? ਭਗਤੀ ਭਜਨ ਕਰ ਕੇ ਸਫ਼ਲ ਨਾ ਕਰ ਲੈਣ?" ਬਾਬੇ ਜੀ ਨੇ ਆਖਿਆ, "ਭਾਈ ਮਰਦਾਨਾ! ਮਨੁੱਖ ਜਨਮ ਤਾਂ ਅਮੋਲਕ ਰਤਨ ਠੀਕ ਹੈ, ਪਰ ਕਦਰ ਨਹੀਂ। ਤੂੰ ਪ੍ਰੀਖਿਆ ਕਰ ਲੈ। ਤੇਰੇ ਪਾਸ ਜੋ ਰਤਨ ਹੈ ਸ਼ਹਿਰ ਵਿੱਚ ਲੈ ਜਾਹ ਤੇ ਕੀਮਤ ਪਵਾ ਕੇ ਸਾਨੂੰ ਦੱਸੀਂ, ਜੋ ਕੀ ਦਿੰਦੇ ਹਨ।"

ਭਾਈ ਮਰਦਾਨਾ ਸ਼ਹਿਰ ਵਿੱਚ ਜਾ ਕੇ ਓਸ ਲਾਲ ਨੂੰ ਲੱਗਾ ਦਿਖਾਵਣ। ਇੱਕ ਕਰੂੰਜੜੇ ਨੇ ਦੋ ਮੂਲੀਆਂ ਭੀ ਨਾ ਦਿੱਤੀਆਂ। ਆਖਿਆ, "ਏਹ ਪੱਥਰ ਮੇਰੇ ਕਿਸ ਕੰਮ ਹੈ? ਮੂਲੀ ਖਾ ਕੇ ਤਾਂ ਭੁੱਖ ਹਟੇਗੀ।" ਫੇਰ ਹਲਵਾਈ ਦੇ ਗਿਆ। ਓਨ ਅੱਧ ਸੇਰ ਮਿਠਾਈ ਦੇਣ ਤੱਕ ਛਾਲ ਮਾਰੀ। ਕਿਨੇ ਦੋ ਸੇਰ ਆਟਾ, ਕਿਨੇ ਦੋ ਗਜ਼ ਕੱਪੜਾ ਦੇਣਾ ਚਾਹਿਆ। ਜਦ ਸਰਾਫਾਂ ਦੇ ਬਜ਼ਾਰ ਗਿਆ, ਤਾਂ ਕਿਨੇਂ ਪੰਜ ਕਿਨੇਂ ਦਸ ਰੁਪੱਯੇ ਡਾਹੇ। ਕਿਸੇ ਕਿਸੇ ਸੌ ਸੌ, ਦੋ ਦੋ ਸੌ ਭੀ ਰੁਪੱਯਾ ਦੇਣਾ ਕਿਹਾ। ਅੰਤ ਨੂੰ ਸਾਲਸਰਾਇ ਜੌਹਰੀ ਮੈਨੀ ਖੱਤ੍ਰੀ ਨੇ ਦੇਖ ਕੇ ਆਖਿਆ, "ਭਾਈ! ਤੇਰਾ ਲਾਲ ਅਮੋਲਕ ਹੈ। ਕਰੋੜ ਰੁਪੱਯਾ ਏਸ ਦੀ ਕੀਮਤ ਕਹਿਣੀ ਥੋੜ੍ਹੀ ਹੈ। ਸੌ ਰੁਪੱਯਾ ਏਸ ਦੀ ਨਜ਼ਰ ਲੈ। ਵੇਚਣਾ ਤੇਰੀ ਖ਼ੁਸ਼ੀ ਰਹੀ।" ਓਹ ੧੦੦ ਰੁਪਿਆ ਲੈ ਕੇ ਜਦ ਮਰਦਾਨੇ ਗੁਰੂ ਜੀ ਪਾਸ ਆ ਕੇ ਸਾਰੀ ਕਥਾ ਸੁਣਾਈ ਤਾਂ ਬਾਬੇ ਆਖਿਆ, "ਹੁਣ ਤਾਂ ਤੇਰੀ ਤਸੱਲੀ ਹੋਈ। ਏਸੇ ਪ੍ਰਕਾਰ ਮਨੁੱਖ ਦੇਹ ਅਮੋਲਕ ਰਤਨ ਹੈ। ਤੁੱਛ ਤੁੱਛ ਵਿਸ਼ੇ ਵਿਕਾਰਾਂ ਵਿੱਚ ਜੀਵ ਗਵਾ ਛੱਡਦੇ ਹਨ। ਕਦਰਦਾਨ ਕਦਰ ਸਾਲਸਰਾਇ ਵਾਂਗੂੰ ਕੋਈ ਪਾਂਵਦੇ ਹਨ। ਹੁਣ ਤੂੰ ਜਾਹ! ਰੁਪੱਯਾ ਸੌ ਮੋੜ ਕੇ ਦੇ ਆਓ। ਜੇ ਵੇਚੀਏ, ਤਾਂ ਰੱਖੀਏ। ਬਿਨਾਂ ਵੇਚੇ ਰੱਖਣਾ ਜੋਗ ਨਹੀਂ।"

ਮਰਦਾਨਾ ਮੋੜਨ ਗਿਆ, ਜੌਹਰੀ ਲਵੇ ਨਹੀਂ। ਏਹੋ ਕਹੇ, "ਏਸ ਲਾਲ ਦੀ ਨਜ਼ਰ ਕੀਤਾ ਗਿਆ। ਹੁਣ ਮੈਂ ਨਹੀਂ ਲੈ ਸਕਦਾ।" ਮਰਦਾਨੇ ਆਖਿਆ, "ਜੀ! ਮੇਰਾ ਖਸਮ ਭੀ ਨਹੀਂ ਰੱਖਦਾ।" ਦੋ ਤਿੰਨ ਵਾਰੀ ਮਰਦਾਨਾ ਵਿੱਚ ਵਿੱਚ ਫਿਰਿਆ। ਓਧਰ ਜਵਾਹਰੀ ਨਾ ਲਵੇ ਏਧਰ ਬਾਬਾ ਨਾ ਰੱਖੇ। ਓੜਕ ਸਾਲਸਰਾਇ ਨੇ ਸੋਚਿਆ ਓਹ ਕੋਈ ਪੂਰਨ ਪੁਰਖ ਹੈ, ਜਿਸ ਨੂੰ ਰੁਪੱਯੇ ਦਾ ਲਾਲਚ ਨਹੀਂ। ਕੁਛ ਮਿਠਾਈ ਆਪਣੇ ਟਹਿਲੂਏ ਅਧਰੱਕੇ ਅਰੋੜੇ ਦੇ ਸਿਰ ਚੁਕਵਾ ਗੁਰੂ ਕੇ ਪਾਸ ਆਯਾ। ਦਰਸ਼ਨ ਕਰ ਬਚਨ ਸੁਣ ਨਿਹਾਲ ਹੋ ਗਿਆ।

ਬਾਬੇ ਆਖਿਆ, "ਏਹ ਤਾਂ ਭਾਈ ਮਰਦਾਨੇ ਦੇ ਪ੍ਰਸ਼ਨ ਦਾ ਉੱਤਰ ਪਰਪੱਕ ਕਰ ਕੇ ਦਿਖਾਯਾ ਹੈ, ਅਸੀਂ ਬਪਾਰੀ ਮਾਯਾ ਦੇ ਨਹੀਂ, ਸੰਤਾਂ ਭਗਤਾਂ ਦੇ ਹਾਂ। ਜਿਨ੍ਹਾਂ ਨੂੰ ਕਰਤਾਰ ਨੇ ਅਕਲ ਬਖ਼ਸ਼ੀ ਹੈ, ਓਹ ਏਸੇ ਤਰ੍ਹਾਂ ਮਾਨੁੱਖਾ ਦੇਹ ਦੀ ਕਦਰ ਕਰਦੇ ਹਨ। ਬਾਕੀ ਦੇ ਹੋਰ ਲੋਗ ਵਿਸ਼ੇ ਵਿਕਾਰਾਂ ਵਿੱਚ ਗੁਵਾ ਕੇ ਅੰਤ ਨੂੰ ਜਮ ਦੰਡ ਸਹਾਰਦੇ ਹਨ, ਪਛਤਾਉਂਦੇ ਹਨ। ਪਰਮੇਸ਼ਰ ਦੀ ਭਗਤੀ ਗਯਾਨ ਬਿਨਾਂ ਮਨੁੱਖ ਪਸ਼ੂ ਦੇ ਸਮਾਨ ਹੈ। ਜੈਸੇ ਪਸ਼ੂ ਪੰਛੀ ਆਪਣੇ ਕੁਟੰਬ ਵਿੱਚ ਫਸੇ ਰਸੇ ਰਹਿੰਦੇ ਅਤੇ ਪਾਲਣਾ ਕਰਦੇ ਹਨ, ਏਸੇ ਪ੍ਰਕਾਰ ਵਿਚਾਰਹੀਨ ਮਨੁੱਖਾਂ ਦਾ ਪ੍ਰਚਾਰ ਹੈ। ਏਹ ਉਪਦੇਸ਼ ਸੁਣ ਕੇ ਸਾਲਸਰਾਇ ਅਤਿ ਖ਼ੁਸ਼ੀ ਹੋਇਆ ਤੇ ਆਖਿਆ, "ਜੀ! ਉਪਦੇਸ਼ ਕਰੋ, ਤਾਂ ਬਾਬੇ ਜੀ ਏਹ ਸ਼ਬਦ ਉਚਾਰਿਆ:

ਲਾਲੋ ਲਾਲ ਉਪਾਇਆ ਲਾਲੋ ਲਾਲ ਦਿਸੰਨ ॥
ਜਿਨ ਕੇ ਲਾਲੀ ਨੈਨ ਮੈ ਦੂਜਾ ਨਾ ਜਾਣੰਨ ॥
ਸੁਣ ਸਾਲਸ ਤੂੰ ਜੌਹਰੀ ਆਪਣਾ ਲਾਲ ਪਛਾਣ ॥
ਕੂੜੇ ਲਾਲ ਨਾ ਗੰਢ ਬੰਨ ਲੈਸੀ ਰੱਬ ਸਿਵਾਣ ॥
ਕਿਕਰ ਪਥਰ ਮੇਲ ਕੇ ਮਾਉ ਸਦਾਯੋ ਸਾਹ ॥
ਨਾਨਕ ਸਤਿਗੁਰ ਜੇ ਮਿਲੇ ਤਾਕੋ ਬੁਝੇ ਰਾਹ ॥

(ਇਹ ਗੁਰਬਾਣੀ ਨਹੀਂ)

ਏਹ ਸ਼ਬਦ ਸੁਣ ਸਾਲਸਰਾਇ ਅਤਿ ਅਨੰਦ ਹੋ ਬਾਬੇ ਜੀ ਨੂੰ ਅਪਨੀ ਧਰਮਸ਼ਾਲਾ ਵਿੱਚ ਲੈ ਗਿਆ। ਭੋਜਨ ਵਾਸਤੇ ਪੁੱਛੇ। ਮਿਠਾਈ, ਕਚੌਰੀ, ਪੂਰੀ, ਬਸਤ੍ਰ, ਜੋੜੇ; ਜੋ ਹੁਕਮ ਹੋਵੇ ਸੋ ਤਿਆਰ ਕਰਾਏ ਜਾਣ। ਤਾਂ ਬਾਬੇ ਜੀ ਨੇ ਦੂਜਾ ਸ਼ਬਦ ਬੋਲਿਆ:

ਹੈ ਪ੍ਰੀਤੀ ਪਕਵਾਨ ਤੁਮਾਰਾ ਲੁਚੀ ਲੋਚਾ ਪੂਰੀ ॥
ਰਤਨਾ ਹਰਿ ਰਸ ਰਸੀ ਮਿਠਾਈ ਛਕ ਮਨ ਰਹੇ ਹਜੂਰੀ ॥
ਮੇਵਾ ਮਿਲਨ ਤੁਮਾਰਾ ਕਹੀਏ ਸਚ ਕੇ ਬਾਗ਼ੇ ਜੋੜੇ ॥
ਨਾਨਕ ਖਾਇ ਪੈਹਨ ਆਘਾਏ ਬਿਖਿਆ ਤੇ ਮਨ ਮੋੜੇ ॥

(ਇਹ ਗੁਰਬਾਣੀ ਨਹੀਂ)

ਸਾਲਸ ਦੀ ਪ੍ਰਾਰਥਨਾ ਤੇ ਭਾਈ ਮਰਦਾਨੇ ਦੀ ਤੀਬ੍ਰ ਇੱਛਾ ਦੇਖ ਕੇ ਬਾਬੇ ਜੀ ਨੇ ਆਗਿਆ ਦੇ ਦਿੱਤੀ। ਤਾਂ ਓਨ ਛੱਤੀ ਪ੍ਰਕਾਰ ਦੇ ਭੋਜਨ ਅਤੇ ਬਸਤਰਾਂ ਦੇ ਜੋੜੇ ਅੱਗੇ ਲਿਆ ਰੱਖੇ। ਭੋਜਨ ਛਕ ਛਕਾ ਬਸਤ੍ਰ ਭਾਈ ਬਾਲੇ ਮਰਦਾਨੇ ਨੂੰ ਤਨ ਛਾਦਨ ਮਾਤ੍ਰ ਦੇ ਕੇ ਹੋਰ ਸਭ ਗ਼ਰੀਬਾਂ ਨੂੰ ਵਰਤਾ ਦਿੱਤੇ। ਤਿੰਨ ਮਹੀਨੇ ਸਾਲਸ ਨੇ ਅਤਿ ਪ੍ਰੇਮ ਨਾਲ ਰੱਖੇ। ਕੁਟੰਬ ਸਮੇਤ ਪ੍ਰਿਤਮਾ ਮੜੀ ਮਸਾਣੀ ਮੰਨਣੋਂ ਛੱਡ ਕੇ ਸਤਿਨਾਮ ਦਾ ਉਪਦੇਸ਼ੀ ਹੋਯਾ। ਹੋਰ ਭੀ ਅਨੰਤ ਸੰਤ ਭਗਤ ਅੱਠੇ ਪਹਿਰ ਬਾਬੇ ਦੇ ਬਚਨ ਸੁਣ ਸੁਣ ਪਰਮ ਪਦ ਪ੍ਰਾਪਤਿ ਹੋਏ।

ਬਾਬਾ ਜੀ ਤੁਰਨ ਲੱਗੇ ਤਾਂ ਸਤਿਸੰਗੀਆਂ ਨੇ ਨੇਤ੍ਰ ਭਰ ਕੇ ਆਖਿਆ, "ਹੁਣ ਅਸੀਂ ਕਿਸ ਦਾ ਸਤਿਸੰਗ ਕਰਾਂਗੇ? ਕਿਸੇ ਦੀ ਬਾਂਹ ਫੜਾ ਜਾਓ।" ਤਾਂ ਬਾਬੇ ਜੀ ਨੇ {ਅਧਰੱਕੇ ਨੂੰ ਮੰਜੀ ਬਖ਼ਸ਼ੀ} ਅਧਰੱਕੇ ਅਰੋੜੇ ਨੂੰ; ਜੋ ਅੱਠ ਪਹਿਰ ਸ੍ਵਾਸ ਸ੍ਵਾਸ ਪ੍ਰਭੂ ਦਾ ਸਿਮਰਨ ਕਰਦਾ ਹੋਯਾ ਪ੍ਰੇਮਾ ਭਗਤੀ ਵਿੱਚ ਭਿੰਨ ਰਹਿੰਦਾ ਸੀ, ਲਾਇਕ ਸਮਝ ਕੇ ਆਪਣੀ ਥਾਂ ਮੰਜੀ ਪਰ ਬੈਠਾ ਕੇ ਸ਼ਬਦ ਬੋਲਿਆ:

ਉਤਮ ਜਨਮ ਮਾਨ ਹੰਕਾਰੀ ਨੀਚ ਨਰਾਇਣ ਪਾਏ ॥
ਦੁਰਜੋਧਨ ਕੇ ਮੇਵੇ ਤਜਕੇ ਸਾਗ ਬਿਦਰ ਘਰ ਖਾਏ ॥
ਜਗ ਨ ਪੂਰਾ ਭਯੋ ਕਿਸੀ ਤੇ ਰਿਖ ਮੁਨਿ ਵਡ ਵਡ ਆਏ ॥
ਬਾਲਮੀਕ ਬਟਵਾਰੇ ਭੋਜਨ ਕੀਨੋ ਘੰਟ ਬਜਾਏ ॥
ਸੁਣ ਸਾਲਸ ਇਹੁ ਗੋਲਾ ਤੇਰਾ ਆਪ ਨਰਾਇਣ ਮਾਨਾ ॥
ਨਾਨਕ ਊਚੇ ਭਗਤ ਸੰਗ ਮਿਲ ਊਚੇ ਪਦ ਠਹਿਰਾਨਾ ॥

(ਇਹ ਗੁਰਬਾਣੀ ਨਹੀਂ)

ਏਹ ਬਚਨ ਸੁਣ ਸਭ ਤੋਂ ਪਹਿਲੇ ਭੇਟਾ ਧਰ ਸਾਲਸ ਨੇ ਅਧਰਕੇ* ਅੱਗੇ ਮੱਥਾ ਟੇਕਿਆ। ਫੇਰ ਸਭ ਨੇ ਮੱਥਾ ਟੇਕਿਆ। ਫੇਰ ਹਮੇਸ਼ ਓਸ ਨੂੰ ਸੰਤ ਰੂਪ ਸਮਝ ਕੇ ਮੰਨਦੇ ਰਹੇ। ਸਤਸੰਗ ਦਾ ਰੰਗ ਲੱਗਾ ਰਿਹਾ, ਸਗੋਂ ਓਸ ਦੇ ਪਿੱਛੋਂ ਓਸ ਦੀ ਸੰਤਾਨ ਨੂੰ ਭੀ ਲੋਕ ਮੰਨਦੇ ਰਹੇ।

ਬਾਬੇ ਜੀ ਦੇ ਤੁਰਨ ਲੱਗਜਾਂ ਸਾਲਸ* ਨੇ ਹੱਥ ਜੋੜੇ ਤੇ ਅਰਜ਼ ਕੀਤੀ, "ਜੀ! ਫੇਰ ਵੀ ਦਰਸ਼ਨ ਹੋਊ?" ਤਾਂ ਬਾਬੇ ਆਖਿਆ, "ਗੁਰਮੁਖਾਂ ਨੂੰ ਸਦਾ ਹੀ ਦਰਸ਼ਨ ਹਨ। ਏਥੇ ਭੀ {ਪਟਨੇ ਨੂੰ ਵਰ} ਸੱਤਪੁਰਖ ਪ੍ਰਗਟੇਗਾ।"

---

*ਏਸੇ ਅਧਰੱਕੇ ਦੀ ਸੰਤਾਨ ਵਿੱਚੋਂ ਘਨਸਯਾਮ ਗੁਲਾਬਰਾਇ ਦਸਵੇਂ ਗੁਰੂ ਦੇ ਮਸੰਦ ਪੂਸੇ ਦੀ ਸੰਗਤ ਨੂੰ ਅਨੰਦਪੁਰ ਲੈ ਜਾਂਦੇ ਰਹੇ। ਹੁਣ ਓਨ੍ਹਾਂ ਦੀ ਸੰਤਾਨ ਗੁਲਾਬ ਸਿੰਘ ਆਦਿਕ ਅਨੇਕ ਪੁਰਖ ਹਰਿਮੰਦਰ ਗੁਰਦੁਆਰੇ ਪਟਣੇ ਦੇ ਗਰੰਥੀ ਹਨ। ਏਸੇ ਜਗ੍ਹਾ ਜਿੱਥੇ ਬਾਬਾ ਜੀ ਰਹੇ ਸੇ ਦਸਵੇਂ ਗੁਰੂ ਦਾ ਅਵਤਾਰ ਹੋਇਆ ਓਥੇ ਹੁਣ ਗੁਰਦਵਾਰਾ ਹੈ।

*ਏਸੇ ਸਾਲਸ ਦੀ ਉਲਾਦ ਵਿੱਚੋਂ ਫਤੇ ਚੰਦ ਮੈਣੀ ਖੱਤਰੀ ਦਸਵੇਂ ਪਾਤਸ਼ਾਹ ਦੇ ਪਰਮ ਭਗਤ ਸੀ ਜਿਸ ਦੇ ਘਰ ਵਿੱਚ ਦਸਵੇਂ ਗੁਰੂ ਹਮੇਸ਼ਾ ਜਾ ਕੇ ਖੇਲਦੇ ਰਹਿੰਦੇ ਅਤੇ ਦੁੱਧ ਰੂਪੀ ਛੋਲੇ ਤਲੇ ਹੋਏ ਛਕਿਆ ਕਰਦੇ। ਤਦੇ ਹੀ ਓਸੇ ਦੇ ਨਾਮ ਦੀ ਮੈਣੀ ਸੰਗਤ ਵਿੱਚ ਹੁਣ ਭੀ ਹਮੇਸ਼ਾ ਓਥੇ ਭੋਗ ਗੁਰੂ ਜੀ ਨੂੰ ਲੱਗਦਾ ਹੈ। ਪਹਿਲੇ ਤਾਂ ਏਹ ਸੰਗਤ ਖਿਸਤਾਲ ਪਈ ਸੀ ਕਿਉਂਕਿ ਜਗੀਰ ਸਰਕਾਰੋਂ ਏਸ ਨਾਲ ਕੁਛ ਨਹੀਂ ਸੀ। ਪਰ ਸੰਮਤ ੧੯੨੮ ਬਿਕ੍ਰਮੀ ਜਿਸ ਦਿਨ ਤੋਂ ਈਸ਼ਰ ਸਿੰਘ ਨਿਰਮਲੇ ਸਾਧੂ ਨੇ ਆਪਣੇ ਹੱਥ ਏਸ ਦੀ ਟਹਲ ਕੀਤੀ ਹੈ ਦਿਨੋਂ ਦਿਨ ਐਡੀ ਰੌਣਕ ਕੀਤੀ ਹੁਣ ਬੜੇ ਬੜੇ ਮਕਾਨ, ਬਾਗ਼, ਕੋਠੀਆਂ, ਖੂਹ ਤਿਆਰ ਕਰਵਾ ਦਿੱਤੇ। ਜੀਵਕਾ ਭੀ ਹਮੇਸ਼ੀ ਬਹੁਤ ਕਾਇਮ ਕਰ ਦਿੱਤੀ। ਗੁਰ ਮੰਦਰ ਵਿੱਚ ਤੀਸ ਤੀਸ ਵੱਟੀ ਦੇ ਕਈ ਝਾੜ ਹਨ। ਛੋਟਿਆਂ ਦੀ ਕੀ ਗਿਣਤੀ ਹੈ? ਕਥਾ ਕੀਰਤਨ ਸਤਸੰਗ ਅੱਠੇ ਪਹਿਰ ਰਹਿੰਦਾ ਹੈ।

੨੪ ਫੱਗਨ ਸੰਮਤ ੧੫੬੩ ਬਿਕ੍ਰਮੀ ਨੂੰ ਪਟਣੇ ਤੋਂ ਚੱਲ ਕੇ ਰਾਜਗਿਰੀ** ਜਾ ਠਹਿਰੇ ਓਥੇ ਹੋਲੇ ਦਾ ਮੇਲਾ ਸੀ। ਅਨੇਕ ਸੰਤ ਭਗਤ 'ਕੱਠੇ ਹੋਏ ਸਨ। ਜਦ ਮਰਦਾਨੇ ਨੇ ਰਬਾਬ ਵਜਾਯਾ ਤਾਂ ਬਾਬੇ ਏਹ ਸ਼ਬਦ ਗਾਵਿਆ:

ਸਿਰੀਰਾਗੁ ਮਹਲਾ ੧ ਘਰੁ ੨ ॥
ਧਨੁ ਜੋਬਨੁ ਅਰੁ ਫੁਲੜਾ ਨਾਠੀਅੜੇ ਦਿਨ ਚਾਰਿ ॥
ਪਬਣਿ ਕੇਰੇ ਪਤ ਜਿਉ ਢਲਿ ਢੁਲਿ ਜੁੰਮਣਹਾਰ ॥੧॥
ਰੰਗੁ ਮਾਣਿ ਲੈ ਪਿਆਰਿਆ ਜਾ ਜੋਬਨੁ ਨਉ ਹੁਲਾ ॥
ਦਿਨ ਥੋੜੜੇ ਥਕੇ ਭਇਆ ਪੁਰਾਣਾ ਚੋਲਾ ॥੧॥ ਰਹਾਉ ॥
ਸਜਣ ਮੇਰੇ ਰੰਗੁਲੇ ਜਾਇ ਸੁਤੇ ਜੀਰਾਣਿ ॥
ਹੰ ਭੀ ਵੰਞਾ ਡੁਮਣੀ ਰੋਵਾ ਝੀਣੀ ਬਾਣਿ ॥੨॥
ਕੀ ਨ ਸੁਣੇਹੀ ਗੋਰੀਏ ਆਪਣ ਕੰਨੀ ਸੋਇ ॥
ਲਗੀ ਆਵਹਿ ਸਾਹੁਰੈ ਨਿਤ ਨ ਪੇਈਆ ਹੋਇ ॥੩॥
ਨਾਨਕ ਸੁਤੀ ਪੇਈਐ ਜਾਣੁ ਵਿਰਤੀ ਸੰਨਿ ॥
ਗੁਣਾ ਗਵਾਈ ਗੰਠੜੀ ਅਵਗਣ ਚਲੀ ਬੰਨਿ ॥੪॥੨੪॥

(ਸਿਰੀਰਾਗੁ, ਮ: ੧ - ੨੩)

ਤਾਂ ਏਹ ਸ਼ਬਦ ਸੰਝ ਸਮੇਂ ਐਸੇ ਵੱਸਿਆ ਜੋ ਸਭ ਲੋਕ ਬਾਬੇ ਜੀ ਦੇ ਗਿਰਦੇ ਆ 'ਕੱਠੇ ਹੋਏ। ਲੱਗੇ ਗਜਾਨ ਗੋਸ਼ਟ ਕਰਨ। ਸਾਰੀ ਰਾਤ ਸਤਸੰਗ ਹੁੰਦਾ ਰਿਹਾ। ਬਾਬੇ ਜੀ ਨੂੰ ਪ੍ਰਤਾਪੀ ਸਮਰੱਥ ਪੁਰਸ਼ ਸਮਝ ਕੇ ਸਭਨਾਂ ਪ੍ਰਾਰਥਨਾ ਕੀਤੀ ਕਿ ਏਥੇ ਗ਼ਰਮ ਜਲ ਦੇ ਕੁੰਡ ਤੇ ਸੁੰਮ ਬ੍ਰਹਮਾਂ, ਬਿਸ਼ਨ, ਸ਼ਿਵ ਆਦਿਕ ਦੇਵਤਜਾਂ ਦੇ ਨਾਮ ਪਰ ਉੱਘੇ ਬਹੁਤ ਹਨ। ਠੰਢੇ ਜਲ ਦਾ ਕੋਈ ਨਹੀਂ। ਮੇਲੇ ਵਿੱਚ ਆਏ ਲੋਕ ਠੰਢਾ ਜਲ ਪੀਣ ਤੋਂ ਬੜੇ ਔਖੇ ਹੁੰਦੇ ਹਨ। ਓਨ੍ਹਾਂ ਨੂੰ ਸੁਖੀ ਕਰਨ ਵਾਸਤੇ ਠੰਢਾ ਜਲ ਚਾਹੀਏ। ਜੇ ਤੁਸੀਂ ਈਸ਼੍ਵਰ ਅੱਗੇ ਪ੍ਰਾਰਥਨਾ ਪਰੋਪਕਾਰ ਵਾਸਤੇ ਕਰੋ ਤਾਂ ਸਾਨੂੰ ਭਰੋਸਾ ਹੈ, ਜਿੱਕੂੰ ਤੱਤਾ ਜਲ ਨਿੱਕਲਦਾ ਹੈ ਏਸੇ ਤਰ੍ਹਾਂ ਠੰਡਾ ਜਲ ਨਿੱਕਲ ਆਵੇਗਾ। ਬਾਬੇ ਜੀ ਨੇ ਆਖਿਆ, "ਈਸ਼੍ਵਰ ਸਰਬ ਸ਼ਕਤੀਮਾਨ ਹੈ। ਤੁਹਾਡੀ ਇੱਛਾ ਭੀ ਪੂਰੀ ਕਰ ਦੇਵੇਗਾ।" ਸੂਟੇ ਤਾਂ ਓਥੇ ਨਿੱਕਲ ਹੀ ਰਹੇ ਸੇ। ਕੁਦਰਤ ਨਾਲ ਜਿੱਥੇ ਬਾਬਾ ਜੀ ਬੈਠੇ ਸ਼ਬਦ ਪੜ੍ਹ ਰਹੇ ਸੇ, ਓਥੇ ਠੰਢਾ ਜਲ ਵਹਿਣ ਲੱਗ ਪਿਆ। ਹੁਣ ਓਥੇ ਬਾਬੇ ਜੀ ਦੇ ਨਾਮ ਕੁੰਡ ਹੈ ਤੇ ਸਭ ਲੋਕ ਜਲ ਪੀਂਦੇ ਹਨ। ਨਿਰਮਲੇ ਸੰਤ ਹਮੇਸ਼ਾ ਮੇਲੇ ਨੂੰ ਓਥੇ ਝੰਡਾ ਖੜ੍ਹਾ ਕਰ ਕੇ ਲੰਗਰ ਦਿੰਦੇ ਹਨ ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਹੁੰਦਾ ਹੈ।

**ਰਾਜਗਿਰੀ ਜਰਾਸੰਧ ਰਾਜੇ ਦੀ ਰਾਜਧਾਨੀ ਸੀ। ਬਿਹਾਰ ਦਰਪਨ ਵਿੱਚ ਲਿਖਿਆ ਹੈ ਜਰਾਸੰਧ ਦੇ ਵੱਡਿਆਂ ਨੇ ਬਿਹਾਰ ਪ੍ਰਾਂਤ ਦਾ ਰਾਜ ੩੯੮ ਬਰਸ ਕੀਤਾ। ਕਈ ਵਾਰੀ ਸਾਰੇ ਭਾਰਤਬਰਸ਼ ਨੂੰ ਜਿੱਤ ਕੇ ਚੀਨ ਤੱਕ ਕਈ ਦੇਸ ਫਤੇ ਕੀਤੇ। 'ਆਪਾ ਸਾਹਿਬ' ਨਾਮੇ ਮਹਾਰਾਜਾ ਬੜਾ ਪ੍ਰਤਾਪੀ ਸੀ। ਓਨ ਅਰਬ ਤੱਕ ਘੋੜਾ ਫੇਰਿਆ। ਇੱਕ ਵਾਰੀ ਜਰਾਸੰਧ ਨੇ ਜੱਗ ਵਿੱਚ ਸਵਾ ਲੱਖ ਬ੍ਰਾਹਮਣ ਨੂੰ ਭੋਜਨ ਤੇ ਮੋਹਰ ਮੋਹਰ ਦੱਖਣਾਂ ਦੇਣ ਦਾ ਹੁਕਮ ਕੀਤਾ। ਮੰਤਰੀ ਨੂੰ ਏਤਨੇ ਬ੍ਰਾਹਮਣ ਨਾ ਲੱਭੇ ਤਾਂ ਓਸ ਨੇ ਸੂਦਰਾਂ, ਵੈਸਾਂ ਨੂੰ ਜਨੇਊ ਪਵਾ ਕੇ ਸਵਾ ਲੱਖ ਪੂਰਾ ਕਰ ਦਿੱਤਾ। ਜਦ ਓਨ੍ਹਾਂ ਨੂੰ ਜਾਤ ਵਿੱਚੋਂ ਛੇਕਿਆ ਗਿਆ ਤਾਂ ਰਾਜੇ ਨੇ ਮੰਤਰੀ ਦੇ ਕਹੇ ਓਨ੍ਹਾਂ ਨੂੰ ਵੱਖਰੇ ਪਿੰਡ ਬੰਨ੍ਹ ਕੇ ਮਾਫੀ ਦੇ ਦਿੱਤੇ। ਆਹਾਰ ਬਦਲੇ ਭੂਮੀ ਮਿਲਣੇ ਕਰ ਲੋਕਾਂ ਨੇ ਉਨ੍ਹਾਂ ਦਾ ਨਾਮ ਭੂਮੀ ਹਾਰ ਰੱਖਿਆ। ਹੌਲੀ ਹੌਲੀ ਏਸੇ ਗੋਤ ਦੇ ਭੂਮੀ ਹਾਰ ਬ੍ਰਾਹਮਣ ਉੱਘੇ ਹੋ ਗਏ। ਹੁਣ ਬਹੁਤ ਹਨ, ਏਸੇ ਤਰ੍ਹਾਂ ਪੁਸ਼ਕਰਣੇ, ਗੁਰਜਰ, ਕਾਨਕੁਬਜ, ਗਾਲਬ ਆਦਿਕ ਗੋਤਰਾਂ ਦੇ ਬ੍ਰਾਹਮਣ ਅਨੇਕ ਬਣੇ ਹੋਏ ਹਨ। ਓਨ੍ਹਾਂ ਦਾ ਨਿਰਨਾ ਦੇਖੋ ਸਫਾ ੭੬ ਖਾਲਸਾ ਧਰਮ ਪਤਿਤਪਾਵਨ ਪੋਥੀ ਦਾ। ਏਸੇ ਜਰਾਸੰਧ ਨੇ ਰਾਜਸੂ ਜੱਗ ਵਿੱਚ ਬਲੀ ਦੇਣ ਲਈ ਕਈ ਹਜ਼ਾਰ ਰਾਜਾ ਜਿੱਤ ਕੇ ਫੜ ਰੱਖਿਆ ਸੀ ਜੋ ਕ੍ਰਿਸ਼ਨ ਜੀ ਨੇ ਭੀਮ ਦੇ ਹੱਥੋਂ ਜਰਾਸੰਧ ਨੂੰ ਮਰਵਾ ਕੇ ਛੁਡਾਏ ਸੇ। ਓਹ ਸਭ ਮਹਾਂਭਾਰਤ ਦੇ ਜੱਗ ਵਿੱਚ ਪਾਂਡਵਾਂ ਦੇ ਸਹਾਇਕ ਹੋਏ। ਏਹ ਜਰਾਸੰਧ ਐਸਾ ਬਲੀ ਸੀ ਜੋ ੧੭ ਵਾਰੀ ਕ੍ਰਿਸ਼ਨ ਜੀ ਨੂੰ ਜੰਗ ਵਿੱਚੋਂ ਭਜਾਇਆ ਸੀ। ਮਾਰਟਨ ਸਾਹਿਬ ਹਿਸਟਰੀ ਬਿਹਾਰ ਵਿੱਚ ਲਿਖਦਾ ਹੈ ਕਿ ਜਰਾਸੰਧ ਦੋ ਪਹਾੜਾਂ ਉੱਤੇ ਦੋਵੇਂ ਪੈਰ ਧਰ ਕੇ ਦੁਆਰਕਾ ਪਾਸ ਗੋਮਤੀ ਤੀਰ ਇਸ਼ਨਾਨ ਕਰਨ ਲੱਗੀਆਂ ਕ੍ਰਿਸ਼ਨ ਜੀ ਦੀਆਂ ਰਾਣੀਆਂ ਨੰਗੀਆਂ ਨੂੰ ਦੇਖਦਾ ਹੁੰਦਾ ਸੀ। ਏਸੇ ਅਪਰਾਧ ਕਰ ਕੇ ਮਾਰਿਆ ਗਿਆ, ਨਹੀਂ ਤਾਂ ਕਿਸੇ ਦੇ ਜਿੱਤਣ ਦਾ ਨਹੀਂ ਸੀ।

ਗਇਆ ਉੱਪਰ ਪਹੁੰਚੇ

੩ ਚੇਤ੍ਰ ੧੫੬੩ ਈ. ਨੂੰ ਗਇਆ ਪੁੱਜੇ ਸ਼ਬਦ ਉਚਾਰਿਆ:

ਆਸਾ ਘਰੁ ੪ ਮਹਲਾ ੧
ੴ ਸਤਿਗੁਰ ਪ੍ਰਸਾਦਿ ॥
ਦੇਵਤਿਆ ਦਰਸਨ ਕੈ ਤਾਈ ਦੂਖ ਭੂਖ ਤੀਰਥ ਕੀਏ ॥
ਜੋਗੀ ਜਤੀ ਜੁਗਤਿ ਮਹਿ ਰਹਤੇ ਕਰਿ ਕਰਿ ਭਗਵੇ ਭੇਖ ਭਏ ॥੧॥
ਤਉ ਕਾਰਣਿ ਸਾਹਿਬਾ ਰੰਗਿ ਰਤੇ ॥
ਤੇਰੇ ਨਾਮ ਅਨੇਕਾ ਰੂਪ ਅਨੰਤਾ ਕਹਣੁ ਨ ਜਾਹੀ ਤੇਰੇ ਗੁਣ ਕੇਤੇ ॥੧॥ ਰਹਾਉ ॥
ਦਰ ਘਰ ਮਹਲਾ ਹਸਤੀ ਘੋੜੇ ਛੋਡਿ ਵਿਲਾਇਤਿ ਦੇਸ ਗਏ ॥
ਪੀਰ ਪੇਕਾਂਬਰ ਸਾਲਿਕ ਸਾਦਿਕ ਛੋਡੀ ਦੁਨੀਆ ਥਾਇ ਪਏ ॥੨॥
ਸਾਦ ਸਹਜ ਸੁਖ ਰਸ ਕਸ ਤਜੀਅਲੇ ਕਾਪੜ ਛੋਡੇ ਚਮੜ ਲੀਏ ॥
ਦੁਖੀਏ ਦਰਦਵੰਦ ਦਰਿ ਤੇਰੈ ਨਾਮਿ ਰਤੇ ਦਰਵੇਸ ਭਏ ॥੩॥
ਖਲੜੀ ਖਪਰੀ ਲਕੜੀ ਚਮੜੀ ਸਿਖਾ ਸੂਤੁ ਧੋਤੀ ਕੀਨੑੀ ॥
ਤੂੰ ਸਾਹਿਬੁ ਹਉ ਸਾਂਗੀ ਤੇਰਾ ਪ੍ਰਣਵੈ ਨਾਨਕੁ ਜਾਤਿ ਕੈਸੀ ॥੪॥੧॥੩੩॥

(ਆਸਾ, ਮਃ ੧ - ੩੫੮)

ਬਹੁਤ ਪੰਡੇ 'ਕੱਠੇ ਆ ਹੋਏ, ਆਖਣ ਲੱਗੇ ਤੁਸੀਂ ਭੀ ਪਿੰਡ ਭਰਾਓ, ਦੀਵਾ ਕਰਾਓ, ਜਿਸ ਤੋਂ ਤੁਹਾਡੇ ਪਿਤਰਾਂ ਦੀ ਗਤੀ ਹੋ ਜਾਵੇ। ਤਾਂ ਬਾਬੇ ਜੀ ਨੇ ਏਹ ਸ਼ਬਦ ਉਚਾਰਿਆ:-

ਆਸਾ ਮਹਲਾ ੧ ॥
ਦੀਵਾ ਮੇਰਾ ਏਕੁ ਨਾਮੁ ਦੁਖੁ ਵਿਚਿ ਪਾਇਆ ਤੇਲੁ ॥
ਉਨਿ ਚਾਨਣਿ ਓਹੁ ਸੋਖਿਆ ਚੂਕਾ ਜਮ ਸਿਉ ਮੇਲੁ ॥੧॥
ਲੋਕਾ ਮਤ ਕੋ ਫਕੜਿ ਪਾਇ ॥
ਲਖ ਮੜਿਆ ਕਰਿ ਏਕਠੇ ਏਕ ਰਤੀ ਲੇ ਭਾਹਿ ॥੧॥ ਰਹਾਉ ॥
ਪਿੰਡੁ ਪਤਲਿ ਮੇਰੀ ਕੇਸਉ ਕਿਰਿਆ ਸਚੁ ਨਾਮੁ ਕਰਤਾਰੁ ॥
ਐਥੈ ਓਥੈ ਆਗੈ ਪਾਛੈ ਏਹੁ ਮੇਰਾ ਆਧਾਰੁ ॥੨॥
ਗੰਗ ਬਨਾਰਸਿ ਸਿਫਤਿ ਤੁਮਾਰੀ ਨਾਵੈ ਆਤਮ ਰਾਉ ॥
ਸਚਾ ਨਾਵਣੁ ਤਾਂ ਥੀਐ ਜਾਂ ਅਹਿਨਿਸਿ ਲਾਗੈ ਭਾਉ ॥੩॥
ਇਕ ਲੋਕੀ ਹੋਰੁ ਛਮਿਛਰੀ ਬ੍ਰਾਹਮਣੁ ਵਟਿ ਪਿੰਡੁ ਖਾਇ ॥
ਨਾਨਕ ਪਿੰਡੁ ਬਖਸੀਸ ਕਾ ਕਬਹੂੰ ਨਿਖੂਟਸਿ ਨਾਹਿ ॥੪॥੨॥੩੨॥

(ਆਸਾ, ਮਃ ੧ - ੩੫੮)

ਹੇ ਪੰਡਤ! ਅਸਾਂ ਸੱਚੀ ਗਇਆ ਕਰਾ ਕੇ ਪਿਤਰਾਂ ਦੀ ਗਤੀ ਕਰ ਛੱਡੀ ਹੈ, ਏਸ ਭੇਡਾ ਚਾਲ ਵਿੱਚ ਅਸੀਂ ਨਹੀਂ ਚੱਲਦੇ, ਤੁਸੀਂ ਤਾਂ ਆਪਣੀ ਜੀਵਕਾ ਲਈ ਬਣਤ ਬਣਾ ਰੱਖੀ ਹੈ, ਹੋਰ ਸਦਗਤੀ ਅਪਗਤੀ ਜੀਵਾਂ ਨੂੰ ਆਪਣੇ ਆਪਣੇ ਕਰਮਾਂ ਅਨੁਸਾਰ ਮਿਲਦੀ ਹੈ, ਤੁਹਾਡੇ ਵੱਡੇ ਤੁਹਾਡੇ ਲਈ ਜੀਵਕਾ ਦਾ ਢੰਗ ਬਣਾ ਗਏ, ਸੱਚ ਪੁੱਛੋ ਤਾਂ ਓਨ੍ਹਾਂ ਨੇ ਏਸ ਵਾਸਤੇ ਏਹ ਢੰਗ ਜੀਵਕਾ ਦੇ ਰਚੇ ਸੇ ਤੇ ਗ੍ਰੰਥਾਂ ਪੋਥੀਆਂ ਵਿੱਚ ਲਿਖੇ ਸਨ ਜੋ ਲੋਕ ਏਨ੍ਹਾਂ ਅਸਥਾਨਾਂ ਦੀ ਤੇ ਬ੍ਰਾਹਮਣਾਂ ਦੀ ਮਹਿਮਾ ਸੁਣ-ਸੁਣ ਕੇ ਬ੍ਰਾਹਮਣਾਂ ਨੂੰ ਦਾਨ ਦਿੰਦੇ ਰਹਿਣਗੇ, ਤੇ ਬ੍ਰਾਹਮਣ ਜੀਵਕਾ ਤੋਂ ਬੇਫ਼ਿਕਰ ਹੋ ਕੇ ਵਿੱਦਿਆ ਪੜ੍ਹ ਕੇ ਜਪੁ ਤਪੁ ਕਮਾ ਕਮਾ ਜਜਮਾਨਾਂ ਨੂੰ ਫਾਇਦੇ ਅਨੇਕ ਤਰ੍ਹਾਂ ਦੇ ਪੁਚਾਉਂਦੇ ਰਹਿਣਗੇ, ਸੋ ਤਿੰਨੇ ਵਰਣ ਤਾਂ ਆਪਣੇ ਧਰਮ ਉੱਤੇ ਚੱਲ ਰਹੇ ਹਨ, ਤੁਸਾਨੂੰ ਦੇਈ ਜਾਂਦੇ ਹਨ, ਪਰ ਤੁਸੀਂ ਆਪਣਾ ਧਰਮ ਛੱਡ ਬੈਠੇ, ਦਾਨ ਲੈ ਕੇ ਵਿਸ਼ੇ-ਵਿਕਾਰਾਂ ਤੇ ਖੋਟੇ ਕਰਮਾਂ ਵਿੱਚ ਖ਼ਰਚ ਕੇ ਆਪਣੇ ਆਪ ਨੂੰ ਭੀ ਤੇ ਜਜਮਾਨਾਂ ਨੂੰ ਭੀ ਨਰਕ ਅਧਿਕਾਰੀ ਕਰ ਰਹੇ ਹੋ, ਹੁਣ ਤੁਸੀਂ

ਕੁਪਾਤ੍ਰ ਹੋ ਰਹੇ ਹੋ, ਕੁਪਾਤਰ ਨੂੰ ਦਾਨ ਦੇਣਾ ਕੱਲਰ ਵਿੱਚ ਬੀਜਣਾ ਹੈ। ਪਾਂਡੇ ਬੋਲੇ ਹੋਰ ਲੋਕ ਭੀ ਕਲਿਯੁਗ ਦੇ ਪ੍ਰਤਾਪ ਕਰ ਧਰਮੀ ਨਹੀਂ ਰਹੇ। ਬਾਬੇ ਆਖਿਆ ਸੱਚ ਹੈ, ਜਿਸ ਬਾਗ਼ ਦਾ ਮਾਲੀ ਆਪਣਾ ਕਰਮ ਧਰਮ ਛੱਡ ਬੈਠੇ ਓਹ ਬਾਗ਼ ਉੱਜੜ ਜਾਂਦਾ ਹੈ, ਏਸ ਹਿੰਦਵਾਇਣ ਦੇ ਮਾਲੀ ਤੁਸੀਂ ਸੇ, ਤੁਹਾਡਾ ਧਰਮ ਸੀ ੨੫ ਬਰਸ ਤੱਕ ਬ੍ਰਹਮਚਰਯ ਧਾਰ ਕੇ ਵਿੱਦਜਾ ਪੜ੍ਹਨੀ, ਭਿੱਖਿਆ ਮੰਗ ਕੇ ਜੀਵਕਾ ਕਰਨੀ, ਦਾਨ ਨਾ ਲੈਣਾ, ਫੇਰ ੨੫ ਬਰਸ ਤੱਕ ਨਿੱਤ ਨਮਿੱਤ ਪ੍ਰਾਸ਼ਚਿਤ ਕਰਦੇ ਹੋਏ ਗ੍ਰਿਸਤ ਕਰਨਾ, ਏਹਨਾਂ ਬਰਸਾਂ ਵਿੱਚ ਭਾਵੇਂ ਸੰਤਾਨ ਹੋਵੇ ਭਾਵੇਂ ਨਾ ਹੋਵੇ ਫੇਰ ਬਾਨਪ੍ਰਸਥ ਹੋ ਜਾਣਾ, ਜਪ ਤਪ ਸਾਧਨ ਕਰ ਕੇ ਸ਼ਕਤੀ ਪੈਦਾ ਕਰਨੀ, ਵਿੱਦਜਾ ਦੇ ਚਮਤਕਾਰੇ ਲਾਭਦਾਇਕ ਸਿੱਧ ਕਰ ਕਰ ਜਜਮਾਨਾਂ ਨੂੰ ਲਾਭ ਪੁਚਾਵਣਾ।

ਜਦ ਜਪੁ ਤਪੁ ਨਾ ਹੋ ਸਕੇ ਦੇਹ ਸਿਥਲ ਨਿਰਬਲ ਹੋਵੇ ਤਾਂ ਸੰਨਜ਼ਾਸ ਧਾਰਨ ਕਰ ਭਿੱਛਾ ਮੰਗ ਕੇ ਨਿਰਬਾਹ ਕਰਨਾ, ਸੋ ਹੁਣ ਏਹ ਚਾਰੇ ਧਰਮ ਤੁਹਾਡੇ ਵਿੱਚ ਨਹੀਂ, ਚਾਰੇ ਹਿੱਸੇ ਉਮਰ ਦੇ ਵਿਸ਼ਜ਼ਾਂ ਵਿੱਚ ਖ਼ਰਚ ਕੇ ਅਧਰਮੀ ਬਣ ਰਹੇ ਹੋ, ਅਧਰਮੀ ਦਾ ਦਰਸ਼ਨ ਕਰਣਾਂ ਭੀ ਪਾਪ ਹੈ, ਤਾਂ ਤੇ ਤੁਸੀਂ ਹੁਣ ਜੇ ਹੋਰ ਕੁਛ ਨਹੀਂ ਕਰ ਸਕਦੇ ਤਾਂ ਜੋ ਕੁਛ ਦਾਨ ਲਿਆ ਕਰੋ ਉਸ ਦਾ ਚੌਥਾ ਜਾਂ ਦਸਵਾਂ ਹਿੱਸਾ ਗ਼੍ਰੀਬਾਂ ਅਤਿੱਥੀਆਂ ਨੂੰ ਵੰਡ ਦਿਆ ਕਰੋ, ਈਸ਼੍ਵਰ ਦਾ ਭਜਨ ਭਗਤੀ ਕਰਦੇ ਰਹੋ ਝੂਠ ਬੋਲਣਾ, ਵਾਦ-ਵਿਵਾਦ ਕਰਨਾ, ਨਿੰਦਾ, ਚੁਗਲੀ, ਬਖੀਲੀ, ਮਤਸਰ, ਚੋਰੀ ਯਾਰੀ ਛੱਡ ਕੇ ਈਸ਼੍ਵਰ ਦਾ ਸਿਮਰਨ ਕਰੋ, ਏਸੇ ਵਿੱਚ ਤੁਹਾਡਾ ਕਲਿਆਣ ਹੈ।

ਬੋਧ ਗਇਆ ਪਰ ਪਹੁੰਚਨਾ

ਓਥੋਂ ਅੱਗੇ ਬਾਬਾ ਜੀ ਪੰਜ ਕੋਹ (ਬੋਧ ਗਇਆ) ਪਹੁੰਚੇ। ਬੋਧਾ ਅਵਤਾਰ ਦੀ ਪਿੱਠ ਦਾ ਦੀਦਾਰ ਕੀਤਾ ਤਾਂ ਮਰਦਾਨੇ ਪੁੱਛਿਆ, "ਜੀ! ਏਸ ਦੀ ਪਿੱਠ ਕਿਉਂ ਦੇਖੀਦੀ ਹੈ?" ਤਾਂ ਬਾਬੇ ਜੀ ਨੇ ਦੱਸਜਾ, "ਏਸ ਨੇ ਨਾਸਤਕ ਮਤ ਸੰਸਾਰ ਵਿੱਚ ਪ੍ਰਚਾਰ ਕਰਨ ਵਾਸਤੇ ਵੇਦਾਂ ਸ਼ਾਸਤ੍ਰਾਂ ਦੀ ਤੇ ਈਸ਼੍ਵਰ ਦੀ ਨਿੰਦਾ ਕੀਤੀ ਸੀ। ਅੰਤ ਨੂੰ ਮਰਨ ਲੱਗੇ ਨੇ ਕਿਹਾ ਕਿ ਜਿਸ ਮੂੰਹ ਨਾਲ ਮੈਂ ਨਿੰਦਾ ਕੀਤੀ ਹੈ, ਏਹ ਮੂੰਹ ਮੇਰਾ ਜੋ ਕੋਈ ਦੇਖੇਗਾ ਓਸ ਨੂੰ ਬ੍ਰਹਮ ਹੱਤਜਾ ਦਾ ਪਾਪ ਲੱਗੇਗਾ। ਓਸ ਦੇ ਚੇਲਿਆਂ ਨੇ ਹੁਣ ਏਹੋ ਜੇਹੀ ਮੂਰਤਿ ਉਸ ਦੀ ਦਰਸ਼ਨ ਵਾਸਤੇ ਬਣਾ ਰੱਖੀ ਹੈ।

ਪ੍ਰਸ਼ਨ: ਏਸ ਨੂੰ ਪੁਰਾਣਾਂ ਵਾਲੇ ਦਸਵਾਂ ਅਵਤਾਰ ਵਿਸ਼ਨੂੰ ਦਾ ਆਖਦੇ ਹਨ, ਏਸ ਨੇ ਨਾਸਤਕ ਮਤ ਕਿਉਂ ਚਲਾਇਆ? ਤਾਂ ਬਾਬੇ ਜੀ ਨੇ ਫੇਰ ਏਹ ਕਥਾ ਸੁਣਾਈ।

ਉੱਤਰ: ਪਹਿਲੇ ਪਹਿਲ ਸੁਕ੍ਰਿਤੀ ਮਨੁੱਖਾਂ ਨੂੰ ਆਰਯਾ, ਦੇਵਤਾ ਤੇ ਖੋਟੇ ਕਰਮ ਕਰਨ ਵਾਲਿਆਂ ਨੂੰ ਦੱਸ਼ੁ, ਅਸੁਰ, ਮਲੇਛ ਆਖਦੇ ਹੁੰਦੇ ਸੇ। ਹੁੰਦਾ ਹੁੰਦਾ ਆਰਯਾ ਦੇਵਤਿਆਂ ਤੇ ਦੱਸ਼ੂਆਂ, ਅਸੁਰਾਂ ਵਿੱਚ ਵਿਰੋਧ ਵਧ ਕੇ ਜੰਗ ਹੋਣ ਲੱਗੇ। ਭਾਵੇਂ ਅਸੁਰ ਬਲੀ ਤੇ ਬਹੁਤੇ ਭੀ ਸਨ ਪਰ ਓਹਨਾਂ ਨੂੰ ਦੇਵਤੇ ਜਿੱਤ ਲੈਂਦੇ ਰਹੇ। ਓਨ੍ਹਾਂ ਨੇ ਆਪਣੇ ਗੁਰੂ ਸ਼ੰਕ੍ਰਾਚਾਰਯ ਨੂੰ ਪੁੱਛਿਆ, ਓਸ ਨੇ ਆਖਿਆ ਆਰਯਾ ਦੇਵਤੇ ਤੁਹਾਨੂੰ ਵੇਦ ਵਿੱਦਿਆ ਦੇ ਬਲ ਨਾਲ ਜਿੱਤਦੇ ਹਨ, ਜੋ ਤੁਸਾਂ ਨਹੀਂ ਪੜ੍ਹੀ। ਏਹ ਸੁਣ ਕੇ ਅਸੁਰ ਭੀ ਵੇਦ ਪੜ੍ਹਨੇ, ਯੱਗ, ਹੋਮ, ਈਸ਼੍ਵਰ ਉਪਾਸਨਾ ਕਰਨ ਲੱਗ ਪਏ। ਫੇਰ ਲੜੇ ਤਾਂ ਓਨ੍ਹਾਂ ਦੇਵਤੇ ਜਿੱਤ ਲਏ।

ਦੇਵਤਜਾਂ ਨੇ ਦੁਖੀ ਹੋ ਕੇ ਵਿਸ਼ਨੂੰ ਦੇਵਤਾ ਪਾਸ; ਜੋ ਸਾਰੀ ਖਲਕਤ ਦਾ ਬੰਦੋਬਸਤ ਰੱਖਣ ਵਾਲਾ ਈਸ਼੍ਵਰ ਵੱਲੋਂ ਥਾਪਿਆ ਹੋਇਆ ਹੈ, ਪੁਕਾਰ ਕੀਤੀ। ਓਹਨੇ ਅਸੁਰਾਂ ਦੇ ਧੜੇ ਵਿੱਚ ਪ੍ਰਗਟ ਹੋ ਕੇ ਅਸੁਰਾਂ ਨੂੰ ਨਾਸਤਕ ਮਤ ਦ੍ਰਿੜ੍ਹਾਯਾ। ਵੇਦਾਂ ਦਾ ਤੇ ਈਸ਼੍ਵਰ ਦਾ ਨਿਖੇਧ ਕੀਤਾ। ਸ੍ਰਿਸ਼ਟੀ ਸੁੱਤੇ ਸਿੱਧ ਅਨਾਦੀ ਪ੍ਰਵਾਹਾਕਾਰ ਠਹਿਰਾਈ। ਜਿਸ ਤਰ੍ਹਾਂ ਦੇਵਤਾ ਬੁੱਧ ਨਾਮ ਈਸ਼੍ਵਰ ਦਾ ਕਰਤਾ ਕੋਈ ਨਹੀਂ ਮੰਨਦੇ। ਏਸੇ ਤਰ੍ਹਾਂ ਸ੍ਰਿਸ਼ਟੀ ਦਾ ਕਰਤਾ ਭੀ ਕੋਈ ਨਹੀਂ ਮੰਨਦੇ। ਸ੍ਵਰਗ ਨਰਕ ਦੁੱਖ ਸੁਖ ਦਾ ਨਾਮ ਅਤੇ ਮੁਕਤੀ ਮੁੱਕ ਜਾਣ ਦਾ ਨਾਮ ਹੈ। ਪਰਮੇਸ਼ਰ ਸਭ ਤੋਂ ਵੱਡੇ ਮਹਾਰਾਜੇ ਦਾ ਨਾਮ ਹੈ।

ਜਦ ਓਸ ਦੇ ਉਪਦੇਸ਼ ਅਨੁਸਾਰ ਮਤ ਧਾਰਨ ਕਰ ਅਸੁਰਾਂ ਨੇ ਵੇਦ ਪੜ੍ਹਨਾ, ਭਜਨ, ਯੱਗਯ, ਹੋਮ ਆਦਿਕ ਸਭ ਸੁਕ੍ਰਿਤ ਕਰਨੇ ਛੱਡ ਦਿੱਤੇ, ਤਾਂ ਦੇਵਤਿਆਂ ਨੇ ਫੇਰ ਅਸੁਰਾਂ ਨੂੰ ਮਾਰ ਕੇ ਆਪਣਾ ਮੁਲਕ ਛੁਡਾ ਲੀਤਾ ਤੇ ਵੈਦਕ ਮਤ ਫੈਲਾ ਦਿੱਤਾ। ਓਸ ਬੋਧ ਮਤ ਦੀ ਨਿਸ਼ਾਨੀ ਅਜੇ ਤੱਕ ਚੀਨ, ਬ੍ਰਹਮਾ, ਸੀਲੋਨ ਆਦਿਕ ਅਨੇਕ ਮੁਲਕ ਹਨ, ਪਰ ਆਰਯਾ ਵਰਤ ਵਿੱਚ ਨਹੀਂ ਰਿਹਾ। ਜਿਹੜਾ ਕੁਛ ਹੈ ਭੀ ਏਹ ਬੋਧ ਨਹੀਂ ਬੁੱਧ ਦੇ ਚੇਲੇ ਜੈਨ ਦਾ ਮਤ ਹੈ।

ਗੁਰੂ ਸਾਹਿਬ ਦੇ ਬਚਨ ਸੁਣ ਕੇ ਬੋਧ ਗਇਆ ਦੇ ਮਹੰਤ ਦੇਵਗਿਰ ਨੇ ਬਾਬੇ ਜੀ ਨੂੰ ਕਈ ਦਿਨ ਪ੍ਰੇਮ ਨਾਲ ਰੱਖਜਾ। ਬਾਬੇ ਦੀ ਸੰਗਤ ਨਾਲ ਓਸ ਦਾ ਚਿੱਤ ਸ਼ਾਂਤ ਹੋ ਗਿਆ। ਓਹ ਓਸ ਦੇਸ਼ ਦੇ ਸਾਰੇ ਮਹੰਤਾਂ ਦਾ ਸ੍ਰੀ ਮਹੰਤ ਸਰਕਾਰ ਸਦਾਂਵਦਾ ਸੀ। ਬਾਬੇ ਜੀ ਦੇ ਉਪਦੇਸ਼ ਰੂਪ ਬੀਜ ਨੇ ਦੇਵਗਿਰ ਤੋਂ ਤੀਜੀ ਪੀੜ੍ਹੀ ਭਗਤਗਿਰ ਮਹੰਤ ਨੂੰ ਤਿੰਨ ਸੌ ਸੱਠ ਮਹੰਤ ਸਮੇਤ ਗੁਰੂ ਘਰ ਦਾ ਸੇਵਕ ਬਣਾ ਲੀਤਾ, ਜੋ ਹੁਣ ਤੱਕ ਓਸ ਦੇਸ਼ ਵਿੱਚ ਭਗਤ ਭਗਵਾਨ ਕੇ ਸੰਤ ਸਦਾਉਂਦੇ ਹਨ ਤੇ ਗੁਰੂ ਘਰ ਦੇ ਪੱਕੇ ਸੇਵਕ ਹਨ।

ਬੋਧ ਗਇਆ ਤੋਂ ਚੱਲ ਕੇ ਬੈਦਨਾਥ ਮਹਾਂਦੇਵ ਜੋਤੀ ਲਿੰਗ ਨੂੰ ਦੇਖਦੇ ਹੋਏ ਮੁਗੇਰ; ਜਿੱਥੇ ਹੁਣ ਗੁਰਦੁਆਰਾ ਹੈ, ਜਾ ਠਹਿਰੇ। ਓਥੋਂ ਭਾਗਲਪੁਰ, ਸਾਹਿਬ ਗੰਜ, ਰਾਜ ਮਹਿਲ ਆਦਿਕ ਅਨੇਕ ਨਗਰਾਂ ਵਿੱਚ ਉਪਦੇਸ਼ ਦ੍ਰਿੜ੍ਹਾਉਂਦੇ ਹੋਏ ਹਾੜ ਸੰਮਤ ੧੫੬੪ ਬਿਕ੍ਰਮੀ ਨੂੰ ਮਾਲ੍ਹ ਦੇ ਪਿੰਡ ਰਾਮ ਬਾਬੂ ਦੇ ਬਾਗ਼ ਵਿੱਚ ਜਾ ਬੈਠੇ। ਏਨ੍ਹਾਂ ਉਕਤ ਨਗਰਾਂ ਵਿੱਚ ਸਾਰੇ ਗੁਰੂ ਦੇ ਮਕਾਨ ਹਨ। ਏਥੇ ਬਾਬੇ ਨੇ ਇਸ ਤਰ੍ਹਾਂ ਸ਼ਬਦ ਗਾਵਿਆ:

ਗਉੜੀ ਮਹਲਾ ੧ ॥
ਚੋਆ ਚੰਦਨੁ ਅੰਕਿ ਚੜਾਵਉ ॥
ਪਾਟ ਪਟੰਬਰ ਪਹਿਰਿ ਹਢਾਵਉ ॥
ਬਿਨੁ ਹਰਿ ਨਾਮ ਕਹਾ ਸੁਖੁ ਪਾਵਉ ॥੧॥
ਕਿਆ ਪਹਿਰਉ ਕਿਆ ਓਢਿ ਦਿਖਾਵਉ ॥
ਬਿਨੁ ਜਗਦੀਸ ਕਹਾ ਸੁਖੁ ਪਾਵਉ ॥੧॥ ਰਹਾਉ ॥
ਕਾਨੀ ਕੁੰਡਲ ਗਲਿ ਮੋਤੀਅਨ ਕੀ ਮਾਲਾ ॥
ਲਾਲ ਨਿਹਾਲੀ ਫੂਲ ਗੁਲਾਲਾ ॥
ਬਿਨੁ ਜਗਦੀਸ ਕਹਾ ਸੁਖੁ ਭਾਲਾ ॥੨॥
ਨੈਨ ਸਲੋਨੀ ਸੁੰਦਰ ਨਾਰੀ ॥
ਖੋੜ ਸੀਗਾਰ ਕਰੈ ਅਤਿ ਪਿਆਰੀ ॥
ਬਿਨੁ ਜਗਦੀਸ ਭਜੇ ਨਿਤ ਖੁਆਰੀ ॥੩॥
ਦਰ ਘਰ ਮਹਲਾ ਸੇਜ ਸੁਖਾਲੀ ॥
ਅਹਿਨਿਸਿ ਫੂਲ ਬਿਛਾਵੈ ਮਾਲੀ ॥
ਬਿਨੁ ਹਰਿ ਨਾਮ ਸੁ ਦੇਹ ਦੁਖਾਲੀ ॥੪॥
ਹੈਵਰ ਗੈਵਰ ਨੇਜੇ ਵਾਜੇ ॥
ਲਸਕਰ ਨੇਬ ਖਵਾਸੀ ਪਾਜੇ ॥
ਬਿਨੁ ਜਗਦੀਸ ਝੂਠੇ ਦਿਵਾਜੇ ॥੫॥
ਸਿਧੁ ਕਹਾਵਉ ਰਿਧਿ ਸਿਧਿ ਬੁਲਾਵਉ ॥
ਤਾਜ ਕੁਲਹ ਸਿਰਿ ਛਤ੍ਰੁ ਬਨਾਵਉ ॥
ਬਿਨੁ ਜਗਦੀਸ ਕਹਾ ਸਚੁ ਪਾਵਉ ॥੬॥
ਖਾਨੁ ਮਲੂਕੁ ਕਹਾਵਉ ਰਾਜਾ ॥
ਅਬੇ ਤਬੇ ਕੂੜੇ ਹੈ ਪਾਜਾ ॥
ਬਿਨੁ ਗੁਰ ਸਬਦ ਨ ਸਵਰਸਿ ਕਾਜਾ ॥੭॥
ਹਉਮੈ ਮਮਤਾ ਗੁਰ ਸਬਦਿ ਵਿਸਾਰੀ ॥
ਗੁਰਮਤਿ ਜਾਨਿਆ ਰਿਦੈ ਮੁਰਾਰੀ ॥
ਪ੍ਰਣਵਤਿ ਨਾਨਕ ਸਰਣਿ ਤੁਮਾਰੀ ॥੮॥੧੦॥

(ਗਉੜੀ, ਮਃ ੧ - ੨੨੫)

ਏਹ ਸਾਰਾ ਸ਼ਬਦ ਸੁਣ ਕੇ ਰਾਮ ਬਾਬੂ ਨੇ ਬਾਬੇ ਦੇ ਚਰਨ ਆ ਫੜੇ। ਬੇਨਤੀ ਕਰ ਕੇ ਚਤੁਰ ਮਾਸ ਟਿਕਾਏ। ਜਿਸ ਬਾਗ਼ ਵਿੱਚ ਠਹਿਰੇ ਸੇ, ਓਹੋ ਅੰਬ ਚੂਸਣ ਵਾਸਤੇ ਸੌਂਪ ਦਿੱਤਾ। ਓਹੋ ਬਾਗ਼ ਹੁਣ ਪੁਲੀਨ ਬਾਬੂ ਹੈ ਤੇ ਅੰਬ ਭੀ ਉਥੋਂ ਦੇ ਬੜੇ ਉੱਘੇ ਹਨ। ਓਥੋਂ ਅੱਗੇ ਮਕਸੂਦਾਬਾਦ, ਗੰਗਾ ਪਾਰ ਜਿੱਥੇ ਹੁਣ ਰੇਸ਼ਮ ਬੀਜਣ ਵਾਲੇ ਸਿੱਖਾਂ ਦੇ ਘਰ ਤੇ ਧਰਮਸ਼ਾਲਾ ਹੈ ਜਾ ਬਿਰਾਜੇ, ਬਹੁਤ ਲੋਕ ਸੇਵਕ ਬਣੇ।

ਸੂਜਾ ਸਿੱਖ ਹੋਇਆ

ਇੱਕ ਸੂਜਾ ਨਾਮੇ ਜੜੀਆ ਭਗਤ ਤਾਂ ਮਨ ਤਨ ਧਨ ਕਰ ਕੇ ਸਿੱਖ ਹੋ ਗਿਆ, ਉਸ ਨੂੰ ਗੁਰੂ ਕੀ ਕ੍ਰਿਪਾ ਨਾਲ ਅਨੁਭਵ ਅਜਿਹਾ ਫੁਰਿਆ ਜੋ ਏਹ ਸ਼ਬਦ ਬੋਲਿਆ:

ਸਤਿਗੁਰੂ ਨਾਨਕ ਪਰਸਿਆ ਸਭ ਪਾਪ ਬਿਨਾਸੇ।
ਨਾਮ ਅਮੋਲਕ ਪਾਇਆ ਕਾਰਜ ਭਏ ਰਾਸੇ।
ਅਗਮ ਨਿਗਮ ਜਿਸ ਗਾਂਵਦੇ ਸੋ ਸਤਗੁਰ ਏਹ।
ਜਿਨ ਕੀ ਕਿਰਪਾ ਤੇ ਭਯੋ ਮੈਂ ਮੁਕਤਿ ਸਦੇਹ।
ਕਚਾ ਰੰਗ ਉਤਾਰ ਕੇ ਸਚ ਰੰਗ ਚੜ੍ਹਾਇਆ।
ਨਾਨਕ ਸਤਿਗੁਰ ਦਇਆ ਤੇ ਅਮਰਾਪਦ ਪਾਇਆ।

(ਇਹ ਗੁਰਬਾਣੀ ਨਹੀਂ)

ਏਹ ਸ਼ਬਦ ਸੁਣ ਕੇ ਬਾਬੇ ਦੇ ਸੰਗਤੀ ਬਹੁਤ ਖ਼ੁਸ਼ ਹੋਏ, ਹੁਣ ਤੱਕ ਓਸੇ ਦੀ ਉਲਾਦ ਤੇ ਸੰਗਤ ਸੂਜੇ ਭਗਤ* ਦੀ ਬਣੀ ਹੋਈ ਹੈ। ਮਸਕੂਦਾਵਾਦੋਂ ਚੱਲ ਕੇ ਕ੍ਰਿਸ਼ਨ ਨਗਰ, ਸ਼ਾਹਜ਼ਾਦਪੁਰ, ਸੀਰਾਜਗੰਜ, ਕਾਸ਼ਗੰਜ ਆਦਿਕ ਸ਼ਹਿਰਾਂ ਦੇ ਅਨੇਕ ਜੀਵਾਂ ਨੂੰ ਈਸ਼ਰ ਦੀ ਭਗਤੀ ਦ੍ਰਿੜ੍ਹਾਉਂਦੇ ਹੋਏ (ਕਾਲੇਰੀ ਨਾਮ) ਨਦੀ ਪਾਰ ਹੋਏ, ਤਾਂ ਜਲ ਹੀ ਜਲ ਨਜ਼ਰ ਆਇਆ, ਕਿਉਂਕਿ ਓਥੇ ਸੁੰਮ ਜਗ੍ਹਾ ਜਗ੍ਹਾ ਨਿੱਕਲ ਕੇ ਸਾਰਾ ਸਿਆਲ ਪਾਣੀ ਨਹੀਂ ਸੁੱਕਦਾ ਸੀ। ਭਾਈ ਮਰਦਾਨੇ ਨੇ ਆਖਿਆ, "ਜੀ! ਏਹ ਤਾਂ ਕੋਈ ਸਮੁੰਦਰ ਹੈ। ਤੁਸੀਂ ਅੱਗੇ ਕਿੱਥੇ ਜਾਓਗੇ?" ਤਾਂ ਬਾਬੇ ਕਿਹਾ, "ਅਸਾਂ ਇੱਕ ਸੰਤ ਨੂੰ ਮਿਲਨਾ ਹੈ। ਤੂੰ ਕਰਤਾਰ ਦੇ ਰੰਗ ਵੇਖ।" ਤਦੋਂ ਨੂੰ ਇੱਕ ਬੇੜੀ ਆਈ। ਓਸ ਉੱਤੇ ਏਨ੍ਹਾਂ ਤਿਹਾਂ ਨੂੰ ਚੜ੍ਹਾ ਕੇ ਇੱਕ ਪਹਾੜੀ ਦੀ ਕੰਧਰਾ ਪਾਸ ਜਾ ਕੇ ਉੱਤਰਜਾ। ਓਥੇ ਰਾਮਦਾਸ {ਰਾਮਦਾਸ ਸਿੱਧ ਨੂੰ ਮਿਲੇ} ਨਾਮੇਂ ਸਿੱਧਾ ਰਹਿੰਦਾ ਸੀ। ਓਸ ਦਾ ਚੇਲਾ ਅੱਗੋਂ ਆ ਕੇ ਏਨ੍ਹਾਂ ਨੂੰ ਲੈ ਗਿਆ। ਕੰਧਰਾ ਵਿੱਚ ਸਾਰਾ ਦਿਨ ਚੱਲਦੇ ਗਏ। ਮਰਦਾਨੇ ਨੇ ਬਯਾਕੁਲ ਹੋ ਕੇ ਪੁੱਛਿਆ, "ਅਸੀਂ ਪਾਤਾਲ ਵਿੱਚ ਆਏ ਹਾਂ ਕਿ ਮ੍ਰਿਤ ਲੋਕ ਦੀ ਹੀ ਕੋਈ ਕੰਧਰਾ ਹੈ? ਏਥੇ ਕੋਈ ਰਾਖਸ਼ ਨਾ ਭੱਖ ਜਾਵੇ?" ਗੁਰੂ ਜੀ ਨੇ ਕਿਹਾ, "ਕਰਤਾਰ ਰਾਖਾ ਹੈ, ਡਰ ਨਹੀਂ।"

ਤਦੋਂ ਨੂੰ ਚਾਨਣਾ ਨਜ਼ਰ ਪਿਆ। ਧੂਣੀਆਂ ਜਗਦੀਆਂ ਜਗਮਗ ਜਗਮਗ ਕਰ ਰਹੀਆਂ ਅਨੇਕ ਸੰਤ ਬੈਠੇ ਭਜਨ ਕਰਦੇ ਨਜ਼ਰ ਆਏ। ਓਨ੍ਹਾਂ ਦੇ ਸ਼ਿਰੋਮਣੀ ਰਾਮਦਾਸ ਸੰਤ ਨੇ ਉੱਠ ਕੇ ਬਾਬੇ ਜੀ ਨੂੰ ਨਮਸਕਾਰ ਕੀਤੀ, ਬੜੇ ਪਿਆਰ ਨਾਲ ਮਿਲੇ। ਅਜਿਹੇ ਸ੍ਵਾਦੀ ਕੰਦ ਮੂਲ ਛਕਾਏ ਜੋ ਕਦੇ ਨਹੀਂ ਚੱਖੇ ਸੇ। ਅੱਠ ਦਿਨ ਓਥੇ ਰਹੇ। ਰੋਜ਼ ਨਵੇਂ ਤੋਂ ਨਵੇਂ ਕੰਦ ਮੂਲ ਛਕਵਾਂਦੇ ਰਹੇ। ਭਾਈ ਮਰਦਾਨਾ ਤਾਂ ਏਹੋ ਚਾਹੇ ਕਿਤੇ ਨਾ ਜਾਈਏ। ਪਰ ਬਾਬਾ ਜੀ ਦਿਨੇ ਓਥੇ ਰਹਿਣ, ਰਾਤ ਨੂੰ ਹਮੇਸ਼ਾ ਓਸ ਸਿੱਧ ਸਮੇਤ ਕਿਤੇ ਚਲੇ ਜਾਣ। ਨੌਮੇਂ ਦਿਨ ਓਨ੍ਹਾਂ ਤੋਂ ਵਿਦਾ ਲੈ ਕੇ ਕੰਧਰਾਂ ਤੋਂ ਬਾਹਰ ਆਏ ਤਾਂ ਭਾਈ ਮਰਦਾਨੇ ਪੁੱਛਿਆ, "ਤੁਸੀਂ ਰਾਤ ਨੂੰ ਕਿੱਥੇ ਜਾਂਦੇ ਹੁੰਦੇ ਸੇ?" ਤਾਂ ਬਾਬੇ ਨੇ ਆਖਿਆ, "ਏਹ ਭੇਦ ਰੱਬੀ ਹੈ, ਜੋ ਜਾਏ ਸੋ ਪਾਏ।"

*ਸੂਜੇ ਜੜੀਏ ਦੀ ਉਲਾਦ ਵਿੱਚੋਂ ਭਾਈ ਲੱਲੂ ਸਿੰਘ ਨੇ ਸੰਮਤ ੧੯੨੧ ਬਿਕ੍ਰਮੀ ਨੂੰ ਇੱਕ ਮੰਜੀ ਇੱਕ ਥਾਲ, ੨ ਕੌਲ, ਇੱਕ ਗੜਵਾ, ੧ ਖਿਦਾਮਤ, ੧ ਗੁਲਾਬਦਾਨੀ, ੧ ਆਸਾ; ਏਹ ਸਭ ਚਾਂਦੀ ਦੇ ਬਣਵਾ ਕੇ ਪਟਣੇ ਸ਼ਹਿਰ ਗੁਰੂ ਕੇ ਹਜ਼ੂਰ ਰਹਿਣ ਵਾਸਤੇ ਅਰਦਾਸ ਕਰਾਏ ਸਨ।

ਢਾਕੇ ਪ੍ਰਵੇਸ਼ ਕਰਨਾ

ਓਥੋਂ ਮਾਨਕ ਗੰਜ ਦੇਵੀ ਪੁਰ ਹੁੰਦੇ ਹੋਏ ੬ ਮੱਘਰ ਸੰਮਤ ੧੫੬੪ ਬਿਕ੍ਰਮੀ ਨੂੰ ਢਾਕੇ ਜਾ ਉੱਤਰੇ। ਸ਼ਬਦ ਗਾਵਿਆ:

ਗਉੜੀ ਗੁਆਰੇਰੀ ਮਹਲਾ ੧ ॥
ਮਨੁ ਕੁੰਚਰੁ ਕਾਇਆ ਉਦਿਆਨੈ ॥
ਗੁਰੁ ਅੰਕਸੁ ਸਚੁ ਸਬਦੁ ਨੀਸਾਨੈ ॥
ਰਾਜ ਦੁਆਰੈ ਸੋਭ ਸੁ ਮਾਨੈ ॥੧॥
ਚਤੁਰਾਈ ਨਹ ਚੀਨਿਆ ਜਾਇ ॥
ਬਿਨੁ ਮਾਰੇ ਕਿਉ ਕੀਮਤਿ ਪਾਇ ॥੧॥ ਰਹਾਉ ॥
ਘਰ ਮਹਿ ਅੰਮ੍ਰਿਤੁ ਤਸਕਰੁ ਲੇਈ ॥
ਨੰਨਾਕਾਰੁ ਨ ਕੋਇ ਕਰੇਈ ॥
ਰਾਖੈ ਆਪਿ ਵਡਿਆਈ ਦੇਈ ॥੨॥
ਨੀਲ ਅਨੀਲ ਅਗਨਿ ਇਕ ਠਾਈ ॥
ਜਲਿ ਨਿਵਰੀ ਗੁਰਿ ਬੂਝ ਬੁਝਾਈ ॥
ਮਨੁ ਦੇ ਲੀਆ ਰਹਸਿ ਗੁਣ ਗਾਈ ॥੩॥
ਜੈਸਾ ਘਰਿ ਬਾਹਰਿ ਸੋ ਤੈਸਾ ॥
ਬੈਸਿ ਗੁਫਾ ਮਹਿ ਆਖਉ ਕੈਸਾ ॥
ਸਾਗਰਿ ਡੂਗਰਿ ਨਿਰਭਉ ਐਸਾ ॥੪॥
ਮੂਏ ਕਉ ਕਹੁ ਮਾਰੇ ਕਉਨੁ ॥
ਨਿਡਰੇ ਕਉ ਕੈਸਾ ਡਰੁ ਕਵਨੁ ॥
ਸਬਦਿ ਪਛਾਨੈ ਤੀਨੇ ਭਉਨ ॥੫॥
ਜਿਨਿ ਕਹਿਆ ਤਿਨਿ ਕਹਨੁ ਵਖਾਨਿਆ ॥
ਜਿਨਿ ਬੂਝਿਆ ਤਿਨਿ ਸਹਜਿ ਪਛਾਨਿਆ ॥
ਦੇਖਿ ਬੀਚਾਰਿ ਮੇਰਾ ਮਨੁ ਮਾਨਿਆ ॥੬॥
ਕੀਰਤਿ ਸੂਰਤਿ ਮੁਕਤਿ ਇਕ ਨਾਈ ॥
ਤਹੀ ਨਿਰੰਜਨੁ ਰਹਿਆ ਸਮਾਈ ॥
ਨਿਜ ਘਰਿ ਬਿਆਪਿ ਰਹਿਆ ਨਿਜ ਠਾਈ ॥੭॥
ਉਸਤਤਿ ਕਰਹਿ ਕੇਤੇ ਮੁਨਿ ਪ੍ਰੀਤਿ ॥
ਤਨਿ ਮਨਿ ਸੂਚੈ ਸਾਚੁ ਸੁ ਚੀਤਿ ॥
ਨਾਨਕ ਹਰਿ ਭਜੁ ਨੀਤਾ ਨੀਤਿ ॥੮॥੨॥

(ਗਉੜੀ ਗੁਆਰੇਰੀ, ਮ: ੧ - ੨੨੧/੨੨)

ਏਹ ਸਾਰਾ ਸ਼ਬਦ ਸੁਣ ਕੇ ਤੇ ਸ਼ਕਤੀ ਦੇਖ ਦੇਖ ਸਭ ਲੋਕ ਬਾਬੇ ਦੇ ਪਿਆਰੇ ਬਣ ਗਏ। ਭਲਾ ਬਾਬੇ ਦੇ ਬਚਨ ਜਦ ਹੁਣ ਭੀ ਸਭ ਨੂੰ ਪਿਆਰੇ ਲੱਗਦੇ ਹਨ, ਤਾਂ ਓਨ੍ਹਾਂ ਦੇ ਬਚਨ ਮੁਖਾਰਬਿੰਦ ਤੋਂ ਸਾਖਜ਼ਾਤ ਸੁਣ ਕੇ ਕੌਣ ਹੈ ਜੋ ਮੋਹਿਤ ਨਾ ਹੁੰਦਾ ਹੋਊ? ਬਾਬੇ ਜੀ ਦੀ ਸ਼ਕਤੀ ਦੀ ਧੁੰਮ ਪੈ ਗਈ। ਸਮਾਲ ਨਾਥ, ਰੇਵਾਦਾਸ, ਚੰਦਰ ਨਾਥ, ਨਰੈਣਦਾਸ, ਸ਼ੇਖ ਅਹਿਮਦ, ਨੱਥੇ ਸ਼ਾਹ, ਲੂਣੀਆਂ ਸਿੱਧ, ਇਤਿਆਦਿਕ ਪੀਰ ਫ਼ਕੀਰ ਜੋ ਓਸ ਦੇਸ਼ ਵਿੱਚ ਮੰਨੇ ਪ੍ਰੰਮਨੇ ਹੋਏ (ਹੁਣ ਤੱਕ ਪੂਜੀਦੇ ਹਨ ਅਸੀਂ ਦੇਖ ਆਏ ਹਾਂ) ਬਾਬੇ ਪਾਸ ਚਰਚਾ ਕਰਨ ਆਏ। ਅਨੇਕ ਪ੍ਰਕਾਰ ਦੇ ਚਮਤਕਾਰੇ ਵਿੱਦਿਆ ਅਨੁਭਵ ਦੇ ਦੇਖੇ ਦਿਖਾਏ ਪਰ ਬਾਬੇ ਦੀ ਬਾਣੀ ਰੂਪ ਗੰਗਾ ਦੇ ਪ੍ਰਵਾਹ ਅੱਗੇ ਸਭ ਵਹਿ ਗਏ। ਫੇਰ ਤਾਂ ਬਾਬੇ ਨਾਲ ਪੇਸ਼ ਜਾਂਦੀ ਨਾ ਦੇਖ ਕੇ ਪ੍ਰੇਮੀ ਬਣ ਗਏ। ਇਸਤ੍ਰੀ

ਮਰਦ ਲੱਗੇ ਆਵਣ ਤੇ ਮੰਨਣ। ਪਹਿਲੇ ਓਹ ਸਭ ਨਰ ਨਾਰ ਸਿੰਘ, ਭੈਰੋਂ, ਬੀਰ ਤੇ ਕੁਮੱਖਿਆ ਦੇਵੀ ਦੇ ਦਾਸ ਬਣੇ ਹੋਏ ਘਰ ਘਰ ਮੂਰਤਾਂ ਦੀ ਪੂਜਾ ਕਰਦੇ ਸੇ। ਬਾਬੇ ਜੀ ਨੇ ਪ੍ਰੇਰ ਕੇ ਸਭ ਨੂੰ ਪ੍ਰਮੇਸ਼੍ਵਰ ਦੀ ਭਗਤੀ ਵਿੱਚ ਜੋੜ ਦਿੱਤਾ। ਓਥੇ ਹੁਣ ਭੀ ਨੱਥੇ ਸ਼ਾਹ ਦੀ ਧਰਮਸ਼ਾਲਾ ਵਿੱਚ ਬਾਬੇ ਦੇ ਪਲੰਘ ਦੀ ਸੇਵਾ ਪੂਜਾ ਹੁੰਦੀ ਹੈ। ਮੈਂ ਦੇਖ ਆਇਆ ਹਾਂ। ਗੁਰੂ ਕੇ ਸਿੱਖ ਸਹਿਜਧਾਰੀ ਸ਼ਰਧਾ ਭਗਤੀ ਨੇਮ ਨਾਲ ਰੋਜ਼ ਕਥਾ ਕੀਰਤਨ ਸੰਤ ਸੇਵਾ ਸਤਿਸੰਗ ਕਰਦੇ ਹਨ।

੪ ਮਾਘ ਸੰਮਤ ੧੫੬੪ ਬਿਕ੍ਰਮੀ ਨੂੰ ਢਾਕੇ ਤੋਂ ਚੱਲ ਕੇ ਓਥੋਂ ਅੱਗੇ ਪੰਜ ਕੋਹ ਧਨਪੁਰ ਪਿੰਡ (ਜਿਸ ਵਿੱਚ ਮਲਮਲ ਤੇ ਰੇਸ਼ਮੀ ਬਸਤ੍ਰ ਡਾਢੇ ਬਰੀਕ ਬਣਦੇ ਹਨ) ਜਾ ਪਹੁੰਚੇ। ਮਰਦਾਨਾ ਪਿੰਡ ਵਿੱਚ ਸੈਰ ਕਰਨ ਗਿਆ ਤਾਂ ਇੱਕ ਅਠਖੇਲੀ ਇਸਤ੍ਰੀ ਨੇ ਓਸ ਉੱਤੇ ਜਾਦੂ* ਪਾਇਆ। {ਮਰਦਾਨੇ ਉੱਪਰ ਜਾਦੂ} ਦੋ ਪਹਿਰ ਗੁਜ਼ਰੇ, ਨਾ ਆਇਆ ਤਾਂ ਬਾਬੇ ਆਪਨੀ ਦੀਰਘ ਦ੍ਰਿਸ਼ਟੀ ਨਾਲ ਜਾਣ ਲਿਆ ਕਿ ਭਾਈ ਮਰਦਾਨਾ ਫਸ ਗਿਆ। ਗੁਰੂ ਜੀ ਨੇ ਉਸ ਦੇ ਜਾਲ ਵਿੱਚੋਂ ਭਾਈ ਮਰਦਾਨੇ ਨੂੰ ਛੁਡਾ ਕੇ ਲੈ ਆਂਦਾ। ਪਰ ਓਹ ਬਾਰਾਂ ਤਾਲੀ ਖ਼ਿਆਲ ਨਾ ਛੱਡੇ ਸ਼ਾਇਦ ਓਨ੍ਹਾਂ ਤੇਰਾ ਤਾਲੀਆਂ ਨੇ ਵੀ ਮਿਸਮਰੇਜ਼ਮ ਸਾਧ ਰੱਖਿਆ ਸੀ, ਜਿਸ ਦੇ ਜ਼ੋਰ ਨਾਲ ਹੁਣ ਭੀ ਅਨੇਕ ਪੁਰਖ ਦੂਸਰੇ ਇਸਤ੍ਰੀ ਪੁਰਖ ਨੂੰ ਆਪਣੇ ਪਿੱਛੇ ਲਗਾ ਲੈਂਦੇ ਹਨ। ਓੜਕ ਬਾਬੇ ਨੇ ਓਨ੍ਹਾਂ ਨੂੰ ਮਤਵਾਲੀਆਂ ਕੁਚਾਲੀਆਂ ਨਿਲੱਜਾਂ ਨੂੰ ਗਧੀਆਂ ਕੁੱਤੀਆਂ ਦੀ ਪਦਵੀ ਦੇ ਕੇ ਸਿੱਧੀਆਂ ਕੀਤਾ। ਜਦ ਓਨ੍ਹਾਂ ਚਰਨ ਆ ਫੜੇ ਤਾਂ ਬਾਬੇ ਏਹ ਸ਼ਬਦ ਉਚਾਰਿਆ:

ਮਃ ੧ ॥
ਗਲੀ ਅਸੀ ਚੰਗੀਆ ਆਚਾਰੀ ਬੁਰੀਆਹ ॥
ਮਨਹੁ ਕੁਸੁਧਾ ਕਾਲੀਆ ਬਾਹਰਿ ਚਿਟਵੀਆਹ ॥
ਰੀਸਾ ਕਰਿਹ ਤਿਨਾੜੀਆ ਜੋ ਸੇਵਹਿ ਦਰੁ ਖੜੀਆਹ ॥
ਨਾਲਿ ਖਸਮੈ ਰਤੀਆ ਮਾਣਹਿ ਸੁਖਿ ਰਲੀਆਹ ॥
ਹੋਦੈ ਤਾਣਿ ਨਿਤਾਣੀਆ ਰਹਹਿ ਨਿਮਾਨਣੀਆਹ ॥
ਨਾਨਕ ਜਨਮੁ ਸਕਾਰਥਾ ਜੇ ਤਿਨ ਕੈ ਸੰਗਿ ਮਿਲਾਹ ॥੨॥

(ਵਾਰ-ਸਿਰੀਰਾਗੁ, ਮਃ ੧ - ੮੫)

ਏਹ ਸ੍ਰਾਪ ਸੁਣ ਕੇ ਓਨ੍ਹਾਂ ਦੀ ਮੁਖੀਆ ਨੂਰਸ਼ਾਹ ਨਾਮ ਨੇ ਬਾਬੇ ਦੇ ਚਰਨ ਆ ਫੜੇ ਤਾਂ ਬਾਬੇ ਬਚਨ ਕੀਤਾ:

ਸੁਣਿ ਮੁੰਧੇ ਹਰਣਾਖੀਏ ਗੂੜਾ ਵੈਣੁ ਅਪਾਰੁ ॥
ਪਹਿਲਾ ਵਸਤੁ ਸਿਞਾਣਿ ਕੈ ਤਾਂ ਕੀਚੈ ਵਾਪਾਰੁ ॥
ਦੋਹੀ ਦਿਚੈ ਦੁਰਜਨਾ ਮਿਤ੍ਰਾਂ ਕੂੰ ਜੈਕਾਰੁ ॥
ਜਿਤੁ ਦੋਹੀ ਸਜਣ ਮਿਲਨਿ ਲਹੁ ਮੁੰਧੇ ਵੀਚਾਰੁ ॥
ਤਨੁ ਮਨੁ ਦੀਜੈ ਸਜਣਾ ਐਸਾ ਹਸਣੁ ਸਾਰੁ ॥
ਤਿਸ ਸਉ ਨੇਹੁ ਨ ਕੀਚਈ ਜਿ ਦਿਸੈ ਚਲਣਹਾਰੁ ॥
ਨਾਨਕ ਜਿਨ੍ਹੀ ਇਵ ਕਰਿ ਬੁਝਿਆ ਤਿਨ੍ਹਾ ਵਿਟਹੁ ਕੁਰਬਾਣੁ ॥੨॥

(ਸਲੋਕ ਵਾਰਾਂ ਤੇ ਵਧੀਕ, ਮਃ ੧ - ੧੪੧੦)

*ਜਨਮ ਸਾਖੀ ਵਿੱਚ ਲਿਖਿਆ ਹੈ ਕਿ ਮਰਦਾਨੇ ਨੂੰ ਇੱਕ ਤੀਵੀਂ ਨੇ ਜਾਦੂ ਦੇ ਜ਼ੋਰ ਮੇਢਾ ਬਣਾ ਲਿਆ ਸੀ ਤੇ ਗੋਰਖ ਦੀ ਕਥਾ ਵਿੱਚ ਓਸ ਦੇ ਚੇਲੇ ਬੈਲ ਬਣਾਏ ਲਿਖੇ ਹਨ। ਬਹੁਤ ਅਜਾਣ ਲੋਕ ਆਖਦੇ ਹਨ ਮੱਖੀ ਬਣਾ ਕੇ ਬੈਠਾ ਛੱਡਦੀਆਂ ਸਨ। ਓਸ ਦੇਸ਼ ਜਾਦੂ ਦੇ ਮੰਤ੍ਰਾਂ ਜੰਤ੍ਰਾਂ ਦੀ ਮਹਿਮਾ ਸੁਣ ਕੇ ਸੰਨ ੧੯੩੨ ਬਿਕ੍ਰਮੀ ਨੂੰ ਮੈਂ ਆਪ ਖ਼ਾਸ ਕਾਮਰੂਪ ਦੇਸ਼ ਗਿਆ। ਬਹੁਤ ਪੁੱਛਿਆ ਢੂੰਢ ਕੀਤੀ ਪਰ ਜਾਦੂਗਰ ਕੋਈ ਵੀ ਨਾ ਮਿਲਿਆ। ਬਹੁਤਿਆਂ ਨੇ ਪੰਜਾਬ ਨੂੰ ਜਾਦੂ ਦਾ ਘਰ ਦੱਸਿਆ ਕਿ ਓਧਰ ਦੇ ਲੋਕ ਸਾਡੀਆਂ ਇਸਤ੍ਰੀਆਂ ਨੂੰ ਮੋਹ ਲੈਂਦੇ ਹਨ। ਏਸ ਕਰ ਕੇ ਜਾਦੂ ਆਦਿ ਸਭ ਗੱਪ ਸਮਝੀ। ਏਹ ਨਿਸਚੇ ਕੀਤਾ ਕਿ ਓਥੋਂ ਦੇ ਆਦਮੀ ਸੁੰਦਰ ਨਹੀਂ ਹੁੰਦੇ ਤੇ ਇਸਤ੍ਰੀਆਂ ਸੁੰਦਰ ਚਾਲਾਕ ਹੁੰਦੀਆਂ ਹਨ। ਇਸ ਲਈ ਉਨ੍ਹਾਂ ਦਾ ਦਿਲ ਪ੍ਰਸੰਨ ਨਹੀਂ ਹੁੰਦਾ। ਹੋਰ ਦੇਸ਼ ਦਾ ਆਦਮੀ ਨਟਖਟਾ ਨਰੋਗ ਓਥੇ ਜਾਂਦਾ ਹੈ ਤਾਂ ਸੇਵਾ ਪਿਆਰ ਬਹੁਤ ਕਰ ਕੇ ਓਸ ਨੂੰ ਵਸ ਕਰ ਲੈਂਦੀਆਂ ਹਨ। ਏਹੋ ਭਾਰਾ ਜਾਦੂ ਸਮਝਿਆ। ਓਨ੍ਹਾਂ ਦੇ ਅਧੀਨ ਹੋ ਰਹਿਣਾ ਏਹੋ ਪਸ਼ੂ ਬਣ ਜਾਣਾ ਹੈ। ਸ਼ਾਇਦ ਓਸ ਸਮੇਂ ਓਸ ਦੇਸ਼ ਦੇ ਲੋਕ ਮੈਸਮਰੇਜ਼ਮ ਦੇ ਜਾਣੂ ਸਨ।

ਬਾਬੇ ਦਾ ਉਪਦੇਸ਼ ਓਨ੍ਹਾਂ ਦੇ ਮਨ ਵਿੱਚ ਪ੍ਰਵੇਸ਼ ਕਰ ਗਿਆ ਸਤਿਨਾਮ ਵਾਹਿਗੁਰੂ ਦਾ ਜਾਪ, ਸਤ ਸੰਤੋਖ ਧਾਰਨ ਕਰ ਅਰਜ਼ ਕੀਤੀ, "ਕੁਛ ਨਿਸ਼ਾਨੀ ਦਰਸ਼ਨ ਵਾਸਤੇ ਦਿਓ।" ਬਾਬੇ ਦੇ ਹੱਥ ਵਿੱਚ ਬਰਛਾ ਸੀ। ਓਹੋ ਫੜਾ ਦਿੱਤਾ। ਸੋ ਹੁਣ ਓਸੇ {ਗੁਰੂ ਜੀ ਦੇ ਬਰਛੇ ਦੀ ਪੂਜਾ} ਬਰਛੇ ਦੀ ਪੂਜਾ ਝਾਕੀ ਓਥੋਂ ਦੇ ਸਿੱਖ ਸਿੱਖਣੀਆਂ ਕਰਦੇ ਹਨ, ਜਿਸ ਕਰ ਕੇ ਨਾਮ ਭੀ ਓਸ ਅਸਥਾਨ ਦਾ ਬਰਛਾ ਸਾਹਿਬ ਉੱਘਾ ਹੈ।

ਧਨਪੁਰ ਤੋਂ ੬੦ ਕੋਹ ਬਾਲਵਾ ਕੁੰਡ ਤੀਰਥ ਜਾ ਦੇਖਯਾ, ਜਿੱਥੇ ਜ੍ਵਾਲਾ ਮੁਖੀ ਵਾਂਗੂੰ ਅੱਗ ਪਾਣੀ ਇੱਕੋ ਥਾਓਂ ਨਿਕਲਦੇ ਹਨ। ਓਥੇ ਸਿੱਧਾਂ ਨਾਲ ਗੋਸ਼ਟ ਹੋਈ। ਓਨ੍ਹਾਂ ਆਖਯਾ, "ਆਪ ਕੰਨ ਫਟੇ ਜੋਗੀ ਹੋ ਕੇ ਤੁਹਾਡੇ ਜਿਹੇ ਦੰਭੀ ਜੋਗੀ ਕਯੋਂ ਹੋਈਏ।" ਓਨ੍ਹਾਂ ਸੱਚਾ ਸਮਾਜ ਪੁੱਛਯਾ ਤਾਂ ਏਹ ਸ਼ਬਦ ਬੋਲੇ:

ਗਉੜੀ ਚੇਤੀ ਮਹਲਾ ੧ ॥
ਮੁੰਦ੍ਰਾ ਤੇ ਘਟ ਭੀਤਰਿ ਮੁੰਦ੍ਰਾ ਕਾਂਇਆ ਕੀਜੈ ਖਿੰਥਾਤਾ ॥
ਪੰਚ ਚੇਲੇ ਵਸਿ ਕੀਜਹਿ ਰਾਵਲ ਇਹੁ ਮਨੁ ਕੀਜੈ ਡੰਡਾਤਾ ॥੧॥
ਜੋਗ ਜੁਗਤਿ ਇਵ ਪਾਵਸਿਤਾ ॥
ਏਕੁ ਸਬਦੁ ਦੂਜਾ ਹੋਰੁ ਨਾਸਤਿ ਕੰਦ ਮੂਲਿ ਮਨੁ ਲਾਵਸਿਤਾ ॥੧॥ ਰਹਾਉ ॥
ਮੂੰਡਿ ਮੁੰਡਾਇਐ ਜੇ ਗੁਰੁ ਪਾਈਐ ਹਮ ਗੁਰੁ ਕੀਨੀ ਗੰਗਾਤਾ ॥
ਤ੍ਰਿਭਵਣ ਤਾਰਣਹਾਰੁ ਸੁਆਮੀ ਏਕੁ ਨ ਚੇਤਸਿ ਅੰਧਾਤਾ ॥੨॥
ਕਰਿ ਪਟੰਬੁ ਗਲੀ ਮਨੁ ਲਾਵਸਿ ਸੰਸਾ ਮੂਲਿ ਨ ਜਾਵਸਿਤਾ ॥
ਏਕਸੁ ਚਰਣੀ ਜੇ ਚਿਤੁ ਲਾਵਹਿ ਲਬਿ ਲੋਭਿ ਕੀ ਧਾਵਸਿਤਾ ॥੩॥
ਜਪਸਿ ਨਿਰੰਜਨੁ ਰਚਸਿ ਮਨਾ ॥
ਕਾਹੇ ਬੋਲਹਿ ਜੋਗੀ ਕਪਟੁ ਘਨਾ ॥੧॥ ਰਹਾਉ ॥
ਕਾਇਆ ਕਮਲੀ ਹੰਸੁ ਇਆਣਾ ਮੇਰੀ ਮੇਰੀ ਕਰਤ ਬਿਹਾਣੀਤਾ ॥
ਪ੍ਰਣਵਤਿ ਨਾਨਕੁ ਨਾਗੀ ਦਾਝੈ ਫਿਰਿ ਪਾਛੈ ਪਛੁਤਾਣੀਤਾ ॥੪॥੩॥੧੫॥

(ਗਉੜੀ ਚੇਤੀ, ਮਃ ੧ - ੧੫੫)

ਏਹ ਸਾਰਾ ਸ਼ਬਦ ਸੁਣ ਕੇ ਓਹ ਸਭ ਬਾਬੇ ਦੇ ਅਨੁਸਾਰੀ ਬਣ ਗਏ। ਹੁਣ ਤੱਕ ਗੁਰੂ ਕੀ ਚਰਨ ਪਾਦਕਾ ਦੀ ਓਥੇ ਪੂਜਾ ਹੁੰਦੀ ਹੈ।

ਓਥੋਂ ਅੱਗੇ ਬ੍ਰਹਮਪੁੱਤ੍ਰ ਨਦੀ ਦੇ ਕਨਾਰੇ ਕਨਾਰੇ ਸੈਰ ਕਰਦੇ ਗੌਰੀਪੁਰ ਸ਼ਹਿਰ ਤੋਂ ਤਿੰਨ ਕੋਹ {ਧੋਬੜੀ ਪਿੰਡ} ਧੋਬੜੀ ਪਿੰਡ (ਜਿੱਥੇ ਹੁਣ ਗੁਰੂ ਤੇਗ ਬਹਾਦਰ ਜੀ ਦੇ ਨਾਮ ਦਾ ਦਮਦਮਾ ਧੋਬੀਆਂ ਬੰਦ੍ਰ ਦੇ ਨੇੜੇ ਬਣਯਾ ਹੋਯਾ ਹੈ) ਜਾ ਠਹਿਰੇ। ਬਾਬੇ ਦਾ ਜੱਸ ਸੁਣ ਕੇ ਓਥੋਂ ਦੀ ਰਾਣੀ ਦਰਸ਼ਨ ਕਰਨ ਆਈ। ਮਨ ਫਿਰ ਗਿਆ। ਪਾਣੀ ਪੱਥਰ ਪੂਜਣਾ ਛੱਡ ਕੇ ਵਾਹਿਗੁਰੂ ਜਪਣ ਲੱਗੀ। ਓਸੇ ਦਾ ਪੋਤ੍ਰਾ ਰਾਜਾ ਰਾਮਦੇਉ ਨੌਮੇਂ ਗੁਰੂ ਦਾ ਸੱਚਾ ਸੇਵਕ ਹੋਯਾ, ਜਿਸ ਦਾ ਪੁੱਤ੍ਰ ਰਤਨਦੇਉ ਦਸਵੇਂ ਗੁਰੂ ਪਾਸ ਅਨੰਦਪੁਰ ਚਿੱਟੇ ਮੱਥੇ ਵਾਲਾ ਹਾਥੀ ਆਦਿਕ ਤੋਹਫੇ ਲੈ ਕੇ ਆਯਾ ਸੀ।

ਓਥੋਂ ਬ੍ਰਹਮਪੁੱਤ੍ਰ ਪਾਰ ਅਸਾਮ ਦੇਸ਼ ਦੇ ਸਾਰੇ ਨਗਰਾਂ ਤੋਂ ਵੱਡਾ (ਗਵਾਹਿਟੀ) ਸ਼ਹਿਰ ਜਾ ਦੇਖਿਆ, ਪਹਿਲੇ ਉਸ ਦਾ ਨਾਮ ਪ੍ਰਾਗ ਜੀਤ ਸੀ। ਓਥੋਂ ਕੁਮੱਖਿਆ ਦੇਵੀ ਦੇ ਮੰਦਰ ਜਾ ਬਿਰਾਜੇ। ਓਥੇ ਮੂਰਤੀ ਨਹੀਂ ਕੇਵਲ ਭਗ ਦੇ ਚਿੰਨ੍ਹ ਦੀ ਪੂਜਾ ਹੁੰਦੀ ਹੈ ਅਤੇ ਮਹੀਨੇ ਦੇ ਮਹੀਨੇ ਰਿਤੂ ਆਈ ਕਹਿ ਕੇ ਲਾਲ ਰੰਗ ਬਸਤ੍ਰਾਂ ਨੂੰ ਲਾ ਛੱਡਦੇ ਹਨ, ਜੋ ਦੇਵੀ ਦੇ ਉਪਾਸਕ ਪਵਿੱਤ੍ਰ ਮੰਨ ਕੇ ਲੈ ਜਾਂਦੇ ਹਨ।

ਆਸਾਮ ਦੇਸ਼ ਦਾ ਝਾਕਾ

ਬਾਬੇ ਜੀ ਨੇ ਓਨ੍ਹਾਂ ਪੰਡਿਆਂ ਤੋਂ ਲੋਕਾਂ ਨੂੰ ਗਿਲਾਨੀ ਤੇ ਨਰਕਦਾਇਕ ਬਾਮਿ ਮਾਰਗ ਦੇ ਮਤ ਤੋਂ ਛੁਡਾ ਕੇ ਪਰਮੇਸ਼ਰ ਦੀ ਭਗਤੀ ਕਰਨ ਲਾਇਆ। ਓਥੋਂ ਆਸਾਮ ਦੇਸ਼ ਦੇ ਅਜਮੇਰੀ ਗੰਜ, ਕਰੀਮ ਗੰਜ, ਸਿਲਟ ਆਦਿਕ ਸ਼ਹਿਰ ਨਗਰ ਦੇਖਦੇ ਹੋਏ ਘਰ ਗਾਂਉ ਨਾਮੇ ਸ਼ਹਿਰ ਦੇ (ਜੋ ਓਦੋਂ ਰਾਜਧਾਨੀ ਓਥੋਂ ਦੀ ਸੀ ਤੇ ਹੁਣ ਸੇਬ ਸਾਗਰ ਦੇ ਜ਼ਿਲੇ ਵਿੱਚ ਆ ਕੇ ਨਾਜਰਾ ਨਾਮ ਹੋ ਗਿਆ ਹੈ) ਰਾਜੇ ਸਗਰ ਸੈਨ ਨੂੰ; ਹੋਰ ਲੋਕਾਂ ਸਮੇਤ ਜੋ ਕੇਵਲ ਕੁਮੱਖਯਾ ਦੇਵੀ ਦੇ ਹੀ ਦਾਸ ਬਣ ਰਹੇ ਸੇ, ਸੱਚਾ ਮਤ ਦ੍ਰਿੜਾ ਕੇ ਬਿਸ਼ੰਭਰ ਦੇਸ਼; ਜੋ ਬ੍ਰਹਮ ਪੁੱਤਰ ਤੇ ਬਰਨੀਂ ਨਦੀ ਦੇ ਵਿਚਕਾਰ ਹੈ, ਜਾ ਪਹੁੰਚੇ। ਚੇਤ ਵੈਸਾਖ ਵਿੱਚ ਓਥੇ ਸਾਵਣ ਨਾਲੋਂ ਵੱਧ ਪਾਣੀ ਨਦੀਆਂ, ਨਾਲਿਆਂ ਸੋਮਿਆਂ ਦਾ ਵਿਥਰ ਕੇ ਜਲ ਹੀ ਜਲ ਹੋ ਜਾਂਦਾ ਹੈ। ਮਰਦਾਨੇ ਨੇ ਸਮੁੰਦਰ ਉੱਛਲਿਆ ਸਮਝ ਕੇ ਡਰ ਮੰਨਿਆ। ਪਰ ਗੁਰੂ ਜੀ ਨੇ ਧੀਰਜ ਦਿੱਤਾ। ਪਰਸ ਨਾਮ ਸ਼ਹਿਰ ਦਾ ਰਾਜਾ ਤੀਖਣ ਸੈਨ ਫਿਰਦਾ ਹੋਯਾ ਇਹਨਾਂ ਨੂੰ ਖ਼ੁਸ਼ੀ ਵਿੱਚ ਗਾਉਂਦੇ ਵਜਾਉਂਦੇ ਸੁਣ ਕੇ ਪਾਸ ਆ ਖੜ੍ਹਾ ਹੋਯਾ। ਓਸ ਦਾ ਇਕਲੌਤਾ ਬੇਟਾ ਓਦੋਂ ਹੀ ਮਰ ਗਿਆ ਸੀ, ਜਿਸ ਦੇ ਵੈਰਾਗ ਵਿੱਚ ਓਹ ਬਹੁਤ ਉਦਾਸ ਸੀ। ਬਾਬਾ ਜੀ ਏਸ ਵੇਲੇ ਏਹ ਸ਼ਬਦ ਗਾਇ ਰਹੇ ਸਨ:

ਗਉੜੀ ਮਹਲਾ ੧ ॥
ਪਉਣੈ ਪਾਣੀ ਅਗਨੀ ਕਾ ਮੇਲੁ ॥
ਚੰਚਲ ਚਪਲ ਬੁਧਿ ਕਾ ਖੇਲੁ ॥
ਨਉ ਦਰਵਾਜੇ ਦਸਵਾ ਦੁਆਰੁ ॥
ਬੁਝੁ ਰੇ ਗਿਆਨੀ ਏਹੁ ਬੀਚਾਰੁ ॥੧॥
ਕਥਤਾ ਬਕਤਾ ਸੁਨਤਾ ਸੋਈ ॥
ਆਪੁ ਬੀਚਾਰੇ ਸੁ ਗਿਆਨੀ ਹੋਈ ॥੧॥ ਰਹਾਉ ॥
ਦੇਹੀ ਮਾਟੀ ਬੋਲੈ ਪਉਣੁ ॥
ਬੁਝੁ ਰੇ ਗਿਆਨੀ ਮੂਆ ਹੈ ਕਉਣੁ ॥
ਮੂਈ ਸੁਰਤਿ ਬਾਦੁ ਅਹੰਕਾਰੁ ॥
ਓਹੁ ਨ ਮੂਆ ਜੋ ਦੇਖਣਹਾਰੁ ॥੨॥
ਜੈ ਕਾਰਣਿ ਤਟਿ ਤੀਰਥ ਜਾਹੀ ॥
ਰਤਨ ਪਦਾਰਥ ਘਟ ਹੀ ਮਾਹੀ ॥
ਪੜਿ ਪੜਿ ਪੰਡਿਤੁ ਬਾਦੁ ਵਖਾਣੈ ॥
ਭੀਤਰਿ ਹੋਦੀ ਵਸਤੁ ਨ ਜਾਣੈ ॥੩॥
ਹਉ ਨ ਮੂਆ ਮੇਰੀ ਮੁਈ ਬਲਾਇ ॥
ਓਹੁ ਨ ਮੂਆ ਜੋ ਰਹਿਆ ਸਮਾਇ ॥
ਕਹੁ ਨਾਨਕ ਗੁਰਿ ਬ੍ਰਹਮੁ ਦਿਖਾਇਆ ॥
ਮਰਤਾ ਜਾਤਾ ਨਦਰਿ ਨ ਆਇਆ ॥੪॥੪॥

(ਗਉੜੀ, ਮ: ੧ - ੧੫੨)

ਏਹ ਸਾਰਾ ਸ਼ਬਦ ਸੁਣ ਕੇ ਓਹ ਤਾਂ ਬਾਬੇ ਦੀ ਚਰਨੀਂ ਢਹਿ ਪਿਆ ਤੇ ਸੇਵਕ ਹੋਯਾ। ਬਾਬੇ ਦੀ ਦਇਆ ਨਾਲ ਓਸ ਦਾ ਸ਼ੋਕ ਮੋਹ ਸਭ ਦੂਰ ਹੋ ਗਿਆ।

ਝੰਡੇ ਨੂੰ ਮੰਜੀ ਬਖ਼ਸ਼ਣੀ

ਓਥੋਂ ਪੂਰਬ ਵੱਲ ਸੁਰਤਾ ਨਾਮ ਨਦੀ ਪਾਰ ਹੋ ਕਛਾਰ ਦੇਸ਼ ਵਿੱਚ ਸੰਮਤ ੧੫੬੫ ਨੂੰ ਜਾ ਫਿਰੇ, ਜਿੱਥੋਂ ਦੀ ਰਾਜਧਾਨੀ ਓਦੋਂ ਅਸੀਮਫਲ ਨਾਮੇ ਸ਼ਹਿਰ ਸੀ, ਹੁਣ ਮਨੀਪੁਰ ਹੈ। ਓਸ ਸਮੇਂ ਓਥੋਂ ਦਾ {ਸੁਧਰਸੈਨ} ਰਾਜਾ ਸੁਧਰਸੈਨ ਬੜਾ ਸਤਸੰਗੀ ਈਸ਼੍ਵਰ ਭਗਤ ਸੀ। ਓਸ ਦਾ ਭਣੇਵਾਂ ਇੰਦ੍ਰਸੈਨ ਤੇ ਝੰਡਾ ਬਾਢੀ ਏਹ ਦੋਵੇਂ ਪਰਮੇਸ਼੍ਵਰ ਨੂੰ ਪਹੁੰਚੇ ਹੋਏ ਸੇ। ਏਨ੍ਹਾਂ ਦੀ ਸੰਗਤ ਕਰ ਕੇ ਹੋਰ ਬਹੁਤ ਲੋਕ ਓਥੋਂ ਦੇ ਸਤਸੰਗੀ ਬਣ ਰਹੇ ਸੇ। ਬਾਬਾ ਜੀ ਓਸ ਨਗਰੋਂ ਬਾਹਰ ਪਹਾੜੀ ਹੇਠ ਬੈਠ ਕੇ ਏਹ ਸ਼ਬਦ ਪੜ੍ਹਨ ਲੱਗੇ:

ਆਸਾ ਮਹਲਾ ੧ ਤਿਤੁਕਾ ॥
ਕੋਈ ਭੀਖਕੁ ਭੀਖਿਆ ਖਾਇ ॥
ਕੋਈ ਰਾਜਾ ਰਹਿਆ ਸਮਾਇ ॥
ਕਿਸ ਹੀ ਮਾਨੁ ਕਿਸੈ ਅਪਮਾਨੁ ॥
ਢਾਹਿ ਉਸਾਰੇ ਧਰੇ ਧਿਆਨੁ ॥
ਤੁਝ ਤੇ ਵਡਾ ਨਾਹੀ ਕੋਇ ॥
ਕਿਸੁ ਵੇਖਾਲੀ ਚੰਗਾ ਹੋਇ ॥੧॥
ਮੈ ਤਾਂ ਨਾਮੁ ਤੇਰਾ ਆਧਾਰੁ ॥
ਤੂੰ ਦਾਤਾ ਕਰਣਹਾਰੁ ਕਰਤਾਰੁ ॥੧॥ ਰਹਾਉ ॥
ਵਾਟ ਨ ਪਾਵਉ ਵੀਗਾ ਜਾਉ ॥
ਦਰਗਹ ਬੈਸਣ ਨਾਹੀ ਥਾਉ ॥
ਮਨ ਕਾ ਅੰਧੁਲਾ ਮਾਇਆ ਕਾ ਬੰਧੁ ॥
ਖੀਨ ਖਰਾਬੁ ਹੋਵੈ ਨਿਤ ਕੰਧੁ ॥
ਖਾਣ ਜੀਵਣ ਕੀ ਬਹੁਤੀ ਆਸ ॥
ਲੇਖੈ ਤੇਰੈ ਸਾਸ ਗਿਰਾਸ ॥੨॥
ਅਹਿਨਿਸਿ ਅੰਧੁਲੇ ਦੀਪਕੁ ਦੇਇ ॥
ਭਉਜਲ ਡੂਬਤ ਚਿੰਤ ਕਰੇਇ ॥
ਕਹਹਿ ਸੁਣਹਿ ਜੋ ਮਾਨਹਿ ਨਾਉ ॥
ਹਉ ਬਲਿਹਾਰੈ ਤਾ ਕੈ ਜਾਉ ॥
ਨਾਨਕੁ ਏਕ ਕਹੈ ਅਰਦਾਸਿ ॥
ਜੀਉ ਪਿੰਡੁ ਸਭੁ ਤੇਰੈ ਪਾਸਿ ॥੩॥
ਜਾਂ ਤੂੰ ਦੇਹਿ ਜਪੀ ਤੇਰਾ ਨਾਉ ॥
ਦਰਗਹ ਬੈਸਣ ਹੋਵੈ ਥਾਉ ॥
ਜਾਂ ਤੁਧੁ ਭਾਵੈ ਤਾ ਦੁਰਮਤਿ ਜਾਇ ॥
ਗਿਆਨ ਰਤਨੁ ਮਨਿ ਵਸੈ ਆਇ ॥
ਨਦਰਿ ਕਰੇ ਤਾ ਸਤਿਗੁਰੁ ਮਿਲੈ ॥
ਪ੍ਰਣਵਤਿ ਨਾਨਕੁ ਭਵਜਲੁ ਤਰੈ ॥੪॥੧੮॥

(ਆਸਾ, ਮਃ ੧ – ੩੫੪)

ਏਹੋ ਜਿਹੇ ਸ਼ਬਦ ਸਮਝ ਸੁਣ ਕੇ ਅਨੇਕ ਬਾਬੇ ਦੇ ਸਤਸੰਗੀ ਹੋ ਗਏ। ਭਾਈ ਮਰਦਾਨਾ ਸ਼ਹਿਰ ਵਿੱਚ ਭੋਜਨ ਕਰਨ ਗਿਆ ਤੇ ਝੰਡੇ ਬਾਢੀ ਭਗਤ ਦਾ ਘਰ ਪੁੱਛਦਾ ਜਾਂਦਾ ਸੀ ਤਾਂ ਇੰਦ੍ਰ ਸੈਣ ਮਿਲ ਪਿਆ। ਓਨ ਝੰਡੇ ਨੂੰ ਭੀ ਮਿਲਾ ਦਿੱਤਾ ਤੇ ਭਾਈ ਮਰਦਾਨੇ ਤੋਂ ਬਾਬੇ ਜੀ ਦੀ ਕਥਾ ਸੁਣ ਕੇ ਅਤਿ ਪ੍ਰਸੰਨ ਹੋਏ। ਉੱਤਮ ਭੋਜਨ ਲੈ ਕੇ ਬਾਬਾ ਜੀ ਪਾਸਿ ਆਇ 'ਕਰਤਾਰ' 'ਕਰਤਾਰ'

ਉਚਾਰ ਕੀਤਾ। ਅੱਗੋਂ ਬਾਬੇ ਭੀ ਆਖਿਆ, "ਆਉ ਭਾਈ ਝੰਡਾ! ਇੰਦ੍ਰਸੈਨ! ਸੱਤ ਕਰਤਾਰ।" ਓਹ ਤਾਂ ਅਚਰਜ ਰਹਿ ਗਏ ਕਿ ਸਾਡੇ ਨਾਮ ਕਿਵੂੰ ਜਾਣ ਗਏ? ਬਾਬੇ ਜੀ ਨੂੰ ਪੂਰਨ ਸਾਧ ਸਮਝ ਲੀਤਾ। ਭੋਜਨ ਛਕਾਏ। ਜਨਮ ਸਾਖੀ ਵਿੱਚ ਜੋ ਏਹ ਲਿਖਯਾ ਹੈ ਕਿ ਬਾਬੇ ਦਾ ਸੀਤ ਪ੍ਰਸਾਦ ਛੱਕ ਕੇ ਓਨ੍ਹਾਂ ਦੇ ਕਪਾਟ ਖੁੱਲ੍ਹ ਗਏ। ਤਿੰਨ ਕਾਲ ਦਾ ਗਿਆਨ ਹੋ ਗਿਆ। ਸੋ ਕੁਛ ਬੜੀ ਬਾਤ ਨਹੀਂ। ਸੱਚੇ ਵਾਹਿਗੁਰੂ ਦੇ ਬਚਨ ਸ੍ਰਵਣ, ਮੰਨਣ ਤੋਂ ਹੀ ਅਗਜਾਨ ਕਿਰਤ ਪੰਜ ਕੋਸ਼ ਦੇ ਪੜ੍ਹਦੇ ਦੂਰ ਹੋ ਕਰ, ਬ੍ਰਹਮ ਆਤਮਾ ਦਾ ਸਾਖਯਾਤ ਗਿਆਨ ਹੋ ਜਾਣਾ; ਜਿਸ ਤੋਂ ਤਿੰਨ ਕਾਲ ਜਗਤ ਰੱਜੂ ਦੇ ਸ੍ਰਪ ਵਤ ਮਿਥਯਾ ਤੇ ਆਤਮਾ ਸੱਤ ਜਾਣ ਲਈਦਾ ਹੈ, ਸੋ ਠੀਕ ਹੈ।

ਹੋਰ ਭੀ ਅਨੇਕ ਚਮਤਕਾਰ ਬਾਬੇ ਦੀ ਕ੍ਰਿਪਾ ਨਾਲ ਜਦ ਓਨ੍ਹਾਂ ਨੂੰ ਪ੍ਰਾਪਤ ਹੋਏ, ਤਾਂ ਰਾਜੇ ਸੁਧਰਸੈਨ ਨੂੰ ਭੀ ਬਾਬੇ ਦੀ ਚਰਨੀਂ ਲਿਆ ਪਾਇਆ। ਬਾਬਾ ਜੀ ਤਾਂ ਸਰਬ ਸ਼ਕਤੀਆਂ ਦੇ ਰਤਨਾਂ ਕਰ ਨਦਰੀ ਨਦਰਿ ਨਿਹਾਲ ਸਨ। ਸ਼ਬਦ ਦੀ ਇੱਕੋ ਛੱਲ ਨਾਲ ਓਸ ਨੂੰ ਨਿਹਾਲ ਕਰ ਦਿੱਤਾ। ਸੱਚ ਹੈ:

ਸਾਧ ਕੈ ਸੰਗਿ ਨਹੀ ਕਛੁ ਘਾਲ ॥
ਦਰਸਨੁ ਭੇਟਤ ਹੋਤ ਨਿਹਾਲ ॥

(ਗਉੜੀ ਸੁਖਮਨੀ, ਮਃ ੫ - ੨੭੨)

ਤਿੰਨ ਮਹੀਨੇ ਸੱਤ ਦਿਨ ਬਾਬੇ ਨੂੰ ਰਾਜੇ ਨੇ ਬੜੇ ਪ੍ਰੇਮ ਨਾਲ ਰੱਖਿਆ। ਜਾਂ ਤੁਰਨ ਲੱਗੇ, ਤਾਂ ਸੁਧਰਸੈਣ ਆਦਿ ਸਤਸੰਗੀਆਂ ਦੇ ਪ੍ਰਾਰਥਨਾ ਕਰਨੇ ਕਰ ਝੰਡੇ ਬਾਢੀ ਨੂੰ; ਜੋ ਸੰਤ ਪਦਵੀ ਨੂੰ ਪਹੁੰਚਿਆ ਹੋਇਆ ਸੀ, ਮੰਜੀ ਪਰ ਬੈਠਾ ਕੇ ਓਨ੍ਹਾਂ ਤੋਂ ਮੱਥਾ ਟਿਕਾ ਦਿੱਤਾ, ਜਿਸ ਤੋਂ ਫੇਰ ਹਮੇਸ਼ਾ ਓਨ੍ਹਾਂ ਨੂੰ ਸਤਸੰਗ ਬਣਿਆ ਰਿਹਾ। ਜੀਕੂ ਝਾੜ ਦੇ ਆਸਰੇ ਘਾਸ ਬਚ ਰਹਿੰਦਾ ਹੈ, ਏਸੇ ਸਤਸੰਗ ਦੇ ਆਸਰੇ ਕਾਮ ਕਰੋਧ ਆਦਿਕ ਬਿਕਾਰਾਂ ਤੇ ਸ਼ੋਕ ਮੋਹ ਆਦਿਕ ਦੀਆਂ ਪਛਾੜਾਂ ਤੋਂ ਪੁਰਸ਼ ਸਹਿਜੇ ਹੀ ਬਚ ਰਹਿੰਦਾ ਹੈ। ਸਭ ਤੋਂ ਵਧੇਰੇ ਖ਼ੁਸ਼ੀ ਹੋ ਕੇ ਪਹਿਲੇ ਰਾਜੇ ਸੁਧਰ ਸੈਨ ਨੇ ਝੰਡੇ ਨੂੰ ਸੱਤ ਕਰ ਕੇ ਮੰਨਿਆ, ਜਿਸ ਕਰ ਕੇ ਬਾਬੇ ਜੀ ਨੇ ਓਸ ਉੱਤੇ ਐਡੀ ਕਿਰਪਾ ਕੀਤੀ, ਜੋ ਅਠਾਰਾਂ ਰਾਜੇ ਓਸ ਦੇ ਇਰਦੇ ਗਿਰਦੇ ਦੇ; ਸਭ ਉਸ ਦੇ ਆਗਿਆਕਾਰ ਕਰ ਦਿੱਤੇ। ਜਨਮਸਾਖੀ ਵਿੱਚ ਓਨ੍ਹਾਂ ਦੇ ਨਾਮ {ਅਠਾਰਾਂ ਟਾਪੂਆਂ ਦੇ ਰਾਜੇ} ਏਹ ਲਿਖੇ ਹਨ: ਕਮਲਨੈਨ ੧, ਮਧਰਬੈਨ ੨, ਸੁਖਚੈਨ ੩, ਅਸਨਾਹਾ ੪, ਸਗਰ ਸੈਨ ੫, ਬੀਰਬੈਨ ੬, ਲਾਲ ਨੈਨ ੭, ਰਾਇਸੈਨ ੮, ਸੁਖਸਾਗਰ ੯, ਨਾਗ ਪਰਸ ੧੦, ਪਰਸ ਰਾਮ ੧੧, ਅਟਕਾ ਘਟਕਾ ੧੨, ਸੁਧ ਸਮਾਲ ੧੩, ਬਬੇਕਾ ਬਲ ੧੪, ਨੈਨ ਜੋਤ ੧੫, ਬਲਸਿੰਗਾਰ ੧੬, ਰਤਿਰੰਗ ੧੭, ਨਗਰ ਰਾਇ।

ਗੁਰੂ ਕੇ ਪਰਤਾਪ ਨਾਲ ਹੁਣ ਤੱਕ ਓਸੇ ਸੁਧਰਸੈਨ ਰਾਜੇ ਦੀ ਸੰਤਾਨ ਮਨੀਪੁਰ ਵਿੱਚ ਰਾਜ ਕਰਦੀ ਹੈ, ਜਿਨ੍ਹਾਂ ਦਾ ਝਗੜਾ ਸੰਮਤ ੧੯੪੮ ਬਿਕ੍ਰਮੀ ਵਿੱਚ ਸਰਕਾਰ ਅੰਗ੍ਰੇਜ਼ੀ ਨਾਲ ਬਹੁਤ ਹੋਇਆ ਸੀ।

੫ ਸਾਵਣ ਸੰਮਤ ੧੫੬੫ ਬਿਕ੍ਰਮੀ ਨੂੰ ਮਨੀਪੁਰ ਤੋਂ ਅੱਗੇ ਓਸ ਦੇਸ਼ ਵਿੱਚ ਗਏ ਜਿਸ ਦਾ ਨਾਮ ਪੋਥੀਆਂ ਵਿੱਚ ਸਲਮਲਾ ਦੀਪ ਹੈ। ਓਥੇ ਬਹੁਤ ਸੁੰਦਰ ਅਨੇਕ ਪ੍ਰਕਾਰ ਦੇ ਫ਼ਲ ਮੂੰਗਫਲੀ ਜੋ ਬਦਾਮਾਂ ਦੀ ਗਿਰੀ ਵਰਗੀ ਸ੍ਵਾਦ ਤੇ ਜ਼ੋਰਾਵਰ ਹੁੰਦੀ ਹੈ, ਛਕਣ ਨੂੰ ਬਹੁਤ ਲੱਭੀ। ਮਰਦਾਨੇ ਆਖਿਆ, "ਤਪਾ ਜੀ! ਹੁਣ ਤਾਂ ਬਥੇਰਾ ਫਿਰ ਲਏ ਕੋਈ ਦਿਨ ਏਥੇ ਨਿਵਾਸ ਕਰੋ।" ਬਾਬੇ ਹੱਸ ਕੇ ਆਖਿਆ, "ਤੈਨੂੰ ਖਾਣ ਨੂੰ ਜੋ ਚੰਗਾ ਚੋਖਾ ਲੱਭਦਾ ਹੈ।" ਤਦੋਂ ਨੂੰ ਬ੍ਰਹਮਪੁਰ ਸ਼ਹਿਰ ਦੇ ਬਾਗ਼ ਵਿੱਚ ਤਲਾਬ ਕਿਨਾਰੇ ਜਾ ਬੈਠੇ। ਓਥੇ ਸਭ ਮਰਦ ਇਸਤਰੀ ਇਸ਼ਨਾਨ ਕਰ ਕਰ ਮੂਰਤਾਂ ਅੱਗੇ ਰੋਜ਼ ਸੌ ਸੌ ਡੰਡਵਤ ਕਰਦੇ ਫਿਰਦੇ ਸਨ। ਏਹ ਦੇਖ ਬਾਬੇ ਜੀ ਨੇ ਏਹ ਸ਼ਬਦ ਬੋਲਿਆ:

ਚੇਤੰਨ ਹੋ ਕੇ ਜੜ ਕੋ ਮਾਨੈ।
ਸੋ ਦੁਖ ਪਾਵੇ ਦੁਹੀ ਜਹਾਨੈ।

ਵਾਟ ਨਾ ਪਾਵੈ ਔਝੜ ਜਾਹੀ।
ਭਰਮੇ ਭੂਲਾ ਭਟਕਾ ਖਾਹੀ।
ਮਨ ਮੂਰਖ ਸਮਝਤ ਨਹਿ ਭੋਰਾ।
ਕੱਚ ਬਿਹਾਜਤ ਕੰਚਨ ਛੋਰਾ।
ਜਿਨ ਕੀਤੋ ਮਾਟੀ ਤੇ ਰਤਨ।
ਗਰਭ ਮਾਹਿ ਰਾਖਿਓ ਕਰ ਜਤਨ।
ਸਾਚਾ ਸਾਹਿਬ ਸੰਮ੍ਰਥ ਪੂਰਾ।
ਸਭ ਕੁਛ ਦੇਵਨ ਹਾਰ ਹਜੂਰਾ।
ਤਾਹਿ ਤਿਆਗ ਅਗਿਆਨੀ ਅੰਧੇ।
ਨਾਨਕ ਜਮ ਪੁਰ ਜਾਵੈ ਬੰਧੇ।

(ਇਹ ਗੁਰਬਾਣੀ ਨਹੀਂ)

ਏਹ ਸ਼ਬਦ ਸੁਣ ਕੇ ਅਨੇਕ ਪੰਡਿਤ ਚਰਚਾ ਕਰਨ ਆ ਲੱਗੇ। ਬਾਬੇ ਨੇ ਆਖਿਆ ਤੁਸੀਂ ਸਰਬ ਸ਼ਕਤੀਵਾਨ ਕਰਤੇ ਸੱਚੇ ਪ੍ਰਭੂ ਨੂੰ ਛੱਡ ਕੇ ਜੋ ਪੱਥਰਾਂ ਨੂੰ ਪੂਜਦੇ ਹੋ, ਏਹੋ ਮਹਾਂ ਪਾਪ ਤੁਸਾਂ ਨੂੰ ਨਰਕ ਭੁਗਾਵੇਗਾ। ਬਾਬੇ ਜੀ ਦੇ ਗਜ਼ਾਨ ਉਪਦੇਸ਼ ਦੀ ਧੁੰਮ ਪੈ ਗਈ। ਓਥੋਂ ਦਾ ਰਾਜਾ {ਮਧਰਬੈਨ} ਮਧਰਬੈਨ ਬ੍ਰਾਹਮਣ ਅਨੇਕਾਂ ਪੰਡਤਾਂ ਨੂੰ ਨਾਲ ਲੈ ਕੇ ਬਾਬੇ ਦੇ ਦਰਸ਼ਨ ਨੂੰ ਆਯਾ। ਬੇਨਤੀ ਕੀਤੀ, "ਭੰਡਾਰਾ ਬਸਤ੍ਰ ਲਓ" ਤਾਂ ਬਾਬੇ ਸ਼ਬਦ ਬੋਲਿਆ:

ਏਕ ਭੰਡਾਰਾ ਨਾਮ ਕਾ ਹਮ ਕੋ ਗੁਰ ਦੀਨਾ।
ਨੰਗ ਭੁਖ ਸਭ ਛੀਨ ਕੇ ਆਪਨਾ ਕਰ ਲੀਨਾ।
ਭੋਜਨ ਉੱਤਮ ਹਮ ਕੀਆ ਸੰਤਨ ਪ੍ਰਸਾਦ।
ਜਲ ਸੀਤਲ ਹਰਿ ਰਸ ਪੀਆ ਪਾਯਾ ਅਹਿਲਾਦ।
ਬਸਤ੍ਰ ਬ੍ਰਹਮ ਪਛਾਨਿਆ ਕਾਯਾ ਕੇ ਸੰਗ।
ਲਖ ਚੌਰਾਸੀ ਕਟ ਗਈ ਹੋਏ ਆਭੰਗ।
ਨਾਨਕ ਕਹੇ ਦਿਜਿੰਦ੍ਰ ਸੁਨ ਸਭ ਝੂਠ ਪਸਾਰਾ।
ਦ੍ਰਿਸ਼ਟਿ ਮਾਨ ਸਭ ਬਿਨਸਿ ਹੈ ਰਹਿ ਏਕੰਕਾਰਾ।

(ਇਹ ਗੁਰਬਾਣੀ ਨਹੀਂ)

ਏਹ ਬਚਨ ਸੁਣ ਕੇ ਰਾਜੇ ਨੇ ਬਾਬੇ ਦੇ ਚਰਨ ਫੜ ਲਏ, ਉਸ ਦੀ ਪ੍ਰੀਤ ਪ੍ਰਤੀਤ ਦੇਖ ਕੇ ਪੰਦਰਾਂ ਦਿਨ ਓਥੇ ਰਹਿ ਕੇ ਪਖਾਣ ਪੂਜਾ ਛੁਡਾ ਕਰ ਸਭ ਨੂੰ ਪ੍ਰਮੇਸ਼੍ਵਰ ਦੀ ਭਗਤੀ ਕਰਨ ਲਾਇਆ।

ਧਰਮ ਸਿੰਘ ਦਾ ਮਿਲਨਾ

ਓਥੋਂ ਵਿਦਾ ਹੋ ਕਿਤੇ ਜਲ ਥਲ ਲੰਘਦੇ ਜਾਂਦੇ ਚਾਂਦ ਪੁਰ, ਸੂਰਨ ਪੁਰ ਵਾਲੇ {ਕਮਲਨੈਨ} ਕਮਲਨੈਨ ਦੇ ਬਾਗ਼ ਵਿੱਚ ਜਾ ਬੈਠੇ। ਮਰਦਾਨੇ ਆਖਿਆ, "ਜੀ! ਹੁਕਮ ਹੋਵੇ ਤਾਂ ਸ਼ਹਿਰ ਵੇਖ ਆਵਾਂ।" ਬਾਬੇ ਕਿਹਾ, "ਭੁੱਖ ਲੱਗੀ ਹੋਈ?" ਮਰਦਾਨੇ ਆਖਿਆ, "ਜੀ! ਤੁਸੀਂ ਤਾਂ ਐਵੇਂ ਸੁੱਕੇ ਮਾਰ ਕੇ ਪਏ ਮੇਰੀ ਜਾਨ ਖਪਾਵੰਦੇ ਹੋ। ਕਦੇ ਕਦਾਈਂ ਕੋਈ ਬਸਤੀ ਆਵੇ ਤਾਂ ਮੰਗ ਕੇ ਭੀ ਨਹੀਂ ਖਾਣ ਦਿੰਦੇ।" ਬਾਬੇ ਹੱਸ ਕੇ ਆਖਯਾ, "ਜਾਹ! ਬਹੁਤ ਕੁਛ ਮਿਲਸੀ।" ਸ਼ਹਿਰ ਵੜਦੇ ਹੀ ਮਰਦਾਨੇ ਨੂੰ {ਧਰਮ ਸਿੰਘ} ਧਰਮ ਸਿੰਘ ਨਾਮ ਭਗਤ ਮਿਲਿਆ। ਭੋਜਨ ਮਿਲਣ ਦਾ ਬ੍ਰਿਤਾਂਤ ਪੁੱਛਿਆ ਤਾਂ ਓਨ ਆਖਿਆ, "ਭਾਈ! ਇੱਥੇ ਤਾਂ ਅਨੇਕ ਸਦਾਬਰਤ ਰਾਜਾ ਤੇ ਪਰਜਾ ਵੱਲੋਂ ਕੱਚੇ ਪੱਕੇ ਭੋਜਨਾਂ ਦੇ ਹਨ। ਪਰਦੇਸੀ ਕੋਈ ਆਵੇ. ਮਨ ਇੱਛਕ ਭੋਜਨ ਪਾਵੇ। ਏਸ ਦੇਸ਼ ਦੇ ਸਭ ਲੋਕ ਕਿਰਤ ਕਰ ਕੇ ਖਾਂਦੇ ਹਨ। ਧਰਮ ਅਰਥ ਕੋਈ ਕਿਸੇ ਤੋਂ ਕੁਛ ਨਹੀਂ ਲੈਂਦਾ।"

ਧਰਮ ਸਿੰਘ ਨੇ ਏਸ ਨੂੰ ਦੂਰ ਦੇਸ਼ ਦਾ ਸਮਝ ਕੇ ਨਾਲ ਹੋਰ ਢਾਈ ਸੇਰ ਮਿਠਾਈ ਲੈ ਦਿੱਤੀ ਤੇ ਪੁੱਛਿਆ, "ਤੇਰੇ ਨਾਲ ਕੋਈ ਹੋਰ ਭੀ ਹੈ?" ਤਾਂ ਮਰਦਾਨੇ ਆਖਿਆ, "ਦੋ ਅਤੀਤ ਹੋਰ ਹਨ।" ਤਾਂ ਧਰਮ ਸਿੰਘ ਨੇ ਪੰਜ ਸੇਰ ਮਿਠਾਈ ਹੋਰ ਲੈ ਅਨੇਕ ਸਤਸੰਗੀਆਂ ਸਮੇਤ ਮਰਦਾਨੇ ਨਾਲ ਬਾਬੇ ਪਾਸ ਆ 'ਕਰਤਾਰ' 'ਕਰਤਾਰ' ਆਖਿਆ। ਬਾਬੇ ਕਿਹਾ, "ਸੱਤ ਕਰਤਾਰ! ਆ ਭਾਈ ਧਰਮ ਸਿੰਘ।" ਓਹ ਹੈਰਾਨ ਹੋ ਗਿਆ ਏਨ੍ਹਾਂ ਨੇ ਮੇਰਾ ਨਾਮ ਕਿਵੂੰ ਲੈ ਲੀਤਾ? ਪ੍ਰਸ਼ਾਦ ਛਕਾਇਆ। ਧਰਮ ਸਿੰਘ ਨੇ ਪ੍ਰਮੇਸ਼੍ਵਰ ਦਾ ਤੇ ਜਗਤ ਦਾ ਰੂਪ ਪੁੱਛਿਆ ਤਾਂ ਬਾਬੇ ਸ਼ਬਦ ਬੋਲਿਆ:

ਰਾਮਕਲੀ ਮਹਲਾ ੫ ॥
ਈਂਧਨ ਤੇ ਬੈਸੰਤਰੁ ਭਾਗੈ ॥
ਮਾਟੀ ਕਉ ਜਲੁ ਦਹ ਦਿਸ ਤਿਆਗੈ ॥
ਊਪਰਿ ਚਰਨ ਤਲੈ ਆਕਾਸੁ ॥
ਘਟ ਮਹਿ ਸਿੰਧੁ ਕੀਓ ਪਰਗਾਸੁ ॥੧॥
ਐਸਾ ਸੰਮ੍ਰਥੁ ਹਰਿ ਜੀਉ ਆਪਿ ॥
ਨਿਮਖ ਨ ਬਿਸਰੈ ਜੀਅ ਭਗਤਨ ਕੈ
ਆਠ ਪਹਰ ਮਨ ਤਾ ਕਉ ਜਾਪਿ ॥੧॥ ਰਹਾਉ ॥
ਪ੍ਰਥਮੇ ਮਾਖਨੁ ਪਾਛੈ ਦੂਧੁ ॥
ਮੈਲੂ ਕੀਨੋ ਸਾਬੁਨੁ ਸੂਧੁ ॥
ਭੈ ਤੇ ਨਿਰਭਉ ਡਰਤਾ ਫਿਰੈ ॥
ਹੋਂਦੀ ਕਉ ਅਣਹੋਂਦੀ ਹਿਰੈ ॥੨॥
ਦੇਹੀ ਗੁਪਤ ਬਿਦੇਹੀ ਦੀਸੈ ॥
ਸਗਲੇ ਸਾਜਿ ਕਰਤ ਜਗਦੀਸੈ ॥
ਠਗਣਹਾਰ ਅਣਠਗਦਾ ਠਾਗੈ ॥
ਬਿਨੁ ਵਖਰ ਫਿਰਿ ਫਿਰਿ ਉਠਿ ਲਾਗੈ ॥੩॥
ਸੰਤ ਸਭਾ ਮਿਲਿ ਕਰਹੁ ਬਖਿਆਣ ॥
ਸਿੰਮ੍ਰਿਤਿ ਸਾਸਤ ਬੇਦ ਪੁਰਾਣ ॥
ਬ੍ਰਹਮ ਬੀਚਾਰੁ ਬੀਚਾਰੇ ਕੋਇ ॥
ਨਾਨਕ ਤਾ ਕੀ ਪਰਮ ਗਤਿ ਹੋਇ ॥੪॥੪੩॥੫੪॥

(ਰਾਮਕਲੀ, ਮਃ ੫ - ੯੦੦)

ਇਤਿਜਾਦਿਕ ਸ਼ਬਦ ਸੁਣ ਕੇ ਆਖਿਆ ਜੀਕੂੰ ਏਹ ਦ੍ਰਿਸ਼ਟਾਂਤ ਮਿੱਥਯਾ ਹਨ ਏਸੇ ਤਰ੍ਹਾਂ ਜਗਤ ਮਿੱਥਯਾ ਹੈ। ਤਾਂ ਦੂਜਾ ਸ਼ਬਦ ਹੋਰ ਬੋਲੇ:

ਸਗਲ ਜੋਤਿ ਮਹਿ ਜਾਕੀ ਜੋਤਿ ॥
ਬਿਆਪਿ ਰਹਿਆ ਸੁਆਮੀ ਓਤਿ ਪੋਤਿ ॥
ਜਿਉ ਕਾਸ਼ਟ ਮੈ ਅਗਨਿ ਰਹਾਇ ॥
ਦੂਧ ਬੀਚ ਘੀ ਰਹਿਓ ਸਮਾਇ ॥
ਸਾਗਰ ਮਾਹਿ ਬੁਦਬੁਦਾ ਹੇਰ ॥
ਕਨਕ ਕਟਕ ਘਟ ਮਾਟੀ ਕੇਰ ॥
ਨਾਨਕ ਤਿਉ ਜਗ ਬ੍ਰਹਮ ਮਝਾਰ ॥
ਸਤਿਗੁਰ ਮਿਲੇ ਤਾ ਦੇਇ ਦਿਖਾਰ ॥

(ਇਹ ਗੁਰਬਾਣੀ ਨਹੀਂ)

ਏਹ ਸ਼ਬਦ ਸੁਣ ਕੇ ਧਰਮ ਸਿੰਘ ਆਦਿਕ ਸਭ ਕ੍ਰਿਤ ਕ੍ਰਿਤ ਹੋ ਗਏ।

ਪਿੱਛੋਂ ਭਾਈ ਮਰਦਾਨੇ ਆਖਿਆ, "ਜੀ! ਏਹ ਤਾਂ ਬੜਾ ਅਚਰਜ ਸ਼ਹਿਰ ਹੈ। ਪਰਦੇਸੀ ਜੋ ਜੀ ਚਾਹੇ ਖਾਵੇ ਪੈਹਨੇ ਓਸ ਤੋਂ ਕੋਈ ਕੁਛ ਨਹੀਂ ਮੰਗਦਾ। ਸ੍ਵਰਨ ਤਾਂ ਏਥੇ ਲੋਹੇ ਵਾਂਗੂੰ ਵਰਤੀਂਦਾ ਹੈ। ਸ਼ਹਿਰ ਵਿੱਚ ਕੋਈ ਨਿਰਧਨ ਨਹੀਂ ਡਿੱਠਾ।" ਬਾਬੇ ਆਖਿਆ, "ਮਰਦਾਨਜਾਂ ਪਰਮੇਸ਼੍ਵਰ ਦੀ ਮਾਇਆ ਅਚਰਜ ਹੈ। ਓਸ ਦੇ ਕਾਰਜ ਭੀ ਅਚਰਜ ਹਨ। ਏਥੇ ਧਰਮ ਪੂਰਾ ਹੈ। ਤਾਂ ਹੀ ਲੱਛਮੀ ਦਾ ਨਿਵਾਸ ਭੀ ਪੂਰਾ ਹੈ। ਚੋਰੀ ਯਾਰੀ ਠੱਗੀ ਝੂਠ ਛਲ ਏਸ ਦੇਸ਼ ਵਿੱਚ ਨਹੀਂ। ਸਤ ਸੰਤੋਖ ਦਇਆ ਧਰਮ ਭਰਪੂਰ ਹੈ। ਜਾਤਿ ਸਭ ਦੀ ਇੱਕੋ ਹੈ। ਕੋਈ ਕਿਸੇ ਦੇ ਘਰ ਬੈਠੇ, ਖਾਵੇ, ਜ਼ਰਾ ਭੀ ਫ਼ਰਕ ਨਹੀਂ। ਸਭ ਪਰਮੇਸ਼੍ਵਰ ਦੀ ਭਗਤੀ ਕਰਦੇ ਹਨ, ਦੂਜੇ ਕਿਸੇ ਨੂੰ ਨਹੀਂ ਮੰਨਦੇ।"

ਤਦੋਂ ਨੂੰ ਧਰਮ ਸਿੰਘ ਆਦਿਕ ਭਗਤਾਂ ਨੂੰ ਨਾਲ ਲੈ ਕੇ ਓਥੋਂ ਦੇ ਰਾਜੇ ਕਮਲਨੈਨ ਨੇ ਬਾਬੇ ਪਾਸ ਆ 'ਕਰਤਾਰ' 'ਕਰਤਾਰ' ਕੀਤਾ। ਬਾਬੇ ਆਖਿਆ, "ਆਓ ਕਮਲਨੈਨ! ਸਤਿ ਕਰਤਾਰ!" ਬਾਬੇ ਦੇ ਬਚਨ ਕਿਰਪਾ ਤੇ ਬਿਬੇਕ ਦੇ ਭਰੇ ਹੋਏ ਸੁਣ ਕੇ ਰਾਜੇ ਦਾ ਮਨ ਸ਼ਾਂਤ ਹੋ ਗਿਆ। ਸੱਚੇ ਸਤਿਗੁਰੂ ਦੀ ਏਹੋ ਨਿਸ਼ਾਨੀ ਹੈ, ਜੋ ਕੋਈ ਪਾਸ ਆਵੇ ਨਿਰਸੰਸੇ ਸ਼ਾਂਤੀ ਹੋ ਜਾਵੇ।

ਜਨਮ ਸਾਖੀ ਦੇ ੧੨੧ ਸਫੇ ਤੇ ਲਿਖਿਆ ਹੈ ਕਿ ਬਾਬੇ ਜੀ ਨੇ ਆਪਣੀ ਸ਼ਕਤੀ ਨਾਲ ਓਸ ਨੂੰ ਪਿਛਲੇ ਜਨਮਾਂ ਦਾ ਗਿਆਨ ਕਰਾ ਕੇ ਆਖਿਆ, ਤੂੰ ਪਿਛਲੇ ਜਨਮ ਜਨਕ ਰਾਜਾ ਦਾ ਸੇਵਕ ਸੀ। ਮਘਰ ਤੇਰਾ ਨਾਮ ਸੀ। ਤੇਰੇ ਮਨ ਵਿੱਚ ਰਾਜਾ ਹੋਵਣ ਦੀ ਇੱਛਾ ਸੀ। ਇੱਕ ਦਿਨ ਤੇਰੀ ਸੇਵਾ ਪਰ ਜਨਕ ਖ਼ੁਸ਼ ਹੋਯਾ। ਤੈਨੂੰ ਰਾਜਾ ਹੋਣ ਦਾ ਹੀ ਵਰ ਦਿੱਤਾ। ਏਸੇ ਲਈ ਤੂੰ ਹੁਣ ਰਾਜ ਕਰਦਾ ਹੈਂ। ਤਾਂ ਓਸ ਨੇ ਚਰਨ ਫੜ ਲੀਤੇ ਤੇ ਆਖਿਆ, "ਧੰਨ ਹੋ! ਗੁਰੂ ਜੀ ਤੁਸਾਂ ਮੇਰੇ ਪਿਛਲੇ ਜਨਮ ਦੇ ਹਾਲ ਦੱਸ ਕੇ ਮੈਨੂੰ ਨਿਹਾਲ ਕੀਤਾ। ਹੁਣ ਮੇਰਾ ਜੰਮਣ ਮਰਣ ਕੱਟ ਗਿਆ।" ਬਾਬੇ ਆਖਿਆ, "ਅਸੀਂ ਹਜ਼ਾਰਾਂ ਕੋਹਾਂ ਦਾ ਸਫਰ ਕਰ ਕੇ ਤੇਰੇ ਹੀ ਜੈਸੇ ਸੁੱਤੇ ਹੋਏ ਪੁਰਖਾਂ ਨੂੰ ਜਗਾਉਂਦੇ ਫਿਰਦੇ ਹਾਂ। ਹੋਰ ਕੋਈ ਕੰਮ ਨਹੀਂ।"

ਰਾਜੇ ਨੇ ਅਨੰਦ ਹੋ ਕੇ ਪ੍ਰਾਰਥਨਾ ਕੀਤੀ, "ਕੁਛ ਟਹਿਲ ਦੱਸੋ।" ਬਾਬੇ ਆਖਿਆ, "ਅਸਾਂ ਸੁਧਰਸੈਨ ਰਾਜੇ ਨੂੰ ਅਠਾਰਾਂ ਰਾਜਜਾਂ ਦਾ ਸਲਾਮੀ ਕੀਤਾ ਹੈ। ਤੇਰੇ ਜੀ ਵਿੱਚ ਕੀ ਆਂਵਦੀ ਹੈ?" ਓਨ ਆਖਿਆ, "ਹੁਣ ਮੈਨੂੰ ਤਾਂ ਸਾਰੇ ਥਾਈਂ ਅਨੰਦ ਹੈ। ਤੁਸਾਡਾ ਕੀਤਾ ਸਿਰ ਧਰਜਾ।" ਰਾਜੇ ਨੇ ਬਹੁਤ ਸ਼ਰਧਾ ਭਗਤੀ ਕਰ ਕਈ ਮਹੀਨੇ ਬਾਬੇ ਜੀ ਨੂੰ ਰੱਖਜਾ। ਸਤਸੰਗ ਕਥਾ ਕੀਰਤਨ ਭਜਨ ਹੁੰਦਾ ਰਿਹਾ। ਸਭ ਲੋਕ ਬਿਬੇਕੀ ਹੋ ਗਏ। ਓਹ ਦੇਸ਼ ਮੁਲਕ ਬਰ੍ਹਮਾ ਦੇ ਨਾਲ ਲੱਗਦਾ ਹੈ। ਤਦੇ ਹੀ ਬਰ੍ਹਮਾ ਜੈਸਾ ਚਾਲ ਚੱਲਨ ਓਥੋਂ ਦਾ ਹੈ।

ਨਾਂਗੇ ਮੁਲਕ ਦਾ ਸੈਲ

੧੧ ਅੱਸੂ ਸੰਮਤ ੧੫੬੫ ਬਿਕ੍ਰਮੀ ਨੂੰ ਖਾਸੀਆ ਨਾਮ ਪਹਾੜੀ ਪਰ ਜਾ ਪੁੱਜੇ। ਓਥੇ ਸਭ ਜੰਗਲੀ ਅਲਫ ਨੰਗੇ ਇਸਤਰੀ ਮਰਦ ਡਾਰਾਂ ਦੀਆਂ ਡਾਰਾਂ ਫਿਰਦੇ ਦੇਖੇ। ਏਸੇ ਦੇਸ਼ ਨੂੰ ਨਾਂਗਾ ਨਾਂਗੀ ਦਾ ਮੁਲਕ ਆਖਦੇ ਹਨ (ਜੋ ਹੁਣ ਸਰਕਾਰ ਅੰਗ੍ਰੇਜ਼ੀ ਦੇ ਅਧਿਕਾਰ ਵਿੱਚ ਆਉਣ ਕਰ ਕੇ ਲੰਗੋਟੇ ਬੰਨ੍ਹਣ ਲੱਗ ਪਏ ਹਨ।) ਓਨ੍ਹਾਂ ਲੋਕਾਂ ਦੇ ਭਿਆਨਕ ਬਿਕਰਾਲ ਬੜੇ ਬੜੇ ਕੱਦ ਸਰੂਪ ਵੇਖ ਕੇ ਭਾਈ ਮਰਦਾਨਾ ਬਹੁਤ ਡਰਿਆ। ਤਦੋਂ ਨੂੰ {ਦੇਵਲੂਤ} ਦੇਵਲੂਤ ਨਾਮ ਓਹਨਾਂ ਦਾ ਸਰਦਾਰ ਇੱਕ ਰਾਖਸ਼ ਡਰਾਉਣੀ ਸੂਰਤ ਕਾਲਾ ਚੋਅ ਜਿਹਾ ਏਨ੍ਹਾਂ ਵੱਲ ਨਾਲ ਨੇਤ੍ਰ ਦੀਵਿਆਂ ਵਾਂਙੂੰ ਚਮਕਾਉਂਦਾ ਆਇਆ। ਮਰਦਾਨੇ ਦੀ ਜਾਨ ਖ਼ੁਸ਼ਕ ਹੋਈ। ਕੰਬਣ ਲੱਗਾ ਤੇ ਨਿਸ਼ਚੇ ਜਾਣ ਲਿਆ ਕਿ ਏਹ ਸਾਨੂੰ ਹੁਣੇ ਹੀ ਛਕ ਜਾਵੇਗਾ। ਏਹਨਾਂ ਬੁਰੇ ਕੁਥਾਉ ਲਿਆ ਮਾਰਿਆ। ਤਾਂ ਬਾਬੇ ਜੀ ਨੇ ਮਰਦਾਨੇ ਨੂੰ ਬਹੁਤ ਬਿਆਕੁਲ ਦੇਖ ਕੇ ਏਹ ਸ਼ਬਦ ਉਚਾਰਿਆ:

ਗਉੜੀ ਮਹਲਾ ੧ ॥
ਡਰਿ ਘਰੁ ਘਰਿ ਡਰੁ ਡਰਿ ਡਰੁ ਜਾਇ ॥
ਸੋ ਡਰੁ ਕੇਹਾ ਜਿਤੁ ਡਰਿ ਡਰੁ ਪਾਇ ॥
ਤੁਧੁ ਬਿਨੁ ਦੂਜੀ ਨਾਹੀ ਜਾਇ ॥
ਜੋ ਕਿਛੁ ਵਰਤੈ ਸਭ ਤੇਰੀ ਰਜਾਇ ॥੧॥
ਡਰੀਐ ਜੇ ਡਰੁ ਹੋਵੈ ਹੋਰੁ ॥
ਡਰਿ ਡਰਿ ਡਰਣਾ ਮਨ ਕਾ ਸੋਰੁ ॥੧॥ ਰਹਾਉ ॥
ਨਾ ਜੀਉ ਮਰੈ ਨ ਡੂਬੈ ਤਰੈ ॥
ਜਿਨਿ ਕਿਛੁ ਕੀਆ ਸੋ ਕਿਛੁ ਕਰੈ ॥
ਹੁਕਮੇ ਆਵੈ ਹੁਕਮੇ ਜਾਇ ॥
ਆਗੈ ਪਾਛੈ ਹੁਕਮਿ ਸਮਾਇ ॥੨॥
ਹੰਸੁ ਹੇਤੁ ਆਸਾ ਅਸਮਾਨੁ ॥
ਤਿਸੁ ਵਿਚਿ ਭੂਖ ਬਹੁਤੁ ਨੈ ਸਾਨੁ ॥
ਭਉ ਖਾਣਾ ਪੀਣਾ ਆਧਾਰੁ ॥
ਵਿਣੁ ਖਾਧੇ ਮਰਿ ਹੋਹਿ ਗਵਾਰ ॥੩॥
ਜਿਸ ਕਾ ਕੋਇ ਕੋਈ ਕੋਇ ਕੋਇ ॥
ਸਭੁ ਕੋ ਤੇਰਾ ਤੂੰ ਸਭਨਾ ਕਾ ਸੋਇ ॥
ਜਾ ਕੇ ਜੀਅ ਜੰਤ ਧਨੁ ਮਾਲੁ ॥
ਨਾਨਕ ਆਖਣੁ ਬਿਖਮੁ ਬੀਚਾਰੁ ॥੪॥੨॥

(ਗਉੜੀ, ਮ: ੧ - ੧੫੧)

ਏਹ ਸਾਰਾ ਸ਼ਬਦ ਜਦ ਸੁਰ ਪਾ ਕੇ ਬਾਬੇ ਨੇ ਗਾਵਿਆ ਤਾਂ ਦੈਵਲੂਤ ਨੂੰ ਅਜਿਹਾ ਪਿਆਰਾ ਲੱਗਾ ਜੋ ਓਸ ਦਾ ਮਨ ਫਿਰ ਗਿਆ। ਬਾਬੇ ਦਾ ਪਾਸ ਆਇ ਬੈਠਾ। ਬਾਬੇ ਜੀ ਨੇ ਓਨ੍ਹਾਂ ਦੀ ਬੋਲੀ ਵਿੱਚ ਓਸ ਨੂੰ ਪਰਮੇਸ਼੍ਵਰ ਦਾ ਭੈਅ ਦਿਖਾ ਕੇ ਸੱਤਿਨਾਮ ਦਾ ਉਪਦੇਸ਼ ਕੀਤਾ। ਓਸ ਦੀ ਆਗਿਆ ਪਾ ਕੇ ਓਸ ਦੇਵ ਨੇ ਵੱਡੇ ਵੱਡੇ ਚੰਗੇ ਸ੍ਵਾਦੀ ਮੇਵੇ ਜੰਗਲ ਵਿੱਚੋਂ ਲੈ ਆਂਦੇ। ਗੁਰੂ ਜੀ ਨੇ ਮਰਦਾਨੇ ਨੂੰ ਛਕਾਏ।

ਸਭਨਾਂ ਨੂੰ ਈਸ਼੍ਵਰ ਦਾ ਭਜਨ ਕਰ ਲਾਯਾ ਤੇ ਓਹਨਾਂ ਵਿੱਚੋਂ ਜੋ ਦੂਸਰੇ ਮਨੁੱਖ ਨੂੰ ਜਿੱਥੇ ਦੇਖਦੇ, ਬਿਨਾਂ ਕਾਰਣ ਮਾਰ ਸਿੱਟਦੇ ਸੇ; ਓਹਨਾਂ ਕੋਲੋਂ ਹਿੰਸਕ ਕਰਮ ਸਭ ਛੁਡਾਇਆ।

ਕਲਕੱਤੇ ਵੱਲ ਕੂਚ

ਓਥੋਂ ਅੱਗੇ ਪਥਰਾ ਪਹਾੜੀ ਪਰ ਚਲੇ ਗਏ ਜਿੱਥੇ ਸ਼ੇਰ, ਬਘਜਾੜ, ਚੀਤੇ, ਜੰਗਲੀ ਮਹੇਂ, ਹਾਥੀ, ਗੈਂਡੇ ਆਦਿਕ ਜਾਨਵਰਾਂ ਤੋਂ ਬਿਨਾਂ ਹੋਰ ਕੋਈ ਆਦਮੀ ਨਹੀਂ ਸੀ। ਸੈਂਕੜੇ ਕੋਹਾਂ ਵਿੱਚ ਜੰਗਲ ਹੀ ਜੰਗਲ ਸੀ। ਪਰ ਇੱਕ ਚੰਗੀ ਗੱਲ ਸੀ ਜੋ ਹਰੇ ਭਰੇ ਫਲੇ ਫੁੱਲੇ ਹੋਏ ਬ੍ਰਿਛ ਸੁਰਜੀਤ ਧਰਤੀ ਬੂਟੀਆਂ ਬੂਟੇ ਬੇਅੰਤ ਪ੍ਰਕਾਰ ਦੇ ਫ਼ੁੱਲ ਖਿੜੇ ਹੋਏ ਸੇ। ਅਨੇਕ ਬੂਟੀਆਂ ਰਾਤ ਨੂੰ ਦੀਵੇ ਵਾਂਙੂੰ ਜਗਦੀਆਂ ਸਨ। ਓਸ ਦਾ ਨਾਮ ਦ੍ਰੋਣਪਰਬਤ ਪੁਰਾਣਾਂ ਵਿੱਚ ਲਿਖਿਆ ਹੈ। ਮਰਦਾਨੇ ਦੇ ਪੁੱਛਣ ਪਰ ਬਾਬੇ ਨੇ ਆਖਯਾ, "ਜਦ ਲਛਮਨ ਨੂੰ ਰਾਵਣ ਨੇ ਰਣ ਵਿੱਚ ਪਛਾੜ ਸਿੱਟਿਆ ਸੀ, ਤਦ ਹਨੂੰਮਾਨ ਨੇ ਏਥੋਂ ਹੀ ਸੰਜੀਵਨੀ ਬੂਟੀ ਲੈ ਜਾ ਕੇ ਉਸ ਨੂੰ ਜਿਵਾਯਾ ਕਿਤਾਬਾਂ ਵਿੱਚ ਲਿਖਿਆ ਹੈ।"

ਮਰਦਾਨੇ ਨੇ ਆਖਿਆ, "ਜੀ! ਹੁਕਮ ਹੋਵੇ ਤਾਂ ਮੈਂ ਓਹੋ ਸੰਜੀਵਨੀ ਬੂਟੀ ਪੁੱਟ ਕੇ ਭਾਰ ਬੰਨ੍ਹ ਲਵਾਂ। ਆਪਣੇ ਦੇਸ਼ ਜਾ ਕੇ ਮੁਏ ਹੋਏ ਲੋਕਾਂ ਨੂੰ ਜਿਵਾਯਾ ਕਰਾਂਗੇ, ਸਭ ਦੇਸ਼ ਮੰਨਣ ਲੱਗ ਜਾਊ।" ਬਾਬੇ ਆਖਿਆ, "ਭਾਈ! ਈਸ਼੍ਵਰ ਦੀ ਨੇਤਿ ਦੇ ਵਿਰੁੱਧ ਕੰਮ ਕਰਨਾ ਮਹਾਂ ਪਾਪ ਤੇ ਈਸ਼੍ਵਰ ਦੇ ਵਿਰੋਧੀ ਬਣਨਾ ਹੈ। ਸਾਨੂੰ ਕਰਤਾਰ ਨੇ ਐਸੀ ਸੰਜੀਵਨੀ ਬ੍ਰਹਮ ਵਿੱਦਜਾ ਬਖ਼ਸ਼ੀ ਹੈ ਜਿਸ ਨੂੰ ਧਾਰਨ ਕਰਨ ਵਾਲੇ ਫੇਰ ਕਦੇ ਭੀ ਕਾਲ ਜਾਲ ਵਿੱਚ ਨਹੀਂ ਆਉਂਦੇ।"

ਓਥੋਂ ਦੇ ਜੰਗਲੀ ਇਸਤਰੀ ਮਰਦ ਨੰਗੇ ਬਾਂਦਰਾਂ ਵਾਂਗੂੰ ਫਿਰਦੇ ਦੇਖ ਕੇ ਬਾਬੇ ਨੇ ਓਹਨਾਂ ਦੀ ਬੋਲੀ ਵਿੱਚ ਓਹਨਾਂ ਨੂੰ ਸਮਝਾ ਬੁਝਾ ਕੇ ਨੰਗ ਢੱਕਣ ਲਈ ਕੱਪੜਾ ਤੇ ਆਰਾਮ ਵਾਸਤੇ ਫੂਸ ਦੇ ਝੁਫੜੇ ਬਣਾਉਣਾ ਸਿਖਾਯਾ ਤੇ ਈਸ਼੍ਵਰ ਦੀ ਭਗਤੀ ਕਰਨ ਲਾ ਕੇ ਮਰਦਾਨੇ ਦੀ ਪ੍ਰਾਰਥਨਾ ਕਰਨ ਤੋਂ ਪਿੱਛੇ ਨੂੰ ਮੋੜਾ ਕੀਤਾ। ਆਸਾਮ ਮੁਲਕ ਵੱਲ ਉੱਤਰ ਆਏ, ਪੂਰਬੀ ਸਮੁੰਦ੍ਰ ਦੇ ਕਨਾਰੇ ਕਨਾਰੇ ਰਤਨਾਖਲੀ ਸ਼ਹਿਰ ਆ ਪਹੁੰਚੇ। ਅੱਗੇ ਪਦਮਾ ਨਦੀ ਪਾਰ ਹੋ ਫਰੀਦਪੁਰ, ਕਸਬਪੁਰ, ਬਾਰ ਵਸਤਾਦਿਕ ਚੱਵੀਆਂ ਪ੍ਰਗਨਿਆਂ ਦਾ ਸੈਲ ਕਰ ਕੇ ਬੰਗਾਲੇ ਦੇਸ਼ ਵੱਲ ਮੁੜ ਕੇ ਨਦੀਆਂ, ਕ੍ਰਿਸ਼ਨ ਨਗਰ ਆ ਪਹੁੰਚੇ। ਓਦੋਂ ਬੰਗਾਲੇ ਦੀ ਏਹੋ ਰਾਜਧਾਨੀ ਸੀ। ਚਿਨਸਰਾ, ਚੰਦ੍ਰ ਨਗਰ ਓਦੋਂ ਏਹ ਭੀ ਬੰਗਾਲੇ ਦੇ ਰਾਜ ਅਸਥਾਨ ਸਨ। ਸਭ ਜਗ੍ਹਾ ਦਾ ਸੈਲ ਕਰਦੇ ਕਰਾਂਵਦੇ ਕਲਕੱਤੇ ਵਿੱਚ ਜੋ ਉਸ ਸਮੇਂ ਛੋਟਾ ਜਿਹਾ ਹੋਣਹਾਰ ਪਿੰਡ ਸੀ, ੯ ਪੋਹ ਸੰਨ ੧੫੬੫ ਨੂੰ ਗੰਗਾ ਕਨਾਰੇ ਜਾ ਉੱਤਰੇ। ਓਥੋਂ ਦੇ ਰਾਜੇ ਭੱਦ ਸਿੰਘ ਖੱਤੀ ਦਾ ਦੀਵਾਨ ਸੁਖ ਪਾਲ ਦੀ ਅਸਵਾਰੀ ਵਿੱਚ ਚੜ੍ਹਾ ਕੇ ਬਾਬੇ ਜੀ ਨੂੰ ਓਸ ਦੇ ਪਾਸ ਲੈ ਗਿਆ। ਤਾਂ ਓਹ ਬੀਮਾਰ ਸੀ। ਬਾਬੇ ਜੀ ਨੇ ਏਹ ਸ਼ਬਦ ਉਚਾਰਿਆ:

ਰੋਗ ਸੋਗ ਸਭ ਦੂਖ ਗਏ ॥
ਸਤਿਗੁਰੂ ਪੂਰੇ ਕਿਰਪਾ ਕੀਨੀ ਆਨੰਦ ਕੁਮਲ ਭਏ ॥

(ਇਹ ਗੁਰਬਾਣੀ ਨਹੀਂ)

ਏਹ ਸਾਰਾ ਸਬਦ ਓਸ ਨੂੰ ਪਾਠ ਕਰਨ ਲਈ ਲਿਖਵਾ ਦਿੱਤਾ, ਜਿਸ ਦਾ ਪਾਠ ਹਮੇਸ਼ਾ ਕਰ ਕੇ ਓਹ ਨਰੋਗ ਹੋ ਗਿਆ। ਓਸੇ ਦੇ ਪੜੋਤ੍ਰੇ ਰਾਜੇ ਹਜ਼ੂਰੀ ਸਿੰਘ ਨੇ ਗੁਰੂ ਤੇਗ ਬਹਾਦਰ ਜੀ ਨੂੰ ਆਪਣੇ ਘਰ ਲੈ ਜਾ ਕੇ (ਜਿੱਥੇ ਹੁਣ ਬੜੀ ਸੰਗਤ ਹੈ) ਰੱਖ ਕੇ ਬਹੁਤ ਸੇਵਾ ਕੀਤੀ ਸੀ।

ਕਲਕੱਤੇ ਤੋਂ ਚੱਲ ਕੇ ਹੁਗਲੀ, ਬਰਦਵਾਨ ਨੂੰ ਹੁੰਦੇ ਹੋਏ ਅਲਵਰਾ ਨਦੀ ਪਾਰ ਹੋ ਬਾਲੇਸ਼੍ਵਰ ਸ਼ਹਿਰ ਜਾ ਕੇ ਮਹਾਂਦੇਵ ਦੇ ਲਿੰਗ ਪੂਜਨ ਬਾਰੇ ਈਸ਼੍ਵਰ ਭਗਤੀ ਤੋਂ ਬੇਮੁਖੀ ਲੋਕਾਂ ਨੂੰ ਭਗਤੀ ਭਜਨ ਵਿੱਚ ਲਾ ਕੇ, ਮੋਰ ਭੰਜਾਂ ਦੀ ਘਾਟੀ ਵਿੱਚ ਰਹਿਣ ਵਾਲੇ ਸੰਤਾਂ ਨੂੰ ਦਰਸ਼ਨ ਦੇ ਲੈ ਕ੍ਰਿਤਾਰਥ ਕਰ, ਲਖਸ਼ੋਰ ਨਦੀ ਪਾਰ ਮੇਦਨੀਪੁਰ ਜਾ ਠਹਿਰੇ; ਜਿੱਥੇ ਹੁਣ ਗੁਰ ਸਥਾਨ ਹੈ। ਓਥੋਂ ਚੱਲ ਕੇ ਮੱਠੀ ਨਦੀ ਪਾਰ, ਢਲ ਭੂਮਿ ਵਿੱਚੋਂ ਦੀ ਕਾਂਚੀਪੁਰੀ ਦੇਖੀ। ਏਸੇ ਥਾਂ ਬੈਰਾਗੀ ਫ਼ਕੀਰਾਂ ਦਾ ਅਚਾਰਯ ਰਾਮਾਨੁਜ ਸੰਨ ੯੮੨ ਬਿਕ੍ਰਮੀ ਨੂੰ ਛੱਜ ਘਾੜੇ ਦੇ ਘਰ ਜੰਮਿਆ। ਏਸ ਦਾ ਪਹਿਲਾ ਨਾਮ ਸਰਟਕੋਪ ਸੀ। ਭਜਨ ਭਗਤੀ ਦੇ ਪ੍ਰਤਾਪ ਨਾਲ ਐਸਾ ਮੰਨਿਆ ਗਿਆ ਜੋ ਸੈਂਕੜੇ ਚੇਲੇ ਬਣ

ਗਏ। ਸੰਪ੍ਰਦਾਇ ਵਿੱਚੋਂ ਰਾਮਾਨੰਦ, ਕਬੀਰ, ਪਰਮਾਨੰਦ ਆਦਿਕ ਬੜੇ ਬੜੇ ਉੱਘੇ ਸੰਤ ਅਨੇਕ ਹੋਏ, ਜੋ ਸ੍ਰੀ ਬੈਸ਼ਨੋ ਸਦਾਂਵਦੇ ਹਨ। ਕਾਂਚੀ ਪੁਰੀ ਤੋਂ ਅੱਗੇ ਬੈਤਰਨੀ, ਬ੍ਰਮਨੀ, ਮਹਾਂਦੇਵੀ, ਮਹਾਂਨੰਦ ਪਾਰ ਹੋ ਅਟਕ ਸ਼ਹਿਰ; ਜਿੱਥੇ ਹੁਣ ਗੁਰੂ ਕੀ ਸੰਗਤ ਹੈ, ਪਹੁੰਚੇ। ਓਸ ਦੇਸ਼ ਵਿੱਚ ਤੇਲੀ ਗੋਤਰ ਦੇ ਬਣੀਏਂ ਗੁਰੂ ਕੇ ਸੇਵਕ ਬਹੁਤ ਹਨ। ਓਥੋਂ ਬੀਸ ਕੋਸ ਸਾਖੀ ਗੋਪਾਲ ਜੀ ਝਾਕੀ ਲੈ ੨੭ ਚੇਤ੍ਰ ਸੰਨ ੧੫੬੫ ਬਿਕ੍ਰਮੀ ਨੂੰ ਜਗਨਨਾਥ* ਪੁਰੀ ਮੰਦਰ ਅੱਗੇ ਸਿੰਘ ਕੌਰ ਦੇ ਸਾਹਮਣੇ; ਜਿੱਥੇ ਹੁਣ ਮੰਗੂ ਮੱਠ ਹੈ, ਗੁਰੂ ਜੀ ਨੇ ਮਰਦਾਨੇ ਤੋਂ ਰਬਾਬ ਵਜਵਾ ਕੇ ਸ਼ਬਦ ਗਾਵਿਆ ਤਾਂ ਸਭ ਲੋਕ ਬਾਬੇ ਦੇ ਪ੍ਰੇਮੀ ਹੋ ਮੰਦਰ ਅੰਦਰ ਲੈ ਗਏ।

ਆਰਤੀ ਹੋਣ ਲੱਗੀ, ਹੋਰ ਸਭ ਖੜੇ ਹੋਏ ਗੁਰੂ ਜੀ ਬੈਠੇ ਰਹੇ। ਪੰਡਿਆਂ ਨੇ ਪੁੱਛਯਾ, "ਤੁਸੀਂ ਆਰਤੀ ਵਿੱਚ ਕਿਉਂ ਨਾ ਮਿਲੇ?" ਸਾਹਿਬ ਬੋਲੇ, "ਅਸੀਂ ਸੱਚੇ ਜਗਨਨਾਥ ਦੀ ਸੱਚੀ ਆਰਤੀ ਦੇਖਦੇ ਸਾਂ। ਏਹ ਮੂਰਤ ਆਰਤੀ ਦੋਵੇਂ ਬਨਾਵਟੀ ਹਨ। ਸੱਚੇ ਰਤਨ ਵਾਲਾ ਝੂਠੇ ਹਕੀਕ ਨੂੰ ਦੇਖ ਕੇ ਭੁਲਾਇਮਾਨ ਨਹੀਂ ਹੁੰਦਾ।" ਉਨ੍ਹਾਂ ਦੇ ਪੁੱਛਣ ਤੋਂ ਬਾਬੇ ਜੀ ਨੇ ਏਹ {ਸੱਚੀ ਆਰਤੀ} ਸੱਚੀ ਆਰਤੀ ਦੱਸੀ। ਯਥਾ:

ਧਨਾਸਰੀ ਮਹਲਾ ੧ ਆਰਤੀ
ੴ ਸਤਿਗੁਰ ਪ੍ਰਸਾਦਿ ॥
ਗਗਨ ਮੈ ਥਾਲੁ ਰਵਿ ਚੰਦੁ ਦੀਪਕ ਬਨੇ ਤਾਰਿਕਾ ਮੰਡਲ ਜਨਕ ਮੋਤੀ ॥
ਧੂਪੁ ਮਲਆਨਲੋ ਪਵਣੁ ਚਵਰੋ ਕਰੇ ਸਗਲ ਬਨਰਾਇ ਫੂਲੰਤ ਜੋਤੀ ॥੧॥
ਕੈਸੀ ਆਰਤੀ ਹੋਇ ਭਵ ਖੰਡਨਾ ਤੇਰੀ ਆਰਤੀ ॥
ਅਨਹਤਾ ਸਬਦ ਵਾਜੰਤ ਭੇਰੀ ॥੧॥ ਰਹਾਉ ॥
ਸਹਸ ਤਵ ਨੈਨ ਨਨ ਨੈਨ ਹੈ ਤੋਹਿ ਕਉ ਸਹਸ ਮੂਰਤਿ ਨਨਾ ਏਕ ਤੋਹੀ ॥
ਸਹਸ ਪਦ ਬਿਮਲ ਨਨ ਏਕ ਪਦ ਗੰਧ ਬਿਨੁ ਸਹਸ ਤਵ ਗੰਧ ਇਵ ਚਲਤ ਮੋਹੀ ॥੨॥
ਸਭ ਮਹਿ ਜੋਤਿ ਜੋਤਿ ਹੈ ਸੋਇ ॥
ਤਿਸ ਕੈ ਚਾਨਣਿ ਸਭ ਮਹਿ ਚਾਨਣੁ ਹੋਇ ॥
ਗੁਰ ਸਾਖੀ ਜੋਤਿ ਪਰਗਟੁ ਹੋਇ ॥
ਜੋ ਤਿਸੁ ਭਾਵੈ ਸੁ ਆਰਤੀ ਹੋਇ ॥੩॥
ਹਰਿ ਚਰਣ ਕਮਲ ਮਕਰੰਦ ਲੋਭਿਤ ਮਨੋ ਅਨਦਿਨੋ ਮੋਹਿ ਆਹੀ ਪਿਆਸਾ ॥
ਕ੍ਰਿਪਾ ਜਲੁ ਦੇਹਿ ਨਾਨਕ ਸਾਰਿੰਗ ਕਉ ਹੋਇ ਜਾ ਤੇ ਤੇਰੈ ਨਾਮਿ ਵਾਸਾ
॥੪॥੧॥੭॥੯॥

(ਧਨਾਸਰੀ, ਮਃ ੧ - ੬੬੩)

ਏਹ ਆਰਤੀ ਸੁਣ ਕੇ ਪੰਡੇ ਤਾਂ ਭਾਵੇਂ ਖੁਣਸਾਏ ਪਰ ਲੋਕ ਜੋ ਸੱਚ ਨੂੰ ਪਸਿੰਦ ਕਰਦੇ ਸਨ ਬੜੇ ਖ਼ੁਸ਼ ਹੋਏ ਤੇ ਬਾਬੇ ਦੀ ਸੰਗਤ ਕਰਨ ਲੱਗੇ। ਓਥੋਂ ਦਾ ਰਾਜਾ ਕ੍ਰਿਸ਼ਨ ਲਾਲ (ਜਿਸ ਦੇ ਅਧੀਨ ਸਾਰੇ ਮੰਦਰ ਦਾ ਵਿਹਾਰ ਸੀ ਤੇ ਹੁਣ ਓਸੇ ਦੀ ਸੰਤਾਨ ਦੇ ਵੱਸ ਕਾਰੋਬਾਰ ਹੈ) ਬਾਬੇ ਜੀ ਦੇ ਬਚਨ ਸੁਣ ਕੇ ਬੜਾ ਰਾਜ਼ੀ ਹੋਇਆ। ਦੂਜੇ ਦਿਨ ਬਾਬਾ ਜੀ ਸਮੁੰਦਰ ਕਨਾਰੇ ਜਾ ਬੈਠੇ ਤੇ ਏਹ ਸ਼ਬਦ ਉਚਾਰਿਆ:

ਰਾਮਕਲੀ ਮਹਲਾ ੧ ॥
ਸਾਗਰ ਮਹਿ ਬੂੰਦ ਬੂੰਦ ਮਹਿ ਸਾਗਰੁ ਕਵਣੁ ਬੁਝੈ ਬਿਧਿ ਜਾਣੈ ॥
ਉਤਭੁਜ ਚਲਤ ਆਪਿ ਕਰਿ ਚੀਨੈ ਆਪੇ ਤਤੁ ਪਛਾਣੈ ॥੧॥
ਐਸਾ ਗਿਆਨੁ ਬੀਚਾਰੈ ਕੋਈ ॥
ਤਿਸ ਤੇ ਮੁਕਤਿ ਪਰਮ ਗਤਿ ਹੋਈ ॥੧॥ ਰਹਾਉ ॥

*ਜਗਨ ਨਾਥ ਦਾ ਹਾਲ ਪਿੱਛੇ ਆ ਚੁੱਕਾ ਹੈ।

ਦਿਨ ਮਹਿ ਰੈਣਿ ਰੈਣਿ ਮਹਿ ਦਿਨੀਅਰੁ ਉਸਨ ਸੀਤ ਬਿਧਿ ਸੋਈ ॥
ਤਾ ਕੀ ਗਤਿ ਮਿਤਿ ਅਵਰੁ ਨ ਜਾਣੈ ਗੁਰ ਬਿਨੁ ਸਮਝ ਨ ਹੋਈ ॥੨॥
ਪੁਰਖ ਮਹਿ ਨਾਰਿ ਨਾਰਿ ਮਹਿ ਪੁਰਖਾ ਬੂਝਹੁ ਬ੍ਰਹਮ ਗਿਆਨੀ ॥
ਧੁਨਿ ਮਹਿ ਧਿਆਨੁ ਧਿਆਨ ਮਹਿ ਜਾਨਿਆ ਗੁਰਮੁਖਿ ਅਕਥ ਕਹਾਨੀ ॥੩॥
ਮਨ ਮਹਿ ਜੋਤਿ ਜੋਤਿ ਮਹਿ ਮਨੂਆ ਪੰਚ ਮਿਲੇ ਗੁਰ ਭਾਈ ॥
ਨਾਨਕ ਤਿਨ ਕੈ ਸਦ ਬਲਿਹਾਰੀ ਜਿਨ ਏਕ ਸਬਦਿ ਲਿਵ ਲਾਈ ॥੪॥੯॥

(ਰਾਮਕਲੀ, ਮਃ ੧ - ੮੭੮/੭੯)

ਏਸ ਸ਼ਬਦ ਦੇ ਅਰਥ ਰਾਜੇ ਨੇ ਸੁਣੇ ਤਾਂ ਆਤਮਾ ਗਿਆਨ ਪਾ ਕੇ ਅਨੰਦ ਹੋ ਗਿਆ।

ਭਾਈ ਮਰਦਾਨੇ ਨੇ ਜਲ ਪੀਣਾ ਚਾਹਿਆ ਤਾਂ ਲੋਕਾਂ ਨੇ ਆਖਿਆ, "ਏਥੇ ਸਾਰੇ ਖਾਰੇ ਪਾਣੀ ਹਨ।" ਤਾਂ ਗੁਰੂ ਜੀ ਨੇ ਓਸ ਸੋਮੇ ਵੱਲ (ਜੋ ਓਥੋਂ ਸਾਗਰ ਕਨਾਰੇ ਸੀ) ਦੇਖ ਕਰ ਕੇ ਆਖਿਆ, "ਏਹ ਜਲ ਮਿੱਠਾ ਹੈ, ਪੀਓ।" ਜਾਂ ਪੀਤਾ ਤਾਂ ਮਿੱਠਾ ਮਾਝੇ ਦੇਸ਼ ਜੈਸਾ ਸ੍ਵਾਦ ਪਾਇਆ।

ਫੇਰ ਓਸੇ ਸੋਮੇ ਉੱਤੇ ਬਾਬੇ ਜੀ ਤੋਂ ਹੁਕਮ ਲੈ ਕੇ ਓਥੋਂ ਦੇ ਪਾਂਡੇ ਕਲਜੁਗ ਨਾਮੀ ਨੇ ਜੋ ਡਾਢਾ ਪ੍ਰੇਮੀ ਸਿਦਕੀ ਸਿੱਖ ਗੁਰੂ ਕਾ ਤੇ ਧਨੀ ਸੀ ਬਾਵਲੀ ਉਸਾਰ ਦਿੱਤੀ, ਜੋ ਹੁਣ ਤੱਕ ਹੈ।

ਭਾਵੇਂ ਓਹ ਬਾਵਲੀ ਐਨ ਸਮੁੰਦਰ ਦੇ ਕੰਢੇ ਉੱਤੇ ਹੈ। ਕਦੇ ਕਦੇ ਸਿੰਧ ਦੀ ਛੱਲ ਭੀ ਕੰਧ ਨਾਲ ਆ ਵੱਜਦੀ ਹੈ ਪਰ ਜਲ ਮਿੱਠਾ ਤੇ ਠੰਢਾ ਓਸੇ ਤਰ੍ਹਾਂ ਹੈ।

ਬਾਬੇ ਜੀ ਦੇ ਬਚਨ ਜੋ ਦਿਲ ਦੇ ਅਗਜਾਨ ਅੰਧੇਰੇ ਨੂੰ ਦੂਰ ਕਰ ਕੇ ਸ਼ਾਂਤੀ ਬਖ਼ਸ਼ਦੇ ਸਨ। ਓਹ ਸੁਣ ਕੇ ਤੇ ਅਜ਼ਮਤਾਂ ਦੇਖ ਕੇ ਯੱਦਪਿ ਸੇਵਕ ਤਾਂ ਸਾਰੇ ਹੋ ਗਏ ਸੇ, ਪਰ ਪੰਜਾਬ ਦੇਸ਼ ਦਾ ਪੰਡਾ {ਕਲਿਜੁਗ ਪਾਂਡਾ} ਕਲਿਜੁਗ ਨਾਮ ਜੋ ਓਸ ਸਮੇਂ ਬੜਾ ਧਨੀ ਸਾਰੇ ਪੰਡਜਾਂ ਦਾ ਸ਼ਿਰੋਮਣੀ ਸੀ, ਤਨ ਮਨ ਧਨ ਕਰ ਕੇ ਸੇਵਕ ਬਾਬੇ ਦਾ ਹੋ ਰਿਹਾ ਸੀ। ਉਸ ਨੇ ਬੇਨਤੀ ਕੀਤੀ, "ਮਹਾਰਾਜ! ਆਪ ਏਥੇ ਟਿਕੋ ਤਾਂ ਆਪ ਦੇ ਰਹਿਣ ਵਾਸਤੇ ਸੋਹਣੇ ਸੋਹਣੇ ਮੰਦਰ ਬਣਵਾ ਕੇ ਲਿਪਾਈ ਕਰਾ ਦੇਈਏ। ਪਲੰਘ ਵਿਛੇ ਰਹਿਣਗੇ। ਆਪ ਨੂੰ ਰਾਗ ਸੁਣਨੇ ਦਾ ਸ਼ੌਕ ਹੈ। ਪਾਤ੍ਰਾ ਗਾਵਣ ਵਾਸਤੇ ਆ ਜਾਇਆ ਕਰਨਗੀਆਂ। ਅਸੀਂ ਸਭ ਤੁਹਾਡੇ ਹੁਕਮ ਵਿੱਚ ਰਹਾਂਗੇ, ਪਰ ਤੁਸੀਂ ਟਿਕੇ ਰਹੋ।" ਓਸ ਦੇ ਪ੍ਰੇਮ ਭਰੇ ਬਚਨ ਸੁਣ ਕੇ ਬਾਬੇ ਜੀ ਨੇ ਏਸ ਸ਼ਬਦ ਦਾ ਉਚਾਰਨ ਕੀਤਾ:

ੴ ਸਤਿਗੁਰ ਪ੍ਰਸਾਦਿ ॥
ਰਾਗੁ ਸਿਰੀਰਾਗੁ ਮਹਲਾ ਪਹਿਲਾ ੧ ਘਰੁ ੧ ॥

ਮੋਤੀ ਤ ਮੰਦਰ ਊਸਰਹਿ ਰਤਨੀ ਤ ਹੋਹਿ ਜੜਾਉ ॥
ਕਸਤੂਰਿ ਕੁੰਗੂ ਅਗਰਿ ਚੰਦਨਿ ਲੀਪਿ ਆਵੈ ਚਾਉ ॥
ਮਤੁ ਦੇਖਿ ਭੂਲਾ ਵੀਸਰੈ ਤੇਰਾ ਚਿਤਿ ਨ ਆਵੈ ਨਾਉ ॥੧॥
ਹਰਿ ਬਿਨੁ ਜੀਉ ਜਲਿ ਬਲਿ ਜਾਉ ॥
ਮੈ ਆਪਣਾ ਗੁਰੁ ਪੂਛਿ ਦੇਖਿਆ ਅਵਰੁ ਨਾਹੀ ਥਾਉ ॥੧॥ ਰਹਾਉ ॥
ਧਰਤੀ ਤ ਹੀਰੇ ਲਾਲ ਜੜਤੀ ਪਲਘਿ ਲਾਲ ਜੜਾਉ ॥
ਮੋਹਣੀ ਮੁਖਿ ਮਣੀ ਸੋਹੈ ਕਰੇ ਰੰਗਿ ਪਸਾਉ ॥
ਮਤੁ ਦੇਖਿ ਭੂਲਾ ਵੀਸਰੈ ਤੇਰਾ ਚਿਤਿ ਨ ਆਵੈ ਨਾਉ ॥੨॥
ਸਿਧੁ ਹੋਵਾ ਸਿਧਿ ਲਾਈ ਰਿਧਿ ਆਖਾ ਆਉ ॥
ਗੁਪਤੁ ਪਰਗਟੁ ਹੋਇ ਬੈਸਾ ਲੋਕੁ ਰਾਖੈ ਭਾਉ ॥
ਮਤੁ ਦੇਖਿ ਭੂਲਾ ਵੀਸਰੈ ਤੇਰਾ ਚਿਤਿ ਨ ਆਵੈ ਨਾਉ ॥੩॥
ਸੁਲਤਾਨੁ ਹੋਵਾ ਮੇਲਿ ਲਸਕਰ ਤਖਤਿ ਰਾਖਾ ਪਾਉ ॥
ਹੁਕਮੁ ਹਾਸਲੁ ਕਰੀ ਬੈਠਾ ਨਾਨਕਾ ਸਭ ਵਾਉ ॥
ਮਤੁ ਦੇਖਿ ਭੂਲਾ ਵੀਸਰੈ ਤੇਰਾ ਚਿਤਿ ਨ ਆਵੈ ਨਾਉ ॥੪॥੧॥

(ਸਿਰੀਰਾਗੁ, ਮਃ ੧ - ੧੪)

ਏਹ ਸਾਰਾ ਸ਼ਬਦ ਸੁਣ ਕੇ ਓਹ ਚਰਨਾਂ ਉੱਤੇ ਢਹਿ ਪਿਆ। ਏਸ ਸ਼ਬਦ ਦਾ ਭਾਵ ਅਰਥ ਏਹ ਹੈ ਕਿ ਗੁਰੂ ਜੀ ਨੇ ਆਖਿਆ, "ਹੇ ਕਲਿਜੁਗ! ਰਾਜਨਾਂ ਦੇ ਮੋਤੀ ਨਾਮ ਵਾਲੇ ਮਹਿਲ ਹੁੰਦੇ ਹਨ। ਓਹੋ ਜਿਹੇ ਮੋਤੀ ਮਹਿਲ ਰਤਨ, ਕੇਸਰ, ਕਸਤੂਰੀ, ਨਾਲ ਲਿੰਬੇ ਹੋਯਾਂ ਵਿੱਚ ਲਾਲਾਂ ਹੀਰਜਾਂ ਕਰ ਜੜੇ ਹੋਏ ਫਰਸ਼ ਪਲੰਘ ਹੋਵਣ; ਮੈਣਕਾ, ਸੁਕੇਸੀ, ਉਰਬਸੀ, ਰੰਭਾ ਜੇਹੀਆਂ ਅਪੱਛਰਾਂ ਹਾਜ਼ਰ ਰਹਿਣ; ਹੁਕਮ ਸਾਰੇ ਸੰਸਾਰੀ ਮੰਨਣ, ਸਿਧੀਆਂ ਲਾਈਏ, ਸਿੱਧ ਕਹਾਈਏ, ਏਹ ਸਾਰੀ ਸਮੱਗ੍ਰੀ, ਪ੍ਰਮੇਸ਼੍ਵਰ ਤੋਂ ਭੁਲਾਵਣ ਵਾਲੀ ਜੀਵ ਦੀ ਕੱਲਜਾਣ ਵਿੱਚ ਵਿਘਨਕਾਰੀ ਹੋਣ ਕਰ ਕੇ ਅਸੀਂ ਨਹੀਂ ਚਾਹੁੰਦੇ। ਅਰਥਾਤ ਪੁਰਖ ਦੀ ਕੱਲਜਾਣ ਗਜਾਨ ਬਿਨਾਂ ਨਹੀਂ ਹੁੰਦਾ। ਗਿਆਨ ਵੈਰਾਗ ਬਿਨਾਂ ਨਹੀਂ ਹੁੰਦਾ। ਤਾਂ ਤੇ ਏਹ ਲੋਕ ਦੇ ਪਦਾਰਥ ਤੇ ਸ੍ਵਰਗ ਦੇ ਪਦਾਰਥ ਪੂਰਬੋਕਤ ਅਤਿ ਉੱਤਮ ਕੱਲਜਾਣ ਦੀ ਇੱਛਾ ਵਾਲੇ ਮਨੁੱਖ ਨੂੰ ਸਭ ਤਜਾਗ ਯੋਗ ਹਨ।" ਯਥਾ: 'ਭੋਗੰ ਤ ਰੋਗੰ ਸੁਖਯੰ ਤ ਦੁਖਯੰ' ਅਤਿ ਉਚੇ ਪ੍ਰਕਾਸ਼ ਵਾਲੇ ਜਾਗੇ ਹੋਏ ਦਿਮਾਗ਼ ਦੇ ਬਚਨ ਸੁਣ ਕੇ ਕਲਿਜੁਗ ਤਾਂ ਕੇਵਲ ਪਰਮੇਸ਼੍ਵਰ ਪਰਾਇਣ ਹੋਏ ਅੱਠੇ ਪਹਿਰ ਬਾਬੇ ਦੀ ਟਹਿਲ ਵਿੱਚ ਰਹਿਣ ਲੱਗਾ।

ਗੁਰੂ ਸਾਹਿਬ ਓਥੋਂ ਚੱਲ ਕੇ ਚਿਲਕਾ ਝੀਲ ਦੇ ਕਿਨਾਰੇ ਸੈਲ ਕਰਦੇ ਖੂਰਦ, ਰਾਨਾਪੁਰ, ਸਨਾਰਗੜ੍ਹ ਆਦਿਕ ਨਗਰਾਂ ਤੇ ਜੰਗਲਾਂ ਦਾ ਝਾਕਾ ਲੈਂਦੇ ਹੋਏ ਮਹਾਨਦੀ ਪਾਰ ਹੋ ਕੇ ਸਭਾਗਪੁਰ ਪਾਸ ਇੱਕ ਪਹਾੜੀ ਉੱਤੇ ਜਾ ਬੈਠੇ। ਓਥੇ ਕੋਈ ਮਰ ਗਿਆ ਸੀ ਤੇ ਮਾਈ ਰੁਦਨ ਕਰਦੀ ਨੂੰ ਦੇਖ ਕੇ ਏਹ ਸ਼ਬਦ ਗਾਵਿਆ:

ਆਸਾ ਮਹਲਾ ੧ ॥
ਨ ਕਿਸ ਕਾ ਪੂਤੁ ਨ ਕਿਸ ਕੀ ਮਾਈ ॥
ਝੂਠੈ ਮੋਹਿ ਭਰਮਿ ਭੁਲਾਈ ॥੧॥
ਮੇਰੇ ਸਾਹਿਬ ਹਉ ਕੀਤਾ ਤੇਰਾ ॥
ਜਾਂ ਤੂੰ ਦੇਹਿ ਜਪੀ ਨਾਉ ਤੇਰਾ ॥੧॥ ਰਹਾਉ ॥
ਬਹੁਤੇ ਅਉਗਣ ਕੂਕੈ ਕੋਈ ॥
ਜਾ ਤਿਸੁ ਭਾਵੈ ਬਖਸੇ ਸੋਈ ॥੨॥
ਗੁਰ ਪਰਸਾਦੀ ਦੁਰਮਤਿ ਖੋਈ ॥
ਜਹ ਦੇਖਾ ਤਹ ਏਕੋ ਸੋਈ ॥੩॥
ਕਹਤ ਨਾਨਕ ਐਸੀ ਮਤਿ ਆਵੈ ॥
ਤਾਂ ਕੋ ਸਚੇ ਸਚਿ ਸਮਾਵੈ ॥੪॥੨੮॥

(ਆਸਾ, ਮ: ੧ - ੩੫੭)

ਏਹ ਸ਼ਬਦ ਸੁਣ ਕੇ ਸਾਰੇ ਲੋਕਾਂ ਦੇ ਮਨ ਬਾਬੇ ਦੇ ਚਰਨਾਂ ਵੱਲ ਝੁਕ ਪਏ।

ਓਹ ਲੋਕ ਛਨਿੱਚਰ ਦੇਵਤਾ ਨੂੰ ਭੋਗ ਮੋਖ ਦਾ ਦਾਤਾ ਸਮਝ ਕੇ ਮੰਨਦੇ ਪੂਜਦੇ ਸਨ। ਗੁਰੂ ਜੀ ਨੇ ਆਖਿਆ, "ਏਸ ਦੀ ਕਥਾ ਕੀਕੂੰ ਹੈ?" ਤਾਂ ਇੱਕ ਪੰਡਿਤ ਨੇ ਏਸ ਦੀ ਕਥਾ {ਛਨਿੱਚਰ ਦੀ ਕਥਾ} ਐਉਂ ਸੁਣਾਈ ਕਿ ਇੱਕ ਸੂਰਜ ਨਾਮ ਰਾਜਾ ਸੀ, ਜਿਸ ਦੀ ਸੰਤਾਨ ਸੂਰਜ ਬੰਸੀ ਛੱਤ੍ਰੀ ਸਦਾਂਵਦੀ ਹੈ। ਓਸ ਦੇ ਅੱਠ ਪੁੱਤ੍ਰ ਸਨ। ਸਭ ਤੋਂ ਛੋਟਾ ਦੂਜੀ ਰਾਣੀ ਵਿੱਚੋਂ ਸਨੀਚਰ ਨਾਮ ਬੜਾ ਕਾਲਾ ਰੰਗ ਬਡਰੂਪ ਤੇ ਮਹਾਂ ਦਰਿੱਦ੍ਰੀ ਜਿਹਾ ਸੀ। ਹੋਰ ਸਭ ਵਿਆਹੇ ਗਏ (ਓਸ ਸਮੇਂ ਸੁਯੰਬਰ ਹੁੰਦੇ ਸੇ) ਏਸ ਦੀ ਮਾਂ ਨੇ ਏਹਦਾ ਰੰਗ ਗੋਰਾ ਦਿਖਾਵਣ ਵਾਸਤੇ ਸੰਧੂਰ ਮਲ ਦਿੱਤਾ। ਤਦ ਭੀ ਏਸ ਨੂੰ ਕਿਸੇ ਕੰਨਜਾਂ ਨੇ ਨਾ ਵਰਿਆ। ਰਾਜੇ ਮੋਏ ਤੋਂ ਸ਼ਨੀ ਦੀ ਮਾਂ ਸਤੀ ਹੋ ਗਈ ਤੇ ਓਹ ਸੱਤੇ ਭਾਈ ਖਾਣ ਲਈ ਅੰਨ 'ਕੱਠਾ ਕਰ ਕੇ ਏਸ ਨੂੰ ਦੇਵਣ। ਤਾਂ ਏਸ ਦੀਆਂ ਭਰਜਾਈਆਂ ਨੇ ਸਤਨਾਜਾ ਖਾਣਾ ਏਸ ਦਾ ਨਾਮ ਧਰ ਲੀਤਾ। ਘਿਉ ਦੀ ਥਾਂ ਤੇਲ, ਸੋਨੇ ਚਾਂਦੀ ਦੀ ਜਗ੍ਹਾ ਲੋਹੇ ਦੇ ਗਹਿਣੇ, ਪਾਟੇ ਪੁਰਾਣੇ ਕੱਪੜੇ, ਸੰਧੂਰ ਤੇਲ ਮਲਣ ਲਈ ਦੇ ਛੱਡਣ। ਏਹ

ਓਹੋ ਵਰਤ ਕੇ ਪ੍ਰਮੇਸ਼੍ਵਰ ਦੇ ਧਿਆਨ ਵਿੱਚ ਮਸਤ ਪਿਆ ਰਿਹਾ ਕਰੇ। ਤਿਸ ਭਜਨ ਤੇ ਸਤ ਦੇ ਪ੍ਰਤਾਪ ਨਾਲ ਏਸ ਦੇ ਬਚਨ ਫੁਰਨ ਲੱਗ ਪਏ ਤਾਂ ਲੋਕ ਮੰਨਣ ਲੱਗੇ। ਓਸ ਦੇ ਮਰੇ ਤੋਂ ਭੀ ਉਸ ਦੀ ਹੁਣ ਤੱਕ ਓਹੋ ਜੇਹੀ ਭੇਟ ਮਾਨਤਾ ਜੱਗ ਵਿੱਚ ਖਿੰਡ ਰਹੀ ਹੈ।

ਬਾਬੇ ਨੇ ਆਖਿਆ ਜਿਸ ਪ੍ਰਭੂ ਦੇ ਨਾਮ ਜਪਣੇ ਕਰ ਸਨੀਚਰ ਦੀ ਮੰਨਤਾ ਹੋ ਰਹੀ ਹੈ, ਓਸੇ ਦਾ ਭਜਨ ਭਗਤੀ ਕਰਨਾ ਤੁਹਾਨੂੰ ਜੋਗ ਹੈ। ਮਨੁੱਖ ਦਾ ਮੰਨਨ ਪੂਜਨ ਕਰਨਾ ਜੋਗ ਨਹੀਂ। ਕਿਉਂਕਿ ਜੋ ਆਪ ਹੀ ਕਾਲ ਦੀ ਚਬੀਣੀ ਹੋ ਗਿਆ ਤੇ ਆਪਣੇ ਖਾਨ ਪਹਿਰਾਨ ਸਭ ਨਾਲੋਂ ਨਖਿੱਧ ਲੈਂਦਾ ਰਿਹਾ, ਚੰਗਾ ਲੈਣ ਦੀ ਸ਼ਕਤੀ ਨਾ ਹੋਈ, ਓਸ ਤੋਂ ਤੁਸੀਂ ਕੀ ਮੰਗਦੇ ਹੋ? ਯਥਾ: 'ਆਪ ਮਰਣ ਜਜਮਾਨ ਦੇ ਡੂੰਮਾਂ ਨੂੰ ਕੀ ਦੇਣ?' ਤਾਂ ਤੇ ਸਰਬ ਸ਼ਕਤੀਮਾਨ ਈਸ਼੍ਵਰ ਦੀ ਭਗਤੀ ਕਰੋ, ਜੋ ਸਾਰੀ ਸ੍ਰਿਸ਼ਟੀ ਦਾ ਮਾਲਕ ਬਾਂਛਿਤ ਫ਼ਲ ਭਗਤ ਨੂੰ ਦਿੰਦਾ ਹੈ।

ਇਸ ਪ੍ਰਕਾਰ ਸੱਚੇ ਸਤਿਗੁਰੂ ਦਾ ਸੱਚਾ ਉਪਦੇਸ਼ ਸੁਣ ਕੇ ਓਥੋਂ ਦੇ ਰਾਜੇ ਬ੍ਰਿਹਤਪਾਲ ਸਮੇਤ ਸਭ ਲੋਕ ਈਸ਼੍ਵਰ ਦੀ ਭਗਤੀ ਤੇ ਸੱਤਿਨਾਮ ਜਪਣ ਲੱਗ ਪਏ, ਝੂਠੇ ਬਨਾਵਟੀ ਦੇਵਤਾ ਦੀ ਮੰਨਤ ਕਰਨੀ ਛੱਡ ਦਿੱਤੀ।

ਅੱਗੇ ਗੁਰੂ ਜੀ ਕੋਹਕੰਟਕ ਵਿੱਚ ਪੁੱਜੇ ਜੋ ਬੰਧਜਾਚਲ ਦੇ ਨਾਲ ਲੱਗਦਾ ਹੈ। ਓਥੋਂ ਦੇ ਸਭ ਲੋਕ ਬਿਜਲੀ ਨੂੰ ਰੱਬ ਜਾਣ ਕੇ ਮੰਨਦੇ ਪੂਜਦੇ ਸਨ। ਗੁਰੂ ਸਾਹਿਬ ਦੇ ਸ਼ਬਦ ਬਚਨ ਸੁਣ ਕੇ ਓਹ ਭੀ ਈਸ਼੍ਵਰ ਦੇ ਭਗਤ ਤੇ ਬਾਬੇ ਦੇ ਸੰਗਤੀ ਬਣ ਗਏ।

ਬਾਬੇ ਜੀ ਦਾ ਸੱਚਾ ਉਪਦੇਸ਼ ਜੱਸ ਸੁਣ ਕੇ ਓਥੋਂ ਦਾ ਰਾਜਾ {ਮੈਨਪਾਲ} ਮੈਨਪਾਲ ਭੀ ਆ ਚਰਨੀਂ ਲੱਗਜਾ, ਤਾਂ ਗੁਰੂ ਜੀ ਨੇ ਬਚਨ ਕੀਤਾ ਬਿਜਲੀ ਉਤਪਤਿ ਨਾਸ ਹੋਣੇ ਕਰ ਪਰਮੇਸ਼੍ਵਰ ਨਾਸ ਨਹੀਂ, ਏਸ ਦਾ ਪਰਕਾਸ਼ ਖਿਣ ਭੰਗਰ ਹੈ, ਈਸ਼੍ਵਰ ਚੇਤੰਨ ਇੱਕ ਰਸ ਨਿਤ ਪ੍ਰਕਾਸ਼ ਰੂਪ ਹੈ, ਬਿਜਲੀਆਂ ਅਨੰਤ ਹਨ, ਏਹ ਇੱਕ ਤਰ੍ਹਾਂ ਦੀ ਅੱਗ ਹੈ, ਜਿੱਕੂੰ ਬਾਂਸਾਂ ਵਿੱਚੋਂ ਖਹਿ ਕੇ ਅੱਗ ਪ੍ਰਗਟ ਹੋ ਜਾਂਦੀ ਹੈ ਏਸੇ ਤਰ੍ਹਾਂ ਮੇਘਾਂ ਦੇ ਸੰਘਰਸ਼ਣ ਤੋਂ ਬਿਜਲੀ ਪਰਗਟ ਹੋ ਕੇ ਜਿੱਥੇ ਡਿੱਗਦੀ ਹੈ ਜੀਵ ਅਜੀਵ ਨੂੰ ਸਾੜ ਦਿੱਦੀ ਹੈ। ਪਰਮੇਸ਼ਰ ਸਤਿ ਰੂਪ ਸੁਤੇ ਸਿੱਧ ਅਬਿਨਾਸ਼ੀ ਅਜਨਮਾ ਹੈ, ਏਹੋ ਜੇਹੇ ਉਪਦੇਸ਼ ਸੁਣ ਕੇ ਜਦ ਰਾਜਾ ਮੈਨਪਾਲ ਸੱਚੇ ਪ੍ਰਭੂ ਦੀ ਭਗਤੀ ਭਜਨ ਕਰਨ ਲੱਗ ਪਿਆ ਤਾਂ ਹੋਰ ਲੋਕ ਭੀ ਪ੍ਰਮੇਸ਼੍ਵਰ ਦਾ ਭਜਨ, ਦਇਆ, ਧਰਮ, ਸਤ, ਸੰਤੋਖ, ਧਾਰਨ ਕਰ ਮੋਖ ਦੇ ਅਧਿਕਾਰੀ ਹੋ ਗਏ।

ਕਪਲ ਮੁਨੀ ਦਾ ਆਸ਼੍ਰਮ ਦੇਖਿਆ

ਓਥੋਂ ਅੱਗੇ ਗਏ ਜਿੱਥੇ ਕਪਲ ਮੁਨੀ ਨੇ ਜਨਮ ਲੀਤਾ ਤਪ ਕੀਤਾ ਹੈ, ਓਹ ਪਹਾੜ ਜੰਗਲ ਸੁਰਜੀਤ ਅਤੀ ਸੁੰਦਰ ਫਲਿਆ ਫੁੱਲਿਆ ਮੇਵਿਆਂ ਵਾਲਾ ਦੇਖ ਮਰਦਾਨਾ ਬਹੁਤ ਖ਼ੁਸ਼ ਹੋਯਾ। ਮੇਵੇ ਖਾਧੇ, ਉੱਚੀ ਥਾਂ ਬੈਠ ਰਬਾਬ ਵਜਾ ਕੇ ਸ਼ਬਦ ਗਾਵਿਆ ਤਾਂ ਓਥੋਂ ਦੇ ਰਹਿਣ ਵਾਲੇ, ਰਿਖੀ, ਮੁਨੀ, ਸਿਧ, ਰਾਮਫਲ, ਸੀਤਾਫਲ, ਸਪੂਰੀ, ਕੰਦਬਿਦਾਰੀ, ਕੇਲੇ, ਸੰਗਤਰੇ, ਲੀਚੀ ਆਦਿਕ ਮੇਵੇ ਲੈ ਕੇ ਗੁਰੂ ਜੀ ਦੇ ਪਾਸ ਆਏ। ਦਰਸ਼ਨ ਪਰਸ਼ਨ ਕਰ ਉਤਪਾਏ ਸੰਸੇ ਨਸਾਏ, ਪ੍ਰਭੂ ਦੇ ਗੁਣ ਸੁਣੇ ਸੁਣਾਏ, ਅਤਿ ਅਨੰਦ ਹੋਏ। ਓਨ੍ਹਾਂ ਰਿਖੀਆਂ ਨੇ ਜੋ ਭਵਿੱਖਤ ਪੁਰਾਨ ਤੋਂ ਨਿਸ਼ਚੇ ਕਰ ਰੱਖਿਆ ਸੀ ਕਿ ਪਸਚਮ ਦੇਸ਼ ਬੇਦੀ ਬੰਸ ਵਿੱਚ ਨਾਨਕ ਨਾਮ ਰਾਜ ਰਿਖੀ ਬ੍ਰਹਮ ਗਿਆਨੀ ਸਤਿਗੁਰੂ ਪ੍ਰਗਟ ਹੋਵੇਗਾ, ਸੋ ਮਰਦਾਨੇ ਤੋਂ ਪੁੱਛਣੇ ਕਰ ਓਹ ਬਾਤ ਸੱਚੀ ਸਮਝੀ ਤੇ ਬਾਬੇ ਦਾ ਪੂਜਨ ਖੋੜਸ ਵਿਧਿ ਕਰ ਕੇ ਆਰਤੀ ਉਤਾਰੀ। ਬੜਾ ਉਤਸ਼ਾਹ ਕੀਤਾ। ਓਹ ਕਪਲ ਦੇਵ ਦੀ ਮੂਰਤ ਪੂਜਦੇ ਸੇ। ਗੁਰੂ ਜੀ ਦੇ ਉਪਦੇਸ਼ ਨੂੰ ਧਾਰ ਪ੍ਰਿਤਮਾ ਪੂਜਨ ਛੋੜ ਅਕਾਲ ਪੁਰਖ ਦੀ ਅਨਿੰਨਯ ਭਗਤੀ ਕਰਨ ਲੱਗ ਪਏ। ਪੰਦਰ੍ਹਾਂ ਦਿਨ ਗੁਰੂ ਜੀ ਓਥੇ ਰਹੇ। ਦੂਰ-ਦੂਰ ਤੋਂ ਆ ਕੇ ਸੰਤ ਮਿਲਦੇ ਰਹੇ, ਅਤੀ ਅਨੰਦ ਬਣਿਆ ਰਿਹਾ।

ਕੌਡੇ ਰਾਖਸ਼ ਨੂੰ ਤਾਰਨਾ

ਭਾਵੇਂ ਭਾਈ ਮਰਦਾਨਾ ਤਾਂ ਓਥੋਂ ਚੱਲਣਾ ਨਹੀਂ ਚਾਹੁੰਦਾ ਸੀ ਪਰ ਲਾਚਾਰ ਗੁਰੂ ਜੀ ਦੇ ਨਾਲ ਤੁਰਨਾ ਹੀ ਪਿਆ। ਤਾਂ ਬਹੁਤ ਸਾਰੇ ਫ਼ਲ ਚੰਗੇ ਚੰਗੇ ਖਾਣ ਵਾਸਤੇ ਬੰਨ੍ਹ ਲੀਤੇ। ਬਾਬੇ ਆਖਿਆ ਮਰਦਾਨਜਾਂ, "ਤੈਨੂੰ ਸੰਤੋਖ ਭਰੋਸਾ ਪ੍ਰਮੇਸ਼ੂਰ ਉੱਤੇ ਨਹੀਂ?" ਓਨ ਆਖਿਆ, "ਜੀ! ਏਸ ਭਰੋਸੇ ਨਾਲ ਪੇਟ ਤਾਂ ਨਹੀਂ ਭਰਦਾ ਤੇ ਨਾ ਬਿਨਾਂ ਖਾਧੇ ਸਬਰ ਆਉਂਦਾ ਹੈ।" ਤਾਂ ਗੁਰੂ ਜੀ ਹੱਸ ਪਏ।

ਬਿੰਧਜਾਚਲ ਦੇ ਇਰਦ ਗਿਰਦ ਜੰਗਲਾਂ ਦਾ ਸੈਲ ਕਰਦੇ ਜਾ ਰਹੇ ਸੇ, ਤਾਂ ਇੱਕ ਦਿਨ ਭੁੱਖ ਤੋਂ ਡਾਢਾ ਤੰਗ ਹੋ ਕੇ ਬੋਲ ਚੱਲ ਕੇ ਬਾਬੇ ਤੋਂ ਬਦੋਬਦੀ ਮਰਦਾਨਾ ਪੰਜਾਬ ਵੱਲ ਉੱਠ ਤੁਰਿਆ। ਅੱਗੇ ਭੀਲ ਕਿਰਾਤ ਮਿਲੇ। ਮਰਦਾਨੇ ਨੂੰ ਫੜ ਕੇ ਆਪਣੇ ਸਰਦਾਰ ਕੌਡੇ ਨਾਮ ਰਾਖਸ਼ ਪਾਸ ਲੈ ਗਏ। ਓਸ ਨੇ ਜਦ ਏਸ ਨੂੰ ਤਲ ਕੇ ਖਾਣਾ ਚਾਹਜਾ ਤਾਂ ਮਰਦਾਨੇ ਨੇ ਪੱਛੋਤਾਇ ਘਘਿਜਾਇ ਗੁਰੂ ਜੀ ਨੂੰ ਯਾਦ ਕੀਤਾ। ਤਦੋਂ ਨੂੰ ਬਾਬਾ ਜੀ ਭੀ ਮਰਦਾਨੇ ਦੇ ਪਿੱਛੇ ਪਿੱਛੇ ਆ ਪੁੱਜੇ ਤੇ ਸ਼ਬਦ ਬੋਲੇ:

ਮਾਰੂ ਮਹਲਾ ੫ ॥
ਫੂਟੋ ਆਂਡਾ ਭਰਮ ਕਾ ਮਨਹਿ ਭਇਓ ਪਰਗਾਸੁ ॥
ਕਾਟੀ ਬੇਰੀ ਪਗਹ ਤੇ ਗੁਰਿ ਕੀਨੀ ਬੰਦਿ ਖਲਾਸੁ ॥੧॥
ਆਵਣ ਜਾਣੁ ਰਹਿਓ ॥
ਤਪਤ ਕੜਾਹਾ ਬੁਝਿ ਗਇਆ ਗੁਰਿ ਸੀਤਲ ਨਾਮੁ ਦੀਓ ॥੧॥ ਰਹਾਉ ॥
ਜਬ ਤੇ ਸਾਧੂ ਸੰਗੁ ਭਇਆ ਤਉ ਛੋਡਿ ਗਏ ਨਿਗਹਾਰ ॥
ਜਿਸ ਕੀ ਅਟਕ ਤਿਸ ਤੇ ਛੁਟੀ ਤਉ ਕਹਾ ਕਰੈ ਕੋਟਵਾਰ ॥੨॥
ਚੂਕਾ ਭਾਰਾ ਕਰਮ ਕਾ ਹੋਏ ਨਿਹਕਰਮਾ ॥
ਸਾਗਰ ਤੇ ਕੰਢੈ ਚੜੇ ਗੁਰਿ ਕੀਨੇ ਧਰਮਾ ॥੩॥
ਸਚੁ ਥਾਨੁ ਸਚੁ ਬੈਠਕਾ ਸਚੁ ਸੁਆਉ ਬਣਾਇਆ ॥
ਸਚੁ ਪੂੰਜੀ ਸਚੁ ਵਖਰੋ ਨਾਨਕ ਘਰਿ ਪਾਇਆ ॥੪॥੫॥੧੪॥

(ਮਾਰੂ, ਮਃ ੫ - ੧੦੦੨)

ਏਹ ਸ਼ਬਦ ਸੁਣ ਬਾਬੇ ਦਾ ਦਰਸ਼ਨ ਕਰ ਕੌਡੇ ਦਾ ਮਨ ਫਿਰ ਗਿਆ ਤੇ ਚਰਨ ਆ ਫੜੇ। ਤਿੰਨ ਦਿਨ ਓਸ ਨੇ ਏਨ੍ਹਾਂ ਨੂੰ ਰੱਖਿਆ। ਭਾਂਤ-ਭਾਂਤ ਦੇ ਮੇਵੇ ਕੰਦ ਮੂਲ ਛਕਾਏ। ਬਨਮਾਣੂ, ਭੀਲ, ਕੋਲ ਦਿਖਾਏ। ਬਾਬਾ ਜੀ ਓਸ ਨੂੰ ਸਤਿਨਾਮ ਦ੍ਰਿੜ੍ਹਾ, ਪ੍ਰਭੂ ਦੇ ਮਾਰਗ ਲਾ, ਮਰਦਾਨੇ ਨੂੰ ਸੰਗ ਲਵਾ, ਬਚਨ ਬਿਲਾਸ ਕਰਦੇ ਹੋਏ ਘੁੱਗ ਜੰਗਲ ਵਿੱਚ ਲੈ ਵੜੇ। ਹੁਣ ਭਾਈ ਮਰਦਾਨਾ ਇੱਕ ਤਾਂ ਸ਼ੇਰਾਂ, ਬਘਿਆੜਾਂ, ਹਾਥੀਆਂ, ਚੀਤਿਆਂ ਨੂੰ ਵੇਖ ਵੇਖ ਕੰਬੇ। ਦੂਜਾ ਭੁੱਖ ਦੁੱਖ ਦੇਵੇ। ਹਾਰ ਕੇ ਇੱਕ ਦਿਨ ਬਹੁਤ ਭੁੱਖ ਲੱਗੀ ਤਾਂ ਬੋਲਿਆ, "ਹੇ ਨਿਰੰਕਾਰੀ! ਤੁਸੀਂ ਪੌਣ ਅਹਾਰੀ ਤੇ ਬਾਲਾ ਸੰਤੋਖਧਾਰੀ, ਮੈਨੂੰ ਭੁੱਖ ਦੀ ਬੀਮਾਰੀ ਕਿਉਂ ਲਾ ਰੱਖੀ? ਯਾ ਖਾਣ ਨੂੰ ਦੇਵੋ ਨਹੀਂ ਤਾਂ ਭੁੱਖ ਹਰੋ।" ਗੁਰੂ ਜੀ ਨੇ ਮੁੱਖ ਮਯੰਕ ਤੋਂ ਮੁਸਕਰਾ ਕੇ {ਖੱਖੜੀਆਂ ਮਿੱਠੀਆਂ ਕੀਤੀਆਂ} ਅੱਕ ਵੱਲ ਅਸ਼ਾਰਾ ਕਰ ਕੇ ਕਿਹਾ, "ਏਸ ਦੇ ਫ਼ਲ ਖਾਹ।" ਮਰਦਾਨੇ ਆਖਿਆ, "ਵਾਹ ਜਜਮਾਨ! ਜੇ ਜ਼ਹਿਰ ਖੁਆ ਕੇ ਮਾਰਨਾ ਸੀ, ਤਾਂ ਲਿਆਏ ਕਿਉਂ ਸਾਓ? ਅਜੇ ਤਾਂ ਮੈਂ ਆਪਣੀ ਮਿਰਾਸਣ ਨੂੰ ਰੱਜ ਕੇ ਡਿੱਠਾ ਵੀ ਨਹੀਂ? ਨਕਾਹ ਕਰਦਾ ਹੀ ਤੁਹਾਡੇ ਨਾਲ ਉੱਠ ਤੁਰਿਆ ਹਾਂ। ਹੁਣ ਤਲਵੰਡੀ ਜਾ ਕੇ ਅਮਾਂ, ਬੀਬੀ, ਮਹਿਤੇ ਕਾਲੂਚੰਦ, ਰਾਇਬੁਲਾਰ ਆਦਿਕ ਸਾਰੇ ਲੋਕਾਂ ਨੂੰ ਤੇਰੀ ਅਨੋਖੀ ਜਾਤ੍ਰਾ ਦੀਆਂ ਗੱਲਾਂ ਕਥਾਵਾਂ ਕਰ ਕਰ ਹਸਾ ਹਸਾ ਰਿਝਾ ਕੇ ਮੈਂ ਲਾਚੇ ਲੁੰਡੀਆਂ ਲੈਣ ਦੀ ਆਸ ਰੱਖਦਾ ਹਾਂ, ਤੇ ਤੁਸੀਂ ਹੁਣੇ ਜ਼ਹਿਰ ਖੁਆ ਕੇ ਅਲਖ ਚੁਕਾਵਣ ਲੱਗੇ ਹੋ?" ਗੁਰੂ ਜੀ ਬੋਲੇ, "ਮਰਦਾਨਿਆ! ਅਸੀਂ ਤੈਨੂੰ ਜ਼ਹਿਰ ਖਵਾਵਣ ਲਈ ਨਹੀਂ ਲਿਆਏ। ਅੰਮ੍ਰਿਤ ਖਾ ਕੇ ਅਮਰ ਹੋ। ਸੋ ਤੂੰ ਨਿਸ਼ੰਗ ਖਾਹ, ਪਰ ਪੱਲੇ ਨਾ ਬੰਨ੍ਹੀਂ।" ਜਾਂ ਬਚਨ ਮੰਨ ਕੇ ਖਾਣ ਲੱਗਾ, ਤਾਂ ਸੱਚਮੁੱਚ

ਮਿੱਠੇ ਸ੍ਵਾਦ ਲੱਗੇ। ਅੱਖ ਬਚਾ ਕੇ ਬੰਨ੍ਹ ਭੀ ਲੀਤੇ। ਜਾਂ ਸੰਝ ਨੂੰ ਖਾਣ ਲੱਗਾ ਤਾਂ ਕੌੜੇ ਅੱਕ ਹੋ ਗਏ। ਬਾਬੇ ਜੀ ਨੇ ਸ਼ਰਮਿੰਦਾ ਕੀਤਾ।

ਅੱਗੇ ਨਰਬਦਾ ਨਦੀ ਉੱਤਰ ਜਬਲਪੁਰ ਸ਼ਹਿਰ ਦੀ ਲਹਿਰ ਦੇਖ ਚਿੱਤ੍ਰਕੂਟ ਆ ਦੇਖਯਾ, ਜਿੱਥੇ ਰਾਮਚੰਦ੍ਰ ਜੀ ਰਹੇ ਸੇ। ਓਥੋਂ ਦੇ ਸੰਤ ਲੋਕਾਂ ਨੂੰ ਭਜਨ ਭਗਤੀ ਵਿੱਚ ਤੱਤਪਰ ਕਰ ਮਹੀਅਰ ਨਗਰ ਜੰਗਮਾਂ ਦੀ ਰਾਜਧਾਨੀ ਦੱਤਾਤ੍ਰੇਯ ਦੀ ਟੇਕਰੀ ਪਰ (ਜੋ ਗੁਸਾਈਂ ਫ਼ਕੀਰਾਂ ਦੀ ਰਿਆਸਤ ਦੇ ਪਾਸ ਹੈ) ਜਾ ਪਹੁੰਚੇ। (ਏਹ ਟੇਕਰੀ ਮੈਂ ਭੀ ਦੇਖ ਆਯਾ ਹਾਂ) ਓਹ ਮਹਾਂਦੇਵ ਨੂੰ ਹੀ ਪਰਮੇਸ਼੍ਵਰ ਮੰਨ ਕੇ ਓਸੇ ਦੀ ਉਪਾਸਨਾ ਕਰਦੇ ਸਨ, ਬਾਬੇ ਜੀ ਨੇ ਏਹ ਸ਼ਬਦ ਓਥੇ ਗਾਵਿਆ:

ਬ੍ਰਹਮ ਬਿਸਨ ਮਹਾ ਦੇਉ ਰੋਗੀ ॥
ਰੋਗ ਰਹਿਤ ਮੇਰਾ ਸਤਿਗੁਰ ਜੋਗੀ ॥

(ਇਹ ਗੁਰਬਾਣੀ ਨਹੀਂ, ਬਲਕਿ ਗੁਰਬਾਣੀ ਦੀਆਂ ਪੰਕਤੀਆਂ ਹੇਠ ਲਿਖੀਆਂ ਹਨ)

ਬ੍ਰਹਮਾ ਬਿਸਨੁ ਮਹਾਦੇਉ ਤ੍ਰੈ ਗੁਣ ਰੋਗੀ ਵਿਚਿ ਹਉਮੈ ਕਾਰ ਕਮਾਈ ॥
ਜਿਨਿ ਕੀਏ ਤਿਸਹਿ ਨ ਚੇਤਹਿ ਬਪੁੜੇ ਹਰਿ ਗੁਰਮੁਖਿ ਸੋਝੀ ਪਾਈ ॥੨॥

(ਸੂਹੀ, ਮਃ ੪ – ੭੩੫)

ਏਹ ਸ਼ਬਦ ਸੁਣ ਕੇ ਓਹ ਤਾਂ ਲੜਾਈ ਕਰਨ ਨੂੰ ਤਯਾਰ ਹੋ ਗਏ, ਪਰ ਸਿਆਣੇ ਚਰਚਾ ਕਰਨ ਬੈਠ ਗਏ। ਬਾਬੇ ਜੀ ਨੇ ਆਖਯਾ, "ਮਹਾਦੇਵ ਬਿਸ਼ਨ ਦੋਵੇਂ ਰਾਜੇ ਸੇ। ਅਤੇ ਬ੍ਰਹਮਾ ਪਹਿਲੇ ਬਿਸ਼ਨ ਦਾ ਮੰਤ੍ਰੀ ਸੀ। ਫੇਰ ਮਹਾਂਦੇਵ ਦਾ ਰਿਹਾ। ਆਪਣੇ ਆਪਣੇ ਸਮੇਂ ਪਰ ਸਭ ਹੋ ਕੇ ਗੁਜ਼ਰ ਗਏ।" ਫੇਰ ਤਾਂ ਬਾਬੇ ਦੇ ਬਚਨਾਂ ਤੋਂ ਚਿੱਤ ਸ਼ਾਂਤ ਹੁੰਦਾ ਦੇਖ ਕੇ ਅਨੁਸਾਰ ਹੋ ਤੁਰੇ। ਓਨ੍ਹਾਂ ਨੂੰ ਸੁਮੱਤੇ ਲਾ ਕੇ ਫਰੀਦ ਵਾੜੇ ਦਾ ਮੇਲਾ* ਜਾ ਦੇਖਿਆ। ਮਜਾਵਰਾਂ ਨੂੰ ਉਪਦੇਸ਼ ਕਰ ਰਈਮਾਂ ਵਾਲੇ ਰਾਜਾ ਦੇ ਮੁਲਕ ਚੰਨੇ ਪੰਨੇ ਵਿੱਚ; ਜਿੱਥੇ ਹੁਣ ਭੀ ਜ਼ਿਮੀਂ** ਵਿੱਚੋਂ ਹੀਰਾ, ਪੰਨਾ, ਪੁਖਰਾਜ, ਫੀਰੋਜ਼ਾ, ਚੂਨੀ ਨਿਕਲਦੇ ਹਨ; ਓਸ ਧਰਤੀ ਦਾ ਸੈਲ ਕਰ, ਤਾਲ ਭੋਪਾਲ, ਮਹਿਲਸਰ ਪਰਬਤ ਸਾਗਰ ਨੂੰ ਦੇਖਦੇ ਹੋਏ ਚੰਦੇਰੀ ਦੱਖਨੀ ਜਾ ਉੱਤਰੇ। ਹੁਣ ਭੀ ਓਥੇ ਬਾਬਾ ਦੀ ਜਗ੍ਹਾ ਹੈ। ਓਥੋਂ ਦੇ ਲੋਕ ਸਭ ਪਰਮੇਸ਼੍ਵਰ ਤੋਂ ਭੁੱਲੇ ਹੋਏ ਚਾਰੋਂ ਤੱਤਾਂ ਨੂੰ ਹੀ ਸੁਤੰਤਰ ਸੰਸਾਰ ਦਾ ਕਰਤਾ-ਹਰਤਾ ਮੰਨਦੇ ਸੇ। ਓਨ੍ਹਾਂ ਨੂੰ ਸੱਚੇ ਰਾਹ ਪਾਵਣ ਲਈ ਬਾਬੇ ਜੀ ਨੇ ਏਹ ਸ਼ਬਦ ਉਚਾਰਿਆ:

ਸਲੋਕ ਮਃ ੧ ॥
ਭੈ ਵਿਚਿ ਪਵਣੁ ਵਹੈ ਸਦਵਾਉ ॥
ਭੈ ਵਿਚਿ ਚਲਹਿ ਲਖ ਦਰੀਆਉ ॥
ਭੈ ਵਿਚਿ ਅਗਨਿ ਕਢੈ ਵੇਗਾਰਿ ॥
ਭੈ ਵਿਚਿ ਧਰਤੀ ਦਬੀ ਭਾਰਿ ॥
ਭੈ ਵਿਚਿ ਇੰਦੁ ਫਿਰੈ ਸਿਰ ਭਾਰਿ ॥
ਭੈ ਵਿਚਿ ਰਾਜਾ ਧਰਮ ਦੁਆਰੁ ॥
ਭੈ ਵਿਚਿ ਸੂਰਜੁ ਭੈ ਵਿਚਿ ਚੰਦੁ ॥
ਕੋਹ ਕਰੋੜੀ ਚਲਤ ਨ ਅੰਤੁ ॥
ਭੈ ਵਿਚਿ ਸਿਧ ਬੁਧ ਸੁਰ ਨਾਥ ॥

---

*ਏਹ ਮੇਲਾ ਜੇਠ ਮਹੀਨੇ ਓਸੇ ਖੂਹ ਉੱਤੇ ਹੁੰਦਾ ਹੈ, ਜਿੱਥੇ ਬਾਬਾ ਫ਼ਰੀਦ ਮੰਗਲ ਨਾਲ ਖੂਹ ਵਿੱਚ ਪੁੱਠਾ ਲਟਕਿਆ ਸੀ ਤੇ ਕਾਂਵਾਂ ਤਲੀਆਂ ਖ਼ੋਤ੍ਰ ਖਾਧੀਆਂ ਸੀ। ਤਾਂ ਏਹ ਬੋਲਯਾ ਸੀ "ਕਾਗਾ ਕਰੰਗ ਢੰਢੋਲਿਆ ਸਗਲਾ ਖਾਇਆ ਮਾਸ। ਏ ਦੋਇ ਨੈਨਾ ਮਤ ਛੁਹਉ ਪਿਰ ਦੇਖਨ ਕੀ ਆਸ॥" ਓਸੇ ਥਾਂ ਬੱਕਰੀਆਂ ਚਾਰਨ ਵਾਲੇ ਦਾ ਮਕਬਰਾ ਹੈ ਜਿਹੜਾ ਘਾਸ ਦੇ ਰੱਸੇ ਨਾਲ ਓਸੇ ਕੂੰਏਂ ਵਿੱਚ ਪੁੱਠਾ ਲਟਕ ਪਿਆ ਸੀ। ਓਸ ਦਾ ਰੱਸਾ ਸੁੱਕ ਕੇ ਟੁੱਟਣ ਲੱਗਾ ਤਾਂ ਪ੍ਰਮੇਸ਼੍ਵਰ ਨੇ ਦੋਹਾਂ ਨੂੰ ਦਰਸ਼ਨ ਦੇ ਨਿਹਾਲ ਕੀਤਾ। ਤਦੇ ਹੀ ਫਰੀਦ ਨੇ ਫੇਰ ਆਖਯਾ ਕਿ 'ਐਸਾ ਬਖਸ਼ਿਆ ਤੁਹਿ ਮਿਲੇ ਤੂੰ ਭੀ ਬਖਸ਼ਿਆ ਜਾਇ।'

**ਏਥੇ ਠੇਕੇਦਾਰ ਜ਼ਮੀਨ ਲੈ ਕੇ ਆਪਣੀ ਹੱਦ ਤੱਕ ਪੁਟਾਂਵਦੇ ਹਨ। ਭਾਗਾਂ ਅਨੁਸਾਰ ਰਤਨ ਨਿਕਲਦੇ ਹਨ। ਚੌਥਾ ਹਿੱਸਾ ਰਾਜਾ ਲੈਂਦਾ ਹੈ ਤੇ ਜੋ ਪ੍ਰਿਥਵੀ ਇਸ ਨਾਲ ਪੁੱਟੀ ਜਾਵੇ ਓਹ ਫੇਰ ੧੦੦ ਬਰਸ ਪਿੱਛੋਂ ਪੁੱਟੀਦੀ ਹੈ।

ਭੈ ਵਿਚਿ ਆਡਾਣੇ ਆਕਾਸ ॥
ਭੈ ਵਿਚਿ ਜੋਧ ਮਹਾਬਲ ਸੂਰ ॥
ਭੈ ਵਿਚਿ ਆਵਹਿ ਜਾਵਹਿ ਪੂਰ ॥
ਸਗਲਿਆ ਭਉ ਲਿਖਿਆ ਸਿਰਿ ਲੇਖੁ ॥
ਨਾਨਕ ਨਿਰਭਉ ਨਿਰੰਕਾਰੁ ਸਚੁ ਏਕੁ ॥੧॥

(ਵਾਰ-ਆਸਾ, ਮਃ ੧ - ੪੬੪)

ਏਹ ਸ਼ਬਦ ਸੁਣ ਕੇ ਓਹਨਾਂ ਨੂੰ ਏਹ ਨਿਸ਼ਚੇ ਕਰਾ ਦਿੱਤਾ ਕਿ ਏਹ ਸਭ ਓਸ ਦੇ ਹੁਕਮ ਅਰ ਡਰ ਵਿੱਚ ਚੱਲਦੇ ਹਨ। ਓਹ ਨਿਰੰਕਾਰ ਨਿਰਭੈ ਸੁਤੰਤਰ ਹੈ।

ਓਹਨਾਂ ਨੂੰ ਪ੍ਰਮੇਸ਼੍ਵਰ ਦੀ ਭਗਤੀ ਕਰਨ ਲਾ ਕੇ ਜਦ ਝਾਲਰਾ ਪਾਟਨ ਵਿੱਚ ਆਏ। ਓਥੋਂ ਦੇ ਲੋਕਾਂ ਨੂੰ ਪ੍ਰਾਣਵਾਦੀ ਕੋਕਲਾ ਤੇ ਮਤਵਾਲੇ ਪੰਡਿਤਾਂ ਨੇ ਕੇਵਲ ਪੌਣ ਹੀ ਆਤਮਾ ਪ੍ਰਮਾਤਮਾ ਮਨਾ ਰੱਖੀ ਸੀ। ਕਿਉਂਕਿ ਪੌਣ ਰੂਪ ਪਰਾਣਾਂ ਦੇ ਹੋਣੇ ਕਰ ਜੀਵਣਾਂ, ਤੇ ਨਾ ਹੋਣੇ ਕਰ ਮਰਨਾ ਹੈ। ਗੁਰੂ ਜੀ ਨੇ ਪ੍ਰਾਣਾਂ ਨੂੰ ਜੜ੍ਹ ਪਤੰਤ੍ਰ ਅਤੇ ਚੈਤੰਨ ਆਤਮਾ ਨੂੰ ਏਨ੍ਹਾਂ ਤੋਂ ਵੱਖਰਾ ਏਨ੍ਹਾਂ ਦਾ ਮਾਲਕ ਸਿੱਧ ਕਰ ਕੇ ੪੯ ਪ੍ਰਕਾਰ ਦੀ ਪੌਣ ਬ੍ਰਹਿਮੰਡ ਵਿੱਚ ਤੇ ਦਸ ਪ੍ਰਕਾਰ ਦੀ ਸ਼ਰੀਰ ਵਿੱਚ ਦਿਖਾ ਕੇ ਸਭ ਨੂੰ ਇੱਕ ਸੱਚੇ ਪਰਮੇਸ਼੍ਵਰ ਦੀ ਭਗਤੀ ਵਿੱਚ ਲਾਇਆ।

ਆਗਰੇ ਪ੍ਰਵੇਸ਼ ਕਰਨਾ

ਓਥੋਂ ਝਾਂਸੀ ਗਵਾਲੀਯਰ ਹੁੰਦੇ ਹੋਏ ਚੰਬਲ ਨਦੀ ਪਾਰ ਹੋ ਭਰਤਪੁਰ ਧੌਲਪੁਰ ਏਹਨਾਂ ਦੇਸ਼ਾਂ ਦਾ ਸੈਲ ਕਰਦੇ ਹੋਏ ੪ ਭਾਦਰੋਂ ਸੰਮਤ ੧੫੮੬ ਬਿਕ੍ਰਮੀ ਨੂੰ ਆਗਰੇ ਆ ਠਹਿਰੇ। ਓਥੋਂ ਇੱਕ {ਮਾਈ ਜੱਸੀ} ਮਾਈ ਜੱਸੀ ਨਾਮ ਜਾਣੋ ਦੂਜੀ ਮੀਰਾਂਬਾਈ ਸੀ। ਸਤਸੰਗ ਓਸ ਨੂੰ ਬੈਰਾਗੀ ਫ਼ਕੀਰਾਂ ਦਾ ਸੀ। ਪ੍ਰਿਤਮਾ ਪੂਜਨ ਤੀਰਥ ਬਰਤ ਕਰਨ ਵਿੱਚ ਲੱਗ ਰਹੀ ਸੀ, ਪਰ ਮਨ ਨੂੰ ਸ਼ਾਂਤੀ ਨਹੀਂ ਆਈ ਸੀ। ਅੱਠੇ ਪਹਿਰ ਪਰਮੇਸ਼੍ਵਰ ਦੇ ਦੇਖਣ ਲਈ ਰੁਦਨ ਬੇਨਤੀ ਕਰਦੀ ਰਹਿੰਦੀ ਸੀ। ਈਸ਼੍ਵਰ ਦੀ ਪ੍ਰੇਰਨਾ ਨਾਲ ਬਾਬਾ ਜੀ ਓਸੇ ਬਾਗ਼ ਵਿੱਚ ਜਾ ਠਹਿਰੇ। ਏਨ੍ਹਾਂ ਦੇ ਪ੍ਰਤਾਪ ਤੇ ਸਬਦ ਦੀ ਮਹਿਮਾ ਸੁਣ ਕੇ ਓਹ ਭੀ ਦਰਸ਼ਨ ਕਰਨ ਤਾਂ ਆਈ ਪਰ ਮਨ ਵਿੱਚ ਆਪ ਨੂੰ ਬਹੁਤ ਚੰਗੀ ਮੰਨਦੀ ਸੀ। ਤਾਂ ਬਾਬੇ ਜੀ ਨੇ ਸ਼ਬਦ ਬੋਲਿਆ:

ਤਿਲੰਗ ਮਃ ੧ ॥
ਇਆਨੜੀਏ ਮਾਨੜਾ ਕਾਇ ਕਰੇਹਿ ॥
ਆਪਨੜੈ ਘਰਿ ਹਰਿ ਰੰਗੋ ਕੀ ਨ ਮਾਣੇਹਿ ॥
ਸਹੁ ਨੇੜੈ ਧਨ ਕੰਮਲੀਏ ਬਾਹਰੁ ਕਿਆ ਢੂਢੇਹਿ ॥
ਭੈ ਕੀਆ ਦੇਹਿ ਸਲਾਈਆ ਨੈਣੀ ਭਾਵ ਕਾ ਕਰਿ ਸੀਗਾਰੋ ॥
ਤਾ ਸੋਹਾਗਣਿ ਜਾਣੀਐ ਲਾਗੀ ਜਾ ਸਹੁ ਧਰੇ ਪਿਆਰੋ ॥੧॥
ਇਆਣੀ ਬਾਲੀ ਕਿਆ ਕਰੇ ਜਾ ਧਨ ਕੰਤ ਨ ਭਾਵੈ ॥
ਕਰਣ ਪਲਾਹ ਕਰੇ ਬਹੁਤੇਰੇ ਸਾ ਧਨ ਮਹਲੁ ਨ ਪਾਵੈ ॥
ਵਿਣੁ ਕਰਮਾ ਕਿਛੁ ਪਾਈਐ ਨਾਹੀ ਜੇ ਬਹੁਤੇਰਾ ਧਾਵੈ ॥
ਲਬ ਲੋਭ ਅਹੰਕਾਰ ਕੀ ਮਾਤੀ ਮਾਇਆ ਮਾਹਿ ਸਮਾਣੀ ॥
ਇਨੀ ਬਾਤੀ ਸਹੁ ਪਾਈਐ ਨਾਹੀ ਭਈ ਕਾਮਣਿ ਇਆਣੀ ॥੨॥
ਜਾਇ ਪੁਛਹੁ ਸੋਹਾਗਣੀ ਵਾਹੈ ਕਿਨੀ ਬਾਤੀ ਸਹੁ ਪਾਈਐ ॥
ਜੋ ਕਿਛੁ ਕਰੇ ਸੋ ਭਲਾ ਕਰਿ ਮਾਨੀਐ ਹਿਕਮਤਿ ਹੁਕਮੁ ਚੁਕਾਈਐ ॥
ਜਾ ਕੈ ਪ੍ਰੇਮਿ ਪਦਾਰਥੁ ਪਾਈਐ ਤਉ ਚਰਣੀ ਚਿਤੁ ਲਾਈਐ ॥
ਸਹੁ ਕਹੈ ਸੋ ਕੀਜੈ ਤਨੁ ਮਨੋ ਦੀਜੈ ਐਸਾ ਪਰਮਲੁ ਲਾਈਐ ॥
ਏਵ ਕਹਹਿ ਸੋਹਾਗਣੀ ਭੈਣੇ ਇਨੀ ਬਾਤੀ ਸਹੁ ਪਾਈਐ ॥੩॥
ਆਪੁ ਗਵਾਈਐ ਤਾ ਸਹੁ ਪਾਈਐ ਅਉਰੁ ਕੈਸੀ ਚਤੁਰਾਈ ॥
ਸਹੁ ਨਦਰਿ ਕਰਿ ਦੇਖੈ ਸੋ ਦਿਨੁ ਲੇਖੈ ਕਾਮਣਿ ਨਉ ਨਿਧਿ ਪਾਈ ॥
ਆਪਣੇ ਕੰਤ ਪਿਆਰੀ ਸਾ ਸੋਹਾਗਣਿ ਨਾਨਕ ਸਾ ਸਭਰਾਈ ॥
ਐਸੇ ਰੰਗਿ ਰਾਤੀ ਸਹਜ ਕੀ ਮਾਤੀ ਅਹਿਨਿਸਿ ਭਾਇ ਸਮਾਣੀ ॥
ਸੁੰਦਰਿ ਸਾਇ ਸਰੂਪ ਬਿਚਖਣਿ ਕਹੀਐ ਸਾ ਸਿਆਣੀ ॥੪॥੨॥੪॥

(ਤਿਲੰਗ, ਮਃ ੧ - ੭੨੨)

ਏਹ ਸਾਰਾ ਸ਼ਬਦ ਡਾਢੇ ਚੰਗੇ ਸੁਰ ਤਾਲ ਵਿੱਚ ਸੁਣ ਕੇ ਬਾਬੇ ਦੇ ਚਰਨਾਂ ਉੱਤੇ ਢਹਿ ਪਈ। ਓਹ ਰਾਗ ਸੁਰ ਤਾਲ ਦੀ ਭੀ ਗਜਾਤੀ ਤੇ ਸੱਚੇ ਸੰਤ ਦੀ ਚਾਹ ਰੱਖਦੀ ਸੀ। ਸਤਿਨਾਮ ਵਾਹਿਗੁਰੂ ਮੰਤ੍ਰ ਧਾਰਨ ਕਰ ਪਰਮੇਸ਼੍ਵਰ ਦੇ ਧਿਆਨ ਵਿੱਚ ਐਸੀ ਜੁੜੀ, ਜੋ ਸਰੀਰ ਦੀ ਸੋਝੀ ਭੁੱਲ ਗਈ। ਉਸ ਦਾ ਸੱਚਾ ਪ੍ਰੇਮ ਵੇਖ ਕੇ ਦਸ ਦਿਨ ਬਾਬਾ ਜੀ ਓਥੇ ਰਹੇ। ਜਿਸ ਕਰ ਕੇ ਹੋਰ ਸੈਂਕੜੇ ਮਾਈ ਭਾਈ ਸਿੱਖ ਬਣ ਕੇ ਪਰਮਪਦ ਦੇ ਭਾਗੀ ਹੋਏ।

ਫੇਰ ਉਹ ਮਾਈ ਜੱਸੀ ਤਾਂ ਅਜਿਹੀ ਈਸ਼੍ਵਰ ਦੇ ਰਸ ਰਸੀ ਜੋ ਪ੍ਰਿਤਮਾ ਪੂਜਾ ਆਦਿਕ ਬਨਾਵਟੀ ਲੋਕ ਦਿਖਾਵੇ ਦੇ ਕੰਮ ਛੱਡ ਕੇ ਭਜਨ ਵਿੱਚ ਜੁੜ ਗਈ। ਜਿਸ ਦੇ ਪ੍ਰਤਾਪ ਨਾਲ ਹੋਰ ਅਨੇਕ ਇਸਤਰੀ ਪੁਰਖ ਆਗਰੇ ਦੇ ਸਤਸੰਗੀ ਸਿੱਖ ਗੁਰੂ ਘਰ ਦੇ ਹੋ ਗਏ। ਉਸ ਮਾਈ ਦੀ ਧਰਮਸਾਲ ਹੁਣ ਬੀ {ਮਾਈਥਾਨ} ਮਾਈਥਾਨ ਕਰ ਕੇ ਮੰਨੀ ਜਾਂਦੀ ਹੈ।

ਮਥਰਾ ਪ੍ਰਵੇਸ਼

ਏਥੋਂ ਤੁਰ ਬਾਬਾ ਜੀ ਮਥਰਾ ਬਿਸਰਾਂਤ ਘਾਟ ਪਰ ਜਾ ਠਹਿਰੇ। ਜਮਨਾ ਦੇ ਇਸ਼ਨਾਨ ਕੀਤੇ। ਓਥੋਂ ਦੇ ਇਸਤਰੀ ਮਰਦ ਬਿਭਚਾਰੀ ਬਹੁਤ ਲੁੱਚੇ ਭਜਨ ਭਗਤੀ ਹੀਣ ਕੇਵਲ ਚੰਗਾ ਚੋਖਾ ਖਾਣ ਦੇ ਚਟੋਰੇ, ਬਿਕਾਰਾਂ ਦੇ ਬੋਰੇ ਦੇਖ ਕੇ ਭਾਈ ਮਰਦਾਨੇ ਨੇ ਬਾਬੇ ਜੀ ਅੱਗੇ ਪ੍ਰਾਰਥਨਾ ਕੀਤੀ ਕਿ ਏਥੋਂ ਦੇ ਲੋਕ ਲੁੱਚੇ ਲਵਾਰ ਚੋਰ ਯਾਰ ਬਹੁਤ ਹਨ। ਤੀਰਥ ਪਰ ਏਹੋ ਜਿਹੇ ਤਾਂ ਨਹੀਂ ਹੋਣੇ ਚਾਹੀਦੇ। ਬਾਬੇ ਆਖਿਆ, "ਏਨ੍ਹਾਂ ਦੇ ਕੀ ਵੱਸ ਹੈ। ਜੋ ਜੋ ਕੰਮ ਵੱਡ ਮੁਖੀਏ ਆਦਮੀ ਕਰਦੇ ਹਨ, ਓਸੇ ਚਾਲ ਪਿਛਲੇ ਚੱਲ ਪੈਂਦੇ ਹਨ। ਏਥੇ ਏਹਨਾਂ ਦੇ ਵੱਡਿਆਂ ਨੇ ਏਹੋ ਕੰਮ ਕੀਤੇ, ਜੋ ਹੁਣ ਏਥੋਂ ਦੇ ਵਸਨੀਕ ਕਰਦੇ ਹਨ।"

ਮਰਦਾਨੇ ਆਖਿਆ, "ਜੀ! ਕ੍ਰਿਸ਼ਨ ਨੂੰ ਤਾਂ ਲੋਕ ਈਸ਼੍ਵਰ ਦਾ ਅਵਤਾਰ ਆਖਦੇ ਹਨ। ਬਾਬੇ ਕਿਹਾ, "ਭਾਈ ਮਰਦਾਨਾ! ਈਸ਼੍ਵਰ ਕਦੇ ਭੀ ਅਵਤਾਰ ਨਹੀਂ ਲੈਂਦਾ। ਗਰਭ ਜੋਨੀ ਵਿੱਚ ਜੀਵ ਆਉਂਦੇ ਹਨ। ਅੱਗੇ ਜੀਵ ਉੱਤਮ, ਮੱਧਮ, ਨਕ੍ਰਿਸ਼੍ਟ ਤਿੰਨ ਪ੍ਰਕਾਰ ਦੇ ਹਨ। ਜਿਹੜੇ ਈਸ਼੍ਵਰ ਦੇ ਭੇਜੇ ਹੋਏ ਧਰਮ ਰੱਖਯਾ ਵਾਸਤੇ ਆਉਂਦੇ ਹਨ ਤੇ ਧਰਮ ਦੀ ਇਸਥਿਤੀ ਕਰ ਕੇ ਚਲੇ ਜਾਂਦੇ ਹਨ, ਜੈਸੇ ਰਾਮ, ਕ੍ਰਿਸ਼ਨ, ਬਯਾਸ, ਬਸ਼ਿਸ਼ਟ, ਦੱਤ ਗੋਰਖ, ਸ਼ੰਕ੍ਰ, ਰਾਮਾਨੰਦ ਅਤੇ ਜੈਨ ਮਤ ਦੇ ੨੪ ਤੀਰਥਾਂਕੁਰ; ਏਹ ਸਭ ਉੱਤਮ ਹਨ। ਪਰ ਏਨ੍ਹਾਂ ਵਿੱਚੋਂ ਭੀ ਜਿਹੜੇ ਵਿਸ਼ੇ ਵਿਕਾਰਾਂ ਵਿੱਚ ਲੰਪਟ ਹੋ ਕੇ ਸੱਚੇ ਧਰਮ ਉੱਤੇ ਨਹੀਂ ਚਲਦੇ; ਓਹ ਅਤੇ ਓਨ੍ਹਾਂ ਦੇ ਮੰਨਣ ਵਾਲੇ ਸਭ ਪ੍ਰਮੇਸ਼੍ਵਰ ਦੇ ਦ੍ਵਾਰੇ ਦੰਡ ਭਰਦੇ ਹਨ। ਜਿਹੜੇ ਸੱਚਾ ਉਪਦੇਸ਼ ਕਰਨ ਵਾਲੇ ਹਨ, ਓਹ ਆਪ ਤੇ ਓਹਨਾਂ ਪਿੱਛੇ ਚੱਲਣ ਲੱਗੇ ਬੈਕੁੰਠ ਦਾ ਸੁੱਖ ਭੋਗਦੇ ਹਨ; ਏਹ ਉੱਤਮ ਹਨ। ਹੋਰ ਜਿਹੜੇ ਕਰਮ ਤਾਂ ਸ਼ੁੱਭ ਕਰਦੇ ਹਨ ਤੇ ਭਗਤੀ ਭਜਨ ਨਹੀਂ ਕਰਦੇ, ਓਹ ਮੱਧਮ ਹਨ ਤੇ ਸ੍ਵਰਗ ਵਿੱਚ ਜਾਂਦੇ ਹਨ। ਜਿਹੜੇ ਸ਼ੁਭ ਕਰਮ, ਭਜਨ, ਭਗਤੀ ਕੁਛ ਨਹੀਂ ਕਰਦੇ; ਕੇਵਲ ਆਪਣੀ ਯਾ ਕੁਟੰਬ ਦੀ ਪਾਲਣਾ ਕਰਦੇ ਹੋਏ ਵਿਸ਼ੇ ਵਿਕਾਰਾਂ ਵਿੱਚ ਉਮਰ ਗਵਾ ਲੈਂਦੇ ਹਨ, ਓਹ ਨਕ੍ਰਿਸ਼ਟ ਹਨ। ਕ੍ਰਿਸ਼ਨ ਜੀ ਨੇ ਗੀਤਾ ਏਕਾਦਸ਼ ਉਪਦੇਸ਼ ਚੰਗੇ ਕੀਤੇ, ਜਿਸ ਕਰ ਕੇ ਓਸ ਨੂੰ ਓਸ ਦੇ ਚੇਲਿਆਂ ਨੇ ਅਵਤਾਰ ਥਾਪ ਲੀਤਾ। ਕ੍ਰਿਸ਼ਨ ਜੀ ਬਹੁਤ ਰਜੋ ਗੁਣੀ ਸਨ, ਰਾਮਚੰਦ੍ਰ ਜੀ ਸਤੋ ਗੁਣੀ ਹੋਏ ਹਨ ਪਰ ਏਨ੍ਹਾਂ ਦੇ ਸੇਵਕ ਅਜਿਹੇ ਲਾਲਚੀ ਹੋਏ ਜੋ ਓਨ੍ਹਾਂ ਦੀਆਂ ਮੂਰਤਾਂ ਬਣਾ ਕੇ ਪੂਜਣ ਪੁਜਾਵਣ ਲੱਗ ਪਏ।"

ਏਹ ਬਚਨ ਸੁਣ ਕੇ ਓਥੋਂ ਦੇ ਚੌਬੇ ਪੰਡਤਾਂ ਨੇ ਆਖਿਆ, "ਹੁਣ ਕਲਜੁਗ ਆ ਗਿਆ ਹੈ। ਓਸ ਨੇ ਤੀਰਥਾਂ, ਦੇਵ ਮੰਦਰਾਂ, ਪੁਰੀਆਂ ਵਿੱਚ ਨਿਵਾਸ ਕਰ ਕੇ ਲੋਕਾਂ ਦੇ ਮਨ ਭ੍ਰਸ਼ਟ ਕਰ ਦਿੱਤੇ ਹਨ।" ਜਾਂ ਮਰਦਾਨੇ {ਕਲਜੁਗ ਦੇ ਲੱਛਣ} ਕਲਯੁਗ ਦੇ ਲੱਖਯਨ ਪੁੱਛੇ ਤਾਂ ਬਾਬੇ ਨੇ ਸ਼ਬਦ ਉਚਾਰਿਆ:

ਰਾਮਕਲੀ ਮਹਲਾ ੧ ਅਸਟਪਦੀਆ
ੴ ਸਤਿਗੁਰ ਪ੍ਰਸਾਦਿ ॥
ਸੋਈ ਚੰਦੁ ਚੜਹਿ ਸੇ ਤਾਰੇ ਸੋਈ ਦਿਨੀਅਰੁ ਤਪਤ ਰਹੈ ॥
ਸਾ ਧਰਤੀ ਸੋ ਪਉਣੁ ਝੁਲਾਰੇ ਜੁਗ ਜੀਅ ਖੇਲੇ ਥਾਵ ਕੈਸੇ ॥੧॥
ਜੀਵਨ ਤਲਬ ਨਿਵਾਰਿ ॥
ਹੋਵੈ ਪਰਵਾਣਾ ਕਰਹਿ ਧਿਙਾਣਾ ਕਲਿ ਲਖਣ ਵੀਚਾਰਿ ॥੧॥ ਰਹਾਉ ॥
ਕਿਤੈ ਦੇਸਿ ਨ ਆਇਆ ਸੁਣੀਐ ਤੀਰਥ ਪਾਸਿ ਨ ਬੈਠਾ ॥
ਦਾਤਾ ਦਾਨੁ ਕਰੇ ਤਹ ਨਾਹੀ ਮਹਲ ਉਸਾਰਿ ਨ ਬੈਠਾ ॥੨॥
ਜੇ ਕੋ ਸਤੁ ਕਰੇ ਸੋ ਛੀਜੈ ਤਪ ਘਰਿ ਤਪੁ ਨ ਹੋਈ ॥
ਜੇ ਕੋ ਨਾਉ ਲਏ ਬਦਨਾਵੀ ਕਲਿ ਕੇ ਲਖਣ ਏਈ ॥੩॥
ਜਿਸੁ ਸਿਕਦਾਰੀ ਤਿਸਹਿ ਖੁਆਰੀ ਚਾਕਰ ਕੇਹੇ ਡਰਣਾ ॥

ਜਾ ਸਿਕਦਾਰੈ ਪਵੈ ਜੰਜੀਰੀ ਤਾ ਚਾਕਰ ਹਥਹੁ ਮਰਣਾ ॥੪॥
ਆਖੁ ਗੁਣਾ ਕਲਿ ਆਈਐ ॥
ਤਿਹੁ ਜੁਗ ਕੇਰਾ ਰਹਿਆ ਤਪਾਵਸੁ ਜੇ ਗੁਣ ਦੇਹਿ ਤ ਪਾਈਐ ॥੧॥ ਰਹਾਉ ॥
ਕਲਿ ਕਲਵਾਲੀ ਸਰਾ ਨਿਬੇੜੀ ਕਾਜੀ ਕ੍ਰਿਸਨਾ ਹੋਆ ॥
ਬਾਣੀ ਬ੍ਰਹਮਾ ਬੇਦੁ ਅਥਰਬਣੁ ਕਰਣੀ ਕੀਰਤਿ ਲਹਿਆ ॥੫॥
ਪਤਿ ਵਿਣੁ ਪੂਜਾ ਸਤ ਵਿਣੁ ਸੰਜਮੁ ਜਤ ਵਿਣੁ ਕਾਹੇ ਜਨੇਊ ॥
ਨਾਵਹੁ ਧੋਵਹੁ ਤਿਲਕੁ ਚੜਾਵਹੁ ਸੁਚ ਵਿਣੁ ਸੋਚ ਨ ਹੋਈ ॥੬॥
ਕਲਿ ਪਰਵਾਣੁ ਕਤੇਬ ਕੁਰਾਣੁ ॥
ਪੋਥੀ ਪੰਡਿਤ ਰਹੇ ਪੁਰਾਣ ॥
ਨਾਨਕ ਨਾਉ ਭਇਆ ਰਹਮਾਣੁ ॥
ਕਰਿ ਕਰਤਾ ਤੂ ਏਕੋ ਜਾਣੁ ॥੭॥
ਨਾਨਕ ਨਾਮੁ ਮਿਲੈ ਵਡਿਆਈ ਏਦੂ ਉਪਰਿ ਕਰਮੁ ਨਹੀ ॥
ਜੇ ਘਰਿ ਹੋਦੈ ਮੰਗਣਿ ਜਾਈਐ ਫਿਰਿ ਓਲਾਮਾ ਮਿਲੈ ਤਹੀ ॥੮॥੧॥

(ਰਾਮਕਲੀ, ਮ: ੧ - ੯੦੨/੦੩)

ਏਹ ਸਾਰਾ ਸ਼ਬਦ ਸੁਣ ਕੇ ਪੰਡਿਤ ਕ੍ਰਿਸ਼ਨ ਲਾਲ ਨੇ ਬਾਬੇ ਦੇ ਚਰਨ ਚੁੰਮੇ ਤੇ ਉਪਦੇਸ਼ ਲੀਤਾ। ਓਸੇ ਦੀ ਸੰਤਾਨ ਹੁਣ ਗੁਰੂ ਜੀ ਦੇ ਪ੍ਰੋਹਤ ਬਣੀ ਹੋਈ ਹੈ। ਕੱਤਕ ਦੀ ਪੁੰਨਯਾਂ ਦਾ ਮੇਲਾ ਬ੍ਰਿਸਾਂਤ ਘਾਟ ਉੱਤੇ ਹਰ ਸਾਲ ਬੜਾ ਭਾਰਾ ਹੁੰਦਾ ਹੈ।

ਦੂਜੇ ਦਿਨ {ਬਿੰਦ੍ਰਾਬਨ} ਬਿੰਦ੍ਰਾਬਨ ਦਾ ਸੈਲ ਕੀਤਾ। ਓਥੋਂ ਦੇ ਬੈਰਾਗੀ ਫ਼ਕੀਰ ਸਾਰੇ ਅੰਗਾਂ ਵਿੱਚ ਕਾਠ ਦੀਆਂ ਮਾਲਾਂ ਪਾਈਆਂ ਹੋਈਆਂ, ਤੁਲਸੀ ਦੇ ਪੱਤ੍ਰ ਚਬਾਉਂਦੇ, ਮੰਦਰਾਂ ਵਿੱਚ ਪਰ ਇਸਤ੍ਰੀਆਂ ਨਾਲ ਖ਼ਰਾਬ ਹੁੰਦੇ ਦੇਖ ਕੇ ਮਰਦਾਨੇ ਦੇ ਪੁੱਛਣ ਪਰ ਬਾਬੇ ਜੀ ਨੇ ਆਖਿਆ, "ਏਨ੍ਹਾਂ ਲੋਕਾਂ ਨੇ ਏਹੋ ਕੰਮ ਕਰਨ ਵਾਸਤੇ ਮੰਦਰ ਮੂਰਤਾਂ ਬਣਾ ਰੱਖੇ ਹਨ, ਜਿਸ ਦਾ ਫ਼ਲ ਬੱਕਰੇ ਬੱਕਰੀਆਂ ਹੋ ਕੇ ਬਾਰੰਬਾਰ ਕਸਾਈਆਂ ਦੇ ਹੱਥੋਂ ਗਰਦਨਾਂ ਕਟਾਵਣਗੇ।" ਬ੍ਰਿਜ ਭੂਮੀ, ਗੋਵਰਧਨ, ਗੋਕਲ, ਬਿੰਦ੍ਰਾਬਨ, ਮਥਰਾ* ਆਦਿਕ ਅਸਥਾਨਾਂ ਦਾ ਸੈਲ ਕਰ ਕੇ ਹਰਿਆਣੇ ਦੇਸ਼ ਵਿੱਚ ਦੀ

---

*ਮਥਰਾ ਵਿੱਚ ਕ੍ਰਿਸ਼ਨ ਜੀ ਦਾ ਨਾਨਾ ਉਗ੍ਰਸੈਨ ਰਾਜਾ ਸੀ। ਓਸ ਦੀ ਬੇਟੀ ਦੇਵਕੀ ਨਾਮ ਕਾਠੀਆਵਾੜ ਦੇ ਸਰਦਾਰ ਬਸਦੇਵ ਨੂੰ ਵਜਾਹੀ ਗਈ। ਉਗ੍ਰਸੈਨ ਦਾ ਪੁੱਤ੍ਰ ਕੰਸ ਆਪਣੇ ਬਾਪ ਨੂੰ ਕੈਦ ਕਰ ਆਪ ਰਾਜ ਗੱਦੀ ਪਰ ਬੈਠ ਗਿਆ। ਜੋਤਸ਼ੀਆਂ ਨੇ ਦੱਸਜਾ ਤੇਰਾ ਭਾਣਜਾ ਤੈਨੂੰ ਮਾਰੇਗਾ। ਓਸ ਨੇ ਭੈਣ ਭਣਵੱਯਾ ਦੋਵੇਂ ਮਥਰਾ ਰੱਖ ਲਏ। ਦੋ ਇੱਕ ਮੁੰਡੇ ਕੁੜੀਆਂ ਓਨ੍ਹਾਂ ਦੇ ਮਾਰੇ ਤਾਂ ਬਸਦੇਵ ਨੂੰ ਸੰਸਾ ਲੱਗਾ। ਓਨ ਆਪਣੇ ਮਿਤ੍ਰ ਨੰਦ ਪਾਸ ਜੋ ਗੋਕਲ ਪਿੰਡ ਦਾ ਨੰਬਰਦਾਰ, ਗੁੱਜਰ ਜਾਤੀ ਦਾ ਸੀ; ਆਪਣਾ ਦੁੱਖ ਰੋਇਆ। ਕੁਦਰਤ ਨਾਲ ਓਹਨਾਂ ਦੋਹਾਂ ਦੀਆਂ ਇਸਤਰੀਆਂ ਨੂੰ ਪੁੱਤ੍ਰ ਧੀ ਜੰਮਣ ਵਾਲੇ ਸੇ। ਨੰਦ ਦੀ ਜਸੋਧਾ ਨੂੰ ਮੁੰਡਾ ਜੰਮਜਾਂ। ਨੰਦ ਦੇ ਆਖੇ ਅਨੁਸਾਰ ਬਸਦੇਵ ਆਪਣਾ ਮੁੰਡਾ ਓਸ ਦੇ ਘਰ ਛੱਡ ਗਿਆ, ਓਸ ਦੀ ਕੁੜੀ ਲੈ ਗਿਆ। ਮੁੰਡੇ ਦਾ ਰੰਗ ਕਾਲਾ ਸੀ ਤਾਂ ਕਰ ਕੇ ਓਸ ਦਾ ਨਾਮ ਕ੍ਰਿਸ਼ਨ ਰੱਖਿਆ। ਜਦ ਵੱਡਾ ਹੋਯਾ ਤਾਂ ਗੁੱਜਰਾਂ ਵਾਲੇ ਕੰਮ ਕਰੇ ਗਾਈਆਂ ਚਾਰਿਆ ਕਰੇ। ਫੇਰ ਤਾਂ ਐਸਾ ਹੋਣਹਾਰ ਹੋਣਾ ਕਿ ਅਜੇ ਤੇਰਾਂ ਚੌਦ੍ਹਾਂ ਬਰਸਾਂ ਦਾ ਹੀ ਸੀ ਜੋ ਬੰਸਰੀ ਦਾ ਬਜੱਯਾ, ਗਵੱਯਾ, ਨੱਚਾਰ, ਅਜਿਹਾ ਉੱਘਾ ਹੋਇਆ ਜੋ ਏਸ ਦੇ ਗੀਤ ਸੁਣ ਕੇ ਗੁਜਰੀਆਂ ਗੁੱਜਰ ਬੜਾ ਪਜਾਰ ਕਰਨ ਲੱਗੇ। ਫੇਰ ਰਾਸਾਂ ਪਾਯਾ ਕਰੇ। ਬਹੁਤ ਬਹੁਤ ਇਸਤ੍ਰੀ ਮਰਦ ਕੱਠੇ ਹੋ ਜਾਣ। ਇਸ ਦਾ ਮਤੇਰ ਭਾਈ ਬਲਭੱਦ੍ਰ ਭੀ ਏਸੇ ਪਾਸ ਆ ਰਿਹਾ। ਦੋਵੇਂ ਪਹਿਲਵਾਨ ਨਿਰਭੈ ਬਹਾਦਰ ਤਕੜੇ ਹੋ ਗਏ। ਏਨ੍ਹਾਂ ਨੇ ਆਪਣੇ ਮਾਂ-ਬਾਪ ਨੂੰ ਕੰਸ ਦੀ ਕੈਦ ਵਿੱਚੋਂ ਕੱਢਣ ਦਾ ਜਦ ਹੋਰ ਕੋਈ ਉਪਾਇ ਨਾ ਦੇਖਜਾ, ਤਾਂ ਚੋਰੀ ਚੋਰੀ ਕੰਸ ਤੋਂ ਆਪਣੇ ਨਾਨੇ ਤੇ ਬਾਪ ਪਾਸੋਂ ਕੰਸ ਦੇ ਕਾਰਦਾਰਾਂ ਨੂੰ ਰੁਪੱਯਾ ਦਵਾ ਕੇ ਆਪਣੇ ਸਾਥ ਮਿਲਾ ਲਿਆ। ਕਿਉਂਕਿ ਕੰਸ ਭਾਰੀ ਖੋਟੇ ਸੁਭਾਵ ਵਾਲਾ ਸੀ। ਕਾਰਦਾਰ ਬੀ ਓਸ ਦੇ ਓਸ ਤੋਂ ਤੰਗ ਸੇ। ਕੰਸ ਸ਼ਰਾਬ ਬਹੁਤ ਪੀਂਦਾ ਹੁੰਦਾ ਸੀ।

ਇੱਕ ਦਿਨ ਕੰਸ ਦੇ ਮੱਲਾਂ ਨਾਲ ਏਨ੍ਹਾਂ ਦੋਹਾਂ ਭਾਈਆਂ ਦਾ ਘੋਲ ਹੋਣਾ ਮਿਥ ਕੇ ਅਖਾੜੇ ਪਾਸ ਇੱਕ ਮਹੱਲ ਉੱਤੇ ਕੰਸ ਨੂੰ ਬੈਠਾ ਦਿੱਤਾ। ਤਦੋਂ ਨੂੰ ਕ੍ਰਿਸ਼ਨ, ਬਲਭੱਦ੍ਰ, ਦੋਵੇਂ ਭਾਈ ਬਹੁਤ ਸਾਰੇ ਗੁੱਜਰਾਂ ਨੂੰ ਨਾਲ ਲੈ ਕੇ ਅਖਾੜੇ ਵਿੱਚ ਆ ਗਏ ਅਤੇ ਨੰਦ ਭੀ ਬਹੁਤ ਸਾਰੇ ਭਾਈਚਾਰੇ ਨੂੰ ਦੇਖਣੇ ਦੇ ਬਹਾਨੇ 'ਕੱਠਾ ਕਰ ਕੇ ਲੈ ਆਯਾ। ਕੰਸ ਦੇ ਮੱਲ ਮੁਸ਼ਟਕ, ਚੰਡੂਰ, ਦੋ ਬਹੁਤ ਜ਼ੋਰਾਵਰ ਉੱਘੇ ਸੇ। ਪਰ ਅੰਦਰੋਂ ਓਹ ਭੀ ਉਗ੍ਰਸੈਨ ਦੇ ਸਾਥੀ ਸਨ। ਘੋਲ ਹੋਣ ਲੱਗਾ, ਦਾਉ ਪੇਚ ਹੁੰਦੇ ਰਹੇ। ਕੰਸ ਉਗ੍ਰਸੈਨਾਦਿਕ ਸਭ ਦੇਖ ਰਹੇ ਸੇ। ਪਰ ਕੰਸ ਸ਼ਰਾਬ ਵਿੱਚ ਅੰਨ੍ਹਾ ਹੋਇਆ ਬੇਹੋਸ਼ ਸੀ। ਜਾਂ ਓਸ ਦੇ ਮੱਲ ਢਹੇ ਤੇ ਰੌਲਾ ਪਿਆ ਤਾਂ ਕ੍ਰਿਸ਼ਨ, ਬਲਭੱਦ੍ਰ ਨੇ ਮਹੱਲ ਉੱਤੇ ਚੜ੍ਹ ਕੇ ਕੰਸ ਨੂੰ ਕੇਸਾਂ ਤੋਂ ਫੜ ਕੇ ਖਿੱਚ ਕੇ ਪੌੜੀਆਂ ਵਿੱਚ ਘਸੀਟ ਕੇ ਮਾਰ ਛੱਡਜਾ। ਉਗ੍ਰਸੈਨ ਨੂੰ ਗੱਦੀ ਪਰ ਫੇਰ ਬੈਠਾ ਦਿੱਤਾ। ਬਸਦੇਵ ਆਪਣਾ ਕਬੀਲਾ ਤੇ ਦੋਵੇਂ ਪੁੱਤ੍ਰ ਲੈ ਕੇ ਆਪਣੇ ਦੇਸ਼ ਵਿੱਚ ਜਾ ਰਿਹਾ।

ਗੁੜਗਾਵਾਂ, ਝੱਜਰ, ਬੇਰੀ ਆਦਿਕ ਸ਼ਹਿਰਾਂ ਨੂੰ ਦੇਖ ਨਾਰਨੌਲ; ਜਿੱਥੇ ਹੁਣ ਗੁਰਦਵਾਰਾ ਹੈ, ਆ ਉੱਤਰੇ। ਬੜੇ ਲੋਕ ਸੇਵਕ ਬਣੇ, ਜਿਸ ਕਰ ਕੇ ਹੁਣ ਭੀ ਓਥੇ ਨਾਨਕੀਯ ਮਤ ਦੇ ਬਹੁਤ ਲੋਕ ਹਨ।

ਓਥੋਂ ਅੱਗੇ ਬਾਂਗਰ ਦੇਸ਼ ਵਿੱਚ ਵਿਚਰਦੇ ਹੋਏ ਬਹੋਰ ਪਿੰਡ ਕੰਨਫਟੇ ਜੋਗੀਆਂ ਦੇ ਡੇਰੇ ਪਾਸ ਢਾਬ ਉੱਤੇ ਜਾ ਬੈਠੇ। ਸ਼ਬਦ ਗਾਵਿਆ ਤਾਂ ਸਭ ਜੋਗੀ ਆ 'ਕੱਠੇ ਹੋਏ। ਆਖਣ ਲੱਗੇ, "ਤੁਸੀਂ ਜੋਗੀ ਬਣੋ, ਭੇਖ ਧਾਰੋ।" ਤਾਂ ਬਾਬੇ ਸ਼ਬਦ ਬੋਲਿਆ:

ਰਾਮਕਲੀ ਮਹਲਾ ੧ ॥
ਸੁਰਤਿ ਸਬਦੁ ਸਾਖੀ ਮੇਰੀ ਸਿੰਙੀ ਬਾਜੈ ਲੋਕੁ ਸੁਣੇ ॥
ਪਤੁ ਝੋਲੀ ਮੰਗਣ ਕੈ ਤਾਈ ਭੀਖਿਆ ਨਾਮੁ ਪੜੇ ॥੧॥
ਬਾਬਾ ਗੋਰਖੁ ਜਾਗੈ ॥
ਗੋਰਖੁ ਸੋ ਜਿਨਿ ਗੋਇ ਉਠਾਲੀ
ਕਰਤੇ ਬਾਰ ਨ ਲਾਗੈ ॥੧॥ ਰਹਾਉ ॥
ਪਾਣੀ ਪ੍ਰਾਣ ਪਵਣਿ ਬੰਧਿ ਰਾਖੇ ਚੰਦੁ ਸੂਰਜੁ ਮੁਖਿ ਦੀਏ ॥
ਮਰਣ ਜੀਵਣ ਕਉ ਧਰਤੀ ਦੀਨੀ ਏਤੇ ਗੁਣ ਵਿਸਰੇ ॥੨॥
ਸਿਧ ਸਾਧਿਕ ਅਰੁ ਜੋਗੀ ਜੰਗਮ ਪੀਰ ਪੁਰਸ ਬਹੁਤੇਰੇ ॥
ਜੇ ਤਿਨ ਮਿਲਾ ਤ ਕੀਰਤਿ ਆਖਾ ਤਾ ਮਨੁ ਸੇਵ ਕਰੇ ॥੩॥
ਕਾਗਦੁ ਲੂਣੁ ਰਹੈ ਘ੍ਰਿਤ ਸੰਗੇ ਪਾਣੀ ਕਮਲੁ ਰਹੈ ॥
ਐਸੇ ਭਗਤ ਮਿਲਹਿ ਜਨ ਨਾਨਕ ਤਿਨ ਜਮੁ ਕਿਆ ਕਰੈ ॥੪॥੪॥

(ਰਾਮਕਲੀ, ਮਃ ੧ - ੮੭੭)

ਏਹ ਸਾਰਾ ਸ਼ਬਦ ਸੁਣ ਕੇ ਹੋਰ ਜੋਗੀ ਤਾਂ ਟਕਾ ਜੇਹਾ ਲੈ ਕੇ ਅੰਦਰ ਜਾ ਵੜੇ, ਪਰ ਪਾਈਨਾਥ ਨਾਮੇ ਬੈਠਾ ਰਿਹਾ। ਬਾਬੇ ਨੇ ਓਸ ਦਾ ਪ੍ਰੇਮ ਦੇਖ ਕੇ ਏਹ ਉਪਦੇਸ਼ ਕੀਤਾ:

ਫੇਰ ਤਾਂ ਕ੍ਰਿਸ਼ਨ ਜੀ ਐਡੇ ਦੜਕੇ ਜੋ ਹੋਰ ਭੀ ਕਈ ਛੋਟੇ ਛੋਟੇ ਰਾਜੇ ਆਪਣੇ ਬਾਪ ਤੇ ਨਾਨੇ ਦੇ ਵੈਰੀ ਜਿੱਤ ਲੀਤੇ। ਯੱਦਪਿ ਜਰਾਸੰਧ ਨੇ ਜੋ ਕੰਸ ਦਾ ਸਹੁਰਾ ਸੀ, ਕਈ ਵਾਰੀ ਕ੍ਰਿਸ਼ਨ ਨੂੰ ਜੰਗ ਵਿੱਚੋਂ ਭਜਾਇਆ ਪਰ ਓੜਕ ਓਸ ਨੂੰ ਭੀ ਭੀਮਸੈਨ ਦੇ ਹੱਥੋਂ ਪਾਰ ਬੁਲਾਇਆ ਤੇ ਅਰਜਨ ਪਾਂਡਵ, ਜੋ ਏਸ ਦੀ ਭੂਆ ਦਾ ਚੁਣਵਾਂ ਜਵਾਨ ਸ਼ਸਤ੍ਰ ਵਿੱਦਜਾ ਵਿੱਚ ਬਹੁਤ ਉੱਘਾ ਸੀ; ਓਸ ਨੂੰ ਆਪਣੀ ਭੈਣ ਸੁਭੱਦ੍ਰਾ ਵਿਵਾਹਿਕੇ ਮਿਤ੍ਰ ਸਹਾਇ ਬਣਾ ਲੀਤਾ। ਕ੍ਰਿਸ਼ਨ ਜੀ ਦੇ ਵਿਵਾਹ ਭੀ ਅਨੇਕ ਰਾਜਜਾਂ ਦੇ ਘਰ ਹੋ ਗਏ। ਜਿਸ ਕਰ ਕੇ ਏਹ ਬਹੁਤ ਦੜਕ ਗਏ। ਆਪਣੀ ਰਾਜਧਾਨੀ ਕਾਠੀਆਵਾੜ ਦੇਸ਼ ਵਿੱਚ ਸਮੁੰਦਰ ਦੇ ਕੰਢੇ ਉੱਤੇ ਦੁਆਰਕਾ ਨਾਮ ਬਣਾ ਲਈ। ਇੱਕ ਕਿਲ੍ਹਾ ਸਮੁੰਦਰ ਦੇ ਵਿਚਕਾਰ ਪਹਾੜੀ ਉੱਤੇ, ਜੋ ਪਹਿਲੇ ਹੀ ਜਰਾਸਿੰਧ ਤੇ ਕਾਲ ਯਵਨ ਤੋਂ ਡਰ ਕੇ ਆਕੀ ਹੋਣ ਲਈ ਬਣਾ ਰੱਖਜਾ ਸੀ; ਬਹੁਤ ਤਕੜਾ ਕਰ ਲੀਤਾ। ਉਸ ਦਾ ਨਾਉਂ ਬੇਟ ਦੁਆਰਕਾ ਹੈ। ਫੇਰ ਤਾਂ ਕ੍ਰਿਸ਼ਨ ਜੀ ਤੇ ਬਲਭੱਦ੍ਰ ਦੇ ਪੁੱਤ੍ਰ ਪੋਤ੍ਰੇ ਬਹੁਤ ਸੂਰਬੀਰ ਉਜਾਗਰ ਹੋ ਗਏ। ਮਹਾਂਭਾਰਤ ਦੇ ਘੋਰ ਯੁੱਧ ਵਿੱਚ ਕ੍ਰਿਸ਼ਨ ਜੀ ਨੇ ਅਰਜਨ ਪਾਂਡਵਾਂ ਦੀ ਫਤੇ ਕਰਾ ਛੱਡੀ। ਫੇਰ ਉਨ੍ਹਾਂ ਦੇ ਅੱਸ਼੍ਵਮੇਧ ਜੱਗ ਵਿੱਚ ਬੜੀ ਬੜੀ ਸਹਾਇਤਾ ਦੇਂਦੇ ਰਹੇ। ਜਿਸ ਸ਼ਰਾਬ ਨੇ ਕੰਸ ਨੂੰ ਮਾਰਿਆ ਸੀ ਓਸੇ ਨੇ ਓੜਕ ਨੂੰ ਕ੍ਰਿਸ਼ਨ ਜੀ ਦੇ ਪਰਿਵਾਰ ਦਾ ਨਾਸ਼ ਕਰਾ ਦਿੱਤਾ।

ਇੱਕ ਵਾਰੀ ਪ੍ਰਭਾਸ ਛੇਤ੍ਰ ਜੋ ਸੋਮਨਾਥ ਜੋਤੀ ਲਿੰਗ ਮਹਾਂਦੇਵ ਦੇ ਪਾਸ ਅਤਿ ਪਵਿਤ੍ਰ ਤੀਰਥ ਹਿੰਦੂਆਂ ਦਾ ਹੈ ਓਥੇ ਸਾਰੇ ਪਰਿਵਾਰ ਸਮੇਤ ਕ੍ਰਿਸ਼ਨ ਬਲਭੱਦਰ ਜੀ ਗਏ। ਸ਼ਰਾਬ ਪੀ ਕੇ ਆਪਸ ਵਿੱਚ ਬੋਲੀ ਠੋਲੀ ਹੋ ਕੇ ਅਜਿਹੀ ਤਲਵਾਰ ਚੱਲੀ ਜੋ ਸਭ ਕਤਲ ਹੋ ਗਏ। ਕ੍ਰਿਸ਼ਨ ਜੀ ਉਦਾਸ ਹੋ ਕੇ ਇੱਕ ਜੰਗਲ ਵਿੱਚ ਜਾ ਕੇ ਅਜੇ ਪਏ ਹੀ ਸੇ ਕਿ ਸ਼ਿਕਾਰੀ ਖੇਡਦਾ ਹੋਯਾ ਉਨ੍ਹਾਂ ਦਾ ਕਾਲ ਆ ਪਹੁੰਚਿਆ। ਉਸ ਨੇ ਕੱਖਾਂ ਦੇ ਓਲ੍ਹੇ ਦੂਰੋਂ ਮ੍ਰਿਗ ਸੁੱਤਾ ਪਿਆ ਸਮਝ ਕੇ ਅਜਿਹਾ ਬਾਣ ਮਾਰਿਆ ਜੋ ਕ੍ਰਿਸ਼ਨ ਜੀ ਦਾ ਕੰਮ ਕਰ ਗਿਆ। ਏਧਰ ਮਥਰਾ ਵਿੱਚ ਉਗਰ ਸੈਨ ਦੀ ਉਲਾਦ ਨੇ ਬਹੁਤ ਚਿਰ ਰਾਜ ਕੀਤਾ। ਯੱਦਪਿ ਦੇਸ਼ ਤਾਂ ਉਨ੍ਹਾਂ ਦਾ ਤੂਰਾਂ ਤੇ ਚੂਹਾਨਾਂ ਰਾਜਪੂਤਾਂ ਨੇ' ਜਦ ਦਿੱਲੀ ਦਾ ਤਖ਼ਤ ਮੱਲਿਆ; ਤਾਂ ਖੋਹ ਲੀਤਾ ਪਰ ਸਰਦਾਰੀ ਬਣੀ ਰਹੀ ਸੀ ਜਿਸ ਦਾ ਚੌੜ ਚੁਪੱਟ ਮਹਿਮੂਦ ਸ਼ਾਹ ਗਜ਼ਨੀ ਵਾਲਾ ਕਰ ਗਿਆ ਜਿਸ ਦੇ ਲੁੱਟ ਮਾਰ ਕਤਲਿਆਮ ਤੇ ਜ਼ੁਲਮਾਂ ਦੀ ਕਥਾ ਨਾਲ ਬੇਅੰਤ ਪੱਤ੍ਰੇ ਕਿਤਾਬਾਂ ਦੇ ਕਾਲੇ ਹੋ ਰਹੇ ਹਨ। ਮਹਿਮੂਦ ਸ਼ਾਹ ਦੇ ਮੀਰ ਮੁਨਸ਼ੀ ਨੇ ਆਪਣੇ ਕ੍ਰਿਤ ਇਤਿਹਾਸ ਵਿੱਚ ਲਿਖਿਆ ਹੈ ਕਿ ਮਥਰਾ ਸ਼ਹਿਰ ੨੨ ਕੋਹ ਵਿੱਚ ਬੜਾ ਸੰਘਣਾ ਲੱਛਮੀ ਦਾ ਘਰ ਸੀ। ਜਿੱਥੋਂ ੩ ਵਾਰੀ ਲੱਖਾਂ ਊਠ ਘੋੜੇ ਦੌਲਤ ਦੇ ਲੱਦ ਕੇ ਮਹਿਮੂਦ ਲੈ ਗਿਆ। ਸੋ ਸੱਤ ਸੌ ਬਰਸ ਵਿੱਚ ਤੁਰਕਾਂ ਨੇ ਬਰਬਾਦ ਕਰ ਮਿੱਟੀ ਘੱਟੇ ਵਿੱਚ ਮਿਲਾ ਛੱਡਿਆ।

ਭਾਗਵਤ ਪੁਰਾਣ ਵਿੱਚ ਮਥਰਾ ਨੂੰ ਪੁਰੀ, ਕ੍ਰਿਸ਼ਨ ਜੀ ਨੂੰ ਅਵਤਾਰ ਤੇ ਓਸ ਦੇ ਕਰਤਬ ਗੋਵਰਧਨ ਪਰਬਤ ਨੂੰ ਹੱਥ ਦੀ ਇੱਕ ਉਂਗਲੀ ਉੱਤੇ ਚੱਕ ਛੱਡਣਾ, ਜਮਨਾ ਨੂੰ ਪੁਠੀ ਵਗਾ ਦੇਣਾ, ਕਾਲੀ ਨਾਗ ਨੂੰ ਪਤਾਲ ਵਿੱਚ ਜਾ ਕੇ ਨੱਥਣਾ, ਅਕਾਸ਼ ਉੱਤੇ ਜਾਣਾ, ਕਈ ਕਈ ਬਰਸ ਦੇ ਮੋਏ ਪੁਰਸ਼ਾਂ ਨੂੰ ਦੇਹ ਸਮੇਤ ਜੋ ਜਲਾਏ ਸੇ ਪਰਲੋਕ ਵਿੱਚੋਂ ਲੈ ਆਉਣਾ, ਸੋਲ੍ਹਾਂ ਹਜ਼ਾਰ ਅੱਠ ਸੌ ਇਸਤ੍ਰੀ ਰੋਜ਼ ਭੋਗਣੀ, ਸਭ ਦੇ ਦਸ ਦਸ ਪੁੱਤ੍ਰ ਧੀਆਂ ਜਮਾਉਣੇ; ਇਤਜਾਦਿਕ ਅਨੰਤ ਕਥਾ ਲਿਖ ਰੱਖੀਆਂ ਹਨ।

ਸੂਹੀ ਮਹਲਾ ੧ ॥
ਜਪ ਤਪ ਕਾ ਬੰਧੁ ਬੇੜੁਲਾ ਜਿਤੁ ਲੰਘਹਿ ਵਹੇਲਾ ॥
ਨਾ ਸਰਵਰੁ ਨਾ ਊਛਲੈ ਐਸਾ ਪੰਥੁ ਸੁਹੇਲਾ ॥੧॥
ਤੇਰਾ ਏਕੋ ਨਾਮੁ ਮੰਜੀਠੜਾ ਰਤਾ ਮੇਰਾ ਚੋਲਾ ਸਦ ਰੰਗ ਢੋਲਾ ॥੧॥ ਰਹਾਉ ॥
ਸਾਜਨ ਚਲੇ ਪਿਆਰਿਆ ਕਿਉ ਮੇਲਾ ਹੋਈ ॥
ਜੇ ਗੁਣ ਹੋਵਹਿ ਗੰਠੜੀਐ ਮੇਲੇਗਾ ਸੋਈ ॥੨॥
ਮਿਲਿਆ ਹੋਇ ਨ ਵੀਛੁੜੈ ਜੇ ਮਿਲਿਆ ਹੋਈ ॥
ਆਵਾ ਗਉਣੁ ਨਿਵਾਰਿਆ ਹੈ ਸਾਚਾ ਸੋਈ ॥੩॥
ਹਉਮੈ ਮਾਰਿ ਨਿਵਾਰਿਆ ਸੀਤਾ ਹੈ ਚੋਲਾ ॥
ਗੁਰ ਬਚਨੀ ਫਲੁ ਪਾਇਆ ਸਹ ਕੇ ਅੰਮ੍ਰਿਤ ਬੋਲਾ ॥੪॥
ਨਾਨਕੁ ਕਹੈ ਸਹੇਲੀਹੋ ਸਹੁ ਖਰਾ ਪਿਆਰਾ ॥
ਹਮ ਸਹ ਕੇਰੀਆ ਦਾਸੀਆ ਸਾਚਾ ਖਸਮੁ ਹਮਾਰਾ ॥੫॥੨॥੪॥

(ਸੂਹੀ, ਮਃ ੧ - ੭੨੯)

ਏਹ ਸ਼ਬਦ ਸੁਣਾ ਕੇ ਸਤਿਨਾਮ ਦਾ ਉਪਦੇਸ਼ ਦੇ ਕੇ ਨਿਹਾਲ ਕਰ ਦਿੱਤਾ। ਓਥੋਂ ਜੀਂਦ ਜਾ ਉੱਤਰੇ। ਓਥੇ ਭੀ ਗੁਰਦੁਆਰਾ ਹੈ। ਓਥੋਂ ਭਾਗਲ, ਚੀਕੇ, ਖਰੌਂਦੀ ਤੋਂ ਅੱਗੇ ਚੋਆ ਨਾਮ ਨਦੀ ਪਾਰ ਹੋ ਕਮਾਲਪੁਰ ਪਹੁੰਚੇ। ਓਥੇ ਭੀ ਹੁਣ ਬਹੁਤ ਸੁੰਦਰ ਜਗ੍ਹਾ ਬਾਬੇ ਦੀ ਹੈ।

ਸੁਲਤਾਨਪੁਰ ਪਹੁੰਚਨਾ

ਅੱਗੇ ਛੀਟਾਂਵਾਲੇ ਇੱਕ ਜਾੜੇ ਖੱਤ੍ਰੀ ਚੰਦਨਦਾਸ ਭਗਤ ਦੇ ਘਰ ਜਾ ਰਹੇ, ਜੋ ਬਹੁਤ ਦਿਨ ਤੋਂ ਉਡੀਕ ਰਿਹਾ ਸੀ। ਓਸ ਨੂੰ ਸੱਚਾ ਗਜਾਨ ਕਰ ਕੇ ਕੋਟਲੇ, ਜਗਰਾਉਂ, ਤਿਹਾੜੇ ਦੇਸ਼ ਦਾ ਸੈਲ ਕਰਦੇ ਹੋਏ ਬੀਬੀ ਨਾਨਕੀ ਜੀ ਦੇ ਯਾਦ ਕਰਨੇ ਕਰ ਹਰੀ ਕੇ ਪੱਤਣ ਸਤਲੁਜ ਪਾਰ ਹੋ ੧੧ ਪੋਹ ਸੰਮਤ ੧੫੯੬ ਬਿਕ੍ਰਮੀ ਨੂੰ ਸੁਲਤਾਨਪੁਰ ਜਾ ਰਹੇ।

ਗੁਰੂ ਸਾਹਿਬ ਜੀ ਦਾ ਆਗਮਨ ਸੁਣ ਕੇ ਸਭ ਸਿੱਖ, ਸੇਵਕ, ਨਵਾਬ ਦੌਲਤ ਖਾਨਾਦਿਕ ਦਰਸ਼ਨ ਨੂੰ ਆਏ। ਸ਼ਬਦ, ਸਾਖੀ, ਯਾਤ੍ਰਾ ਦੀ ਕਥਾ ਸੁਣ ਸੁਣ ਅਚਰਜ ਤੇ ਖ਼ੁਸ਼ ਹੋਏ। ਭਾਈ ਮਰਦਾਨਾ ਬਾਬੇ ਤੋਂ ਆਗਿਆ ਲੈ ਕੇ ਤਲਵੰਡੀ ਜਾ ਆਪਣੇ ਸੰਬੰਧੀਆਂ ਨੂੰ ਮਿਲਿਆ ਤੇ ਸਭ ਕਥਾ ਸੁਣਾਈ। ਬਾਬੇ ਨੂੰ ਏਨ੍ਹਾਂ ਦੇ ਮਾਤਾ, ਪਿਤਾ, ਪੁੱਤ੍ਰ, ਇਸਤਰੀ ਸੁਲਤਾਨਪੁਰ ਆਇ ਮਿਲੇ।

ਸ੍ਰੀ ਗੁਰੂ ਨਾਨਕ ਦੇਵ ਜੀ ਦੀ ਦੂਜੀ ਉਦਾਸੀ

ਤਿੰਨ ਮਹੀਨੇ ਬਾਬਾ ਜੀ ਸੁਲਤਾਨਪੁਰ ਰਹੇ। ਫੇਰ ਤਲਵੰਡੀ ਜਾ ਕੇ ਮਾਤਾ ਪਿਤਾ ਨੂੰ ਰਾਇ ਬੁਲਾਰਾਦਿਕ ਬ੍ਰਿਧਾਂ ਨੂੰ ਦਰਸ਼ਨ ਦੇ ਆਏ। ਫੇਰ ਭਾਈ ਮਰਦਾਨੇ ਬਾਲੇ ਨੂੰ ਨਾਲ ਲੈ ਕੇ ਚੜ੍ਹਦੇ ਵੈਸਾਖ ਸੰਮਤ ੧੫੬੭ ਬਿਕ੍ਰਮੀ ਨੂੰ ਦੂਜੀ ਵੇਰ ਸੈਲ ਨੂੰ ਸੁਲਤਾਨਪੁਰੋਂ ਤੁਰ ਕੇ ਸਤਲੁਜੋਂ ਪਾਰ ਧਰਮਕੋਟ ਜਾ ਉੱਤਰੇ। ਮਾਲਵ ਦੇਸ਼ ਦਾ ਸੈਲ ਕਰਦੇ ਬਠਿੰਡੇ ਜਾ ਰਹੇ। ਅਨੇਕ ਪੁਰਖਾਂ ਨੂੰ ਭਗਤੀ ਦ੍ਰਿੜ੍ਹਾ ਕੇ ਬੜੇ ਤੀਰਥ ਜਾ ਠਹਿਰੇ। ਕਈ ਦਿਨ ਉੱਥੇ ਰਹੇ। ਅਨੰਤ ਪੁਰਸ਼ਾਂ ਨੂੰ ਸੁਧਾਰ ਕੇ ਭਟਨੇਰ ਬਹਿਕਾ ਆਦਿ ਪਿੰਡਾਂ ਵਿੱਚ ਹੁੰਦੇ ਹੋਏ ੧੪ ਹਾੜ ਸੰਮਤ ੧੫੬੭ ਬਿਕ੍ਰਮੀ ਨੂੰ ਸਰਸੇ ਜਾ ਰਹੇ। ਚਾਰ ਮਹੀਨੇ ੧੧ ਦਿਨ ਓਥੇ ਰਹੇ। ਏਹ ਬਾਤ ਓਥੋਂ ਦੇ ਭੱਟਾਂ ਦੀ ਵਹੀ ਵਿੱਚੋਂ ਸਹੀ ਹੈ। ਜਿੱਥੇ ਗੁਰੂ ਸਾਹਿਬ ਰਹੇ ਸੇ ਓਥੇ ਹੁਣ ਗੁਰਦ੍ਵਾਰਾ ਬਣਿਆ ਹੋਇਆ ਹੈ।

ਓਸ ਸਮੇਂ ਖ੍ਵਾਜਾ ਅਬਦੁਲ ਸ਼ਕੂਰ ਜੋ ਵੱਡਾ ਕਰਾਮਾਤੀ ਓਸ ਦੇਸ਼ ਦਾ ਪੂਜਨੀਕ ਸੀ, ਬਹਾਵਲ ਹੱਕ, ਸ਼ਾਹਿਵਾਜ਼, ਫਰੀਦ ਦੀਨ, ਜਤੀ ਲਾਲ, ਜਲਾਲਦੀਨ ਆਦਿਕ ਗੁਰੂ ਜੀ ਨਾਲ ਕਈ ਦਿਨ ਤੱਕ ਪ੍ਰਤੇਕ ਮਤਾਂ ਦੇ ਕਰਮ, ਉਪਾਸਨਾ, ਗਜਾਨ ਵਿੱਚ ਚਰਚਾ ਕਰਦੇ ਰਹੇ। ਅਨੇਕ ਸ਼ਕਤੀਆਂ ਦੇਖੀਆਂ ਦਿਖਾਈਆਂ ਪਰ ਬਾਬਾ ਜੀ ਸਭ ਤੋਂ ਬਾਹਲੇ ਰਹੇ। ਫੇਰ ਕੋਠੜੀਆਂ ਵਿੱਚ ਸੱਭੇ ਚਲੀਹੇ ਬੈਠੇ। ਓਨ੍ਹਾਂ ਨੇ ਤਾਂ ਚਾਲ੍ਹੀ ਚਾਲ੍ਹੀ ਜੌਂ ਇੱਕ ਇੱਕ ਮੱਘੀ ਪਾਣੀ ਦੀ ਅੰਦਰ ਲੈ ਰੱਖੀ ਤੇ ਬਾਬੇ ਨੇ ਕੁਛ ਨਾ ਲੀਤਾ। ਬੂਹੇ ਬੰਦ ਕਰਾ ਕੇ ਬੈਠੇ ਰਹੇ। ਜਾਂ ੪੦ ਦਿਨ ਪਿੱਛੋਂ ਬਾਹਰ ਆਏ ਤਾਂ ਹੋਰ ਸਭਨਾਂ ਦੇ ਸਰੀਰ ਮਾੜੇ ਪੀਲੇ ਹੋਏ ਨਿੱਕਲੇ। ਬਾਬਾ ਜੀ ਜੈਸੇ ਬੈਠੇ ਸੇ, ਓਸੇ ਹੀ ਰਹੇ। ਏਹ ਪ੍ਰਤੱਖ ਸਿੱਧਤਾਈ ਦੇਖ ਕੇ ਸਭ ਫ਼ਕੀਰ ਪੀਰ ਤੇ ਲੋਕ, ਜੋ ਬਹੁਤ ਸਾਰੇ ਦਰਸ਼ਨ ਲਈ ਓਸ ਦਿਨ ਆਏ ਸੇ; ਹੱਕੇ ਬੱਕੇ ਰਹਿ ਗਏ। ਓਹ ਕੋਠੜੀਆਂ ਹੁਣ ਤਾਈਂ ਏਨ੍ਹਾਂ ਸਭਨਾਂ ਮਹਾਤਮਾਂ ਦੇ ਨਾਮ ਪਰ ਉੱਘੀਆਂ ਹਨ। ਕੋਠੜੀਆਂ ਦੇ ਪੁਜਾਰੀ ਤਾਂ ਮੁਸਲਮਾਨ ਹਨ ਅਤੇ ਗੁਰਦ੍ਵਾਰੇ ਦੇ ਪੁਜਾਰੀ ਅਰੋੜੇ ਸਿੱਖ ਭਾਈ ਨੌਧ ਸਿੰਘ ਜੀ ਦੇ ਪੁੱਤ੍ਰ ਮਹੰਤ ਈਸ਼ਰ ਸਿੰਘ ਆਦਿਕ ਹਨ।

ਬੀਕਾਨੇਰ ਪਹੁੰਚਨਾ

ਬੀਕਾਨੇਰ ਪਹੁੰਚ {ਜੈਨੀਆਂ ਦਾ ਆਚਰਣ} ਜੈਨ ਧਰਮ ਦੇ ਢੂੰਢੀਏ* ਨਾਸਤਕ ਫ਼ਕੀਰਾਂ ਨਾਲ ਚਰਚਾ ਵਿੱਚ ਬਾਬੇ ਜੀ ਨੇ ਏਹ ਸ਼ਬਦ ਬੋਲਿਆ:

ਸਲੋਕੁ ਮਃ ੧ ॥
ਸਿਰੁ ਖੋਹਾਇ ਪੀਅਹਿ ਮਲਵਾਣੀ ਜੂਠਾ ਮੰਗਿ ਮੰਗਿ ਖਾਹੀ ॥
ਫੋਲਿ ਫਦੀਹਤਿ ਮੁਹਿ ਲੈਨਿ ਭੜਾਸਾ ਪਾਣੀ ਦੇਖਿ ਸਗਾਹੀ ॥
ਭੇਡਾ ਵਾਗੀ ਸਿਰੁ ਖੋਹਾਇਨਿ ਭਰੀਅਨਿ ਹਥ ਸੁਆਹੀ ॥
ਮਾਊ ਪੀਊ ਕਿਰਤੁ ਗਵਾਇਨਿ ਟਬਰ ਰੋਵਨਿ ਧਾਹੀ ॥
ਓਨਾ ਪਿੰਡੁ ਨ ਪਤਲਿ ਕਿਰਿਆ ਨ ਦੀਵਾ ਮੁਏ ਕਿਥਾਊ ਪਾਹੀ ॥
ਅਠਸਠਿ ਤੀਰਥ ਦੇਨਿ ਨ ਢੋਈ ਬ੍ਰਹਮਣ ਅੰਨੁ ਨ ਖਾਹੀ ॥
ਸਦਾ ਕੁਚੀਲ ਰਹਹਿ ਦਿਨੁ ਰਾਤੀ ਮਥੈ ਟਿਕੇ ਨਾਹੀ ॥
ਝੁੰਡੀ ਪਾਇ ਬਹਨਿ ਨਿਤਿ ਮਰਣੈ ਦੜਿ ਦੀਬਾਣਿ ਨ ਜਾਹੀ ॥
ਲਕੀ ਕਾਸੇ ਹਥੀ ਫੁੰਮਣ ਅਗੋ ਪਿਛੀ ਜਾਹੀ ॥
ਨਾ ਓਇ ਜੋਗੀ ਨਾ ਓਇ ਜੰਗਮ ਨਾ ਓਇ ਕਾਜੀ ਮੁੰਲਾ ॥
ਦਯਿ ਵਿਗੋਏ ਫਿਰਹਿ ਵਿਗੁਤੇ ਫਿਟਾ ਵਤੈ ਗਲਾ ॥

ਓਹੁ ਬੋਲੇ ਮੂੰਹ ਅੱਗੇ ਪੱਟੀ ਨਾ ਰੱਖਣ ਤੋਂ ਸ੍ਵਾਸ ਦੀ ਗ਼ਰਮਾਈ ਨਾਲ ਅਕਾਸ਼ਚਾਰੀ, ਤੇ ਇਸ਼ਨਾਨ ਕਰਨ ਤੋਂ ਪਿੰਡੇ ਦੀ ਗ਼ਰਮਾਈ ਨਾਲ ਜਲਚਰ, ਤੇ ਪਿਸ਼ਾਬ ਝਾੜਾ ਨਾ ਬਿਖੇਰਣ ਤੋਂ ਥਲਚਰ ਸੂਖਮ ਜੀਵ ਅਨੰਤ ਮਰ ਜਾਂਦੇ ਹਨ। ਸੋ ਓਸ ਮਹਾਂ ਪਾਪ ਤੋਂ ਸਾਥੋਂ ਬਿਨਾਂ ਹੋਰ ਕੋਈ ਨਹੀਂ ਬੱਚਦਾ। ਸਭ ਮਹਾਂ ਪਾਪੀ ਹੋ ਕੇ ਨਰਗ ਭੋਗਣਗੇ।

ਤਾਂ ਬਾਬਾ ਜੀ ਬੋਲੇ:

ਜੀਆ ਮਾਰਿ ਜੀਵਾਲੇ ਸੋਈ ਅਵਰੁ ਨ ਕੋਈ ਰਖੈ ॥ ਦਾਨਹੁ ਤੈ ਇਸਨਾਨਹੁ ਵੰਜੇ ਭਸੁ ਪਈ ਸਿਰਿ ਖੁਥੈ ॥
ਪਾਣੀ ਵਿਚਹੁ ਰਤਨ ਉਪੰਨੇ ਮੇਰੁ ਕੀਆ ਮਾਧਾਣੀ ॥ ਅਠਸਠਿ ਤੀਰਥ ਦੇਵੀ ਥਾਪੇ ਪੁਰਬੀ ਲਗੈ ਬਾਣੀ ॥
ਨਾਇ ਨਿਵਾਜਾ ਨਾਤੈ ਪੂਜਾ ਨਾਵਨਿ ਸਦਾ ਸੁਜਾਣੀ ॥
ਮੁਇਆ ਜੀਵਦਿਆ ਗਤਿ ਹੋਵੈ ਜਾਂ ਸਿਰਿ ਪਾਈਐ ਪਾਣੀ ॥
ਨਾਨਕ ਸਿਰਖੁਥੇ ਸੈਤਾਨੀ ਏਨਾ ਗਲ ਨ ਭਾਣੀ ॥
ਵੁਠੈ ਹੋਇਐ ਹੋਇ ਬਿਲਾਵਲੁ ਜੀਆ ਜੁਗਤਿ ਸਮਾਣੀ ॥
ਵੁਠੈ ਅੰਨੁ ਕਮਾਦੁ ਕਪਾਹਾ ਸਭਸੈ ਪੜਦਾ ਹੋਵੈ ॥
ਵੁਠੈ ਘਾਹੁ ਚਰਹਿ ਨਿਤਿ ਸੁਰਹੀ ਸਾ ਧਨ ਦਹੀ ਵਿਲੋਵੈ ॥
ਤਿਤੁ ਘਿਇ ਹੋਮ ਜਗ ਸਦ ਪੂਜਾ ਪਇਐ ਕਾਰਜੁ ਸੋਹੈ ॥
ਗੁਰੂ ਸਮੁੰਦੁ ਨਦੀ ਸਭਿ ਸਿੱਖੀ ਨਾਤੈ ਜਿਤੁ ਵਡਿਆਈ ॥

---

*ਢੂੰਢੀਏ ਲੋਕ ਅਤੀ ਸੂਖਮ ਜੀਵ ਅਕਾਸ਼ ਵਿੱਚ ਤੇ ਜਲ ਵਿੱਚ ਭਰੇ ਹੋਏ ਮੰਨ ਕੇ ਸੁਆਸ ਤੇ ਪਿੰਡੇ ਦੀ ਭੜਾਸ ਨਾਲ ਮਰਨ ਤੋਂ ਡਰਦੇ ਮੂੰਹ ਅੱਗੇ ਪੱਟੀ ਰੱਖਦੇ ਹਨ ਤੇ ਇਸ਼ਨਾਨ ਨਹੀਂ ਕਰਦੇ। ਸੁਚੇਤੇ ਹੋ ਕੇ ਚਿੱਤੜ ਭੀ ਨਹੀਂ ਧੋਂਦੇ ਸਗੋਂ ਝਾੜੇ ਫਿਰ ਕੇ ਓਸ ਮੈਲੇ ਨੂੰ ਲੱਕੜੀ ਨਾਲ ਏਸ ਲਈ ਮਿੱਟੀ ਵਿੱਚ ਮਿਲਾ ਦਿੰਦੇ ਹਨ ਕਿ ਏਸ ਵਿੱਚ ਜੀਵ ਪੈ ਕੇ ਜੋ ਮਰਨਗੇ ਓਹ ਪਾਪ ਸਾਨੂੰ ਲੱਗੂ। ਏਸੇ ਤਰ੍ਹਾਂ ਮੂਤਰ ਹੱਥ ਉੱਪਰ ਲੈ ਕੇ ਛਿੜਕ ਦਿੰਦੇ ਹਨ। ਜਿਸ ਤਰ੍ਹਾਂ ਜੀਵ ਦੀ ਰੱਖਿਆ ਤੇ ਸੰਜਮ, ਬਰਤ, ਨੇਮ ਏਸ ਮੱਤ ਵਿੱਚ ਬਹੁਤ ਚੰਗਾ ਹੈ। ਓਸੇ ਤਰ੍ਹਾਂ ਏਸ ਤੋਂ ਵਧ ਕੇ ਕੁਚੀਲ ਰਹਿਣਾ, ਸੰਤਾਂ ਦੀ ਸੰਗਤ ਨਾ ਕਰਨੀ, ਪ੍ਰਮੇਸ਼ੂਰ ਨੂੰ ਨਾ ਮੰਨਣਾ ਏਹ ਭੈੜੀਆਂ ਗੱਲਾਂ ਭੀ ਏਨ੍ਹਾਂ ਵਿੱਚ ਰੱਜ ਕੇ ਹਨ। ਫੇਰ ਆਖਦੇ ਹਨ ਕਿ ਜਿਸ ਦੇ ਦੰਦਾਂ ਉੱਤੇ ਕੌਡੀ ਕੌਡੀ ਭਰ ਮੈਲ ਜੰਮ ਜਾਏ, ਨੇਤਰ ਸਰਹੋਂ ਦੇ ਫ਼ੁੱਲਾਂ ਜਿਹੇ ਪੀਲੇ ਹੋਣ ਓਹ ਮੁਕਤ ਪੁਰਖਾਂ ਦੀ ਪੰਗਤੀ ਵਿੱਚ ਰਲ ਜਾਂਦਾ ਹੈ। ਜੋ ਓਦੂੰ ਵਧ ਕੇ ਕੁਚੀਲ ੨੧ ਦੋਖਾਂ ਤੋਂ ਰਹਿਤ ਹੋ ਜਾਵੇ ਓਹ ਮੁਕਤ ਹੋ ਜਾਂਦਾ ਹੈ। ਓਹ ਮੁਕਤੀ ਏਸ ਤਰ੍ਹਾਂ ਦੀ ਹੈ। ਅਕਾਸ਼ ਉੱਤੇ ਇੱਕ ਆਰੋਹਣ ਨਾਮ ਸਿਲਾ ਅੱਗੇ ਵਾਂਗੂੰ ਤਪੀ ਰਹਿੰਦੀ ਹੈ ਜੀਕੂੰ ਬੜੇ ਤੱਤੇ ਤਵੇ ਉੱਤੇ ਜਲ ਬੂੰਦ ਡਿੱਗ ਕੇ ਵਿੱਚੇ ਲੈ ਹੋ ਜਾਂਦੀ ਹੈ ਏਦਾਂ ਮੁਕਤ ਹੋਣ ਵਾਲਾ ਜੀਵ ਓਸ ਸਿਲਾ ਵਿੱਚ ਲੈਯ ਹੋ ਜਾਂਦਾ ਹੈ।

ਨਾਨਕ ਜੇ ਸਿਰਖੁਥੇ ਨਾਵਨਿ ਨਾਹੀ ਤਾ ਸਤ ਚਟੇ ਸਿਰਿ ਛਾਈ ॥੧॥

(ਵਾਰ-ਮਾਝ, ਮਃ ੧ – ੧੪੯/੫੦)

ਏਹ ਸ਼ਬਦ ਸੁਣ ਕੇ ਢੂੰਢੀਏ ਤਾਂ ਸ਼ਰਮਿੰਦੇ ਹੋਏ ਚੁੱਪ ਕਰ ਗਏ ਤੇ ਓਥੋਂ ਦੇ ਲੋਕ ਰਾਜੇ ਸਮੇਤ ਓਨ੍ਹਾਂ ਦੀ ਸੇਵਕੀ ਛੱਡ ਕੇ ਬਾਬੇ ਦੇ ਸਿੱਖ ਹੋਏ। ਈਸ਼੍ਵਰ ਦੀ ਭਗਤੀ ਇਸ਼ਨਾਨ ਦਾਨ ਕਰਨ ਲੱਗੇ।

ਬੀਕਾਨੇਰੋਂ ਅੱਗੇ ਥਲੀ ਮਾਰਵਾੜ ਦੇਸ਼ ਦਾ ਸੈਲ ਕਰਦੇ ਜੈਸਲਮੇਰ ਰਾਜਧਾਨੀ ਭੱਟੀ ਰਾਜਪੂਤਾਂ ਦੀ ਜਾ ਦੇਖੀ (ਏਸੇ ਰਜਾਸਤ ਵਿੱਚੋਂ ਪਟਿਆਲਾ, ਨਾਭਾ, ਜੀਂਦ, ਫਰੀਦਕੋਟ ਦਾ ਨਿਕਾਸ ਹੈ। ਹੁਣ ਕਪੂਰਥਲੇ ਵਾਲੇ ਕਲਾਲ ਭੀ ਜੈਸਲਮੇਰ ਵੱਲ ਹੀ ਆਪਣੀ ਲੜੀ ਖਿੱਚਦੇ ਹਨ) ਓਥੋਂ ਅੱਗੇ ਹੰਸਗਤਿ ਸੈਲ ਕਰਦੇ ਮਰਦਾਨੇ ਨੂੰ ਗੁੱਗੇ* ਦੀ ਮੜ੍ਹੀ ਜਾ ਦਿਖਾਈ, ਗੁੱਗੇ ਦੀ ਕਥਾ {ਗੁੱਗੇ ਚੌਹਾਨ ਦੀ ਕਥਾ} ਸੁਣੀ ਸੁਣਾਈ। ਬਾਬੇ ਆਖਿਆ, "ਦੇਖ ਮਰਦਾਨਿਆ! ਪੀਰਾਂ ਨੂੰ ਮੁਰੀਦ ਕੀਕੂੰ ਉਡਾਂਵਦੇ ਹਨ।" ਓਥੋਂ ਅੱਗੇ ਅਨੇਕ ਜਗ੍ਹਾ ਦਾ ਸੈਲ ਕਰ 'ਅਮੇਰ' (ਆਮੇਰ) ਜਾ ਦੇਖੀ, ਜੋ ਪਹਿਲੇ ਜੈਪੁਰ ਦੀ ਰਾਜਧਾਨੀ ਸੀ। ਜੈਪੁਰ ਰਾਜੇ ਜੈ ਸਿੰਘ ਨੇ ਬਸਾ ਕੇ ਰਾਜਧਾਨੀ ਬਣਾਈ ਹੈ। ਏਦੂੰ ਅੱਗੇ (ਸੰਗਮਰਮਰ) ਚਿੱਟੇ ਪੱਥਰ ਦੇ ਪਹਾੜ ਕਿਰਾਣਾਂ ਧੌਲ ਨਾਮ, ਜੋ ਜੋਧਪੁਰ ਦੇ ਰਾਜ ਵਿੱਚ ਹਨ; ਦੇਖਦੇ ਹੋਏ ਜੋਧਪੁਰ ਤੋਂ ਬਾਹਰ ਤਲਾਉ ਕਿਨਾਰੇ ਜਾ ਬੈਠੇ। ਓਦੋਂ ਓਥੇ ਕੋਈ ਵੱਡਾ ਆਦਮੀ ਮਰ ਗਿਆ ਸੀ। ਲੋਕਾਂ ਨੂੰ ਰੋਂਦੇ ਪਿੱਟਦੇ ਦੇਖ ਕੇ ਬਾਬਾ ਜੀ ਸ਼ਬਦ ਬੋਲੇ:

ਆਸਾ ਮਹਲਾ ੧ ॥
ਏਕੁ ਮਰੈ ਪੰਚੇ ਮਿਲਿ ਰੋਵਹਿ ॥
ਹਉਮੈ ਜਾਇ ਸਬਦਿ ਮਲੁ ਧੋਵਹਿ ॥
ਸਮਝਿ ਸੂਝਿ ਸਹਜ ਘਰਿ ਹੋਵਹਿ ॥
ਬਿਨੁ ਬੂਝੇ ਸਗਲੀ ਪਤਿ ਖੋਵਹਿ ॥੧॥
ਕਉਣੁ ਮਰੈ ਕਉਣੁ ਰੋਵੈ ਓਹੀ ॥
ਕਰਣ ਕਾਰਣ ਸਭਸੈ ਸਿਰਿ ਤੋਹੀ ॥੧॥ ਰਹਾਉ ॥
ਮੂਏ ਕਉ ਰੋਵੈ ਦੁਖੁ ਕੋਇ ॥ ਸੋ ਰੋਵੈ ਜਿਸੁ ਬੇਦਨ ਹੋਇ ॥

---

*ਗੁੱਗਾ ਚੁਹਾਣ ਰਾਜਪੂਤ ਜਾਗੀਰਦਾਰ ਦਾ ਪੁੱਤ ਸੀ ਏਸ ਦੀਆਂ ਦੋ ਮਾਈਆਂ ਸਕੀਆਂ ਭੈਣਾਂ ਕਾਛਲ ਬਾਛਲ, ਨਾਮੇ ਸਨ। ਬਾਛਲ ਦਾ ਗੁੱਗਾ ਸੀ। ਕਾਛਲ ਦੇ ਜੌਰਾ ਭੌਰਾ ਦੋ ਪੁੱਤਰ ਸੇ। ਗੁੱਗਾ ਮਸਤ ਜੇਹਾ ਫ਼ਕੀਰਾਂ ਪਾਸ ਬੈਠਾ ਸੱਪਾਂ ਨਾਲ ਖੇਡਦਾ ਰਹਿੰਦਾ ਸੀ। ਏਸ ਦੀ ਮੰਗ ਸਿਰੀਅਲ ਨਾਮ ਬੜੀ ਸੁੰਦਰ ਸੀ। ਜੌਰਾ ਭੌਰਾ ਬੜੇ ਚਲਾਕ ਸੇ। ਸਿਰੀਅਲ ਦੇ ਬਾਪ ਨਾਲ ਬਾਨਣੂੰ ਬੰਨ੍ਹ ਕੇ ਵਿਆਹੁਣ ਚਲੇ ਗਏ। ਬਾਛਲ ਨੂੰ ਖ਼ਬਰ ਹੋਈ ਤਾਂ ਫ਼ਕੀਰਾਂ ਪਾਸ ਜਾ ਪਿੱਟੀ ਕਿ ਤੁਹਾਡੇ ਪਾਸ ਬੈਠਣ ਦਾ ਏਹ ਫ਼ਲ ਹੋਇਆ ਜੋ ਮੇਰੇ ਪੁੱਤ ਦੀ ਮੰਗ ਮੇਰੀ ਸੌਂਕਣ ਦੇ ਪੁੱਤ੍ਰ ਵਿਆਹੁਣ ਗਏ। ਗੁੱਗਾ ਤਾਂ ਨਹੀਂ ਚਾਹੁੰਦਾ ਸੀ ਪਰ ਜੋਗੀ ਫ਼ਕੀਰ ਬਹੁਤ ਕੱਠੇ ਹੋ ਕੇ ਗੁੱਗੇ ਦੇ ਨਾਨੇ ਤੇ ਮਾਮੇ ਦੀ ਸਹਾਇਤਾ ਸਲਾਹ ਲੈ ਕੇ ਗੁੱਗੇ ਨੂੰ ਬਜਾਹੁਣ ਲੈ ਗਏ। ਜੌਰੇ, ਭੌਰੇ ਨਾਲ ਇਨ੍ਹਾਂ ਦਾ ਜੰਗ ਹੋਇਆ, ਜਿਸ ਵਿੱਚ ਉਹ ਮਾਰੇ ਗਏ। ਗੁੱਗਾ ਸਿਰੀਅਲ ਰਾਣੀ ਨੂੰ ਵਿਯਾਹ ਲਿਆਯਾ। ਘਰ ਆਯਾ ਤਾਂ ਬਾਛਲ ਨੇ ਆਪਣੀ ਭੈਣ ਦੇ ਪਿੱਟਣੇ ਰੋਣ ਕਰ ਭਣੇਵਿਆਂ ਦੇ ਮਾਰਨ ਦੇ ਰੰਜ ਵਿੱਚ ਗੁੱਗੇ ਨੂੰ ਆਖਿਆ, "ਤੂੰ ਭੀ ਮਰ ਜਾਹ, ਮੇਰੇ ਮੂੰਹ ਨਾ ਲੱਗੀਂ।" ਉਹ ਆਪਣੀ ਰਾਣੀ ਨੂੰ ਆਪਣੇ ਮਹਿਲ ਵਿੱਚ ਛੱਡ ਕੇ ਆਖ ਗਿਆ ਕਿ ਤੇਰੇ ਪਾਸ ਮੈਂ ਰਾਤ ਨੂੰ ਰੋਜ਼ ਆਵਾਂਗਾ। ਨਾ ਰੋਈਂ ਪਿੱਟੀਂ, ਨਾ ਸੋਗ ਕਰੀਂ। ਆਪ ਜੰਗਲ ਵਿੱਚ ਜਾ ਕੇ ਮਰ ਗਿਆ। ਆਖਦੇ ਹਨ ਕਿ ਘੋੜੇ, ਬਰਛੀ ਸਮੇਤ ਧਰਤੀ ਵਿੱਚ ਧਸ ਗਿਆ। ਘੋੜੇ ਦੇ ਕੰਨ ਬਰਛੀ ਦੀ ਘਣੀ ਨੰਗੇ ਰਹੇ। ਸੁਣਿਆ ਹੈ ਚਿੰਨ੍ਹ ਹੁਣ ਭੀ ਹਨ। ਬਾਛਲ ਨੇ ਸਿਰੀਅਲ ਨੂੰ ਪੁੱਛਿਆ ਤੂੰ ਸ਼ਿੰਗਾਰ ਕਿਉਂ ਕਰਦੀ ਹੈਂ? ਓਨ ਆਖਿਆ, "ਤੇਰਾ ਪੁੱਤ੍ਰ ਹਮੇਸ਼ਾ ਮੇਰੇ ਪਾਸ ਆਉਂਦਾ ਹੈ। ਤਾਂ ਬਾਛਲ ਦੇਖਣ ਵਾਸਤੇ ਛਿਪ ਕੇ ਬੈਠ ਰਹੀ। ਜਾਂ ਗੁੱਗਾ ਆਇਆ ਤਾਂ ਜੱਫੀ ਪਾ ਲਈ, ਰੋਣ ਲੱਗੀ। ਓਸ ਦਿਨ ਤੋਂ ਫੇਰ ਨਾ ਆਇਆ। ਏਹੋ ਜਿਹੀਆਂ ਫਜ਼ੂਲ ਕਰਾਮਾਤਾਂ ਗੁੱਗੇ ਦੀਆਂ ਦੱਸ-ਦੱਸ ਕੇ ਨਾਈ, ਝੀਵਰ, ਚੂਹੜੇ, ਜੋ ਓਸ ਦੇ ਬਹੁਤ ਸੇਵਕ ਭਗਤ ਹਨ; ਗੁੱਗੇ ਦੇ ਗੀਤ ਗਾਂਵਦੇ ਹਨ। ਡੌਰੂ ਵਜਾ ਵਜਾ ਅਤੇ ਛੜੀਆਂ ਕੱਢਦੇ ਹਨ ਤੇ ਹਾਲ ਖੇਡਦੇ ਹਨ। ਐਸਾ ਕੋਈ ਪਿੰਡ ਨਹੀਂ, ਜਿੱਥੇ ਗੁੱਗੇ ਦੀ ਮੜ੍ਹੀ ਨਹੀਂ। ਆਖਦੇ ਹਨ ਗੁੱਗੇ ਦੀ ਮੰਨਤ ਕਰਨ ਵਾਲੇ ਨੂੰ ਸੱਪ ਨਹੀਂ ਲੜਦਾ, ਜੇ ਲੜੇ ਤਾਂ ਜ਼ਹਿਰ ਨਹੀਂ ਚੜ੍ਹਦੀ। ਤਦੇ ਹੀ ਭਾਦਰੋਂ ਵਦੀ ਨੌਮੀ ਨੂੰ ਜਿੱਦਨ ਓਹ ਸਮਾਯਾ ਸੀ ਗੁੱਗੇ ਦੇ ਨਾਉਂ ਦੀਆਂ ਸੇਵੀਆਂ ਸੱਪ ਜੇਹੇ ਕਰ ਕੇ ਤੇ ਕੱਚੀ ਲੱਸੀ ਦੁੱਧ ਮਾਈਆਂ ਬਹੁਤ ਚੜ੍ਹਾਂਵਦੀਆਂ ਹਨ।

ਨੋਟ: ਇੱਕ ਮਾਈ ਨੌਮੀ ਵਾਲੇ ਦਿਨ ਸੇਵੀਆਂ ਚੜੌਣ ਗਈ, ਜਾਂ ਗੁੱਗੇ (ਸੱਪ) ਦੀ ਮੜ੍ਹੀ ਤੇ ਮੱਥਾ ਟੇਕਿਆ ਤਾਂ ਮੱਥੇ ਵਿੱਚ ਗੁੱਗੇ ਡੰਗ ਮਾਰਿਆ, ਥੋੜ੍ਹੇ ਚਿਰ ਪਿੱਛੋਂ ਉਹ ਮਰ ਗਈ। ਏਹ ਐਵੇਂ ਖ਼ਿਆਲੀ ਪੁਲਾਉ ਹਨ, ਜਿਸ ਨੂੰ ਸੱਪ ਲੜ ਜਾਊ ਭਲਾ ਫੇਰ ਉਸ ਨੂੰ ਜ਼ਹਿਰ ਕਿਸ ਤਰ੍ਹਾਂ ਨਾ ਚੜ੍ਹੂ? ਪ੍ਰਮੇਸ਼੍ਵਰ ਦੀ ਮਰਜ਼ੀ ਵੱਖਰੀ ਗੱਲ ਹੈ ਕਿ ਓਹ ਉਸ ਨੂੰ ਜ਼ਹਿਰ ਚੜ੍ਹਨ ਤੋਂ ਬਚਾ ਲਵੇ ਪਰ ਗੁੱਗਾ ਪੂਜਣ ਨਾਲ ਕੁੱਝ ਨਹੀਂ ਹੋ ਸਕਦਾ।

ਜਿਸੁ ਬੀਤੀ ਜਾਣੈ ਪ੍ਰਭ ਸੋਇ ॥ ਆਪੇ ਕਰਤਾ ਕਰੇ ਸੁ ਹੋਇ ॥੨॥
ਜੀਵਤ ਮਰਣਾ ਤਾਰੇ ਤਰਣਾ ॥ ਜੈ ਜਗਦੀਸ ਪਰਮ ਗਤਿ ਸਰਣਾ ॥
ਹਉ ਬਲਿਹਾਰੀ ਸਤਿਗੁਰ ਚਰਣਾ ॥ ਗੁਰੁ ਬੋਹਿਥੁ ਸਬਦਿ ਭੈ ਤਰਣਾ ॥੩॥
ਨਿਰਭਉ ਆਪਿ ਨਿਰੰਤਰਿ ਜੋਤਿ ॥ ਬਿਨੁ ਨਾਵੈ ਸੂਤਕੁ ਜਗਿ ਛੋਤਿ ॥
ਦੁਰਮਤਿ ਬਿਨਸੈ ਕਿਆ ਕਹਿ ਰੋਤਿ ॥ ਜਨਮਿ ਮੂਏ ਬਿਨੁ ਭਗਤਿ ਸਰੋਤਿ ॥੪॥
ਮੂਏ ਕਉ ਸਚੁ ਰੋਵਹਿ ਮੀਤ ॥ ਤ੍ਰੈ ਗੁਣ ਰੋਵਹਿ ਨੀਤਾ ਨੀਤ ॥
ਦੁਖੁ ਸੁਖੁ ਪਰਹਰਿ ਸਹਜਿ ਸੁਚੀਤ ॥ ਤਨੁ ਮਨੁ ਸਉਪਉ ਕ੍ਰਿਸਨ ਪਰੀਤਿ ॥੫॥
ਭੀਤਰਿ ਏਕੁ ਅਨੇਕ ਅਸੰਖ ॥ ਕਰਮ ਧਰਮ ਬਹੁ ਸੰਖ ਅਸੰਖ ॥
ਬਿਨੁ ਭੈ ਭਗਤੀ ਜਨਮੁ ਬਿਰੰਥ ॥ ਹਰਿ ਗੁਣ ਗਾਵਹਿ ਮਿਲਿ ਪਰਮਾਰੰਥ ॥੬॥
ਆਪਿ ਮਰੈ ਮਾਰੇ ਭੀ ਆਪਿ ॥ ਆਪਿ ਉਪਾਏ ਥਾਪਿ ਉਥਾਪਿ ॥
ਸ੍ਰਿਸਟਿ ਉਪਾਈ ਜੋਤੀ ਤੂ ਜਾਤਿ ॥ ਸਬਦੁ ਵੀਚਾਰਿ ਮਿਲਣੁ ਨਹੀ ਭ੍ਰਾਤਿ ॥੭॥
ਸੂਤਕੁ ਅਗਨਿ ਭਖੈ ਜਗੁ ਖਾਇ ॥ ਸੂਤਕੁ ਜਲਿ ਥਲਿ ਸਭ ਹੀ ਥਾਇ ॥
ਨਾਨਕ ਸੂਤਕਿ ਜਨਮਿ ਮਰੀਜੈ ॥ ਗੁਰ ਪਰਸਾਦੀ ਹਰਿ ਰਸੁ ਪੀਜੈ ॥੮॥੪॥

(ਆਸਾ, ਮ: ੧ - ੪੧੩)

ਏਹ ਸ਼ਬਦ ਅਤੇ ਰਬਾਬ ਵੱਜਦਾ ਸੁਣ ਕੇ ਬਹੁਤ ਲੋਕ ਬਾਬੇ ਪਾਸ ਆ ਬੈਠੇ। ਕੰਨ ਪਾਟੇ ਜੋਗੀ ਤੇ ਬੈਰਾਗੀ ਫ਼ਕੀਰ ਆਏ। ਓਨ੍ਹਾਂ ਪੁੱਛਿਆ, "ਤੁਸੀਂ ਜੋਗੀ ਹੋ ਕੇ ਬੈਰਾਗੀ?" ਤਾਂ ਬਾਬੇ ਜੀ ਨੇ ਸ਼ਬਦ ਬੋਲਿਆ:

ਮੇਰੇ ਰਾਜਨ ਮੈ ਬੈਰਾਗੀ ਜੋਗੀ ॥
ਮਰਤ ਨ ਸੋਗ ਬਿਓਗੀ ॥੧॥ ਰਹਾਉ ॥
ਖੰਡ ਬ੍ਰਹਮੰਡ ਮਹਿ ਸਿੰਙੀ ਮੇਰਾ ਬਟੂਆ ਸਭੁ ਜਗੁ ਭਸਮਾਧਾਰੀ ॥
ਤਾੜੀ ਲਾਗੀ ਤ੍ਰਿਪਲੁ ਪਲਟੀਐ ਛੂਟੈ ਹੋਇ ਪਸਾਰੀ ॥੨॥
ਮਨੁ ਪਵਨੁ ਦੁਇ ਤੂੰਬਾ ਕਰੀ ਹੈ ਜੁਗ ਜੁਗ ਸਾਰਦ ਸਾਜੀ ॥
ਥਿਰੁ ਭਈ ਤੰਤੀ ਤੂਟਸਿ ਨਾਹੀ ਅਨਹਦ ਕਿੰਗੁਰੀ ਬਾਜੀ ॥੩॥
ਸੁਨਿ ਮਨ ਮਗਨ ਭਏ ਹੈ ਪੂਰੇ ਮਾਇਆ ਡੋਲ ਨ ਲਾਗੀ ॥
ਕਹੁ ਕਬੀਰ ਤਾ ਕਉ ਪੁਨਰਪਿ ਜਨਮੁ ਨਹੀ ਖੇਲਿ ਗਇਓ ਬੈਰਾਗੀ
॥੪॥੨॥੫੩॥

(ਗਉੜੀ, ਭਗਤ ਕਬੀਰ ਜੀ - ੩੩੪/੩੫)

(ਇਹ ਸ਼ਬਦ ਕਬੀਰ ਜੀ ਦਾ ਹੈ)

ਏਹ ਸਾਰਾ ਸ਼ਬਦ ਸੁਣ ਕੇ ਹੋਰ ਤਾਂ ਉੱਤਰ ਨਾ ਦਿੱਤਾ ਪਰ ਇੱਕ ਸਿੱਧ ਪਾਣੀ ਉੱਤੇ ਚੌਕੜੀ ਮਾਰ ਕੇ ਬੈਠ ਗਿਆ। ਤਾਂ ਬਾਬੇ ਜੀ ਨੇ ਕੂੰਡਾ ਪੱਥਰ ਦਾ, ਜੋ ਓਥੇ ਪਿਆ ਸੀ; ਤਲਾਬ ਦੇ ਜਲ ਪਰ ਮੁਰਗਾਈ ਵਾਂਗੂੰ ਤਰਾ ਦਿੱਤਾ ਜੋ ਹੁਣ ਤੱਕ ਤਰਦਾ ਹੈ।

ਝਾਲਾ ਪਾਟਨ ਪ੍ਰਵੇਸ਼

ਬਾਬਾ ਜੀ ਜੋਧਪੁਰੋਂ ਅੱਗੇ ਹੋਰ ਹੋਰ ਜਗ੍ਹਾ ਸੈਰ ਕਰ ਝਾਲਾ ਪਾਟਣ ਜਾ ਰਹੇ, ਏਸ ਦੇਸ਼ ਵਿੱਚ ੧੮ ਰਜਵਾੜੇ ਬੜੇ ਬੜੇ ਤੇ ਬਾਕੀ ਛੋਟੇ ਛੋਟੇ ਬਹੁਤ ਹਨ। ਝਾਲਾ ਵਿੱਚ {ਪੀਪਾ ਜੀ ਦੀ ਕਥਾ} ਪੀਪਾ ਭਗਤ ਹੋਯਾ ਹੈ। ਓਸ ਦੇ ਸਤਸੰਗੀ ਬਾਬੇ ਜੀ ਪਾਸ ਆਏ ਤਾਂ ਭਾਈ ਮਰਦਾਨੇ ਨੇ ਪੁੱਛਿਆ, "ਪੀਪੇ ਭਗਤ ਨੂੰ ਕਿੰਨਾ ਚਿਰ ਹੋਯਾ ਹੈ?" ਓਨ੍ਹਾਂ ਨੇ ਬੜੀ ਨਿਮਰਤਾ ਨਾਲ ਆਖਿਆ, "ਸੰਨ ੧੪੬੨ ਬਿਕ੍ਰਮੀ ਨੂੰ ਝਾਲਾ ਵਿੱਚ ਪੈਦਾ ਹੋ ਕੇ ਪਾਟਨ ਵਿੱਚ ਸਾਰੀ ਉਮਰ ਜਪ, ਤਪ, ਭਗਤੀ ਕਰਦਾ ਰਿਹਾ। ਕਈ ਵਾਰੀ ਦੁਵਾਰਕਾ ਜਗਨਨਾਥ, ਹਰਿਦੁਵਾਰ, ਮਥਰਾ ਗਿਆ। ਓਹ ਸਗੁਨ ਬ੍ਰਹਮ ਦਾ ਉਪਾਸਕ ਸੀ। ਓੜਕ ਸੰਮਤ ੧੫੧੩ ਬਿਕ੍ਰਮੀ ਨੂੰ ਜਦ ਦੁਵਾਰਕਾ ਗਿਆ ਤਾਂ ਬੇਟ ਦੁਵਾਰਕਾ ਸਮੁੰਦ੍ਰ ਵਿੱਚ ਕ੍ਰਿਸ਼ਨ ਜੀ ਦੀ ਮੂਰਤਿ ਤਾਰਨ ਦੇ ਉਛਵ ਸਮੇਂ (ਜੋ ਸਾਲ ਪਿੱਛੋਂ ਨੌਕਾ ਉੱਤੇ ਰੁਕਮਨੀ ਸਣੇ ਬੈਠਾ ਕੇ ਤਰਾਇਆ ਕਰਦੇ ਹਨ) ਆਪ ਭੀ ਤਰ ਗਿਆ। ਓਸ ਸਮੇਂ ਭਗਤ ਜੀ ਏਹ ਸ਼ਬਦ ਗਾਯਨ ਕਰ ਰਹੇ ਸੇ:

ਸਾਵਰੇ ਕਿਉ ਨਹੀ ਪਕਰਤ ਹਾਥ ॥
ਕੈ ਰੂਠੇ ਕੈ ਮੂਠੇ ਕਾਹੂੰ ਕੈ ਬੂਢੇ ਭਏ ਗਾਤ ॥
ਕੈਧੋਂ ਆਪ ਨਹੀਂ ਤਰ ਜਾਨਤ ਸਕਤ ਨਿਬਾਹਿ ਨ ਸਾਥ ॥
ਬਹਿਯੋ ਜਾਤ ਹੋਂ ਭਵ ਸਾਗਰ ਮੈ ਤੁਮ ਢਿਗ ਖੇਵਟ ਨਾਥ ॥
ਦੀਨ ਦਿਆਲ ਨਾਮ ਹੈ ਤੁਮਾਰਾ ਮੈ ਹੋਂ ਦੀਨ ਅਨਾਥ ॥
ਦੀਜੈ ਦਰਸ ਸਰਸ ਸੁਖਦਾਇਕ ਜਾਵਤ ਜਨਮ ਅਕਾਥ ॥
ਹਾਥੀ ਵਾਰੇ ਹਾਥ ਸੰਗ ਪ੍ਰਭ ਪਕਰੋ ਮੇਰਾ ਹਾਥ ॥
ਪਾਪੀ ਪੀਪਾ ਪਰਿਯੋ ਦ੍ਵਾਰ ਪੈ ਕੀਜੈ ਮੋਹਿ ਸਨਾਥ ॥

ਤਾਂ ਇੱਕ ਸੰਤ ਨੇ ਪਾਸੋਂ ਕਿਹਾ ਅਰੇ ਪਕਰੋ ਪਕਰੋ ਕਾ ਕਹਿਤ ਹੈਂ? ਕੂਦ ਪਰੋ ਏਹ ਸੁਣ ਕੇ ਪੀਪਾ ਜੀ ਨੇ ਸਮੁੰਦਰ ਵਿੱਚ (ਜੋ ਓਥੋਂ ਬਹੁਤ ਡੂੰਘਾ ਹੈ) ਛਾਲ ਮਾਰੀ ਤਾਂ ਇੱਕ ਵਾਰੀ ਚਮਤਕਾਰ ਐਸਾ ਹੋਇਆ ਜੈਸਾ ਸੋਇਨੇ ਦੇ ਮੰਦਰ ਪਰ ਸੂਰਜ ਦੀ ਕਿਰਨ ਪੈਂਦੀ ਹੈ। ਲੋਕ ਕਹਿੰਦੇ ਸੇ, ਏਹ ਓਸ ਦੁਵਾਰਕਾ ਦਾ ਦਰਸ਼ਨ ਹੋਯਾ ਹੈ ਜੋ ਸੋਇਨੇ ਦੀ ਸਮੁੰਦ੍ਰ ਨੇ ਕ੍ਰਿਸ਼ਨ ਜੀ ਦੇ ਬੈਕੁੰਠ ਗਏ ਪਿੱਛੋਂ ਡੁੱਬੋ ਲੀਤੀ ਸੀ। ਏਹ ਪ੍ਰਸੰਗ ਬੜੇ ਪ੍ਰੇਮ ਨਾਲ ਓਸ ਦੇ ਸੰਗਤੀਆਂ ਨੇ ਸੁਣਾਇਆ। ਦੋ ਦਿਨ ਬਾਬੇ ਨੂੰ ਰੱਖਯਾ ਸੰਗਤ ਕੀਤੀ। ਓਨ੍ਹਾਂ ਨੂੰ ਓਨ੍ਹਾਂ ਦੀ ਭਗਤੀ ਮਜੂਰੀ, ਆਤਮਕ ਸ਼ਕਤੀ ਦੇ ਕੇ ਝਾਲਾ ਤੋਂ ਅੱਗੇ ਅਨੇਕ ਪੁਰਸ਼ਾਂ ਨੂੰ ਸੁਮੱਤੇ ਲਾਂਵਦੇ ਹੋਏ ਗੁਢੇ ਸ਼ਹਿਰ ਪਾਸ ਪਹੁੰਚੇ। ਤਾਂ ਇੱਕ {ਹਰਿ ਜੀ ਸਿੱਧ} ਹਰਿ ਜੀ ਨਾਮ ਸਿੱਧ ਜੋ ਓਸ ਪਰਬਤ ਵਿੱਚ ਰਹਿੰਦਾ ਸੀ ਆ ਮਿਲਿਆ। ਬਾਬੇ ਜੀ ਨੂੰ ਇੱਕ ਕੰਦ੍ਰਾ ਵਿੱਚ ਲੈ ਗਿਆ। ਅਨੇਕ ਚਮਤਕਾਰੇ ਦੇਖੇ ਦਿਖਾਏ। ਸ੍ਵਾਦੀਕ ਕੰਦ ਮੂਲ ਛਕਾਏ। ਬਾਬੇ ਜੀ ਨੇ ਓਸ ਨੂੰ ਸਿੱਧੀਆਂ ਦੇਖਾਵਣੋਂ ਹਟਾ ਕੇ ਭਜਨ ਭਗਤੀ ਕਰਨ ਲਾਇਆ। ਹੁਣ ਓਸ ਦਾ ਮੇਲਾ ਤੇ ਮੰਨਤ ਬਹੁਤ ਹੁੰਦੀ ਹੈ।

ਨਾਥ ਦੁਆਰੇ ਪਹੁੰਚਨਾ

ਅੱਗੇ ਨੌਲਗੜ੍ਹ ਪਾਸ ਓਸ ਲੋਹਾ ਗਰਨਾਮ ਤਲਾਉ ਨੂੰ; ਜਿਸ ਵਿੱਚ ਲੋਹਾ ਸਿੱਟਿਆਂ ਮਿੱਟੀ ਹੋ ਜਾਂਦਾ ਹੈ ਤੇ ਮਦਰੀ ਦੇਵੀ ਦੀ ਮੂਰਤ, ਜਿਸ ਨੂੰ ਸ਼ਰਾਬ ਦਾ ਭੋਗ ਲੱਗਦਾ ਹੈ; ਦੇਖਦੇ ਹੋਏ ਸਾਬਰ ਖੱਟੂ, (ਜਿੱਥੇ ਕਿਆਰੀਆਂ ਵਿੱਚ ਹਡੀ ਲਕੜੀ ਪੱਥਰ ਸਿੱਟੀ ਹੋਈ ਸਾਂਬਰ ਲੂਣ ਬਣ ਜਾਂਦਾ ਹੈ) ਜਾ ਦੇਖਿਆ। ਫੇਰ ਪਾਲੀ ਸ਼ਹਿਰ ਤੇ ਨਾਥਦ੍ਵਾਰੇ* ਜੋ ਉਦੇਪੁਰ ਤੋਂ ੧੨ ਕੋਹ ਉੱਤਰ ਵੱਲ ਹੈ ਜਾ ਉੱਤਰੇ। ਓਥੋਂ ਦਾ ਮਹੰਤ ਗੁਸਾਈਂ ਰਤਨ ਜੜਿਤ ਗਹਿਣੇ ਸੁੰਦਰ ਕੱਪੜੇ ਅਤਰ ਧਾਰਨ ਕੀਤੇ ਹੋਏ ਬਾਬੇ ਪਾਸੋਂ ਦੀ ਲੰਘਜਾ ਤਾਂ ਮਰਦਾਨੇ ਨੇ ਕਿਹਾ ਏਹ ਕੇਡੇ ਹੰਕਾਰ ਵਿੱਚ ਹੈ ਤਾਂ ਬਾਬੇ ਜੀ ਨੇ ਸ਼ਬਦ ਬੋਲਿਆ:

ਗਉੜੀ ਮਹਲਾ ੧ ॥
ਚੋਆ ਚੰਦਨੁ ਅੰਕਿ ਚੜਾਵਉ ॥
ਪਾਟ ਪਟੰਬਰ ਪਹਿਰਿ ਹਢਾਵਉ ॥
ਬਿਨੁ ਹਰਿ ਨਾਮ ਕਹਾ ਸੁਖੁ ਪਾਵਉ ॥੧॥
ਕਿਆ ਪਹਿਰਉ ਕਿਆ ਓਢਿ ਦਿਖਾਵਉ ॥
ਬਿਨੁ ਜਗਦੀਸ ਕਹਾ ਸੁਖੁ ਪਾਵਉ ॥੧॥ ਰਹਾਉ ॥
ਕਾਨੀ ਕੁੰਡਲ ਗਲਿ ਮੋਤੀਅਨ ਕੀ ਮਾਲਾ ॥
ਲਾਲ ਨਿਹਾਲੀ ਫੂਲ ਗੁਲਾਲਾ ॥

---

*ਏਹ ਨਾਥਦ੍ਵਾਰਾ ਮੰਦਰ ਗੋਕਲੀਏ ਗੁਸਾਈਆਂ ਦਾ ਹੈ, ਏਥੇ ਓਹ ਮੂਰਤਿ ਕ੍ਰਿਸ਼ਨ ਜੀ ਦੀ ਹੈ ਜਿਸ ਨੇ ਗੋਵਰਧਨ ਚੁੱਕਿਆ ਸੀ। ਜਿਸ ਗੜ੍ਹ ਪੁਰ ਓਥੋਂ ਆਈ ਹੈ ਓਹ ਗੜ੍ਹਾ ਭੀ ਓਥੇ ਹੈ। ਛੀਆਂ ਰੁਤਾਂ ਦੇ ਮੇਵੇ ਬਸਤਰ ਭੋਗ ਏਥੇ ਠਾਕੁਰ ਨੂੰ ਵੱਖਰੇ-ਵੱਖਰੇ ਲੱਗਦੇ ਹਨ। ਪਹਿਲਾ ਭੋਗ ਚਾਰ ਘੜੀ ਦੇ ਤੜਕੇ ਮੱਖਣ ਮਿਸ਼ਰੀ ਦਾ ਲੱਗਦਾ ਹੈ ਜੋ ਪੰਜ ਸੇਰ ਪੱਕੇ ਤੋਂ ਘੱਟ ਨਹੀਂ ਹੁੰਦਾ। ਦੂਜਾ ਭੋਗ ਚਾਰ ਘੜੀ ਦਿਨ ਚੜ੍ਹੇ ਠਾਕੁਰ ਜੀ ਸੁੱਤੇ ਉੱਠਦੇ ਹਨ ਤਾਂ ਇਸ਼ਨਾਨ ਸ਼ਿੰਗਾਰ ਆਰਤੀ ਪੂਜਾ ਝਾਕੀ ਹੋ ਕੇ ਦੁੱਧ ਪੇੜੇ ਪਾਏ ਹੋਏ ਤੇ ਬਦਾਮ ਤੇ ਰੁੱਤ-ਰੁੱਤ ਦੇ ਮੇਵਿਆਂ ਦਾ ਲੱਗਦਾ ਹੈ। ਤੀਜਾ ਭੋਗ ਰਾਜ ਭੋਗ ਨਾਮੀ ਯਾਰਾਂ ਵਜੇ ਲੱਗਦਾ ਹੈ, ਏਸ ਵਿੱਚ ੫੬ ਪ੍ਰਕਾਰ ਦੇ ਭੋਜਨ ਮਠਿਆਈਆਂ ਐਤਨੇ ਕੁ ਬਣਦੇ ਹਨ ਜਿਨ੍ਹਾਂ ਉੱਤੇ ਪੰਜ ਸੌ ਰੁਪਿਆ ਹਰ ਰੋਜ਼ ਖ਼ਰਚ ਹੁੰਦਾ ਹੈ, ਏਹ ਭੋਗ ਲਾ ਕੇ ਠਾਕੁਰ ਜੀ ਸੌਂ ਜਾਂਦੇ ਹਨ। ਕ੍ਰਿਸ਼ਨ ਰਾਧਕਾਂ ਦੀ ਸੇਜਾ ਰਾਜੇ ਰਾਣੀਆਂ ਵਰਗੀ ਵਿਛਦੀ ਹੈ। ੧ ਪਹਿਰ ਦਿਨ ਰਹੇ ਜਾਗਦੇ ਹਨ। ਫੇਰ ਸੌਚ ਇਸ਼ਨਾਨ ਸ਼ਿੰਗਾਰ ਸਾਰੀ ਕ੍ਰਿਆ ਸੇਵਾ ਬਾਦਸ਼ਾਹਾਂ ਨਾਲੋਂ ਅਧਕ ਅਦਬ ਨਾਲ ਝਾਕੀ ਹੁੰਦੀ ਹੈ। ਪੰਡਿਤ ਕਥਾ ਭਾਗਵਤ ਸੁਣਾਂਵਦਾ ਹੈ ਤਦੋਂ ਓਸ ਕੜ੍ਹੇ ਹੋਏ ਦੁੱਧ ਦਾ ਭੋਗ ਲੱਗਦਾ ਹੈ ਜਿਨ੍ਹਾਂ ਗਊਆਂ ਨੂੰ ਮੇਵੇ ਮਿਠਾਈ ਪੇੜੇ ਦੁੱਧ ਵਿੱਚ ਭਿੱਜੀ ਹੋਈ ਦਾਲ ਛੋਲਿਆਂ ਦੀ ਸੁੰਦਰ ਘਾਸ ਮਨ ਭਾਏ ਖੁਲਾਏ ਜਾਂਦੇ ਹਨ। ਦਿਨ ਖੜੋਤੇ ਹੀ ਸੁਲ੍ਹਾ ਦਿੰਦੇ ਹਨ। ਠਾਕੁਰ ਜੀ ਦੇ ਨਿਵਾਸ ਜੋਗ ਮੰਦਰ ਦੀ ਦੋਹਰੀ ਕੰਧ ਦੋਹਰੇ ਤੰਬੂ ਵਾਂਗੂੰ ਹੈ। ਗ਼ਰਮੀ ਦੇ ਸਮੇਂ ਓਸ ਥੋਥ ਵਿੱਚ ਰੇਤਾ ਜਲ ਭਰ ਕੇ ਮੰਦਰ ਨੂੰ ਠੰਢਾ ਰੱਖਦੇ ਹਨ ਕਿ ਠਾਕੁਰ ਜੀ ਨੂੰ ਗ਼ਰਮੀ ਨਾ ਲੱਗੇ। ਚੌਹੀਂ ਕੋਣੀ ਚਾਰ ਫੁਹਾਰੇ ਜਲ ਦੇ ਪੰਜਵਾਂ ਚਰਨਾਂ ਅੱਗੇ ਕੇਉੜੇ ਗੁਲਾਬ ਬੇਦ ਮੁਸ਼ਕ ਦਾ ਚੱਲਦਾ ਹੈ। ਓਸ ਨਾਲ ਜਿਹੜੀ ਮਿੱਟੀ ਭਿੱਜਦੀ ਹੈ ਓਹ ਪਰਸ਼ਾਦ ਸੇਵਕਾਂ ਦੇ ਜਾਂਦਾ ਹੈ। ਗ੍ਰਭਣੀਆਂ ਇਸਤਰੀਆਂ ਖ਼ੁਸ਼ ਹੋ ਕੇ ਖਾਂਦੀਆਂ ਹਨ। ਪੱਖੇ ਅਤਰ ਭਿੰਨੇ ਖੱਸਦੇ ਖੜਦੇ ਭਿੱਜੇ ਹੋਏ ਪਏ ਰਹਿੰਦੇ ਹਨ। ਖਰਬੂਜੇ ਅੰਬ ਕੋਰੇ ਕੁੰਡਾਂ ਵਿੱਚ ਦੋ ਦੋ ਚਾਰ ਚਾਰ ਮਣ ਭਿੱਜੇ ਰਹਿੰਦੇ ਹਨ ਅਤੇ ਓਥੋਂ ਕੱਢ ਕੇ ਅੰਬ ਕੱਚੇ ਦੁੱਧ ਵਿੱਚ ਭੀ ਭੇਵੇਂ ਜਾਂਦੇ ਹਨ ਫੇਰ ਓਹਨਾਂ ਦਾ ਭੋਗ ਲੱਗਦਾ ਹੈ। ਰਾਤ ਨੂੰ ਬਸੌਧੀ ਨਾਮ ਖੀਰ ਮੇਵੇ ਮਿਸਰੀ ਵਾਲੀ ਓਸ ਦੁੱਧ ਦੀ, ਜੋ ਦੋ ਸੌ ਗਊ ਏਸੇ ਖੀਰ ਵਾਸਤੇ ਪਾਲੀ ਹੋਈ ਦੁੱਧ ਦਿੰਦੀ ਹੈ; ਪਹਿਲੇ ਅੱਧਾ ਵੱਛੇ ਕੁਛ ਗਵਾਲੇ ਪੀ ਲੈਣ ਤਾਂ ਮੰਦਰ ਵਿੱਚ ਆ ਜਾਂਦਾ ਹੈ। ਏਹ ਖੀਰ ਮਣ ਪੱਕੇ ਦੁੱਧ ਤੋਂ ਘੱਟ ਕਦੇ ਨਹੀਂ ਹੁੰਦੀ। ਮੰਦਰ ਵਿੱਚ ਮੋਮਬੱਤੀ ਝਾੜ ਫਲੂਸ ਨਲੇਰ ਦੇ ਤੇਲ ਦੇ ਜਗਦੇ ਹਨ, ਹੋਰ ਤੇਲ ਨਹੀਂ ਬਾਲਦੇ। ਖ਼ਰਚ ਇੱਕ ਹਜ਼ਾਰ ਰੁਪੱਯੇ ਤੱਕ ਰੋਜ਼ ਹੁੰਦਾ। ਸੋਈ ਆਮਦਨੀ ਪੂਜਾ ਦੀ ਹੈ ਜੋ ਸਭ ਸੇਵਕ ਦਸਵੰਧ ਦਿੰਦੇ ਹਨ। ਬਾਕੀ ਨਾਨਾ ਪ੍ਰਕਾਰ ਦੇ ਪਦਾਰਥ ਭੋਗ ਲੱਗਦੇ ਹਨ। ਓਹ ਘਿਉ ਵਿੱਚ ਪੱਕੇ ਹੋਏ ਖਸਤਾ ਜੋ ਚਾਰ ਚਾਰ ਮਹੀਨੇ ਤੱਕ ਸੱਜਰੇ ਬਣੇ ਰਹਿੰਦੇ ਹਨ, ਕਹਾਰਾਂ ਦੇ ਕਾਂਧੇ ਸੇਵਕਾਂ ਦੇ ਘਰ ਜਾਂਦੇ ਹਨ ਯਾ ਵਿਕਦੇ ਹਨ। ਵੈਸ਼ਨੋਂ ਸਾਧ ਸੰਤ ਨੂੰ ਇੱਕ ਇੱਕ ਪੱਤਲ ਮੁਫਤ ਤਿੰਨ ਦਿਨ ਦਿੰਦੇ ਹਨ। ਹੋਰ ਪੁਜਾਰੀ ਟਹਿਲੂਏ ਰਸੋਈਏ ਇੱਕ ਇੱਕ ਪੱਤਲ ਰੋਜ਼ ਕੱਚੀ ਪੱਕੀ ਲੈ ਕੇ ਅੱਗੇ ਵੇਚ ਲੈਂਦੇ ਹਨ। ਠਾਕੁਰ ਜੀ ਦੇ ਜਿਕੂੰ ਗ਼ਰਮੀਆਂ ਵਿੱਚ ਠੰਡੇ ਸਾਮਾਨ ਹੁੰਦੇ ਹਨ ਤੀਕੂੰ ਸਰਦੀਆਂ ਵਿੱਚ ਗ਼ਰਮ ਚੌਹੀਂ ਖੂੰਜੀਂ ਚਾਰ ਅੰਗੀਠੀਆਂ ਕਸਤੂਰੀ ਦੇ ਨਾਪੇ ਰੂੰਈ ਦੇ ਪੜਦੇ ਬਣਦੇ ਹਨ। ਸੇਜ ਪਾਸ ਸੁਇਨੇ ਦਾ ਗੜਵਾ ਦਾਤਣ ਝਾਰੀ ਚੌਂਕੀ ਪਾਖਾਨੇ ਜਾਣ ਦੇ ਸਭ ਸਾਮਾਨ ਰੱਖੇ ਜਾਂਦੇ ਹਨ। ਪਹਿਲਾਂ ਇੱਕ ਸਖੀ ਟੱਲੀ ਬਜਾ ਕੇ ਅੰਦਰ ਜਾਂਦੀ ਹੈ। ਹੱਥ ਮੰਜਵਾ ਦਾਤਣ ਕਰਾ ਸੁਗੰਧਤ ਵਟਣੇ ਮਲ ਗ਼ਰਮ ਜਲ ਨਾਲ ਇਸ਼ਨਾਨ ਕਰਾ ਸ਼ਿੰਗਾਰ ਰੁਤ ਰੁਤ ਦੇ ਕਰ ਕੇ ਝਾਕੀ ਕਰਾਂਵਦੇ ਹਨ। ਰਤਨ ਜੜਿਤ ਮੁਕਟ ਮੋਤੀ ਮਾਲ, ਬਜੰਤੀ ਮਾਲ, ਬਨ ਮਾਲਾ ਸੁਗੰਧਤ ਫੱਲਾਂ ਦੇ ਹਾਰ ਭਾਂਤ ਭਾਂਤ ਦੇ ਬਸਤਰ ਸਜਾਏ ਜਾਂਦੇ ਹਨ। ਪੁਸ਼ਾਕੀਆਂ ਰੋਜ਼ ਦੀ ਰੋਜ਼ ਬਦਲ ਕੇ ਰਾਜਿਆਂ ਸੇਠਾਂ ਦੇ ਬਾਲਕਾਂ ਲਈ ਦਿੱਤੀਆਂ ਜਾਂਦੀਆਂ ਹਨ। ਸਭ ਕੰਮ ਬੜੇ ਪ੍ਰੇਮ ਪਵਿੱਤ੍ਰਤਾ ਨਾਲ ਬਣਦਾ ਹੈ। ਰਾਜਿਆਂ ਵੱਲੋਂ ਜਾਗੀਰ ਸੇਠਾਂ ਦੇ ਰੁਪੱਯੇ ਆਂਵਦੇ ਹਨ। ਸ਼ਰਧਾ ਅਤੇ ਲੀਲ੍ਹਾ ਓਥੋਂ ਦੀ ਲਿਖਣ ਤੋਂ ਬਾਹਰ ਹੈ। ਆਪਣੇ ਇਸ਼ਟ ਵਿੱਚ ਸਾਰੇ ਮਤਾਂ ਨੂੰ ਸ਼ਰਧਾ ਐਸੀ ਹੀ ਚਾਹੀਦੀ ਹੈ। ਮਹੰਤ ਓਥੋਂ ਦਾ ਗੁਸਾਈਂ ਗਿਰਧਰ ਲਾਲ ਜੀ ਸੰਮਤ ੧੯੩੨ ਬਿਕ੍ਰਮੀ ਵਿੱਚ ਸੀ। ਏਹ ਮੰਦਰ ਗੁਸਾਈਆਂ ਦਾ ਬੜਾ ਮਸ਼ਹੂਰ ਹੈ।

ਬਿਨੁ ਜਗਦੀਸ ਕਹਾ ਸੁਖੁ ਭਾਲਾ ॥੨॥
ਨੈਨ ਸਲੋਨੀ ਸੁੰਦਰ ਨਾਰੀ ॥
ਖੋੜ ਸੀਗਾਰ ਕਰੈ ਅਤਿ ਪਿਆਰੀ ॥
ਬਿਨੁ ਜਗਦੀਸ ਭਜੇ ਨਿਤ ਖੁਆਰੀ ॥੩॥
ਦਰ ਘਰ ਮਹਲਾ ਸੇਜ ਸੁਖਾਲੀ ॥
ਅਹਿਨਿਸਿ ਫੂਲ ਬਿਛਾਵੈ ਮਾਲੀ ॥
ਬਿਨੁ ਹਰਿ ਨਾਮ ਸੁ ਦੇਹ ਦੁਖਾਲੀ ॥੪॥
ਹੈਵਰ ਗੈਵਰ ਨੇਜੇ ਵਾਜੇ ॥
ਲਸਕਰ ਨੇਬ ਖਵਾਸੀ ਪਾਜੇ ॥
ਬਿਨੁ ਜਗਦੀਸ ਝੂਠੇ ਦਿਵਾਜੇ ॥੫॥
ਸਿਧੁ ਕਹਾਵਉ ਰਿਧਿ ਸਿਧਿ ਬੁਲਾਵਉ ॥
ਤਾਜ ਕੁਲਹ ਸਿਰਿ ਛਤ੍ਰੁ ਬਨਾਵਉ ॥
ਬਿਨੁ ਜਗਦੀਸ ਕਹਾ ਸਚੁ ਪਾਵਉ ॥੬॥
ਖਾਨੁ ਮਲੂਕੁ ਕਹਾਵਉ ਰਾਜਾ ॥
ਅਬੇ ਤਬੇ ਕੂੜੇ ਹੈ ਪਾਜਾ ॥
ਬਿਨੁ ਗੁਰ ਸਬਦ ਨ ਸਵਰਸਿ ਕਾਜਾ ॥੭॥
ਹਉਮੈ ਮਮਤਾ ਗੁਰ ਸਬਦਿ ਵਿਸਾਰੀ ॥
ਗੁਰਮਤਿ ਜਾਨਿਆ ਰਿਦੈ ਮੁਰਾਰੀ ॥
ਪ੍ਰਣਵਤਿ ਨਾਨਕ ਸਰਣਿ ਤੁਮਾਰੀ ॥੮॥੧੦॥

(ਗਉੜੀ, ਮਃ ੧ - ੨੨੫)

ਏਹ ਸ਼ਬਦ ਜਦ ਮਾਇਕ ਪਦਾਰਥਾਂ ਦੀ ਨਖੇਧੀ ਤੇ ਪ੍ਰਮੇਸ਼ੂਰ ਦੇ ਨਾਮ ਦੀ ਵਡਿਆਈ ਵਿੱਚ ਸੁਰ ਤਾਲ ਲੈਯ ਵਿੱਚ ਸੁਣਿਆ ਤਾਂ ਓਹ ਮਹੰਤ ਬਾਬੇ ਦੀ ਚਰਨੀਂ ਆ ਲੱਗਾ। ਬਹੁਤ ਪ੍ਰੇਮ ਨਾਲ ਦੋ ਦਿਨ ਰੱਖ ਕੇ ਸਤਿਸੰਗ ਵਿੱਚ ਆਪਣੇ ਮਨ ਨੂੰ ਰੰਗਿਆ।

ਨਾਥਦੂਾਰੇ ਤੋਂ ਚੱਲ ਕੇ ਉਦੇ ਪੁਰ, ਚਤੌੜ ਗੜ੍ਹ, ਆਦਿਕ ਅਨੇਕਾਂ ਅਸਥਾਨਾਂ ਵਿੱਚ ਲੋਕਾਂ ਦਾ ਕਲਜਾਣ ਕਰਦੇ ਹੋਏ ੧੪ ਚੇਤ੍ਰ ਸੰਮਤ ੧੫੬੮ ਬਿਕ੍ਰਮੀ ਨੂੰ ਖ੍ਵਾਜੇ ਅਜਮੇਰ ਦੀ ਚਕਰੀਆਂ ਦੇ ਮੇਲੇ ਪਰ ਜਾ ਫਿਰੇ। ਪਹਿਲੇ ਮਹਾਂਦੇਵ ਦੀ ਗੁਫ਼ਾ ਦੇਖੀ ਜਿੱਥੇ ਹਿੰਦੂ ਜਾਂਦੇ ਸੇ। ਫੇਰ ਖ੍ਵਾਜੇ ਮੋਮਨਦੀਨ ਤੇ ਕੁਤਬਦੀਨ ਦੇ ਮਕਬਰੇ* ਪਾਸ ਜਾ ਬੈਠੇ। ਸ਼ਬਦ ਗਾਵਿਆ ਤਾਂ ਮਜਾਵਰਾਂ ਨੇ ਆਖਿਆ, "ਏਹ ਮੁਸਲਮਾਨਾਂ ਦੀ ਜਗ੍ਹਾ ਹੈ ਏਥੇ ਹਿੰਦੂ ਨੂੰ ਬੈਠਣ ਦਾ ਹੁਕਮ ਨਹੀਂ।" ਤਾਂ ਬਾਬੇ ਜੀ ਨੇ ਏਹ ਸ਼ਬਦ ਬੋਲਿਆ:

ਸਲੋਕੁ ਮਃ ੧ ॥
ਮੁਸਲਮਾਣੁ ਕਹਾਵਣੁ ਮੁਸਕਲੁ ਜਾ ਹੋਇ ਤਾ ਮੁਸਲਮਾਣੁ ਕਹਾਵੈ ॥
ਅਵਲਿ ਅਉਲਿ ਦੀਨੁ ਕਰਿ ਮਿਠਾ ਮਸਕਲ ਮਾਨਾ ਮਾਲੁ ਮੁਸਾਵੈ ॥
ਹੋਇ ਮੁਸਲਿਮੁ ਦੀਨ ਮੁਹਾਣੈ ਮਰਣ ਜੀਵਣ ਕਾ ਭਰਮੁ ਚੁਕਾਵੈ ॥

---

*ਏਹ ਮਕਬਰਾ ਕੁਤਬਦੀਨ ਖ੍ਵਾਜੈ ਹਸਨ ਬਸਰੀ ਚਿਸ਼ਤੀ ਦੇ ਖਾਨਦਾਨ ਵਿੱਚੋਂ ਸੀ ਤੇ ਫਰੀਦ ਭੀ ਏਸੇ ਦਾ ਮੁਰੀਦ ਸੀ। ਜਦ ਕੋਈ ਬਾਦਸ਼ਾਹ ਆਪਣੇ ਪੁੱਤ੍ਰ ਨੂੰ ਤਖ਼ਤ ਉੱਤੇ ਬਿਠਾਉਂਦਾ ਤਾਂ ਝਗੜਾ ਮੇਟਣ ਵਾਸਤੇ ਸਭਨਾਂ ਸ਼ਹਿਜ਼ਾਦਿਆਂ ਦੀਆਂ ਕਮਾਨਾਂ ਏਸ ਮਕਾਨ ਵਿੱਚ ਰਖਵਾ ਦਿੰਦਾ। ਜਿਸ ਦੀ ਕਮਾਨ ਦਾ ਚਿੱਲ੍ਹਾ ਆਪੇ ਪੀਰ ਚਾੜ੍ਹ ਦੇਵੇ ਓਹੋ ਤਖ਼ਤ ਤੇ ਰਾਜ ਦਾ ਮਾਲਕ ਬਣਦਾ। ਜਦ ਸ਼ਾਹਜਹਾਂ ਨੇ ਆਪਣੇ ਤਿੰਨਾਂ ਸ਼ਹਿਜ਼ਾਦਿਆਂ ਦੀਆਂ ਕਮਾਣਾਂ ਓਥੇ ਰੱਖੀਆਂ ਤੇ ਜਿਸ ਨੂੰ ਸ਼ਾਹਜਹਾਂ ਤਖ਼ਤ ਦੇਣਾ ਚਾਹੁੰਦਾ ਸੀ ਓਸੇ ਦਾ ਰਾਸ ਕੋਹ ਦੀ ਕਮਾਨ ਚੜ੍ਹ ਗਈ ਤਾਂ ਔਰੰਗਜ਼ੇਬ ਜੋ ਬੜਾ ਚਤਰ ਸੀ ਅੰਦਰ ਵੜ ਕੇ ਓਸ ਮਕਾਨ ਨੂੰ ਹਥੌੜੀ ਨਾਲ ਠੋਕਰ-ਠੋਕਰ ਦੇਖਣ ਲੱਗਾ ਤਾਂ ਇੱਕ ਥਾਉਂ ਪੋਲਾ ਤੇ ਸੁਰੰਗ ਮਜਾਵਰ ਮਹੰਤ ਦੇ ਘਰ ਪਹੁੰਚੀ ਦੇਖੀ। ਸਭ ਮੁਜਾਵਰ ਕੈਦ ਕਰ ਪੁੱਛੇ ਤਾਂ ਓਹਨਾਂ ਸੱਚ ਆਖ ਦਿੱਤਾ ਕਿ ਜਿਸ ਵੱਲੋਂ ਸਾਨੂੰ ਵੱਢੀ ਬਹੁਤ ਮਿਲਦੀ ਹੈ, ਸੁਰੰਗ ਵਿੱਚੋਂ ਜਾ ਕੇ ਅਸੀਂ ਕਮਾਣ ਚੜ੍ਹਾ ਆਂਵਦੇ ਹਾਂ। ਏਹ ਪੋਲ ਨਿਕਲਣ ਤੋਂ ਫੇਰ ਕਦੇ ਕਮਾਨ ਨਾ ਰੱਖੀ।

ਰਬ ਕੀ ਰਜਾਇ ਮੰਨੇ ਸਿਰ ਉਪਰਿ ਕਰਤਾ ਮੰਨੇ ਆਪੁ ਗਵਾਵੈ ॥
ਤਉ ਨਾਨਕ ਸਰਬ ਜੀਆ ਮਿਹਰੰਮਤਿ ਹੋਇ ਤ ਮੁਸਲਮਾਣੁ ਕਹਾਵੈ ॥੧॥

(ਵਾਰ-ਮਾਝ, ਮਃ ੧ - ੧੪੧)

ਏਹ ਸ਼ਬਦ ਸੁਣ ਕੇ ਓਨ੍ਹਾਂ ਆਖਿਆ ਮੁਸਲਮਾਨਾਂ ਨੂੰ ਜੋ ਪੰਜ ਕੰਮ ਕਰਨੇ ਦਾ ਹੁਕਮ ਹੈ ਸੋ ਅਸੀਂ ਕਰਦੇ ਹਾਂ। ਕਲਮਾ ੧, ਜ਼ਕਾਤ ੨, ਹੱਜ ੩, ਰੋਜ਼ਾ ੪, ਨਿਮਾਜ਼ ੫, ਪਹਿਲੀ ਸੁਬ੍ਹਾ ਦੀ ਸੂਰਜ ਚੜ੍ਹਨ ਤੋਂ ਪਹਿਲੇ, ਦੂਜੀ ਜ਼ੁਹਰ ਦੀ ਦਿਨ ਚੜ੍ਹੇ, ਤੀਜੀ ਅਸਰ ਦੀ ਦਿਨ ਢਲੇ, ਚੌਥੀ ਮਗ਼ਰਬ ਦੀ ਦਿਨ ਛਿਪੇ, ਪੰਜਵੀਂ ਇਸ਼ਾ ਦੀ ਸੌਣ ਲੱਗਿਆਂ। ਬਾਬੇ ਜੀ ਨੇ ਆਖਿਆ, "ਜੀਕੂੰ ਏਹ (ਲੋਕ ਦਿਖਾਵਾ) ਝੂਠੀਆਂ ਨਿਮਾਜ਼ਾਂ ਤੁਸੀਂ ਪੜ੍ਹਦੇ ਹੋ, ਜੇ ਸੱਚੀਆਂ ਪੜ੍ਹੋ ਤਾਂ ਤਰ ਜਾਓ।" ਓਨ੍ਹਾਂ ਸੱਚੀਆਂ ਪੁੱਛੀਆਂ ਤਾਂ ਬਾਬੇ ਜੀ ਦੱਸੀਆਂ:

ਮਃ ੧ ॥
ਪੰਜਿ ਨਿਵਾਜਾ ਵਖਤ ਪੰਜਿ ਪੰਜਾ ਪੰਜੇ ਨਾਉ ॥
ਪਹਿਲਾ ਸਚੁ ਹਲਾਲ ਦੁਇ ਤੀਜਾ ਖੈਰ ਖੁਦਾਇ ॥
ਚਉਥੀ ਨੀਅਤਿ ਰਾਸਿ ਮਨੁ ਪੰਜਵੀ ਸਿਫਤਿ ਸਨਾਇ ॥
ਕਰਣੀ ਕਲਮਾ ਆਖਿ ਕੈ ਤਾ ਮੁਸਲਮਾਣੁ ਸਦਾਇ ॥
ਨਾਨਕ ਜੇਤੇ ਕੂੜਿਆਰ ਕੂੜੈ ਕੂੜੀ ਪਾਇ ॥੩॥

(ਵਾਰ-ਮਾਝ, ਮਃ ੧ - ੧੪੧)

ਇਹ ਬਚਨ ਸੁਣ ਕੇ ਸਭ ਮਜਾਵਰ ਫ਼ਕੀਰ ਰਾਜ਼ੀ ਹੋਏ।

ਭਾਈ ਮਰਦਾਨੇ ਨੇ ਓਥੇ ਬੜੀਆਂ ਬੜੀਆਂ ਦੇਗਾਂ (ਜਿਨ੍ਹਾਂ ਜੇਡੀਆਂ ਹੋਰ ਕਿਤੇ ਨਹੀਂ) ਤੇ ਮਕਬਰੇ ਉੱਤੇ ਲੱਖਾਂ ਰੁਪਏ ਲੱਗੇ ਹੋਏ ਦੇਖ ਕੇ ਆਖਿਆ, "ਏਸ ਫ਼ਕੀਰ ਪੀਰ ਨੇ ਐਡਾ ਅਡੰਬਰ ਕਰ ਕੇ ਢਾਈ ਦਿਨ ਦਾ ਝੂਠਾ ਨਾਮ ਕਿਉਂ ਰੱਖਿਆ?" ਤਾਂ ਬਾਬੇ ਜੀ ਨੇ ਸ਼ਬਦ ਬੋਲਿਆ:

ਬੋਲਹਿ ਕੂੜ ਪਤਾਵਹਿ ਲੋਇ ॥
ਲੋਕ ਪਤੀਣੇ ਕਛੂ ਨ ਹੋਇ ॥
ਪਾਖੰਡ ਕਰ ਕਰ ਜਨਮ ਗਵਾਏ ॥
ਜਮ ਦਰਿ ਬਧੇ ਚੋਟਾ ਖਾਏ ॥
ਨਾਨਕ ਜਿੰਨ ਗੁਰ ਪੂਰਾ ਪਾਇਆ ॥
ਸਚ ਕਮਾਇਆ ਸਚੁ ਦਿਖਾਇਆ ॥

(ਇਹ ਗੁਰਬਾਣੀ ਨਹੀਂ)

ਏਹ ਬਚਨ ਸੁਣ ਕੇ ਓਨ੍ਹਾਂ ਆਖਿਆ, "ਤੁਸਾਂ ਪੀਰ ਨੂੰ ਪਖੰਡੀ ਕਿਉਂ ਦੱਸਿਆ?" ਤਾਂ ਬਾਬੇ ਆਖਿਆ:

ਸਲੋਕੁ ਮਃ ੨ ॥
ਜਿਨੀ ਚਲਣੁ ਜਾਣਿਆ ਸੇ ਕਿਉ ਕਰਹਿ ਵਿਥਾਰ ॥
ਚਲਣ ਸਾਰ ਨ ਜਾਣਨੀ ਕਾਜ ਸਵਾਰਣਹਾਰ ॥੧॥

(ਵਾਰ-ਸੂਹੀ, ਮਃ ੨ - ੭੮੭)
(ਇਹ ਗੁਰੂ ਅੰਗਦ ਦੇਵ ਜੀ ਦੀ ਬਾਣੀ ਹੈ)

ਓਨ੍ਹਾਂ ਕ੍ਰੋਧ ਕੀਤਾ ਤਾਂ ਬਾਬੇ ਆਖਿਆ, "ਨਫ਼ਸ ਸ਼ੈਤਾਨ, ਗ਼ੁੱਸਾ ਹਰਾਮ, ਕੱਚ ਦੁਨੀਆਂ, ਸੱਚ ਦਰਵੇਸ਼, ਅਦਲ ਬਾਦਸ਼ਾਹ, ਫਜ਼ਲ ਫ਼ਕੀਰਾਂ, ਮਜ਼ਲ ਮੁਸਾਫ਼ਿਰਾਂ, ਕਜਬ ਕਾਫਰਾਂ, ਮਿਹਰ ਪੀਰਾਂ ਸਿਹਰ ਕੀਰਾਂ, ਫ਼ਕੀਰੀ ਸਬੂਰੀ, ਨਾ ਸਬੂਰੀ ਤਾਂ ਮਕਰ।"

ਏਹ ਉਪਦੇਸ਼ ਸੁਣ ਕੇ ਮਜਾਵਰ ਤਾਂ ਫੱਕ ਹੋ ਗਏ। ਓਨ੍ਹਾਂ ਨੂੰ ਸੱਚੀ ਫ਼ਕੀਰੀ ਦਾ ਰਾਹ ਦੱਸ ਕੇ ਬਾਬਾ ਜੀ ਨੇ {ਪੁਸ਼ਕਰ} ਪੁਸ਼ਕਰ ਤੀਰਥ ਪਰ, ਜੋ ਓਥੋਂ ੪ ਕੋਹ ਹੈ; ਬੈਸਾਖੀ ਦਾ ਮੇਲਾ ਜਾ ਦੇਖਿਆ। ਬੇਅੰਤ ਸੰਤ ਭਗਤ ਸ਼ਬਦ ਸੁਣ ਦਰਸ਼ਨ ਕਰ ਮੁਕਤਿ ਦੇ ਅਧਿਕਾਰੀ ਹੋਏ ਜਿਸ ਕਰ ਕੇ ਬਾਬਾ ਜੀ ਦਾ ਨਾਮ ਸਾਰੇ ਦੇਸ਼ ਵਿੱਚ ਉਜਾਗਰ ਹੋਇ ਗਿਆ। ਓਸ ਤੀਰਥ ਪਰ ਬਾਬੇ ਦੀ ਜਗ੍ਹਾ ਹੁਣ

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਹੁੰਦਾ ਹੈ। ਰਾਮ ਸਿੰਘ ਬ੍ਰਾਹਮਣ ਪੁਜਾਰੀ ਹੈ। ਜਿੱਥੇ ਬਾਬਾ ਜੀ ਉੱਤਰੇ ਸੇ, ਓਸੇ ਥਾਂ ਫੇਰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੱਖਨ ਨੂੰ ਜਾਂਦੇ ਹੋਏ ਠਹਿਰੇ ਸੇ। ਗਾਯਤ੍ਰੀ, ਸਾਵਿੱਤ੍ਰੀ ਸਮੇਤ ਬ੍ਰਹਮਾਂ ਦੀ ਮੂਰਤਿ ਭੀ ਏਸੇ ਥਾਂ ਹੈ, ਹੋਰ ਕਿਤੇ ਨਹੀਂ।

ਏਹ ਤੀਰਥ ੪ ਕੋਹ ਲੰਬਾ ਡੇਢ ਕੋਹ ਚੌੜਾ ਬੇਅਥਾਹ ਜਲ ਵਾਲਾ ਹੈ। ਮਗਰਮੱਛ ਬੜੇ ਬੜੇ ਰਹਿੰਦੇ ਹਨ। ਤੀਰਥ ਵਿੱਚ ਕੋਈ ਵੜੇ ਓਹ ਮਾਰ ਲੈਂਦੇ ਹਨ। ਕੰਢੇ ਖੜੋ ਕੇ ਇਸ਼ਨਾਨ ਕਰੀਦਾ ਹੈ। ਪੁਸ਼ਕਰ ਤੋਂ ਸ਼ਰੋਹੀ ਸ਼ੈਹਰ, ਜਿੱਥੋਂ ਦੀ ਸਰੋਹੀ ਤਲਵਾਰ ਉੱਘੀ ਹੈ; ਨਸੀਰਾਬਾਦ, ਜਿੱਥੇ ਹੁਣ ਅੰਗ੍ਰੇਜ਼ੀ ਛਾਵਣੀ ਹੈ; ਸੈਰ ਕਰਦੇ ਹੋਏ ਆਭੂਤਰਾਜ ਪਰਬਤ ਨੂੰ, ਜਿੱਥੇ ਓਸ ਸਮੇਂ ਬੜੇ ਸੰਤ ਰਹਿੰਦੇ ਸਨ; ਜਾ ਦੇਖਜਾ। ਬਹੁਤ ਸੰਤ ਮਿਲੇ, ਬਾਬੇ ਦੇ ਦਰਸ਼ਨ ਕਰ ਸ਼ਬਦ ਸੁਣ ਨਿਹਾਲ ਹੋਏ। ਜੈਨ ਧਰਮ ਦੇ ਮੰਦਰ ਓਥੇ ਬਹੁਤ ਹਨ। ਝੁਬਕਾ, ਆਸਨ, ਦੱਤਾ ਤ੍ਰੇਯ ਦੀ ਚਰਨ ਪਾਦਕਾ, ਨੀਲ ਕੰਠ ਮਹਾਂਦੇਵ ਦੀ, ਤੇ ਗੋਰਖ ਦੀ ਗੁਫਾ; ਏਹ ਅਸਥਾਨ ਉਥੇ ਬਹੁਤ ਮਸ਼ਹੂਰ ਹਨ। ਉਸ ਸਮੇਂ ਏਥੇ ਸੰਤ ਬਹੁਤ ਰਹਿੰਦੇ ਸੇ। ਰਿਖੀਕੇਸ਼ ਵਾਂਗੂੰ ਸ਼ਾਹੂਕਾਰਾਂ ਦੇ ਸਦਾ ਬਰਤ ਅਤੇ ਕੰਦ ਮੂਲ ਮਿਲਦਾ ਸੀ।

ਇਹ ਪਹਾੜ ਠੰਢਾ ਬਹੁਤ ਹੈ, ਰਾਜਪੂਤਾਨੇ ਦੇ ਹਾਕਮ ਅੰਗ੍ਰੇਜ਼ ਗ਼ਰਮੀਆਂ ਵਿੱਚ ਓਥੇ ਬਹੁਤ ਜਾ ਰਹਿੰਦੇ ਹਨ। ਆਭੂ ਤੋਂ ਉੱਤਰ ਕੇ ਨਖੀ ਤੀਰਥ, ਜਿੱਥੇ ਬੈਸ਼ਨੌ ਸੰਤ ਵਸ਼ਿਸ਼ਟ ਜੀ ਦੇ ਆਸ਼੍ਰਮ ਤੱਕ ਬਹੁਤ ਰਹਿੰਦੇ ਸੇ; ਅਚਲੇਸ਼ਰ ਮਹਾਂਦੇਵ ਦਾ ਅਸਥਾਨ ਦੇਖ ਕੇ ਭੀਲਾਂ ਦੇ ਦੇਸ਼ ਥਾਣੀਂ ਸੈਰ ਕਰਦੇ, ਜੀਵਾਂ ਨੂੰ ਦਰਸ਼ਨ ਉਪਦੇਸ਼ ਦੇ ਕੇ ਕ੍ਰਿਤਾਰਥ ਕਰਦੇ ਹੋਏ ਧਾਰਾ ਨਗਰੀ {ਧਾਰਾਨਗਰੀ} ਦੇ ਬਾਗ਼ ਵਿੱਚ, ਜਿੱਥੇ {ਜਗਦੇਉ ਪਵਾਰ} ਜੱਗਦੇਉ ਪਵਾਰ ਤੇ ਗੋਪੀਚੰਦ ਬੜੇ ਉੱਘੇ ਧਰਮੀ ਰਾਜੇ ਹੋਏ ਹਨ; ਜਾ ਉੱਤਰੇ। ਜਦ ਬਾਬੇ ਜੀ ਪਾਸ ਬਹੁਤ ਲੋਕ ਆਉਣ ਲੱਗੇ ਤਾਂ ਕੰਨ ਪਾਟੇ ਜੋਗੀ ਖੁਣਸਾਏ। ਚਰਚਾ ਕਰਨ ਆ ਲੱਗੇ, ਤਾਂ ਬਾਬੇ ਜੀ ਨੇ ਏਹ ਸ਼ਬਦ ਬੋਲਿਆ:

ਰਾਮਕਲੀ ਮਹਲਾ ੧ ॥
ਛਾਦਨੁ ਭੋਜਨੁ ਮਾਗਤੁ ਭਾਗੈ ॥
ਖੁਧਿਆ ਦੁਸਟ ਜਲੈ ਦੁਖੁ ਆਗੈ ॥
ਗੁਰਮਤਿ ਨਹੀ ਲੀਨੀ ਦੁਰਮਤਿ ਪਤਿ ਖੋਈ ॥
ਗੁਰਮਤਿ ਭਗਤਿ ਪਾਵੈ ਜਨੁ ਕੋਈ ॥੧॥ ...

ਉਨ੍ਹਾਂ ਆਖਿਆ, "ਤੁਸਾਂ ਆਪ ਭੀ ਧਾਰਣ ਕੀਤਾ ਕਿ ਦੂਜਿਆਂ ਨੂੰ ਹੀ ਉਪਦੇਸ਼ ਕਰਨ ਸਿੱਖੇ ਹੋ?" ਤਾਂ ਬਾਬੇ ਬਾਕੀ ਸਾਰਾ ਸ਼ਬਦ ਬੋਲਿਆ:

ਜੋਗੀ ਜੁਗਤਿ ਸਹਜ ਘਰਿ ਵਾਸੈ ॥
ਏਕ ਦ੍ਰਿਸਟਿ ਏਕੋ ਕਰਿ ਦੇਖਿਆ
ਭੀਖਿਆ ਭਾਇ ਸਬਦਿ ਤ੍ਰਿਪਤਾਸੈ ॥੧॥ ਰਹਾਉ ॥
ਪੰਚ ਬੈਲ ਗਡੀਆ ਦੇਹ ਧਾਰੀ ॥
ਰਾਮ ਕਲਾ ਨਿਬਹੈ ਪਤਿ ਸਾਰੀ ॥
ਧਰ ਤੂਟੀ ਗਾਡੋ ਸਿਰ ਭਾਰਿ ॥
ਲਕਰੀ ਬਿਖਰਿ ਜਰੀ ਮੰਝ ਭਾਰਿ ॥੨॥
ਗੁਰ ਕਾ ਸਬਦੁ ਵੀਚਾਰਿ ਜੋਗੀ ॥
ਦੁਖੁ ਸੁਖੁ ਸਮ ਕਰਣਾ ਸੋਗ ਬਿਓਗੀ ॥
ਭੁਗਤਿ ਨਾਮੁ ਗੁਰ ਸਬਦਿ ਬੀਚਾਰੀ ॥
ਅਸਥਿਰੁ ਕੰਧੁ ਜਪੈ ਨਿਰੰਕਾਰੀ ॥੩॥
ਸਹਜ ਜਗੋਟਾ ਬੰਧਨ ਤੇ ਛੂਟਾ ॥
ਕਾਮੁ ਕ੍ਰੋਧੁ ਗੁਰ ਸਬਦੀ ਲੂਟਾ ॥

ਮਨ ਮਹਿ ਮੁੰਦ੍ਰਾ ਹਰਿ ਗੁਰ ਸਰਣਾ ॥
ਨਾਨਕ ਰਾਮ ਭਗਤਿ ਜਨ ਤਰਣਾ ॥੪॥੧੧॥

(ਰਾਮਕਲੀ, ਮਃ ੧ - ੮੭੯)

ਏਹ ਸੁਣ ਕੇ ਓਨ੍ਹਾਂ ਦੇ ਮਨ ਧੀਰਜ ਆਯਾ ਤਾਂ ਬਾਬੇ ਜੀ ਨੇ ਕਿਹਾ, "ਤੁਹਾਨੂੰ ਏਤਨੀ ਲੱਜਾ ਨਹੀਂ ਆਂਵਦੀ ਕਿ ਜਿਸ ਦੇ ਤੁਸੀਂ ਮਕਾਨ ਵਿੱਚ ਰਹਿੰਦੇ ਹੋ ਅਤੇ ਜਿਸ ਦੀਆਂ ਦਿੱਤੀਆਂ ਜਾਗੀਰਾਂ ਖਾਂਦੇ ਹੋ, ਓਸ ਨੇ ਤਾਂ ਤੁਹਾਡੇ ਵਾਸਤੇ ਰਾਜ ਦਾ ਭੀ ਤਜਾਗ ਕਰ ਦਿੱਤਾ। ਪਰ ਤੁਸੀਂ ਆਏ ਫ਼ਕੀਰ ਨੂੰ ਦੋ ਮੰਨੀਆਂ ਭੀ ਨਹੀਂ ਦੇ ਸਕਦੇ ਤੇ ਸਗੋਂ ਆਏ ਸਾਧ ਨਾਲ ਝਗੜਾ ਕਰਨ ਨੂੰ ਤਿਆਰ ਹੋ ਜਾਂਦੇ ਹੋ। ਤੁਸੀਂ ਸ਼ਰਮ ਕਰੋ! ਅਤੇ ਹੋਰ ਕੁੱਝ ਨਹੀਂ ਤਾਂ ਮਾਣ ਤਾਂ ਤਿਆਗ ਛੱਡੋ।" ਬਾਬੇ ਦੇ ਬਚਨ ਸੁਣ ਕੇ ਓਨ੍ਹਾਂ ਚਰਨ ਫੜ ਲਏ।

ਮਰਦਾਨੇ ਨੇ ਪੁੱਛਜਾ, "ਮਹਾਰਾਜ! ਗੋਪੀਚੰਦ ਨੇ ਰਾਜ ਕਿਸ ਤਰ੍ਹਾਂ ਤਿਆਗਿਆ ਸੀ?" ਬਾਬੇ ਜੀ ਆਖਿਆ, "ਭਾਈ! {ਗੋਪੀਚੰਦ ਦੀ ਕਥਾ} ਓਹ ਏਥੋਂ ਦਾ ਰਾਜਾ ਬੀਰਸੈਨ ਦਾ ਬੇਟਾ ਗੰਧ੍ਰਬ ਸੈਨ ਦਾ ਦੋਹਤਾ ਸੀ। ਉਸ ਦੀ ਮਾਂ ਮੈਨਾਵੰਤੀ ਜੋਗੀਆਂ ਦੀ ਸਤਸੰਗਣ ਸੀ। ਉਸ ਨੂੰ ਉਪਦੇਸ਼ ਦੇ ਕੇ ਓਸ ਨੇ ਫ਼ਕੀਰ ਕਰ ਦਿੱਤਾ ਤੇ ਏਸੇ ਕਾਲੇ ਬਾਗ਼ ਵਿੱਚ ਜਿੱਥੇ ਅਸੀਂ ਬੈਠੇ ਹਾਂ ਜਲੰਧਰੀ ਨਾਥ ਪਾਸੋਂ ਕੰਨ ਪੜਵਾਏ ਸੇ। ਏਸ ਰਾਜੇ ਨੇ ਹਠ ਜੋਗ ਸਾਧਿਆ ਸੀ, ਗਿਆਨ ਜੋਗ ਨਹੀਂ ਸਾਧਿਆ। ਏਹ ਰਾਜਾ ਰਾਜੇ ਬਿਕ੍ਰਮਾਜੀਤ ਤੋਂ ੮੦ ਵਰ੍ਹੇ ਪਹਿਲਾਂ ਹੋਯਾ ਹੈ।"

ਮਰਦਾਨੇ ਪੁੱਛਿਆ, "ਜੀ! ਲੋਗ ਆਖਦੇ ਹਨ ਕਿ ਗੋਪੀਚੰਦ, ਭਰਥਰੀ ਅਮਰ ਹਨ।" ਤਾਂ ਬਾਬੇ ਆਖਿਆ, "ਭਾਈ! ਜਿਨ੍ਹਾਂ ਭਲੇ ਲੋਕਾਂ ਦੇ ਨਾਮ ਪੋਥੀਆਂ ਗ੍ਰੰਥਾਂ ਵਿੱਚ ਲਿਖੇ ਗਏ, ਓਹ ਸਦਾ ਹੀ ਅਮਰ ਹਨ। ਬਾਕੀ ਸਰੀਰ ਕਰ ਕੇ ਕੋਈ ਥਿਰ ਨਹੀਂ ਰਿਹਾ। ਏਸੇ ਤਰ੍ਹਾਂ ਜਿਹੜੇ ਸੰਤ ਚਿਰੰਜੀਵ ਮਸ਼ਹੂਰ ਹਨ ਓਹਨਾਂ ਦਾ ਨਾਮ ਭੀ ਚਿਰ ਤੱਕ ਜੀਵਣ ਕਰ ਕੇ ਚਿਰੰਜੀਵ ਪੈ ਗਿਆ।"

ਇਸ ਪ੍ਰਕਾਰ ਦੀਆਂ ਗੱਲਾਂ ਕਥਾਂ ਕਰਦੇ ਹੋਏ ਮਾਲਵਾ ਦੇਸ਼, ਦੇਵ ਗੜ੍ਹ, ਲੋਧੀ ਪੁਰ, ਪਟਨ ਅਹਿਮਦ ਨਗਰ, ਬਾਂਸਵਾੜੇ ਪਾਸੋਂ ਮਹੀ ਨਦੀ ਪਾਰ ਹੋ ਜਾਵੜੇ ਸ਼ਹਿਰ ਵਿੱਚ ਜਾ ਵੜੇ। ਉਸ ਦੇਸ਼ ਦੇ ਲੋਕ ਬਹੁਤ ਕਰ ਕੇ ਬਾਲਾ ਸੁੰਦਰ, ਸੁਰ ਸੁੰਦਰੀ; ਏਨ੍ਹਾਂ ਦੇਵੀਆਂ ਦੇ ਸੇਵਕ ਸੇ। ਬਾਬੇ ਜੀ ਦਾ ਉਪਦੇਸ਼ ਸੁਣ ਕੇ ਉਹ ਸੱਚੇ ਮਤ ਦੇ ਸਿੱਖਜਾਕਾਰ ਬਣੇ।

ਏਥੋਂ ਅੱਗੇ ਅਨੇਕ ਜਗ੍ਹਾ ਜੰਗਲਾਂ, ਨਗਰਾਂ ਦਾ ਸੈਲ ਕਰਦੇ ਹੋਏ ਮਹਿਦਪੁਰ ਪਾਸੋਂ ਚੰਬਲ ਨਦੀ ਪਾਰ ਹੋ ੨੮ ਹਾੜ ਸੰਮਤ ੧੫੬੮ ਬਿਕ੍ਰਮੀ ਨੂੰ ਉਜੈਨ* ਸਪਰਾ ਗੰਗਾ ਦੇ ਇਸ਼ਨਾਨ ਜਾ ਕੀਤੇ। ਰਬਾਬ

---

*ਉਜੈਨ ਦੇ ਰਾਜੇ ਗੰਧ੍ਰਬ ਸੈਨ ਦੇ ਦੋ ਪੁੱਤ੍ਰ (ਵੱਡਾ ਹਰਭਰਤ ਛੋਟਾ ਬਿਕ੍ਰਮਾਜੀਤ) ਤੇ ਇੱਕ ਪੁੱਤ੍ਰੀ ਮੈਨਾਵੰਤੀ ਸੀ। ਗੰਧਰਬ ਸੈਨ ਪਿੱਛੋਂ ਹਰਿਭਰਥ ਗੱਦੀ ਪਰ ਬੈਠਾ। ਏਸ ਦਾ ਪਜਾਰ ਆਪਣੀ ਰਾਣੀ ਪਿੰਗਲਾ ਨਾਮੀ ਨਾਲ ਬਹੁਤ ਸੀ। ਆਖਦੇ ਹਨ ਇੱਕ ਬ੍ਰਾਹਮਣ ਨੇ ਪਾਰਬਤੀ ਦੀ ਸੇਵਾ ਕਰ ਕੇ ਕਿਸੇ ਤਰ੍ਹਾਂ ਅਮਰ ਫ਼ਲ ਪਾਯਾ। ਪਰ ਜਦ ਓਹ ਖਾਣ ਲੱਗਾ ਤਾਂ ਜੀ ਵਿੱਚ ਵਿਚਾਰਿਓਸ ਕਿ ਮੈਂ ਜੇਕਰ ਜਵਾਨ ਭੀ ਹੋ ਗਿਆ ਤਾਂ ਭੀ ਦਰ-ਦਰ ਏਸੇ ਤਰ੍ਹਾਂ ਪੱਤਰੀ ਸੁਣਾ ਕੇ ਮੰਗਦਾ ਰਹੂੰ। ਏਸ ਤੋਂ ਏਹ ਉੱਚਿਤ ਹੈ ਕਿ ਏਹ ਫ਼ਲ ਰਾਜੇ ਹਰ ਭਰਥ ਨੂੰ ਦੇਈਏ। ਸੋ ਓਹ ਧਰਮੀ ਹੈ ਤੇ ਸਦਾ ਅਮਰ ਹੋ ਕੇ ਧਰਮ ਕਰਦਾ ਰਹੂ। ਨਾਲੇ ਮੈਨੂੰ ਭੀ ਜਾਗੀਰ ਧਨ ਦੇਵੇਗਾ। ਏਹ ਸੋਚ ਕੇ ਫ਼ਲ ਰਾਜੇ ਨੂੰ ਦੇ ਕੇ ਓਸ ਤੋਂ ਬਹੁਤ ਦਰਬ ਲੈ ਗਿਆ। ਰਾਜੇ ਨੇ ਓਹ ਫ਼ਲ ਆਪਣੀ ਪ੍ਰਿਯ ਰਾਣੀ ਪਿੰਗੁਲਾ ਨੂੰ ਦਿੱਤਾ, ਇਹ ਵਿਚਾਰ ਕੇ ਜੋ ਓਹ ਸੋਲ੍ਹਾਂ ਬਰਸ ਦੀ ਜਵਾਨ ਬਣੀ ਰਹੇਗੀ ਤਾਂ ਮੈਨੂੰ ਖ਼ੁਸ਼ੀ ਰਹੇਗੀ। ਪਰ ਰਾਣੀ ਦੀ ਪ੍ਰੀਤੀ ਇੱਕ ਦਰੋਗੇ ਨਾਲ ਸੀ ਓਸ ਨੇ ਰਾਜੇ ਵਾਲੀ ਗੱਲ ਸੋਚ ਕੇ ਓਹ ਫ਼ਲ ਓਸ ਦਰੋਗੇ ਨੂੰ ਦੇ ਦਿੱਤਾ। ਦਰੋਗੇ ਦੀ ਪਰੀਤ ਕੰਜਰੀ ਨਾਲ ਸੀ। ਏਸ ਲਈ ਓਹ ਫ਼ਲ ਕੰਜਰੀ ਨੂੰ ਦਿੱਤਾ। ਕੰਜਰੀ ਨੇ ਸਾਰੀ ਗੱਲ ਸਮਝ ਕੇ ਏਹੋ ਨਤੀਜਾ ਨਿਕਾਲਿਆ ਕਿ ਏਹ ਫ਼ਲ ਧਰਮੀ ਰਾਜਾ ਦੇ ਦੇਣ ਜੋਗ ਹੈ। ਮੈਂ ਤਾਂ ਖਾ ਕੇ ਹਮੇਸ਼ਾ ਪਾਪ ਹੀ ਕਰਾਂਗੀ ਪਰ ਰਾਜਾ ਤਾਂ ਧਰਮ ਹੀ ਕਰੇਗਾ। ਏਸ ਲਈ ਓਹੋ ਫ਼ਲ ਓਸ ਨੇ ਰਾਜਾ ਹਰਭਰਥ ਨੂੰ ਜਾ ਦਿੱਤਾ। ਰਾਜਾ ਨੇ ਓਸ ਤੋਂ ਸਾਰਾ ਹਾਲ ਪੁੱਛਿਆ ਤਾਂ ਹੌਲੀ-ਹੌਲੀ ਸਭ ਪਤਾ ਲੱਗ ਗਿਆ। ਏਸ ਬਾਤ ਪਰ ਰਾਜਾ ਨੂੰ ਵੈਰਾਗ ਹੋਯਾ ਕਿ ਓ! ਹੋ! ਜਿਸ ਰਾਣੀ ਨੂੰ ਮੈਂ ਆਪਣੀ ਜਾਨ ਨਾਲੋਂ ਚੰਗਾ ਸਮਝਦਾ ਸੀ ਓਹੋ ਮੇਰੀ ਨਾ ਬਣੀ ਤਾਂ ਰਾਜ ਬਿਭੂਤੀ ਮੇਰੀ ਕਦ ਬਣ ਸਕਦੀ ਹੈ। ਏਹ ਸੋਚ ਕੇ ਰਾਜਾ ਹਰ ਭਰਥਰੀ ਜੋਗੀ ਹੋ ਗਿਆ, ਜਿਸ ਦਾ ਨਾਮ ਭਰਥਰੀ ਭੀ ਮਸ਼ਹੂਰ ਹੈ। ਗੋਪੀਚੰਦ ਭੀ ਏਸੇ ਦੀ ਸੰਗਤ ਕਰਦਾ ਰਿਹਾ। ਭਰਥਰੀ ਨੇ ਪਹਿਲੇ ਨੀਤੀ ਸ਼ੱਤਕ ਬਣਾਯਾ। ਏਸ ਦੇ ਸੰਤ ਹੋਏ ਬਿੱਛੋਂ ਏਸ ਦਾ ਛੋਟਾ ਭਾਈ ਬਿਕ੍ਰਮਾ ਜੀਤ ਗੱਦੀ ਪਰ ਬੈਠਾ ਅਤੇ ਏਹ ਐਡਾ ਪ੍ਰਤਾਪੀ ਤੇ ਉਪਕਾਰੀ ਹੋਯਾ ਜੋ ਸਾਰਾ ਭਾਰਤਵਰਸ਼ ਏਸੇ ਦੇ ਹੱਥ ਆ ਗਿਆ ਤੇ ਏਸੇ ਨੇ ਇੰਦ੍ਰਪਰੱਸਥ, ਜਿਸ ਨੂੰ ਹੁਣ ਦਿੱਲੀ ਸ਼ਹਿਰ

ਦੀ ਅਵਾਜ਼ ਨਾਲ ਅਨੇਕ ਪ੍ਰਕਾਰ ਦੇ ਲੋਕ ਤੇ ਸਾਧੂ ਬੈਰਾਗੀ ਫ਼ਕੀਰ ਇਕੱਠੇ ਆ ਗਏ ਤਾਂ ਬਾਬੇ ਸ਼ਬਦ ਬੋਲਿਆ:

ਸਿਰੀਰਾਗੁ ਮਹਲਾ ੧ ॥
ਆਵਹੁ ਭੈਣੇ ਗਲਿ ਮਿਲਹ ਅੰਕਿ ਸਹੇਲੜੀਆਹ ॥
ਮਿਲਿ ਕੈ ਕਰਹ ਕਹਾਣੀਆ ਸੰਮ੍ਰਥ ਕੰਤ ਕੀਆਹ ॥
ਸਾਚੇ ਸਾਹਿਬ ਸਭਿ ਗੁਣ ਅਉਗਣ ਸਭਿ ਅਸਾਹ ॥੧॥
ਕਰਤਾ ਸਭੁ ਕੋ ਤੇਰੈ ਜੋਰਿ ॥
ਏਕੁ ਸਬਦੁ ਬੀਚਾਰੀਐ ਜਾ ਤੂ ਤਾ ਕਿਆ ਹੋਰਿ ॥੧॥ ਰਹਾਉ ॥
ਜਾਇ ਪੁਛਹੁ ਸੋਹਾਗਣੀ ਤੁਸੀ ਰਾਵਿਆ ਕਿਨੀ ਗੁਣੀ ॥
ਸਹਜਿ ਸੰਤੋਖਿ ਸੀਗਾਰੀਆ ਮਿਠਾ ਬੋਲਣੀ ॥
ਪਿਰੁ ਰੀਸਾਲੂ ਤਾ ਮਿਲੈ ਜਾ ਗੁਰ ਕਾ ਸਬਦੁ ਸੁਣੀ ॥੨॥
ਕੇਤੀਆ ਤੇਰੀਆ ਕੁਦਰਤੀ ਕੇਵਡ ਤੇਰੀ ਦਾਤਿ ॥
ਕੇਤੇ ਤੇਰੇ ਜੀਅ ਜੰਤ ਸਿਫਤਿ ਕਰਹਿ ਦਿਨੁ ਰਾਤਿ ॥
ਕੇਤੇ ਤੇਰੇ ਰੂਪ ਰੰਗ ਕੇਤੇ ਜਾਤਿ ਅਜਾਤਿ ॥੩॥
ਸਚੁ ਮਿਲੈ ਸਚੁ ਊਪਜੈ ਸਚ ਮਹਿ ਸਾਚਿ ਸਮਾਇ ॥
ਸੁਰਤਿ ਹੋਵੈ ਪਤਿ ਊਗਵੈ ਗੁਰਬਚਨੀ ਭਉ ਖਾਇ ॥
ਨਾਨਕ ਸਚਾ ਪਾਤਿਸਾਹੁ ਆਪੇ ਲਏ ਮਿਲਾਇ ॥੪॥੧੦॥

(ਸਿਰੀਰਾਗੁ, ਮਃ ੧ – ੧੭/੧੮)

ਇਤਯਾਦਿਕ ਏਹ ਸ਼ਬਦ ਸੁਣ ਕੇ ਸਭ ਲੋਕ ਖ਼ੁਸ਼ ਹੋਏ ਤੇ ਬੜੀ ਸ਼ਰਧਾ ਨਾਲ ਤਿੰਨ ਦਿਨ ਬਾਬੇ ਜੀ ਨੂੰ ਆਪਣੇ ਪਾਸ ਰੱਖਯਾ।

ਫੇਰ ਓਥੋਂ ਚੱਲ ਕਾਲੇਸ਼੍ਵਰ, ਮਹਾਂਦੇਵ, ਜੋਤੀ ਲਿੰਗ, ਮਹਾਂਕਾਲ ਦੇਵਤਾ, ਹਰਸ ਦੀ ਦੇਵੀ, ਜਿਸ ਦੀ ਉਪਾਸਨਾ ਪੂਜਾ ਬਿਕ੍ਰਮਾਜੀਤ ਕਰਦਾ ਹੁੰਦਾ ਸੀ; ਏਹ ਨਾਮੀ ਨਾਮੀ ਅਸਥਾਨ ਦੇਖ ਕੇ ਸੂਰਜ ਕੁੰਡ ਜਾ ਉੱਤਰੇ। ਓਥੇ ਜੋਗੀ ਬੈਰਾਗੀ ਸਾਧੂ ਹੁਣ ਵਾਂਗੂੰ ਓਦੋਂ ਭੀ ਬਹੁਤ ਰਿਹਾ ਕਰਦੇ ਸੇ। ਬਾਬੇ ਜੀ ਨੇ ਸ਼ਬਦ ਗਾਵਿਆ:

ਰਾਮਕਲੀ ਮਹਲਾ ੧
ਬੈਰਾਗੀ ਸੋ ਜੋ ਬੈ ਮਹਿ ਆਵੈ ॥
ਸਿਵ ਕੇ ਆਗੇ ਸਕਤਿ ਨਿਵਾਵੈ ॥
ਸਿਵ ਸ਼ਕਤੀ ਦੇ ਕਰਮ ਕਰੇ ॥
ਅਜਰ ਵਸਤ ਅਗੋਚਰ ਜਰੇ ॥
ਗੁਰੂ ਕੈ ਸਬਦ ਬਿਲਾਈ ਭਾਗੀ ॥
ਨਾਨਕ ਕਹੇ ਸੋਈ ਬੈਰਾਗੀ ॥

(ਇਹ ਗੁਰਬਾਣੀ ਨਹੀਂ)

ਏਹ ਬਚਨ ਸੁਣ ਕੇ ਬੈਰਾਗੀ ਬੋਲੇ, "ਜੋਗੀਆਂ ਦੇ ਲੱਖਣ ਭੀ ਦੱਸੋ" ਤਾਂ ਏਹ ਸ਼ਬਦ ਉਚਾਰਿਆ:

ਪੂਰਬ ਚੜੈ ਪਛਮ ਕੋ ਆਵੈ ॥
ਰਵਿ ਸਸਿ ਦੁਹਾ ਇਕਤ੍ਰ ਮਿਲਾਵੈ ॥
ਹਾਟ ਪਟਣ ਕੀ ਚੀਨੈ ਬਾਟ ॥
ਤਾ ਫਿਰ ਦੇਖੇ ਅਉਘਟ ਘਾਟ ॥
ਸਤ ਪੰਜ ਨਉ ਲਗਾ ਰਖਣ ॥

ਆਖਦੇ ਹਨ; ਏਸ ਦੇ ਤਖ਼ਤ ਉੱਪਰ ਬੈਠ ਕੇ ਆਪਣੇ ਨਾਮ ਦਾ ਸੰਮਤ ਚਲਾਇਆ ਜੋ ਹੁਣ ੧੯੫੩ ਬਿਕ੍ਰਮੀ ਕਹੀਦਾ ਹੈ। ਏਸ ਤੋਂ ਪਹਿਲੇ ਮਹਾਰਾਜੇ ਜੁਧਿਸ਼ਟਰ ਦਾ ਸਾਲ ਲਿਖਿਆ ਜਾਂਦਾ ਸੀ ਸੋ ਹੁਣ ੪੯੯੭ ਹੈ, ਓਦੋਂ ੩੦੪੪ ਸੀ।

ਨਾਨਕ ਕਹੈ ਜੋਗ ਕੇ ਲਖਣ ॥

(ਇਹ ਗੁਰਬਾਣੀ ਨਹੀਂ)

ਏਹ ਸ਼ਬਦ ਸੁਣ ਕੇ ਜੋਗੀਆਂ ਦੀ ਭੀ ਧੁਰ ਠਿਕਾਣੇ ਹੋ ਗਈ ਤਾਂ ਸਭੇ ਈਸ਼੍ਵਰ ਦੀ ਅਨਿੰਨਯ ਭਗਤੀ ਕਰਨ ਲੱਗੇ। ਬਾਬਾ ਜੀ ਓਥੋਂ ਅੱਗੇ ਓਅੰਕਾਰਿ, {ਓਅੰਕਾਰੇਸ਼੍ਵਰ} ਜੋ ਬੜਾ ਉੱਘਾ ਅਸਥਾਨ ਸ਼ਿਵ ਜੀ ਦਾ ਨਰਬਦਾ ਨਦੀ ਕਨਾਰੇ ਸੀ; ਜਾ ਪਹੁੰਚੇ। ਏਥੇ ਨਰਬਦੇਸ਼੍ਵਰ ਮਹਾਂਦੇਵ ਗੌਰੀ ਕੁੰਡ ਵਿੱਚੋਂ ਸੋਹਣੇ ਸੋਹਣੇ ਨਿਕਲਦੇ ਹਨ। ਸੰਝ ਨੂੰ ਜਦ ਆਰਤੀ ਪਰਿਕ੍ਰਮਾ ਕਰ ਸਭ ਨੇ ਮੂਧੇ ਪੈ ਕੇ ਦੰਡਵਤ ਕੀਤੀ ਤਾਂ ਬਾਬਾ ਜੀ ਓਨ੍ਹਾਂ ਦਾ ਬਾਲ ਲੀਲਾ ਬੈਠੇ ਦੇਖਦੇ ਰਹੇ। ਓਨ੍ਹਾਂ ਆਖਿਆ, "ਤੁਸਾਂ ਓਅੰਕਾਰ ਨੂੰ ਦੰਡਵਤ ਪ੍ਰਣਾਮ ਕਿਉਂ ਨਹੀਂ ਕੀਤਾ?" ਤਾਂ ਬਾਬਾ ਬੋਲਿਆ:

ਹਮਰਾ ਓਅੰਕਾਰ ਨਿਰਾਲਾ ॥ ਘਟ ਘਟ ਮੇਂ ਜਿਸਕਾ ਉਜੀਆਲਾ ॥
ਬ੍ਰਹਮਾ ਬਿਸਨੁ ਮਹਾਂਦੇਉ ਸੰਤ ॥ ਤਾ ਕੇ ਦੁਆਰੇ ਖੜੇ ਬਿਅੰਤ ॥
ਜਿਸ ਕੀ ਭਜਤ ਕਰਤ ਇਹ ਸਾਰੇ ॥ ਤਿਸਕਾ ਧਜਾਨ ਰਿਦੇ ਹਮ ਧਾਰੇ ॥
ਕਾਣ ਔਰ ਕੀ ਨਾ ਹਮ ਮਾਨੈ ॥ ਸਬ ਕੋ ਜੀਵ ਏਕ ਸਮ ਜਾਨੈ ॥

(ਇਹ ਗੁਰਬਾਣੀ ਨਹੀਂ)

ਏਹ ਸ਼ਬਦ ਸੁਣ ਕੇ ਓਨ੍ਹਾਂ ਤਮਕ ਨਾਲ ਆਖਯਾ, "ਬ੍ਰਹਮਾਦਿਕ ਤੀਨੋਂ ਦੇਵਤਾ ਜੋ ਸ੍ਰਿਸ਼ਟੀ ਦੇ ਕਰਤਾ ਹਰਤਾ ਹਨ, ਤੁਸਾਂ ਓਨ੍ਹਾਂ ਨੂੰ ਕਿਸ ਪ੍ਰਕਾਰ ਜੀਵ ਹੀ ਮੰਨ ਲਿਆ?" ਤਾਂ ਗੁਰੂ ਜੀ ਬੋਲੇ:

ਰਾਮਕਲੀ ਮਹਲਾ ੧ ਦਖਣੀ ਓਅੰਕਾਰੁ
ੴ ਸਤਿਗੁਰ ਪ੍ਰਸਾਦਿ ॥
ਓਅੰਕਾਰਿ ਬ੍ਰਹਮਾ ਉਤਪਤਿ ॥
ਓਅੰਕਾਰੁ ਕੀਆ ਜਿਨਿ ਚਿਤਿ ॥
ਓਅੰਕਾਰਿ ਸੈਲ ਜੁਗ ਭਏ ॥
ਓਅੰਕਾਰਿ ਬੇਦ ਨਿਰਮਏ ॥

(ਰਾਮਕਲੀ ਦਖਣੀ, ਮ: ੧ - ੯੨੯)

ਭਾਵ ਏਹ ਕਿ ਜੋ ਪੈਦਾ ਹੋਇਆ ਹੈ ਸੋ ਮਰੇਗਾ ਅਤੇ ਜੋ ਜੋ ਹੋਏ, ਸੋ ਸੋ ਮਰ ਗਏ। ਫੇਰ ਓਨ੍ਹਾਂ ਨੇ ਕਈ ਪ੍ਰਕਾਰ ਦੇ ਹੋਰ ਭੀ ਵਿਕਲਪ ਕੀਤੇ ਜਿਨ੍ਹਾਂ ਦਾ ਉੱਤਰ ਗੁਰੂ ਸਾਹਿਬ ਜੀ ਨੇ ਏਸੇ ਓਅੰਕਾਰ ਵਿੱਚ ਦਿੱਤਾ ਜੋ ਦੱਖਣ ਦੇਸ਼ ਵਿੱਚ ਓਅੰਕਾਰ ਦੇ ਅਸਥਾਨ ਪਰ ਉਚਾਰਨ ਕਰ ਕੇ {ਦੱਖਣੀ ਓਅੰਕਾਰ} ਦੱਖਣੀ ਓਅੰਕਾਰ ਲਿਖਿਆ ਹੈ। ਗੁਰੂ ਸਾਹਿਬ ਜੀ ਦੀ ਬਾਣੀ ਸ੍ਰਵਣ ਕਰ ਕੇ ਸਭ ਲੋਕ ਅਨੁਯਾਈ ਹੋਏ।

ਏਥੋਂ ਅੱਗੇ ਇੰਦੌਰ ਸ਼ਹਿਰ; ਜਿੱਥੇ ਹੁਣ ਹੁਲਕਰ ਗੋਤ ਦੇ ਮਰਹੱਟਿਆਂ ਦੀ ਰਾਜਧਾਨੀ ਹੈ, ਜਾ ਠਹਿਰੇ ਤੇ ਓਥੋਂ ਦੇ ਲੋਗਾਂ ਨੂੰ ਜੋ ਕੇਵਲ ਸ਼ਿਵਲਿੰਗ ਦੇ ਉਪਾਸਕ ਸੇ ਓਸ ਤੋਂ ਹਟਾ ਕੇ ਅਕਾਲ ਪੁਰਖ ਦੀ ਸੇਵਾ ਵਿੱਚ ਲਗਾਯਾ। ਤੇ ਫੇਰ ਓਥੋਂ ਚੱਲ ਹੁਸ਼ੰਗਾਬਾਦ ਇੱਕ ਬਾਗ਼ ਵਿੱਚ ਜਾ ਬੈਠੇ (ਜਿਥੇ ਹੁਣ ਉਦਾਸੀ ਸੰਤ ਰਹਿੰਦੇ ਹਨ) ਤੇ ਸ਼ਬਦ ਪੜ੍ਹਿਆ। ਬਾਬੇ ਦਾ ਸ਼ਬਦ ਤੇ ਰਬਾਬ ਦੀ ਤਾਰ, ਜੋ 'ਕਰਤਾਰ' 'ਕਰਤਾਰ' ਹੀ ਕਰਦੀ ਸੀ; ਸੁਣ ਕੇ ਸਭ ਲੋਕ ਆਨੰਦ ਹੋਏ। ਸ਼ਹਿਰ ਵਿੱਚੋਂ ਸੇਠ ਸ਼ਾਹੂਕਾਰ ਭੀ ਰਾਜੇ ਸਮੇਤ ਆਉਣ ਲੱਗੇ। ਤਦ ਓਨ੍ਹਾਂ ਨੂੰ ਬਪਾਰੀ ਸਮਝ ਕੇ ਗੁਰੂ ਸਾਹਿਬ ਜੀ ਨੇ ਇਸ ਪ੍ਰਕਾਰ ਉਪਦੇਸ਼ ਕੀਤਾ:

ਸਿਰੀਰਾਗੁ ਮਹਲਾ ੧ ॥
ਵਣਜੁ ਕਰਹੁ ਵਣਜਾਰਿਹੋ ਵਖਰੁ ਲੇਹੁ ਸਮਾਲਿ ॥
ਤੈਸੀ ਵਸਤੁ ਵਿਸਾਹੀਐ ਜੈਸੀ ਨਿਬਹੈ ਨਾਲਿ ॥
ਅਗੈ ਸਾਹੁ ਸੁਜਾਣੁ ਹੈ ਲੈਸੀ ਵਸਤੁ ਸਮਾਲਿ ॥੧॥
ਭਾਈ ਰੇ ਰਾਮੁ ਕਹਹੁ ਚਿਤੁ ਲਾਇ ॥
ਹਰਿ ਜਸੁ ਵਖਰੁ ਲੈ ਚਲਹੁ ਸਹੁ ਦੇਖੈ ਪਤੀਆਇ ॥੧॥ ਰਹਾਉ ॥

ਜਿਨਾ ਰਾਸਿ ਨ ਸਚੁ ਹੈ ਕਿਉ ਤਿਨਾ ਸੁਖੁ ਹੋਇ ॥
ਖੋਟੈ ਵਣਜਿ ਵਣੰਜਿਐ ਮਨੁ ਤਨੁ ਖੋਟਾ ਹੋਇ ॥
ਫਾਹੀ ਫਾਥੇ ਮਿਰਗ ਜਿਉ ਦੂਖੁ ਘਣੋ ਨਿਤ ਰੋਇ ॥੨॥
ਖੋਟੇ ਪੋਤੈ ਨਾ ਪਵਹਿ ਤਿਨ ਹਰਿ ਗੁਰ ਦਰਸੁ ਨ ਹੋਇ ॥
ਖੋਟੇ ਜਾਤਿ ਨ ਪਤਿ ਹੈ ਖੋਟਿ ਨ ਸੀਝਸਿ ਕੋਇ ॥
ਖੋਟੇ ਖੋਟੁ ਕਮਾਵਣਾ ਆਇ ਗਇਆ ਪਤਿ ਖੋਇ ॥੩॥
ਨਾਨਕ ਮਨੁ ਸਮਝਾਈਐ ਗੁਰ ਕੈ ਸਬਦਿ ਸਾਲਾਹ ॥
ਰਾਮ ਨਾਮ ਰੰਗਿ ਰਤਿਆ ਭਾਰੁ ਨ ਭਰਮੁ ਤਿਨਾਹ ॥
ਹਰਿ ਜਪਿ ਲਾਹਾ ਅਗਲਾ ਨਿਰਭਉ ਹਰਿ ਮਨ ਮਾਹ ॥੪॥੨੩॥

(ਸਿਰੀਰਾਗੁ, ਮਃ ੧ – ੨੨/੨੩)

ਇਸ ਪ੍ਰਕਾਰ ਦਾ ਉਪਦੇਸ਼ ਸੁਣ ਕੇ ਸਭ ਲੋਕ ਪਾਖਾਣ ਪੂਜਾ ਨੂੰ ਨਿਸਫ਼ਲ ਸਮਝ ਕੇ ਛੱਡ ਬੈਠੇ ਤੇ ਕਰਤਾਰ ਕਰਤਾਰ ਜਪਣ ਲੱਗੇ। ਫੇਰ ਓਥੋਂ ਦੇ ਰਾਜੇ {ਇੰਦੌਰ ਦਾ ਰਾਜਾ} ਲੱਛਮੀ ਰਾਉ ਨੇ ਆਖਿਆ, "ਜੀ! ਅਸਾਂ ਸੁਣਿਆ ਹੈ ਜੋ ਸ੍ਰੀ ਕ੍ਰਿਸ਼ਨ ਜੀ ਬੰਧਨ ਵਿੱਚ ਨਹੀਂ ਆਏ ਅਤੇ ਓਹ ਇੱਛਾਚਾਰੀ ਸੇ। ਸੋ ਠੀਕ ਹੈ ਯਾ ਨਹੀਂ?" ਤਦ ਬਾਬੇ ਜੀ ਨੇ ਆਖਿਆ, "ਭਾਈ ਰਾਜਾ! {ਪੰਜ ਪ੍ਰਕਾਰ ਦੇ ਜੀਵ} ਜੀਵ ਪੰਜ ਪ੍ਰਕਾਰ ਦੇ ਹਨ। ਨਕਿਸ੍ਰ ੧. ਅਧਮ ੨. ਸਮ ੩. ਉੱਤਮ ੪. ਕਾਰਕ ੫. ਇੱਕ ਚੌਰਾਸੀ ਲੱਖ ਜੋਨੀ ਵਿੱਚ ਜਥਾ ਕਰਮ ਤਥਾ ਫ਼ਲ ਦੁਖੁ ਸੁਖੁ ਭੋਗਦੇ ਹੋਏ ਹਰਟ ਦੀਆਂ ਟਿੰਡਾਂ ਵਾਂਗੂੰ ਪਏ ਭੌਂਦੇ ਹਨ, ਓਹ ਅਗਯਾਨੀ ਨਕਿਸ੍ਰ ਹਨ। ਦੂਜੇ ਸਭ ਕਰਮ ਕਾਮਨਾ ਸਾਥ ਕਰਨ ਵਾਲੇ ਸ੍ਵਰਗ ਵਿੱਚ ਜਾਂਦੇ ਹਨ ਪਰ ਤਿੰਨ ਪ੍ਰਕਾਰ ਦੇ ਦੁੱਖ ਓਨ੍ਹਾਂ ਨੂੰ ਬਯਾਪੇ ਰਹਿੰਦੇ ਹਨ (੧) ਆਪ ਤੋਂ ਉੱਚੇ ਪਦ ਵਾਲਿਆਂ ਨੂੰ ਅਧਿਕ ਸੁਖ ਦੇਖ ਕੇ ਮਸਤਰ ਨਾਲ ਜਲਦੇ ਹਨ (੨) ਜਿਉਂ ਜਿਉਂ ਪੁੰਨ ਹੀਣ ਹੁੰਦੇ ਹਨ ਤਿਉਂ ਤਿਉਂ ਝੁਰਦੇ ਹਨ, ਕਿਉਂਕਿ ਜਦ ਪ੍ਰਾਣੀ ਕਰਮਾਂ ਦਾ ਫ਼ਲ ਭੋਗ ਲੈਂਦਾ ਹੈ ਤਾਂ ਓਥੋਂ ਸਿੱਟਿਆ ਜਾਂਦਾ ਹੈ। (੩) ਰਾਖਸ਼ਾਂ ਦਾ ਡਰ ਰਹਿੰਦਾ ਹੈ, ਓੜਕ ਓਹ ਆਪਣੇ ਕਰਮਾਂ ਦਾ ਫ਼ਲ ਭੋਗ ਕੇ ਫੇਰ ਜੰਮਣ ਮਰਣ ਵਿੱਚ ਆ ਪੈਂਦੇ ਹਨ, ਸੋ ਏਹ ਅਧਮ ਕਹਾਉਂਦੇ ਹਨ। ਤੀਜੇ ਸ਼ੁਭ ਕਰਮ ਭਗਤੀ ਕਾਮਨਾ ਸਾਥ ਕਰਨ ਵਾਲੇ ਬੈਕੁੰਠ ਵਿੱਚ ਜਾਂਦੇ ਹਨ। ਭਾਵੇਂ ਓਹਨਾਂ ਨੂੰ ਬਾਂਛਤ ਭੋਗ ਲੱਭਦੇ ਹਨ ਪਰ ਬਿਖਮ ਦ੍ਰਿਸ਼ਟੀ ਤੋਂ ਈਰਖਾ ਬਣੀਂ ਰਹਿੰਦੀ ਹੈ ਕਿਉਂਕਿ ਸਾਲੋਕ, ਸਾਮੀਪ, ਸਾਯੁਧ, ਸਾਰੂਪ ਏਹ ਚਾਰ ਦਰਜੇ ਹਨ। ਨਾਲੇ ਕਲਪ ਪ੍ਰਯੰਤ ਓਥੇ ਰਹਿ ਕੇ ਫੇਰ ਸੰਸਾਰ ਵਿੱਚ ਆ ਜਾਂਦੇ ਹਨ, ਓਹ ਸਮ ਪੁਰਖ ਕਹਾਂਵਦੇ ਹਨ। ਚੌਥੇ ਉੱਤਮ ਪੁਰਖ ਓਹ ਹਨ ਜੇਹੜੇ ਨਿਸ਼ਕਾਮ ਸੁਕ੍ਰਿਤ ਭਜਨ ਭਗਤੀ ਕਰਦੇ ਹਨ। ਓਹਨਾਂ ਨੂੰ ਏਸੇ ਦੇਹ ਵਿੱਚ ਬ੍ਰਹਮਗਯਾਨ ਹੋ ਕੇ ਕੈਵੱਲਯ ਮੁਕਤ ਪ੍ਰਾਪਤ ਹੁੰਦੀ ਹੈ। ਨਹੀਂ ਤਾਂ ਸੱਚ ਵਿੱਚ ਕਲਪ ਪ੍ਰਯੰਤ ਸੁਖ ਭੋਗ ਕੇ ਅੰਤ ਨੂੰ ਬ੍ਰਹਮਗਯਾਨ ਸ੍ਵਤੇ ਸਿੱਧ ਹੋ ਕਰ ਕੇ ਕੈਵੱਲਯ ਮੁਕਤਿ ਪ੍ਰਾਪਤ ਹੋ ਜਾਂਦੀ ਹੈ। ਅਰਥਾਤ ਜਿੱਕੂੰ ਸਮੁੰਦ੍ਰ ਨੂੰ ਨਦੀ ਮਿਲ ਕੇ ਸਮੁੰਦ੍ਰ ਹੋ ਜਾਂਦੀ ਹੈ ਤੈਸੇ ਹੀ ਓਹ ਬ੍ਰਹਮ ਸਾਥ ਅਭੇਦ ਹੋ ਕੇ ਫੇਰ ਕਦੇ ਨਹੀਂ ਵਿਛੜਦੇ। ਪੰਜਵੇਂ ਕਾਰਕ ਪੁਰਖ ਹਨ, ਓਹ ਹਮੇਸ਼ਾ ਸੱਚਖੰਡ ਵਿੱਚ ਨਿਵਾਸ ਕਰਦੇ ਹਨ ਤੇ ਜਦ ਕਦੇ ਸੰਸਾਰ ਵਿੱਚ ਧਰਮ ਦੀ ਹਾਨੀ ਹੁੰਦੀ ਹੈ ਤਾਂ ਈਸ਼੍ਵਰ ਓਨ੍ਹਾਂ ਵਿੱਚੋਂ ਕਿਸੇ ਇੱਕ ਨੂੰ ਯਥਾ ਯੋਗ ਸ਼ਕਤੀ ਦੇ ਕੇ, ਜੈਸੇ ਬਾਦਸ਼ਾਹ ਕਿਸੇ ਵਿਗੜੇ ਹੋਏ ਮੁਲਕ ਦੇ ਸੁਧਾਰ ਵਾਸਤੇ ਆਪਣੀ ਫ਼ੌਜ ਤੇ ਦੌਲਤ ਦੇ ਕੇ ਕਿਸੇ ਮੁਸਾਹਬ ਨੂੰ ਭੇਜਦਾ ਹੈ; ਤੈਸੇ ਈਸ਼੍ਵਰ ਧਰਮ ਮ੍ਰਯਾਦਾ ਦੇ ਸੁਧਾਰ ਵਾਸਤੇ ਕਿਸੇ ਕਾਰਕ ਨੂੰ ਸੰਸਾਰ ਵਿੱਚ ਭੇਜਦਾ ਹੈ। ਓਹ ਕਾਰਕ ਜੈਸਾ ਸਮਾਂ ਵੇਖਦੇ ਹਨ ਓਸੇ ਪ੍ਰਕਾਰ ਧਰਮ ਦਾ ਪ੍ਰਚਾਰ, ਦੁਸ਼ਟਾਂ ਨੂੰ ਮਾਰ ਸੁਧਾਰ ਕੇ ਈਸ਼੍ਵਰ ਦੇ ਹੁਕਮ ਅਨੁਸਾਰ ਫੇਰ ਸੱਚਖੰਡ ਵਿਖੇ ਚਲੇ ਜਾਂਦੇ ਹਨ। ਕਾਰਕ ਪਰੋਪਕਾਰ ਵਾਸਤੇ ਆਉਂਦੇ ਹਨ ਜੰਮਣ ਮਰਨ ਵਿੱਚ ਨਹੀਂ ਹੁੰਦੇ। ਨਿਤ ਮੁਕਤਿ ਹੁੰਦੇ

ਹਨ। ਕ੍ਰਿਤ ਭੌਤਕ* ਨਹੀਂ ਹੁੰਦੇ, ਬਲਕਿ ਅਪਚੀ ਕ੍ਰਿਤ ਮਾਯਕ ਹੁੰਦੇ ਹਨ, ਏਸੇ ਕਰ ਕੇ ਓਹ ਬੰਧਨ ਵਿੱਚ ਨਹੀਂ ਆਉਂਦੇ। ਦੇਖਣ ਨੂੰ ਤਾਂ ਦੀਵੇ ਦੇ ਅਕਾਰ ਵਾਂਗੂੰ ਅਕਾਰ ਵਾਲੇ ਨਜ਼ਰ ਆਉਂਦੇ ਹਨ ਪਰ ਵਾਸਤਵ ਵਿੱਚ ਅਕਾਰ ਨਹੀਂ ਹੁੰਦਾ। ਜਿੱਥੇ ਚਾਹੁੰਦੇ ਹਨ ਓਥੇ ਚਲੇ ਜਾਂਦੇ ਹਨ। ਚਾਰੇ ਤੱਤ ਓਨ੍ਹਾਂ ਨੂੰ ਰੋਕ ਨਹੀਂ ਸਕਦੇ। ਰਾਮ ਕ੍ਰਿਸ਼ਨਾਦਿਕ ਭੀ ਓਨ੍ਹਾਂ ਵਿੱਚੋਂ ਹੀ ਸਨ। ਭਾਵੇਂ ਕਵੀਸ਼ਰਾਂ ਨੇ ਓਹ ਈਸ਼੍ਵਰ ਦੇ ਅਵਤਾਰ ਲਿਖ ਦਿੱਤੇ ਹਨ ਪਰ ਈਸ਼੍ਵਰ ਅਵਤਾਰ ਨਹੀਂ ਧਾਰਦਾ। ਜਿਕੁਰ ਪ੍ਰਮੇਸ਼੍ਵਰ ਦੇ ਬ੍ਰਹਮਾਂਡ ਮੁਲਕ ਅਨੇਕ ਹਨ, ਤੈਸੇ ਹੀ ਕਾਰਕ ਭੀ ਅਨੰਤ ਹਨ। ਜੇਹੜਾ ਕਾਰਕ ਈਸ਼੍ਵਰ ਦੇ ਹੁਕਮ ਤੋਂ ਬਿਪ੍ਰਜੇ ਕੁਛ ਕਾਰਜ ਕਰਦਾ ਹੈ ਯਾ ਪ੍ਰਮੇਸ਼੍ਵਰ ਦੇ ਨਾਮ ਨਾਲ ਆਪਣਾ ਨਾਮ ਯਾ ਨਿਰਾ ਆਪਣਾ ਨਾਮ ਜਪਾਉਂਦਾ ਹੈ ਓਸ ਨੂੰ ਪ੍ਰਮੇਸ਼੍ਵਰ ਫੇਰ ਨਹੀਂ ਭੇਜਦਾ ਅਤੇ ਕਲਪ ਪ੍ਰਯੰਤ ਦਰਵਾਜੇ ਅੱਗੇ ਖੜਾ ਰੱਖਦਾ ਹੈ। ਯਥਾ ਮਹਾਰਾਜ ਦਾ ਵਾਕ ਹੈ:

ਜਿਤ ਦਰ ਲਖ ਮੁਹੰਮਦਾ ਲਖ ਬ੍ਰਹਮਾ ਬਿਸਨ ਮਹੇਸ ॥
ਲਖ ਲਖ ਰਾਮ ਵਡੀਰੀਅਹਿ ਲਖ ਰਾਹੀ ਲਖ ਵੇਸ ॥
ਲਖ ਲਖ ਓਥੇ ਜਤੀ ਹੈ ਸਤੀਅਹੁ ਤੇ ਸੰਨਯਾਸ ॥
ਲਖ ਲਖ ਓਥੇ ਗੋਰਖਾ ਲਖ ਲਖ ਨਾਥਾ ਨਾਥ ॥
ਲਖ ਲਖ ਓਥੇ ਆਸਨਾ ਗੁਰੂ ਚੇਲੇ ਰਹਰਾਸ ॥
ਲਖ ਲਖ ਦੇਵੀ ਦੇਵਤੇ ਦਾਨੂੰ ਲਖ ਨਿਵਾਸ ॥
ਲਖ ਪੀਰ ਪੈਕਾਂਬਰ ਅਉਲੀਏ ਲਖ ਕਾਜ਼ੀ ਮੁਲਾ ਸੇਖ ॥
ਕਿਸੇ ਸਾਤਿ ਨ ਆਈਆ ਬਿਨ ਸਤਗੁਰ ਕੇ ਉਪਦੇਸ ॥
ਸਾਧਿਕ ਸਿਧ ਅਗਿਣਤ ਹੈ ਕੇਤੇ ਲਖ ਅਪਾਰ ॥
ਏਤੜਿਆ ਅਪਵਿਤ੍ਰ ਹੈ ਬਿਨ ਸਤਿਗੁਰ ਸਬਦ ਬੀਚਾਰ ॥
ਸਿਰ ਨਾਥਾ ਕੇ ਏਕ ਨਾਥ ਸਚ ਨਾਮ ਕਰਤਾਰ ॥
ਨਾਨਕ ਤਾਕੀ ਕੀਮਤਿ ਨਾ ਪਵੈ ਬੇਅੰਤ ਬੇਸੁਮਾਰ ॥੧॥

(ਇਹ ਸ਼ਬਦ ਭਾਈ ਬੰਨੋ ਵਾਲੀ ਬੀੜ ਦਾ ਹੈ)

ਜਿਸ ਤੋਂ ਓਹ ਕਾਰਕ ਅਤਜੰਤ ਦੁਖੀ ਤੇ ਸ਼ਰਮਿੰਦਾ ਹੁੰਦਾ ਰਹਿੰਦਾ ਹੈ। ਸੋ ਕ੍ਰਿਸ਼ਨ ਜੀ ਹੈਗੇ ਤਾਂ ਕਾਰਕ ਪੁਰਖ ਸਨ, ਪਰ ਇਨ੍ਹਾਂ ਨੇ ਜਗਤ ਪਰ ਆ ਕੇ ਕਈ ਅਜਿਹੇ ਕੰਮ ਕੀਤੇ ਜੋ ਕਰਨੇ ਯੋਗ ਨਹੀਂ ਸਨ ਪਰ ਪ੍ਰਮੇਸ਼੍ਵਰ ਦੀ ਮਰਜ਼ੀ ਉਲਟ ਸਨ। ਇਸ ਲਈ ਓਹ ਭੀ ਦਰਵਾਜ਼ੇ ਅੱਗੇ ਖੜੇ ਹੋਣ ਵਾਲਿਆਂ ਵਿੱਚ ਦਾਖ਼ਲ ਕੀਤੇ ਗਏ। ਏਹ ਪ੍ਰਸੰਗ ਸੁਣ ਕੇ ਓਹ ਲੋਕ ਰਾਜੇ ਸਮੇਤ ਪਰਮੇਸ਼੍ਵਰ ਦੀ ਭਗਤੀ ਵਿੱਚ ਤਤਪਰ ਹੋ ਕੇ ਕਲਜਾਨ ਦੇ ਅਧਿਕਾਰੀ ਹੋਏ।

ਬਾਬਾ ਜੀ ਓਥੋਂ ਅੱਗੇ ਨਰਬਦਾ ਨਦੀ ਪਾਰ ਹੋ ਮਹਾਂਰਾਸ਼ਟਰ ਦੇਸ ਵਿੱਚ ਜਾ ਫਿਰੇ। ਨਰਸਿੰਘ ਪੁਰ, ਬਾਲਾਘਾਟ ਆਦਿਕ ਸ਼ਹਿਰ ਜੰਗਲ ਦੇਖਦੇ ਹੋਏ ਤਮਸਾ ਨਦੀ ਪਾਰ ਹੋ {ਬੁਰਹਾਨਪੁਰ} ਬੁਰਹਾਨਪੁਰ ਜਾ ਰਹੇ (ਜਿੱਥੇ ਹੁਣ ਹਠੀ ਸਿੰਘ ਦਾ ਦੇਹੁਰਾ ਤੇ ਗੁਰਸਿੱਖੀ ਬਹੁਤ ਹੈ) ਓਥੋਂ ਤਾਪੀ ਨਦੀ ਪਾਰ ਹੋ ਗੌਂਡ ਦੇਸ਼ ਜਾ ਦੇਖਿਆ ਤੇ ਇੱਕ ਵਣਜਾਰਿਆਂ ਦੇ ਨਗਰ ਨਰਸਿੰਘਪੁਰੇ ਵਿਖੇ ਜਾ

---

*ਜਿਤਨੇ ਦੇਹ ਧਾਰੀ ਹਨ ਸੋ ਸਭ ਪੰਜਾਂ ਤੱਤਾਂ ਤੇ ਪੰਝੀ ਪ੍ਰਕਿਰਤਾਂ ਦੇ ਬਣੇ ਹੋਏ ਹਨ। {ਅਕਾਸ਼ ੧ ਪਉਣ ੨ ਅਗਨੀ ੩ ਜਲ ੪ ਪ੍ਰਿਥਵੀ ੫ ਏਹ ਪੰਜੇ ਤੱਤ ਹਨ। ਕਾਮ, ਕ੍ਰੋਧ, ਲੋਭ, ਮੋਹ, ਮਤਸਰ; ਏਹ ਪੰਜੇ ਪ੍ਰਕਿਰਤਾਂ ਕਹੀਏ ਸੁਭਾਵ ਸਰੀਰ ਵਿੱਚ ਅਕਾਸ਼ ਦੇ ਵਰਤਦੇ ਹਨ ॥੧॥ ਧਾਵਨ, ਪਸਰਨ, ਉੱਛਲਨ, ਚੰਚਲਤਾ, ਸੰਕੋਚ; ਏਹ ਪੰਜੇ ਪੌਣ ਦੇ ਸੁਭਾਵ ਹਨ ॥੨॥ ਛੁਧਾ, ਪਿਆਸਾ, ਆਲਸ, ਨਿੰਦ੍ਰਾ, ਕਾਂਤਿ; ਏਹ ਪੰਜੇ ਸੁਭਾਵ ਅਗਨੀ ਦੇ ਹਨ ॥੩॥ ਰੇਤ, ਪਿਤ, ਸਵੇਦ, ਲਾਲਾਂ, ਰਕਤ; ਏਹ ਪੰਜੇ ਜਲ ਦੀ ਅੰਸ ਹਨ ॥੪॥ ਅਸਥ, ਮਾਸ, ਨਾੜੀ, ਤੁਚਾ, ਰੋਮ; ਏਹ ਪੰਜੇ ਅੰਸ ਪ੍ਰਿਥਵੀ ਦੇ ਹਨ ॥੫॥ ਏਹ ਸਭ ਮਿਲ ਕੇ ੨੫ ਹੋਏ। ਕਾਰਕਾਂ ਦੇ ਸਰੀਰ ਤੱਤਾਂ ਦੇ ਨਹੀਂ ਹੁੰਦੇ, ਮਾਇਕ ਹੁੰਦੇ ਹਨ। ਏਸੇ ਕਰ ਕੇ ਓਨ੍ਹਾਂ ਵਿੱਚ ਪ੍ਰਕਿਰਤਾਂ ਭੀ ਮਾਇਕ ਹੁੰਦੀਆਂ ਹਨ, ਜਿਸ ਕਰ ਕੇ ਓਹ ਬੰਧਨ ਵਿੱਚ ਨਹੀਂ ਆਉਂਦੇ। ਰਾਜੇ ਨੇ ਕਿਹਾ ਅਸੀਂ ਕੀਕੂੰ ਜਾਣੀਏ? ਤਾਂ ਬਾਬਾ ਜੀ ਨੇ ਹੋਰ ਪ੍ਰਸੰਗ ਚਲਾ ਦਿੱਤਾ। ਲਿਖਿਆ ਹੈ ਜਦ ਓਥੋਂ ਤੁਰੇ ਤੇ ਰਾਜਾ ਪਰਜਾ ਬਿਦਾ ਕਰਨ ਆਏ ਤਾਂ ਬਾਬੇ ਆਖਿਆ ਅਸੀਂ ਕੁਪੀਨ ਭੁੱਲ ਆਏ ਹਾਂ, ਰਾਜੇ ਨੇ ਆਦਮੀ ਦੌੜਾਯਾ ਜੋ ਲੈ ਆਇਆ। ਓਸ ਵੇਲੇ ਬਾਬਾ ਜੀ ਦੇ ਦੋਵੇਂ ਹੱਥ ਰੁਕੇ ਹੋਏ ਸੇ ਸੋ ਉਤਾਹਾਂ ਬਾਹਾਂ ਕਰ ਕੇ ਆਖਿਆ ਕਿ ਲੱਕ ਨੂੰ ਬੰਨ੍ਹ ਦਿਓ। ਜਾਂ ਓਹ ਬੰਨ੍ਹਣ ਤਾਂ ਓਹਨਾਂ ਦੇ ਹੱਥ ਵਿੱਚ ਕੁਛ ਨਾ ਆਵੇ ਅਰਥਾਤ ਕੋਈ ਸਰੂਪ ਨ ਬੱਧਾ ਜਾਵੇ। ਏਹ ਦੇਖ ਰਾਜੇ ਨੇ ਚਰਨ ਫੜ ਲਏ।

ਉੱਤਰੇ। ਓਥੇ ਓਨ੍ਹਾਂ ਦੇ ਨਾਇਕ ਦਾ ਇਕਲੌਂਤਾ ਪੁੱਤ੍ਰ ਮਰ ਜਾਣੇ ਕਰ ਕੇ ਸਭ ਲੋਕ ਰੁਦਨ ਕਰ ਰਹੇ ਸੇ। ਬਾਬੇ ਨੇ ਰਬਾਬ ਵਜਾਇ ਕੇ ਏਹ ਸ਼ਬਦ ਪੜ੍ਹਿਆ:

ੴ ਸਤਿਗੁਰ ਪ੍ਰਸਾਦਿ ॥
ਸਿਰੀਰਾਗੁ ਮਹਲਾ ੧ ਪਹਰੇ ਘਰੁ ੧ ॥
ਪਹਿਲੈ ਪਹਰੈ ਰੈਣਿ ਕੈ ਵਣਜਾਰਿਆ ਮਿਤ੍ਰਾ ਹੁਕਮਿ ਪਇਆ ਗਰਭਾਸਿ ॥
ਉਰਧ ਤਪੁ ਅੰਤਰਿ ਕਰੇ ਵਣਜਾਰਿਆ ਮਿਤ੍ਰਾ ਖਸਮ ਸੇਤੀ ਅਰਦਾਸਿ ॥
ਖਸਮ ਸੇਤੀ ਅਰਦਾਸਿ ਵਖਾਣੈ ਉਰਧ ਧਿਆਨਿ ਲਿਵ ਲਾਗਾ ॥
ਨਾ ਮਰਜਾਦੁ ਆਇਆ ਕਲਿ ਭੀਤਰਿ ਬਾਹੁੜਿ ਜਾਸੀ ਨਾਗਾ ॥
ਜੈਸੀ ਕਲਮ ਵੁੜੀ ਹੈ ਮਸਤਕਿ ਤੈਸੀ ਜੀਅੜੇ ਪਾਸਿ ॥
ਕਹੁ ਨਾਨਕ ਪ੍ਰਾਣੀ ਪਹਿਲੈ ਪਹਰੈ ਹੁਕਮਿ ਪਇਆ ਗਰਭਾਸਿ ॥੧॥
ਦੂਜੈ ਪਹਰੈ ਰੈਣਿ ਕੈ ਵਣਜਾਰਿਆ ਮਿਤ੍ਰਾ ਵਿਸਰਿ ਗਇਆ ਧਿਆਨੁ ॥
ਹਥੋ ਹਥਿ ਨਚਾਈਐ ਵਣਜਾਰਿਆ ਮਿਤ੍ਰਾ ਜਿਉ ਜਸੁਦਾ ਘਰਿ ਕਾਨੁ ॥
ਹਥੋ ਹਥਿ ਨਚਾਈਐ ਪ੍ਰਾਣੀ ਮਾਤ ਕਹੈ ਸੁਤੁ ਮੇਰਾ ॥
ਚੇਤਿ ਅਚੇਤ ਮੂੜ ਮਨ ਮੇਰੇ ਅੰਤਿ ਨਹੀ ਕਛੁ ਤੇਰਾ ॥
ਜਿਨਿ ਰਚਿ ਰਚਿਆ ਤਿਸਹਿ ਨ ਜਾਣੈ ਮਨ ਭੀਤਰਿ ਧਰਿ ਗਿਆਨੁ ॥
ਕਹੁ ਨਾਨਕ ਪ੍ਰਾਣੀ ਦੂਜੈ ਪਹਰੈ ਵਿਸਰਿ ਗਇਆ ਧਿਆਨੁ ॥੨॥
ਤੀਜੈ ਪਹਰੈ ਰੈਣਿ ਕੈ ਵਣਜਾਰਿਆ ਮਿਤ੍ਰਾ ਧਨ ਜੋਬਨ ਸਿਉ ਚਿਤੁ ॥
ਹਰਿ ਕਾ ਨਾਮੁ ਨ ਚੇਤਹੀ ਵਣਜਾਰਿਆ ਮਿਤ੍ਰਾ ਬਧਾ ਛੁਟਹਿ ਜਿਤੁ ॥
ਹਰਿ ਕਾ ਨਾਮੁ ਨ ਚੇਤੈ ਪ੍ਰਾਣੀ ਬਿਕਲੁ ਭਇਆ ਸੰਗਿ ਮਾਇਆ ॥
ਧਨ ਸਿਉ ਰਤਾ ਜੋਬਨਿ ਮਤਾ ਅਹਿਲਾ ਜਨਮੁ ਗਵਾਇਆ ॥
ਧਰਮ ਸੇਤੀ ਵਾਪਾਰੁ ਨ ਕੀਤੋ ਕਰਮੁ ਨ ਕੀਤੋ ਮਿਤੁ ॥
ਕਹੁ ਨਾਨਕ ਤੀਜੈ ਪਹਰੈ ਪ੍ਰਾਣੀ ਧਨ ਜੋਬਨ ਸਿਉ ਚਿਤੁ ॥੩॥
ਚਉਥੈ ਪਹਰੈ ਰੈਣਿ ਕੈ ਵਣਜਾਰਿਆ ਮਿਤ੍ਰਾ ਲਾਵੀ ਆਇਆ ਖੇਤੁ ॥
ਜਾ ਜਮਿ ਪਕੜਿ ਚਲਾਇਆ ਵਣਜਾਰਿਆ ਮਿਤ੍ਰਾ ਕਿਸੈ ਨ ਮਿਲਿਆ ਭੇਤੁ ॥
ਭੇਤੁ ਚੇਤੁ ਹਰਿ ਕਿਸੈ ਨ ਮਿਲਿਓ ਜਾ ਜਮਿ ਪਕੜਿ ਚਲਾਇਆ ॥
ਝੂਠਾ ਰੁਦਨੁ ਹੋਆ ਦੁੋਆਲੈ ਖਿਨ ਮਹਿ ਭਇਆ ਪਰਾਇਆ ॥
ਸਾਈ ਵਸਤੁ ਪਰਾਪਤਿ ਹੋਈ ਜਿਸੁ ਸਿਉ ਲਾਇਆ ਹੇਤੁ ॥
ਕਹੁ ਨਾਨਕ ਪ੍ਰਾਣੀ ਚਉਥੈ ਪਹਰੈ ਲਾਵੀ ਲੁਣਿਆ ਖੇਤੁ ॥੪॥੧॥

(ਸਿਰੀਰਾਗੁ, ਮਃ ੧ - ੭੪/੭੫)

ਏਹ ਸੁਣ ਕੇ ਓਨ੍ਹਾਂ ਵਣਜਾਰਿਆਂ ਦੇ ਮਨ ਨੂੰ ਸ਼ਾਂਤੀ ਪ੍ਰਾਪਤ ਹੋਈ ਤੇ ਸਭ ਲੋਕ ਸਤਿਨਾਮ ਦੇ ਉਪਦੇਸ਼ੀ ਹੋ ਕੇ ਗੁਰੂ ਕੇ ਸਿੱਖ ਬਣੇ ਅਤੇ ਮੜ੍ਹੀ, ਮਸਾਣੀ, ਪੱਥਰ, ਪਾਣੀ ਦਾ ਮੰਨਣਾ ਛੱਡ ਕੇ ਇੱਕ ਕਰਤਾਰ ਪਰ ਭਰੋਸਾ ਰੱਖ ਬੈਠੇ। ਅਜੇ ਤੱਕ ਓਸ ਦੇਸ ਦੇ ਵਣਜਾਰੇ ਸਿੱਖ ਮਸ਼ਹੂਰ ਹਨ। ਓਨ੍ਹਾਂ ਨੇ ਧਰਮਸਾਲਾ ਬਣਵਾ ਰੱਖੀ ਹੈ ਤੇ ਆਏ ਗਏ ਸਾਧ ਸੰਤ ਦੀ ਸੇਵਾ ਕਰਦੇ ਹਨ।

ਗੁਰੂ ਸਾਹਿਬ ਗੌਂਡ ਦੇਸ ਦੇ ਜੰਗਲ ਪਹਾੜ ਦੇਖਦੇ ਹੋਏ ਮਹਾਂ ਦੇਵੀ ਦੁਰਗਾ ਦੇ ਪਰਬਤ ਨੂੰ ਲੰਘ ਕੇ ਸੇਵਾਨੀ ਸ਼ਹਿਰ ਤੋਂ ਤਿੰਨ ਕੋਹ ਰਾਮ ਟੇਕਰੀ ਨਾਮੇ ਅਤਿ ਉੱਚੀ ਪਹਾੜੀ ਪਰ ਹਾੜ ਸੰਮਤ ੧੫੬੯ ਬਿਕ੍ਰਮੀ ਨੂੰ ਬਰਖਾ ਦੇ ਸਮੇਂ ਜਾ ਠਹਿਰੇ ਅਰ ਕਈ ਪ੍ਰਕਾਰ ਦੇ ਰਬਾਬ ਨਾਲ ਸ਼ਬਦ ਗਾਇਨ ਕਰਦੇ ਰਹੇ।

ਰਬਾਬ ਅਰ ਸ਼ਬਦਾਂ ਦੀ ਅਵਾਜ਼ ਸੁਣ ਕੇ ਓਥੋਂ ਦੇ ਪੁਜਾਰੀ ਤੇ ਪਿੰਡਾਂ ਵਾਲੇ ਲੋਕ ਬਾਬੇ ਪਾਸ ਇਉਂ ਚਲੇ ਆਏ ਜਿਕੁੰ ਘੰਡਾਹੇੜਾ ਦਾ ਸ਼ਬਦ ਸੁਣ ਕੇ ਮ੍ਰਿਗ ਆ ਜਾਂਦੇ ਹਨ। ਓਨ੍ਹਾਂ ਲੋਗਾਂ ਦੇ ਗਲਾਂ ਵਿੱਚ ਪੱਥਰ ਦੀਆਂ ਚਰਨ ਪਾਦਕਾਂ ਪੰਜ ਪੰਜ ਸੇਰ ਦੀਆਂ; ਤੇ ਮੱਥੇ, ਭੁਜਾ, ਛਾਤੀ ਪਰ ਚੰਨਣ ਨਾਲ

ਚਰਨਾਂ ਦੇ ਚਿਹਨ ਕੀਤੇ ਹੋਏ ਦੇਖ ਕੇ ਭਾਈ ਮਰਦਾਨੇ ਨੇ ਪੁੱਛਿਆ ਜੋ ਏਹ ਕੀ ਕਾਰਨ ਹੈ? ਤਾਂ ਓਨ੍ਹਾਂ ਆਖਯਾ, "ਜੀ! ਏਹ ਰਾਮਚੰਦ੍ਰ ਜੀ ਦੀਆਂ ਚਰਨ ਪਾਦਕਾ ਹਨ। ਏਸ ਚਿੰਨ੍ਹ ਵਾਲੇ ਦੇ ਨੇੜੇ ਜਮ ਨਹੀਂ ਆਉਂਦਾ।" ਬਾਬੇ ਨੇ ਕਿਹਾ, "ਜਮ ਅਸਥੂਲ ਸਰੀਰ ਨੂੰ ਨਹੀਂ ਲੈ ਜਾਂਦਾ, ਬਲਕਿ ਜੀਵ ਨੂੰ ਲੈ ਜਾਂਦਾ ਹੈ। ਸੋ ਸਥੂਲ ਸਰੀਰ ਜਿਸ ਪਰ ਏਹ ਚਿੰਨ੍ਹ ਹਨ, ਓਹ ਤਾਂ ਏਥੇ ਹੀ ਰਹਿ ਜਾਂਦਾ ਹੈ। ਜੀਵ ਦੇ ਨਾਲ ਨਹੀਂ ਜਾਂਦਾ। ਇਸ ਲਈ ਏਹ ਨਿਸ਼ਾਨ ਜੀਵ ਦੀ ਕੁਛ ਸਹਾਇਤਾ ਨਹੀਂ ਕਰ ਸਕਦੇ। ਪ੍ਰਤੱਖ ਹੀ ਜੀਵ ਦੀ ਭੁੱਖ, ਤ੍ਰਿਖਾ, ਬੀਮਾਰੀ ਦੂਰ ਨਹੀਂ ਕਰ ਸਕਦੇ। ਤਾਂ ਤੇ ਨਾਮ, ਦਾਨ, ਦਇਆ, ਖਿਮਾ, ਤਪ, ਜਪ, ਸਤ, ਸੰਤੋਖ, ਧਰਮ, ਭਗਤੀ, ਭਜਨ ਜੋ ਸੂਖਮ ਜੀਵ ਨਾਲ ਜਾਂਦੇ ਹਨ ਤੇ ਸਹਾਇਤਾ ਕਰਦੇ ਹਨ; ਸੋ ਧਾਰਨ ਕਰੋ ਅਤੇ ਏਹ ਕੂੜੇ ਚਿੰਨ੍ਹ ਛੱਡੋ। ਏਹ ਬਚਨ ਸੁਣ ਕੇ ਓਨ੍ਹਾਂ ਦੇ ਪਟੈਲ ਰਾਮਭਜ ਨੇ ਤੁਰਤ ਪੱਥਰ ਉਤਾਰ ਕੇ ਉਪਦੇਸ਼ ਗ੍ਰਹਿਣ ਕੀਤਾ ਤੇ ਓਸ ਨੂੰ ਦੇਖ ਕੇ ਬਾਕੀ ਸਭ ਲੋਕਾਂ ਨੇ ਭੀ ਪੱਥਰ ਉਤਾਰ ਦਿੱਤੇ ਅਤੇ 'ਕਰਤਾਰ' 'ਕਰਤਾਰ' ਜਪਣ ਲੱਗੇ।

ਫੇਰ ਗੁਰੂ ਸਾਹਿਬ ਨੇ ਰਾਜੇ ਅਮਰੀਕ ਦੀ ਜੱਗਯ ਭੂਮੀ ਤੇ ਕਿਲ੍ਹਾ ਅਤੇ ਓਹ ਮੂਰਤ ਬਣੀ ਹੋਈ ਦੇਖੀ ਜਿੱਥੇ ਦੁਰਬਾਸਾ ਰਿਖੀ ਓਸ ਦੀ ਸ਼ਰਨ ਆ ਕੇ ਪਿਆ ਸੀ ਤੇ ਸੁਦ੍ਰਸ਼ਨ ਚੱਕ੍ਰ ਤੋਂ ਓਸ ਦੀ ਜਾਨ ਬਚੀ ਸੀ ਅਤੇ ਜਿਸ ਦੇ ਪ੍ਰਥਾਇ ਭਾਈ ਗੁਰਦਾਸ ਜੀ ਨੇ ਭਗਤਾਵਲੀ ਦੀ ਵਾਰ ਵਿੱਚ ਇੱਕ ਪੌੜੀ ਉਚਾਰੀ ਹੈ। ਯਥਾ:

ਅੰਬਰੀਕ ਮੁਹਿ ਵਰਤੁ ਹੈ ਰਾਤਿ ਪਈ ਦੁਰਬਾਸਾ ਆਇਆ।
ਭੀੜਾ ਓਸੁ ਉਪਾਰਣਾ ਓਹੁ ਉਠਿ ਨ੍ਹਾਵਣਿ ਨਦੀ ਸਿਧਾਇਆ।
ਚਰਣੋਦਕੁ ਲੈ ਪੋਖਿਆ ਓਹੁ ਸਰਾਪੁ ਦੇਣ ਨੋ ਧਾਇਆ।
ਚਕ੍ਰ ਸੁਦਰਸਨੁ ਕਾਲ ਰੂਪ ਹੋਇ ਭੀਹਾਵਲੁ ਗਰਬੁ ਗਵਾਇਆ।
ਬਾਮ੍ਹਣੁ ਭੰਨਾ ਜੀਉ ਲੈ ਰਖਿ ਨ ਹੰਘਨਿ ਦੇਵ ਸਬਾਇਆ।
ਇੰਦ੍ਰ ਲੋਕੁ ਸਿਵ ਲੋਕੁ ਤਜਿ ਬ੍ਰਹਮ ਲੋਕੁ ਬੈਕੁੰਠ ਤਜਾਇਆ।
ਦੇਵਤਿਆਂ ਭਗਵਾਨੁ ਸਣੁ ਸਿਖਿ ਦੇਇ ਸਭਨਾਂ ਸਮਝਾਇਆ।
ਆਇ ਪਇਆ ਸਰਣਾਗਤੀ ਮਾਰੀਦਾ ਅੰਬਰੀਕ ਛੁਡਾਇਆ।
ਭਗਤਿ ਵਛਲੁ ਜਗਿ ਬਿਰਦੁ ਸਦਾਇਆ ॥੪॥

(ਭਾ. ਗੁਰਦਾਸ ਜੀ: ਵਾਰ ੧੦ ਪਉੜੀ ੪)

ਓਥੋਂ ਤੁਰ ਗੰਟੂਰ ਦੇ ਪਰਬਤ ਵਿੱਚ ਅਨੇਕ ਸੰਤਾਂ ਨੂੰ ਜਾ ਮਿਲੇ। (ਏਥੇ ਹੁਣ ਭੀ ਬਹੁਤ ਸੰਤ ਜਪੀ ਤਪੀ ਫ਼ਲ ਫ਼ੁੱਲ ਖਾ ਕੇ ਗੁਜ਼ਾਰਾ ਕਰਨ ਵਾਲੇ ਮੈਂ ਆਪਣੀ ਅੱਖੀਂ ਦੇਖ ਆਇਆ ਹਾਂ) ਅਤੇ ਏਥੇ ਏਹ ਸ਼ਬਦ ਬੋਲਿਆ:

ਗਉੜੀ ਮਹਲਾ ੧ ॥
ਐਸੋ ਦਾਸੁ ਮਿਲੈ ਸੁਖੁ ਹੋਈ ॥
ਦੁਖੁ ਵਿਸਰੈ ਪਾਵੈ ਸਚੁ ਸੋਈ ॥੧॥
ਦਰਸਨੁ ਦੇਖਿ ਭਈ ਮਤਿ ਪੂਰੀ ॥
ਅਠਸਠਿ ਮਜਨੁ ਚਰਨਹ ਧੂਰੀ ॥੧॥ ਰਹਾਉ ॥
ਨੇਤ੍ਰ ਸੰਤੋਖੇ ਏਕ ਲਿਵ ਤਾਰਾ ॥
ਜਿਹਵਾ ਸੂਚੀ ਹਰਿ ਰਸ ਸਾਰਾ ॥੨॥
ਸਚੁ ਕਰਣੀ ਅਭ ਅੰਤਰਿ ਸੇਵਾ ॥
ਮਨੁ ਤ੍ਰਿਪਤਾਸਿਆ ਅਲਖ ਅਭੇਵਾ ॥੩॥
ਜਹ ਜਹ ਦੇਖਉ ਤਹ ਤਹ ਸਾਚਾ ॥
ਬਿਨੁ ਬੂਝੇ ਝਗਰਤ ਜਗੁ ਕਾਚਾ ॥੪॥

ਗੁਰੁ ਸਮਝਾਵੈ ਸੋਝੀ ਹੋਈ ॥
ਗੁਰਮੁਖਿ ਵਿਰਲਾ ਬੂਝੈ ਕੋਈ ॥੫॥
ਕਰਿ ਕਿਰਪਾ ਰਾਖਹੁ ਰਖਵਾਲੇ ॥
ਬਿਨੁ ਬੂਝੇ ਪਸੂ ਭਏ ਬੇਤਾਲੇ ॥੬॥
ਗੁਰਿ ਕਹਿਆ ਅਵਰੁ ਨਹੀ ਦੂਜਾ ॥
ਕਿਸੁ ਕਹੁ ਦੇਖਿ ਕਰਉ ਅਨ ਪੂਜਾ ॥੭॥
ਸੰਤ ਹੇਤਿ ਪ੍ਰਭਿ ਤ੍ਰਿਭਵਣ ਧਾਰੇ ॥
ਆਤਮੁ ਚੀਨੈ ਸੁ ਤਤੁ ਬੀਚਾਰੇ ॥੮॥
ਸਾਚੁ ਰਿਦੈ ਸਚੁ ਪ੍ਰੇਮ ਨਿਵਾਸ ॥
ਪ੍ਰਣਵਤਿ ਨਾਨਕ ਹਮ ਤਾ ਕੇ ਦਾਸ ॥੯॥੮॥

(ਗਉੜੀ, ਮਃ ੧ - ੨੨੪)

ਏਹ ਸ਼ਬਦ ਸੁਣ ਕੇ ਸੰਤ ਸਭ ਨਿਹਾਲ ਹੋ ਗਏ। ਫੇਰ ਗੋਸ਼ਟ ਕਰ ਕੇ ਬਾਬੇ ਜੀ ਨੇ ਓਨ੍ਹਾਂ ਨੂੰ ਹਠ ਜੋਗ ਤੋਂ ਛੁਡਾ ਕੇ ਸਹਿਜ ਜੋਗ ਵਿੱਚ ਲਗਾਯਾ ਤੇ ਬਾਬਾ ਜੀ ਅਪਲੂਰ ਬਜਵਾੜੇ ਨੂੰ ਹੁੰਦੇ ਹੋਏ ਪੰਨੇ ਨਰਸਿੰਘ ਜਾ ਠਹਿਰੇ। ਪੰਨੇ ਨਰਸਿੰਘ ਦਾ ਦਰਸ਼ਨ ਕਰ ਅੱਗੇ ਹੋਰ ਅਨੇਕ ਸ਼ਹਿਰ ਜੰਗਲ ਦੇਖਦੇ ਹੋਏ ਕ੍ਰਿਸ਼ਨਾ ਨਦੀ ਪਾਰ ਹੋ ਆਂਉਡੇ ਨਗਰ {ਔਂਡਾ ਸ਼ਹਿਰ ਪਹੁੰਚੇ} ਨਾਮਦੇਵ ਭਗਤ ਦੇ ਓਸ ਮੰਦਰ ਪਾਸ ਜਾ ਠਹਿਰੇ। ਜਿਸ ਦਾ ਮੂੰਹ ਨਾਮਦੇਉ ਦੀ ਭਗਤੀ ਦਾ ਪ੍ਰੇਰਯਾ ਹੋਯਾ ਹੁਣ ਤੱਕ ਪੱਛੋਂ ਵੰਨੀ ਹੈ। ਏਹ ਨਗਰ ਅਬਚਲਾ ਨਗਰ ਤੋਂ ੩੦ ਕੋਹ ਹੈ ਤੇ ਨਾਗਨਾਥ ਜੋਤੀ ਲਿੰਗ ਭੀ ਉਥੇ ਹੀ ਹੈ। ਨਾਮਦੇਵ ਨੇ ਸ੍ਰੀ ਗੁਰੂ ਨਾਨਕ ਜੀ ਦੇ ਦਰਸ਼ਨ ਕਾਂਸ਼ੀ ਵਿੱਚ ਕੀਤੇ ਸੇ। ਏਸ ਲਈ ਏਥੇ ਆਪਣੇ ਨਾਲ ਅਨੇਕ ਸੰਗੀਆਂ ਨੂੰ ਲੈ ਕੇ ਆਇਆ {ਨਾਮਦੇਵ ਜੀ ਦਾ ਮਿਲਾਪ} ਤੇ ਬਾਬੇ ਜੀ ਨੂੰ ਮੱਥਾ ਟੇਕਿਆ ਤੇ ਪੁੱਛਿਆ, "ਮਹਾਰਾਜ! ਆਪ ਤਾਂ ਸਾਖਜਾਤ ਬਿਸ਼ਨੂੰ ਦੇ ਸ੍ਵਰੂਪ ਹੋ।" ਤਾਂ ਬਾਬੇ ਆਖਿਆ, "ਏਹ ਭਾਵਨਾ ਦਾ ਫ਼ਲ ਹੈ। ਪਰਮੇਸ਼ਰ ਦੇ ਦਰ ਅੱਗੇ ਕਈ ਬਿਸ਼ਨੂੰ ਹਨ।" ਤਾਂ ਨਾਮਦੇਵ ਨੇ ਪੁੱਛਿਆ ਕਿ ਬਿਸ਼ਨੂੰ ਜੀ ਦੇ ਪਰ੍ਹੇ ਕੋਈ ਹੋਰ ਈਸ਼੍ਵਰ ਭੀ ਹੈ? ਤਾਂ ਬਾਬੇ ਜੀ ਨੇ ਹੱਸ ਕੇ ਕਿਹਾ, "ਈਸ਼੍ਵਰ ਰਚਿਤ ਅਨੰਤ ਬ੍ਰਹਿਮੰਡ ਹਨ ਤੇ ਓਨ੍ਹਾਂ ਦੀ ਰਖਵਾਲੀ ਵਾਸਤੇ ਅਨੰਤ ਬਿਸ਼ਨੂੰ ਈਸ਼੍ਵਰ ਦੇ ਹੁਕਮ ਵਿੱਚ ਹਨ।" ਏਹ ਗੱਲ ਸੁਣ ਕੇ ਨਾਮਦੇਵ ਨੇ ਬਾਬੇ ਦੇ ਚਰਨ ਫੜ ਲਏ। ਨਾਮਦੇਵ ਨਾਲ ਦੋ ਦਿਨ ਚਰਚਾ ਕਰ ਕੇ ਦੀਪਮਾਲਾ ਦੇ ਮੇਲੇ ਪਰ ਕੜਪ ਨਾਮੀ ਸ਼ਹਿਰ ਵਿੱਚ ਜਾ ਪਹੁੰਚੇ। ਓਥੇ ਪੰਦ੍ਰਾਂ ਦਿਨ ਰਹਿ ਕੇ ਬਹੁਤ ਲੋਕਾਂ ਨੂੰ ਸੁਮਤੇ ਲਾਯਾ, ਹੁਣ ਭੀ ਏਥੇ ਗੁਰੂ ਜੀ ਦੀ ਧਰਮਸਾਲਾ ਹੈ।

ਫੇਰ ਕਰਨੂਰ ਪਹੁੰਚ ਕੇ ਦੇਖਿਆ ਤਾਂ ਗਣੇਸ਼ ਦੇ ਉਪਾਸਕ ਗਣੇਸ਼ ਦੀਆਂ ਮੂਰਤਾਂ ਚੌਂਕੀ ਵਾਂਗੂੰ ਛਾਤੀ ਪਰ ਲਟਕਾਈ ਫਿਰਦੇ ਸਨ। ਜਦ ਪੁੱਛਿਆ ਤਾਂ ਓਨ੍ਹਾਂ ਆਖਿਆ ਧਨ, ਪੁੱਤ੍ਰ, ਰਿਧੀ, ਸਿਧੀ ਦੇਣ ਵਾਲਾ ਸਰਬ ਕਾਰਜ ਸਿੱਧ ਕਰਤਾ ਗਣੇਸ਼ ਹੈ। ਤਾਂ ਹੀ ਸਭ ਮਨੁੱਖ, ਦੇਵਤਾ ਕਾਰਜ ਦੇ ਅਰੰਭ ਸਮੇਂ ਗਣੇਸ਼ ਦੀ ਪੂਜਾ ਕਰਦੇ ਹਨ ਬਲਕਿ ਤ੍ਰਿਪੁਰ ਰਾਖਸ਼ ਨੂੰ ਸ਼ਿਵਜੀ ਨੇ ਗਣੇਸ਼ ਦੀ ਹੀ ਪੂਜਾ ਕਰ ਕੇ ਮਾਰਿਆ ਸੀ, ਐਵੇਂ ਨਹੀਂ ਸੀ ਮਰਿਆ। ਏਹ ਬਚਨ ਸੁਣ ਕੇ ਬਾਬੇ ਜੀ ਨੇ ਸ਼ਬਦ ਉਚਾਰਿਆ:

ਸਿਰੀਰਾਗੁ ਮਹਲਾ ੧ ਘਰੁ ੪ ॥
ਕੀਤਾ ਕਹਾ ਕਰੇ ਮਨਿ ਮਾਨੁ ॥ ਦੇਵਣਹਾਰੇ ਕੈ ਹਥਿ ਦਾਨੁ ॥
ਭਾਵੈ ਦੇਇ ਨ ਦੇਈ ਸੋਇ ॥ ਕੀਤੇ ਕੈ ਕਹਿਐ ਕਿਆ ਹੋਇ ॥੧॥
ਆਪੇ ਸਚੁ ਭਾਵੈ ਤਿਸੁ ਸਚੁ ॥ ਅੰਧਾ ਕਚਾ ਕਚੁ ਨਿਕਚੁ ॥੧॥ ਰਹਾਉ ॥
ਜਾ ਕੇ ਰੁਖ ਬਿਰਖ ਆਰਾਉ ॥ ਜੇਹੀ ਧਾਤੁ ਤੇਹਾ ਤਿਨ ਨਾਉ ॥
ਫੁਲੁ ਭਾਉ ਫਲੁ ਲਿਖਿਆ ਪਾਇ ॥ ਆਪਿ ਬੀਜਿ ਆਪੇ ਹੀ ਖਾਇ ॥੨॥
ਕਚੀ ਕੰਧ ਕਚਾ ਵਿਚਿ ਰਾਜੁ ॥ ਮਤਿ ਅਲੂਣੀ ਫਿਕਾ ਸਾਦੁ ॥

ਨਾਨਕ ਆਣੇ ਆਵੈ ਰਾਸਿ ॥ ਵਿਣੁ ਨਾਵੈ ਨਾਹੀ ਸਾਬਾਸਿ ॥੩॥੩੨॥

(ਸਿਰੀਰਾਗੁ, ਮਃ ੧ - ੨੫)

ਏਹ ਸ਼ਬਦ ਸੁਣ ਕੇ ਓਨ੍ਹਾਂ ਦੇ ਮਨ ਫਿਰ ਗਏ। ਬਾਬੇ ਜੀ ਨੇ ਆਖਿਆ ਓਸ ਈਸ਼੍ਵਰ ਨੂੰ ਮੰਨੋ ਜਿਸ ਦੇ ਰਚੇ ਹੋਏ ਅਨੰਤ ਬ੍ਰਹਮੰਡ ਤੇ ਅਨੰਤ ਹੀ ਬਿਸ਼ਨ, ਸ਼ਿਵ, ਗਣੇਸ਼ ਹਨ। ਬਾਬੇ ਦੇ ਬਚਨ ਸੂਰਜ ਦੀ ਕਿਰਨ ਵਾਂਗੂੰ ਅਗਜਾਨ ਅੰਧੇਰੇ ਦੇ ਨਾਸ਼ਕ ਗਜਾਨ ਪ੍ਰਕਾਸ਼ ਕਰਨ ਵਾਲੇ ਸਨ। ਓਹ ਗਣੇਸ਼ ਦੀਆਂ ਚੌਂਕੀਆਂ ਉਤਾਰ ਕੇ ਈਸ਼੍ਵਰ ਦੇ ਭਗਤ ਬਣ ਗਏ। ਓਥੋਂ ਬਿਦਰ ਸ਼ਹਿਰ ਜਾ ਰਹੇ। ਏਥੇ ਕੰਨ ਪਾਟੇ ਜੋਗੀਆਂ ਨੇ ਸਭ ਦੇ ਗਲ੍ਹ ਵਿੱਚ ਸਿੰਙੀ ਪਵਾ ਰੱਖੀ ਸੀ। ਸਭ ਜੋਗੀ ਮਿਲ ਕੇ ਆਏ। ਆਖਣ ਲੱਗੇ, "ਜੈਸੇ ਤੁਸੀਂ ਪ੍ਰਤਾਪੀ ਹੋ, ਜੇ ਗੋਰਖ ਜੀ ਦਾ ਭੇਖ ਧਾਰੋ ਤਾਂ ਸੋਨੇ ਦੀ ਅੰਗੂਠੀ ਹੀਰੇ ਜੜ੍ਹਤ ਹੋ ਜਾਵੇ।" ਤਾਂ ਬਾਬੇ ਬਚਨ ਕੀਤਾ:

ਮੁੰਦ੍ਰਾ ਦੋਇ ਬਬੇਕ ਬੈਰਾਗ ॥ ਖਿੰਥਾ ਖ਼ਿਮਾ ਧਰੀ ਬਡ ਭਾਗ ॥
ਡੰਡਾ ਗਿਆਨ ਫਹਿਮ ਕਾ ਫਰੂਆ ॥ ਸੇਲੀ ਸਿਮਰਨ ਹਰਿ ਕਾ ਧਰੂਆ ॥
ਧਿਆਨ ਬਿਭੂਤ ਮਲੀ ਮਨ ਤਾਈ ॥ ਝੋਲੀ ਦ੍ਰਿੜ ਵੀਚਾਰ ਰਖਾਈ ॥
ਏਕੰਕਾਰ ਸਤਗੁਰੁ ਕੀਆ ॥ ਭੇਖ ਨਿਰੰਕਾਰੀ ਇੱਕ ਲੀਆ ॥
ਜਿਸ ਆਗੈ ਛੂਛੇ ਸਭ ਭੇਖ ॥ ਨਾਨਕ ਪਾਯੋ ਅਮਰ ਅਲੇਖ ॥
ਬਾਰਾ ਵੰਨੀ ਮਨ ਭਇਆ ਕੰਚਨ ॥ ਸੁਭ ਗੁਣ ਰਤਨ ਕਰੇ ਹੈ ਸੰਚਨ ॥

(ਇਹ ਗੁਰਬਾਣੀ ਨਹੀਂ)

ਏਹ ਸ਼ਬਦ ਸੁਣ ਕੇ ਕੰਨ ਪਾਟੇ ਚੁੱਪ ਕਰ ਗਏ ਤੇ ਬਹੁਤ ਲੋਕ ਸਿੰਗੀ ਸੇਲੀ ਛੱਡ ਕੇ ਪ੍ਰਮੇਸ਼੍ਵਰ ਦੀ ਭਗਤੀ ਕਰਨ ਲੱਗ ਪਏ ਅਰਥਾਤ ਬਾਬੇ ਦੀ ਕ੍ਰਿਪਾ ਦ੍ਰਿਸ਼ਟੀ ਨਾਲ ਓਨ੍ਹਾਂ ਦੀ ਕਲਿਆਨ ਹੋਈ।

ਬਿਦਰ ਸ਼ਹਿਰ* ਤੋਂ ਚੱਲ {ਨਾਨਕ ਝੀਰਾ} ਨਾਨਕ ਝੇਰੇ ਦੇ ਪਰਬਤ ਪਰ ਜਾ ਪਹੁੰਚੇ। ਓਥੇ ਯਾਕੂਬ ਤੇ ਜਲਾਲਦੀਨ, ਦੋ ਸੱਯਦ ਜੋ ਪੀਰ ਕਹਾਉਂਦੇ ਸੇ ਤੇ ਜਿਨ੍ਹਾਂ ਦੀ ਦਰਗਾਹ ਹੁਣ ਤੱਕ ਓਥੇ ਹੈ; ਬਹੁਤ ਸਾਰੇ ਸੱਯਦਾਂ ਸਮੇਤ ਬਾਬੇ ਨਾਲ ਚਰਚਾ ਕਰਨ ਆ ਲੱਗੇ। ਤਦ ਬਾਬੇ ਜੀ ਨੇ ਸ਼ਬਦ ਉਚਾਰਿਆ:

ਸਲੋਕ ਮਃ ੧ ॥
ਮੁਸਲਮਾਨਾ ਸਿਫਤਿ ਸਰੀਅਤਿ ਪੜਿ ਪੜਿ ਕਰਹਿ ਬੀਚਾਰੁ ॥
ਬੰਦੇ ਸੇ ਜਿ ਪਵਹਿ ਵਿਚਿ ਬੰਦੀ ਵੇਖਣ ਕਉ ਦੀਦਾਰੁ ॥

(ਵਾਰ-ਆਸਾ, ਮਃ ੧ - ੪੬੫)

ਪੁਨਾ:

ਕਲਮਾ ਕਰਮ ਨਿਮਾਜ ਨਿਆਉ ਰੋਜ਼ਾ ਰਹਿਮ ਖੁਦਾਇ ॥
ਹਜ ਹਜ਼ੂਰ ਖੁਦਾਇ ਪਿਖ ਜਿਕਰ ਜਿਕਾਤ ਕਢਾਇ ॥

(ਇਹ ਗੁਰਬਾਣੀ ਨਹੀਂ)

ਏਹ ਸ਼ਬਦ ਸੁਣ ਹੋਰ ਅਨੇਕ ਪ੍ਰਕਾਰ ਦੀ ਚਰਚਾ ਕਰ ਪੀਰ ਸਲਾਮ ਕਰ ਗਏ।

ਪਏ ਕਬੂਲ ਜਕਾਤ ਸੋ ਦੇਵੇ ਆਪ ਕਮਾਇ ॥
ਛੱਡੇ ਆਸ ਰਸੂਲ ਦੀ ਸੇਵੇ ਇੱਕ ਖੁਦਾਇ ॥
ਨਾਨਕ ਰੱਖ ਈਮਾਨ ਦ੍ਰਿੜ ਤਾ ਮੁਸਲਮਾਨ ਸਦਾਇ ॥

(ਇਹ ਗੁਰਬਾਣੀ ਨਹੀਂ)

ਓਥੋਂ ਅੱਗੇ ਸ਼ਹਿਰ ਬਲਦਾਨੇ, ਮਲਕਾਪੁਰ ਨੂੰ ਦੇਖ ਕੇ ਗੋਦਾਵਰੀ ਗੰਗਾ ਪਾਰ ਹੋ ਫਤਿਆਬਾਦ, ਰੋਗਰ, ਮੈਨਡੰਕ, ਗੋਲਕੁੰਡਾ ਆਦਿਕ ਤਿਲੰਗ ਦੇਸ਼ ਦੇ ਸ਼ਹਿਰ ਜੰਗਲ ਨਿਵਾਸੀ ਲੋਕਾਂ ਨੂੰ ਰੱਬ ਦੇ ਰਾਹ ਪਾਉਂਦੇ

---

*ਜਦ ਸੰਮਤ ੧੭੬੩ ਬਿਕ੍ਰਮੀ ਨੂੰ ਗੁਰੂ ਗੋਬਿੰਦ ਸਿੰਘ ਜੀ ਅਬਚਲ ਨਗਰ ਜੀ ਜੋਤੀ ਜੋਤ ਸਮਾਏ ਤਾਂ ਮਾਈ ਭਾਗੋ ਜੋ ਸਦਾ ਆਪਣੇ ਆਪ ਨੂੰ ਚੰਡਕਾ ਆਖਿਆ ਕਰਦੀ ਸੀ ਤੇ ਬਰਛੀ ਫੜ ਕੇ ਜੰਗ ਵਿੱਚ ਸਭ ਤੋਂ ਅੱਗੇ ਰਹਿੰਦੀ ਸੀ ਓਹ ਬਿਦਰ ਸ਼ਹਿਰ ਜਾ ਰਹੀ ਸੀ ਤੇ ਓਸ ਨੇ ਆਪਣੀ ਅਕਲ ਕਰਾਮਾਤ ਨਾਲ ਸਾਰਾ ਸ਼ਹਿਰ ਗੁਰੂ ਕਾ ਸਿੱਖ ਬਣਾ ਛੱਡਜਾ ਸੀ। ਓਹ ਸਿੱਖੀ ਦਾ ਬੀਜ ਜੋ ਬਾਬੇ ਨਾਨਕ ਜੀ ਨੇ ਬੀਜਿਆ ਸੀ ਏਸ ਮਾਈ ਨੇ ਜਾ ਹਰਾ ਭਰਾ ਕੀਤਾ, ਜਿੱਥੋਂ ਹੁਣ ਹਜ਼ਾਰਾਂ ਰੁਪਏ ਨਜ਼ਰ ਭੇਟਾ ਦੇ ਅਬਚਲ ਨਗਰ ਜੀ ਵਿਖੇ ਆਉਂਦੇ ਹਨ।

ਹੋਏ ਪਾਗਲਪੁਰ ਦੇ ਪਰਬਤ ਉੱਤੇ ਜਾ ਬੈਠੇ। ਤਾਂ ਜੋਗੀਆਂ ਨੇ {ਜੋਗੀਆਂ ਵਲੋਂ ਤਿਲ ਭੇਟਾ} ਇੱਕ ਤਿਲ ਬਾਬੇ ਦੀ ਭੇਟਾ ਆਣ ਧਰਿਆ ਤੇ ਮਨ ਵਿੱਚ ਏਹ ਧਾਰਿਆ ਕਿ ਦੇਖੀਏ ਇਸ ਨੂੰ ਕਿਕੂੰ ਬਰਤਾਂਵਦੇ ਹਨ? ਬਾਬੇ ਨੇ ਉਹ ਤਿਲ ਘੁਟਵਾ ਕੇ ਪਾਣੀ ਪਾ ਕੇ ਸਭ ਨੂੰ ਵਰਤਾ ਦਿੱਤਾ। ਫੇਰ ਜੋਗੀਆਂ ਬਚਨ ਕੀਤਾ, "ਤਪਾ ਜੀ! ਕੁੱਝ ਜੋਗ ਦੀ ਜੁਗਤ ਜਾਣਦੇ ਹੋ?" ਤਾਂ ਬਾਬੇ ਜੀ ਨੇ ਸ਼ਬਦ ਬੋਲਿਆ:

ਮਾਰੂ ਮਹਲਾ ੧ ॥
ਸੂਰ ਸਰੁ ਸੋਸਿ ਲੈ ਸੋਮ ਸਰੁ ਪੋਖਿ ਲੈ
ਜੁਗਤਿ ਕਰਿ ਮਰਤੁ ਸੁ ਸਨਬੰਧੁ ਕੀਜੈ ॥
ਮੀਨ ਕੀ ਚਪਲ ਸਿਉ ਜੁਗਤਿ ਮਨੁ ਰਾਖੀਐ
ਉਡੈ ਨਹ ਹੰਸੁ ਨਹ ਕੰਧੁ ਛੀਜੈ ॥੧॥
ਮੂੜੇ ਕਾਇਚੇ ਭਰਮਿ ਭੁਲਾ ॥
ਨਹ ਚੀਨਿਆ ਪਰਮਾਨੰਦੁ ਬੈਰਾਗੀ ॥੧॥ ਰਹਾਉ ॥
ਅਜਰ ਗਹੁ ਜਾਰਿ ਲੈ ਅਮਰ ਗਹੁ ਮਾਰਿ ਲੈ
ਭ੍ਰਾਤਿ ਤਜਿ ਛੋਡਿ ਤਉ ਅਪਿਉ ਪੀਜੈ ॥
ਮੀਨ ਕੀ ਚਪਲ ਸਿਉ ਜੁਗਤਿ ਮਨੁ ਰਾਖੀਐ
ਉਡੈ ਨਹ ਹੰਸੁ ਨਹ ਕੰਧੁ ਛੀਜੈ ॥੨॥
ਭਣਤਿ ਨਾਨਕੁ ਜਨੋ ਰਵੈ ਜੇ ਹਰਿ ਮਨੋ
ਮਨ ਪਵਨ ਸਿਉ ਅੰਮ੍ਰਿਤੁ ਪੀਜੈ ॥
ਮੀਨ ਕੀ ਚਪਲ ਸਿਉ ਜੁਗਤਿ ਮਨੁ ਰਾਖੀਐ
ਉਡੈ ਨਹ ਹੰਸੁ ਨਹ ਕੰਧੁ ਛੀਜੈ ॥੩॥੯॥

(ਮਾਰੂ, ਮਃ ੧ - ੯੯੧/੯੨)

ਏਹ ਸ਼ਬਦ ਸੁਣ ਕੇ ਜੋਗੀ ਤਾਂ ਹੈਰਾਨ ਰਹਿ ਗਏ ਤੇ ਬਾਬੇ ਨੂੰ ਸੱਚਾ ਸੰਤ ਸਮਝ ਕੇ ਆਦੇਸ਼ ਕਰ ਗਏ। ਹੁਣ ਓਸ ਜਗ੍ਹਾ ਬਾਬੇ ਦੇ ਕੂੰਡੇ ਡੰਡੇ ਦਾ ਦਰਸ਼ਨ ਹੁੰਦਾ ਹੈ, ਤੇ ਚੇਤ ਦੀ ਪੁੰਨਜਾਂ ਨੂੰ ਮੇਲਾ ਲੱਗਦਾ ਹੈ। ਪੋਥੀਆਂ ਵਿੱਚ ਓਸ ਥਾਉਂ ਦਾ ਨਾਉਂ ਤਿਲਜੰਗੀ ਲਿਖਯਾ ਹੈ ਤੇ ਓਸ ਦੇਸ਼ ਵਿੱਚ ਕੂੰਡੀ ਕਤਾਲ ਬੋਲਦੇ ਹਨ। ਲੌਂਗਾਂ ਦੇ ਰੁੱਖ, ਅੰਮ੍ਰਿਤ ਫਲ, ਸੰਗਤਰੇ ਵਰਗੇ ਹੋਰ ਕਿਤੇ ਸ੍ਵਾਦੀਕ ਫ਼ਲ ਨਹੀਂ ਹੁੰਦੇ। ਓਥੋਂ ਅੱਗੇ ਕੇਰਲ, ਤ੍ਰਿਆ ਰਾਜ, ਕਜਲੀ ਬਨ ਜਾ ਦੇਖਯਾ। ਏਹ ਦੇਸ ਰਾਵਣ ਨੇ ਸੂਪਨਖਾ ਨੂੰ ਦੇ ਰੱਖਯਾ ਸੀ। ਔਰਤ ਦਾ ਰਾਜ ਹੋਣੇ ਕਰ ਤ੍ਰਿਆ ਰਾਜ ਬੋਲੀ ਦਾ ਹੈ। ਏਸੇ ਦੇਸ ਵਿੱਚੋਂ ਰਾਜਾ ਰਾਵਣ ਸੀਤਾ ਨੂੰ ਲੈ ਗਿਆ ਸੀ। ਏਥੋਂ ਅੱਗੇ ਜਦ ਕ੍ਰਿਸ਼ਨਾਂ ਨਾਮ ਨਦੀ ਲੰਘੇ ਤਾਂ ਮਾਣਕ ਪ੍ਰਭੂ ਨਾਮ ਸਿੱਧ ਮਿਲਿਆ ਜੋ ਅੱਗੇ ਏਮਨਾਬਾਦ ਬਾਬੇ ਦੇ ਦਰਸ਼ਨ ਕਰ ਗਿਆ ਸੀ। ਓਸ ਨੇ ਬਾਬੇ ਨੂੰ ਸਾਰੇ ਦੇਸ ਦਾ ਸੈਲ ਬੜੀ ਸ਼੍ਰਧਾ ਨਾਲ ਕਰਾਯਾ ਤੇ ਅਨੇਕ ਮਹਾਤਮਾ ਦੇ ਦਰਸ਼ਨ ਪਰਸ਼ਨ ਭੀ ਕਰਾਏ। ਓਥੋਂ ਅੱਗੇ ਪੰਛੀ ਤੀਰਥ ਪਰਬਤ ਜਾ ਦੇਖਿਆ। ਏਥੇ ਮਹਾਂਦੇਵ ਦਾ ਵੱਡਾ ਭਾਰੀ ਮੰਦਰ ਹੈ ਤੇ ਏਥੇ ਖੀਰ ਖੰਡ ਦਾ ਭੋਗ ਲਗਾ ਕੇ ਬਾਹਰ ਰੱਖ ਦੇਂਦੇ ਹਨ, ਜੋ ਚੀਲ੍ਹਾਂ ਆ ਕੇ ਛੱਕ ਜਾਂਦੀਆਂ ਹਨ। ਅੱਗੇ ਪੰਪਾਸਰ ਅੰਜਨੀ ਦਾ ਪਰਬਤ ਲੰਘ ਕੇ ਕਸਕਿੰਧਾ ਵਿੱਚ ਪਰਵੇਸ਼ ਕੀਤਾ। ਏਥੇ ਕਈ ਪ੍ਰਕਾਰ ਦੇ ਬੰਦ੍ਰ ਦੇਖੇ ਅਰਥਾਤ (੧) ਲੰਬੇ ਮੂੰਹ ਵਾਲੇ (੨) ਚਿੱਤੜਾਂ ਹੇਠ ਪਾਥੀਆਂ ਜੇਹੀਆਂ ਰੱਖਣ ਵਾਲੇ (੩) ਲਾਲ ਧਾਰੀ ਲੱਕ ਗਿਰਦੇ ਬੰਨ੍ਹਣ ਵਾਲੇ (ਇਨ੍ਹਾਂ ਨੂੰ ਹਨੂਮਾਨ ਦੀ ਔਲਾਦ ਆਖਦੇ ਹਨ, ਕਿਉਂਕਿ ਏਥੇ ਹੀ ਰਾਮਚੰਦ੍ਰ ਜੀ ਨੂੰ ਹਨੂਮਾਨ ਮਿਲਿਆ ਸੀ) (੪) ਕਾਲੇ ਬੰਦ੍ਰ ਪੂਛ ਤੋਂ ਬਿਨਾਂ ਦੇਖੇ। ਲੰਗੂਰਾਂ ਦੇ ਕੱਦ ਤੇ ਜ਼ੋਰ ਏਸ ਦੇਸ ਜੇਡੇ ਹੋਰ ਕਿਤੇ ਨਹੀਂ। ਅੰਜਨੀ ਨਦੀ ਕਿਨਾਰੇ ਸੰਖ ਬ੍ਰਣ ਨਾਮ ਪਰਬਤ, ਫਟਕਸਿਲਾ, ਗਾਲਬ ਰਿਖੀ ਦੀ ਗੁਫਾ, ਜਿੱਥੇ ਸੁਗ੍ਰੀਵ ਰਿਹਾ ਕਰਦਾ ਸੀ, ਬਾਲੀ ਦੇ ਮਰਣ ਦਾ ਸਥਾਨ ਤੇ ਓਸ ਦੇ ਹੱਡ ਗੋਡੇ, ਜੋ ਹਾਥੀ ਦੇ ਗੋਡਿਆਂ ਨਾਲੋਂ ਭੀ ਵੱਡੇ ਸੇ; ਦੇਖੇ। ਏਥੇ ਹੀ ਰਾਮਚੰਦ੍ਰ ਨੇ ਲੁਕ ਕੇ

ਬਾਲੀ ਨੂੰ ਬਾਣ ਮਾਰਜਾ ਸੀ। ਏਥੋਂ ਦੋ ਮੀਲ ਕਸਕਿੰਧਾ ਦਾ ਕਿਲ੍ਹਾ ਤੇ ਬਸਤੀ ਹੈ। ਏਸ ਤੋਂ ਅੱਗੇ ਸ੍ਰੀ ਬਾਬਾ ਜੀ ਸਿੰਧਰਾ ਨਦੀ ਪਾਰ ਹੋ ਦਰਾਵੜ ਸ਼ਹਿਰ ਜਾ ਵੜੇ। ਓਹ ਪਰਬਤ ਤੇ ਤੀਰਥ ਭੀ ਏਸੇ ਦੇਸ ਵਿੱਚ ਹੈ ਜਿੱਥੇ ਸ੍ਵਾਮੀ ਕਾਰਤਕ ਤੇ ਪਾਰਬਤੀ ਅਰਥਾਤ ਮਾਂ ਪੁੱਤ੍ਰ ਲੜ ਪਏ ਸੀ। ਮਾਂ ਆਖਦੀ ਸੀ ਵਿਆਹ ਕਰਾ ਲੈ ਓਹ ਮੰਨਦਾ ਨਹੀਂ ਸੀ। ਇਤਜਾਦਿਕ ਪਹਾੜਾਂ ਦਾ ਸੈਲ ਕਰਦੇ ਹੋਏ ਗੁਰੂ ਸਾਹਿਬ ਜੀ ਨੇ ਬਲਾਹਰੀ ਸ਼ਹਿਰ, ਤ੍ਰਿਪਤਾ ਸ਼ਹਿਰ, ਬਾਬਾ ਜੀ ਦਾ ਮੰਦਰ, ਹਾਥੀਰਾਮ, ਬੈਰਾਗੀ ਸਿੱਧ ਦੀ ਜਗ੍ਹਾ ਜਾ ਦੇਖੀ। ਏਹ ਡੇਢ ਮੀਲ ਦੀ ਚੜ੍ਹਾਈ ਪਰ ਹੈ ਤੇ ਏਸ ਮੰਦ੍ਰ ਦੀ ਆਮਦਨੀ ਵੀ ਬਥੇਰੀ ਹੈ। ਸ੍ਰੀ ਅੰਮ੍ਰਿਤਸਰ ਸ਼ਹਿਰ ਵਾਂਗੂੰ ਲੋਕਾਂ ਦੀ ਆਵਾਜਾਈ ਸਾਰਾ ਦਿਨ ਰਹਿੰਦੀ ਹੈ। ਏਥੋਂ ਦੇ ਲੋਕ ਜੋ ਓਸੇ ਨੂੰ ਰੱਬ ਮੰਨੀ ਬੈਠੇ ਸੇ, ਬਾਬੇ ਦੇ ਬਚਨ ਸੁਣ ਕੇ ਸੱਚੇ ਰੱਬ ਨੂੰ ਮੰਨਣ ਲੱਗੇ। ਹੁਣ ਭੀ ਓਥੇ ਉਦਾਸੀ ਸੰਤਾਂ ਦਾ ਡੇਰਾ ਹੈ, ਜਿੱਥੇ ਜਾਗੀਰ ਭੀ ਹੈ।

ਏਥੋਂ ੧੫ ਕੋਹ ਪੁਰ ਅਨੰਤਪੁਰ ਸ਼ਹਿਰ ਹੈ। ਜਿੱਥੇ ਅਨੰਤ ਅਵਤਾਰ ਸ਼ੇਸ਼ਦਾ ਹੋਇਆ ਹੈ ਜਿਸ ਦੀ ਸ਼ਕਲ ਦਾ ਇੱਕ ਕੰਗਣ ਚਾਂਦੀ ਯਾ ਸੁਇਨੇ ਯਾ ਸੂਤ੍ਰ ਦਾ ਬਣਾ ਕੇ ਡੌਲੇ ਉੱਤੇ ਖੱਤ੍ਰੀ, ਬ੍ਰਾਹਮਣ ਰੱਖਦੇ ਹਨ ਤੇ ਓਸ ਦੇਸ ਵਿੱਚ ਅਨੰਤ ਦੀ ਗੋਲ ਮੋਲ ਜੇਹੀ ਸ਼ਕਲ ਬਣਾ ਕੇ ਲੋਗ ਪੂਜਦੇ ਹਨ। ਓਥੋਂ ਅੱਗੇ ਪਾਰਸ ਦਰੀਆਇ ਪਾਰ ਪੰਡਰਪੁਰ, ਜਿੱਥੇ ਪੁੰਡਰੀ ਭਗਤ* ਦੇ ਘਰ ਬੀਠੁਲ ਅਵਤਾਰ ਹੋਏ ਹਨ ਤੇ ਗੁਸਾਈਆਂ ਦਾ ਬਡਾ ਭਾਰੀ ਮੰਦਰ ਹੈ; ਜਾ ਦੇਖਿਆ।

ਫੇਰ ਸ਼ਿਵਕਾਂਚੀ, ਬਿਸ਼ਨਕਾਂਚੀ, ਚੰਦੀ, ਚੰਦੋਲ ਆਦਿਕ ਸ਼ਹਿਰਾਂ ਦਾ ਸੈਲ ਕਰਦੇ ਹੋਏ ਅਰੁਣਾਚਲ** ਪਰ ਜਾ ਫਿਰੇ। ਓਥੋਂ ਤ੍ਰਿਚਨਾਪਲੀ, ਪਾਲਮਕੋਟਾ, ਜਿੱਥੇ ਗਣੇਸ਼ ਦਾ ਜਨਮ ਪਲਣੀ ਦੇਵੀ ਦੇ ਅਸਥਾਨ ਵਿੱਚ ਹੋਇਆ ਹੈ; ਜਾ ਦੇਖਜਾ। ਏਥੋਂ ਦੇ ਲੋਗਾਂ ਨੂੰ ਸ਼ੁਭ ਮਾਰਗ ਲਗਾ ਕੇ ਅਲਗਰਜ ਸ੍ਵਾਮੀ ਦੀ ਜਾਤ੍ਰਾ ਜਾ ਦੇਖੀ। ਓਥੋਂ ਅੱਗੇ ਪੁਨਪੁਨਾ, ਪਾਪ ਨਾਸਨੀ ਗੰਗਾ ਲੰਘ ਕੇ ਤੋਤਾ ਦਰਿਆ ਚਾਰੀ ਸੰਤਾਂ ਦੀ ਗੱਦੀ ਜਾ ਦੇਖੀ। ਏਥੇ ਹੁਣ ਭੀ ਡੇਢ ਲੱਖ ਦੀ ਜਾਗੀਰ ਹੈ। ਏਸ ਗੱਦੀ ਦਾ ਸੇਵਕ ਰਾਜੇ ਸਮੇਤ ਸਭ ਦੇਸ ਹੈ। ਏਥੇ ਵਿਸ਼ਨੂੰ ਦੀ ਮੂਰਤ ਰੋਜ਼ ਇਰੰਡ ਦੇ ਤੇਲ ਨਾਲ ਨੁਹਾਈ ਜਾਂਦੀ ਹੈ ਤੇ ਉਹ ਤੇਲ ਕੁੰਡ ਵਿੱਚੋਂ ਬੀਮਾਰ ਲੋਕ ਲੈ ਜਾਂਦੇ ਹਨ। ਏਥੇ ਹੀ ਰਾਮਾਨੰਦ ਸ੍ਵਾਮੀ ਦਾ ਜਨਮ ਇੰਬਲੀ ਦੇ ਬ੍ਰਿਛ ਹੇਠ ਹੋਇਆ ਸੀ। ਏਸ ਇੰਬਲੀ ਨੂੰ ਰਾਮਾਨੰਦ ਦੀ ਮਾਂ ਕਰ ਧੋਖਦੇ ਹਨ।

---

*ਪੂਨੇ ਤੋਂ ੩੦ ਕੋਹ ਪੂਰਬ ਵੱਲ ਪੰਡਰ ਪੁਰ ਸ਼ਹਿਰ ਚੰਦ੍ਰਭਾਗਾ ਨਦੀ ਤੀਰੇ ਹੈ। ਆਖਦੇ ਹਨ ਇੱਕ ਵਾਰੀ ਰੁਕਮਨੀ ਰੁੱਸ ਕੇ ਦੁਆਰਕਾ ਤੋਂ ਚਲੀ ਆਈ। ਜਦ ਪੰਡਰਪੁਰ ਪਾਸ ਨਦੀ ਕੰਢੇ ਪਹੁੰਚੀ ਤਾਂ ਕ੍ਰਿਸ਼ਨ ਜੀ ਢੰਢਊੜੇ ਭੀ ਆ ਗਏ। ਏਥੇ ਪੁੰਡਰੀ ਨਾਮ ਸੰਨਜਾਸੀ ਆਪਣੇ ਮਾਤਾ ਪਿਤਾ ਦੀ ਟਹਿਲ ਕਰਦਾ ਹੁੰਦਾ ਸੀ ਓਸ ਨੇ ਏਨ੍ਹਾਂ ਦੀ ਭੀ ਬਹੁਤ ਸੇਵਾ ਕੀਤੀ, ਕ੍ਰਿਸ਼ਨ ਜੀ ਨੇ ਖ਼ੁਸ਼ੀ ਹੋ ਕੇ ਆਖਿਆ ਕੁਛ ਮੰਗ ਲੈ। ਤਾਂ ਓਸ ਨੇ ਸੰਤਾਨ ਮੰਗੀ। ਤਦ ਕ੍ਰਿਸ਼ਨ ਜੀ ਨੇ ਕਿਹਾ ਤੂੰ ਬਜਾਹ ਕਰਵਾ ਲੈ। ਮੈਂ ਆਗਜਾ ਪਾ ਕੇ ਤੇਰੇ ਘਰ ਜੰਮਾਂਗਾ। ਪੁੰਡਰੀ ਨੇ ਕਾਂਸ਼ੀ ਜਾ ਕੇ ਬਜਾਹ ਕੀਤਾ ਤਾਂ ਓਸ ਦੇ ਬਿੱਠਲ ਨਾਮ ਪੁੱਤ੍ਰ ਪੈਦਾ ਹੋਇਆ। ਓਸੇ ਦਾ ਨਾਮ ਦੱਖਣੀ ਲੋਕ 'ਬਿਠਲ' 'ਬਿਠਲ' ਕਰ ਕੇ ਜਪਦੇ ਹਨ ਤੇ ਛੈਣੇ ਵਜਾ ਕੇ ਭਜਨ ਗਾਉਂਦੇ ਹਨ ਤੇ ਅਕਸਰ ਕਰ ਕੇ ਏਹ ਤੁਕ ਬਾਰ ਬਾਰ ਗਾਉਂਦੇ ਹਨ "ਬਿਠਲ ਭਜਲੇ ਬਿਟਵਾ ਜਮੂਆ ਮਾਰੇਗਾ ਚੁਟਵਾ।" ਓਸੇ ਬਿਠੁਲ ਦੇ ਸੱਤ ਪੁੱਤ੍ਰ ਭਲ, ਬਾਚਾ, ਹਯ, ਆਦਿਕ ਹੋਏ। ਓਨ੍ਹਾਂ ਵਿੱਚੋਂ ਵੱਡੀ ਗੱਦੀ ਗੋਕਲ ਵਿੱਚ ਹੈ। ਤਾਹੀਏਂ ਏਹ ਗੋਕਲੀਏ ਗੁਸਾਈਂ ਸਦਾਉਂਦੇ ਹਨ ਅਤੇ ਦੂਜੀ ਗੱਦੀ ਮੰਦਰ ਨਾਥਦਵਾਰਾ ਰਾਜਪੂਤਾਨੇ ਵਿੱਚ ਹੈ। ਹੋਰ ਬੰਬਈ ਆਦਿਕ ਸਾਰੇ ਸ਼ਹਿਰਾਂ ਵਿੱਚ ਏਨ੍ਹਾਂ ਦੀ ਸਿੱਖੀ ਸੇਵਕੀ ਅਤੇ ਮੰਦਰ ਹਨ। ਪ੍ਰਤੇਕ ਮੰਦਰ ਵਿੱਚ ਰਾਧਾ ਕ੍ਰਿਸ਼ਨ ਦੀ ਮੂਰਤਿ ਹੈ। ਪੰਜ ਵੇਲੇ ਭੋਗ, ਦੋ ਵੇਲੇ ਝਾਕੀ ਤੇ ਸ਼ਿੰਗਾਰ ਹੁੰਦਾ ਹੈ। ਠਾਕੁਰਦੁਆਰੇ ਦੇ ਭੋਗ ਵਾਸਤੇ ੩੬ ਜਾਂ ੫੬ ਪ੍ਰਕਾਰ ਦੇ ਭੋਜਨ ਰੋਜ਼ ਬਣਦੇ ਹਨ। ਓਹੋ ਸੇਵਕਾਂ ਦੇ ਘਰ ਜਾਂਦੇ ਹਨ ਯਾਂ ਵੇਚੇ ਜਾਂਦੇ ਹਨ। ਏਨ੍ਹਾਂ ਦੇ ਸੇਵਕਾਂ ਦਾ ਨਿਸ਼ਚਾ ਐਥੋਂ ਤੱਕ ਹੈ ਕਿ ਬੇਟੀ, ਬਹੂ, ਤਨ, ਮਨ, ਧਨ ਸਭ ਗੁਰੂ ਦੇ ਅਰਪਣ ਕਰ ਰੱਖਦੇ ਹਨ। ਮੰਦਰ ਦੇਣ ਸਮੇਂ ਇਸ਼ਨਾਨ ਕਰ ਕੇ ਇੱਕ ਬਸਤ੍ਰ ਵਿੱਚ ਕਤਾਰ ਦੀਏ ਕਤਾਰ ਬੈਠ ਕੇ ਕੰਨ ਵਿੱਚ (ਓਅੰ ਕ੍ਰਿਸ਼ਨਾ ਯਨਮਹ) ਏਹ ਸੁਣਾਉਂਦੇ ਹਨ ਤੇ ਏਸੇ ਨੂੰ ਸਾਮਾਸ੍ਰਿਤ ਹੋਣ ਆਖਦੇ ਹਨ। ਸਾਮਾਸ੍ਰਿਤ ਹੋਏ ਬਿਨਾਂ ਪੁਰਖ ਇਸਤ੍ਰੀ ਦੇ ਹੱਥੋਂ ਅੰਨ ਜਲ ਨਹੀਂ ਲੈਂਦੇ। ਤਿਲਕ ਦੀਪ ਸਿਖਾ ਸਮ ਲਾਲ ਰੰਗ ਯਾ ਚਿੱਟਾ ਲਾਉਂਦੇ ਹਨ।

**ਇਸ ਪਰਬਤ ਪਰ ਸ਼ਿਵ ਤੇ ਪਾਰਬਤੀ ਬੈਠੇ ਰਹੇ ਸੇ ਅਤੇ ਸਭ ਦੇਵਤਾ ਤੇ ਸ਼ਿਵਗਣ ਏਸ ਦੀ ਪ੍ਰਕਰਮਾ ਕਰਨ ਗਏ ਸੇ ਜੋ ੪ ਕੋਹ ਦੀ ਹੈ। ਪਰ ਗਣੇਸ਼ ਨੇ ਆਪਣੇ ਵਿੱਚ ਛੇਤੀ ਮੁੜ ਆਵਣ ਦੀ ਤਾਕਤ ਨਾ ਦੇਖ ਕੇ ਓਅੰ ਮੰਤ੍ਰ ਲਿਖ ਕੇ ਓਸ ਦੇ ਗਿਰਦੇ ਫਿਰ ਕੇ ਮੱਥਾ ਟੇਕ ਲਿਆ। ਓਸ ਦੀ ਪ੍ਰਕਰਮਾ ਪੂਰੀ ਹੋਈ। ਹੁਣ ਭੀ ਯਾਤ੍ਰੀ ਲੋਕ ਏਸ ਪਰਬਤ ਦੀ ਪਰਕ੍ਰਮਾ ਕਰਦੇ ਹਨ ਅਤੇ ਜਟਾਊ ਭੀ ਏਥੇ ਹੀ ਲੜ ਕੇ ਮੋਯਾ ਸੀ।

ਓਥੋਂ ਪਲਾਰ ਨਾਮ ਦਰਯਾ ਪਾਰ ਹੋ ਮਲੇਵਾਰ ਦੇਸ ਵਿੱਚ ਅਰਕਾਟ, ਬਲੂਰ, ਫੂਲਚਰੀ, ਪਾਂਡੂਚਰੀ ਜਾ ਦੇਖੇ। ਏਥੇ ਹੁਣ ਫਰਾਂਸੀਸਾਂ ਦਾ ਰਾਜ ਹੈ। ਫੇਰ ਪੰਨਾਰ ਨਦੀ ਉੱਤਰ ਕੇ ਚੇਲਮਪੁਰ ਆਦਿਕ ਸ਼ਹਿਰਾਂ ਦੇ ਸੈਲ ਕਰਦੇ ਹੋਏ ਮਹਾਂਦੇਵ ਜੀ ਦਾ ਸੁੰਦਰ ਬਨ ਜਾ ਦੇਖਿਆ। ਏਥੇ ਤਿੰਨ ਮਹੀਨੇ ਠਹਿਰ ਕੇ ਰਾਮਚੰਦ੍ਰ ਜੀ ਨੇ ਫ਼ੁੱਲ ਤਿਆਰ ਕਰਾਯਾ ਸੀ। ਏਸੇ ਲਈ ਓਥੋਂ ਦੀ ਕਥਾ ਦਾ ਨਾਮ ਰਾਮਾਯਣ ਵਿੱਚ ਸੁੰਦਰ ਕਾਂਡ ਹੈ। ਪਾਪਨਾ ਪੁਰ ਜੋ ਰਾਮ ਰਾਜੇ ਦੀ ਪੁਰਾਣੀ ਰਾਜਧਾਨੀ ਹੈ, ਏਸੇ ਸੁੰਦਰ ਬਨ ਵਿੱਚ ਹੈ। ਏਸੇ ਰਾਜੇ ਦੀ ਬੇਟੀ ਪਦਮਣੀ ਸੀ। ਓਸ ਕੁਵਾਰੀ ਕੰਨਜਾਂ ਨੇ ਰਾਮਚੰਦ੍ਰ ਸਾਥ ਬਜਾਹ ਕਰਨਾ ਚਾਹਿਆ। ਪਰ ਰਾਮ ਜੀ ਨੇ ਆਖਿਆ, "ਲੰਕਾ ਜਿੱਤ ਕੇ ਫੇਰ ਬਜਾਹ ਕਰਾਂਗੇ।" ਓਹ ਕੁੜੀ ਰਾਮਚੰਦ੍ਰ ਜੀ ਦੀ ਫੌਜ ਵਾਸਤੇ ਚਾਉਲ ਛੜ ਛੜ ਰੱਖਦੀ ਤੇ ਹੋਰ ਚੀਜ਼ਾਂ ਜਮ੍ਹਾਂ ਕਰਾਉਂਦੀ ਰਹੀ। ਜਦ ਰਾਮਚੰਦ੍ਰ ਜੀ ਲੰਕਾ ਫਤੇ ਕਰ ਸੀਤਾ ਲੈ ਕੇ ਅਜੁਧਜਾ ਨੂੰ ਚਲੇ ਤਾਂ ਓਸ ਨੂੰ ਬਚਨ ਕੀਤਾ ਕਿ ਹੁਣ ਫੇਰ ਕਦੀ ਅਵਤਾਰ ਧਾਰ ਕੇ ਤੈਨੂੰ ਵਜਾਹਵਾਂਗੇ। ਓਹ ਗ਼ਮ ਨਾਲ ਹਹੁਕੇ ਲੈਂਦੀ ਮਰ ਗਈ। ਓਸ ਨੂੰ ਦੇਖਣ ਲੋਕੀਂ ਜਾਂਦੇ ਹਨ ਤੇ ਓਸ ਦੀ ਮੂਰਤ ਚਉਲ, ਉੱਖਲੀਆਂ, ਆਦਿਕ ਸਭ ਪੱਥਰ ਦੇ ਬਣਾ ਕੇ ਰੱਖੇ ਹੋਏ ਹਨ।

ਓਥੋਂ ਅੱਗੇ ਸ੍ਰੀ ਰੰਗ ਪਟਨ[***] ਚੀਨਾ ਪਟਨ ਜਾ ਦੇਖੇ। ਏਹ ਸ਼ਹਿਰ ਤੇ ਪਟਨ ਟੀਪੂ ਸੁਲਤਾਨ ਦੇ ਬਹੁਤ ਮਸ਼ਹੂਰ ਸ਼ਹਿਰ ਹਨ। ਓਥੋਂ ਤੁਰ ਮਧਰੇ ਸ਼ਹਿਰ[+] ਜਿੱਥੇ ਇੱਕ ਰੌਣਕ ਵਾਲਾ ਮੰਦ੍ਰ ਦੇਵੀ ਦਾ ਹੁਣ ਮੌਜੂਦ ਹੈ, ਓਸ ਪਰ ਨਜ਼ਰ ਪਾਉਂਦੇ ਹੋਏ ਹਰਿ ਬੋਲੇ ਦੀ ਖਾਡੀ[*] ਜਾ ਲੰਘੇ। ਫੇਰ ਦਰਬ ਸੈਨ ਠਹਿਰੇ। ਏਥੇ ਸੇਧ ਸਾਈਂ ਠੀਕਰ ਨਾਥ ਦੀ ਉਪਾਸਨਾ ਭਗਤੀ ਹੁੰਦੀ ਹੈ। ਇਸੇ ਥਾਓਂ ਬਿੰਦੂਸਰ ਤੀਰਥ ਪਰ ਬੈਠ ਕੇ ਰਾਮਚੰਦ੍ਰ ਜੀ ਨੇ ਫ਼ੁੱਲ ਦੀ ਨੀਉਂ ਰੱਖਾਈ ਸੀ। ਏਥੇ ਦੱਖਣ ਵਲੋਂ ਰਤਨਾਕੁਰ, ਉੱਤਰ ਵੰਨੀਓਂ ਮਹੋਦਧੀ, ਦੋਹਾਂ ਸਮੁੰਦ੍ਰਾਂ ਦੀਆਂ ਛੱਲਾਂ ਵੱਜ ਵੱਜ ਕੇ ਮਿੱਟੀ ਇਕੱਠੀ ਹੋ ਹੋ ਵੱਡੇ ਵੱਡੇ ਤੋਦੇ ਲੱਗੇ ਹੋਏ ਸੇ, ਜਿਸ ਕਰ ਕੇ ਕੋਈ ਜਹਾਜ਼ ਭੀ ਏਧਰ ਓਧਰ ਨਹੀਂ ਜਾ ਸਕਦਾ ਸੀ। ਜਦ ਤੋਂ ਸਰਕਾਰ ਅੰਗ੍ਰੇਜ਼ੀ ਨੇ ਖਾੜੀ ਪਟਵਾਈ ਹੈ ਤਦ ਤੋਂ ਜਹਾਜ਼ ਅਗਨ ਬੋਟ ਜਾਣ ਲੱਗੇ ਹਨ ਤੇ ਜਦ ਰਾਮਚੰਦ੍ਰ ਜੀ ਨੇ ਫ਼ੁੱਲ ਤਿਆਰ ਕਰਵਾਇਆ ਤਾਂ ਹੁਕਮ ਦਿੱਤਾ ਕਿ ਕੋਈ ਰਿੱਛ, ਲੰਗੂਰ, ਇੱਟ, ਪੱਥਰ ਨਾ ਲਿਆਵੇ। ਏਹ ਹੁਕਮ ਸੁਣ ਕੇ ਸਭ ਬਾਂਦਰ, ਰਿੱਛ ਜੋ ਪੱਥਰ ਆਦਿਕ ਚੱਕੀ ਲਿਆਉਂਦੇ ਸਨ, ਓਥੇ ਦੇ ਓਥੇ ਸਿੱਟ ਕੇ ਖ਼ਾਲੀ ਆ ਗਏ। ਓਹ ਪੱਥਰ ਹੁਣ ਥਾਂ ਪਰ ਥਾਂ ਉੱਪਰ ਥੱਲੀ ਤਿਲੰਗ ਦੇਸ਼ ਤੱਕ ਪਏ ਹੋਏ ਹਨ।

ਏਸੇ ਖਾੜੀ ਕਿਨਾਰੇ ਪਾਵਨ ਰਾਮ ਬਸਤੀ ਤੇ ਭੈਰੋਂ ਨਾਮ ਤੀਰਥ ਅਜਿਹਾ ਹੈ ਜੋ ਜਿਤਨਾ ਜਲ ਸਾਗਰ ਦਾ ਛੱਲ ਨਾਲ ਓਸ ਵਿੱਚ ਪੈਂਦਾ ਹੈ ਅਗਲੇ ਨਾਲ ਰਲ ਕੇ ਓਹ ਭੀ ਮਿੱਠਾ ਹੋ ਜਾਂਦਾ ਹੈ। ਬਿੰਦੂਸਾਰ ਤੋਂ ੬ ਮੀਲ ਪਰ ਰਾਮੇਸ਼੍ਵਰ ਦੇ ਮੰਦਰ ਦੇ ਪੰਡਿਆਂ ਨੂੰ ਧਰਮ ਦਾ ਉਪਦੇਸ਼ ਦੇ ਕੇ ਪਰਮੇਸ਼੍ਵਰ ਦੀ ਭਗਤੀ ਕਰਨ ਲਾਯਾ, ਤੇ ਭਾਈ ਮਰਦਾਨੇ ਦੇ ਪੁੱਛਣੇ ਪਰ ਸਾਰੀ ਕਥਾ ਰਾਮਾਇਣ ਦੀ ਬਾਬੇ ਜੀ ਨੇ ਸੁਣਾਈ।

[***]ਸ੍ਰੀ ਰੰਗ ਜੀ ਦਾ ਮੰਦਰ ਬਹੁਤ ਵੱਡਾ ਸੈਂਕੜੇ ਰੁਪਏ ਦੀ ਲਾਗਤ ਨਾਲ ਟੀਪੂ ਸੁਲਤਾਨ ਨੇ ਬਣਵਾਇਆ ਹੈ। ਏਹ ਮਰਹੱਟੇ ਛੱਤ੍ਰੀ ਸੇ ਕਈ ਬਰਸ ਅੰਗ੍ਰੇਜ਼ਾਂ ਨਾਲ ਲੜਦੇ ਰਹੇ ਤੇ ਮਸੂਰ ਸ਼ਹਿਰ ਏਨ੍ਹਾਂ ਦੀ ਰਾਜਧਾਨੀ ਸੀ। ਕਹਿੰਦੇ ਹਨ ਓਥੇ ਸਵਾ ਲੱਖ ਗੋਰੇ ਦੀ ਕਬਰ ਹੈ ਜਦ ਏਹ ਦੋਵੇਂ ਬਾਪ ਬੇਟਾ ਸ਼ਹੀਦ ਹੋ ਗਏ ਤਾਂ ਟੀਪੂ ਦੀ ਰਾਣੀ ਲੜੀ ਤੇ ਓਸ ਦੇ ਮਰ ਜਾਣ ਮਗਰੋਂ ਓਸ ਦੀ ਨੂੰਹ ਭੀ ਲੜਾਈ ਕਰ ਕੇ ਸ਼ਹੀਦ ਹੋ ਗਈ। ਏਨ੍ਹਾਂ ਚੌਹਾਂ ਦੀਆਂ ਸਮਾਧਾਂ ਕਸਵਟੀ ਦੇ ਪੱਥਰ ਦੀਆਂ ਬਣੀਆਂ ਹੋਈਆਂ ਹਨ।

[+] ਮਧਰੇ ਸ਼ਹਿਰ ਮੀਨਾਚੀ ਦੇਵੀ ਦਾ ਵੱਡਾ ਭਾਰੀ ਰੌਣਕ ਤੇ ਮੰਨਤ ਵਾਲਾ ਮੰਦਰ ਹੈ। ਓਹ ਦੇਵੀ ਓਥੋਂ ਦੇ ਰਾਜੇ ਸੀਸਪਾਲ ਦੀ ਰਾਣੀ ਸੀ ਤੇ ਈਸ਼੍ਵਰ ਦੀ ਬੰਦਗੀ ਕਰਨ ਵਾਲੀ ਸੀ। ਜਦ ਏਸ ਦਾ ਵਜ਼ੀਰ ਉਡਿਯਾਰਾ ਨਾਮ ਨੌ ਲੱਖ ਰੁਪਏ ਦੇ ਦੁਸ਼ਾਲੇ ਤੇ ਘੋੜੇ ਖ਼ਰੀਦ ਕਰਨ ਕਾਗਾਨ (ਕਾਬਲ) ਵੱਲ ਚੱਲਿਆ ਤਾਂ ਰਸਤੇ ਵਿੱਚ ਸੰਤ ਮਿਲੇ। ਓਨ੍ਹਾਂ ਨਾਲ ਸਤਸੰਗ ਕਰ ਕੇ ਸਭ ਰੁਪੱਯਾ ਸਾਧੂਆਂ ਨੂੰ ਖ਼ੁਆ ਦਿੱਤਾ ਤੇ ਫੇਰ ਰਾਜਾ ਤੋਂ ਡਰ ਕੇ ਇੱਕ ਮੰਦਰ ਵਿੱਚ ਲੁਕ ਬੈਠਾ। ਈਸ਼੍ਵਰ ਦਾ ਭਜਨ ਧਿਆਨ ਕਰਨੇ ਕਰ ਇੱਕ ਮਹਾਤਮਾ ਜੀ ਪਰਤੱਖ ਹੋ ਗਏ ਤਾਂ ਓਨ੍ਹਾਂ ਤੋਂ ਏਸ ਨੇ ਸਵਾਏ ਭਗਤੀ ਭਜਨ ਦੇ ਹੋਰ ਕੁਛ ਨਾ ਮੰਗਿਆ। ਓਸੇ ਕਰ ਕੇ ਏਹ ਪਰਸਿੱਧ ਹੋ ਗਿਆ ਤੇ ਫੇਰ ਏਸ ਨੂੰ ਰਾਣੀ ਨੇ ਮੰਗਵਾ ਲਿਆ, ਜਿਸ ਕਰ ਕੇ ਓਹ ਭੀ ਉਪਕਾਰਨ ਮੰਨੀ ਗਈ।

[*]ਹਰਿ ਬੋਲਾ ਨਾਮੀ ਇੱਕ ਰਾਕਸ਼ ਸੀ ਜੋ ਰਾਮਚੰਦ੍ਰ ਜੀ ਦਾ ਫ਼ੁੱਲ ਤੋੜ ਜਾਂਦਾ ਹੁੰਦਾ ਸੀ। ਓਸ ਨੂੰ ਰਾਮ ਜੀ ਨੇ ਏਥੇ ਮਾਰ ਕੇ ਮੁਕਤ ਕੀਤਾ ਸੀ।

ਓਥੋਂ ਅੱਗੇ ਰਾਸ ਕੁਮਾਰੀ ਦੇਵੀ ਅਤੇ ਪਰਬਤ ਤੋਂ ਹੁੰਦੇ ਹੋਏ ਮਰਦਾਨੇ ਦੀ ਇੱਛਾ ਅਨੁਸਾਰ ਜੀਵਾਂ ਦੇ ਉਧਾਰ ਕਰਨ ਵਾਸਤੇ ਸਮੁੰਦ੍ਰੋਂ ਪਾਰ {ਸੰਗਲਾਦੀਪ} ਸੰਗਲਾਦੀਪ ਵਿੱਚ ਜਾ ਫਿਰੇ। ਏਸੇ ਟਾਪੂ ਨੂੰ ਸੀਲੋਨ ਤੇ ਲੰਕਾ ਭੀ ਆਖਦੇ ਹਨ। ਟਾਪੂ ਦਾ ਸੈਲ ਕਰਦੇ ਹੋਏ ਤ੍ਰਿਕਨਾਮਲੇ ਸ਼ਹਿਰ ਜਾ ਉੱਤਰੇ। ਓਥੋਂ ਦੇ ਲੋਗ ਏਨ੍ਹਾਂ ਨੂੰ ਦੇਖਣ ਵਾਸਤੇ ਬਹੁਤ ਇਕੱਠੇ ਹੋ ਗਏ। ਓਸ ਸਮੇਂ ਓਥੋਂ ਦੇ ਲੋਗ ਪੰਜਾਂ ਤੱਤਾਂ ਨੂੰ ਹੀ ਰੱਬ ਮੰਨਦੇ ਸੇ, ਓਥੇ ਬਾਬੇ ਜੀ ਨੇ ਏਹ ਸ਼ਬਦ ਉਚਾਰਿਆ:

ਸਲੋਕ ਮ: ੧ ॥
ਭੈ ਵਿਚਿ ਪਵਣੁ ਵਹੈ ਸਦਵਾਉ ॥ ਭੈ ਵਿਚਿ ਚਲਹਿ ਲਖ ਦਰੀਆਉ ॥
ਭੈ ਵਿਚਿ ਅਗਨਿ ਕਢੈ ਵੇਗਾਰਿ ॥ ਭੈ ਵਿਚਿ ਧਰਤੀ ਦਬੀ ਭਾਰਿ ॥
ਭੈ ਵਿਚਿ ਇੰਦੁ ਫਿਰੈ ਸਿਰ ਭਾਰਿ ॥ ਭੈ ਵਿਚਿ ਰਾਜਾ ਧਰਮ ਦੁਆਰੁ ॥
ਭੈ ਵਿਚਿ ਸੂਰਜੁ ਭੈ ਵਿਚਿ ਚੰਦੁ ॥ ਕੋਹ ਕਰੋੜੀ ਚਲਤ ਨ ਅੰਤੁ ॥
ਭੈ ਵਿਚਿ ਸਿਧ ਬੁਧ ਸੁਰ ਨਾਥ ॥ ਭੈ ਵਿਚਿ ਆਡਾਣੇ ਆਕਾਸ ॥
ਭੈ ਵਿਚਿ ਜੋਧ ਮਹਾਬਲ ਸੂਰ ॥ ਭੈ ਵਿਚਿ ਆਵਹਿ ਜਾਵਹਿ ਪੂਰ ॥
ਸਗਲਿਆ ਭਉ ਲਿਖਿਆ ਸਿਰਿ ਲੇਖੁ ॥
ਨਾਨਕ ਨਿਰਭਉ ਨਿਰੰਕਾਰੁ ਸਚੁ ਏਕੁ ॥੧॥

(ਵਾਰ-ਆਸਾ, ਮ: ੧ - ੪੬੪)

ਬਾਬੇ ਜੀ ਦਾ ਸ਼ਬਦ ਸੁਣ ਕੇ ਸਭ ਨੂੰ ਨਿਸਚਾ ਆਇਆ ਤੇ ਪਰਮੇਸ਼੍ਵਰ ਦੀ ਭਗਤੀ ਕਰਨ ਲੱਗੇ ਤੇ ਰਾਮੇਸ਼੍ਵਰ* ਦੇ ਪੰਡਿਆਂ ਵਾਂਗੂੰ ਏਥੋਂ ਦੇ ਲੋਗ ਭੀ ਸਾਰੇ ਸੁਧਰ ਗਏ। ਏਸ ਤ੍ਰਿਕਨਾਮਲੇ ਨਾਮ ਸ਼ਹਿਰ ਪਾਸ ਇੱਕ ਵੱਡਾ ਭਾਰੀ ਕਿਲ੍ਹਾ ਰਾਵਣ ਦਾ ਹੈ, ਜਿਸ ਦੇ ਇੱਕ ਪਾਸੇ ਸਮੁੰਦ੍ਰ ਤੇ ਤਿੰਨੀਂ ਪਾਸੀਂ ਨਦੀਆਂ ਹਨ। ਏਸ ਤਰ੍ਹਾਂ ਦੇ ਸੱਤ ਕਿਲ੍ਹੇ ਰਾਵਣ ਦੇ ਰਚੇ ਹੋਏ ਹਨ। (ਲੰਕਾ

---

*ਏਹ ਰਾਮੇਸ਼ਵਰ ਦਾ ਮੰਦਰ ਇੱਕ ਕੋਸ ਭਰ ਮੁਰੱਬਾ ਹੈ ਰਾਮਚੰਦ੍ਰ ਜੀ ਨੇ ਫ਼ੁੱਲ ਬੰਨ੍ਹਣ ਸਮੇਂ ਏਥੇ ਮਹਾਂਦੇਵ ਦੀ ਪਿੰਡੀ ਥਾਪੀ ਸੀ ਜੋ ਕਾਲੇ ਪੱਥਰ ਦੀ ੧੬ ਉਂਗਲ ਉੱਚੀ ਤੇ ਮੋਟੀ ਹੈ। ਏਸ ਮੰਦਰ ਦੀਆਂ ੭ ਪਰਕਰਮਾ ਹਨ ਜਿਨ੍ਹਾਂ ਵਿੱਚੋਂ ਤਿਨ ਪ੍ਰਕਰਮਾ ਵੱਡੀਆਂ, ਚਾਰ ਛੋਟੀਆਂ ਹਨ ੪ ਦਰਵਾਜ਼ਿਆਂ ਅੱਗੇ ੪ ਤਾਲਾਬ ਹਨ। ਸਭਨਾਂ ਪ੍ਰਕਰਮਾਂ ਵਿੱਚ ਅਨੇਕ ਦੇਵਤਜਾਂ ਦੇ ਮੰਦਰ ਸ਼ਿਵਲਿੰਗ ਹਨ। ਪੂਰਬੀ ਦਰਵਾਜ਼ੇ ਅੱਗੇ ਹਨੂਮਾਨ, ਪੱਛਮ ਗਣੇਸ਼ ਦੱਖਣ ਸ੍ਵਾਮਿਕਾਰਤਕ ਏਹ ਵੱਡੀਆਂ ਵੱਡੀਆਂ ਮੂਰਤਾਂ ਹਨ, ਉੱਤਰ ਵੰਨੀ ਦਰਵਾਜ਼ੇ ਨਾਲ ਮਸੀਤ ਹੋਣੇ ਕਰ ਦਰਵਾਜ਼ਾ ਬੰਦ ਰਹਿੰਦਾ ਹੈ।

ਪੂਰਬੀ ਦਰਵਾਜ਼ੇ ਅੱਗੇ ਅਗਨਿ ਕੁੰਡ ੨੯ ਗਜ਼ ਲੰਬਾ ਪੰਜ ਗਜ਼ ਚੌੜਾ ਸਵਾ ਗਜ਼ ਡੂੰਘਾ ਹੈ। ਚੇਤ੍ਰ ਸੁਦੀ ਪੰਚਮੀ ਨੂੰ ਓਸ ਦੀ ਯਾਤ੍ਰਾ ਹੁੰਦੀ ਹੈ। ਦੂਜੀ ਯਾਤ੍ਰਾ ਤੀਆਂ ਦੀ ਸਾਉਣ ਵਿੱਚ ਪਾਰਬਤੀ ਦੇ ਵਿਆਹ ਦਾ ਦਿਨ ਸਮਝ ਕੇ ਹੁੰਦੀ ਹੈ। ਮੰਦਰ ਦੇ ਉੱਤਰ ਵੰਨੀ ਬ੍ਰਹਮਕੁੰਡ ਤੀਰਥ ਹੈ ਏਥੇ ਬ੍ਰਹਮਾ ਨੇ ਤਪ ਕੀਤਾ ਸੀ। ਕਈ ਕੋਸ ਵਿੱਚ (ਸ੍ਵਾਹ) ਰਾਖ ਪਈ ਹੈ। ਓਹੋ ਪਰਸ਼ਾਦ ਰਾਮੇਸ਼੍ਵਰ ਤੋਂ ਯਾਤਰੀਆਂ ਨੂੰ ਮਿਲਦਾ ਹੈ, ਬ੍ਰਹਮਕੁੰਡ ਦੇ ਪਾਸ ਹੀ ਰਾਮ ਝਰੋਖਾ ਮਕਾਨ ਹੈ ਜਿੱਥੇ ਬੈਠ ਕੇ ਰਾਮਚੰਦ੍ਰ ਨੇ ਸੈਨਾ ਦੀ ਹਾਜ਼ਰੀ ਲੀਤੀ ਸੀ। ਚਰਨ ਪਾਦਕਾ ਓਥੇ ਪੂਜਜ ਹੈਨ। ਰਾਮ ਤੀਰਥ, ਲੱਛਮਨ ਤੀਰਥ, ਚੌਹਾਂ ਕੋਨਿਆਂ ਪਰ ਚਾਰ ਮੰਦਰ ਹਨ। ਪੱਛੋਂ ਵੰਨੀ ਗੁਰੂ ਨਾਨਕ ਜੀ ਦੀ ਚਰਨ ਪਾਦਕਾ ਉਦਾਸੀ ਸੰਤਾਂ ਦਾ ਮਕਾਨ ਤੇ ਬਾਗ਼ ਹੈ। ਪਹਿਲੇ ਰਾਜੇ ਚੰਦੂ ਲਾਲ ਤੇ ਰਾਜਾਰਾਮ ਵੱਲੋਂ ਦੋ ਹਜ਼ਾਰ ਦੀ ਜਗੀਰ ਸੀ। ਗੁਰ ਮੰਦਰ ਦੇ ਤਲਾਬ, ਕੂਇਆਂ ਦਾ ਪਾਣੀ ਮਿੱਠਾ ਤੇ ਬਾਹਰ ਖਾਰਾ ਹੈ।

ਮੰਦਰ ਫ਼ੁੱਲ ਦੇ ਉੱਪਰ ਹੈ। ਮਹਾਂਦੇਵ ਦੀ ਪਿੰਡੀ ਅੱਗੇ ਨਾਦੀਆ ੯ ਹੱਥ ਉੱਚਾ ਢਾਈ ਗਜ਼ ਚੌੜਾ ਪੱਥਰ ਦਾ ਹੈ। ਏਥੋਂ ਦੇ ਮਾਲਕ ਪੰਡਾ ਰਾਮ ਲੱਖਾਂ ਪਤੀ ਹੈਨ। ਪੁਜਾਰੀ ਸੇਵਕ ਸਭ ਨੌਕਰ ਹਨ। ਸੈਂਕੜੇ ਰਾਜੇ ਸੇਠ ਕਰੋੜਾਂਪਤੀ ਸੇਵਕ ਹਨ। ਅਤੇ ਸਵਾ ਲੱਖ ਦੀ ਜਾਗੀਰ ਹੈ। ਭੇਟ ਪੂਜਾ ਬਹੁਤ ਆਉਂਦੀ ਹੈ।

ਭੋਗ ਅਨੇਕ ਵਾਰ ਲੱਗਦਾ ਹੈ। ਮੰਦਰ ਬਹੁਤ ਵੱਡਾ ਹੋਣੇ ਕਰ ਦਰਸ਼ਨ ਦੀਵੇ ਨਾਲ ਹੁੰਦਾ ਹੈ। ਜਾਤ੍ਰੀ ਗੰਗੋਤ੍ਰੀ ਦਾ ਜਲ ਮੁੱਲ ਲੈ ਕੇ ਚੜ੍ਹਾਉਂਦੇ ਹਨ ਭਾਵੇਂ ਕੈਸਾ ਹੀ ਮਹਿੰਗਾ ਮਿਲੇ। ਪੰਡਜਾਂ ਦੀ ਠੱਗੀ ਐਡੀ ਹੈ ਕਿ ਯਾਤ੍ਰੀ ਨੂੰ ਧਨੀ ਵੇਖ ਕੇ ਪੰਡੇ ਆਖਦੇ ਹਨ ਜੇ ਬੇਦ ਮੰਤਰ ਪੜ੍ਹ ਕੇ ਅਸੀਂ ਮਹਾਂਦੇਵ ਨੂੰ ਖ਼ੁਸ਼ ਕਰੀਏ ਤੇਰੀ ਭੇਟਾ ਜਲ ਲੈ ਕੇ ਪ੍ਰਫੁਲਤ ਹੋਵੇ ਤਾਂ ਤੂੰ ਸਾਨੂੰ ਕੀ ਦੇਵੇਂ? ਸੇਠ ਅਗਿਆਨੀ ਏਹੋ ਗੱਲ ਮੰਨ ਕੇ ਸੈਂਕੜੇ ਰੁਪੱਯੇ ਦੇਣੇ ਕਰਦੇ ਹਨ। ਜਾਤ੍ਰੀ ਕੋਈ ਮੰਦਰ ਵਿੱਚ ਨਹੀਂ ਜਾਂਦਾ ਪੰਡੇ ਜਾਂਦੇ ਹਨ ਉਸ ਨੂੰ ਦੂਰ ਖੜਾ ਕਰ ਕੇ ਮੰਤ੍ਰ ਉਚਾਰ ਕੇ ਓਸ ਵੱਲੋਂ ਜਲ ਚੜ੍ਹਾਉਣ ਲੱਗੇ ਛੇਤੀ ਨਾਲ ਦੂਜਾ ਪੰਡਾ ਦੀਵੇ ਨੂੰ ਨੀਚੇ ਕਰ ਦਿੰਦਾ ਹੈ। ਓਸ ਦੀ ਛਾਂਉਂ ਜਦ ਉੱਪਰ ਨੂੰ ਫੈਲਦੀ ਹੈ ਤਾਂ ਪਾਸ ਦੇ ਪੰਡੇ ਬੀ 'ਮਹਾਂਦੇਵ' 'ਮਹਾਂਦੇਵ' ਕਰ ਕੇ ਰੌਲਾ ਪਾ ਕਰ 'ਧੰਨ ਜਜਮਾਨ!' 'ਧੰਨ ਜਜਮਾਨ!' ਬੋਲਦੇ ਓਸ ਦੇ ਜੈ ਕਾਰੇ ਬੁਲਾਂਵਦੇ ਹੋਏ ਫ਼ੁੱਲਾਂ ਦੀ ਬਰਖਾ ਕਰਨ ਲੱਗ ਜਾਂਦੇ ਹਨ। ਓਸ ਨੂੰ ਧੰਨਜ ਭਾਗੀ ਧੰਨਜ ਭਗਤ ਕਹਿ ਕਹਿ ਰੁਪਏ ਕਰਾਰ ਦੇ ਤੇ ਬਖ਼ਸ਼ੀਸ਼ ਲੈਂਦੇ ਹਨ ਅਤੇ ਓਹ ਅਗਿਆਨੀ ਜਾਤ੍ਰ ਭੀ ਏਸੇ ਸ਼ੇਖੀ ਵਿੱਚ ਫ਼ੁੱਲ ਜਾਂਦਾ ਹੈ ਕਿ ਮੇਰੇ ਉੱਤੇ ਸ਼ਿਵਜੀ ਖ਼ੁਸ਼ੀ ਹੈ। ਮੇਰਾ ਜਲ ਮਨਜ਼ੂਰ ਕਰ ਕੇ ਪ੍ਰਫੁੱਲਤ ਹੋ ਗਿਆ ਹੈ। ਏਸੇ ਤਰ੍ਹਾਂ ਭੋਲੇ ਭਾਲੇ ਸੇਠਾਂ ਨੂੰ ਪੰਡੇ ਠੱਗਦੇ ਰਹਿੰਦੇ ਹਨ। ਹੋਰ ਭੀ ਮੰਦਰਾਂ ਦੇ ਪੁਜਾਰੀ ਲੋਭ ਦੇ ਵੱਸ ਹੋ ਕੇ ਅਨੇਕ ਪ੍ਰਕਾਰ ਦੇ ਛਲ ਪਏ ਕਰਦੇ ਹਨ। ਪੁਜਾਰੀਆਂ ਦੇ ਛਲ ਤਾਂ ਹੋਰ ਭੀ ਅਨੇਕ ਦੇਖੇ ਪਰ ਅਧਕ ਕਲਈ ਖੋਲ੍ਹਣੀ ਮੈਂ ਨਹੀਂ ਚਾਹੁੰਦਾ।

ਸੰਗਲਾਦੀਪ) ਤ੍ਰਿਕਨਾਮਲੇ ਸ਼ਹਿਰ ਤੋਂ ਤਿੰਨ ਮੰਜ਼ਲ ਮੱਟੀਆ ਕਲਮ ਨਾਮ ਸ਼ਹਿਰ, ਜੋ {ਰਾਜਾ ਸ਼ਿਵਨਾਭ} ਸ਼ਿਵਨਾਭ* ਰਾਜੇ ਦਾ ਹੈ; ਗੁਰੂ ਜੀ ਓਸ ਦੇ ਬਾਗ਼ ਵਿੱਚ (ਜੇਹੜਾ ਵੈਰਾਨ ਪਿਆ ਸੀ) ਮਾਘ ਸੰਮਤ ੧੫੮੯ ਬਿਕ੍ਰਮੀ ਨੂੰ ਜਾ ਬਿਰਾਜੇ ਤੇ ਸ਼ਬਦ ਗਾਵਿਆ।

ਏਸ ਤੋਂ ਪਹਿਲੇ ਏਸ ਬਾਗ਼ ਵਿੱਚ ਕਈ ਕੰਨਫਟੇ, ਬੈਰਾਗੀ, ਜੈਨੀ ਅਨੇਕ ਜਾ ਆਏ ਸੇ ਤੇ ਏਥੋਂ ਦਾ ਰਾਜਾ ਓਨ੍ਹਾਂ ਦੀ ਪ੍ਰੀਖਿਆ ਕਰਨ ਵਾਸਤੇ ਪਦਾਰਥ ਦੇ ਕੇ ਮੋਹਣੀਆਂ ਨੂੰ ਘੱਲ ਦਿੰਦਾ ਸੀ ਜਿਸ ਕਰ ਕੇ ਕਈ ਪਾਖੰਡੀ ਸਾਧੂ ਅਪਨਾ ਅਪਮਾਨ ਕਰਾ ਕੇ ਵਾਪਸ ਆਏ ਸੇ। ਰਾਜਾ ਨੇ ਗੁਰੂ ਸਾਹਿਬ ਪਾਸ ਭੀ ਓਹੋ ਮੋਹਣੀਆਂ ਭੇਜੀਆਂ ਓਹਨਾਂ ਨੇ ਅਪਨੇ ਹਾਵ ਭਾਵ ਤੇ ਫੰਧ ਫਰੇਬ ਬਥੇਰੇ ਕੀਤੇ ਪਰ ਕੁੱਛ ਨਾ ਕਰ ਸਕੀਆਂ। ਓਥੇ ਗੁਰੂ ਸਾਹਿਬ ਨੇ ਏਹ ਸ਼ਬਦ ਉਚਾਰਿਆ:

ਗਾਛਹੁ ਪੁਤ੍ਰੀ ਰਾਜ ਕੁਆਰਿ ॥
ਨਾਮੁ ਭਣਹੁ ਸਚੁ ਦੋਤੁ ਸਵਾਰਿ ॥
ਪ੍ਰਿਉ ਸੇਵਹੁ ਪ੍ਰਭ ਪ੍ਰੇਮ ਅਧਾਰਿ ॥
ਗੁਰ ਸਬਦੀ ਬਿਖੁ ਤਿਆਸ ਨਿਵਾਰਿ ॥੭॥

(ਬਸੰਤੁ, ਮਃ ੧ - ੧੧੮੭)

ਏਹ ਸ਼ਬਦ ਸੁਣ ਕੇ ਮੋਹਣੀਆਂ ਦੇ ਮਨ ਸ਼ਾਂਤ ਹੋ ਗਏ ਤੇ ਸ਼ਰਮਿੰਦੀਆਂ ਹੋ ਕੇ ਮੁੜ ਗਈਆਂ। ਦੂਸਰੇ ਦਿਨ ਰਾਜਾ ਸ਼ਿਵਨਾਭ ਬਾਬੇ ਦੇ ਚਰਣੀਂ ਆ ਲੱਗਾ। ਬਾਬੇ ਜੀ ਦੀ ਕ੍ਰਿਪਾ ਨਾਲ ਓਸ ਦਾ ਬਾਗ਼ ਪਰਿਵਾਰ ਸਭ ਹਰਿਆ ਭਰਿਆ ਹੋਇਆ।

ਇਕ ਦਿਨ ਓਸ ਦੀ ਰਾਣੀ ਨੇ ਬੇਨਤੀ ਕੀਤੀ ਸੀ, "ਕੋਈ ਐਸਾ ਗੰਡਾ ਤਾਵੀਤ ਕਰ ਦਿਓ ਜੋ ਮੇਰਾ ਪਤੀ ਮੇਰੇ ਵੱਸ ਹੋਵੇ।" ਤਾਂ ਬਾਬੇ ਜੀ ਨੇ ਸ਼ਬਦ ਬੋਲਿਆ:

ਨਿਵਣੁ ਸੁ ਅਖਰੁ ਖਵਣੁ ਗੁਣੁ ਜਿਹਬਾ ਮਣੀਆ ਮੰਤੁ ॥
ਏ ਤ੍ਰੈ ਭੈਣੇ ਵੇਸ ਕਰਿ ਤਾਂ ਵਸਿ ਆਵੀ ਕੰਤੁ ॥੧੨੭॥

(ਸਲੋਕ, ਸੇਖ ਫਰੀਦ ਜੀ - ੧੩੮੪)
(ਇਹ ਫਰੀਦ ਜੀ ਦਾ ਸਲੋਕ ਹੈ)

---

*ਬਿਕ੍ਰਮਾਜੀਤ ਤੋਂ ਤਿੰਨ ਸੌ ਬਰਸ ਪਹਿਲੇ ਮਹਾਰਾਜਾ ਰਣਜੀਤ ਸਿੰਘ ਕਾਸ਼ੀ ਵਾਲਾ ਰਾਮੇਸ੍ਵਰ ਦੇ ਦਰਸ਼ਨ ਨੂੰ ਗਿਆ। ਜਦ ਓਥੋਂ ਮੁੜਿਆ ਤਾਂ ਮਦਰੇ ਸ਼ਹਿਰ ਦਾ ਰਾਜਾ ਬੇਉਲਾਦ ਮਰ ਗਿਆ ਸੀ। ਓਸ ਦੇ ਵਜ਼ੀਰਾਂ ਵਿੱਚ ਝਗੜਾ ਪੈ ਗਿਆ। ਮਦਰਾ ਰਾਮੇਸ਼ਵਰ ਤੋਂ ੮ ਮੰਜ਼ਲ ਉੱਤਰ ਵੰਨੀ ਹੈ, ਦੋ ਵਜ਼ੀਰ ਰਾਜੇ ਰਣਜੀਤ ਸਿੰਘ ਨੂੰ ਆ ਮਿਲੇ। ਚੜ੍ਹਾ ਕੇ ਲੈ ਗਏ। ਏਸ ਨੇ ਮਦਰਾ ਫਤੇ ਕਰ ਆਪਣੀ ਰਾਜਧਾਨੀ ਬਣਾ ਲੀਤਾ। ਏਸੇ ਸ਼ਹਿਰ ਦੇ ਨਾਮ ਉੱਤੇ ਹੁਣ ਮਦਰਾਸ ਹਾਤਾ ਹੈ। ਰਣਜੀਤ ਸਿੰਘ ਦੇ ੯ ਪੁੱਤਰ ਸੇ। ਇੱਕ ਬੱਡਾ ਕਾਂਸ਼ੀ ਦਾ ਰਾਜਾ ਰਿਹਾ ਓਸੇ ਦੀ ਸੰਤਾਨ ਹੁਣ ਕਾਂਸ਼ੀ ਨਰੇਸ਼ ਹੈ। ਇੱਕ ਨੂੰ ਮਦਰੇ ਦਾ ਰਾਜ ਦੇ ਕੇ ਸੱਤਾਂ ਨੂੰ ਨਾਲ ਲੈ ਕੇ ਸੰਗਲਾਦੀਪ ਜਾ ਫਤੇ ਕੀਤਾ ਅਤੇ ਛੇ ਪੁੱਤ੍ਰਾਂ ਨੂੰ ਓਥੋਂ ਦੇ ਰਾਜੇ ਬਣਾ ਕੇ ਮੁਲਕ ਜੁਦਾ ਜੁਦਾ ਦੇ ਕੇ ਆਪ ਸੋਭਾਪੁਰ ਨਾਮ ਸ਼ਹਿਰ ਵਿੱਚ ਇੱਕ ਪੁੱਤਰ ਸਮੇਤ ਜਾ ਰਿਹਾ। ਪਹਿਲੇ ਤਾਂ ਬੱਡੀ ਗੱਦੀ ਸੋਭਾਪੁਰ ਨੂੰ ਦੂਜੇ ਛੀ ਰਾਜੇ ਮੰਨ ਕੇ ਤਾਬੇ ਬਣੇ ਰਹੇ। ਜਦ ਬਾਬਾ ਨਾਨਕ ਜੀ ਸੰਗਲਾਦੀਪ ਵਿੱਚ ਗਏ ਤਦੋਂ ਓਥੋਂ ਦੇ ਸ਼ਿਵਨਾਭ ਦੇ ਤਾਬੇ ਹੋ ਗਏ ਅਤੇ ਸੰਤਾਨ ਭੀ ਸ਼ਿਵਨਾਭ ਦੇ ਰਾਜੇ ਨਾਲ ਓਹ ਬਿਗੜੇ ਗੋਏ ਸਨ। ਗੁਰੂ ਕੀ ਕਿਰਪਾ ਨਾਲ ਓਹ ਬੀ ਸ਼ਿਵਨਾਭ ਦੇ ਤਾਬੇ ਹੋ ਗਈ। ੨ ਮਹੀਨੇ ਓਥੇ ਅਤੇ ੧੦ ਮਹੀਨੇ ਓਸ ਦੇਸ ਵਿੱਚ ਬਾਬਾ ਜੀ ਰਹੇ! ਸ਼ਿਵ ਨਾਭ ਤੋਂ ਸੱਤਵੀਂ ਪੀੜੀ ਧਰਮ ਨਾਭ ਰਾਜੇ ਨੇ ਆਪਣੇ ਵਜੀਰ ਬ੍ਰਾਹਮਣ ਦੀ ਬੇਟੀ ਜੋ ਪਦਮਣੀ ਸੀ ਜ਼ੋਰ ਨਾਲ ਲੈਣੀ ਚਾਹੀ। ਵਜ਼ੀਰ ਬੇਟੀ ਨੂੰ ਕਤਲ ਕਰ ਕੇ ਮਦਰੇ ਵਿੱਚ ਲਾਟ ਸਾਹਿਬ ਪਾਸ ਚਲਾ ਗਿਆ ਤੇ ਸੰਮਤ ੧੯੬੨ ਈ. ਨੂੰ ਅੰਗਰੇਜ਼ਾਂ ਦੀ ਫੌਜ ਲੈ ਜਾ ਕਰ ਧਰਮ ਨਾਭ ਨੂੰ ਫੜਾ ਦਿੱਤਾ। ਦੇਸ ਅੰਗ੍ਰੇਜ਼ਾਂ ਦੇ ਹੱਥ ਆ ਗਿਆ। ਧਰਮ ਨਾਭ ਦੀ ਸੰਤਾਨ ਹੁਣ ਇੱਕ ਬਜਰ ਸ਼ਹਿਰ ਜਾਗੀਰ ਖਾਂਦੀ ਹੈ ਅਤੇ ਵਜ਼ੀਰ ਦੀ ਉਲਾਦ ਪਾਸ ਖੰਡੀ ਸ਼ਹਿਰ ਵਿੱਚ ਤਿੰਨ ਲੱਖ ਦੀ ਰਿਆਸਤ ਹੈ। ਸੋਭਾਪੁਰ ਲੈਣੇ ਕਰ ਧੀਰੇ ਧੀਰੇ ਸਾਰਾ ਹੀ ਸੀਲੋਨ ਅੰਗ੍ਰੇਜ਼ਾਂ ਪਾਸ ਆ ਗਿਆ, ਜਿਸ ਮੁਲਕ ਵਿੱਚ ਲੰਕਾ ਭੀ ਹੈ। ਸੰਗਲਾਦੀਪ ਦੇ ਲੋਕ ਸੰਗਲ ਬੋਲੇ ਜਾਂਦੇ ਹਨ। ਬੰਗਾਲੀਆਂ ਵਾਂਗੂੰ ਅੰਗ੍ਰੇਜ਼ੀ ਪੜ੍ਹੇ ਹੋਏ ਛੋਟੇ ਵੱਡੇ ਕੰਮਾਂ ਉੱਤੇ ਓਹੋ ਨੌਕਰ ਸਰਕਾਰੀ ਹਨ। ਸਰਕਾਰ ਓਨ੍ਹਾਂ ਦਾ ਮਾਨ ਚੰਗਾ ਰੱਖਦੀ ਹੈ। ਸੰਗਲਾ ਅਖਰ ਅਤੇ ਅੰਗ੍ਰੇਜ਼ੀ ਦੋਵੇਂ ਹੀ ਦਫਤਰਾਂ ਵਿੱਚ ਓਥੇ ਹਨ। ਪਹਿਰਾਵਾ ਮਰਦ ਇਸਤ੍ਰੀ ਦਾ ਇੱਕੋ ਜਿਹਾ। ਚਾਦਰ ਦੀ ਚੀਣ ਕਰ ਕੇ ਤੇੜ ਘਗਰੀ ਜੇਹੀ ਗਲ ਕੁੜਤੀ ਤਣੀਆਂ ਵਾਲੀ ਸਿਰੋਂ ਨੰਗੇ ਰਹਿੰਦੇ ਹਨ। ਇਸਤ੍ਰੀ ਸੁੰਦਰ ਬਹੁਤ, ਬਿਭਚਾਰ ਦਾ ਪਰਹੇਜ਼ ਸ਼ਰਮ ਨਹੀਂ। ਮਾਸ ਸਭ ਤਰ੍ਹਾਂ ਦਾ ਖਾ ਲੈਂਦੇ ਹਨ। ਚੰਗਾ ਖਾਣਾ, ਗਾਉਣਾ, ਵਜਾਉਣਾ, ਸੈਰ ਕਰਦੇ ਮੇਲੇ ਵੇਖਦੇ ਫਿਰਨਾ, ਵਿਸ਼ੇ ਭੋਗ ਵਿੱਚ ਲੰਪਟ, ਭਜਨ ਪਾਠ ਬਹੁਤ ਹੈ। ਤਾਂ ਹੀ ਲੋਗਾਂ ਦੀ ਕਹਾਵਤ ਹੈ 'ਦੱਖਣ ਭੋਗੀ, ਪੂਰਬ ਰੋਗੀ, ਉੱਤਰ ਜੋਗੀ ਪੱਛਮ ਸੋਗੀ।' ਇਸਤ੍ਰੀ ਬਹੁਤ, ਆਦਮੀ ਥੋੜ੍ਹਾ। ਚਿਤ੍ਰਨੀ ਬਹੁਤ, ਸੰਖਣੀ ਥੋੜ੍ਹੀ, ਹਸਤਨੀ ਕੋਈ ਨਹੀਂ, ਪਦਮਨੀ ਕਿਤੇ ਕਿਤੇ ਹੈ। ਏਸ ਦੇਸ ਦਾ ਓਥੇ ਆਦਮੀ ਜਾਵੇ ਤਾਂ ਮੁੜ ਨਹੀਂ ਆਉਂਦਾ, ਕਹਾਵਤ ਹੈ 'ਦੱਖਣ ਗਏ ਨਾ ਬਾਹੁੜੇ ਲਏ ਸਹੇਲੀ ਫਾਹਿ।'

ਅਰਥਾਤ ਨਿਵ ਕੇ ਚੱਲਣਾ ਏਹ ਅੱਖਰ ਜੰਤ੍ਰ ਵਿੱਚ ਲਿਖ, ਖ਼ਿਮਾ ਦਾ ਗੰਡਾ ਪਾਓ, ਮਿਠਾ ਬੋਲਣਾ ਮੋਹਣੀ ਮੰਤ੍ਰ ਪੜ੍ਹ, ਇਹ ਤਿੰਨ ਸੁਭਾਵ ਦ੍ਰਿੜ੍ਹ ਅੰਗੀਕਾਰ ਕਰ ਤਾਂ ਏਹ ਕੰਤ ਭੀ ਤੇ ਪ੍ਰਮਾਤਮਾ ਭੀ ਤੇਰੇ ਉੱਪਰ ਪ੍ਰਸੰਨ ਰਹਿਣਗੇ। ਰਾਣੀ ਰਾਜਾ ਦੋਹਾਂ ਨੇ ਪ੍ਰੇਮ ਨਾਲ ਸੇਵਾ ਕੀਤੀ ਜਿਸ ਦਾ ਫ਼ਲ ਮਿੱਠੀ ਮੁਰਾਦ ਭੀ ਮਿਲੀ ਤੇ ਜਿਹੜੇ ੧੮ ਰਾਜੇ ਸੁਧ੍ਰਸੈਨ ਆਦਿਕ ਓਸ ਵਲਾਇਤ ਵਿੱਚ ਰਾਜ ਕਰਦੇ ਸੇ ਸਭ ਏਸ ਦੇ ਮਾਤੈਹਤ ਹੋਏ।

ਸ਼ਿਵਨਾਭ ਤੋਂ ਬਿਦਾ ਹੋ ਕੇ ਬਾਬਾ ਜੀ ਦੀਵਰ ਨਾਮੀ ਨਗਰ ਜੋ ਮਟੀਆ ਕਲਮ ਤੋਂ ਉੱਤਰ ੮ ਮੀਲ ਹੈ ਜਾ ਉੱਤਰੇ। ਏਥੇ 'ਚੰਗਾ' ਨਾਮੀ ਭਾਟੜਾ ਪਖੰਡੀ ਸਿੱਧ ਬਣਿਆ ਹੋਇਆ ਸੀ, ਜੋ ਆਪ ਨੂੰ ਪ੍ਰਮੇਸ਼ੂਰ ਸਦਾਉਂਦਾ ਸੀ। ਓਸ ਨੂੰ ਸੱਚੇ ਸ਼ਬਦ ਦੇ ਜ਼ੋਰ ਜਿੱਤ ਕੇ ਬਾਬੇ ਜੀ ਨੇ ਈਸ਼ੂਰ ਦੀ ਭਗਤੀ ਵਿੱਚ ਲਾਇਆ, ਹੰਕਾਰ ਤੋੜਿਆ ਜਿਸ ਕਰ ਕੇ ਓਹ ਭਾਟੜਾ* ਆਪਣੀ ਸਾਰੀ ਸੰਗਤ ਸਮੇਤ ਬਾਬੇ ਦਾ ਸੇਵਕ ਬਣਿਆ।

ਓਥੋਂ ਅੱਠ ਮੰਜ਼ਲਾਂ ਸ੍ਵਾਮਿਕਾਰਤਕ ਜੀ ਦਾ ਬਣ ਕਤਲੇਸ਼ ਨਾਮ, ਜੋ ਖੰਡੀ ਸ਼ਹਿਰ** ਦੇ ਪਾਸ ਹੈ ਤੇ ਮਾਣਕ ਗੰਗਾ ਨਾਮ ਨਦੀ ਦੇ ਕਿਨਾਰੇ ਪਰ ਹੈ; ਓਥੇ ਜਾ ਠਹਿਰੇ। (ਏਸੇ ਨਦੀ ਵਿੱਚੋਂ ਕਈ

---

*ਏਸ ਭਾਟੜੇ ਦੇ ਲੰਗਰ ਵਿੱਚ ਹਰ ਰੋਜ਼ ਬੀਸ ਮਣ ਲੂਣ ਪੈਣਾ ਲਿਖਿਆ ਹੈ। ਪਰ ਏਥੋਂ ਦੇ ਵਤਨ ਦਾ ਚੱਲਣ ਬਹੁਤ ਥੋੜ੍ਹਾ ਹੈ। ਅਰਥਾਤ ਛੇ ਰੁਪਏ ਭਰ ਦਾ ਇੱਕ ਰਤਲ ਅਤੇ ੧੪ ਰਤਲ ਦਾ ਇੱਕ ਮਣ ਹੁੰਦਾ ਹੈ। ਏਸ ਹਿਸਾਬ ਵੀਹ ਮਣ ਲੂਣ ਓਥੇ ਹਰ ਰੋਜ਼ ਲੱਗਦਾ ਹੈ। ਚਟਨੀਆਂ ਖਟਾਈਆਂ ਓਥੇ ਬਹੁਤ ਖਾਂਦੇ ਹਨ। ਨਿੰਬੂ ਟਕੇ ਸੈਂਕੜਾ ਬਾਰਾਂ ਮਹੀਨੇ ਮਿਲਦਾ ਹੈ। ਇਸ ਜਗ੍ਹਾ ਸੀਲੋਂਨ ਹਾਤੇ ਸੰਗਲਾਦੀਪ ਵਿੱਚ ਬਾਬੇ ਦਾ ਨਾਮ ਨਿਰੰਕਾਰੀ ਸਿੱਧ ਹੈ। ਏਸ ਜਗ੍ਹਾ ਪਰ ਭਾਰਤ ਖੰਡੇ ਜੰਬੂ ਦੀਪੇ ਦੀ ਤਰ੍ਹਾਂ ਸੰਗਲਾ ਦੀਪ ਲੰਕਾ ਖੰਡੇ ਸੰਕਲਪ ਪੜ੍ਹਿਆ ਜਾਂਦਾ ਹੈ। ਹੁਣ ਓਸ ਜਗ੍ਹਾ ਪਰ ਉਦਾਸੀ ਮਠ ਨਾਮੀ ਧਰਮਸਾਲਾ ਬਣੀ ਹੋਈ ਹੈ ਤੇ ਗੁਰੂ ਜੀ ਦੀ ਚਰਨ ਪਾਦਕਾ ਦੀ ਪੂਜਾ ਮੰਨਤ ਹੁੰਦੀ ਹੈ। ਇੱਕ ਥੰਭੇ ਉੱਪਰ ਸਾਰਾ ਜਪੁਜੀ ਸਾਹਿਬ ਸੰਗਲੀ ਅੱਖਰਾਂ ਵਿੱਚ ਉਕਰਿਆ ਹੋਯਾ ਹੈ। ਤਿੰਨ ਸੌ ਘੁਮਾ ਜ਼ਮੀਨ ਤੇ ਇੱਕ ਬਾਗ਼ ਮਾਫੀ ਹੈ। ਫੱਗਨ ਵਿੱਚ ਮਹੀਨਾ ਭਰ ਹਰ ਰੋਜ਼ ਮੇਲਾ ਰਹਿੰਦਾ ਹੈ। ਚਾਉਲ ਮਟਰ ਦੀ ਖਿਚੜੀ ਇੱਕ ਥਾਂ ਰਿਝਦੀ ਹੈ ਤੇ ਜਗਨਨਾਥ ਵਾਂਗੂੰ ਇਕੇ ਥਾਂ ਬੈਠ ਕੇ ਸਭ ਲੋਕ ਖਾਂਦੇ ਹਨ। ਜੂਠ ਸੁੱਚ ਦਾ ਕੋਈ ਪ੍ਰਹੇਜ਼ ਨਹੀਂ।

**ਖੰਡੀ ਸ਼ਹਿਰ ਮਾਣਕ ਗੰਗਾ ਦੇ ਕੰਢੇ ਉੱਤੇ ਬਸਦਾ ਹੈ ਚਮਤਕਾਰਾ ਏਹ ਹੈ, ਸਾਂਉਣ ਦੀ ਏਕਮ ਨੂੰ ਇੱਕ ਭੂਰਾ ਹਾਥੀ ਜੰਗਲੀ ਕਹਿੰਦੇ ਹਨ ਆਪ ਪਰ ਅਸਲ ਵਿੱਚ ਸਿਖਾਇਆ ਹੋਇਆ ਹੁੰਦਾ ਹੈ ਆ ਕੇ ਸ੍ਵਾਮਕਾਰਤਕ ਸ੍ਵਾਮੀ ਦੇ ਮੰਦਰ ਅੱਗੇ ਖੜ੍ਹਾ ਹੋ ਜਾਂਦਾ ਹੈ। ਲੋਗ ਓਸ ਨੂੰ ਮਿਠਾਈ ਬਹੁਤ ਖਾਣ ਨੂੰ ਦਿੰਦੇ ਤੇ ਪ੍ਰਕਰਮਾਂ ਲੈਂਦੇ ਪੂਜਾ ਕਰਦੇ ਹਨ। ਏਥੇ ਸਵਾਮੀਕਾਰਤਕ ਸੈਨਾਨੀ ਦਾ ਮੰਦਰ ਸੈਂਕੜੇ ਰੁਪੱਯਾਂ ਦੀ ਲਾਗਤ ਦਾ ਹੈ। ਸਭ ਲੋਗ ਦਸਵੰਧ ਦਿੰਦੇ ਹਨ। ਸਾਉਣ ਦੀ ਏਕਮ ਤੋਂ ਭਾਦਰੋਂ ਦੀ ਤੀਜ ਤੱਕ ਮੇਲਾ ਰਹਿੰਦਾ ਹੈ। ਭੂਰੇ ਹਾਥੀ ਉੱਤੇ ਸੈਨਾਨੀ ਦਾ ਮੁਕਟ ਜੜਾਊ ਸਵਾ ਗਜ਼ ਉੱਚਾ ਢਾਈ ਗਜ਼ ਮੁਰੱਬਾ ਧਰ ਕੇ ਪੁਜਾਰੀ ਮੂੰਹ ਬੰਨ੍ਹ ਕੇ ਪਾਸ ਬੈਠ ਜਾਂਦਾ ਹੈ ਇੱਕ ਹਾਥੀ ਅੱਗੇ ਨਗਾਰੇ ਵਾਲਾ ਦੂਜਾ ਪਿੱਛੇ ਚੌਰ ਵਾਲਾ ਦੋ ਚੌਰ ਵਾਲੇ ਦੋਹੀਂ ਪਾਸੀਂ, ਬੱਡੇ-ਬੱਡੇ ਕੱਦਾਵਰ ਹੌਜ਼ ਲਾਏ ਜਾਂਦੇ ਹਨ। ਓਨ੍ਹਾਂ ਉੱਤੇ ਬੈਠਣ ਵਾਲੇ ਚੰਦੋਆ ਫੜ ਰੱਖਦੇ ਹਨ, ਜਿਸ ਨੂੰ ਮੋਤੀਆਂ ਦੀਆਂ ਲੜੀਆਂ ਤੇ ਝਾਲਰ ਸੂਰਜ ਵਾਂਗੂੰ ਚਮਕਦੀ ਹੁੰਦੀ ਹੈ। ਕਈ ਟੋਲੀਆਂ ਇਸਤ੍ਰੀ ਪੁਰਖ ਭਜਨ ਗਾਉਂਦੇ ਬਾਜੇ ਬਜਾਉਂਦੇ ਅੱਗੇ ਪਿੱਛੇ ਬਾਏਂ ਦਹਿਣੇ ਚੱਲਦੇ ਹਨ। ਬੇਅੰਤ ਖਲਕਤ ਦਰਸ਼ਨ ਨੂੰ ਵੇਖਣ ਲਈ ਹੁੰਦੀ ਹੈ। ਪੰਜ ਸੌ ਕਦਮ ਅੱਗੇ ਮੈਦਾਨ ਵਿੱਚ ਇੱਕ ਮੰਦਰ ਬਿਸ਼ਨ ਜੀ ਦਾ ਹੈ। ਓਦੂੰ ਅੱਗੇ ਗਣੇਸ਼ ਦਾ, ਸ਼ਿਵ ਦਾ, ਵਲੀ ਅੰਮਾਂ ਦਾ, ਦੀਵਾਨੀ ਅੰਮਾ ਦਾ, ਬੁੱਧ ਦਾ; ਏਹ ਸਤ ਮੰਦਰ ਪਾਲੋ ਪਾਲ ਹਨ। ਜਦ ਸੇਨਾਨੀ ਦਾ ਹਾਥੀ ਬਿਸ਼ਨ ਦੇ ਮੰਦਰ ਪਾਸ ਜਾਂਦਾ ਹੈ ਤਾਂ ਉਥੋਂ ਦੇ ਪੁਜਾਰੀ ਬਿਸ਼ਨੂੰ ਦੇ ਮੁਕਟ ਨੂੰ ਇੱਕ ਹਾਥੀ ਉੱਤੇ ਅਸਵਾਰੇ ਕਰਾ ਕੇ ਚਾਰ ਹਾਥੀ ਹੋਰ ਲਾਂਮ ਲਾ ਕੇ ਗਾਉਂਦੇ ਵਜਾਉਂਦੇ ਸੈਨਾਨੀ ਦੇ ਮੁਕਟ ਅੱਗੇ ਹੋ ਤੁਰਦੇ ਹਨ। ਏਸੇ ਪ੍ਰਕਾਰ ਪ੍ਰਤੇਕ ਮੰਦਰ ਵਾਲੇ ਆਪਣੇ ਆਪਣੇ ਇਸ਼ਟਦੇਵ ਦਾ ਮੁਕਟ ਮੰਦਰ ਵਿੱਚੋਂ ਹਾਥੀ ਉੱਤੇ ਚੜ੍ਹ ਕੇ ਅੱਗੇ ਅੱਗੇ ਵੱਡੇ ਵੱਡੇ ਮਾਇਆ ਦੇ ਚਮਤਕਾਰ ਨਾਲ ਗਾਉਂਦੇ ਨੱਚਦੇ ਟੱਪਦੇ ਚੱਲ ਪੈਂਦੇ ਹਨ। ਪਰ ਸਭ ਤੋਂ ਅਧਕ ਮਾਇਆ ਦੇ ਚਮਤਕਾਰੇ ਵਾਲਾ ਹਾਥੀ ਸਮਾਜ ਬੁੱਧ ਦੇ ਮੰਦਰ ਦਾ ਹੁੰਦਾ ਹੈ। ਓਸ ਸ਼ਾਹੀ ਨੂੰ ਦੇਖ ਕੇ ਏਹੋ ਮਲੂਮ ਹੁੰਦਾ ਹੈ ਜਾਣੋਂ ਸਾਰੇ ਸੰਸਾਰ ਦੀ ਮਾਇਆ, ਹੀਰਾ, ਮੋਤੀ, ਨੀਲਮ, ਲਸਨੀਆਂ, ਤਾਮੜਾ, ਫੀਰੋਜ਼ਾ, ਚੂਨੀਆਂ, ਪੁਖਰਾਜ, ਸੁੱਚੇ ਹਕੀਕ, ਏਸੇ ਥਾਂ ਇਕੱਠੇ ਹੋਏ ਹਨ। ਜਾਣੋ ਕੁਬੇਰ ਦਾ ਘਰ ਹੈ। ਏਸੇ ਪ੍ਰਕਾਰ ਧੀਰੇ ਧੀਰੇ ਸਾਰੇ ਨਗਰ ਦੀ ਪ੍ਰਕਰਮਾ ਕਰ ਮੁੜ ਮਾਣਕ ਗੰਗਾ ਦੇ ਇਸ਼ਨਾਨ ਕਰ ਕੇ ਸੈਨਾਨੀ ਦੇ ਮੰਦਰ ਵਿੱਚ ਸੈਨਾਨੀ ਦਾ ਮੁਕਟ ਪੁਚਾ ਕੇ ਫ਼ੁੱਲ ਬਰਸਾ ਕੇ ਫੇਰ ਆਪੋ ਆਪਣੇ ਮੰਦਰਾਂ ਵਿੱਚ ਚਲੇ ਜਾਂਦੇ ਹਨ। ਕਈ ਲੱਖ ਰੁਪਏ ਦੀ ਪੂਜਾ ਮੰਦਰਾਂ ਵਿੱਚ ਆ ਜਾਂਦੀ ਹੈ ਭੋਜਨ ਖਿਚੜੀ ਪੁਲਾਓ ਪੂੜੇ ਤਿੰਨੇ ਤਰ੍ਹਾਂ ਦੇ ਦੁਕਾਨਾਂ ਉੱਤੋਂ ਅਠ ਦਿਨ ਸਾਰੇ ਮਹੀਨੇ ਵਿੱਚ ਸਭ ਨੂੰ ਪੰਡਿਆਂ ਵਲੋਂ ਮਿਲਦਾ ਹੈ। ਫੇਰ ਆਪਣਾ ਆਪਣਾ ਮੁੱਲ ਲੈ ਕੇ ਬਣਾ ਬਣਾਤਾ ਹੱਟੀਆਂ ਤੋਂ ਲੈ ਕੇ ਖਾਂਦੇ ਰਹਿੰਦੇ ਹਨ। ਸੁੱਚ ਜੂਠ ਨਹੀਂ ਮੰਨਦੇ। ਏਥੇ ਸ੍ਵਾਮਿਕਾਰਤਕ ਨੇ ਦੋ ਬਿਆਹ ਭੀਲਾਂ ਦੇ ਘਰ ਕੀਤੇ ਸਨ ਜਿਨ੍ਹਾਂ ਦੇ ਨਾਉਂ ਦਿਵਾਨੀ ਅੰਮਾਂ ਤੇ ਵਲੀ ਅੰਮਾਂ ਹਨ। ਏਹ ਉਛਵਹਰ ਅਠੀਂ ਦਿਨੀਂ ਮਹੀਨੇ ਵਿੱਚ ਚਾਰ ਵਾਰ ਹੁੰਦਾ ਹੈ।

ਓਸ ਦੇਸ ਵਿੱਚ ਮੂਰਤੀ ਕਿਸੇ ਦੇਵਤਾ ਦੀ ਕੋਈ ਨਹੀਂ ਪੂਜਦਾ। ਆਪਣੇ-ਆਪਣੇ ਇਸ਼ਟ ਦੇ ਮੁਕਟਾਂ ਦੀ ਪੂਜਾ ਕਰਦੇ ਹਨ। ਚੋਰੀ, ਝੂਠ, ਠੱਗੀ, ਛਲ ਘੱਟ, ਬਿਭਚਾਰ ਬਹੁਤ; ਇਸਤ੍ਰੀਆਂ ਅਤਿ ਸੁੰਦਰ ਹਨ ਆਦਮੀ ਓਤਨੇ ਸੋਹਣੇ ਨਹੀਂ। ਨਰ ਥੋੜੇ, ਨਾਰੀਆਂ ਬਹੁਤ। ਇੱਕ ਮਨੁੱਖ ਪੰਜ ਪੰਜ, ਸੱਤ ਸੱਤ ਇਸਤ੍ਰੀਆਂ ਬਿਆਹ ਰੱਖਦਾ ਹੈ। ਕੰਮ ਜ਼ਰੂਰੀ ਸਭ ਨਾਰੀਆਂ ਕਰਦੀਆਂ ਹਨ। ਪੜਦਾਦੇ ਦਾਦੇ ਦੀ ਪੀੜ੍ਹੀ ਛੱਡ ਕੇ ਵਿਆਹ ਲੈਂਦੇ ਹਨ। ਜਾਤ ਗੋਤ ਦਾ ਕੋਈ ਬਚਾਉ ਨਹੀਂ ਕਰਦਾ। ਪਦਮਨੀ ਕਿਤੇ ਕਿਤੇ, ਚਿਤਰਨੀ ਬਹੁਤ, ਸੰਖਣੀ ਥੋੜੀ, ਹਸਤਨੀ ਕੋਈ ਨਹੀਂ। ਹੁਣ ਓਸ ਦੀਪ ਵਿੱਚ ਸਾਰੇ ਅੰਗ੍ਰੇਜ਼ਾਂ ਦਾ ਰਾਜ ਹੈ।

ਪ੍ਰਕਾਰ ਦੇ ਮਾਣਕ ਨਿਕਲਦੇ ਹਨ ਜੋ ਵਪਾਰੀ ਲੋਕ ਲਿਆਉਂਦੇ ਹਨ।) ਏਨ੍ਹਾਂ ਨੇ ਓਥੇ ਬੈਠ ਕੇ ਸ਼ਬਦ ਗਾਵਿਆ ਜਿਸ ਨੂੰ ਲੋਕ ਅਚੰਭੇ ਨਾਲ ਸੁਣਨ ਆਏ। ਓਹ ਲੋਕ ਸ੍ਵਾਮਿਕਾਰਤਕ ਨੂੰ ਈਸ਼੍ਵਰ ਮੰਨਦੇ ਸੇ। ਗੁਰੂ ਸਾਹਿਬ ਨੇ ਓਨ੍ਹਾਂ ਨੂੰ ਸੱਚਾ ਉਪਦੇਸ਼ ਦੇ ਕੇ ਈਸ਼੍ਵਰ ਦੀ ਭਗਤੀ ਕਰਨ ਲਾਇਆ ਤੇ ਸ੍ਵਾਮੀ ਕਾਰਤਕ ਦੀ ਪੂਜਾ ਛੁਡਾਈ। ਏਥੋਂ ਹੀ ਅੰਗਦ ਲੰਕਾ ਨੂੰ ਵਕੀਲ ਬਣ ਕੇ ਗਿਆ ਸੀ।

ਏਥੋਂ ਅੱਗੇ ਨੌਂ ਮੰਜ਼ਲ ਪਰ ਬੜੁੱਲੇ ਨਾਮੀ ਸ਼ਹਿਰ ਜਾ ਫਿਰੇ ਜੋ ਹੁਣ ਅੰਗ੍ਰੇਜ਼ੀ ਜ਼ਿਲਾ ਹੈ। ਓਸ ਦੇਸ ਵਿੱਚ ਮੇਕਚਰ ੧, ਈਸਾਈ ੨, ਸੰਗਲ ੩, ਸ਼ੈਵ ੪, ਬੋਧ*** ੫, ਏਹ ਪੰਜ ਮਤ ਬਹੁਤ ਹਨ। ਵੈਸ਼ਨੋ ਥੋੜੇ ਹਨ। ਖਾਣੇ ਦਾ ਪ੍ਰਹੇਜ਼ ਓਨ੍ਹਾਂ ਵਿੱਚ ਭੀ ਨਹੀਂ। ਸਭ ਪ੍ਰਕਾਰ ਦਾ ਮਾਸ ਖਾ ਲੈਂਦੇ ਹਨ। ਓਥੇ ਸਤਿਨਾਮ ਦਾ ਉਪਦੇਸ਼ ਕਰ ਕੇ ਤਿੰਨ ਮੰਜ਼ਲ ਅੱਗੇ ਨੂਰਮਲੀ ਬਸਤੀ ਅਸ਼ੋਕ ਬਣੀ ਜਾ ਦੇਖੀ। (ਹੁਣ ਭੀ ਦੋ ਮੰਜ਼ਲ ਅਸ਼ੋਕ ਬ੍ਰਿਛਾਂ ਦਾ ਜੰਗਲ ਹੈ।) ਫੇਰ ਪੁਸ਼ਾਲਾਪੁਰ**** ਸ਼ਹਿਰ ਵਿਖੇ ਨਦੀ

***ਲੰਕਾਗੜ੍ਹ ਤੋਂ ਸੌ ਮੀਲ ਦੱਖਣ ਵੰਨੀ ਅਨਾਰਪੁਰ ਸ਼ਹਿਰ ਪਾਸ ਜਿੱਥੇ ਹੁਣ ਸੁਫ਼ੈਦ ਪੱਤ੍ਰਾਂ ਵਾਲਾ ਪਿੱਪਲ ਬੁੱਧ ਦੇ ਤਪ ਕਰਨ ਦੀ ਜਗ੍ਹਾ ਬਡਾ ਮੰਦਰ ਹੈ। ਓਸ ਸਮੇਂ ਸੰਗਲ ਲੋਗ ਓਸ ਦੇ ਸੇਵਕ ਬੋਧ ਹੋ ਗਏ। ਦੂਜੇ ਮਤ ਵਾਲੇ ਲੋਗ, ਜਿਨ੍ਹਾਂ ਨੂੰ ਬੋਧਾਂ ਨੇ ਆਪਣੀਆਂ ਪੋਥੀਆਂ ਵਿੱਚ ਰਾਖਸ਼ ਲਿਖਿਆ ਹੋਇਆ ਹੈ; ਬੋਧਾਂ ਨੂੰ ਮਾਰਨ ਲਗੇ। ਕਈ ਬਰਸ ਜੰਗ ਹੁੰਦੇ ਰਹੇ। ਬੋਧਾਂ ਹਾਰ ਕੇ ਸ੍ਵਾਮਿਕਾਰਤਕ, ਜੋ ਓਸ ਦੇਸ ਵਿੱਚ ਸਭ ਤੋਂ ਬਡਾ ਪੂਜਜ ਮੰਨਿਆ ਹੋਯਾ ਹੈ; ਸੇਵਨ ਕੀਤਾ। ਸ੍ਵਾਮਿ ਕਾਰਤਕ ਜੀ ਨੇ ਦੇਵਤਿਆਂ ਦੀ ਫ਼ੌਜ ਲੈ ਕਰ ਰਾਖਸ਼ਾਂ ਨੂੰ ਜਿੱਤ ਕੇ ਬੋਧਾਂ ਦਾ ਰਾਜ ਜ਼ੋਰ ਕਰ ਦਿੱਤਾ। ਪੰਜ ਸੌ ਤਿਰਾਸੀ ਬਰਸ ਬੋਧਾਂ ਦਾ ਰਾਜ ਰਿਹਾ। ਇਹ ਕਥਾ ਓਸ ਮੰਦਰ ਦੇ ਅੱਗੇ ਪੱਥਰ ਉੱਤੇ ਉਕਰੀ ਹੋਈ ਹੈ। ਓਸ ਦੇਸ ਦੇ ਬੋਧ ਆਪ ਜੀਵ ਨਹੀਂ ਮਾਰਦੇ ਤੇ ਮਰੇ ਹੋਏ ਕਿਸੇ ਜੀਵ ਦਾ ਮਾਸ ਨਹੀਂ ਛੱਡਦੇ। ਬੋਧ, ਲੰਕੀ, ਮੰਗਲ, ਸ਼ੈਵ, ਸੈਨੀ; ਏਹ ਕੌਮਾਂ ਪੰਜਾਬ ਦੇ ਜੱਟਾਂ ਵਾਂਗੂੰ ਓਧਰ ਬਹੁਤ ਹਨ। ਪਹਿਰਾਵਾ ਸਭ ਦਾ ਇਕੋ ਹੈ। ਆਦਮੀ ਦੋ ਜੂੜੇ ਦੋਹਾਂ ਕੰਨਾਂ ਪਾਸ ਕਰ ਰੱਖਦੇ ਹਨ। ਬਾਲ ਕਟਾਉਂਦੇ ਨਹੀਂ, ਇੱਕ ਕੰਘਾ ਜੂੜਿਆਂ ਵਿੱਚ ਹੱਥ ਰੱਖੇ ਵਾਲਾ ਟੰਗ ਛੱਡਦੇ ਹਨ। ਖ਼ਬਰ ਨਹੀਂ ਉਨ੍ਹਾਂ ਨੂੰ ਹੀ ਸਿੰਙਾਂ ਵਾਲੇ ਰਾਖਸ਼ ਲਿਖਿਆ ਹੈ। ਇਸਤ੍ਰੀਆਂ ਇੱਕ ਜੂੜਾ ਚੌੜਾ ਜੇਹਾ ਸਿਰ ਦੇ ਵਿਚਕਾਰ ਕਰ ਕੇ ਓਸ ਵਿੱਚ ਸੁਇਨੇ ਦੇ ਪੰਜ ਪੰਜ, ਸੱਤ ਸੱਤ ਸੂਏ ਲਾ ਰਖਦੀਆਂ ਹਨ। ਕੋਈ ਜੜਾਊ, ਕੋਈ ਸਾਦਾ ਫ਼ੁੱਲਾਂ ਦੀਆਂ ਛਟੀਆਂ ਗਿੱਠ ੨ ਉਚੀਆਂ; ਜੂੜੇ ਵਿੱਚ ਟੰਗ ਰਖਦੀਆਂ ਹਨ। ਸਿਰ ਉੱਤੇ ਕਪੜਾ ਕਦੇ ਕੋਈ ਇਸਤ੍ਰੀ ਮਰਦ ਨਹੀਂ ਲੈਂਦਾ। ਬਿਨਾਂ ਸਿਰ ਉੱਤੇ ਸੂਏ ਫ਼ੁੱਲ ਜੜਾਊ ਜੰਜੀਰੀਆਂ ਦੇ, ਹੋਰ ਕਿਸੇ ਪ੍ਰਕਾਰ ਦਾ ਗਹਿਣਾ ਕੋਈ ਇਸਤਰੀ ਨਹੀਂ ਰਖਦੀ। ਪੜਦਾ ਕਿਸੇ ਤੋਂ ਨਹੀਂ ਕਰਨਾ। ਕੋਈ ਦੇਸ਼ ਨਹੀਂ ਜਿੱਥੇ ਮਾਰਵਾੜੀ ਨਹੀਂ।

****ਪੁਸ਼ਾਲੇ ਸ਼ਹਿਰ ਪਾਸ ਤ੍ਰਿਕੋਣਾਂ ਪ੍ਰਬਤ ਰਾਵਨ ਦੇ ਨਗਾਰ ਖਾਨੇ ਦੀ ਜਗ੍ਹਾ ਹੈ। ਏਥੇ ਸੀਤਾ ਰਹੀ ਸੀ, ਸੀਤਾਕੁੰਡ ਤੀਰਥ ਏਥੇ ਹੈ। ਦੋ ਪਰਬਤ ਐਨ ਬੈਨ ਨਗਾਰਜਾਂ ਦੀ ਸ਼ਕਲ ਮੂਧੇ ਮਾਰੇ ਪਏ ਹਨ,।ਪੌਨ ਹਰ ਰੋਜ਼ ਸਵੇਰੇ ਇੱਕ ਪਹਿਰ ਏਥੇ ਅਤਿ ਤੇਜ਼ ਚੱਲਦੀ ਹੈ। ਏਸੇ ਨਾਮ ਪੌਣ ਦਾ ਬੁਹਾਰੀ ਦੇਣਾ ਹੈ। ਅਸ਼ੋਕ ਬ੍ਰਿਛਾਂ ਦੇ ਪੱਤੇ ਕੋਮਲ ਚੌੜੇ ਹਥੇਲੀ ਜਿਤਨੇ ਲਾਲ ਫ਼ੁੱਲ ਖਰਬੂਜੇ ਵਾਂਗੂੰ ਥੋੜ੍ਹੀ ਗੰਧੀ ਵਾਲੇ ਹਨ। ਲੰਕਾ ਇੱਕ ਗੜ੍ਹ ਦਾ ਨਾਮ ਹੈ। ਓਸ ਤੋਂ ਉੱਤਰ ਪੰਜ ਮੀਲ ਲਾਲ ਮਿੱਟੀ ਦਾ ਮੈਦਾਨ ਹੈ, ਨੂਰਮਲੀ ਸ਼ਹਿਰ ਛਾਉਣੀ ਅੰਗਰੇਜ਼ੀ ਹੈ। ਦੋ ਨਦੀਆਂ ਦੋਹੀਂ ਪਾਸੀਂ ਹਨ। ਸੀਤਾ ਦੀ ਗੁਫ਼ਾ ਨਦੀ ਕੰਢੇ ਹੈ। ਨਦੀਆਂ ਦਾ ਸੰਗਮ ਸੀਤਾ ਕੁੰਡ ਹੈ। ਦੁੱਧ ਦੇ ਉਬਾਲ ਜੈਸਾ ਚਿੱਟਾ ਜਲ ਓਸ ਕੁੰਡ ਵਿੱਚੋਂ ਉੱਛਲ ਕੇ ਨਿੱਕਲਦਾ ਹੈ। ਹਰ ਸੰਕਰਾਂਤ ਨੂੰ ਮੇਲਾ ਹੁੰਦਾ ਹੈ। ਕੁੰਡ ਦੇ ਪੂਰਬ ਵੰਨੀ ਤੀਤਲ ਬਿਰਛ ਬਹੁਤ ਹਨ। ਕੇਲੇ ਦੀ ਘੜ ਜੈਸਾ ਚਾਰ ਪੰਜ ਹੱਥ ਲੰਬਾ ਸੁਪਾਰੀ ਰੰਗ ਦਾ ਫ਼ੁੱਲ ਲੱਗਦਾ ਹੈ। ਪੱਕੇ ਨੂੰ ਕੱਟਦੇ ਹਨ ਤਾਂ ਰਸ ਦੀ ਧਾਰ ਚੋਂਦੀ ਹੈ, ਓਸ ਦਾ ਗੁੜ ਬਣਦਾ ਹੈ। ਓਸੇ ਫ਼ੁੱਲ ਪਰ ਕਲੀ ਚੂਨਾ ਲੇਪ ਕੇ ਰਸ ਚੁਵਾ ਲੈਣ ਤਾਂ ਓਹ ਸ਼ਰਾਬ ਬਣਦੀ ਹੈ। ਏਹੋ ਖਸਲਤ ਓਥੇ ਤਾੜ ਨਰੇਲ ਛੁਹਾਰੇ ਖਜੂਰ ਦੀ ਹੈ। ਓਸੇ ਕੁੰਡ ਦੇ ਦੱਖਣ ਵੰਨੀ ਕੁਨੈਨ ਦਾ ਬਾਗ਼ ਅੰਗ੍ਰੇਜ਼ਾਂ ਲਾਯਾ ਹੋਯਾ ਹੈ, ਜੋ ਕਨੇਰ ਜੈਸੇ ਬ੍ਰਿਛ ਹਨ। ਏਥੇ ਬਾਰਾਂ ਮਹੀਨੇ ਸਰਦੀ ਪੋਹ ਮਾਘ ਜੈਸੀ ਰਹਿੰਦੀ ਹੈ। ਓਸੇ ਕੁੰਡ ਕਨਾਰੇ ਅਸ਼ੋਕ ਬ੍ਰਿਛ ਹੇਠ ਹਨੂਮਾਨ ਨੇ ਮੁੰਦਰਾ ਦਿੱਤੀ ਸੀ। ਓਸ ਕੁੰਡ ਤੋਂ ਤੇ ਤ੍ਰਿਕੋਣੇ ਪਹਾੜ ਤੋਂ ਦੱਖਣ ਪਾਸੇ ੩ ਮੀਲ ਲੰਕਾ ਗੜ੍ਹ ਇੱਕ ਪਰਬਤ ੪ ਮੀਲ ਉੱਚਾ ਹੈ। ਛੀ ਛੀ ਸੌ ਗਜ਼ ਚੌੜੀ ਓਸ ਗੜ੍ਹ ਦੀ ਕੰਧ ਹੈ। ੨੨ ਮੀਲ ਉੱਤਰ ਵੱਲੋਂ, ੨੪ ਮੀਲ ਦੱਖਣੋਂ, ੨੭ ਮੀਲ ਪੂਰਬ ਵੱਲੋਂ ਹੈ। ਹੁਣ ਓਸ ਦੇ ਤਿੰਨ ਪਾਸੇ ਸਮੁੰਦਰ ਦਾ ਪਾਣੀ ਹੈ। ਓਸ ਨੂੰ ਪਾਣੀ ਗਲ ਲੰਕਾਗੜ੍ਹ ਬੋਲਦੇ ਹਨ। ਨਾਗਲ ਪੱਟੀ ਤੋਂ ਜਿੱਥੋਂ ਓਸ ਉੱਤੇ ਚੜ੍ਹੀ ਦਾ ਹੈ। ਮੇਘ ਅਡੰਬਰ ਤੱਕ ਪੱਛਮ ਦੀ ੩੧ ਮੀਲ ਬਾਹੀ ਹੈ। ਅਸ਼ੋਕ ਬਣ ਵੱਲੋਂ ਅੰਦਰ ਜਾਣ ਨੂੰ ਇੱਕ ਰਸਤਾ ਹੈ। ਹੋਰ ਕਿਸੇ ਤਰਫੋਂ ਨਹੀਂ ਜਾ ਸਕਦਾ। ਕਿਤੇ ਕਿਤੇ ਤਿੰਨ ਤਿੰਨ, ਚਾਰ ਚਾਰ ਕੋਹ ਗੜ੍ਹ ਵਿੱਚ ਕਾਲੀ ਮਿੱਟੀ ਦਾ ਮੈਦਾਨ ਭੀ ਆ ਜਾਂਦਾ ਹੈ। ਓਹ ਪਰਬਤ ਉੱਤੋਂ ਭੂਸਲੇ ਰੰਗ ਦਾ ਜਲਿਆ ਜਿਹਾ ਵਿੱਚੋਂ ਕੱਟਨੇ ਤੇ ਲਾਲ ਰੰਗ ਨਿੱਕਲਦਾ ਹੈ। ਓਥੋਂ ਦੇ ਲੋਕ ਆਖਦੇ ਹਨ ਕਿ ਹਨੂੰਮਾਨ ਦੇ ਜਲਾਉਣੇ ਕਰ ਏਹੋ ਜਿਹਾ ਹੋ ਗਿਆ। ਪਹਿਲੇ ਵਰਕੀ ਹੜਤਾਲ ਦੇ ਰੰਗ ਜੈਸਾ ਸੀ। ਏਸ ਪਰਬਤ ਵਿੱਚੋਂ ਚਾਰ ਨਦੀਆਂ ਨਿੱਕਲ ਕੇ ਗੜ੍ਹ ਦੇ ਚੁਫੇਰੇ ਘੁੰਮ ਕੇ ਸਮੁੰਦਰ ਨਾਲ ਰਲ ਜਾਂਦੀਆਂ ਹਨ। ਅਸ਼ੋਕ ਬਣ ਤੋਂ ਦੋ ਮੀਲ ਚੜ੍ਹਾਈ ੧੦ ਮੀਲ ਉੱਤਰਾਈ ਰਾਮੜਾ ਪਿੜਾਉ ਰਾਵਣ ਦੇ ਇਸ਼ਨਾਨ ਕਰਨ ਦੀ ਜਗ੍ਹਾ ਹੈ। ਏਥੇ ਹਾਥੀ ਦੇ ਪੈਰ ਵਰਗੀ ਜਲ ਦੀ ਧਾਰ ਉੱਤੋਂ ਪੈਂਦੀ ਹੈ। ਨਾਂਗਲ ਪੱਟੀ ਨਗਰ ਜੋ ਲੰਕਾਗੜ੍ਹ ਦੇ ਸਾਥ ਸਾਥ ਪੱਛਯੋਂ ਵੰਨੀ ਦੋ ਪੜਾ ਲੰਬਾ ਹੈ। ਏਥੇ ਕਾਫੀ ਦੇ ਬਾਗ਼ ਤੇ ਅੰਗ੍ਰੇਜ਼ਾਂ ਦੇ ਬੰਗਲੇ ਬਹੁਤ ਹਨ। ਓਥੋਂ ਚਾਰ ਪੜਾਅ ਰਤਨਪੁਰ ਹੈ। ਏਥੇ ਸੌ ਕੋਸ ਮੁਰੱਬਾ ਮੈਦਾਨ ਲੰਕਾਗੜ੍ਹ ਤੋਂ ਦੱਖਣ ਵੰਨੀ ਰੰਗ ਭੂਮੀ ਵਿੱਚ ਹੁਣ ਅਮਰੂਦ, ਸੰਗਤਰੇ, ਨਰੰਗੀ, ਗਰਨੇ, ਕਰੌਂਦੇ, ਨਾਸ਼ਪਾਤੀ, ਅਨਾਰ, ਲੀਚੀ, ਸੀਮੇ ਆਦਿਕ ਬਹੁਤ ਮੇਵੇ ਹਨ। ਇੱਕ ਅਨਾਨਾਸ ਫ਼ਲ ਘੁਲਾੜੀ ਦੇ ਬੇਲਣੇ ਵਰਗਾ ਖਟਤੁਰਸ਼ ਬਹੁਤ ਹੁੰਦਾ ਹੈ। ਲਛਮਣ ਜੀ ਦੇ ਸੈਹਬੀ ਖਾ ਕੇ ਗਿਰਨੇ ਦੀ ਜਗ੍ਹਾ ਹੁਣ ਮੰਦਰ ਬਣਿਆ ਹੋਯਾ ਹੈ। ਸੰਗਲ ਲੋਗ ਪੁਜਾਰੀ ਹਨ। ੬ ਹਜ਼ਾਰ ਦੀ ਜਗੀਰ ਅੰਗ੍ਰੇਜ਼ਾਂ ਵੱਲੋਂ ਓਸ ਮੰਦਰ ਦੇ ਨਾਮ ਹੈ। ਓਥੋਂ ੫ ਮੀਲ ਇੱਕ ਟੇਕਰੀ ਜੇਹੀ ਵਿੱਚੋਂ ਪਹਿਰ ਦਿਨ ਚੜ੍ਹਦੇ ਤੱਕ ਹਮੇਸ਼ਾ ਧੂਆਂ ਨਿੱਕਲਦਾ ਰਹਿੰਦਾ ਹੈ। ਓਸ ਨੂੰ ਰਾਵਣ ਦਾ ਸਿਵਾ ਆਖਦੇ ਹਨ। ਇੱਕ ਤਲਾਬ ੧ ਮੀਲ ਮੁਰੱਬਾ ਹੈ। ਨਿਰਨੈ ਨਹੀਂ ਹੁੰਦਾ ਕਿ ਕਿਸੇ ਪੱਥਰ ਧਾਤੂ ਦਾ ਹੈ ਯਾ ਮਿੱਟੀ ਦਾ ਹੈ। ਓਸ ਨੂੰ ਕੁੰਭਕਰਨ ਦੀ ਖੋਪਰੀ

ਕਿਨਾਰੇ ਜਾ ਬੈਠੇ। (ਪੁਸ਼ਾਲਪੁਰ ਚੰਪੀ ਨਦੀ ਏਹ ਲੰਕਾਗੜ੍ਹ ਦੀ ਪਹਿਲੀ ਡੇਉਢੀ ਹੈ। ਏਥੇ ਓਹ ਬਾਗ਼ ਹੈ ਜਿੱਥੇ ਸੀਤਾ ਰਹੀ ਸੀ।) ਏਸ ਤੋਂ ਅੱਗੇ ਬਾਬਾ ਜੀ ਲੰਕਾ ਗੜ੍ਹ ਵਿੱਚ ਜਾ ਫਿਰੇ, ਫੇਰ ਬਿਜੈਗੜ੍ਹ (ਜਿੱਥੇ ਰਾਮ ਜੀ ਰਾਵਣ ਨੂੰ ਜਿੱਤ ਕੇ ਬੈਠੇ ਸੇ) ਜਾ ਬੈਠੇ। ਏਸ ਜਗ੍ਹਾ ਪਰ ਭਬੀਖਨ ਤੇ ਹਨੂਮਾਨ ਗੁਰੂ ਜੀ ਨੂੰ ਆ ਕੇ ਮਿਲੇ। ਦਰਸ਼ਨ ਕਰ ਕੇ ਓਹ ਅਨੰਦ ਹੋਏ। ਪਹਿਲੇ ਓਥੋਂ ਦੇ ਸਭ ਲੋਗ ਮੂਰਤੀ ਪੂਜਾ ਕਰਦੇ ਹੁੰਦੇ ਸੇ। ਬਾਬੇ ਜੀ ਨੇ ਮੂਰਤੀ ਪੂਜਾ ਹਟਾ ਕੇ ਪ੍ਰਮੇਸ਼੍ਵਰ ਦੀ ਭਗਤੀ ਕਰਨ ਲਗਾਯਾ ਤੇ ਏਹ ਸ਼ਬਦ ਬੋਲਿਆ:

ਸਤਜੁਗ ਸਤ ਸਤ ਸਤ ਬੋਲੇ ॥
ਪੌਣਾਹਾਰੀ ਮਨ ਨਹੀ ਡੋਲੇ ॥
ਤ੍ਰੇਤੈ ਤ੍ਰੈਜੁਗ ਭਗਤਿ ਕਮਾਈ ॥
ਜਪ ਤਪ ਸੰਜਮ ਤਾੜੀ ਲਾਈ ॥
ਦ੍ਵਾਪਰ ਭਗਤਾ ਪੂਜਾ ਚਾਰ ॥
ਕਲਿਜੁਗ ਕੀਰਤਨ ਨਾਮ ਅਧਾਰ ॥

(ਇਹ ਗੁਰਬਾਣੀ ਨਹੀਂ)

ਪੁਨ:

ਸਤਜੁਗਿ ਸਤੁ ਤੇਤਾ ਜਗੀ ਦੁਆਪਰਿ ਪੂਜਾਚਾਰ ॥
ਤੀਨੌ ਜੁਗ ਤੀਨੌ ਦਿੜੇ ਕਲਿ ਕੇਵਲ ਨਾਮ ਅਧਾਰ ॥੧॥

(ਗਉੜੀ ਬੈਰਾਗਣਿ, ਭਗਤ ਰਵਿਦਾਸ ਜੀ - ੩੪੬)

(ਇਹ ਭਗਤ ਰਵਿਦਾਸ ਜੀ ਦੀ ਬਾਣੀ ਹੈ)

ਏਹ ਬਚਨ ਮੰਨ ਕੇ ਸਭ ਨੇ ਪ੍ਰਮਾਤਮਾ ਦਾ ਭਜਨ ਕਰਨਾ ਅਰੰਭ ਕੀਤਾ। ਏਸ ਦੇਸ ਵਿੱਚ ਜਿੱਥੇ ਜਿੱਥੇ ਬਾਬਾ ਜੀ ਬੈਠੇ ਤੇ ਉਪਦੇਸ ਕੀਤਾ ਹੈ, ਓਸ ਓਸ ਜਗ੍ਹਾ ਦਾ ਨਾਮ ਨਿਰੰਕਾਰੀ ਸਿੱਧ ਦੀ ਜਗ੍ਹਾ ਮਸ਼ਹੂਰ ਹੈ।

ਆਖਦੇ ਹਨ। ਓਸ ਰੰਗਭੂਮੀ ਦੇ ਵਿਚਕਾਰ ਮਾਨਕ ਨਾਮ ਨਦੀ ਹਮੇਸ਼ਾਂ ਕੰਢਿਆਂ ਤੱਕ ਭਰੀ ਰਹਿੰਦੀ ਹੈ। ਜਲ ਚੱਲਦਾ ਮਲੂਮ ਨਹੀਂ ਹੁੰਦਾ। ਆਖਦੇ ਹਨ ਜੰਗ ਕਰਨ ਸਮੇਂ ਲੜਨ ਵਾਲਿਆਂ ਦੇ ਪਾਣੀ ਪੀਣ ਲਈ ਏਹ ਨਹਿਰ ਰਾਵਣ ਨੇ ਚਲਾਈ ਸੀ। ਏਸੇ ਰੰਗਭੂਮੀ ਵਿੱਚ ਆਖਦੇ ਹਨ ਬਭੀਖਨ ਨੇ ਰਾਮ ਜੀ ਦੀ ਸੈਨਾ ਨੂੰ ਇਨਾਮ ਦੇਣ ਵਾਸਤੇ ਬਿਬਾਣਾਂ ਉੱਤੇ ਚੜ੍ਹ ਕੇ ਰਤਨਾਂ ਦੀ ਵਰਖਾ ਕਰੀ ਕਰਾਈ ਸੀ। ਤਾਹੀਂ ਹੁਣ ਸੌਦਾਗਰ ਲੋਕ ਪੰਜ ਰੁਪਏ ਗਜ਼ ਜ਼ਮੀਨ ਸਰਕਾਰ ਅੰਗ੍ਰੇਜ਼ੀ ਤੋਂ ਲੈ ਕੇ ਪੁਟਾਉਂਦੇ ਰਹਿੰਦੇ ਹਨ, ਪੰਦਰਾਂ ਬੀਸ ਹੱਥ ਨੀਚੇ ਜ਼ਮੀਨ ਪੁੱਟੇ ਤੋਂ ਸਭ ਪਰਕਾਰ ਦੇ ਰਤਨ ਨਿਕਲਦੇ ਹਨ। ਸੰਮਤ ੧੯੧੨ ਬਿਕ੍ਰਮੀ ਨੂੰ ਇੱਕ ਨੀਲਮ ਓਥੋਂ ੭੯ ਰੁਪਏ ਭਰ ਨਿਕਲੀ ਸੀ, ਜੋ ਸਾਢੇ ਅੱਠ ਲੱਖ ਰੁਪਏ ਨੂੰ ਫਰਾਂਸ ਵਿੱਚ ਜਾ ਕੇ ਬਿਕੀ। ੧੯੪੪ ਬਿਕ੍ਰਮੀ ਨੂੰ ਇੱਕ ਨੀਲਮ ਏਥੋਂ ਸੁਨਾਰੇ ਸੌਦਾਗਰ ਨੇ ਲੈ ਜਾ ਕਰ ਰਾਜੇ ਚੰਦੂਲਾਲ ਨੂੰ ੩੨ ਲੱਖ ਰੁਪਏ ਨੂੰ ਦਿੱਤੀ ਜਿਸ ਦੇ ਦੋ ਭਵੱਟੇ ਇੱਕ ਜਿਗਾ ਬਣੀ। ਹੁਣ ਓਹੋ ਜਿਗਾ ਭਵੱਟੇ ਜਦ ਮੁਹੱਰਮ ਦੇ ਮਹੀਨੇ ਨਜ਼ਾਮ ਹੈਦਰਾਬਾਦ ਦਾ ਨਵਾਬ ਪਹਿਨ ਕੇ ਬਾਹਰ ਨਿੱਕਲਦਾ ਹੈ ਤਾਂ ਓਸ ਦੇ ਝਲਕਾਰੇ ਨਾਲ ਬੀਸ ਬੀਸ ਗਜ਼ ਤੱਕ ਲੋਗ ਤੇ ਮੰਦਰ ਸਬਜ਼ ਹੋ ਜਾਂਦੇ ਹਨ। ਏਸੇ ਤਰ੍ਹਾਂ ਓਥੋਂ ਨਿੱਕਲੇ ਹੋਏ ਰਤਨਾਂ ਦੀਆਂ ਬਹੁਤ ਕਥਾਂ ਹੈਨ। ਓਸ ਭੂਮੀ ਤੋਂ ੭ ਮੰਜ਼ਲ ਉੱਚਾ ਮੇਘਾਡੰਬਰ ਪਰਬਤ ਦਾ ਬੁਰਜ ਹੈ ਜਿੱਥੇ ਬੈਠ ਕੇ ਰਾਵਣ ਜੰਗ ਅਖਾੜੇ ਤੇ ਇੰਦਰ ਦੇ ਅਖਾੜੇ ਵਿੱਚ ਨੱਚਦੀਆਂ ਹੋਈਆਂ ਪਰੀਆਂ ਦਾ ਨਜ਼ਾਰਾ ਲੈਂਦਾ ਹੁੰਦਾ ਸੀ। ਓਸ ਉੱਤੇ ਸੱਤ ਦਿਨ ਵਿੱਚ ਜਾਣਾ ਅਤੇ ਤਿੰਨੀ ਦਿਨੀਂ ਆਉਣਾ ਹੁੰਦਾ ਹੈ। ਰਸਤੇ ਵਿੱਚ ਅੰਗ੍ਰੇਜ਼ਾਂ ਦੇ ਬੰਗਲੇ ਹਨ ਉੱਪਰ ਕਿਸੇ ਨੂੰ ਤਾਉਣ ਤੇ ਸਰਦੀ ਠਹਿਰਨ ਦੇਂਦੀ। ਏਥੇ ਹਮੇਸ਼ ਪਾਣੀ ਟਪਕਦਾ ਤੇ ਚੱਲਦਾ ਰਹਿੰਦਾ ਹੈ। ਜੋਕਾਂ ਬੇਅੰਤ ਹਨ। ਚੂਨਾ ਤੇ ਵਿਖਜਾ ਮਲ ਕੇ ਆਦਮੀ ਫਿਰ ਸਕਦਾ ਹੈ। ਗਊਆਂ, ਭੈਸਾਂ, ਹਾਥੀ, ਘੋੜੇ ਬਹੁਤ; ਬੱਕਰੀ, ਭੇਡ, ਗਧਾ ਨਹੀਂ। ਜਿਸ ਪਸ਼ੂ ਦੇ ਪਾਣੀ ਪੀਣ ਲੱਗੇ ਨਾਸਾਂ ਵਿੱਚ ਜੋਕ ਵੜ ਜਾਂਦੀ ਹੈ, ਬਿਖਜਾ ਤੇ ਚੂਨੇ ਦੀ ਨਸਵਾਰ ਦੇਣੇ ਕਰ ਕੇ ਗਿਰ ਪੈਂਦੀ ਹੈ। ਓਸ ਮੇਘਾ ਡੰਬਰ ਪਰ ਖੱਬੇ ਪੈਰ ਦਾ ਚਿੰਨਜ ਸਵਾ ਗਜ਼ ਚੌੜਾ ਸਾਢੇ ਤਿੰਨ ਗਜ਼ ਲੰਬਾ ਹੈ। ਪਛੋਂ ਵੰਨੀ ਪੰਜਾ ਪੂਰਬ ਵੱਲ ਅੱਡੀ ਹੈ। ਮੁਸਲਮਾਨ ਆਦਮ ਦਾ ਤੇ ਸ਼ੈਵ ਸ਼ਿਵਜੀ ਦਾ, ਬੈਸ਼ਨੋ ਬਿਸ਼ਨੂੰ ਦਾ, ਬੋਧ ਬੁੱਧ ਦਾ ਪੈਰ ਆਖਦੇ ਹਨ। ਅਨੇਕ ਲੋਗ ਹਲਦੀ ਲਗਾ ਕੇ ਕੱਪੜਾ ਛਾਪ ਲਿਆਉਂਦੇ ਹਨ, ਲੋਗਾਂ ਨੂੰ ਦੇਖਾ ਕੇ ਪੂਜਾ ਲੈਂਦੇ ਹਨ। ਅਸ਼ੋਕ ਬਣੀ ਤੋਂ ਉੱਤਰ ਪਾਸੇ ਗਰੜ ਗੰਗਾ ਨਦੀ ਕਿਨਾਰੇ ਜ਼ਹਿਰ ਮੋਹਰਾ ਪਹਾੜੀ ਚਾਰ ਮੀਲ ਲੰਬੀ, ਅੱਧ ਮੀਲ ਚੌੜੀ, ਗਰੜ ਦੇ ਖੰਭਾਂ ਜੈਸੀ ਹੈ। ਆਖਦੇ ਹਨ ਜੰਗ ਸਮੇਂ ਗਰੜ ਰਾਮ ਜੀ ਦੀ ਸਹਾਇਤਾ ਵਾਸਤੇ ਗਿਆ ਸੀ। ਓਹ ਜ਼ਹਿਰ ਮੋਹਰਾ ਬਣਿਆ ਹੈ। ਘਸਾ ਕੇ ਸਰਪ ਡੰਗ ਪਰ ਲਾਓ ਤੁਰਤ ਚੰਗਾ ਹੁੰਦਾ ਹੈ।

ਲੰਕਾ ਤੋਂ ਭਾਰਤਵਰਸ਼ ਵਿੱਚ ਮੁੜਨਾ

ਬੈਸਾਖ ਸੰਮਤ ੧੫੭੦ ਬਿਕ੍ਰਮੀ ਨੂੰ ਲੰਕਾ ਗੜ੍ਹ ਦੇਸ਼ ਦਾ ਝਾਕਾ ਲੈ ਕੇ ਗੁਰੂ ਸਾਹਿਬ ਜਾਲਪਾਨ ਪਟਨ (ਜਾਪਾ ਪਟਨ) ਸੰਗਲਾ ਦੀਪ ਵੰਨੋਂ ਚੱਲ ਕੇ ਨਾਗਾ ਪਟਨ ਆ ਉੱਤਰੇ ਤੇ ਪਾਲ ਘਾਟ ਦੀ ਘਾਟੀ (ਜਿਥੋਂ ਜਹਾਜ਼ ਸੰਗਲਾ ਦੀਪ ਨੂੰ ਜਾਂਦਾ ਹੈ) ਲੰਘ ਕੇ ਜਨਾਰਧਨ ਦੇ ਮੰਦਰ ਪਾਸੋਂ (ਜਿਥੇ ਸੁਨੈਹਰੀ ਰੰਗ ਦੀ ਧੁੱਪ ਅੱਗ ਪਾਉਣੇ ਕਰ ਧੁਖਦੀ ਹੈ) ਬੇਕਾਹੀ ਨਦੀ ਪਾਰ ਹੋ ਨੀਲਗਿਰੀ ਨਾਮ ਪਰਬਤ ਵਿੱਚ ਜਾ ਫਿਰੇ। ਇਥੋਂ ਦੇ ਨਿਵਾਸੀਆਂ ਦਾ ਏਹ ਰਿਵਾਜ ਹੈ ਕਿ ਜਦ ਕੋਈ ਪੁਰਸ਼ ਇਸਤ੍ਰੀ ਮਰਦਾ ਹੈ ਤਾਂ ਓਸ ਦੇ ਨਾਲ ਭੇਜਣ ਲਈ ਕਈ ਕਈ ਮਹੀਆਂ ਮਾਰ ਸਿੱਟਦੇ ਹਨ ਤੇ ਮਾਰਦੇ ਭੀ ਦੁਰਦਸ਼ਾ ਨਾਲ ਹਨ ਅਰਥਾਤ ਕੁਹਾੜੇ ਆਦਿਕ ਨਾਲ ਸਿਰ ਪਾੜ ਸਿੱਟਦੇ ਹਨ। ਹੋਰ ਕ੍ਰਿਆ ਕਰਮ ਕੁਛ ਨਹੀਂ ਕਰਦੇ। ਓਥੋਂ ਪਰੇ ਦਾ ਇਹ ਰਿਵਾਜ ਹੈ ਕਿ ਜਦ ਆਦਮੀ ਮਰੇ ਤਾਂ ਇਸਤ੍ਰੀ ਨੂੰ, ਇਸਤ੍ਰੀ ਮਰੇ ਤਾਂ ਆਦਮੀ ਨੂੰ ਨਾਲ ਹੀ ਮਾਰ ਛੱਡਦੇ ਹਨ। ਕਿਸੇ ਜਾਨਵਰ ਦੇ ਖਾਣੇ ਦਾ ਪ੍ਰਹੇਜ਼ ਨਹੀਂ। ਓਦੂੰ ਪਰੇ ਇੱਕ ਦੇਸ ਵਿੱਚ ਬਾਬਾ ਜੀ ਗਏ। ਓਥੇ ਜਦ ਕੋਈ ਆਦਮੀ ਤੀਵੀਂ ਮਰੇ ਓਸ ਦੇ ਨਾਲ ਦੱਬ ਆਉਂਦੇ ਸਨ। ਏਨ੍ਹਾਂ ਦੋਹਾਂ ਮੁਲਕਾਂ ਦੇ ਲੋਕਾਂ ਨੂੰ ਬਾਬੇ ਜੀ ਨੇ ਏਨ੍ਹਾਂ ਦੋਹਾਂ ਕੰਮਾਂ ਤੋਂ ਹਟਾ ਕੇ ਪਦਾਰਥ ਗ਼ਰੀਬਾਂ ਨੂੰ ਵੰਡ ਦੇਣ ਦੀ ਰੀਤਿ ਮਨਾ ਦਿੱਤੀ ਜੋ ਹੁਣ ਤੱਕ ਉਹੋ ਕਰਦੇ ਹਨ। ਏਸ ਦੇਸ਼ ਵਿੱਚ ਘੋੜੇ, ਆਦਮੀ, ਸੂਰ ਜੇਹੇ ਮੂੰਹ ਵਾਲੀਆਂ ਮੱਛੀਆਂ ਦੇਖੀਆਂ।

ਓਥੋਂ ਤਲਾਵਾੜ ਦੇਸ ਵਿੱਚ ਦੀ ਮਲੇਵਾਰ ਨੂੰ ਲੰਘ ਕੇ (ਜਿੱਥੇ ਬਹੁਤ ਰੁੱਖ ਚੰਨਣ ਦੇ ਹਨ ਤੇ ਕਹਿੰਦੇ ਹਨ ਏਸੇ ਪਹਾੜ ਤੇ ਜੰਗਲ ਵਿੱਚ ਮਲਯ ਨਾਮ ਚੰਨਣ ਦਾ ਪੇਡ ਹੈ ਜਿਸ ਨੂੰ ਸੱਪ ਚਿਪਟੇ ਰਹਿੰਦੇ ਹਨ) ਵਾਪਰਾ ਨਾਮ ਦਰਿਆ ਪਾਰ ਹੋ ਟੂਟੀਕਰਨ ਰਾਸਕੁਮਾਰ, ਚੰਡੂਗੜ, ਤਰਾਵਨ ਕੋਟ, ਕਲੀਕੋਟ, ਆਦਿਕ ਸ਼ਹਿਰਾਂ ਜੰਗਲਾਂ ਦਾ ਸੈਲ ਕਰਦੇ ਕਰਦੇ ਰਾਜੇ ਰਾਮ ਦੀ ਵਲਾਇਤ ਵਿੱਚ, ਜਿਸ ਦਾ ਜ਼ਿਕਰ ਭਾਈ ਬੰਨੋਂ ਦੀ ਬੀੜ ਦੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿੱਚ ਹੈ, ਹੁੰਦੇ ਹੋਏ ਤੰਜੌਰ ਸ਼ਹਿਰ ਜਾ ਰਹੇ ਜਿੱਥੇ ਹੁਣ ਬਾਬੇ ਦੀ ਸਿੱਖੀ ਸੇਵਕੀ ਧਰਮਸਾਲਾ ਹੈ। ਉਨ੍ਹਾਂ ਲੋਗਾਂ ਨੂੰ ਆਪਣੀ ਆਤਮਕ ਸ਼ਕਤੀ ਨਾਲ ਪ੍ਰਮੇਸ਼੍ਵਰ ਦਾ ਭਜਨ ਕਰਨ ਲਾ ਕੇ ਪਦਮ ਨਾਭ ਸ਼ਹਿਰ, ਰਾਮ ਰਾਜੇ ਦੀ ਰਾਜਧਾਨੀ ਜਾ ਪਹੁੰਚੇ। ਬਾਬੇ ਪਰਤਾਪ ਤੇ ਸ਼ਬਦ ਨੇ ਬਹੁਤ ਲੋਕਾਂ ਨੂੰ ਸੱਚੇ ਅਤੇ ਸੁਖਾਲੇ ਰਾਹ ਵਿੱਚ ਲਿਆ ਕੇ ਮੁਕਤਿ ਦੇ ਅਧਿਕਾਰੀ ਬਣਾ ਦਿੱਤਾ। ਉਥੋਂ ਦੇ ਰਾਜਾ ਜਾਤੀ ਘੁਮਾਰ ਰਾਮ ਰਾਜਾ ਪਦਵੀ ਵਾਲੇ ਨੇ ਬਾਬੇ ਦਾ ਉਪਦੇਸ਼ ਧਾਰਨ ਕਰ ਕੇ ਬਹੁਤ ਸਾਰੀ ਮਾਯਾ (ਜੋ ਉਸ ਦੇ ਵੱਡੇ ਜਮ੍ਹਾਂ ਕਰ ਗਏ ਸੇ) ਧਰਮ ਅਰਥ ਗ਼ਰੀਬਾਂ ਨੂੰ ਛਕਾਉਣ ਲਈ ਤਿੰਨ ਸੌ ਸੱਠ ਸਦਾ ਬਰਤ ਆਪਣੇ ਰਾਜ ਵਿੱਚ ਲਗਾ ਦਿੱਤੇ ਜੋ ਹੁਣ ਤੱਕ ਕਾਇਮ ਹਨ। ਹਜ਼ਾਰਾਂ ਗ਼ਰੀਬਾਂ ਤੇ ਸਾਧੂਆਂ, ਬ੍ਰਾਹਮਣਾਂ ਨੂੰ ਭੋਜਨ, ਦਾਲ, ਚਾਉਲ ਕਿਸੇ ਕਿਸੇ ਥਾਂ ਖੀਰ ਪੂਰੀ ਭੀ ਮਿਲਦੀ ਹੈ। ਓਥੇ ਬੀ ਜਗਨਨਾਥ ਵਾਂਗੂੰ ਸੁੱਚ ਜੂਠ ਦਾ ਕੋਈ ਪ੍ਰਹੇਜ਼ ਨਹੀਂ। ਫੇਰ ਤਾਮਰੀ ਪਰਨੀ ਨਦੀ ਉੱਤਰ ਕੇ ਕੋਚੀਨ ਦੇ ਇਲਾਕੇ ਕੇਸ਼ੀ ਦੇਸ ਵਿੱਚ ਆ ਗਏ, ਇਸ ਦੇਸ ਦੇ ਬਹੁਤ ਲੋਕ ਗਲ ਵਿੱਚ ਸਾਲਗਰਾਮ (ਵੱਡੇ ਵੱਡੇ ਨੀਲੇ ਨੀਲੇ ਪੱਥਰ) ਪਾਈ ਫਿਰਦੇ ਸੇ। ਉਨ੍ਹਾਂ ਦੇ ਕਰਮ ਜਾਗੇ, ਬਾਬੇ ਨੇ ਉਪਦੇਸ਼ ਕੀਤਾ। ਉਪਦੇਸ਼ ਸੁਣ ਕੇ ਸਤਨਾਮ ਦੇ ਉਪਦੇਸ਼ੀ ਹੋ ਗਏ।

ਉਥੋਂ ਦਾ ਰਾਜਾ ਕੇਸ਼ੋਦੱਤ ਬਾਬੇ ਦੇ ਦਰਸ਼ਨ ਨੂੰ ਆਇਆ। ਓੜਕ ਲੋਗਾਂ ਦੇ ਗਲ ਵਿੱਚੋਂ ਪੱਥਰ ਉਤਾਰ ਕੇ ਬਾਬੇ ਨੇ ਮਾਲਾ ਰਖਵਾ ਦਿੱਤੀਆਂ। ਖ਼ਬਰ ਨਹੀਂ ਜਨਮ ਸਾਖੀ ਵਿੱਚ ਇਸੇ ਦੇਸ ਨੂੰ ਕੇਸੀਖੰਡ ਲਿਖਿਆ ਹੈ। ਰਾਜੇ ਦੇ ਸੰਤਾਨ ਨਹੀਂ ਸੀ। ਕਾਰਦਾਰ ਦੇ ਬੇਨਤੀ ਕਰਨੇ ਪਰ ਦੋ ਲੌਂਗ ਇੱਕ ਲਾਇਚੀ ਬਾਬੇ ਨੇ ਬਖ਼ਸ਼ੇ। ਰਾਜੇ ਨੇ ਰਾਣੀਆਂ ਨੂੰ ਖੁਲਾਏ, ਦੋ ਬੇਟੇ ਇੱਕ ਬੇਟੀ ਉਨ੍ਹਾਂ ਦੇ ਹੋਏ। ਤੁਰਨ ਲੱਗੇ ਬਾਬੇ ਅੱਗੇ ਦਰਸ਼ਨ ਦੀ ਇੱਛਿਆ ਕਰ ਬੇਨਤੀ ਕੀਤੀ ਜੋ ਫੇਰ ਕਦੋਂ ਦਰਸ਼ਨ ਹੋਵੇਗਾ? ਬਾਬੇ ਜੀ ਨੇ ਆਖਿਆ, "ਕੜਾਹ ਪ੍ਰਸ਼ਾਦ ਕਰ ਕੇ ਅਰਦਾਸ ਕਰਨੀ। ਸੰਗਤ ਵਿੱਚ

ਦਰਸ਼ਨ ਹੋਵੇਗਾ।" ਉਥੋਂ ਦਾ ਮਹੰਤ ਕਰਨ ਦਾਸ ਉਦਾਸੀ ਇਹ ਗਵਾਹੀ ਦਿੰਦਾ ਸੀ ਕਿ ਜਦ ਕੱਤਕ ਪੁੰਨਿਆ ਨੂੰ ਰਾਜਾ ਪ੍ਰਸ਼ਾਦ ਕਰਾਉਂਦਾ ਹੈ ਤਾਂ ਪੰਜਾ ਲੱਗਦਾ ਹੈ।

ਉਥੋਂ ਬੰਗਲੌਰ, ਗੋਹੀ, ਗੋਦਾਵਰੀ, ਕੁੰਟਰਾ ਇਨ੍ਹਾਂ ਪ੍ਰਗਣਿਆਂ ਦਾ ਦੀਦਾਰ ਸਰਨਗ੍ਰੀਆ, {ਗੋਆ ਬੰਬਈ} ਗੋਆ ਪੁਰਤਗਾਲ ਆਦਿਕ ਅਨੇਕ ਸ਼ਹਿਰ ਪਰਬਤ, ਜੰਗਲ, ਦਰਜਾ ਦੇਖ ਕੇ ਬੰਬਈ ਹਾਤੇ ਵਿੱਚ ਲੱਖਾਂ ਜੀਵਾਂ ਦਾ ਉਧਾਰ ਆ ਕੀਤਾ। ਫੇਰ ਧਾਰਾਵਾਰ, ਰਾਜਾਪੁਰ, ਰਤਨਗਿਰੀ ਪਰਬਤ ਉਲੰਘ ਕੇ ਗੋਦਾਵਰੀ ਗੰਗਾ ਕਿਨਾਰੇ ਨਾਸਕ ਸ਼ਹਿਰ ਤ੍ਰਿਬਕ ਨਾਥ ਜੋਤੀ ਲਿੰਗ* ਮਹਾਂਦੇਵ ਨੂੰ ਜਾ ਦੇਖਿਆ ਤੇ ਗੰਗਾ ਗੋਦਾਵਰੀ ਦੇ ਇਸ਼ਨਾਨ ਕਰ ਪੰਚਬਟੀ** ਵਿੱਚ ਪਹੁੰਚ ਗਏ। ਇੱਥੇ ਅਨੇਕ ਸੰਤਾਂ ਨਾਲ ਗਯਾਨ ਚਰਚਾ ਕਰ ਉਨ੍ਹਾਂ ਨੂੰ ਪ੍ਰਭੂ ਦੀ ਅਨੰਨ ਭਗਤੀ ਵਿੱਚ ਲਾਯਾ ਅਤੇ ਦਰਯਾ ਤਾਪਤੀ ਤੋਂ ਪਾਰ ਹੋ ਗੁਜਰਾਤ ਦੇਸ਼ ਵਿੱਚੋਂ ਹੰਗੋਲ, ਮ੍ਰਿਚ ਆਦਿਕ ਸ਼ਹਿਰਾਂ ਨੂੰ ਦੇਖਦੇ ਹੋਏ ਬੰਬਈ ਸ਼ਹਿਰ, ਜੋ ਉਸ ਸਮੇਂ ਫਰਾਂਸੀਸਾਂ ਹੇਠ ਛੋਟਾ ਜਿਹਾ ਕਸਬਾ ਤੇ ਬੰਦ੍ਰਮੰਮਾ ਦੇਵੀ ਦੇ ਨਾਮ ਪਰ ਵੱਸਦਾ ਸੀ, ਉਥੇ ਬਾਲ ਕੇਸ਼੍ਵਰ ਨਾਮੀ ਬਾਲਮੀਕ ਦੀ ਜਗ੍ਹਾ ਪਰ ਜਾ ਬਿਰਾਜੇ। ਅਨੇਕ ਲੋਕ ਬਾਬੇ ਦਾ ਸ਼ਬਦ ਧਰਮ ਨੂੰ ਧਾਰਨ ਵਾਲੇ ਹੋ ਗਏ।

ਉਥੋਂ ਅੱਗੇ ਡਕੌਰ ਜੀ ਦਾ ਮੰਦਰ, ਜਿੱਥੇ ੫੬ ਪ੍ਰਕਾਰ ਦੇ ਭੋਜਨ ਦਾ ਭੋਗ ਹੁਣ ਭੀ ਹਰ ਰੋਜ਼ ਲੱਗਦਾ ਹੈ; ਜਾ ਡਿੱਠਾ। ਫੇਰ ਭੜੋਚ ਸ਼ਹਿਰ ਜਾ ਉੱਤਰੇ। ਇੱਥੇ ਦੇ ਪੁਜਾਰੀ ਜੋ ਉਦਾਸੀ ਸਾਧ ਹਨ, ਉਹ ਕਹਿੰਦੇ ਹਨ ਕਿ ਕੜਾਹ ਪ੍ਰਸ਼ਾਦ ਪਰ ਪੰਜਾ ਲੱਗਦਾ ਹੈ ਤਾਂ ਵਰਤਦਾ ਹੈ। ਫੇਰ ਬੜੌਦਾ ਸ਼ਹਿਰ ਜਾ ਦੇਖਿਆ। ਇਥੇ ਹੀ ਗਾਇਕਵਾੜ ਰਿਆਸਤ ਬਹੁਤ ਮਸ਼ਹੂਰ ਹੈ ਤੇ ਫਤੇਪੁਰੀਏ ਕਲਾਲ ਮੁੱਢ ਤੋਂ ਇਥੋਂ ਦੇ ਬਖ਼ਸ਼ੀ ਹਨ। ਇੱਥੋਂ ਅੱਗੇ ਬੀਸਾਨਗਰ ਮਾਨਸਰ ਤੀਰਥ ਪਰ ਜਾ ਬੈਠੇ। ਇੱਥੇ ਭੀ ਧਰਮਸਾਲਾ ਵਿੱਚ ਉਦਾਸੀ ਸਾਧ ਪੁਜਾਰੀ ਹਨ। ਇੱਥੇ ਲੋਕ ਗਯਾ, ਕੁਰਖੇਤ੍ਰ ਦੀ ਤਰ੍ਹਾਂ ਪਿੰਡ ਭਰਾਉਂਦੇ ਹਨ। ਸਰਾਧਾਂ ਵਿੱਚ ਵੱਡਾ ਮੇਲਾ ਹੁੰਦਾ ਹੈ। ਫੇਰ ਸਿੱਧਪੁਰ ਜਾ ਠਹਿਰੇ। ਇੱਥੇ ਸਰਸ੍ਵਤੀ ਨਦੀ ਕਿਨਾਰੇ ਬਿੰਦੂਸਰ ਤੀਰਥ ਪਰ ਵੱਡਾ ਮੇਲਾ ਹੁੰਦਾ ਹੈ। ਇੱਥੋਂ ਪਾਲਣ, ਸੂਰਤ ਨੂੰ ਹੋ ਕੇ ਅਹਿਮਦਾਬਾਦ ਸਾਂਭਰਮਤੀ ਨਦੀ ਜਾ ਉੱਤਰੇ ਤੇ ਬਹੁਤ ਲੋਕਾਂ ਨੂੰ (ਜੋ ੧੦੧ ਰੁਦ੍ਰੀਆਂ ਰੁਦ੍ਰ ਮਿੱਟੀ ਦੇ ਬਣਾ ਕੇ ਪੂਜਦੇ ਸੇ) ਓਧਰੋਂ ਹਟਾ ਕੇ ਸੱਤਨਾਮ ਵੱਲ ਲਾਯਾ। ਇੱਥੇ ਹੀ ਨਾਗਰ ਬ੍ਰਾਹਮਣ ਨੂੰ ਨਦੀ ਕਿਨਾਰੇ ਤੋਂ ਦਾਦੂ ਜੀ (ਜਿਸ ਦਾ ਹੁਣ ਪੰਥ ਹੈ) ਪਿਆ ਹੋਯਾ ਲੱਭਿਆ ਸੀ। ਇੱਥੇ ਬਾਬੇ ਦੀ ਧਰਮਸਾਲਾ ਤੇ ਕਬੀਰ ਦੀ ਜਗ੍ਹਾ ਹੈ। ਇੱਥੋਂ ਬੜਵਾਨ, ਨੀਮੜੀ, ਭਾਵ ਨਗਰ ਆਦਿਕ ਅਨੇਕ ਸ਼ਹਿਰਾਂ ਪਰਬਤਾਂ ਥਾਣੀਂ ਹੁੰਦੇ ਹੋਏ ਪਾਲੀਟਾਣਾ* ਜਾ ਦੇਖਿਆ। ਫੇਰ ਗਾਇਕਵਾੜ ਦੇ ਰਾਜ ਕਾਠੀਆਵਾੜ*** ਦੇਸ਼ ਵਿੱਚ ਛੀ ਮਹੀਨੇ ਵਿਚਰ ਕੇ ਅਜਿਹੀ ਭਗਤੀ ਦ੍ਰਿੜਾਈ ਜੋ ਹੁਣ ਤੱਕ ਜ਼ੋਰ ਵਿੱਚ ਹੈ। ਫੇਰ ਸੰਮਤ ੧੫੭੦ ਬਿਕ੍ਰਮੀ ਚੇਤ ਦੇ ਮਹੀਨੇ ਜੂਨਾਗੜ੍ਹ

---

*ਇਥੋਂ ਕੁੰਭ ਦੇ ਮੇਲੇ ਪਰ ਚਾਰ ਮਹੀਨੇ ਨਿਰਮਲ ਸੰਤਾਂ ਦਾ ਅਖਾੜਾ ਤੇ ਉਦਾਸੀ ਸੰਤਾਂ ਦੇ ਅਖਾੜੇ ਲੰਗਰ ਦੇਂਦੇ ਹਨ। ਪਹਿਲੇ ਗੁਸਾਈਂ ਭੀ ਆਯਾ ਕਰਦੇ ਸੇ। ਹੁਣ ਤਿੰਨ ਕੁੰਭ ਹੋ ਗਏ ਹਨ, ਨਹੀਂ ਜਾਂਦੇ। ਇਸ ਦਾ ਕਾਰਣ ਇਹ ਹੈ ਕਿ ਉਹ ਨੰਗੇ ਹੋ ਕੇ ਜਾਂਦੇ ਹਨ ਤੇ ਅੰਗ੍ਰੇਜ਼ੀ ਸਰਕਾਰ ਉਨ੍ਹਾਂ ਨੂੰ ਲੰਗੋਟੀ ਖੋਲ੍ਹ ਕੇ ਨੰਗੇ ਫਿਰਨ ਨਹੀਂ ਦੇਂਦੀ। ਇਥੇ ਜੀ ਪ੍ਰਤੀ ਅੱਧ ਪਾ ਪੱਕੀ ਖਿਚੜੀ ਚਾਵਲ ਹਰ ਰੋਜ਼ ਤ੍ਰਿੰਬਕ ਤੇ ਨਾਸਕ ਦੋਹਾਂ ਸ਼ਹਿਰਾਂ ਦੇ ਬ੍ਰਾਹਮਣਾਂ ਨੂੰ ਦੇਣੇ ਪੈਂਦੇ ਹਨ। ਇਹ ਟਿਕਟ ਉਹਨਾਂ ਦਾ ਸਭਨਾਂ ਅਖਾੜਿਆਂ ਵਾਲਿਆਂ ਪਰ ਕਦੀਮ ਤੋਂ ਹੈ। ਇੱਥੇ ਨਿੱਕੇ ਜਿਹੇ ਤਲਾਉ ਵਿੱਚ ਸੋਮਵਾਰ ਨੂੰ ਸ਼ਿਵਜੀ ਦਾ ਇਸ਼ਨਾਨ ਕਰਾਉਂਦੇ ਹਨ, ਉਸੇ ਦਿਨ ਕੁੰਭ ਦਾ ਮੇਲਾ ਮੰਨੀਦਾ ਹੈ।

**ਇਸ ਜਗ੍ਹਾ ਪਰ ਅਗਸਤ ਮੁਨੀ ਦੇ ਪਾਸ ਰਾਮਚੰਦ੍ਰ ਜੀ ਨੇ ਠਹਿਰ ਕੇ ਸੂਪਨਖਾ ਦਾ ਨੱਕ ਲਛਮਨ ਤੋਂ ਕਟਵਾਇਆ ਸੀ ਤੇ ਇੱਥੇ ਹੀ ਹੁਣ ਮਹਾਰਾਜੇ ਦਲੀਪ ਸਿੰਘ ਦੀ ਮਾਈ ਜਿੰਦ ਕੌਰ ਦੀ ਤੇ ਕਪੂਰਥਲੇ ਵਾਲੇ ਰਾਜਾ ਰਣਧੀਰ ਸਿੰਘ ਦੀ ਸਮਾਧ ਹੈ।

*ਏਥੇ ਜੈਨ ਧਰਮ ਦਾ ਕਰੋੜਾਂ ਰੁਪਏ ਦੀ ਲਾਗਤ ਦਾ ਮੰਦਰ ਹੈ ਤੇ ਇੱਕ ਜੰਗਲ ਵਿੱਚ ਓਹਨਾਂ ਪਸ਼ੂਆਂ ਦੀ ਪਾਲਣਾ ਹੁੰਦੀ ਹੈ ਜਿਨ੍ਹਾਂ ਨੂੰ ਨਿਕੰਮੇ ਜਾਣ ਕੇ ਲੋਕ ਘਰੋਂ ਕੱਢ ਛੱਡਦੇ ਹਨ। ਸੈਂਕੜੇ ਆਦਮੀ ਜੈਨੀਆਂ ਦੇ ਏਸੇ ਕੰਮ ਉੱਤੇ ਨੌਕਰ ਹਨ। ਓਹ ਸਭ ਜਗ੍ਹਾ ਫਿਰ ਫਿਰ ਕੇ ਲੰਗੜੇ ਲੂਲੇ ਲਵਾਰਸ ਬੈਲ, ਘੋੜੇ, ਗਊ, ਗਧੇ, ਬੱਕਰੀ, ਆਦਕਾਂ ਨੂੰ ਲਿਆ ਕੇ ਓਸ ਜੰਗਲ ਵਿੱਚ ਪਾਲਣਾ ਕਰਦੇ ਹਨ।

***ਕਾਠੀਆਵਾੜ ਹਰ ਇੱਕ ਪਿੰਡ ਵਿੱਚ ਸਦਾਬ੍ਰਤ ਹੈ ਅਤੇ ਸਤਸੰਗ ਭਜਨ ਕੀਰਤਨ ਦਾ ਬਹੁਤ ਉਮਾਹਾ ਬਣਿਆ ਰਹਿੰਦਾ ਹੈ। ਧੰਨਾ, ਪੀਪਾ, ਸੁਦਾਮਾ, ਨਰਸੀ ਭਗਤ ਏਸੇ ਦੇਸ ਦੇ ਹਨ, ਏਹ ਦੇਸ ਭਗਤੀ ਉਪਾਸਨਾ ਤੇ ਪੂਰਬ ਦੇਸ ਕਰਮ ਕਾਂਡ ਤੇ ਪੰਜਾਬ ਗਿਆਨ ਕਾਂਡ ਦਾ ਸਰੂਪ ਪ੍ਰਤੱਖ ਹਨ।

ਵਿੱਚ ਚਤੁਰ ਮਾਸ ਜਾ ਠਹਿਰੇ। ਬਾਬੇ ਦੀ ਮਹਿਮਾ ਸੁਣ ਕੇ ਨਰਸੀ ਭਗਤ[+] ਦਾਤਾ ਗੰਜਬਖ਼ਸ਼ ਪੀਰ ਆਪਣੇ ਸਤਸੰਗੀਆਂ ਨੂੰ ਲੈ ਕੇ ਦਰਸ਼ਨ ਨੂੰ ਆਏ, ਸ਼ਬਦ ਗਿਆਨ ਸੁਣ ਕੇ ਅਤੀ ਆਨੰਦ ਪਾਏ ਤੇ ਸੇਵਾ ਵਿੱਚ ਹਾਜ਼ਰ ਰਹਿਣ ਲੱਗੇ।

[+]ਨਰਸੀ ਭਗਤ ਨਾਗਰ ਬ੍ਰਾਹਮਣ ਸੀ ਜੋ ਨੌਕਰੀ ਕਰਦੇ ਸਨ ਤੇ ਦਾਨ ਨਹੀਂ ਲੈਂਦੇ। ਏਹ ਸੰਮਤ ੧੫੦੭ ਬਿਕ੍ਰਮੀ ਵਿੱਚ ਜੰਮਿਆ ਤੇ ੧੫੭੨ ਬਿਕ੍ਰਮੀ ਵਿੱਚ ਗੁਜ਼ਰਿਆ ਹੈ। ਏਸ ਦਾ ਮਕਾਨ ਜੂਨਾਗੜ ਸ਼ਹਿਰ ਵਿੱਚ ਜਾਗੀਰਦਾਰ ਨਰਸੀ ਚੌਰਾ ਨਾਮ ਹੈ। ਏਸੇ ਨਰਸੀ ਦੀ ਹੁੰਡੀ ਸਾਵਲ ਸ਼ਾਹ ਨੇ ੩੫ ਕੋਹ ਪਰ ਦੁਆਰਕੇ ਵਿੱਚ ਤਾਰੀ ਸੀ। ਨਰਸੀ ਦੀਆਂ ਦੋ ਧੀਆਂ ਸਨ ਪੁੱਤਰ ਕੋਈ ਨਹੀਂ ਸੀ।

www.ik13.com Humble service provided by Bhai Baljinder Singh (Rara Sahib) Email: rarasahib@yahoo.com

ਗਿਰਨਾਰ ਪਰਬਤ

ਮ੍ਰਿਗੀ ਕੁੰਡ ਤੀਰਥ ਦਾ ਇਸ਼ਨਾਨ ਕਰ ਬਾਬਾ ਜੀ ਗਿਰਨਾਰ* ਵੱਲ ਚੱਲੇ ਤਾਂ ਰਾਹ ਵਿੱਚ ਕੇਵੜੇ ਦਾ ਜੰਗਲ ਦੇਖਯਾ। ਓਸ ਦੇ ਸਿੱਟੇ ਲੋਗ ਘਰਾਂ ਵਿੱਚ ਰੱਖ ਛੱਡਦੇ ਹਨ, ਏਸੇ ਕਰ ਕੇ ਬਰਸ ਭਰ ਖ਼ੁਸ਼ਬੋਈ ਰਹਿੰਦੀ ਹੈ। ਏਹ ਗਿਰਨਾਰ ੧੫ ਕੋਹ ਉੱਚਾ ਹੈ। ਜਦ ਏਸ ਦੀ ਚੋਟੀ ਪਰ ਜਾ ਕੇ ਬਾਬੇ ਜੀ ਨੇ ਸ਼ਬਦ ਗਾਵਿਆ ਤਾਂ ਓਥੋਂ ਦੇ ਸਭ ਸੰਤ ਤਪੀ, ਜਪੀ, ਅਘੋਰੀ, ਅਚਾਰੀ ਚਲੇ ਆਏ ਅਤੇ ਚਿਤ੍ਰ ਲਿਖੇ ਜਿਹੇ ਬੈਠੇ ਰਹੇ। ਜਦ ਸ਼ਬਦ ਥੰਮਿਆਂ ਤਾਂ ਸੋਝੀ ਆਈ। ਏਥੇ ਬਾਬੇ ਦੀ ਚਰਨ ਪਾਦਕ ਹੈ। ਚੱਲ ਸੂਰਜ ਕੁੰਡ ਬ੍ਰਹਮ ਕੁੰਡ ਦੇਖਦੇ ਹੋਏ ਮਾਧੋਪੁਰ, ਪਰਾਚੀ ਵੰਨੀ ਉੱਤਰ ਕੇ ਭਾਵ ਨਗਰ ਜਾ ਰਹੇ। ਏਥੇ ਭੀ ਗੁਰੂ ਕਾ ਅਸਥਾਨ ਹੈ। ਫੇਰ ਬਿਲਾਵਲ ਬੰਦ੍ਰ, {ਪ੍ਰਭਾਸ ਛੇਤ੍ਰ} ਪ੍ਰਭਾਸ਼ ਛੇਤ੍ਰ; ਜਿੱਥੇ ਜਾਦਵ ਆਪਸ ਵਿੱਚ ਲੜ ਮਰੇ ਸੇ, ਜਾ ਡਿੱਠਾ।

ਪਿਆਰੇ ਪਾਠਕੋ! ਜਦ ਕਿਸੇ ਦਾ ਜਾਣ ਸਮਾਂ ਔਂਦਾ ਹੈ ਤਾਂ ਏਸੇ ਤਰ੍ਹਾਂ ਹੁੰਦੀ ਹੈ, ਜਾਦਵ ਏਸੇ ਤੀਰਥ ਤੇ ਇਸ਼ਨਾਨ ਕਰਨ ਆਏ ਸੇ, ਜਿੱਥੇ ਮਦਰਾ ਪੀ ਕੇ ਆਪੋ ਵਿੱਚ ਬੋਲੀ ਠੋਲੀ ਕਰ ਲੜ ਲੜ ਕੇ ਮਰ ਗਏ। ਕ੍ਰਿਸ਼ਨ ਜੀ ਨੂੰ ਜੋ ਓਦੋਂ ਬੁੱਢੇ ਹੋ ਗਏ ਸੇ ਜਾਦਵਾਂ ਦੇ ਮਰਨ ਦਾ ਵੱਡਾ ਗ਼ਮ ਹੋਯਾ ਤੇ ਏਸੇ ਗ਼ਮ ਵਿੱਚ ਪਿੱਪਲ ਦੇ ਰੁੱਖ ਹੇਠ ਜਾ ਲੰਮੇ ਪਏ ਜਿੱਥੇ ਸ਼ਿਕਾਰੀ ਨੇ ਦੂਰੋਂ ਮ੍ਰਿਗ ਬੈਠਾ ਸਮਝ ਕੇ ਤੀਰ ਮਾਰਿਆ ਜਿਸ ਨਾਲ ਉਨ੍ਹਾਂ ਦਾ ਅੰਤ ਹੋ ਗਿਆ।

ਏਥੋਂ ਅੱਗੇ ਬਾਬਾ ਜੀ ਨੇ {ਸੋਮਨਾਥ ਮੰਦਰ} ਸੋਮਨਾਥ+ ਜੋਤੀ ਲਿੰਗ ਦਾ ਮੰਦਰ ਜਾ ਦੇਖਯਾ। ਏਥੇ ਕਈ ਪ੍ਰਕਾਰ ਦੀਆਂ ਕੁਰੀਤੀਆਂ ਪੰਡਿਆਂ ਦੀਆਂ ਦੇਖ ਕੇ ਓਨ੍ਹਾਂ ਨੂੰ ਉਪਦੇਸ਼ ਕੀਤਾ।

ਏਸ ਤੋਂ ਬਾਅਦ ਗੁਰੂ ਸਾਹਿਬ ਪੋਰਬੰਦ੍ਰ, ਸੁਦਾਮਾ ਪੁਰੀ, ਸੀਤਾ ਮੁੰਦੜੀ, ਪੰਜ ਤੀਰਥੀ ਆਦਿਕ ਤੀਰਥਾਂ ਦੇ ਵਸਨੀਕਾਂ ਨੂੰ ਸੁਮੱਤੇ ਲਾਉਂਦੇ ਹੋਏ ਗੋਮਤੀ ਗੰਗਾ ਕਿਨਾਰੇ ਜਾ ਬਿਰਾਜੇ।

---

*ਏਸੇ ਗਿਰਨਾਰ ਦਾ ਨਾਮ ਪੁਰਾਣਾਂ ਵਿੱਚ ਰਵਾਗਿਰੀ ਹੈ ਇਸ ਪਰ ਚੜ੍ਹਦਿਆਂ ਹੀ ਸੋਰਠ ਬੀਜਾ ਦੇ ਮਹਿਲ ਹਨ ਜਿਨ੍ਹਾਂ ਦੇ ਗੀਤ ਹੁਣ ਤੱਕ ਓਸ ਦੇਸ ਦੇ ਤੇਮਾਰਵਾੜ ਦੇ ਲੋਕ ਗਾਂਵਦੇ ਹਨ। ਓਦੂੰ ਅੱਗੇ ਰਾਮਾ ਨੰਦ ਦੀ ਚਰਨ ਪਾਦਕਾ ਹੈ। ਬ੍ਰਹਮ ਗੰਗਾ ਕਰਮੰਡਲ ਗੰਗਾ ਦੀ ਧਾਰ ਪਾਸ ਬਾਬਾ ਨਾਨਕ ਦੀ ਜਗ੍ਹਾ ਹੈ ਸਭ ਤੋਂ ਉੱਚੇ ਥਾਂ ਗਿਰਨਾਰੀ ਦੀ ਜਗ੍ਹਾ ਹੈ ਜਿਸ ਨੂੰ ਓਥੋਂ ਦੇ ਨਿਵਾਸੀ ਚਿਰੰਜੀਵ ਮੰਨਦੇ ਸਨ। ਹੁਣ ਭੀ ਬਹੁਤ ਸੰਤ ਆਚਾਰੀ ਅਘੋਰੀ ਓਥੇ ਰਹਿੰਦੇ ਹਨ। ਫ਼ਲ ਫ਼ੁੱਲ ਕੰਦ ਮੂਲ ਬਹੁਤ ਹੈ ਅਤੇ ਸ਼ਾਹੂਕਾਰ ਭੀ ਅੰਨ ਆਦਿਕ ਦੀ ਸੇਵਾ ਕਰਦੇ ਹਨ।

+ਸੋਮਨਾਥ ਦੀ ਵਡਿਆਈ ਤੇ ਮਾਇਆ ਦੀ ਬਹੁਲਤਾਈ ਬਹੁਤੇ ਇਤਿਹਾਸਾਂ ਵਿੱਚ ਲਿਖੀ ਹੈ। ਕਿਸੇ ਚਾਤਰ ਪੰਡੇ ਨੇ ਮੰਦਰ ਦੇ ਗੁੰਬਜ਼ ਵਿੱਚ ਪੰਜ ਸਿਲਾ ਚੁੰਬਕ ਦੀਆਂ ਚਾਰ ਚੌਹੀਂ ਪਾਸੀਂ ਤੇ ਇੱਕ ਉੱਪਰ ਛੱਤ ਵਿੱਚ ਲਗਵਾ ਕੇ ਇੱਕ ਮੂਰਤਿ ਸ਼ਿਵਜੀ ਦੀ ਲੋਹੇ ਦੀ ਰੰਗ ਗੇਰੂਆ ਕਰ ਕੇ ਓਨ੍ਹਾਂ ਪੰਜਾਂ ਸਿਲਾਂ ਦੇ ਵਿਚਕਾਰ ਠਹਿਰਾ ਕੇ ਸਾਰੇ ਦੇਸ਼ ਵਿੱਚ ਮਸ਼ਹੂਰ ਕਰ ਦਿੱਤਾ ਕਿ ਸ਼ਿਵਜੀ ਮਹਾਰਾਜ ਸਾਖਿਆਤ ਆਕਾਸ਼ ਮਾਰਗ ਤੋਂ ਆ ਕੇ ਮੰਦਰ ਦੇ ਅੰਦਰ ਅਧਰ ਆਸਨ ਕਰ ਕੇ ਬੈਠ ਰਹੇ ਹਨ। ਏਹ ਸੁਣ ਕੇ ਸੰਬੂਹ ਲੋਕ ਦਰਸ਼ਨ ਨੂੰ ਆਉਣ ਲੱਗੇ ਤੇ ਦੇਖ ਦੇਖ ਸੱਚ ਮੰਨ ਗਏ, ਕਿਉਂਕਿ ਦੂਖਣ ਤਾਂ ਉਪਾਸਕ ਢੂੰਡਦੇ ਹੀ ਨਹੀਂ ਤੇ ਓਦੋਂ ਤਾਂ ਲੋਗ ਭੀ ਸਿੱਧੇ ਸਾਦੇ ਤੇ ਸ਼ਰਧਾਲੂ ਸੇ। ਸੱਚ ਮੰਨ ਗਏ ਤੇ ਲੱਗੀ ਦੌਲਤ ਆਵਣ। ਕਰੋੜਾਂ ਰੁਪਏ ਇਕੱਠੇ ਹੋ ਗਏ। ਪੰਡੇ ਨੇ ਹੀਰੇ ਮੋਤੀ ਖਰੀਦ ਕੇ ਸ਼ਿਵ ਦੀ ਪੰਡੀ ਜੋ ਮੋਟੇ ਆਦਮੀ ਜੇਡੀ ਤੇ ਵਿੱਚੋਂ ਪੋਲੀ ਸੀ ਓਹ ਸਾਰੀ ਭਰ ਲਈ। ਏਸ ਫਰੇਬ ਦਾ ਫ਼ਲ ਪੰਡਿਆਂ ਨੂੰ ਕਲੇਸ਼ ਤੇ ਦੇਸ ਦਾ ਨਾਸ ਕਰ ਗਿਆ। ਦੇਖੋ ਮਹਿਮੂਦ ਗਜ਼ਨਵੀ ਦਾ ੧੨ਵਾਂ ਹੱਲਾ, ਓਹ ਛਲ ਦੀ ਮਾਯਾ ਤੁਰਕਾਂ ਦੇ ਹੱਥ ਆਈ ਜੋ ਮਹਿਮੂਦਸ਼ਾਹ ਗਜ਼ਨਵੀ ਵਾਲੇ ਨੇ ਜਦ ਏਹ ਮੂਰਤਾਂ ਤੇ ਮੰਦਰ ਤੋੜਿਆ ਤਾਂ ਮੂਰਤ ਵਿੱਚੋਂ ਕਰੋੜਾਂ ਰੁਪਏ ਦਾ ਮਾਲ ਨਿੱਕਲਿਆ। ਏਸੇ ਲਾਲਚ ਦੇ ਮਾਰੇ ਓਸ ਨੇ ਬੇਅੰਤ ਮੰਦਰ ਹੋਰ ਭੀ ਢਾਹੇ, ਅਤੇ ਅਨੇਕ ਮੂਰਤਾਂ ਵਿੱਚੋਂ ਹੀਰੇ ਮੋਤੀ ਚੂਨੀ ਨੀਲਮਾਂ ਆਦਿਕ ਨਿਕਲੀਆਂ, ਜਿਸ ਸ੍ਵਾਦ ਦੇ ਮਾਰੇ ਓਸ ਨੇ ਯਾਰਾਂ ਹੱਲੇ ਕਰ ਕੇ ਭਾਰਤਵਰਸ਼ ਨੂੰ ਲੁੱਟ ਪੁੱਟ ਕੇ ਉਜਾੜ ਛੱਡਯਾ। ਜੇਕਰ ਗੌਰ ਕਰੀਏ ਤਾਂ ਏਹ ਕਹਾਵਤ ਮੰਦਰਾਂ ਦੇ ਪੰਡਿਆਂ ਨੇ ਸੱਚ ਕਰ ਦਿਖਾਈ (ਆਪ ਡੁਬੇਂਦੇ ਬ੍ਰਾਹਮਣਾਂ ਜਜਮਾਨ ਭੀ ਡੋਬੇ) ਹੁਣ ਓਹ ਸੋਮਨਾਥ ਦਾ ਸ਼ਿਵਲਿੰਗ ਤਾਂ ਇੱਕ ਬਣ ਦੇ ਬ੍ਰਿਛ ਹੇਠ ਹਵਾ ਖਾਂਦਾ ਹੈ ਤੇ ਮੰਦਰ ਨਾਲ ਪੰਦਰਾਂ ਸੋਲਾਂ ਲੱਖ ਦੀ ਆਮਦਨੀ ਸੀ ਓਸ ਵਿੱਚੋਂ ੧੫ ਹਜ਼ਾਰ ਦੀ ਜਾਗੀਰ ਹੈ।

ਦੁਆਰਕਾ

ਗੋਮਤੀ ਦੁਆਰਕਾ* ਜੋ ਕ੍ਰਿਸ਼ਨ ਜੀ ਦੀ ਰਾਜਧਾਨੀ ਹੈ। ਓਥੇ ਸ਼ਬਦ ਸਾਖੀ ਸੁਣਾ ਕੇ ਲੋਗਾਂ ਨੂੰ ਕੁਕ੍ਰਿਤ ਪੱਥਰ ਪੂਜਾ ਤੋਂ ਛੁਡਾਯਾ ਤੇ ਧਰਮ ਦੇ ਰਾਹ ਪਾਇਆ। ਫੇਰ ਓਥੋਂ ਦਸ ਕੋਹ ਪਰ ਰਾਮੜੇ+ ਪਿੰਡ ਵਿੱਚ ਲੋਕਾਂ ਨੂੰ ਦਾਗ਼ ਲਵਾਉਂਦੇ ਦੇਖ ਕੇ ਉਪਦੇਸ਼ ਕੀਤਾ, ਜਿਸ ਤੋਂ ਬਹੁਤ ਲੋਗ ਅਗਿਆਨ ਛੱਡ ਕੇ ਪ੍ਰਮੇਸ਼੍ਵਰ ਦੀ ਭਗਤੀ ਕਰਨ ਵਿਖੇ ਤੱਤਪਰ ਹੋਏ। ਓਥੋਂ ਅੱਗੇ ਬੇਟ ਦੁਆਰਕਾ* ਜੋ ਸਮੁੰਦਰ ਵਿੱਚ ਹੈ ਓਥੇ ਸੰਖਤਲਾਈ ਕਿਨਾਰੇ (ਜਿੱਥੇ ਹੁਣ ਬਾਬੇ ਜੀ ਦੀ ਸੰਗਤ ਹੈ) ਜਾ ਬੈਠੇ ਅਤੇ ਪੰਡਿਆਂ ਨੂੰ ਓਥੋਂ ਦੇ ਲੋਗਾਂ ਸਮੇਤ ਅਕਾਲ ਪੁਰਖ ਦੀ ਉਪਾਸਨਾ ਦ੍ਰਿੜ੍ਹਾਈ। ਏਸ ਤੋਂ ਪਹਿਲਾਂ ਓਹ ਲੋਗ ਕੇਵਲ ਕ੍ਰਿਸ਼ਨ ਜੀ ਨੂੰ ਹੀ ਕਰਤਾ ਹਰਤਾ ਮੰਨਦੇ ਹੁੰਦੇ ਸੇ।

ਏਥੋਂ ਦੇ ਲੋਗਾਂ ਨੂੰ ਉਪਦੇਸ਼ ਕਰ ਕੇ ਗੁਰੂ ਸਾਹਿਬ ਕਛ ਮੁਲਕ ਦੇ ਰਣ ਵਿੱਚ ਜੋ ੧੮ ਮੀਲ ਲੰਘਣਾ ਸੀ ਜਾ ਫਿਰੇ। ਭਾਈ ਮਰਦਾਨਾ ਏਸ ਰਣ ਨੂੰ ਦੇਖ ਕੇ ਬਹੁਤ ਘਬਰਾਯਾ ਤਾਂ ਭਾਈ ਬਾਲੇ ਧੀਰਜ ਦੇ ਆਖਿਆ, "ਤੂੰ ਡਰ ਨਹੀਂ। ਏਹ ਕਰਤਾਰ ਦੀ ਕੁਦਰਤ ਦਿਖਾਉਣ ਲਈ ਗੁਰੂ ਸਾਹਿਬ ਲੈ ਆਏ ਹਨ।" ਤਾਂ ਮਰਦਾਨੇ ਆਖਿਆ, "ਵਾਹ ਪ੍ਰਭਾ! ਅੱਛੇ ਥਾਂ ਲਿਆ ਮਾਰਿਆ ਈ? ਅੱਗੇ ਤਾਂ ਜੰਗਲਾਂ ਪਹਾੜਾਂ ਵਿੱਚ ਕਿਤੇ ਰੁੱਖ ਪਾਣੀ ਨਜ਼ਰ ਆ ਜਾਂਦਾ ਸੀ। ਹੁਣ ਤਾਂ ਓਹ ਵੀ ਨਹੀਂ ਦਿਸਦਾ।" ਏਸੇ ਤਰ੍ਹਾਂ ਓਹ ਰਣ* ਲੰਘ ਕੇ ਅੰਜਾਰ ਸ਼ਹਿਰ ਰਘੂ ਭਾਟੀਏ ਸੇਠ ਦੇ ਬਾਗ਼ ਵਿੱਚ ਜਾ ਠਹਿਰੇ। ਏਥੇ ਹੁਣ ਭੀ ਗੁਰੂ ਕੀ ਧਰਮਸਾਲਾ ਹੈ ਤੇ ਸੁਥਰੇ ਸੰਤ ਪੁਜਾਰੀ ਹਨ। ਫੇਰ ਮੁੰਦਰੇ ਆਦਿਕ ਨਗਰਾਂ ਨੂੰ ਦੇਖ ਸਮਕਾ ਮੰਡੀ ਮਾਂਡਵੀ ਬੰਦਰ (ਜਿੱਥੇ ਹੁਣ ਫੁਲਵਾਰੀ ਸ਼ਾਹ ਦੀ ਬਗ਼ੀਚੀ ਵਿੱਚ ਗੁਰੂ ਕਾ ਝੰਡਾ ਹੈ) ਜਾ ਠਹਿਰੇ। ਏਸ ਬੰਦਰ ਤੋਂ ਜਹਾਜ਼ ਪਰ ਚੜ੍ਹ ਕੇ ਦੁਆਰਕਾ ਨੂੰ ਜਾਈਦਾ ਹੈ। ਏਥੇ ਦੇ ਸ਼ਿਵਗਿਰੀ ਗੁਸਾਈਂ ਨੂੰ (ਜੋ ਓਸ ਦੇਸ ਦਾ ਗੁਰੂ ਬਣ ਰਿਹਾ ਸੀ) ਬਾਲਾ ਸੁੰਦਰੀ ਭੈਰਵੀ ਚੱਕ੍ਰ ਦੀ ਉਪਾਸਨਾ ਤੋਂ ਹਟਾ ਕੇ ਪ੍ਰਮਾਤਮਾ ਦੇ ਨਾਮ ਵਿੱਚ ਲਗਾਇਆ।

---

*ਏਹ ਦੁਆਰਕਾ ਕ੍ਰਿਸ਼ਨ ਜੀ ਤੇ ਓਨ੍ਹਾਂ ਦੇ ਪੜਪੋਤਰੇ ਬਜਰਨਾਭ ਦੀ ਰਾਜਧਾਨੀ ਸੀ, ਹੁਣ ਏਥੇ ਬੜੋਦੇ ਵਾਲੇ ਰਾਜੇ ਗਾਇਕਵਾੜ ਦਾ ਰਾਜ ਹੈ, ਜਿੱਥੇ ਗ੍ਰਿਸਤੀ ਤੋਂ ਪੰਜ ਰੁਪਏ ਲੈ ਕੇ ਨ੍ਹਾਵਣ ਦਿੰਦੇ ਹਨ। ਏਥੇ ਮੰਦਰ ਮੂਰਤਾਂ ਤਾਂ ਬਹੁਤ ਹਨ, ਪਰ ਸਤਸੰਗ ਭਜਨ ਦਾ ਨਾਮ ਨਿਸ਼ਾਨ ਨਹੀਂ। ਸ਼ੰਕਰਾਚਾਰਯ ਦਾ ਸ਼ਰਧਾ ਨਾਮੀ ਮੱਠ ਭੀ ਏਥੇ ਹੀ ਹੈ।

+ਏਸ ਰਾਮੜੇ ਪਿੰਡ ਠੇਕੇਦਾਰ ਚਾਰ ਪੈਸੇ ਲੈ ਕੇ ਸੰਖ ਚੱਕ੍ਰ ਗਦਾ ਪਦਮ ਏਨ੍ਹਾਂ ਦੇ ਚਿੰਨ੍ਹ ਧਾਤੂ ਦੇ ਬਣੇ ਹੋਏ ਅੱਗ ਵਿੱਚ ਲਾਲ ਕਰ ਕੇ ਜੈਸੇ ਪਸ਼ੂ ਨੂੰ ਦਾਗ਼ੀਦਾ ਹੈ ਓਸੇ ਤਰ੍ਹਾਂ ਅਗਿਆਨੀ ਜੀਵਾਂ ਦੇ ਛਾਤੀ ਤੇ ਡੌਲਿਆਂ ਪਰ ਦਾਗ਼ ਲਾਉਂਦੇ ਹਨ, ਬੈਰਾਗੀ ਫ਼ਕੀਰ ਤਾਂ ਦਗਾਏ ਬਿਨਾਂ ਚੌਂਕੇ ਭੀ ਨਹੀਂ ਚੜ੍ਹਦੇ ਅਤੇ ਕੰਨਪਾਟ ਫ਼ਕੀਰਾਂ ਵਾਂਗੂੰ ਦੋ ਦੋ ਚਾਰ ਚਾਰ ਮਹੀਨੇ ਕਸ਼ਟ ਸਹਾਰਦੇ ਤੇ ਮੱਖੀਆਂ ਝਲਦੇ ਰਹਿੰਦੇ ਹਨ।

*ਬੇਟ ਦੁਆਰਕਾ ਸਮੁੰਦਰ ਵਿੱਚ ੧੧ ਕੋਹ ਮੁਰੱਬਾ ਪਹਾੜੀ ਹੈ ਤੇ ਰਾਮੜੇ ਪਿੰਡ ਤੋਂ ਤਿੰਨ ਕੋਹ ਹੈ। ਏਥੇ ਹੀ ਕ੍ਰਿਸ਼ਨ ਜਰਾਸੰਧ ਰਾਜਾ ਦੇ ਭਜਾਏ ਹੋਏ ਜਾ ਰਹੇ ਸੇ। ਏਥੇ ਭੀ ਅਜਮੇਰੀ ਖਵਾਜੇ ਤੇ ਮਜਾਵਰਾਂ ਵਾਂਗੂੰ ਪੰਡਿਆਂ ਨੇ ਰੁਕਮਣੀ ਕ੍ਰਿਸ਼ਨ ਦੇ ਮੰਦਰ ਵਿੱਚ ਜਾਣ ਵਾਸਤੇ ਗੁਪਤ ਸੁਰੰਗ ਰੱਖੀ ਹੋਈ ਸੀ। ਜੋ ਧਨੀ ਯਾਤਰੂ ਜਾਂਦਾ ਓਸ ਨੂੰ ਪੰਡੇ ਆਖਦੇ ਜੀ ਅਸੀਂ ਬੇਦ ਮੰਤਰ ਜਪ ਕੇ ਕ੍ਰਿਸ਼ਨ ਜੀ ਨੂੰ ਪ੍ਰਸੰਨ ਕਰੀਏ ਤੇ ਓਹ ਤੇਰਾ ਪ੍ਰਸ਼ਾਦਿ ਛੱਕ ਲੈਣ ਤਾਂ ਸਾਨੂੰ ਕੀ ਦਿਓਗੇ। ਓਹ ਸ਼ਰਧਾਲੂ ਭਗਤ ਧਨ ਦੇਣਾ ਕਰ ਭੋਗ ਲਵਾਉਣ ਲਈ ਪ੍ਰਸ਼ਾਦਿ ਮੰਦਰ ਅੰਦਰ ਧਰ ਕੇ ਹੱਥ ਜੋੜ ਕ੍ਰਿਸ਼ਨ ਦਾ ਧਿਆਨ ਕਰਦੇ ਤੇ ਪੰਡੇ ਬੂਹਾ ਬੰਦ ਕਰ ਘੰਟੇ ਵਜਾਉਂਦੇ ਰਹਿੰਦੇ ਅਤੇ ਇੱਕ ਪੰਡਾ ਓਸ ਗੁਪਤ ਰਸਤੇ ਜਾ ਕੇ ਕ੍ਰਿਸ਼ਨ ਆਦਿਕ ਮੂਰਤਾਂ ਦੇ ਮੂੰਹ ਤੇ ਹੱਥਾਂ ਨੂੰ ਪ੍ਰਸਾਦ ਲਾ ਕੇ ਕੁਛ ਆਪ ਕੱਢ ਕਰ ਚਲਾ ਜਾਂਦਾ ਹੈ ਤੇ ਫਿਰ ਬੂਹਾ ਖੋਲ੍ਹ ਦਿੰਦੇ। ਮੂਰਤਾਂ ਦੇ ਮੂੰਹ ਤੇ ਹੱਥ ਲਿੱਬੜੇ ਹੋਏ ਦਿਖਾਇ ਕੇ ਜਾਤਰੂ ਨੂੰ ਪੰਡੇ ਖੂਬ ਲੁੱਟਦੇ। ਓਹ ਭਗਤ ਓਸ ਜੂਠ ਨੂੰ ਮਹਾਂ ਪਵਿੱਤ੍ਰ ਮੰਨ ਕੇ ਘਰ ਲੈ ਜਾ ਕੇ ਸਾਰੇ ਕੁਟੰਬ ਨੂੰ ਵਰਤਾ ਦਿੰਦਾ। ਏਹ ਭੇਦ ਸੰਮਤ ੧੯੧੪ ਬਿਕ੍ਰਮੀ ਵਿੱਚ ਤਾਂ ਖੁੱਲ੍ਹਿਆ ਜਾਂ ਓਥੇ ਪੂਰਬੀਏ ਆਕੀ ਹੋਏ ਤੇ ਓਨ੍ਹਾਂ ਨਾਲ ਹੋਰ ਬਾਂਗੇਰ ਜਾਤ ਦੇ ਲੋਕ ਭੀ ਬਿਗੜ ਗਏ (ਜਿਨ੍ਹਾਂ ਦੀ ਹਾਜ਼ਰੀ ਹੁਣ ਭੀ ਤਿੰਨ ਵਾਰੀ ਦਿਨ ਵਿੱਚ ਲਈ ਜਾਂਦੀ ਹੈ) ਤਦ ਸਰਕਾਰ ਅੰਗ੍ਰੇਜ਼ੀ ਨੇ ਓਨ੍ਹਾਂ ਨੂੰ ਮਾਰ ਕੇ ਕੱਢਿਆ ਤੇ ਕਿਲ੍ਹਾ ਢਾਹਿਆ ਤਾਂ ਸੁਇਨੇ ਦੇ ਲੱਠੇ ਤੇ ਬੇਸ਼ੁਮਾਰ ਦੌਲਤ ਓਸ ਵਿੱਚੋਂ ਨਿਕਲੀ। ਮੰਦਰ ਦੀ ਸੁਰੰਗ ਭੀ ਓਥੋਂ ਦੀ ਜ਼ਾਹਰ ਹੋਈ ਅਤੇ ਓਹ ਸੰਖ ਤਲਾਈ ਭੀ ਏਥੇ ਹੀ ਕਲਪੀ ਹੋਈ ਹੈ, ਜਿੱਥੋਂ ਸੰਖਾਸੁਰ ਮਾਰ ਕੇ ਬ੍ਰਹਮਾ ਬੇਦ ਲਿਆ ਕੇ ਦਿੱਤੇ ਸਨ। ਏਸੇ ਸੰਖ ਤਲਾਈ ਦੇ ਦੱਖਣ ਕੰਢੇ ਬਾਬੇ ਨਾਨਕ ਦੀ ਜਗ੍ਹਾ ਮਸ਼ਹੂਰ ਹੈ। ਏਥੇ ਹੀ ਰਾਜਾ ਚੰਦੂ ਲਾਲ ਤੇ ਓਸ ਦੇ ਬੇਟੇ ਬਾਲ ਪ੍ਰਸ਼ਾਦ ਨੇ ਦੋ ਸਦਾ ਬਰਤ ਲਗਾਈ ਰੱਖੇ ਸੇ। ਪਹਿਲੇ ਕਰਣ ਦਾਸ ਮਹੰਤ ਸੀ ਹੁਣ ਚੇਤ ਦਾਸ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਹੁੰਦਾ ਹੈ, ਗੁਜਾਰਾ ਮੰਦਰ ਵੱਲੋਂ ਹੈ, ਰਾਤ ਨੂੰ ਖੀਰ ਪਰਾਉਂਠੇ ਦਾ ਭੋਗ ਲੱਗ ਕੇ ਥਾਲ ਮਿਲਦਾ ਹੈ, ਜਿਸ ਨਾਲ ਪੰਜ ਛੇ ਸਾਧੂ ਰੱਜ ਸਕਦੇ ਹਨ।

*ਏਸੇ ਰਣ ਵਿੱਚ ਇੱਕ ਵਾਰੀ ਕੁਤਬਦੀਨ ਏਬਕ ਬਾਦਸ਼ਾਹ ਲਸ਼ਕਰ ਸਮੇਤ ਰਾਹ ਭੁੱਲ ਕੇ ਜਾ ਵੜਿਆ ਤੇ ਕਈ ਮਹੀਨੇ ਭੁੱਲਾ ਹੀ ਫਿਰਦਾ ਰਿਹਾ, ਬਹੁਤ ਘੋੜੇ ਜਵਾਨ ਮਰ ਗਏ। ਏਹ ਰਣ ਸਮੁੰਦਰ ਕਿਨਾਰੇ ਸੈਂਕੜੇ ਕੋਹਾਂ ਵਿੱਚ ਲੂਣ ਹੀ ਲੂਣ ਪਿਆ ਹੈ। ਦਰੱਖਤ, ਘਾਸ, ਬੂਟੀ, ਪਸ਼ੂ, ਪੰਛੀ, ਕੁੱਝ ਨਜ਼ਰ ਨਹੀਂ ਆਉਂਦਾ॥

ਏਸ ਦੀ ਗੱਦੀ ਦਾ ਮਹੰਤ ਗੰਗਾਗਿਰ ਗੁਸਾਈਂ ਹੁਣ ਭੀ ਆਪ ਨੂੰ ਸਰਕਾਰ ਸਦਾਉਂਦਾ ਹੈ ਪਰ ਗੁਰੂ ਜੀ ਦੀ ਕ੍ਰਿਪਾ ਨਾਲ ਹੁਣ ਓਨ੍ਹਾਂ ਦਾ ਸੇਵਕ ਬਾਮੀ ਕੋਈ ਨਹੀਂ ਰਿਹਾ।

ਓਥੋਂ ਅੱਗੇ ਲਖਪਤ, ਭੁਜ ਸ਼ਹਿਰ, ਕੱਛ ਦੇਸ ਥਾਣੀਂ ਆਸਾ ਪੁਰੀ (ਜੋ ਓਸ ਦੇਸ ਵਿੱਚ ਉੱਘਾ ਤੇ ਪੂਜ ਹੈ) ਜਾ ਠਹਿਰੇ। ਏਸ ਜਗ੍ਹਾ ਕਾਪੜੀਆ ਪੰਥ ਦੇ ਬਾਮ ਮਾਰਗੀ ਸੰਤ ਹਨ। ਬਾਬੇ ਜੀ ਨੇ ਅਕਾਲ ਪੁਰਖ ਦਾ ਨਾਮ ਜਪਣ ਲਾਏ। ਓਥੋਂ ਕੋਸ ਕੋਸ ਚੁਫੇਰੇ ਕਾਲੀ ਜੇਹੀ ਮਿੱਟੀ ਦਾ ਐਸਾ ਖਮੀਰ ਹੈ ਜਿਸ ਨੂੰ ਅੱਗ ਉੱਪਰ ਪਾਈਏ ਤਾਂ ਓਹ ਸੁੰਦਰ ਸੁਗੰਧਿ ਵਾਲੀ ਧੂਪ ਬਣ ਜਾਂਦੀ ਹੈ ਤੇ ਧੂਪ ਵਾਂਗਰ ਹੀ ਧੁਖਦੀ ਰਹਿੰਦੀ ਹੈ।

ਓਥੋਂ ਅੱਗੇ ਭੀਮ ਉਡਜਾਰ ਤੀਰਥ ਦੇ ਪੰਡਜਾਂ ਨੂੰ ਸੁਮੱਤਿ ਦੇ ਕੇ ਨਾਰਾਯਣ ਸਰੋਵਰ ਪਰ ਜਾ ਬਿਰਾਜੇ। ਓਸ ਦੇਸ ਦੇ ਸਭ ਲੋਗ ਗਯਾ ਵਾਂਗੂੰ ਏਸੇ ਸਰੋਵਰ ਪਰ ਜਾ ਕੇ ਪਿੰਡ ਭਰਾਉਂਦੇ ਤੇ ਗਯਾ ਕਰਾਉਂਦੇ ਹਨ। ਬੈਸ਼ਨੋ ਲੋਕ ਏਥੋਂ ਦੀ ਛਾਪ ਦਾ ਦਾਗ਼ ਛਾਤੀ ਉੱਪਰ ਪਵਾਉਂਦੇ ਹਨ। ਏਸੇ ਤਰ੍ਹਾਂ ਕੂਟੇਸ਼੍ਵਰ ਮਹਾਂਦੇਵ ਦੇ ਮੰਦਰ ਦੀ ਛਾਪ ਸ਼ੈਵ ਲੋਗ ਹਿੰਗਲਾਜ ਪਰਸ ਕੇ ਪੌਂਚੇ ਉੱਪਰ ਲਗਵਾਉਂਦੇ ਹਨ, ਜੇਹੜੇ ਦਾਗ਼ ਕਦੇ ਨਹੀਂ ਮਿਟਦੇ। ਗੁਰੂ ਸਾਹਿਬ ਨੇ ਓਨ੍ਹਾਂ ਨੂੰ ਇਸ ਕਰਮ ਦਾ ਫ਼ਲ ਸਿਵਾਇ ਕਸ਼ਟ ਤੋਂ ਹੋਰ ਕੁਛ ਨਾ ਪ੍ਰਾਪਤ ਹੁੰਦਾ ਦੱਸ ਕੇ ਸੱਚਾ ਉਪਦੇਸ਼ ਕੀਤਾ।

ਮੁਲਤਾਨ ਨੂੰ ਆਵਣਾ

ਫੇਰ ਅਨੇਕ ਤੀਰਥਾਂ ਸ਼ਹਿਰਾਂ ਨੂੰ ਦੇਖਦੇ ਹੋਏ ਮਿੱਠੇ ਸਿੰਧ ਦੇ ਕਿਨਾਰੇ ਕਿਨਾਰੇ ਧਰਣੀਧਰ ਦੀ ਝਾੜੀ ਵਿੱਚੋਂ ਅਮਰਕੋਟ ਆਦਿਕ ਸ਼ਹਿਰ ਥਲਾਂ ਦੇਸ਼ਾਂ ਦਾ ਝਾਕਾ ਲੈਂਦੇ ਹੋਏ ਅਹਿਮਦਪੁਰ, ਬਹਾਵਲਪੁਰ ਦਾ ਰਾਜ ਤੇ ਸਤਲੁਜ ਲੰਘ ਕੇ ਸੂਜਾਵਾਦ, ਸ਼ੇਰ ਸ਼ਾਹ ਆਦਿਕ ਕਸਬੇ ਦੇਖ {ਉੱਚ ਨਗਰ} ਉੱਚ ਵਾਲੇ ਪੀਰ* ਸੱਯਦ ਅਹਿਮਦ ਹਸਨ ਜਲਾਲਦੀਨ ਨਾਲ ਗੋਸ਼ਟ ਕਰ ਫਤੇ ਪਾਈ। ਫੇਰ ਮੁਲਤਾਨ ਵਿੱਚ ਜਾ ਕੇ ਪ੍ਰਹਿਲਾਦ ਭਗਤ ਦਾ ਅਸਥਾਨ ਦੇਖਿਆ ਤੇ ਸ਼ਮਸਤਬ੍ਰੇਜ਼ ਆਦਿਕ ਪੀਰਾਂ ਦੇ ਮਕਾਨ ਦੇਖ ਦਰਿਆ ਦੇ ਨਜ਼ਦੀਕ ਜਾ ਬੈਠੇ। ਮੁਲਤਾਨ ਦੇ ਰਹਿਣ ਵਾਲਜਾਂ ਪੀਰਾਂ ਨੇ {ਮੁਲਤਾਨ ਦੇ ਪੀਰ} ਜਦ ਗੁਰੂ ਸਾਹਿਬ ਦਾ ਆਗਮਨ ਸੁਣਿਆ ਤਾਂ ਇੱਕ ਪਯਾਲਾ ਦੁੱਧ ਦਾ ਭਰ ਕੇ ਘੱਲ ਦਿੱਤਾ ਜਿਸ ਵਿੱਚ ਬਾਬਾ ਜੀ ਨੇ ਪਤਾਸੇ ਪਾ ਉੱਪਰ ਫ਼ੁੱਲ ਰੱਖ ਮੋੜ ਭੇਜਿਆ। ਤਾਂ ਮਰਦਾਨੇ ਨੇ ਆਖਿਆ, "ਜੀ! ਦੁੱਧ ਪੁੱਤ ਆਏ ਹੋਏ ਭੀ ਕਦੇ ਕਿਸੇ ਨੇ ਮੋੜੇ ਹਨ? ਤੁਸੀਂ ਮੈਨੂੰ ਹੀ ਦੇ ਛੱਡਦੇ।" ਗੁਰੂ ਜੀ ਬੋਲੇ, "ਮਰਦਾਨਿਆ! ਕਰਤਾਰ ਤੁਹਾਨੂੰ ਹੋਰ ਦੁੱਧ ਘੱਲ ਦੇਸੀ। ਏਸ ਦੁੱਧ ਵਿੱਚ ਕਾਈ ਗੱਲ ਸੀ।" ਮਰਦਾਨੇ ਆਖਿਆ, "ਜੀ! ਓਹ ਕੀ ਗੱਲ ਹੈ?" ਗੁਰੂ ਜੀ ਨੇ ਆਖਿਆ, "ਮਰਦਾਨਿਆ! ਮੁਲਤਾਨੀ ਪੀਰਾਂ ਫ਼ਕੀਰਾਂ ਨੇ ਇਹ ਜਤਾਯਾ ਸੀ ਕਿ ਮੁਲਤਾਨ ਪੀਰਾਂ ਫ਼ਕੀਰਾਂ ਨਾਲ ਏਸ ਪਜਾਲੇ ਵਾਂਗੂੰ ਪਹਿਲੇ ਹੀ ਭਰਪੂਰ ਹੈ। ਤੁਸੀਂ ਕਿੱਥੇ ਰਹੋਗੇ? ਅਸਾਂ ਪਤਾਸੇ ਪਾ ਫ਼ੁੱਲ ਰੱਖ ਏਹ ਜਤਾਯਾ ਹੈ ਕਿ ਅਸੀਂ ਤੁਹਾਡੇ ਵਿੱਚ ਮਿੱਠੇ ਬਣ ਕੇ ਫ਼ੁੱਲ ਦੀ ਤਰ੍ਹਾਂ ਸਭ ਦੇ ਉੱਪਰ ਰਹਾਂਗੇ।" ਏਹ ਗੱਲ ਸੁਣ ਕੇ ਮਰਦਾਨੇ ਰਬਾਬ ਵਜਾਯਾ ਤੇ ਬਾਬੇ ਸ਼ਬਦ ਉਠਾਯਾ:

ਜੈਸੇ ਜਲ ਮਹਿ ਕਮਲੁ ਨਿਰਾਲਮੁ ਮੁਰਗਾਈ ਨੈ ਸਾਣੇ ॥
ਸੁਰਤਿ ਸਬਦਿ ਭਵ ਸਾਗਰੁ ਤਰੀਐ ਨਾਨਕ ਨਾਮੁ ਵਖਾਣੇ ॥
ਰਹਹਿ ਇਕਾਂਤਿ ਏਕੋ ਮਨਿ ਵਸਿਆ ਆਸਾ ਮਾਹਿ ਨਿਰਾਸੋ ॥
ਅਗਮੁ ਅਗੋਚਰੁ ਦੇਖਿ ਦਿਖਾਏ ਨਾਨਕੁ ਤਾ ਕਾ ਦਾਸੋ ॥੫॥

(ਰਾਮਕਲੀ, ਮਃ ੧ - ੯੩੮)

ਏਤਨੇ ਚਿਰ ਨੂੰ ਪੀਰ ਬਹਾਵਲਹਕ, ਸ਼ਾਹਸ਼ਰਫ, ਸੱਯਦ ਅਬਦੁਲ ਕਾਦਰੀ, ਸਦਾ ਸੁਹਾਗਨ, ਰਤਨ ਨਾਥ ਜੋਗੀ, ਸਹਿਜੂ ਭਗਤ ਆਦਿਕ ਨੇ ਬਾਬੇ ਨੂੰ ਸਲਾਮਾਲੇਕਮ ਆਦੇਸ਼ ਕੀਤਾ। ਬਾਬੇ ਜੀ ਨੇ ਭੀ ਸੱਤ ਕਰਤਾਰ ਉਚਾਰ ਦਸਤ ਪੰਜਾ ਲੈ ਸਭ ਨੂੰ ਬਠਾਯਾ ਤੇ ਏਹ ਸ਼ਬਦ ਉਠਾਯਾ:

ਸੂਹੀ ਮਹਲਾ ੫ ਘਰੁ ੩
ੴ ਸਤਿਗੁਰ ਪ੍ਰਸਾਦਿ ॥
ਸੇਵਾ ਥੋਰੀ ਮਾਗਨੁ ਬਹੁਤਾ ॥ ਮਹਲੁ ਨ ਪਾਵੈ ਕਹਤੋ ਪਹੁਤਾ ॥੧॥
ਜੋ ਪ੍ਰਿਅ ਮਾਨੇ ਤਿਨ ਕੀ ਰੀਸਾ ॥ ਕੂੜੇ ਮੂਰਖ ਕੀ ਹਾਠੀਸਾ ॥੧॥ ਰਹਾਉ ॥
ਭੇਖ ਦਿਖਾਵੈ ਸਚੁ ਨ ਕਮਾਵੈ ॥ ਕਹਤੋ ਮਹਲੀ ਨਿਕਟਿ ਨ ਆਵੈ ॥੨॥
ਅਤੀਤੁ ਸਦਾਏ ਮਾਇਆ ਕਾ ਮਾਤਾ ॥ ਮਨਿ ਨਹੀ ਪ੍ਰੀਤਿ ਕਹੈ ਮੁਖਿ ਰਾਤਾ ॥੩॥
ਕਹੁ ਨਾਨਕ ਪ੍ਰਭ ਬਿਨਉ ਸੁਨੀਜੈ ॥ ਕੁਚਲੁ ਕਠੋਰੁ ਕਾਮੀ ਮੁਕਤੁ ਕੀਜੈ ॥੪॥
ਦਰਸਨ ਦੇਖੇ ਕੀ ਵਡਿਆਈ ॥
ਤੁਮ੍ ਸੁਖਦਾਤੇ ਪੁਰਖ ਸੁਭਾਈ ॥੧॥ ਰਹਾਉ ਦੂਜਾ ॥੧॥੭॥

(ਸੂਹੀ, ਮਃ ੫ - ੭੩੮)

---

*ਉੱਚਾ ਕਸਬਾ ਅਨਾਯਤੁਲਾ ਝੰਗ ਦੇ ਰਾਜਾ ਨੇ ਸੰਮਤ ੧੫੨੦ ਬਿਕ੍ਰਮੀ ਵਿੱਚ ਬਸਾਯਾ ਸੀ ਜਿਸ ਵਿੱਚ ਸੱਯਦ ਅਹਿਮਦ ਹਸਨ ਪੀਰ ਦੀ ਉਲਾਦ ਬਹੁਤ ਹੈ ਤੇ ਓਹ ਭੀ ਸੰਮਤ ੧੫੬੩ ਬਿਕ੍ਰਮੀ ਵਿੱਚ ਓਥੇ ਹੀ ਗੁਜ਼ਰਿਆ ਹੈ। ਉੱਚੀ ਜਗ੍ਹਾ ਥੇਹ ਪਰ ਬਸਣੇ ਕਰ ਉੱਚ ਨਾਮ ਮਸ਼ਹੂਰ ਹੋ ਗਿਆ। ਏਸੇ ਪਿੰਡ ਦੇ ਪੀਰ ਗੁਰੂ ਗੋਬਿੰਦ ਸਿੰਘ ਜੀ ਸਦਾਏ ਸੇ।

ਏਹ ਸ਼ਬਦ ਸੁਣ ਕੇ ਸਭ ਦੀ ਧਰ ਠਿਕਾਣੇ ਹੋ ਗਈ ਤੇ ਜੋ ਫ਼ਕੀਰੀ ਦੇ ਅੜੰਗ ਬੜੰਗ ਪੁੱਛਣ ਲਈ ਗਿਣ ਕੇ ਆਏ ਸੇ ਸਭ ਭੁੱਲ ਗਏ। ਧਰਮ, ਕਰਮ, ਉਪਾਸਨਾ, ਗਿਆਨ ਦੀ ਚਰਚਾ ਕਰ ਬਾਬੇ ਜੀ ਨੇ ਪਰਮਾਨੰਦ ਦੀ ਨਦੀ ਵਗਾ ਦਿੱਤੀ ਜਿਸ ਵਿੱਚ ਓਨ੍ਹਾਂ ਮਲਾਹਾਂ ਸਮੇਤ ਸਤਸੰਗੀ ਭੀ ਮਗਨ ਹੋ ਗਏ। ਸੱਚ ਹੈ:

ਜਿਸੁ ਸਿਮਰਤ ਮਨਿ ਹੋਤ ਅਨੰਦਾ ਉਤਰੈ ਮਨਹੁ ਜੰਗੀਲਾ ॥
ਮਿਲਬੇ ਕੀ ਮਹਿਮਾ ਬਰਨਿ ਨ ਸਾਕਉ ਨਾਨਕ ਪਰੈ ਪਰੀਲਾ ॥੨॥੪॥੧੩॥

(ਗੂਜਰੀ, ਮਃ ੫ - ੪੯੮)

ਜਦ ਬਾਬਾ ਜੀ ਮੁਲਤਾਨੋਂ* ਚੱਲ ਕੇ ਫਾਜ਼ਲਸ਼ਾਹ ਪਿੰਡ ਦੇ ਨੇੜੇ ਢੁੱਕੇ ਤਾਂ ਇੱਕ ਫਰੀਦ ਨਾਮੇ, ਜੋ ਬਾਬੇ ਦੀ ਮਹਿਮਾ ਸੁਣ ਕੇ ੪੦ ਕੋਹ ਤੋਂ ਦਰਸ਼ਨ ਕਰਨ ਲਈ ਚੱਲਿਆ ਸੀ; ਆ ਪਹੁੰਚਿਆ। ਬਾਬਾ ਜੀ ਇੱਕ ਟਾਲ੍ਹੀ ਦੇ ਦਰੱਖਤ ਹੇਠ ਜਾ ਬੈਠੇ। ਜੋ ਜੋ ਪ੍ਰਸ਼ਨ ਫਰੀਦ ਜੀ ਨੇ ਕੀਤੇ, ਸਭ ਦਾ ਉੱਤਰ ਬਾਬਾ ਜੀ ਨੇ ਦਿੱਤਾ। ਜਿਸ ਕਰ ਕੇ ਫੇਰ ਉਹ ਓਥੇ ਹੀ ਬੈਠਾ ਰਹਿ ਗਿਆ ਤੇ ਉਸ ਪਿੰਡ ਦਾ ਨਾਮ ਭੀ ਉਸੇ ਦੇ ਨਾਮ ਪਰ ਫਰੀਦ ਵਾਲਾ ਪੈ ਗਿਆ। ਉਹ ਅੱਠ ਮੁੱਢੀ ਟਾਹਲੀ ਭੀ ਝੰਗੀ ਵਿੱਚ ਮਸ਼ਹੂਰ ਹੈ। ਰਾਵੀ ਤੇ ਝਨਾਉਂ ਦੋਵੇਂ ਇਸ ਪਿੰਡ ਤੋਂ ਨੇੜੇ ਨੇੜੇ ਹਨ।

*ਮੁਲਤਾਨ ਮੋਲਤ ਰਾਜਾ ਨੇ ਬਸਾਇਆ ਸੀ ਜਿਸ ਦੀ ਸੰਤਾਨ ਹਿਰਨਕੱਸ਼ਪ ਰਾਜਾ ਪ੍ਰਹਿਲਾਦ ਦਾ ਬਾਪ ਕ੍ਰਿਸ਼ਨ ਵਾਂਗੂੰ ਆਪ ਨੂੰ ਹੀ ਪ੍ਰਮੇਸ਼ਰ ਸਦਾਉਂਦਾ ਸੀ। ਪ੍ਰਹਿਲਾਦ ਈਸ਼ਰ ਦੀ ਉਪਾਸਨਾ ਕਰਦਾ ਸੀ। ਏਸ ਨੂੰ ਦੁੱਖ ਦਿੱਤਾ ਤਾਂ ਨਰਸਿੰਘ ਜੀ ਨੇ ਓਸ ਨੂੰ ਮਾਰ ਸਿੱਟਿਆ। ਇਲਮ ਤਬਈ ਵਾਲੇ ਆਖਦੇ ਹਨ ਓਹ ਅੱਧਾ ਸ਼ੇਰ, ਅੱਧਾ ਆਦਮੀ ਨਹੀਂ ਸੀ। ਨਰਸਿੰਘ ਨਾਮੀ ਇੱਕ ਬਹਾਦੁਰ ਆਦਮੀ ਤੋਂ ਪ੍ਰਹਿਲਾਦ ਦੇ ਪੱਖੀ ਵਜ਼ੀਰਾਂ ਨੇ ਮਰਵਾ ਦਿੱਤਾ ਸੀ।

ਮੁਲਤਾਨੋਂ ਸੁਲਤਾਨਪੁਰ ਵੱਲ ਮੁੜਨਾ

ਉਥੋਂ ਸ਼ੇਰਕੋਟ ਪਿੰਡ ਪਾਸ ਦੀ ਰਾਮਚੌਧਰੇ+ ਆ ਬੈਠੇ, ਅਤੇ ਕੋਟ ਕਮਾਲੀਆ, ਸੇਖ ਮੂਸੇ ਦੀ ਪਿੰਡੀ, ਝੰਗਸਿਆਲ ਦੇ ਪਰਗਣੇ ਥਾਣੀਂ ਤੁਲੰਭੇ ਸ਼ਹਿਰ ਦੇ ਬਾਹਰ ਠਾਕਰਦੁਆਰੇ ਵਿਖੇ ਜਾ ਉੱਤਰੇ। ਇੱਥੇ ਇੱਕ {ਸੱਜਣ ਠਗ} ਸੱਜਨ ਠੱਗ ਨਾਮ ਵਸਦਾ ਸੀ। ਉਸ ਨੇ ਮਰਦਾਨੇ ਤੋਂ ਗੁਰੂ ਨਾਨਕ ਜੀ ਦੇ ਸਫਰ ਦੀ ਸ਼ਿਵਨਾਭ ਵਰਗੇ ਰਾਜਿਆਂ ਦੇ ਸਿੱਖ ਬਣਨ ਦੀ ਕਥਾ ਸੁਣ ਕੇ ਸਮਝਿਆ ਜੋ ਇਹ ਹੀਰਾ ਮੋਤੀ ਖੱਟ ਕੇ ਲਿਆਏ ਹਨ। ਸੋ ਮਰਦਾਨੇ ਦੇ ਲੱਕ ਨਾਲ ਭੀ ਜ਼ਰੂਰ ਹੋਸੀ। ਇਸੇ ਲਈ ਉਸ ਨਾਲ ਮਿੱਠੀਆਂ ਮਿੱਠੀਆਂ ਗੱਲਾਂ ਕਰ ਕੇ ਆਪਣੇ ਘਰ ਲੈ ਗਿਆ ਤੇ ਮੁਸ਼ਕਾਂ ਚੜ੍ਹਾ ਕੇ ਲੱਤਾਂ ਮੁੱਕੀਆਂ ਦੀ ਸੇਵਾ ਕਰ ਕੇ ਪੁੱਛਣ ਲੱਗਾ, "ਦਸ ਧਨ ਕਿੱਥੇ ਹਈ?" ਤਦੋਂ ਨੂੰ ਗੁਰੂ ਜੀ ਨੇ ਆਖਯਾ, "ਭਾਈ ਬਾਲਾ! ਮਰਦਾਨਾ ਅਜੇ ਤੱਕ ਨਹੀਂ ਆਯਾ। ਚਲੋ ਨਗਰ ਵਿੱਚ ਚੱਲ ਕੇ ਦੇਖੀਏ।" ਜਾਂ ਪਿੰਡ ਵਿੱਚ ਗਏ ਤਾਂ ਮਰਦਾਨਾ ਭੀ (ਜੋ ਉਸ ਨੂੰ ਛੱਡ ਦਿੱਤਾ ਸੀ) ਭੈੜੇ ਹਾਲ ਆ ਮਿਲਿਆ। ਤਦ ਗੁਰੂ ਜੀ ਨੇ ਸੱਜਨ ਠੱਗ ਦੇ ਪ੍ਰਥਾਇ ਸ਼ਬਦ ਉਚਾਰਿਆ:

ਸੂਹੀ ਮਹਲਾ ੧ ਘਰੁ ੬
ੴ ਸਤਿਗੁਰ ਪ੍ਰਸਾਦਿ ॥
ਉਜਲੁ ਕੈਹਾ ਚਿਲਕਣਾ ਘੋਟਿਮ ਕਾਲੜੀ ਮਸੁ ॥
ਧੋਤਿਆ ਜੂਠਿ ਨ ਉਤਰੈ ਜੇ ਸਉ ਧੋਵਾ ਤਿਸੁ ॥੧॥
ਸਜਣ ਸੇਈ ਨਾਲਿ ਮੈ ਚਲਦਿਆ ਨਾਲਿ ਚਲੰਨ੍ਹਿ ॥
ਜਿਥੈ ਲੇਖਾ ਮੰਗੀਐ ਤਿਥੈ ਖੜੇ ਦਿਸੰਨਿ ॥੧॥ ਰਹਾਉ ॥
ਕੋਠੇ ਮੰਡਪ ਮਾੜੀਆ ਪਾਸਹੁ ਚਿਤਵੀਆਹਾ ॥
ਢਠੀਆ ਕੰਮਿ ਨ ਆਵਨ੍ਹੀ ਵਿਚਹੁ ਸਖਣੀਆਹਾ ॥੨॥
ਬਗਾ ਬਗੇ ਕਪੜੇ ਤੀਰਥ ਮੰਝਿ ਵਸੰਨ੍ਹਿ ॥
ਘੁਟਿ ਘੁਟਿ ਜੀਆ ਖਾਵਣੇ ਬਗੇ ਨਾ ਕਹੀਅਨ੍ਹਿ ॥੩॥
ਸਿੰਮਲ ਰੁਖੁ ਸਰੀਰੁ ਮੈ ਮੈਜਨ ਦੇਖਿ ਭੁਲੰਨ੍ਹਿ ॥
ਸੇ ਫਲ ਕੰਮਿ ਨ ਆਵਨ੍ਹੀ ਤੇ ਗੁਣ ਮੈ ਤਨਿ ਹੰਨ੍ਹਿ ॥੪॥
ਅੰਧੁਲੈ ਭਾਰੁ ਉਠਾਇਆ ਡੂਗਰ ਵਾਟ ਬਹੁਤੁ ॥
ਅਖੀ ਲੋੜੀ ਨਾ ਲਹਾ ਹਉ ਚੜਿ ਲੰਘਾ ਕਿਤੁ ॥੫॥
ਚਾਕਰੀਆ ਚੰਗਿਆਈਆ ਅਵਰ ਸਿਆਣਪ ਕਿਤੁ ॥
ਨਾਨਕ ਨਾਮੁ ਸਮਾਲਿ ਤੂੰ ਬਧਾ ਛੁਟਹਿ ਜਿਤੁ ॥੬॥੧॥੩॥

(ਸੂਹੀ, ਮਃ ੧ - ੭੨੯)

ਏਹ ਸਾਰਾ ਸ਼ਬਦ ਸੁਣ ਕੇ ਠੱਗ ਤਾਂ ਬਾਬੇ ਜੀ ਦੇ ਚਰਨਾਂ ਪਰ ਢਹਿ ਪਿਆ ਤੇ ਲੱਗਾ ਦੰਦੀਆਂ ਵਿਲਕਣ। ਆਖੇ, "ਮੈਂ ਭੁੱਲਾ ਹਾਂ, ਮੈਨੂੰ ਬਖ਼ਸ਼ੋ!" ਕ੍ਰਿਪਾਲੂ ਬਾਬੇ ਨੇ ਉਸ ਨੂੰ ਉਪਦੇਸ਼ ਦੇ ਕੇ ਸੁਕ੍ਰਿਤ ਕਰਨ ਲਗਾਯਾ ਅਤੇ ਹੋਰ ਅਜਿਹੇ ਅਨੇਕਾਂ ਦੀ ਕਲਯਾਨ ਕਰਦੇ ਹੋਏ ਚੜ੍ਹਦੇ ਭਾਦ੍ਰੋਂ ਸੰਮਤ ੧੫੭੨ ਬਿਕ੍ਰਮੀ ਨੂੰ ਆਪਣੇ ਜਨਮਸਥਾਨ {ਤਲਵੰਡੀ ਪਹੁੰਚੇ} ਤਲਵੰਡੀ ਵਿੱਚ ਆਣ ਕੇ ਸੰਬੰਧੀਆਂ ਨੂੰ ਦਰਸ਼ਨ ਦੇ ਨਿਹਾਲ ਕੀਤਾ। ਰਾਇਬੁਲਾਰ ਜੋ ਏਨ੍ਹਾਂ ਦਾ ਪ੍ਰੇਮੀ ਸੇਵਕ ਸੀ ਓਸ ਦੇ ਬੀਮਾਰ ਹੋਣੇ ਕਰ ਕੇ ਓਸ ਨੂੰ ਓਸ ਦੇ ਘਰ ਜਾ ਕੇ ਦਰਸ਼ਨ ਦਿੱਤਾ। ਓਸ ਨੇ ਬਹੁਤ ਸਤਕਾਰ ਕੀਤਾ। ਤਦ ਬਾਬੇ ਜੀ ਨੇ ਆਖਯਾ, "ਹੁਣ ਥੋੜ੍ਹੇ ਦਿਨ ਬਾਕੀ ਸਨ। ਸੰਸਾਰ ਦਾ ਮੋਹ ਛੱਡ ਕੇ ਕਰਤਾਰ ਦਾ ਧਯਾਨ ਕਰੋ।" ਰਾਇ ਨੇ ਚਰਨ ਫੜ ਲਏ ਤੇ ਬੇਨਤੀ ਕੀਤੀ ਜੋ ਅੰਤ ਦੇ ਦਿਨ ਤੱਕ ਏਥੇ ਹੀ ਦਰਸ਼ਨ ਦਿਓ। ਬਾਬਾ ਜੀ ਓਸ ਦਾ ਬਚਨ ਮੰਨ ਕੇ ੧੩ ਦਿਨ ਤਲਵੰਡੀ ਵਿਖੇ ਹੀ ਰਹੇ

+ਇੱਥੇ ਕਿਸੇ ਸਮੇਂ ਰਾਮਚੰਦ੍ਰ, ਲਛਮਨ ਤੇ ਸੀਤਾ ਆਏ ਸਨ, ਉਥੇ ਪੱਕੇ ਥੜੇ ਬਣੇ ਹੋਏ ਹਨ। ਪਿੱਪਲ ਤੇ ਬੋਹੜ ਦੇ ਬਹੁਤ ਪੁਰਾਣੇ ਪੁਰਾਣੇ ਰੁੱਖ ਇੱਥੇ ਹਨ ਜੋ ਸੀਤਾ ਦੇ ਕਹਾਉਂਦੇ ਹਨ ਅਤੇ ਹਰ ਸੰਕ੍ਰਾਂਤ ਨੂੰ ਹਿੰਦੂ ਲੋਕ ਇਸ਼ਨਾਨ ਦਾਨ ਕਰਨ ਜਾਂਦੇ ਹਨ।

ਅਤੇ ਰਾਇ ਨੇ ਅੰਤ ਸਮੇਂ {ਰਾਇ ਬੁਲਾਰ ਮ੍ਰਿਤੂ} ਸ੍ਰੀ ਗੁਰੂ ਜੀ ਦਾ ਦਰਸ਼ਨ ਕਰ ਸਾਯੁਜ ਮੁਕਤੀ ਹਾਸਲ ਕੀਤੀ।

ਭਾਈ ਮਰਦਾਨਾ ਤਾਂ ਬਾਬੇ ਜੀ ਤੋਂ ਆਗਿਆ ਲੈ ਕੇ ਆਪਣੇ ਘਰ ਤਲਵੰਡੀ ਹੀ ਰਹਿ ਗਿਆ ਤੇ ਬਾਬਾ ਜੀ ਬੇਬੇ ਨਾਨਕੀ ਜੀ ਦੇ (ਜੋ ਏਹਨਾਂ ਦੀ ਭੈਣ ਸੀ) ਯਾਦ ਕਰਨੇ ਪਰ ਸੁਲਤਾਨਪੁਰ ਵਿਖੇ ਪਹੁੰਚ ਗਏ। ਬਾਬੇ ਦਾ ਆਵਣਾ ਸੁਣ ਕੇ ਦੌਲਤਖਾਨ ਨਵਾਬ ਲੋਦੀ ਨੇ ਬਹੁਤ ਖ਼ੁਸ਼ੀ ਮਨਾਈ ਤੇ ਦਰਸ਼ਨ ਕਰ ਕੇ ਬੇਨਤੀ ਕੀਤੀ, "ਮਹਾਰਾਜ! ਆਪ ਨੇ ਬਹੁਤ ਸੈਲ ਕਰ ਲਈ ਹੈ, ਹੁਣ ਏਥੇ ਹੀ ਟਿਕੋ।" ਅਸੀਂ ਹਰ ਪ੍ਰਕਾਰ ਦੀ ਸੇਵਾ ਕਰਾਂਗੇ। ਤਦ ਬਾਬੇ ਜੀ ਨੇ ਸ਼ਬਦ ਬੋਲਿਆ:

ਗਉੜੀ ਮਹਲਾ ੧ ॥
ਕਿਰਤੁ ਪਇਆ ਨਹ ਮੇਟੈ ਕੋਇ ॥
ਕਿਆ ਜਾਣਾ ਕਿਆ ਆਗੈ ਹੋਇ ॥
ਜੋ ਤਿਸੁ ਭਾਣਾ ਸੋਈ ਹੂਆ ॥
ਅਵਰੁ ਨ ਕਰਣੈ ਵਾਲਾ ਦੂਆ ॥੧॥
ਨਾ ਜਾਣਾ ਕਰਮ ਕੇਵਡ ਤੇਰੀ ਦਾਤਿ ॥
ਕਰਮੁ ਧਰਮੁ ਤੇਰੇ ਨਾਮ ਕੀ ਜਾਤਿ ॥੧॥ ਰਹਾਉ ॥
ਤੂ ਏਵਡੁ ਦਾਤਾ ਦੇਵਣਹਾਰੁ ॥
ਤੋਟਿ ਨਾਹੀ ਤੁਧੁ ਭਗਤਿ ਭੰਡਾਰ ॥
ਕੀਆ ਗਰਬੁ ਨ ਆਵੈ ਰਾਸਿ ॥
ਜੀਉ ਪਿੰਡੁ ਸਭੁ ਤੇਰੈ ਪਾਸਿ ॥੨॥
ਤੂ ਮਾਰਿ ਜੀਵਾਲਹਿ ਬਖਸਿ ਮਿਲਾਇ ॥
ਜਿਉ ਭਾਵੀ ਤਿਉ ਨਾਮੁ ਜਪਾਇ ॥
ਤੂੰ ਦਾਨਾ ਬੀਨਾ ਸਾਚਾ ਸਿਰਿ ਮੇਰੈ ॥
ਗੁਰਮਤਿ ਦੇਇ ਭਰੋਸੈ ਤੇਰੈ ॥੩॥
ਤਨ ਮਹਿ ਮੈਲੁ ਨਾਹੀ ਮਨੁ ਰਾਤਾ ॥
ਗੁਰ ਬਚਨੀ ਸਚੁ ਸਬਦਿ ਪਛਾਤਾ ॥
ਤੇਰਾ ਤਾਣੁ ਨਾਮ ਕੀ ਵਡਿਆਈ ॥
ਨਾਨਕ ਰਹਣਾ ਭਗਤਿ ਸਰਣਾਈ ॥੪॥੧੦॥

(ਗਉੜੀ, ਮਃ ੧ - ੧੫੪)

ਏਹ ਸ਼ਬਦ ਸੁਣ ਕੇ ਦੌਲਤ ਖ਼ਾਂ ਨੇ ਬਾਬੇ ਦੇ ਚਰਨ ਫੜ ਲਏ। ਬੜੀ ਪ੍ਰੀਤਿ ਨਾਲ ੧੫ ਦਿਨ ਠਹਿਰਾਇ ਕਰ ਸੇਵਾ ਸਤਸੰਗ ਕਰਦਾ ਰਿਹਾ। ਹੋਰ ਭੀ ਅਨੇਕ ਸਿੱਖ, ਸੇਵਕ, ਸੱਜਣ, ਮਿਤ੍ਰ ਦਰਸ਼ਨ ਕਰਨ ਆਵਣ ਲੱਗੇ। ਹਰ ਵੇਲੇ ਭੀੜ ਬਣੀ ਰਹਿਣ ਲੱਗੀ। ਏਸੇ ਸਮੇਂ ਵਡਭਾਗੀ ਨਵਾਬ ਭੀ ਬਾਬੇ ਦਾ ਦਰਸ਼ਨ ਕਰਦਾ ਹੋਇਆ ਦੋ ਚਾਰ ਦਿਨ ਬੀਮਾਰ ਰਹਿ ਕੇ {ਨਵਾਬ ਦੌਲਤਖਾਂ ਪ੍ਰਲੋਕ ਗਮਨ} ਪਰਲੋਕ ਗਮਨ ਕਰ ਗਿਆ।

ਚੜ੍ਹਦੇ ਕੱਤਕ ਸੰਮਤ ੧੫੭੨ ਬਿਕ੍ਰਮੀ ਨੂੰ ਬੀਬੀ ਨਾਨਕੀ ਜੀ ਤੋਂ ਆਗਿਆ ਲੈ ਕੇ ਭਾਈ ਬਾਲੇ ਸਮੇਤ ਸੁਲਤਾਨਪੁਰੋਂ ਚੱਲ ਕੇ ਦੁਆਬੇ ਮਾਝੇ ਵਿੱਚ ਦੀ ਜਦ ਪੱਖੋਕੇ ਪਿੰਡ (ਜਿੱਥੇ ਸ੍ਰੀ ਚੰਦ, ਲਖਮੀ ਦਾਸ ਆਪਣੇ ਨਾਨੇ ਮੂਲ ਚੰਦ ਘਰ ਸੇ) ਚੌਧਰੀ ਅਜਿੱਤੇ ਰੰਧਾਵੇ ਦੇ ਖੂਹ ਉੱਤੇ ਜਾ ਬੈਠੇ। ਇਨ੍ਹਾਂ ਦਾ ਆਉਣਾ ਸੁਣ ਕੇ ਮੂਲ ਚੰਦ ਅਤੇ ਚੰਦੋ ਰਾਣੀ (ਸੱਸ) ਬਾਬੇ ਪਾਸ ਆਏ ਅਤੇ ਘਰ ਲੈ ਜਾਣ ਵਾਸਤੇ ਬਹੁਤ ਜ਼ੋਰ ਲਾਯਾ, ਪਰ ਬਾਬਾ ਜੀ ਘਰ ਨਾ ਗਏ। ਓਹਨਾਂ ਨੇ ਤਾਨ੍ਹੇ ਤਰਕ ਮੇਹਣੇ ਦਿੱਤੇ। ਬਾਬਾ ਜੀ ਤਾਂ ਮੋਨੀ ਹੋਏ ਰਹੇ ਪਰ ਅਜਿੱਤੇ ਨੇ ਉਨ੍ਹਾਂ ਨੂੰ ਆਖਿਆ, "ਚਾਚਾ ਜੀ! ਏਹ ਤਾਂ ਸੰਤ ਰੂਪ ਹਨ। ਏਹਨਾਂ ਅੱਗੇ ਜਵਾਬ ਕਰਨਾ ਭੀ ਚੰਗਾ ਨਹੀਂ। ਇਨ੍ਹਾਂ ਨੂੰ ਤਾਂ ਘਟ ਘਟ ਦੀ ਖ਼ਬਰ ਹੈ। ਕੋਈ ਬਾਤ ਇਨ੍ਹਾਂ ਤੋਂ ਗੁੱਝੀ ਨਹੀਂ।" ਤਾਂ ਚੰਦੋ ਬੋਲੀ, "ਜੇ ਸੱਭੋ ਕੁੱਝ ਜਾਣਦੇ ਹਨ

ਤਾਂ ਇਹ ਗੱਲ ਕਿਉਂ ਨਹੀਂ ਜਾਣੀ ਜੋ ਮਾਪਿਆਂ ਦੇ ਘਰ ਧੀ ਕਦੋਂ ਤੱਕ ਬੈਠੀ ਰਹੇਗੀ? ਜੇ ਟੱਬਰ ਦੀ ਪਾਲਣਾ ਨਹੀਂ ਕਰਨੀ ਸੀ ਤਾਂ ਵਿਆਹ ਨਾ ਕਰਾਉਂਦਾ। ਹੁਣ ਜਾਂ ਜੰਜਾਲ ਸਹੇੜਿਆ, ਪੁੱਤ੍ਰ ਹੋਏ ਤਾਂ ਇਨ੍ਹਾਂ ਦਾ ਨਿਰਬਾਹ ਕਰੇ। ਹੱਟੀ, ਨੌਕਰੀ, ਖੇਤੀ ਜੋ ਏਸ ਦਾ ਜੀ ਚਾਹੇ, ਸੋ ਕਰ ਲਏ।" ਬਾਬਾ ਜੀ ਨੇ ਇਨ੍ਹਾਂ ਗੱਲਾਂ ਦਾ ਕੋਈ ਜਵਾਬ ਨਾ ਦਿੱਤਾ, ਪਰ ਅਜਿੱਤੇ ਦੇ ਪ੍ਰੇਮ ਕਰ ਕੇ ਪੱਖੋਕੇ ਪਿੰਡ ਵਿਖੇ ਸ੍ਰੀ ਚੰਦ, ਲਖਮੀ ਦਾਸ ਜੀ ਪਾਸ ਰਹਿਣ ਲੱਗੇ। ਏਥੇ ਭੀ ਬਾਬੇ ਪਾਸ ਸੰਗਤਾਂ ਦੀ ਭੀੜ ਰਹਿਣ ਲੱਗੀ। ਫੇਰ ਤਾਂ ਪ੍ਰਤਾਪ ਦੇਖ ਕੇ ਮੂਲ ਚੰਦ ਤੇ ਚੰਦ ਰਾਣੀ ਭੀ ਬਾਬੇ ਨੂੰ ਕਲਾਵਾਨ ਪੁਰਖ ਸਮਝ ਕੇ ਚੁੱਪ ਕਰ ਰਹੇ। ਪਰੰਤੂ ਅਜਿੱਤੇ ਆਦਿਕ ਪ੍ਰੇਮੀਆਂ ਦੇ ਪ੍ਰੇਰੇ ਹੋਏ ਬਾਬੇ ਜੀ ਨੇ ਇੱਕ ਪਿੰਡ ਵਸਾਉਣ ਦੀ ਇੱਛਜਾ ਧਾਰ ਕੇ ਰਾਵੀ ਦੇ ਪਾਰਲੇ ਕਿਨਾਰੇ ਨਾਰੋਵਾਲ ਤੇ ਦੂਦੇ ਪਿੰਡ ਦੇ ਵਿਚਕਾਰ ਪੱਛੋਂ ਵੰਨੀ ਜੰਗਲ ਵਿੱਚ ਅਨੇਕ ਦਿਨ ਇਸਥਿਤੀ ਰੱਖੀ। ਪਿੰਡਾਂ ਦੇ ਲੋਗਾਂ ਨੇ ਛੱਪਰ ਪਾ ਦਿੱਤੇ। ਫੇਰ ਜਦ ਬਾਬੇ ਪਾਸ ਸਤਸੰਗ ਦਾ ਚਰਚਾ ਬਹੁਤ ਰਹਿਣ ਲੱਗਾ ਤਾਂ ਓਥੋਂ ਦੇ ਜ਼ਿਮੀਂਦਾਰਾਂ ਨੇ ਬਾਬੇ ਨੂੰ ਟਿਕਾਉਣ ਲਈ ਇੱਕ ਪਿੰਡ ਦੀ ਜ਼ਮੀਨ ਦੇ ਦਿੱਤੀ ਜਿਸ ਦਾ ਨਾਮ {ਕਰਤਾਰਪੁਰ ਵਸਣਾ} ਕਰਤਾਰਪੁਰ ਰੱਖ ਕੇ ਬਾਬੇ ਨੇ ੧੩ ਮਾਘ ਸੰਮਤ ੧੫੭੨ ਬਿਕ੍ਰਮੀ ਨੂੰ ਮੋਹੜੀ ਗੱਡੀ। ਉਸ ਪਰਗਨੇ (ਕਲਾਨੌਰ) ਦਾ ਹਾਕਮ ਕਰੋੜੀ ਮੱਲ ਲਾਹੌਰੀ ਖੱਤ੍ਰੀ ਜੋ ਮਹਾਰਾਜੇ ਰਣਜੀਤ ਸਿੰਘ ਦੇ ਬਖ਼ਸ਼ੀ ਭਗਤ ਰਾਮ ਦਾ ਵੱਡਾ ਸੀ, ਓਸ ਨੇ ਪਹਿਲੇ ਤਾਂ ਵਿਰੋਧੀ ਹੋ ਕੇ ਬਾਬਾ ਜੀ ਨੂੰ ਉਠਾਉਣਾ ਚਾਹਿਆ ਪਰ ਜਦ ਇਸ ਨੂੰ ਏਹ ਨਿਸ਼ਚੇ ਹੋ ਗਿਆ ਕਿ ਏਹ ਪੂਰਨ ਸੰਤ ਹਨ ਤੇ ਲੋਕਾਂ ਨੇ ਭੀ ਬਹੁਤ ਸਮਝਾਯਾ ਤਾਂ ਚਰਨੀਂ ਆ ਲੱਗਾ, ਤੇ ਆਪਣੀ ਭੁੱਲ ਬਖ਼ਸ਼ਾਈ ਅਤੇ ਪਿੰਡ ਦੇ ਵਸਾਉਣ ਵਿੱਚ ਬਹੁਤ ਕੋਸ਼ਿਸ਼ ਕੀਤੀ। ਸਨਦ ਅਰਥਾਤ ਪਟਾ ਪਿੰਡ ਦਾ ਲਿਖਾ ਕੇ ਸੂਬੇ ਤੋਂ ਤਸਦੀਕ ਕਰਾ ਕੇ ਪਿੰਡ ਦੀ ਜ਼ਮੀਨ ਦੇ ਠੱਵੇ ਲਾ ਦਿੱਤੇ ਅਤੇ ਬਹੁਤ ਸ਼ਿਤਾਬੀ ਕੋਠੇ ਧਰਮਸਾਲਾ ਬਣਵਾ ਕੇ ਰੌਣਕ ਕਰਾ ਦਿੱਤੀ। ਫੇਰ ਤਾਂ ਲੰਗਰ ਜਾਰੀ ਰਹਿਣ ਲੱਗਾ। ਸੰਤ, ਭਗਤ, ਸਿੱਖ, ਸੇਵਕ, ਅਭਿਆਗਤ, ਸਾਧ ਆਉਣ ਲੱਗੇ।

ਫੇਰ ਭਾਈ ਬਾਲਾ ਮਰਦਾਨਾ ਤੇ ਹੋਰ ਪਿੰਡ ਦੇ ਲੋਕ ਜਾ ਕੇ ਤਲਵੰਡੀ ਤੋਂ ਮਾਤਾ ਤ੍ਰਿਪਤਾ ਤੇ ਮਹਿਤੇ ਕਾਲੂਚੰਦ ਨੂੰ ਭੀ ਲੈ ਆਏ। ਬੀਬੀ ਨਾਨਕੀ ਜੀ ਸੁਲਤਾਨਪੁਰੋਂ ਆਉਂਦੀ ਹੋਈ ਪੱਖੋਕੇ ਪਿੰਡ ਤੋਂ ਸ੍ਰੀ ਸੁਲੱਖਣੀ ਜੀ ਨੂੰ ਸ੍ਰੀ ਚੰਦ, ਲਖਮੀਦਾਸ ਸਮੇਤ ਰਥ ਵਿੱਚ ਬੈਠਾ ਕੇ ਲੈ ਆਈ। ਵੱਡੇ ਉਤਸ਼ਾਹ ਨਾਲ {ਪ੍ਰਵਾਰ ਕਰਤਾਰਪੁਰ ਬੁਲਾਇਆ} ਸਭ ਸੰਬੰਧੀ 'ਕੱਠੇ ਹੋ ਗਏ। ਪਿੰਡ ਦੀ ਚੱਠ ਦਾ ਵੱਡਾ ਭਾਰੀ ਜੱਗਯ ਕੀਤਾ। ਗੁਰੂ ਸਾਹਿਬ ਦੋ ਬਰਸ ਤੱਕ ਕਾਮੇ ਰੱਖ ਕੇ ਖੇਤੀ ਕਰਾਉਂਦੇ ਰਹੇ ਤੇ ਲੰਗਰ ਚਲਾਉਂਦੇ ਰਹੇ। ਦੇਸੋਂ ਬਿਦੇਸੋਂ ਬਾਬੇ ਦੇ ਸੇਵਕ ਆਉਣ ਲੱਗੇ ਤੇ ਨਜ਼ਰ ਭੇਟਾ ਲਜਾ ਕੇ ਲੰਗਰ ਵਿੱਚ ਪਾਉਣ ਵਾਸਤੇ ਤਤਪਰ ਹੋਏ। ਇਸੇ ਪ੍ਰਕਾਰ ਹਰ ਰੋਜ਼ ਰੌਣਕ ਰਹਿਣ ਲੱਗੀ।

ਸ੍ਰੀ ਗੁਰੂ ਨਾਨਕ ਸਾਹਿਬ ਜੀ ਦੀ ਤੀਜੀ ਉਦਾਸੀ[1]

੧੫ ਅੱਸੂ ਸੰਮਤ ੧੫੭੪ ਬਿਕ੍ਰਮੀ ਨੂੰ ਭਾਈ ਬਾਲੇ ਮਰਦਾਨੇ ਨੂੰ ਸੰਗ ਲੈ ਉੱਤਰਾਖੰਡ ਦੇ ਸੈਲ ਕਰਨ ਦਾ ਅਰੰਭ ਕੀਤਾ। ਕਲਾਨੌਰ, ਗੁਰਦਾਸਪੁਰ, ਦਸੂਹੇ[*] ਵਿੱਚ ਦੀ ਕੋਟਲੇ, ਤਿਲੋਕਨਾਥ[+] ਪਾਲਮਪੁਰ, ਘੁੜੇਰਨ, ਕਾਂਗੜੇ ਹੁੰਦੇ ਹੋਏ ਜਵਾਲਾਮੁਖੀ ਦੇਵੀ ਦੇ ਮੰਦਰ ਪਾਸ ਜਾ ਉੱਤਰੇ। (ਜਿਥੇ ਹੁਣ ਗੋਰਖ ਡਿੱਬੀ ਤੋਂ ਉੱਪਰ ਧਰਮਸ਼ਾਲਾ ਹੈ) ਏਥੇ ਅਰਜਨ ਨਾਂਗਾ ਤਪ ਕਰਦਾ ਹੁੰਦਾ ਸੀ, ਜਿਸ ਨੂੰ ਗਜਾਨ ਦ੍ਰਿੜ੍ਹਾ ਕੇ ਬਾਬੇ ਜੀ ਨੇ ਕਲਿਆਣ ਬਖ਼ਸ਼ੀ।

ਓਥੋਂ ਚੱਲ ਕੇ ਮੰਡੀ ਵਾਲੇ ਰਾਜਾ ਨੂੰ ਪਾਖਾਨ ਪੂਜਾ ਤੋਂ ਹਟਾ ਸੱਚੇ ਪ੍ਰਭੂ ਦੀ ਭਗਤੀ ਵਿੱਚ ਲਗਾਯਾ ਤੇ ਆਪ ਰਵਾਲਸਰ[**] ਪਹੁੰਚ ਗਏ। ਏਥੇ ਇੱਕ ਝੀਲ ਹੈ ਜਿਸ ਦਾ ਕੜ ਪਾਟਾ ਹੋਯਾ ਹੈ। ਏਸ ਵਿੱਚ ਨਿੱਕੇ ਵੱਡੇ ਸੱਤ ਟਿੱਲੇ ਪੱਥਰ ਝਾੜ ਮਿਲੇ ਜੁਲੇ ਤੁਰਦੇ ਫਿਰਦੇ ਹਨ। ਏਹ ਕੁਦਰਤ ਕਰਤਾਰ ਦੀ ਦੇਖਦੇ ਹੋਏ ਰਵਾਲਸਰੋਂ ਤੁਰ ਚੰਬੇ ਦਾ ਮੇਲ ਕਰ ਕੁੱਲੂ ਦੇ ਰਾਜ ਵਿੱਚ ਬਿਜਲੀਆ ਮਹਾਂਦੇਵ (ਜਿਸ ਨੂੰ ਸਾਰੇ ਪਹਾੜੀ ਮੰਨਦੇ ਹਨ) ਜਾ ਦੇਖਿਆ। ਏਹ ਮਹਾਂਦੇਵ ਅਤਿ ਉੱਚੇ ਟਿੱਲੇ ਪਰ ਹੈ। ਆਖਦੇ ਹਨ ਕਿ ਏਸ ਉੱਪਰ ਹਰ ਸਾਲ ਚੇਤ ਮਹੀਨੇ ਬਿਜਲੀ ਪੈਂਦੀ ਹੈ ਤੇ ਚਾਰ ਫਾਲਾਂ ਕਰ ਜਾਂਦੀ ਹੈ ਤੇ ਫੇਰ ਜਦ ਕਪਲਾ ਗਊ ਦੇ ਦੁੱਧ ਨਾਲ ਧੋਂਦੇ ਹਨ ਤਾਂ ਜੁੜ ਜਾਂਦਾ ਹੈ।

ਏਸ ਪਹਾੜ ਉੱਪਰ ਕੁਆਰੀਆਂ ਜੋਗਣਾਂ ਪੀਂਘ ਝੂਟਦੀਆਂ, ਭਜਨ ਕਰਦੀਆਂ ਰਹਿੰਦੀਆਂ ਹਨ। ਆਦਮੀ ਨੂੰ ਨਹੀਂ ਛੂੰਹਦੀਆਂ। ਲੋਕ ਓਨ੍ਹਾਂ ਦੀਆਂ ਕਰਾਮਾਤਾਂ ਐਥੋਂ ਤੱਕ ਦੱਸਦੇ ਹਨ ਕਿ ਜਾਨਵਰ ਬਣ ਕੇ ਉੱਡ ਜਾਂਦੀਆਂ ਹਨ। ਅੰਨ ਨਹੀਂ ਖਾਂਦੀਆਂ ਦੁੱਧ ਪਰ ਹੀ ਗੁਜ਼ਾਰਾ ਕਰਦੀਆਂ ਹਨ। ਏਸ ਪਹਾੜ ਵਿੱਚ ਗੱਦੀ ਲੋਕ ਬਹੁਤ ਰਹਿੰਦੇ ਹਨ ਜੋ ਭੇਡਾਂ ਬੱਕਰੀਆਂ ਚਾਰਦੇ ਫਿਰਦੇ ਹਨ। ਕੁੱਤੇ ਓਨ੍ਹਾਂ ਦੇ ਅਜਿਹੇ ਹਨ ਜੋ ਸ਼ੇਰ ਨੂੰ ਭੀ ਬੱਕਰੀਆਂ ਵਿੱਚ ਨਹੀਂ ਆਵਣ ਦਿੰਦੇ। ਏਸ ਪਹਾੜ ਦੇ ਅਨੇਕ ਲੋਕਾਂ ਨੂੰ ਗਿਆਨ ਦ੍ਰਿੜ੍ਹਾ ਕੇ ਬਾਬੇ ਜੀ ਨੇ ਮੁਕਤਿ ਕੀਤਾ। ਫੇਰ ਬ੍ਰਹਮ ਕੋਠੀ ਨੂੰ ਹੁੰਦੇ ਹੋਏ {ਮਨੀਕਰਣ} ਮਨੀਕਰਣਕਾ[++] ਤੀਰਥ ਪਰ ਜਾ ਬੈਠੇ। ਓਥੋਂ ਦੀ ਅਚਰਜ ਲੀਲਾ (ਜੋ ਹੇਠਾਂ ਨੋਟ ਵਿੱਚ ਲਿਖੀ ਹੈ) ਦੇਖ ਕੇ ਖੀਰ ਗੰਗਾ[+] ਨਦੀ ਦੀ ਝਾਕੀ ਲੈ ਬਜਾਸਾ ਨਦੀ ਪਾਰ ਹੋਣ ਦੋਣ

---

[1]ਭਾਈ ਕਾਹਨ ਸਿੰਘ ਅਨੁਸਾਰ ਉਦਾਸੀਆਂ ਦੀਆਂ ਤਿਥੀਆਂ ਇਸ ਪ੍ਰਕਾਰ ਹਨ: ਪਹਿਲੀ ਉਦਾਸੀ ਸੰਮਤ ੧੫੫੪-੧੫੬੭, ਦੂਜੀ ਉਦਾਸੀ ਸੰਮਤ ੧੫੬੭-੧੫੭੧, ਤੀਜੀ ਉਦਾਸੀ ਸੰਮਤ ੧੫੭੧-੧੫੭੫, ਚੌਥੀ ਉਦਾਸੀ ਸੰਮਤ ੧੫੭੫-੧੫੭੬।

[*]ਦਸੂਹਾ ਰਾਜੇ ਬੈਰਾਠ ਦੀ ਰਾਜਧਾਨੀ ਸੀ। ਪਾਂਡਵਾਂ ਨੇ ਅੰਤ ਦਾ ਅਰਥਾਤ ਓਹ ਦਸੌਂਟੇ ਦਾ ਬਰਸ ਏਥੇ ਹੀ ਲੁਕ ਕੇ ਕੱਟਿਆ ਸੀ ਜਿਸ ਵਿੱਚ ਏਹ ਸ਼ਰਤ ਸੀ ਕਿ ਜੇਕਰ ਪਾਂਡਵ ਏਸ ਸਾਲ ਕਿਤੇ ਸਹੀ ਹੋ ਜਾਣ ਤਾਂ ਫੇਰ ੧੨ ਬਰਸ ਹੋਰ ਬਨਵਾਸ ਭੋਗਣ। ਏਸੇ ਕਰ ਕੇ ਜੁਧਿਸ਼ਟਰ ਪਾਸੇ ਦਾ ਖਿਲਾਰੀ, ਭੀਮ ਸੈਨ ਸ਼ਿਕਾਰੀ, ਅਰਜਨ ਹੀਜੜਾ (ਜੋ ਰਾਜੇ ਦੇ ਪੁੱਤ੍ਰਾਂ ਧੀਆਂ ਨੂੰ ਨੱਚਣਾ, ਗਾਉਣਾ ਸਿਖਾਇਆ ਕਰਦਾ ਸੀ) ਦ੍ਰੋਪਤੀ ਨਾਇਨ, ਨਕੁਲ ਘੋੜਿਆਂ ਦਾ ਵੈਦ, ਸਹਿਦੇਵ ਜੋਤਸ਼ੀ, ਏਸੇ ਤਰ੍ਹਾਂ ਕੁਛ ਕੁਛ ਬਨਾਵਟ ਬਣ ਕੇ ਏਥੇ ਰਹੇ ਸੇ। ਇਹ ਭੀ ਸੁਣਨ ਵਿੱਚ ਆਂਵਦਾ ਹੈ ਕਿ ਬੈਰਾੜਾਂ ਦੇ ਦੇਸ਼ ਦਾ ਜੋ ਬੈਰਾਠ ਰਾਜਾ ਸੀ ਓਥੇ ਪਾਂਡਵਾਂ ਨੇ ਵਖਤ ਕੱਟਿਆ ਸੀ।

[+]ਤਿਲੋਕਨਾਥ ਏਥੇ ਸਾਰੇ ਪਹਾੜੀ ਰਾਜਯਾਂ ਉੱਤੇ ਮਹਾਰਾਜੇ ਰਣਜੀਤ ਸਿੰਘ ਦਾ ਸੂਬਾ ਸਰਦਾਰ ਲਹਿਣਾ ਸਿੰਘ ਮਜੀਠੀਆ ਰਿਹਾ ਕਰਦਾ ਸੀ। ਸੰਮਤ ੧੮੮੧ ਬਿਕ੍ਰਮੀ ਨੂੰ ਓਸ ਨੇ ਏਥੇ ਇੱਕ ਵੱਡਾ ਦਾਲਾਨ ਬਣਵਾ ਕੇ ਓਸ ਵਿੱਚ ੩੧ ਗ੍ਰੰਥ ਸਾਹਿਬ ਖੁਲ੍ਹਵਾ ਕੇ ਪਾਠੀਆਂ ਗ੍ਰੰਥੀਆਂ ਦੇ ਗੁਜ਼ਾਰੇ ਲਈ ਜਾਗੀਰ ਧਰਮ ਅਰਥ ਹਮੇਸ਼ ਵਾਸਤੇ ਲਾ ਦਿੱਤੀ, ਜੋ ਹੁਣ ਤੱਕ ਹੈ। ਜੇਹੜਾ ਪਾਠ ਨਹੀਂ ਕਰਦਾ ਓਸ ਦੀ ਜਾਗੀਰ ਖੁੱਸ ਜਾਂਦੀ ਹੈ। ਹੁਣ ਭੀ ਗ੍ਰੰਥ ਸਾਹਿਬ ਪੜ੍ਹਦੇ ਹਨ॥

[**]ਰਵਾਲਸਰ ਦੇ ਪੰਡੇ ਤਾਂ ਓਨ੍ਹਾਂ ਨੂੰ ਗਣੇਸ਼ਾਦਿਕ ਦੇਵਤਾ ਆਖਦੇ ਹਨ ਪਰ ਮਾਲੂਮ ਹੁੰਦਾ ਹੈ ਕਿ ਪਹਿਲੇ ਕਿਸੀ ਨੇ ਕਾਠ ਦੇ ਤਖ਼ਤੇ ਉੱਤੇ ਮਿੱਟੀ ਪੱਥਰ ਰੱਖ ਕੇ ਓਸ ਪਰ ਝਾੜ ਦਰੱਖਤ ਜੋ ਹੁਣ ਭੀ ਬਾਂਸੀ ਆਦਿਕ ਹਨ ਲਾ ਦਿੱਤੇ। ਓਨ੍ਹਾਂ ਦੀਆਂ ਜੜ੍ਹਾਂ ਨੇ ਵੱਟਯਾਂ ਨੂੰ ਫੜ ਰੱਖਿਆ ਹੈ, ਏਸ ਕਰ ਕੇ ਡੁੱਬਦੇ ਨਹੀਂ ਤੇ ਪੌਣ ਦੇ ਪ੍ਰੇਰੇ ਹੋਏ ਐਧਰ ਓਧਰ ਤੁਰਦੇ ਫਿਰਦੇ ਹਨ।

[++]ਏਥੇ ਮਨੀਕਰਣ ਕੁੰਡ ੧, ਰਾਮ ਕੁੰਡ ੨, ਸੀਤਾ ਕੁੰਡ ੩, ਲਛਮਣ ਕੁੰਡ ੪, ਹਨੂੰਮਾਨ ਕੁੰਡ ੫; ਏਹ ਪੰਜ ਕੁੰਡ ਹਨ। ਏਨ੍ਹਾਂ ਵਿੱਚੋਂ ਚਾਰ ਕੁੰਡ ਤਾਂ ਠੰਢੇ ਹਨ ਤੇ ਪੰਜਵਾਂ ਮਨੀਕਰਣ ਦਾ ਕੁੰਡ ਐਸਾ ਤੱਤਾ ਹੈ ਕਿ ਹੱਥ ਨਹੀਂ ਲਾਯਾ ਜਾਂਦਾ। ਆਖਦੇ ਹਨ ਏਸ ਦੇ ਹੇਠ ਸ਼ੇਸ਼ਨਾਗ ਹੈ। ਫੁੰਕਾਰੇ ਜਿਹੇ ਵੱਜਦੇ ਠੁਮਰੇ ਜੇਹੇ ਮਣਕੇ ਚਿੱਟੇ ਚਿੱਟੇ ਬਰਸਦੇ ਹਨ ਓਹੋ ਪ੍ਰਸ਼ਾਦ ਲੋਗ ਲਿਆਉਂਦੇ ਹਨ। ਡੇਢ ਗਜ਼ ਚੌੜਾ ਦੋ ਗਜ਼ ਲੰਬੇ ਕੁੰਡ ਵਿੱਚ ਇੱਕ ਫੁੱਟ ਪਾਣੀ ਨੀਚੇ ਪੱਥਰ ਹੈ। ਓਸੇ ਵਿੱਚ ਖਦਬਦ ਖਦਬਦ ਰਿਝਦਾ ਹੋਯਾ ਪਾਣੀ ਤੇ ਭਾਫ ਦਾ ਬੰਬਾ ਨਿੱਕਲਦਾ ਰਹਿੰਦਾ ਹੈ। ਰੋਟੀ ਪੂਰੀ ਵਾਂਗੂੰ ਪੱਕ ਜਾਂਦੀ ਹੈ। ਜੇ ਚਾਵਲ ਕੱਪੜੇ ਵਿੱਚ ਬੰਨ ਕੇ ਸਿੱਟੀਏ ਤਾਂ ਰਿਝ ਜਾਂਦੇ ਹਨ।

[+]ਓਥੋਂ ਸਤ ਕੋਹ ਗੰਗਾ ਨਾਮ ਨਦੀ ਜਲ ਦੀ ਕੁੰਡ ਜੇਹੀ ਹੈ, ਓਸ ਕੁੰਡ ਉੱਤੇ ਝਿਲੀ ਜੇਹੀ ਮਲਾਈ ਵਾਂਗੂੰ ਚਿੱਟੀ-ਚਿੱਟੀ ਆ ਜਾਂਦੀ ਹੈ, ਓਸ ਨੂੰ (ਹਮਨੋਂ ਢਕੌਂਸਲਾ ਲਾ ਕੇ) ਆਖਦੇ ਹਨ ਏਹ ਸ਼ਿਵਜੀ ਨੇ ਦੁੱਧ ਦੀ ਗੰਗਾ ਸ੍ਵਾਮਿਕਾਰਤਕ ਵਾਸਤੇ ਚਲਾਈ ਸੀ। ਓਸ ਨੂੰ ਹੋਰ

ਵੰਨੀਂ ਉੱਪਰ ਆਏ ਤੇ ਦੂਣ ਕਹਿਲੂਰ ਨੂੰ ਦੇਖਦੇ ਹੋਏ ਕੀਰਤਪੁਰ ਦੇ ਪਾਸ ਪਹਾੜ ਉੱਤੇ {ਬੁੱਢਣਸ਼ਾਹ} ਬੁੱਢਣਸ਼ਾਹ ਫ਼ਕੀਰ ਜੋ ਦਰਸ਼ਨ ਦਾ ਅਭਿਲਾਖੀ ਬੈਠਾ ਸੀ ਓਸ ਨੂੰ ਦਰਸ਼ਨ ਜਾ ਦਿੱਤਾ ਅਤੇ ਗਜਾਨ ਚਰਚਾ ਕਰ ਅਤਿ ਆਨੰਦ ਪਾਏ। ਫੇਰ ਫ਼ਕੀਰ ਮੂਸੇ ਪੈਗੰਬਰ ਵਾਂਗੂੰ ਬੱਕਰੀਆਂ ਰੱਖਦਾ ਹੁੰਦਾ ਸੀ ਅਤੇ ਦੁੱਧ ਹੀ ਪੀ ਛੱਡਦਾ ਸੀ। ਏਸ ਨੇ ਬਾਬੇ ਜੀ ਦੀ ਭੇਟਾ ਭੀ ਦੁੱਧ ਹੀ ਕੀਤਾ। ਬਾਬੇ ਆਖਜਾ, "ਏਹ ਦੁੱਧ++ ਸਾਡੀ ਅਮਾਨਤ ਰੱਖ ਛੱਡੋ ਫੇਰ ਲਵਾਂਗੇ।" ਦੋ ਦਿਨ ਗਜਾਨ ਚਰਚਾ ਕਰ ਕੇ ਅਨੰਦ ਰਹੇ। ਫੇਰ ਓਥੋਂ ਤੁਰ ਨਾਲਾਗੜ੍ਹ, ਦੂਣ ਹੰਡੂਰ ਦਾ ਸੈਲ ਕਰਦੇ ਹੋਏ ਪੰਜੌਰ, ਧਾਰਾ ਤੀਰਥ ਕਿਨਾਰੇ ਜਾ ਉੱਤਰੇ। ਉਥੇ ਕਈ ਪ੍ਰਕਾਰ ਦੇ ਸਾਧੂ, ਸਿੱਧ, ਸੰਤ ਦੇਖੇ। ਅਰਥਾਤ ਕੋਈ ਪੁੱਠਾ ਲਟਕਜਾ ਹੋਯਾ, ਕੋਈ ਧੂਣੀਆਂ ਤਪਦਾ ਹੋਯਾ, ਕੋਈ ਖੜੇਸਰੀ, ਕੋਈ ਉਰਧਬਾਹੂ, ਕੋਈ ਨਾਂਗਾ, ਕੋਈ ਮੋਨੀ ਆਦਿਕ। ਇਨ੍ਹਾਂ ਨੂੰ ਦੇਖ ਕੇ ਗੁਰੂ ਸਾਹਿਬ ਨੇ ਸ਼ਬਦ ਉਚਾਰਿਆ:

ਮਃ ੧ ॥
ਲਿਖਿ ਲਿਖਿ ਪੜਿਆ ॥ ਤੇਤਾ ਕੜਿਆ ॥
ਬਹੁ ਤੀਰਥ ਭਵਿਆ ॥ ਤੇਤੋ ਲਵਿਆ ॥
ਬਹੁ ਭੇਖ ਕੀਆ ਦੇਹੀ ਦੁਖੁ ਦੀਆ ॥
ਸਹੁ ਵੇ ਜੀਆ ਅਪਣਾ ਕੀਆ ॥
ਅੰਨੁ ਨ ਖਾਇਆ ਸਾਦੁ ਗਵਾਇਆ ॥
ਬਹੁ ਦੁਖੁ ਪਾਇਆ ਦੂਜਾ ਭਾਇਆ ॥
ਬਸਤ੍ਰ ਨ ਪਹਿਰੈ ॥ ਅਹਿਨਿਸਿ ਕਹਰੈ ॥
ਮੋਨਿ ਵਿਗੂਤਾ ॥ ਕਿਉ ਜਾਗੈ ਗੁਰ ਬਿਨੁ ਸੂਤਾ ॥
ਪਗ ਉਪੇਤਾਣਾ ॥ ਅਪਣਾ ਕੀਆ ਕਮਾਣਾ ॥
ਅਲੁ ਮਲੁ ਖਾਈ ਸਿਰਿ ਛਾਈ ਪਾਈ ॥
ਮੂਰਖਿ ਅੰਧੈ ਪਤਿ ਗਵਾਈ ॥
ਵਿਣੁ ਨਾਵੈ ਕਿਛੁ ਥਾਇ ਨ ਪਾਈ ॥
ਰਹੈ ਬੇਬਾਣੀ ਮੜੀ ਮਸਾਣੀ ॥
ਅੰਧੁ ਨ ਜਾਣੈ ਫਿਰਿ ਪਛੁਤਾਣੀ ॥
ਸਤਿਗੁਰੁ ਭੇਟੇ ਸੋ ਸੁਖੁ ਪਾਏ ॥
ਹਰਿ ਕਾ ਨਾਮੁ ਮੰਨਿ ਵਸਾਏ ॥
ਨਾਨਕ ਨਦਰਿ ਕਰੇ ਸੋ ਪਾਏ ॥
ਆਸ ਅੰਦੇਸੇ ਤੇ ਨਿਹਕੇਵਲੁ ਹਉਮੈ ਸਬਦਿ ਜਲਾਏ ॥੨॥

(ਵਾਰ-ਆਸਾ, ਮਃ ੧ - ੪੬੭-੬੮)

ਦੇਵਤੇ ਅਤੇ ਸ਼ਿਵ ਗਣ ਚੋਰੀਏ ਪੀ ਜਾਣ। ਏਸ ਲਈ ਸ਼ਿਵਜੀ ਨੇ ਸਰਾਪ ਦੇ ਕੇ ਪਾਣੀ ਕਰ ਦਿੱਤਾ। ਓਸ ਦਾ ਸੁਆਦ (ਜ਼ਮੀਨ ਦੀ ਤਾਸੀਰ ਕਰ ਕੇ) ਕੱਚੀ ਲੱਸੀ ਵਰਗਾ ਹੈ।

++ਦੂਧ ਇਮਾਨਤ ਬਾਬੇ ਜੀ ਦਾ ਬੁੱਢਣਸ਼ਾਹ ਨੇ ਧਰਤੀ ਵਿੱਚ ਦੱਬ ਕੇ ਬਚਨ ਕੀਤਾ ਧਰਤੀ ਮਾਤਾ ਏਹ ਇਮਾਨਤ ਨਾਨਕ ਨਿਰੰਕਾਰੀ ਦੀ ਹੈ ਬਿਗੜੇ ਨਾ। ਏਹ ਆਖ ਕੇ ਆਪ ਤਾਂ ਸਮਾਧੀ ਲਾ ਕੇ ਬੈਠਾ ਰਿਹਾ। ਸੌ ਬਰਸ ਗੁਜ਼ਰਿਆ ਗੁਰੂ ਹਰਿਗੋਬਿੰਦ ਜੀ ਜਦ ਕੀਰਤਪੁਰ ਗਏ ਤਾਂ ਬੁੱਢਣਸ਼ਾਹ ਤੋਂ ਦੁੱਧ ਅਮਾਨਤ ਆਪਣੀ ਮੰਗੀ। ਓਸ ਫ਼ਕੀਰ ਨੇ ਆਖਿਆ ਭਾਵੇਂ ਤੁਸੀਂ ਗੁਰੂ ਨਾਨਕ ਦੀ ਗੱਦੀ ਪਰ ਓਹੋ ਰੂਪ ਹੋ ਤਾਂ ਭੀ ਦੂਧ ਅਮਾਨਤ ਜਿਸ ਸਰੂਪ ਵਿੱਚ ਰੱਖੀ ਹੈ ਜੇ ਤੁਸੀਂ ਸਮਰਥ ਹੋ ਤਾਂ ਓਹੋ ਦਿਖਾ ਕੇ ਲੈ ਲਓ। ਗੁਰੂ ਜੀ ਨੇ ਆਪਣੇ ਵੱਡੇ ਬੇਟੇ ਗੁਰਦਿੱਤੇ ਜੀ ਨੂੰ ਸੈਨਤ ਕੀਤੀ ਓਹ ਉੱਠ ਕੇ ਗਿਆ। ਓਥੇ ਜੋ ਜਲ ਵਗਦਾ ਸੀ ਤੇ ਹੁਣ ਭੀ ਵਗਦਾ ਰਹਿੰਦਾ ਹੈ ਓਸ ਵਿੱਚ ਇਸ਼ਨਾਨ ਕੀਤਾ, ਤਾਂ ਸਰਬ ਪ੍ਰਕਾਰ ਕਰ ਕੇ ਗੁਰੂ ਨਾਨਕ ਜੀ ਦਾ ਸਰੂਪ ਬਣ ਗਿਆ। ਜਾਂ ਏਨ੍ਹਾਂ ਨੇ ਆਉਂਦਾ ਦੇਖਯਾ ਤਾਂ ਗੁਰੂ ਹਰਿਗੋਬਿੰਦ ਜੀ ਨੇ ਆਸਨ ਛੱਡ ਕੇ ਆਖਿਆ, "ਆਓ ਬਾਬਾ ਜੀ! ਬੈਠੋ।" ਬੁੱਢਣਸ਼ਾਹ ਨੇ ਦੁੱਧ ਲਿਆ ਕੇ ਅੱਗੇ ਰੱਖ ਦਿੱਤਾ। ਗੁਰਦਿੱਤਾ ਜੀ ਨੇ ਫੜ ਲੀਤਾ। ਓਸੇ ਦਿਨ ਤੋਂ ਓਸ ਨੂੰ ਬਾਬਾ ਗੁਰਦਿੱਤਾ ਆਖਣ ਲੱਗ ਪਏ, ਬੁੱਢਣਸ਼ਾਹ ਨੇ ਅਮਾਨਤ ਦੇ ਕੇ ਦੇਹ ਤਿਆਗ ਦਿੱਤੀ।

ਏਹ ਸ਼ਬਦ ਸੁਣ ਕੇ ਸਭ ਲੋਕ ਬਾਬੇ ਜੀ ਦੇ ਸੇਵਕ ਬਣ ਗਏ ਤੇ ਸਤਿਨਾਮ ਜਪਣ ਲੱਗੇ। ਇੱਥੇ ਅਖੈ ਤੀਜ ਨੂੰ ਸਭ ਲੋਕ ਧਾਰਾ ਤੀਰਥ ਦੇ ਇਸ਼ਨਾਨ ਕਰਦੇ ਹਨ।

ਫੇਰ ਬਾਬਾ ਜੀ ਉਸ ਬਾਗ਼ ਵਿੱਚ ਜਾ ਬੈਠੇ ਜੋ ਫੀਰੋਜ਼ ਸ਼ਾਹ ਨੇ ਸੰਮਤ ੧੪੬੨ ਬਿਕ੍ਰਮੀ ਨੂੰ ਆਪਣੇ ਆਰਾਮ ਵਾਸਤੇ ਬਣਵਾਯਾ ਸੀ ਤੇ ਜਿਸ ਦੀ ਨਕਲ ਸ਼ਾਲਾਬਾਗ਼ ਲਾਹੌਰ ਤੇ ਮੋਤੀਬਾਗ਼ ਪਟਿਆਲੇ ਵਿਖੇ ਬਣੇ ਹਨ।

ਪੰਜੌਰ ਤੋਂ ਚੱਲ ਕੇ ਕਰੋਲ, ਸ਼ਿਮਲੇ, ਸਪਾਟੂ ਨਿਵਾਸੀ ਲੋਗਾਂ ਨੂੰ ਈਸ਼੍ਵਰ ਦੀ ਭਗਤੀ ਦ੍ਰਿੜ੍ਹਾ ਕਰ ਬਾਬਾ ਜੀ ਜੋਹੜਸਰ ਤੀਰਥ ਪਰ (ਜੋ ਗਿਸਸ਼ਾਈ ਦੀ ਛਾਵਣੀ ਤੋਂ ਤਿੰਨ ਕੋਹ ਹਰੀਪੁਰ ਪਟੇ ਪਿੰਡ ਪਾਸ ਹੈ) ਜਾ ਠਹਿਰੇ। ਨਿਮਾਣੀ ਇਕਾਦਸ਼ੀ ਨੂੰ ਓਥੋਂ ਦੇ ਮੇਲੇ ਪਰ ਬਹੁਤ ਸਿੱਧ ਸਾਧ ਭਾਗਤ ਜਗਤ ਦੇ ਲੋਗ ਆਏ ਤੇ ਮੂਰਤਾਂ ਅੱਗੇ ਨਿਰਤ ਕਰਨ ਲੱਗੇ ਤਾਂ ਬਾਬੇ ਜੀ ਨੇ ਸ਼ਬਦ ਬੋਲਿਆ:

ਆਸਾ ਮਹਲਾ ੧ ॥
ਵਾਜਾ ਮਤਿ ਪਖਾਵਜੁ ਭਾਉ ॥
ਹੋਇ ਅਨੰਦੁ ਸਦਾ ਮਨਿ ਚਾਉ ॥
ਏਹਾ ਭਗਤਿ ਏਹੋ ਤਪ ਤਾਉ ॥
ਇਤੁ ਰੰਗਿ ਨਾਚਹੁ ਰਖਿ ਰਖਿ ਪਾਉ ॥੧॥
ਪੂਰੇ ਤਾਲ ਜਾਣੈ ਸਾਲਾਹ ॥
ਹੋਰੁ ਨਚਣਾ ਖੁਸੀਆ ਮਨ ਮਾਹ ॥੧॥ ਰਹਾਉ ॥
ਸਤੁ ਸੰਤੋਖੁ ਵਜਹਿ ਦੁਇ ਤਾਲ ॥
ਪੈਰੀ ਵਾਜਾ ਸਦਾ ਨਿਹਾਲ ॥
ਰਾਗੁ ਨਾਦੁ ਨਹੀ ਦੂਜਾ ਭਾਉ ॥
ਇਤੁ ਰੰਗਿ ਨਾਚਹੁ ਰਖਿ ਰਖਿ ਪਾਉ ॥੨॥
ਭਉ ਫੇਰੀ ਹੋਵੈ ਮਨ ਚੀਤਿ ॥
ਬਹਦਿਆ ਉਠਦਿਆ ਨੀਤਾ ਨੀਤਿ ॥
ਲੇਟਣਿ ਲੇਟਿ ਜਾਣੈ ਤਨੁ ਸੁਆਹੁ ॥
ਇਤੁ ਰੰਗਿ ਨਾਚਹੁ ਰਖਿ ਰਖਿ ਪਾਉ ॥੩॥
ਸਿਖ ਸਭਾ ਦੀਖਿਆ ਕਾ ਭਾਉ ॥
ਗੁਰਮੁਖਿ ਸੁਣਣਾ ਸਾਚਾ ਨਾਉ ॥
ਨਾਨਕ ਆਖਣੁ ਵੇਰਾ ਵੇਰ ॥
ਇਤੁ ਰੰਗਿ ਨਾਚਹੁ ਰਖਿ ਰਖਿ ਪੈਰ ॥੪॥੬॥

(ਆਸਾ, ਮਃ ੧ – ੩੫੦)

ਏਹ ਸ਼ਬਦ ਸੁਣਾ ਕੇ ਬਾਬੇ ਨੇ ਆਖਯਾ, "ਏਹ ਨੱਚਣ ਕਲਿਆਣਕਾਰੀ ਹੈ ਅਤੇ ਜਿਹੜਾ ਲੋਕ ਦਿਖਾਵਾ ਤੁਸੀਂ ਨੱਚਦੇ ਹੋ ਏਹ ਨਿਕੰਮਾ ਹੈ।" ਏਹ ਸੁਣ ਕੇ ਓਹ ਨੱਚਣੋਂ ਤਾਂ ਹੱਟ ਗਏ ਪਰ ਹੋਰ ਅਨੇਕ ਤਰ੍ਹਾਂ ਦੇ ਬਾਜੇ ਬਜਾਉਣ ਤੇ ਬੱਕਰੇ ਮਾਰਨ ਲੱਗੇ, ਜੋ ਮੁੰਡਿਆਂ ਦੇ ਮੁੰਡਨ ਕਰਨ ਸਮੇਂ ਚੜ੍ਹਾਉਣੇ ਸੁੱਖੇ ਹੋਏ ਸਨ। ਏਹ ਅਨੀਤ ਹੁੰਦੀ ਦੇਖ ਕੇ ਬਾਬੇ ਜੀ ਨੇ ਸ਼ਬਦ ਬੋਲਿਆ:

ਭਰਮ ਕੂਪ ਮੈ ਪਾਇਓ ਸੰਸਾਰਾ ॥
ਮੂਰਖ ਅੰਧੇ ਅੰਧ ਅੰਧਾਰਾ ॥
ਪਾਥਰ ਪੂਜੇ ਮੁਗਧ ਗਵਾਰੇ ॥
ਓਹ ਆਪ ਡੁਬੈ ਤੁਮ ਕੋ ਕਹਾ ਤਾਰੇ ॥
ਜੜ ਪਾਹਨ ਕੋ ਮਾਨੈ ਪੀਵ ॥
ਤਿਸ ਕੇ ਆਗੇ ਮਾਰੈ ਜੀਵ ॥
ਜਾਨਤ ਨਾਹੀ ਸਾਕਤ ਅੰਧੇ ॥

ਲਖ ਚੁਰਾਸੀ ਭਰਮੈ ਬੰਧੇ ॥
ਪਾਹਿਨ ਕੋ ਪੂਜੈ ਸਿਰਨਾਵੈ ॥
ਆਪ ਡੁਬੈ ਸੋ ਕੁਲੈ ਡੁਬਾਵੈ ॥
ਸਿਧ ਪੀਰ ਗੁਰੁ ਮੂਢ ਘਨੇਰੇ ॥
ਪ੍ਰਭੁ ਤੇ ਬੇਮੁਖ ਮਾਇਆ ਕੇ ਚੇਰੇ ॥
ਫਿਰ ਫਿਰ ਜਨਮੈ ਆਵਹਿ ਜਾਹੀ ॥
ਨਰਕ ਘੋਰ ਮੈ ਗੋਤੇ ਖਾਹੀ ॥
ਭਾਗ ਹੋਇ ਤਾ ਸਤਗੁਰੁ ਪਾਏ ॥
ਸਾਧਸੰਗ ਹਰਿ ਸੇਵ ਕਮਾਏ ॥
ਹਰਿ ਕੀ ਭਗਤਿ ਕਰੇ ਮਨ ਲਾਇ ॥
ਤਉ ਨਾਨਕ ਮੋਖੰਤਰ ਪਾਇ ॥

(ਇਹ ਗੁਰਬਾਣੀ ਨਹੀਂ)

ਏਹ ਸ਼ਬਦ ਸੁਣ ਕੇ ਗੁਰੂ ਸਾਹਿਬ ਪਾਸ ਬੇਅੰਤ ਲੋਕ ਇਕੱਠੇ ਆ ਹੋਏ। ਤਾਂ ਬਾਬੇ ਜੀ ਆਖਿਆ, "ਤੁਸੀਂ ਵੱਡੇ ਮੂਰਖ ਹੋ। ਜੜ੍ਹ ਅੱਗੇ ਚੇਤੰਨ ਨੂੰ ਮਾਰ ਕੇ ਜੜ੍ਹ ਨੂੰ ਪ੍ਰਸੰਨਜ ਕਰਨ ਲਈ ਮਹਾਂ ਹੱਤਿਆ ਕਰਦੇ ਹੋ ਤੇ ਹਤਿਆਰੇ ਬਣਦੇ ਹੋ। ਸਰਬ ਸ਼ਕਤੀਵਾਨ ਪ੍ਰਮੇਸ਼੍ਵਰ ਤਾਂ ਸਾਰੇ ਇੱਕੋ ਜਿਹਾ ਹੈ। ਓਸ ਦੀ ਭਗਤੀ ਤੁਸੀਂ ਨਹੀਂ ਕਰਦੇ। ਸੱਚੇ ਪ੍ਰਮੇਸ਼੍ਵਰ ਤੋਂ ਬੇਮੁਖ, ਜੜ੍ਹ ਪ੍ਰਿਤਮਾ ਨੂੰ ਪੂਜਣ ਵਾਲੇ ਚੁਰਾਸੀ ਨਰਕ ਤੇ ਚੌਰਾਸੀ ਲੱਖ ਜੋਨ ਭੋਗਣਗੇ। ਤਾਂ ਤੇ ਈਸ਼੍ਵਰ ਦੀ ਭਗਤੀ ਸੰਤਾਂ ਦੀ ਸੇਵਾ ਸਤਸੰਗ ਕੀਤਾ ਕਰੋਗੇ, ਤਦ ਤੁਹਾਡੀ ਕਲਜਾਣ ਹੋਵੇਗੀ।" ਬਾਬੇ ਜੀ ਦੇ ਸੱਚੇ ਬਚਨ ਸੁਣ ਕੇ ਸਭ ਦੇ ਮਨ ਫਿਰ ਗਏ। ਸੇਵਕ ਹੋ ਕੇ ਸ੍ਵਾਸ ਸ੍ਵਾਸ 'ਸ੍ਰੀ ਵਾਹਿਗੁਰੂ' 'ਸ੍ਰੀ ਵਾਹਿਗੁਰੂ' ਜਾਪ ਕਰਨ ਲੱਗੇ ਤੇ ਹੁਣ ਤਾਈਂ ਗੁਰੂ ਘਰ ਦੇ ਸੇਵਕ ਹਨ। ਗੁਰੂ ਅਮਰਦਾਸ ਜੀ ਨੇ ਏਨ੍ਹਾਂ ਪਰਬਤਾਂ ਦੀ ਸਿੱਖੀ ਬਾਬੇ ਗੰਗਾਦਾਸ ਨੂੰ ਬਖ਼ਸ਼ ਦਿੱਤੀ, ਜਿਸ ਕਰ ਕੇ ਹੁਣ ਓਸੇ ਦੀ ਸੰਤਾਨ ਵਿੱਚੋਂ ਬਾਬਾ ਸੁੰਦਰ ਸਿੰਘ ਏਸ ਦੇਸ ਦਾ ਗੁਰੂ ਬਣਿਆ ਹੋਇਆ ਹੈ। ਓਨ੍ਹਾਂ ਦਾ ਸਾਰਾ ਬ੍ਰਿਤਾਂਤ ਪੰਜਵੇਂ ਹਿੱਸੇ ਵਿੱਚ ਹੈ।

ਜੋਹੜਸਰੋਂ ਚੱਲ ਕੇ ਤੀਹ ਕੋਹ ਉੱਤਰ ਵੱਲ ਜੋ ਪੰਦ੍ਰਾਂ ਹਜ਼ਾਰ ਫੁੱਟ ਉੱਚਾ ਪਹਾੜ ਹੈ ਬਾਬਾ ਜੀ ਓਸ ਦੇ ਸਿਖਰ ਜਾ ਰਹੇ। ਮਰਦਾਨਾ ਦੇਖ ਕੇ ਹੈਰਾਨ ਹੋ ਗਿਆ। ਓਥੋਂ ਦੇ ਵਸਨੀਕ ਪਾਣੀ ਤੋਂ ਬੜੇ ਤੰਗ ਸਨ। (ਜਿਸ ਤਰ੍ਹਾਂ ਸੰਮਤ ੧੯੩੨ ਬਿਕ੍ਰਮੀ ਤੋਂ ਪਹਿਲੇ ਸ਼ਿਮਲੇ ਦੇ ਪਹਾੜ ਦੇ ਵਸਨੀਕ ਪਾਣੀ ਤੋਂ ਤੰਗ ਸਨ) ਗਊਆਂ ਨੂੰ ਤਾਂ ਪਾਣੀ ਮਿਲਣਾ ਬਹੁਤ ਹੀ ਮੁਸ਼ਕਲ ਸੀ। ਗੁਰੂ ਸਾਹਿਬ ਦਾ ਸ਼ਬਦ ਸੁਣ ਕੇ ਬਹੁਤ ਲੋਕ ਫਲ, ਫੁੱਲ, ਕੰਦ ਮੂਲ, ਦੁੱਧ, ਮੱਖਣ ਲੈ ਕੇ ਗੁਰੂ ਜੀ ਪਾਸ ਆਏ। ਓਨ੍ਹਾਂ ਦੀ ਰਹਿਤ ਰਿਖੀਆਂ ਮੁਨੀਆਂ ਵਾਲੀ ਦੇਖ ਕੇ ਗੁਰੂ ਜੀ ਬਹੁਤ ਖ਼ੁਸ਼ ਹੋਏ। ਓਨ੍ਹਾਂ ਨੂੰ ਅਨੰਦ ਕੁਸ਼ਲ ਪੁੱਛਿਆ ਤਾਂ ਓਨ੍ਹਾਂ ਦਾ ਮੁਖੀਆ ਜੋ {ਮਾਹੀਆ ਭਗਤ} ਮਾਹੀਆ* ਨਾਮ ਭਗਤ ਸੀ, ਓਸ ਨੇ ਅਤਿ ਨਿੰਮ੍ਰ ਹੋ ਕੇ ਆਖਯਾ, "ਮਹਾਰਾਜ! ਹੋਰ ਤਾਂ ਸਭ ਪ੍ਰਕਾਰ ਆਨੰਦ ਹੈ ਪਰ ਜਲ ਦੀ ਬਹੁਤ ਤੰਗੀ ਹੈ। ਚਾਰ ਪੰਜ ਕੋਹ ਹਠਾੜ ਵਿੱਚੋਂ ਜਾ ਕੇ ਜਲ ਲੱਭਦਾ ਹੈ। ਗਊਆਂ ਪਿਆਸੀਆਂ ਮਰ ਜਾਂਦੀਆਂ ਹਨ।" ਬਾਬੇ ਜੀ ਨੇ ਬਚਨ ਕੀਤਾ, "ਕਰਤਾਰ ਦੇ ਘਰ ਸਭੋ ਕੁਛ ਹੈ। ਓਸੇ ਦੀ ਭਗਤੀ ਕਰੋ। ਪੱਥਰ ਅੱਗੇ ਮੱਥਾ ਰਗੜਨਾ ਛੱਡ ਦਿਓ।" ਤਦ ਓਹ ਬਚਨ ਮੰਨ

*ਮਾਹੀਏ ਭਗਤ ਨੇ ਓਸੇ ਸੋਮੇਂ ਉੱਤੇ ਪੱਕਾ ਤਲਾਉ ਬਣਾ ਦਿੱਤਾ ਸੀ ਜਿਸ ਕਰ ਕੇ ਓਸ ਦਾ ਨਾਮ ਮਾਹੀਸਰ ਹੈ। ਓਸੇ ਵਿੱਚੋਂ ਨਿੱਕੀਆਂ ਨਿੱਕੀਆਂ ਨਹਿਰਾਂ ਓਥੋਂ ਦੇ ਬਾਸ਼ਿੰਦੇ ਦੂਰ ਦੂਰ ਤੱਕ ਲੈ ਗਏ ਹਨ। ਮਾਹੀਏ ਦੀ ਸੰਤਾਨ ਵਿੱਚੋਂ ਹੁਣ ਭੀ ਝੱਲਾ ਨਾਮੇ ਭਗਤ ਵੱਡਾ ਪਰਤਾਪ ਵਾਲਾ ਹੈ। ਓਸ ਨੇ ਸਰਮੌਰ ਦੇ ਪਹਾੜ ਤੱਕ ਗੁਰੂ ਕੀ ਸਿੱਖੀ ਬਹੁਤ ਬਿਸਥਾਰੀ ਹੈ। ਹੁੱਕੇ ਛੁਡਵਾ ਕੇ ਨਾਹਣ ਵਿੱਚ ਗੁਰੂ ਜੀ ਦਾ ਝੰਡਾ ਖੜਾ ਕਰ ਗੁਰਦਵਾਰੇ ਬਹੁਤ ਰੌਣਕ ਕਰ ਦਿੱਤੀ ਹੈ। ਏਹ ਸਭ ਪਹਾੜੀ ਲੋਕ ਦਾਓਂ ਪਿੰਡ ਵਾਲੇ ਗੰਗੂੰ ਸ਼ਾਹੀ ਸੁੰਦਰ ਸਿੰਘ ਨੂੰ ਗੁਰੂ ਕਰ ਕੇ ਮੰਨਦੇ ਹਨ।

ਖੜੋਤੇ ਤਾਂ ਬਾਬੇ ਜੀ ਨੇ ਮਾਹੀਏ ਤੋਂ ਇੱਕ ਥਾਉਂ ਤੋਂ ਸਿਲਾ ਚੁਕਵਾਈ ਤਾਂ ਓਥੋਂ ਹੀ ਵੱਡਾ ਭਾਰੀ ਸੁੰਮ ਨਿੱਕਲ ਪਿਆ। ਸੱਚ ਹੈ:

ਜਨਮ ਮਰਣ ਦੁਹਹੂ ਮਹਿ ਨਾਹੀ ਜਨ ਪਰਉਪਕਾਰੀ ਆਏ ॥

(ਸੂਹੀ, ਮਃ ੫ - ੭੪੯)

ਪਰਬਤੀ ਲੋਗ ਸਭ ਬਾਬੇ ਜੀ ਦੇ ਉਪਕਾਰੀ ਬਣ ਗਏ। ਮਾਹੀਏ ਭਗਤ ਪਰ ਬਾਬੇ ਦੀ ਬਹੁਤ ਕਿਰਪਾ ਹੋਈ। ਓਸ ਨੂੰ ਅੰਤ੍ਰੀਵ ਧਨ ਸਿੱਧੀ ਰਿੱਧੀ ਬਖ਼ਸ਼ ਕੇ ਨਿਹਾਲ ਕਰ ਦਿੱਤਾ।

ਓਥੋਂ ਅੱਗੇ ਸਰਮੌਰ ਦੀ ਦੂਣ ਵਿੱਚ ਜਾ ਫਿਰੇ ਤੇ ਜਮਨਾ ਨਦੀ ਪਾਰ ਹੋ ਗੜਵਾਲ ਦੇ ਪਰਬਤ ਦਾ (ਜਿਸ ਨੂੰ ਹੁਣ ਡੇਹਰਾਦੂਣ ਆਖਦੇ ਹਨ) ਸੈਲ ਕਰ ਕੇ ਮਨਸੂਰੀ, ਚਕਰੌਤੇ, ਬੁਸਹਿਰ ਆਦਿਕ ਵੱਡੇ ਵੱਡੇ ਪਰਬਤਾਂ, ਨਗਰਾਂ ਨਿਵਾਸੀਆਂ ਨੂੰ ਵਾਹਿਗੁਰੂ ਦੇ ਸਿਮਰਨ ਲਗਾਯਾ ਜਿਸ ਕਰ ਕੇ ਓਸ ਦੇਸ ਵਿੱਚ ਹੁਣ ਤੱਕ ਬਹੁਤ ਲੋਗ ਗੁਰੂ ਘਰ ਦੇ ਮਾਲਕ ਹਨ। ਏਥੋਂ ਤੁਰ ਕਾਂਸ਼ੀ ਜਾ ਰਹੇ। ਰਸਤੇ ਵਿੱਚ ਅਨੇਕ ਰਿਖੀ, ਮੁਨੀ, ਤਪਸਵੀ ਮਿਲੇ। ਪਰਸਪਰ ਵਾਰਤਾਲਾਪ ਕਰ ਅਨੰਦ ਉਠਾਏ। ਓਥੋਂ ਅੱਗੇ ਜਮਨੋਤ੍ਰੀ, ਗੰਗੋਤ੍ਰੀ (ਜਿਥੋਂ ਗੰਗਾ ਜੀ ਨਿਕਲਦੀ ਹੈ) ਪਹੁੰਚੇ। ਓਥੋਂ ਪਤਲੀ ਜੇਹੀ ਧਾਰ ਹਿਮਾਲੇ ਵਿੱਚੋਂ ਗਿਰਦੀ ਹੈ। ਕੇਵਲ ੯ ਹੱਥ ਚੌੜਾ ੧ ਹੱਥ ਡੂੰਘਾ ਜਲ ਹੈ। ਏਹ ਜਗ੍ਹਾ ਸਮੁੰਦ੍ਰ ਤੋਂ ੧੩੮੦੦ ਫੁੱਟ ਉੱਚੀ ਹੈ। ਇੱਥੋਂ ਤੋੜੀ ਇਸ਼ਨਾਨ ਕਰਨ ਕੋਈ ਕੋਈ ਹੀ ਜਾਂਦਾ ਹੈ। ਕਾਵੜੀਏ ਲੋਕ ਜੇਠ ਹਾੜ ਦੀ ਬਹਾਰੇ ਗ਼ਰਮ ਕੱਪੜੇ ਪਹਿਨ ਗ਼ਰਮ ਚੀਜ਼ਾਂ ਖਾ ਕੇ ਓਥੋਂ ਗੰਗਾ ਜਲ ਲਿਆਉਂਦੇ ਹਨ। ਫੇਰ ਹਰਿਦ੍ਵਾਰ ਤੱਕ ਅਨੰਤ ਨਦੀਆਂ ਨਾਲੇ ਮਿਲ ਕੇ ਵੱਡਾ ਦਰਿਆਉ ਬਣ ਜਾਂਦਾ ਹੈ।

ਗੁਰੂ ਸਾਹਿਬ ਗਊਮੁਖੀ ਤੱਕ ਪੁੱਜੇ ਜਿੱਥੇ ਗਊ ਦੇ ਮੂੰਹ ਵਰਗੀ ਖੱਡ ਵਿੱਚੋਂ ਜਲ ਦੀ ਧਾਰਾ ਪੈਂਦੀ ਹੈ। ਦਹਿਣੇ ਤਰਫ ਇੱਕ ਵੱਡੇ ਉੱਚੇ ਪਹਾੜ ਪਰ (ਜਿਸ ਨੂੰ ਕਹਿਕਾ ਦਿਵਾਲ ਆਖਦੇ ਹਨ) ਜਾ ਪੁੱਜੇ। ਕਹਿਕਾ ਦਵਾਲ ਦੇ ਪਰਬਤ ਪਾਸ ਜੋ ਉੱਚੇ ਉੱਚੇ ਟਿੱਲੇ ਹਨ ਜਦ ਸੂਰਜ ਚੜ੍ਹਦਾ ਹੈ ਤਾਂ ਜਿਕੂੰ ਸੁਇਨੇ ਦੇ ਮੰਦਰ ਦੀ ਝਲਕ ਦੂਜੇ ਮੰਦਰ ਉੱਤੇ ਪਵੇ ਇਸ ਤਰ੍ਹਾਂ ਉਨ੍ਹਾਂ ਟਿੱਲਿਆਂ ਦਾ ਰੰਗ ਝਲਕਦਾ ਹੈ ਅਤੇ ਅਨੇਕ ਸਬਜ਼ੇ ਰੋਜ਼ ਪੈਂਦੇ ਰਹਿੰਦੇ ਹਨ। ਉਥੋਂ ਪਰਲੀ ਤਰਫ ਅਤਿ ਸੁੰਦਰ ਚਮਤਕਾਰ ਇਸਤ੍ਰੀ ਮਰਦਾਂ ਦਾ ਭਾਈ ਬਾਲੇ ਮਰਦਾਨੇ ਨੂੰ ਵਿਖਾ ਕੇ ਉਥੋਂ ਸ਼ੀਘ੍ਰ ਹੱਟ ਆਏ ਕਿਉਂਕਿ ਮਰਦਾਨਾ ਓਧਰੇ ਜਾਣਾ ਚਾਹੁੰਦਾ ਸੀ। ਫੇਰ ਏਸੇ ਦੇਸ਼ ਦੀ ਰਾਜਧਾਨੀ ਸ਼ਿਰੀਨਗਰ ਵਿੱਚ ਜਾ ਬੈਠੇ।

ਏਥੋਂ ਦਾ ਰਾਜਾ ਅਮਰਸ਼ਾਹ ਬਹੁਤ ਲੋਗਾਂ ਸਮੇਤ ਗੁਰੂ ਸਾਹਿਬ ਦੇ ਦਰਸ਼ਨ ਨੂੰ ਆਯਾ (ਏਸੇ ਦੀ ਸੰਤਾਨ ਦਾ ਰਾਜਾ ਫਤੇਸ਼ਾਹ ਗੁਰੂ ਗੋਬਿੰਦ ਸਿੰਘ ਜੀ ਨੂੰ ਪਾਂਉਂਟੇ ਵਿੱਚ ਮਿਲਿਆ ਸੀ ਤੇ ਹੁਣ ਪ੍ਰਤਾਪ ਸ਼ਾਹ ਰਾਜਾ ਹੈ) ਗੁਰੂ ਜੀ ਨੇ ਓਨ੍ਹਾਂ ਨੂੰ ਪ੍ਰਮੇਸ਼੍ਵਰ ਦੀ ਭਗਤੀ ਕਰਨ ਲਾ, ਗੰਧਮਾਦਨ ਪਰਬਤ ਉੱਤੇ ਜੇਠ ਸੰਮਤ ੧੫੭੪ ਬਿਕ੍ਰਮੀ ਨੂੰ ਬਦਰੀਨਾਥ ਜਾ ਪਹੁੰਚੇ। ਓਥੋਂ ਦਾ ਮਹੰਤ ਸ਼ੰਕਰਾਚਾਰਯ ਦੀ ਕੁਲ ਵਿੱਚੋਂ ਦਰਾਵੜ ਦੇਸ਼ ਦਾ ਬ੍ਰਾਹਮਣ ਰਾਵਲ ਸੰਗਿਆ ਵਾਲਾ ਅਤੇ ਹੋਰ ਹੋਰ ਪੰਡੇ ਬਾਬੇ ਜੀ ਪਾਸ ਆਏ ਤੇ ਗੱਲਾਂ ਕਰਨ ਲੱਗੇ, "ਏਹ ਨਰਾਜਣ ਦੀ ਮੂਰਤਿ ਸਤਜੁਗ ਦੀ ਹੈ। ਜੈਨ ਮਤ ਦੇ ਲੋਗਾਂ ਨੇ ਬੇਅਦਬੀ ਬਹੁਤ ਕੀਤੀ। ਮੂਰਤ ਗੰਗਾਂ ਵਿੱਚ ਸਿੱਟ ਕੇ ਮੰਦਰ ਢਾਹ ਸਿੱਟਿਆ। ਏਹ ਮੰਦਰ ਫੇਰ ਬਣਿਆ ਹੈ ਅਤੇ ਸ਼ੰਕਰਾਚਾਰਯ ਨੇ ਮੂਰਤਿ ਥਾਪੀ ਹੈ।" ਏਹ ਗੱਲਾਂ ਸੁਣ ਕੇ ਬਾਬੇ ਜੀ ਸ਼ਲੋਕ ਉਚਾਰਿਆ:

ਜਲਿ ਥਲਿ ਮਹੀਅਲਿ ਪੂਰਿਆ
ਸੁਆਮੀ ਸਿਰਜਨਹਾਰੁ ॥
ਅਨਿਕ ਭਾਂਤਿ ਹੋਇ ਪਸਰਿਆ
ਨਾਨਕ ਏਕੰਕਾਰੁ ॥੧॥

(ਥਿਤੀ ਗਉੜੀ, ਮਃ ੫ - ੨੯੬)

ਫੇਰ ਏਹ ਸ਼ਬਦ ਉਚਾਰਿਆ ਜੋ ਪੰਜਵੇਂ ਗੁਰੂ ਜੀ ਨੇ ਭੀ ਰਾਗ ਗੌਂਡ ਵਿੱਚ ਉਚਾਰਿਆ ਹੈ।

ਗੋਂਡ ਮਹਲਾ ੫ ॥
ਨਾਮੁ ਨਿਰੰਜਨੁ ਨੀਰਿ ਨਰਾਇਣ ॥
ਰਸਨਾ ਸਿਮਰਤ ਪਾਪ ਬਿਲਾਇਣ ॥੧॥ ਰਹਾਉ ॥
ਨਾਰਾਇਣ ਸਭ ਮਾਹਿ ਨਿਵਾਸ ॥
ਨਾਰਾਇਣ ਘਟਿ ਘਟਿ ਪਰਗਾਸ ॥
ਨਾਰਾਇਣ ਕਹਤੇ ਨਰਕਿ ਨ ਜਾਹਿ ॥
ਨਾਰਾਇਣ ਸੇਵਿ ਸਗਲ ਫਲ ਪਾਹਿ ॥੧॥
ਨਾਰਾਇਣ ਮਨ ਮਾਹਿ ਅਧਾਰ ॥
ਨਾਰਾਇਣ ਬੋਹਿਥ ਸੰਸਾਰ ॥
ਨਾਰਾਇਣ ਕਹਤ ਜਮੁ ਭਾਗਿ ਪਲਾਇਣ ॥
ਨਾਰਾਇਣ ਦੰਤ ਭਾਨੇ ਡਾਇਣ ॥੨॥
ਨਾਰਾਇਣ ਸਦ ਸਦ ਬਖਸਿੰਦ ॥
ਨਾਰਾਇਣ ਕੀਨੇ ਸੂਖ ਅਨੰਦ ॥
ਨਾਰਾਇਣ ਪ੍ਰਗਟ ਕੀਨੋ ਪਰਤਾਪ ॥
ਨਾਰਾਇਣ ਸੰਤ ਕੋ ਮਾਈ ਬਾਪ ॥੩॥
ਨਾਰਾਇਣ ਸਾਧਸੰਗਿ ਨਰਾਇਣ ॥
ਬਾਰੰ ਬਾਰ ਨਰਾਇਣ ਗਾਇਣ ॥
ਬਸਤੁ ਅਗੋਚਰ ਗੁਰ ਮਿਲਿ ਲਹੀ ॥
ਨਾਰਾਇਣ ਓਟ ਨਾਨਕ ਦਾਸ ਗਹੀ ॥੪॥੧੭॥੧੯॥

(ਗੋਂਡ, ਮਃ ੫ – ੮੬੭-੬੮)

ਏਹ ਸ਼ਬਦ ਸੁਣ ਕੇ ਓਹ ਤਾਂ ਗਿੱਬ ਦੀ ਭੰਗ ਚੜ੍ਹਾ ਕੇ ਚੁੱਪ ਹੋ ਰਹੇ। ਬਾਬੇ ਜੀ ਨੇ ਆਖਜਾ, "ਤੁਹਾਡਾ ਇਹ ਨਾਰਾਜਣ ਝੂਠਾ ਹੈ। ਸੱਚਾ ਨਾਰਾਜਣ ਓਹ ਹੈ ਜਿਸ ਦਾ ਵਰਣਨ ਅਸਾਂ ਸ਼ਬਦਾਂ ਵਿੱਚ ਕੀਤਾ ਹੈ, ਤੁਸੀਂ ਭੀ ਓਸੇ ਦੀ ਸ਼ਰਨ ਫੜੋ। ਤੁਸੀਂ ਬਿਚਾਰ ਕੇ ਦੇਖੋ ਕਿ ਜਦ ਏਸ ਮੂਰਤਿ ਨੇ ਜੈਨ ਮਤ ਵਾਲਿਆਂ ਤੋਂ ਹਾਰ ਮੰਨ ਲਈ ਤਾਂ ਤੁਸਾਡਾ ਭਲਾ ਕਦ ਕਰ ਸਕਦੀ ਹੈ?" ਬਾਬੇ ਦਾ ਉਪਦੇਸ਼ ਮੰਨ ਕੇ ਓਨ੍ਹਾਂ ਦੇ ਮਨ ਫਿਰ ਗਏ ਤੇ ਭਗਤੀ ਭਜਨ ਕਰਨ ਲੱਗੇ। ਏਥੇ ਜਿੱਥੇ ਬੈਠ ਕੇ ਬਾਬੇ ਜੀ ਨੇ ਲੋਕਾਂ ਨੂੰ ਉਪਦੇਸ਼ ਦਿੱਤਾ ਤੇ ਸ਼ਬਦ ਉਚਾਰੇ ਸੇ ਓਸ ਜਗ੍ਹਾ ਧਰਮਸਾਲਾ ਵਿੱਚ ਹੁਣ ਆਤਮਾ ਸਿੰਘ ਨਿਰਮਲਾ ਸੰਤ ਹਮੇਸ਼ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਕਰਦਾ ਹੈ ਤੇ ਅਭਜਾਗਤ ਸਾਧ ਵਰੋਸਾਉਂਦੇ ਹਨ।

ਬੱਦਰੀਨਾਥ ਤੋਂ ਚੱਲ ਕੇ ਬਸੂਧਾਰ ਨੂੰ ਹੁੰਦੇ ਹੋਏ (ਜਿੱਥੇ ਪਾਂਡਵਾਂ ਦੇ ਸਰੀਰ ਜਿਗੇ ਸੇ) ਓਹ ਥਾਉਂ ਭਾਈ ਬਾਲੇ ਮਰਦਾਨੇ ਨੂੰ ਵਿਖਾ ਕੇ ਹਿਮਾਲੇ ਵਿੱਚ ਦੀ ਹੇਮਕੂੰਟ ਲੰਘ ਕੇ ਸਪਤ ਸ੍ਰਿੰਗ ਪਰਬਤ ਵਿੱਚ ਲੋਕ ਪਾਲ ਤੀਰਥ ਕਿਨਾਰੇ ਜਾ ਬਿਰਾਜੇ। ਏਸੇ ਪਰਬਤ ਵਿੱਚ ਬੱਡੇ ਬੱਡੇ ਰਿਖੀ ਮੁਨੀ ਅਤੇ ਰਾਜੇ ਭਾਰਤਵਰਸ਼ ਦੇ ਰਾਜ ਤਜਾਗ ਤਜਾਗ ਕੇ ਤਪੱਸਯਾ ਕਰਦੇ ਰਹੇ ਹਨ। ਹੁਣ ਓਨ੍ਹਾਂ ਦੇ ਨਾਮ ਦੀਆਂ ਅਨੰਤ ਜਗ੍ਹਾ ਓਥੇ ਹਨ। ਹੁਣ ਭੀ ਓਥੇ ਅਨੇਕ ਮਹਾਤਮਾ ਬੀਤਰਾਗ ਰਹਿੰਦੇ ਹਨ। ਓਨ੍ਹਾਂ ਲਈ ਈਸ਼੍ਵਰ ਨੇ ਅਜਿਹੇ ਕੰਦ ਮੂਲ ਰਚ ਰੱਖੇ ਹਨ ਜਿਨ੍ਹਾਂ ਦੇ ਖਾਣੇ ਕਰ ਬਲ ਤੇਜ਼ ਕ੍ਰਾਂਤ ਪ੍ਰਾਣ ਦੇਹ ਵਿੱਚ ਬਣੇ ਰਹਿੰਦੇ ਹਨ।

ਸਪਤ ਸ੍ਰਿੰਗ* ਹੇਮਕੂੰਟ ਬੱਦਰੀਨਾਥ {ਹੇਮਕੁੰਟ} ਦੇ ਮੰਦਰ ਤੋਂ ਅੱਠ ਦਸ ਕੋਹ ਚੜ੍ਹਦੀ ਵੱਲ ੧੭ ਹਜ਼ਾਰ ੬ ਸੌ ੭੨ ਫੁੱਟ ਉੱਚਾ ਹੈ ਤੇ ਬਹੁਤ ਲੰਬਾ ਚੌੜਾ ਹੈ। ਜਦ ਓਥੇ ਪਾਲ ਤੀਰਥ ਪਰ ਗੁਰੂ ਜੀ ਦਾ

---

*ਸਪਤ ਸ੍ਰਿੰਗ ਤੇ ਹੇਮਕੂੰਟ ਏਨ੍ਹਾਂ ਪਰਬਤਾਂ ਦਾ ਪਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਆਪਣੇ ਰਚੇ ਹੋਏ ਬਚਿਤ੍ਰ ਨਾਟਕ ਪੁਸਤਕਾਂ ਦੇ ਛੀਵੇਂ ਅਧਿਆਇ ਵਿੱਚ ਸੰਖੇਪ ਕਰ ਕੇ ਐਉਂ ਦੱਸਿਆ ਹੈ, ਯਥਾ:

ਚੌਪਾਈ: ਅਬ ਮੈਂ ਆਪਣੀ ਕਥਾ ਬਖਾਨੋ॥ ਤਪ ਸਾਧਤ ਜਿਹ ਬਿਧਿ ਮੋਹਿ ਆਨੋ॥

ਸ਼ਬਦ ਲੋਕਾਂ ਨੇ ਸੁਣਿਆ ਤਾਂ ਸਰਬਤ੍ਰ ਰਿਖੀ ਮੁਨੀ ਗੁਰੂ ਸਾਹਿਬ ਦੇ ਚੁਫੇਰੇ ਆ ਬੈਠੇ। ਤਾਂ ਗੁਰੂ ਜੀ ਨੇ ਸ਼ਬਦ ਬੋਲਿਆ:

ਬਸੰਤੁ ਮਹਲਾ ੧ ॥
ਮੇਰੀ ਸਖੀ ਸਹੇਲੀ ਸੁਨਹੁ ਭਾਇ ॥
ਮੇਰਾ ਪਿਰੁ ਰੀਸਾਲੂ ਸੰਗਿ ਸਾਇ ॥
ਓਹੁ ਅਲਖੁ ਨ ਲਖੀਐ ਕਹਹੁ ਕਾਇ ॥
ਗੁਰਿ ਸੰਗਿ ਦਿਖਾਇਓ ਰਾਮ ਰਾਇ ॥੧॥
ਮਿਲੁ ਸਖੀ ਸਹੇਲੀ ਹਰਿ ਗੁਨ ਬਨੇ ॥
ਹਰਿ ਪ੍ਰਭ ਸੰਗਿ ਖੇਲਹਿ ਵਰ ਕਾਮਨਿ
ਗੁਰਮੁਖਿ ਖੋਜਤ ਮਨ ਮਨੇ ॥੧॥ ਰਹਾਉ ॥
ਮਨਮੁਖੀ ਦੁਹਾਗਣਿ ਨਾਹਿ ਭੇਉ ॥
ਓਹੁ ਘਟਿ ਘਟਿ ਰਾਵੈ ਸਰਬ ਪ੍ਰੇਉ ॥
ਗੁਰਮੁਖਿ ਥਿਰੁ ਚੀਨੈ ਸੰਗਿ ਦੇਉ ॥
ਗੁਰਿ ਨਾਮੁ ਦ੍ਰਿੜਾਇਆ ਜਪੁ ਜਪੇਉ ॥੨॥
ਬਿਨੁ ਗੁਰ ਭਗਤਿ ਨ ਭਾਉ ਹੋਇ ॥
ਬਿਨੁ ਗੁਰ ਸੰਤ ਨ ਸੰਗੁ ਦੇਇ ॥
ਬਿਨੁ ਗੁਰ ਅੰਧੁਲੇ ਧੰਧੁ ਰੋਇ ॥
ਮਨੁ ਗੁਰਮੁਖਿ ਨਿਰਮਲੁ ਮਲੁ ਸਬਦਿ ਖੋਇ ॥੩॥
ਗੁਰਿ ਮਨੁ ਮਾਰਿਓ ਕਰਿ ਸੰਜੋਗੁ ॥
ਅਹਿਨਿਸਿ ਰਾਵੇ ਭਗਤਿ ਜੋਗੁ ॥
ਗੁਰ ਸੰਤ ਸਭਾ ਦੁਖੁ ਮਿਟੈ ਰੋਗੁ ॥
ਜਨ ਨਾਨਕ ਹਰਿ ਵਰੁ ਸਹਜ ਜੋਗੁ ॥੪॥੬॥

(ਬਸੰਤੁ, ਮਃ ੧ – ੧੧੬੯/੨੦)

ਏਸੇ ਪ੍ਰਕਾਰ ਦੇ ਜਦ ਬਹੁਤ ਸਾਰੇ ਸ਼ਬਦ ਰਿਖੀਆਂ ਨੇ ਸੁਣੇ ਤਾਂ ਨਿਸ਼ਚੇ ਜਾਣ ਲਿਆ ਕਿ ਇਹ ਠੀਕ ਸਤਿਗੁਰੂ ਅਵਤਾਰ ਸੰਸਾਰ ਦੇ ਉਧਾਰ ਵਾਸਤੇ ਪ੍ਰਗਟ ਹੋਏ ਹਨ। ਕਲਿਜੁਗ ਵਿੱਚ ਸਤਿਗੁਰਾਂ ਦੀ ਸ਼ਰਨ ਲੀਤੇ ਬਿਨਾਂ ਜੀਵ ਦੀ ਕਲਿਆਣ ਨਾ ਹੁੰਦੀ ਸਮਝ ਕੇ ਸਭ ਨੇ ਅਸ਼ਟਾਖਰ ਮੰਤ੍ਰ ਪਰੇਮ ਭਗਤੀ ਦਾ ਪ੍ਰਕਾਰ ਬਾਬੇ ਜੀ ਤੋਂ ਧਾਰਨ ਕਰ ਆਪ ਨੂੰ ਧੰਨਜ ਭਾਗੀ ਮੰਨਯਾ। ਸ਼ੰਭੂ, ਮੁੰਡਾਨ, ਬਾਮਦੇਵ, ਜੁਆਲ, ਸਨਕ ਆਦਿਕ ਤਪੋਧਨ ਤ੍ਰਿਕਾਲਦਰਸ਼ੀ ਸਨ। ਓਨ੍ਹਾਂ ਨੇ ਆਪਣੇ

ਹੇਮਕੁੰਟ ਪਰਬਤ ਹੈ ਜਹਾਂ॥ ਸਪਤ ਸ੍ਰਿੰਗ ਸੋਭਤ ਹੈਂ ਤਹਾਂ॥
ਪੰਡ ਰਾਜ ਜਹ ਜੋਗ ਕਮਾਵਾ॥ ਸਪਤ ਸ੍ਰਿੰਗ ਤਿਹ ਨਾਮ ਕਹਾਵਾ॥
ਤਹਿੰ ਹਮ ਅਧਿਕ ਤਪੱਸਯਾ ਸਾਧੀ॥ ਮਹਾਕਾਲ ਕਾਲਕਾ ਅਰਾਧੀ॥
ਇਹ ਬਿਧਿ ਕਰਤ ਤਪਸਯਾ ਭਯੋ॥ ਦੁਇ ਤੇ ਏਕ ਰੂਪ ਹੈ ਗਯੋ।
ਤਾਤ ਮਾਤ ਮੁਰ ਅਲਖ ਅਰਾਧਾ॥ ਬਹੁ ਬਿਧਿ ਜੋਗ ਸਾਧਨਾ ਸਾਧਾ॥
ਤਿਨ ਜੋ ਕਰੀ ਅਲੱਖ ਕੀ ਸੇਵਾ॥ ਤਾਂ ਤੇ ਭਏ ਪ੍ਰਸੰਨ ਗੁਰ ਦੇਵਾ॥
ਤਿਨ ਪ੍ਰਭ ਜਬ ਆਇਸ ਮੁਹਿ ਦੀਆ॥ ਤਬ ਹਮ ਜਨਮ ਕਲੂ ਮੈਂ ਲੀਆ॥
ਅਕਾਲ ਪੁਰਖ ਵਾਚ ਇਸ ਕੀਟ ਪ੍ਰਤਿ)
ਚੌਪਈ: ਮੈਂ ਅਪਨਾ ਸੁਤ ਤੋਹਿ ਨਿਵਾਜਾ॥ ਪੰਥ ਪ੍ਰਚੁਰ ਕਰਬੇ ਕਉ ਸਾਜਾ॥
ਜਾਹਿ ਤਹਾਂ ਤੈ ਧਰਮ ਚਲਾਇ॥ ਕਬੁਧਿ ਕਰਨ ਤੇ ਲੋਕ ਹਟਾਇ॥

ਗੁਰੂ ਜੀ ਨੇ ਇਨ੍ਹਾਂ ਬਚਨਾਂ ਵਿੱਚ ਆਪਣਾ ਅਤੇ ਆਪਣੇ ਮਾਤਾ-ਪਿਤਾ ਦਾ ਤਪ, ਭਜਨ ਕਰਨਾ ਪਿਛਲੇ ਜਨਮ ਵਿੱਚ ਦੱਸ ਕੇ ਏਹ ਭੀ ਦਿਖਾ ਦਿੱਤਾ ਹੈ ਕਿ ਮੇਰੀ ਮਾਤਾ ਪਿਤਾ ਨੂੰ ਅਕਾਲ ਪੁਰਖ ਨੇ ਵਰ ਦਿੱਤਾ ਕਿ ਤੁਸਾਡੇ ਘਰ ਪ੍ਰਤਾਪੀ ਪੁੱਤ੍ਰ ਹੋਵੇਗਾ। ਓਹ ਬਚਨ ਪੂਰਾ ਕਰਨ ਲਈ ਤੇ ਸਾਧੂਆਂ ਦੇ ਉਬਾਰਨ ਵਾਸਤੇ ਦੁਸ਼ਟਾਂ ਦੇ ਸੰਘਾਰਨ ਵਾਸਤੇ ਗੁਰੂ ਸਾਹਿਬ ਜੀ ਕਹਿੰਦੇ ਹਨ ਕਿ ਮੈਨੂੰ ਅਕਾਲ ਪੁਰਖ ਨੇ ਆਪਣਾ ਪੁੱਤ੍ਰ ਖ਼ਿਤਾਬ ਦੇ ਕੇ ਸੰਸਾਰ ਵਿੱਚ ਧਰਮ ਪ੍ਰਚਾਰ ਕਰਨ ਲਈ ਭੇਜਿਆ ਹੈ।

ਧੰਨਭਾਗ ਮੰਨ ਕੇ ਅਤਿ ਪ੍ਰਸੰਨ ਹੋ ਕਰ ਬੇਨਤੀ ਕੀਤੀ, "ਹੇ ਗੁਰੋ! ਅਸਾਂ ਨੇ ਬੇਅੰਤ ਜਪ ਤਪ ਕੀਤੇ, ਨਿਉਲੀ ਕਰਮ ਕਰ ਕਰ ਹਠ ਜੋਗ ਦੀ ਸਮਾਧੀ ਸਾਧੀ, ਉਮਰ ਵਧਾਈ, ਸ਼ਾਸਤ੍ਰ ਪੜ੍ਹੇ ਸੁਣੇ ਪਰ ਮਨ ਨੂੰ ਸ਼ਾਂਤੀ ਨਾ ਆਈ। ਅੱਜ ਆਪ ਦੇ ਬਚਨ ਸੁਣ ਕੇ ਸਾਡੇ ਕਪਾਟ ਖੁੱਲ੍ਹ ਗਏ। ਮਨ ਸ਼ਾਂਤ ਹੋ ਗਿਆ। ਅਸਾਂ ਨਿਸ਼ਚੇ ਜਾਣ ਲੀਤਾ ਕਿ ਆਪ ਸੱਚੇ ਸਤਿਗੁਰੂ ਅਵਤਾਰ ਕਲਜੁਗੀ ਜੀਵਾਂ ਦੇ ਉਧਾਰ ਵਾਸਤੇ ਪ੍ਰਗਟ ਹੋਏ ਹੋ। ਹੁਣ ਐਸੀ ਕ੍ਰਿਪਾ ਕਰ ਕੇ ਜਿਸ ਤੋਂ ਅਦ੍ਵੈਤ ਗਯਾਨ ਅਨੰਨਯ ਭਗਤੀ ਬਣੀ ਰਹੇ।" ਰਿਖੀਆਂ ਦੀ ਬੇਨਤੀ ਸੁਣ ਕੇ ਬਾਬਾ ਜੀ ਨੇ ਏਹ ਸ਼ਬਦ ਉਚਾਰਿਆ:

ਮਾਰੂ ਸੋਲਹੇ ਮਹਲਾ ੧
ੴ ਸਤਿਗੁਰ ਪ੍ਰਸਾਦਿ ॥
ਸਾਚਾ ਸਚੁ ਸੋਈ ਅਵਰੁ ਨ ਕੋਈ ॥
ਜਿਨਿ ਸਿਰਜੀ ਤਿਨ ਹੀ ਫੁਨਿ ਗੋਈ ॥
ਜਿਉ ਭਾਵੈ ਤਿਉ ਰਾਖਹੁ ਰਹਣਾ ਤੁਮ ਸਿਉ ਕਿਆ ਮੁਕਰਾਈ ਹੇ ॥੧॥
ਆਪਿ ਉਪਾਏ ਆਪਿ ਖਪਾਏ ॥
ਆਪੇ ਸਿਰਿ ਸਿਰਿ ਧੰਧੈ ਲਾਏ ॥
ਆਪੇ ਵੀਚਾਰੀ ਗੁਣਕਾਰੀ ਆਪੇ ਮਾਰਗਿ ਲਾਈ ਹੇ ॥੨॥
ਆਪੇ ਦਾਨਾ ਆਪੇ ਬੀਨਾ ॥
ਆਪੇ ਆਪੁ ਉਪਾਇ ਪਤੀਨਾ ॥
ਆਪੇ ਪਉਣੁ ਪਾਣੀ ਬੈਸੰਤਰੁ ਆਪੇ ਮੇਲਿ ਮਿਲਾਈ ਹੇ ॥੩॥
ਆਪੇ ਸਸਿ ਸੂਰਾ ਪੂਰੋ ਪੂਰਾ ॥
ਆਪੇ ਗਿਆਨਿ ਧਿਆਨਿ ਗੁਰੁ ਸੂਰਾ ॥
ਕਾਲੁ ਜਾਲੁ ਜਮੁ ਜੋਹਿ ਨ ਸਾਕੈ ਸਾਚੇ ਸਿਉ ਲਿਵ ਲਾਈ ਹੇ ॥੪॥
ਆਪੇ ਪੁਰਖੁ ਆਪੇ ਹੀ ਨਾਰੀ ॥
ਆਪੇ ਪਾਸਾ ਆਪੇ ਸਾਰੀ ॥
ਆਪੇ ਪਿੜ ਬਾਧੀ ਜਗੁ ਖੇਲੈ ਆਪੇ ਕੀਮਤਿ ਪਾਈ ਹੇ ॥੫॥
ਆਪੇ ਭਵਰੁ ਫੁਲੁ ਫਲੁ ਤਰਵਰੁ ॥
ਆਪੇ ਜਲੁ ਥਲੁ ਸਾਗਰੁ ਸਰਵਰੁ ॥
ਆਪੇ ਮਛੁ ਕਛੁ ਕਰਣੀਕਰੁ ਤੇਰਾ ਰੂਪੁ ਨ ਲਖਣਾ ਜਾਈ ਹੇ ॥੬॥
ਆਪੇ ਦਿਨਸੁ ਆਪੇ ਹੀ ਰੈਣੀ ॥
ਆਪਿ ਪਤੀਜੈ ਗੁਰ ਕੀ ਬੈਣੀ ॥
ਆਦਿ ਜੁਗਾਦਿ ਅਨਾਹਦਿ ਅਨਦਿਨੁ ਘਟਿ ਘਟਿ ਸਬਦੁ ਰਜਾਈ ਹੇ ॥੭॥
ਆਪੇ ਰਤਨੁ ਅਨੂਪੁ ਅਮੋਲੋ ॥
ਆਪੇ ਪਰਖੇ ਪੂਰਾ ਤੋਲੋ ॥
ਆਪੇ ਕਿਸ ਹੀ ਕਸਿ ਬਖਸੇ ਆਪੇ ਦੇ ਲੈ ਭਾਈ ਹੇ ॥੮॥
ਆਪੇ ਧਨਖੁ ਆਪੇ ਸਰਬਾਣਾ ॥
ਆਪੇ ਸੁਘੜੁ ਸਰੂਪੁ ਸਿਆਣਾ ॥
ਕਹਤਾ ਬਕਤਾ ਸੁਣਤਾ ਸੋਈ ਆਪੇ ਬਣਤ ਬਣਾਈ ਹੇ ॥੯॥
ਪਉਣੁ ਗੁਰੂ ਪਾਣੀ ਪਿਤ ਜਾਤਾ ॥
ਉਦਰ ਸੰਜੋਗੀ ਧਰਤੀ ਮਾਤਾ ॥
ਰੈਣਿ ਦਿਨਸੁ ਦੁਇ ਦਾਈ ਦਾਇਆ ਜਗੁ ਖੇਲੈ ਖੇਲਾਈ ਹੇ ॥੧੦॥
ਆਪੇ ਮਛੁਲੀ ਆਪੇ ਜਾਲਾ ॥

ਆਪੇ ਗਊ ਆਪੇ ਰਖਵਾਲਾ ॥
ਸਰਬ ਜੀਆ ਜਗਿ ਜੋਤਿ ਤੁਮਾਰੀ ਜੈਸੀ ਪ੍ਰਭਿ ਫੁਰਮਾਈ ਹੇ ॥੧੧॥
ਆਪੇ ਜੋਗੀ ਆਪੇ ਭੋਗੀ ॥
ਆਪੇ ਰਸੀਆ ਪਰਮ ਸੰਜੋਗੀ ॥
ਆਪੇ ਵੇਬਾਣੀ ਨਿਰੰਕਾਰੀ ਨਿਰਭਉ ਤਾੜੀ ਲਾਈ ਹੇ ॥੧੨॥
ਖਾਣੀ ਬਾਣੀ ਤੁਝਹਿ ਸਮਾਣੀ ॥
ਜੋ ਦੀਸੈ ਸਭ ਆਵਣ ਜਾਣੀ ॥
ਸੇਈ ਸਾਹ ਸਚੇ ਵਾਪਾਰੀ ਸਤਿਗੁਰਿ ਬੂਝ ਬੁਝਾਈ ਹੇ ॥੧੩॥
ਸਬਦੁ ਬੁਝਾਏ ਸਤਿਗੁਰੁ ਪੂਰਾ ॥
ਸਰਬ ਕਲਾ ਸਾਚੇ ਭਰਪੂਰਾ ॥
ਅਫਰਿਓ ਵੇਪਰਵਾਹੁ ਸਦਾ ਤੂ ਨਾ ਤਿਸੁ ਤਿਲੁ ਨ ਤਮਾਈ ਹੇ ॥੧੪॥
ਕਾਲੁ ਬਿਕਾਲੁ ਭਏ ਦੇਵਾਨੇ ॥
ਸਬਦੁ ਸਹਜ ਰਸੁ ਅੰਤਰਿ ਮਾਨੇ ॥
ਆਪੇ ਮੁਕਤਿ ਤ੍ਰਿਪਤਿ ਵਰਦਾਤਾ ਭਗਤਿ ਭਾਇ ਮਨਿ ਭਾਈ ਹੇ ॥੧੫॥
ਆਪਿ ਨਿਰਾਲਮੁ ਗੁਰ ਗਮ ਗਿਆਨਾ ॥
ਜੋ ਦੀਸੈ ਤੁਝ ਮਾਹਿ ਸਮਾਨਾ ॥
ਨਾਨਕੁ ਨੀਚੁ ਭਿਖਿਆ ਦਰਿ ਜਾਚੈ ਮੈ ਦੀਜੈ ਨਾਮੁ ਵਡਾਈ ਹੇ ॥੧੬॥੧॥

(ਮਾਰੂ, ਮਃ ੧ - ੧੦੨੦)

ਏਹ ਸ਼ਬਦ ਸੁਣ ਕੇ ਸਭ ਰਿਖੀ ਮੁਨੀ ਅਦ੍ਵੈਤ ਗਿਆਨ ਨਿਸ਼ਚੇ ਕਰ ਆਨੰਦ ਹੋ ਗਏ। ਓਨ੍ਹਾਂ ਨੂੰ ਬ੍ਰਹਮਾਨੰਦ ਵਿੱਚ ਮਗਨ ਕਰ ਕੇ ਉੱਤ੍ਰਾਖੰਡ ਵਿੱਚ ਅਖੰਡ ਵਿਚਰ ਕੇ ਗੁਰੂ ਜੀ ਨੇ ਅਨੇਕ ਸੰਤ ਅਗਿਆਨ ਕਸੌਟੀ ਤੋਂ ਛੁਡਾ ਕੇ ਪਰਮੇਸ਼ਰ ਦੇ ਰਾਹ ਪਾਏ। ਕਿਉਂਕਿ ਓਹ ਕੋਈ ਊਰਧਬਾਹੂ ਕੋਈ ਕ੍ਰਿਸ਼ਚੰਦ੍ਰਾਇਣ ਕੋਈ ਜਲ ਧਾਰਾ, ਕੋਈ ਖੜੇਸ੍ਰੀ, ਪੁੱਠਾ ਲਟਕਦਾ ਹੋਇਆ ਕਸ਼ਟ ਪਾ ਰਿਹਾ ਸੀ। ਬਾਬੇ ਜੀ ਨੇ ਸਹਿਜ, ਵੈਰਾਗਯ ਤੇ ਗਿਆਨ ਭਗਤੀ ਦ੍ਰਿੜ੍ਹਾ ਕੇ ਸਭ ਨੂੰ ਸੱਚੇ ਤੇ ਸਿੱਧੇ ਰਸਤੇ ਪਾਇਆ।

ਸੱਚਖੰਡ ਪ੍ਰਵੇਸ਼ ਕਰਨਾ

ਓਸੇ ਥਾਉਂ ਤੋਂ ਗੁਰੂ ਜੀ ਭਾਈ ਬਾਲੇ ਮਰਦਾਨੇ ਸਮੇਤ ਹਿਮਾਲਯ ਪਰਬਤ ਉੱਤੇ ਚਲੇ ਗਏ। ਅੱਗੇ ਅਨੇਕ ਸਿੱਧ ਨਾਰਦਾਇਕ ਰਿਖਿ ਮੁਨੀ ਆਦਿ ਰਹਿਤ ਬਿਚਰਨੇ ਵਾਲੇ ਮਿਲੇ। ਭਾਈ ਮਰਦਾਨੇ ਨੇ ਆਖਿਆ, "ਏਥੇ ਤਾਂ ਬਰਫ ਹੀ ਬਰਫ ਹੈ, ਏਹ ਸੰਤ ਏਥੇ ਕੀ ਖਾਂਦੇ ਹਨ?" ਬਾਬੇ ਜੀ ਨੇ ਆਖਿਆ, "ਏਹ ਨਾਮ ਅੰਮ੍ਰਿਤ ਰਸ ਪੀ ਕੇ ਤ੍ਰਿਪਤ ਰਹਿੰਦੇ ਹਨ।" ਅੱਗੇ ਸਿਰ ਧਾਰ ਨਾਮ ਵੱਡੇ ਉੱਚੇ ਟਿੱਲੇ ਪਰ ਗਏ ਤਾਂ ਗੋਰਖ ਨਾਥ {ਗੋਰਖ ਨਾਲ ਗੋਸ਼ਟ} ਦੇ ਦਰਸ਼ਨ ਹੋਏ ਤੇ ਓਹ ਬੋਲਿਆ:

ਗੋਰਖ ਨਾਥ ਵਾਚ:

ਕਵਨ ਰੂਪ ਕਵਨ ਜਾਤ ਤੁਮਾਰੀ।
ਕਹੋ ਕਹਾਂ ਲੌ ਚਲੇ ਅਗਾਰੀ।
ਨਹਿ ਆਗੇ ਧਰਨਿ ਰਹੋਗੇ ਕਹਾਂ।
ਸੀਤਲ ਜਲ ਬਰਖ ਹਿਮ ਮਹਾਂ।
ਸੁਨ ਨਾਨਕ ਗੋਰਖ ਤੁਹਿ ਕਹੇ।
ਫਿਰ ਜਾਹੁ ਪੀਛੇ ਆਗੇ ਦੁਖ ਲਹੇ।

ਸ੍ਰੀ ਗੁਰੋ ਵਾਚ:

ਰੂਪ ਹਮਾਰਾ ਅਚਰਜ ਕਹੀਏ ਅਚਰਜ ਹਮਰੀ ਜਾਤੀ।
ਅਚਰਜ ਨਗਰ ਕੋ ਚਲੇ ਅਗਾਰੀ ਜਹਾਂ ਨਹੀਂ ਦਿਨ ਰਾਤੀ।
ਪੀਛੇ ਆਗੇ ਦ੍ਰਿਸ਼ਟ ਹਮਾਰੀ ਧਰਨਿ ਅਕਾਸ ਪਸਾਰਾ।
ਦਇਆ ਹਮਾਰੀ ਸਤਿ ਹਿਮੰਚਲ ਦੀਪਕ ਸਿਦਕ ਹਮਾਰਾ।
ਕਹਿ ਨਾਨਕ ਸੁਨ ਗੋਰਖ ਜੋਗੀ ਤੈ ਪੂਰਾ ਗੁਰ ਨਹੀਂ ਪਾਇਆ।
ਜੁਗਤਿ ਨ ਜਾਤੀ ਅਉਧ ਗਵਾਈ ਬਿਰਥਾ ਜਨਮੁ ਗਵਾਇਆ।

(ਇਹ ਗੁਰਬਾਣੀ ਨਹੀਂ)

ਗੋਰਖ ਏਹ ਟਕੇ ਜੇਹਾ ਜਵਾਬ ਲੈ ਕੇ ਚੁੱਪ ਹੋ ਗਿਆ।

ਜਦ ਬਾਬਾ ਜੀ ਉਨੇ ਨਾਮ ਟਿੱਲੇ ਉੱਤੇ ਪਹੁੰਚੇ ਤਾਂ ਮਛੰਦਰ ਨਾਥ ਨੇ ਆ ਪ੍ਰਸ਼ਨ ਕੀਤਾ:

ਕੈ ਹਾਥ ਸਿਰ ਕਾ ਕਪਾਟ। ਕੈ ਅੰਗੁਲ ਮੁਖ ਕਾ ਤਾਕ।
ਕੈ ਹਾਥ ਲੀਲਾਟ ਪਾਟ। ਕੈ ਅੰਗੁਲ ਕਲੇਜਾ।
ਕੈ ਅੰਗੁਲ ਹੀਅਲਾ। ਕੈ ਅੰਗੁਲ ਤਿਲੀ।
ਕੈ ਅੰਗੁਲ ਫਿਫਰਾ। ਕੈ ਅੰਗੁਲ ਬਜਰ ਕੋਠੜੀ।
ਕੈ ਹਡੀਆਂ। ਕੈ ਕੋਠੜੀਆਂ।
ਕੈ ਹਜ਼ਾਰ ਰਾਤ ਦਿਨ ਕੇ ਸ੍ਵਾਸ। ਕੇਤੀ ਦੇਹੀ ਕੀ ਰੋਮਾਵਲੀ।

ਗੁਰੋ ਵਾਚ।

ਸਵਾ ਹਾਥ ਸਿਰ ਕਾ ਕਪਾਟ। ਚਾਰ ਉਂਗਲ ਮੁਖ ਕਾ ਤਾਕ।
ਪਾਉ ਹਾਥ ਲੀਲਾਟ ਪਾਟ। ਛੱਬੀ ਉਂਗਲ ਦਿਲ।
ਤੇਰਾਂ ਉਂਗਲ ਕਲੇਜਾ। ਪੰਜ ਉਂਗਲ ਹੀਅਲਾ।
ਚਾਰ ਉਂਗਲ ਤਿਲੀ। ਸੱਤ ਅੰਗੁਲ ਫਿਫਰਾ।
ਬਾਰਾਂ ਉਂਗਲ ਬਜਰ ਕੋਠੜੀ। ਅਠ ਸਠ ਹਾਡ।
ਏਕ ਨੀਲ ੫੨ ਕਰੋੜ ਰੋਮਾਵਲੀ।
ਚੱਵੀ ਹਜ਼ਾਰ ਭੀ ਸੌ ਦਿਨ ਰਾਤ ਕਾ ਸ੍ਵਾਸ ਨੌ ਸੈ ਨਾੜੀ।
ਸੋਲ੍ਹਾਂ ਸੈ ਸੰਧਿ।

(ਇਹ ਗੁਰਬਾਣੀ ਨਹੀਂ)

ਏਹ ਉੱਤਰ ਸੁਣ ਕੇ ਮਛੰਦ੍ਰ ਗਿਆ ਤਾਂ ਭਰਥਰੀ ਬੋਲਿਆ:

ਕੌਣ ਘਾਟ ਕਰੇ ਇਸਨਾਨ। ਕੈਸੇ ਪਾਵੈ ਪਦ ਨਿਰਬਾਣ।
ਕੈਸੇ ਤੱਤ ਬਿਲੋਵੇ। ਕਿਸ ਸਰ ਮੈਲ ਮਲ ਮਲ ਧੋਵੈ।
ਕਿਸ ਸਿਉ ਤੋਰੈ ਕਿਸ ਸਿਉ ਜੋਰੈ। ਕੈਸੇ ਨਾਮ ਬਿਨਸੈ।
ਕੈਸੇ ਜਮ ਨਾ ਸੰਤਾਵੈ। ਕੈਸੇ ਪਰਮ ਪਦ ਪਾਵੈ।
ਕੈਸੇ ਅਗਨਿ ਬੁਝਾਵੈ। ਕੈਸੇ ਬਿਭੂਤ ਚੜ੍ਹਾਵੈ।
ਸਹਿਜ ਘਰ ਕੈਸੇ ਆਵੈ। ਨਾਦ ਕੈਸੇ ਬਜਾਵੈ।

(ਇਹ ਗੁਰਬਾਣੀ ਨਹੀਂ)

ਗੁਰੋ ਵਾਚ:

ਰਾਗੁ ਆਸਾ ਮਹਲਾ ੧ ਅਸਟਪਦੀਆ ਘਰੁ ੨
ੴ ਸਤਿਗੁਰ ਪ੍ਰਸਾਦਿ ॥

ਉਤਰਿ ਅਵਘਟਿ ਸਰਵਰਿ ਨ੍ਾਵੈ ॥
ਬਕੈ ਨ ਬੋਲੈ ਹਰਿ ਗੁਣ ਗਾਵੈ ॥
ਜਲੁ ਆਕਾਸੀ ਸੁੰਨਿ ਸਮਾਵੈ ॥
ਰਸੁ ਸਤੁ ਝੋਲਿ ਮਹਾ ਰਸੁ ਪਾਵੈ ॥੧॥
ਐਸਾ ਗਿਆਨੁ ਸੁਨਹੁ ਅਭ ਮੋਰੇ ॥
ਭਰਿਪੁਰਿ ਧਾਰਿ ਰਹਿਆ ਸਭ ਠਉਰੇ ॥੧॥ ਰਹਾਉ ॥
ਸਚੁ ਬ੍ਰਤੁ ਨੇਮੁ ਨ ਕਾਲੁ ਸੰਤਾਵੈ ॥
ਸਤਿਗੁਰ ਸਬਦਿ ਕਰੋਧੁ ਜਲਾਵੈ ॥
ਗਗਨਿ ਨਿਵਾਸਿ ਸਮਾਧਿ ਲਗਾਵੈ ॥
ਪਾਰਸੁ ਪਰਸਿ ਪਰਮ ਪਦੁ ਪਾਵੈ ॥੨॥
ਸਚੁ ਮਨ ਕਾਰਣਿ ਤਤੁ ਬਿਲੋਵੈ ॥
ਸੁਭਰ ਸਰਵਰਿ ਮੈਲੁ ਨ ਧੋਵੈ ॥
ਜੈ ਸਿਉ ਰਾਤਾ ਤੈਸੋ ਹੋਵੈ ॥
ਆਪੇ ਕਰਤਾ ਕਰੇ ਸੁ ਹੋਵੈ ॥੩॥
ਗੁਰ ਹਿਵ ਸੀਤਲੁ ਅਗਨਿ ਬੁਝਾਵੈ ॥
ਸੇਵਾ ਸੁਰਤਿ ਬਿਭੂਤ ਚੜਾਵੈ ॥
ਦਰਸਨੁ ਆਪਿ ਸਹਜ ਘਰਿ ਆਵੈ ॥
ਨਿਰਮਲ ਬਾਣੀ ਨਾਦੁ ਵਜਾਵੈ ॥੪॥
ਅੰਤਰਿ ਗਿਆਨੁ ਮਹਾ ਰਸੁ ਸਾਰਾ ॥
ਤੀਰਥ ਮਜਨੁ ਗੁਰ ਵੀਚਾਰਾ ॥
ਅੰਤਰਿ ਪੂਜਾ ਥਾਨੁ ਮੁਰਾਰਾ ॥
ਜੋਤੀ ਜੋਤਿ ਮਿਲਾਵਣਹਾਰਾ ॥੫॥
ਰਸਿ ਰਸਿਆ ਮਤਿ ਏਕੈ ਭਾਇ ॥
ਤਖਤ ਨਿਵਾਸੀ ਪੰਚ ਸਮਾਇ ॥
ਕਾਰ ਕਮਾਈ ਖਸਮ ਰਜਾਇ ॥
ਅਵਿਗਤ ਨਾਥੁ ਨ ਲਖਿਆ ਜਾਇ ॥੬॥
ਜਲ ਮਹਿ ਉਪਜੈ ਜਲ ਤੇ ਦੂਰਿ ॥
ਜਲ ਮਹਿ ਜੋਤਿ ਰਹਿਆ ਭਰਪੂਰਿ ॥
ਕਿਸੁ ਨੇੜੈ ਕਿਸੁ ਆਖਾ ਦੂਰਿ ॥

ਨਿਧਿ ਗੁਣ ਗਾਵਾ ਦੇਖਿ ਹਦੂਰਿ ॥੭॥
ਅੰਤਰਿ ਬਾਹਰਿ ਅਵਰੁ ਨ ਕੋਇ ॥
ਜੋ ਤਿਸੁ ਭਾਵੈ ਸੋ ਫੁਨਿ ਹੋਇ ॥
ਸੁਣਿ ਭਰਥਰਿ ਨਾਨਕੁ ਕਹੈ ਬੀਚਾਰੁ ॥
ਨਿਰਮਲ ਨਾਮੁ ਮੇਰਾ ਆਧਾਰੁ ॥੮॥੧॥

(ਆਸਾ, ਮਃ ੧ – ੪੧੧/੧੨)

ਏਹੋ ਜਿਹੇ ਅਨੇਕ ਪ੍ਰਸ਼ਨ ਉੱਤਰ ਕਰ ਕੇ ਭਰਥਰੀ ਭੀ ਖ਼ੁਸ਼ੀ ਹੋ ਕੇ ਜਾਂਦਾ ਭਯਾ। ਫੇਰ ਜਦ ਕੂੰਨੇ ਨਾਮ ਪਰਬਤ ਪਰ ਗਏ ਤਾਂ {ਝੰਗਰਨਾਥ} ਝੰਗਰਨਾਥ ਨੇ ਝੱਗ ਆਇ ਸੁੱਟੀ। ਓਸ ਦੀ ਛੋਤ ਛਾੜ ਕੇ ਬਾਬਾ ਜੀ ਸੀਲਾ ਪਰਬਤ ਪਰ ਪਹੁੰਚ ਗਏ। ਏਥੇ ਕਨੀਫੇ ਸਿੱਧ ਨੂੰ ਬੜੀ ਡੀਮ ਡਾਮ ਨਾਲ ਆਉਂਦੇ ਦੇਖ ਕੇ ਭਾਈ ਮਰਦਾਨੇ {ਮਰਦਾਨਾ ਬੀਰਰਸ ਵਿੱਚ} ਨੇ ਆਖਯਾ, {ਕਨੀਫਾ} "ਜੀ! ਇਹ ਮੋਏ ਇਉਂ ਕਦ ਹੱਟਦੇ ਹਨ। ਮੈਨੂੰ ਹੁਕਮ ਦਿਓ ਤਾਂ ਚੱਡੇ ਗਾਟੇ ਕਰ ਮਾਰਾਂ।" ਤਾਂ ਬਾਬੇ ਆਖਯਾ, "ਏਥੇ ਚੱਡੇ ਗਾਟੇ ਦੀ ਲੜਾਈ ਨਹੀਂ, ਸ਼ਬਦ ਦੀ ਲੜਾਈ ਹੈ।" ਏਤਨੇ ਨੂੰ ਕਨੀਫਾ ਬੋਲਿਆ:

ਕਿਆ ਨਾਮ ਕਿਆ ਬਾਨ।
ਕਿਆ ਸਿਫਤ ਜਾਤੀ ਗਿਆਨ।

ਇਸ ਪ੍ਰਕਾਰ ਦੇ ਕਈ ਪ੍ਰਸ਼ਨ ਕੀਤੇ ਜਿਨ੍ਹਾਂ ਦੇ ਉੱਤਰ ਬਾਬੇ ਜੀ ਨੇ ਇਹ ਦਿੱਤੇ:

ਨਾਉ ਹਮਾਰਾ ਅਚਰਜ ਕਹੀਏ ਜਾਤਿ ਹਮਾਰੀ ਜਤ ਕਤ।
ਬਾਨੀ ਸਤ ਨਾਮ ਹੈ ਹਮਰਾ ਸਿਫਤ ਘਟੋ ਘਟ ਪਰਮਿਤ।
ਬਰਨ ਹਮਾਰਾ ਨਿਰੰਕਾਰ ਹੈ ਪੁੰਨਯ ਪਾਪ ਜਹਿ ਨਾਹੀ।
ਏਕੰਕਾਰ ਹਮਾਰਾ ਸਾਹਿਬ ਜਲ ਥਲ ਪੂਰਨ ਆਹੀ।
ਕਹਿ ਨਾਨਕ ਸੁਣ ਸਿੱਧ ਕਨੀਫਾ ਸਤਗੁਰੂ ਮਿਲਯਾ ਕਿ ਨਾਹੀ।

ਫੇਰ ਕਨੀਫੇ ਨੇ ਖੁਣਸਾ ਕੇ ਆਖਿਆ:

ਕੰਨ ਚਿਰਾਓ ਮੁੰਦ੍ਰਾ ਪਾਓ।
ਚਲ ਗੋਰਖ ਕੋ ਗੁਰੂ ਬਨਾਓ।
ਨਾਨਕ ਤਬੈ ਪਰਮ ਪਦ ਪਾਓ।

ਗੁਰੋਵਾਚ:

ਏਕੋ ਚੀਰਾ ਜਾਨੈ ਜੋਗੀ।
ਕਲਪ ਮਾਯਾ ਤੇ ਭਏ ਅਰੋਗੀ।
ਸੁੰਨ ਮੰਡਲ ਕੀ ਭਿਖਯਾ ਪਾਈ।
ਮੁੰਦ੍ਰਾ ਸਤਸੰਤੋਖ ਹੰਡਾਈ।
ਬਿਨ ਖੱਪ੍ਰ ਪਾਣੀ ਪੀਆ।
ਬਿਨ ਸਿੰਙੀ ਨਾਦ ਵਜੀਆ।
ਬਿਜਲੀ ਚਮਕਾਰਾ ਲਾਯਾ।
ਇਹੁ ਨਾਨਕ ਪਰਮ ਪਦ ਪਾਇਆ।

(ਇਹ ਗੁਰਬਾਣੀ ਨਹੀਂ)

ਏਹੋ ਜਿਹੇ ਚੋਂਦੇ-ਚੋਂਦੇ ਸਲੋਕ ਸੁਣ ਕੇ ਜਦ ਕਨੀਫਾ ਭੀ ਭੰਗ ਝੜਾ ਗਿਆ ਤਾਂ {ਹਨੀਫਾ} ਹਨੀਫੇ ਸਿੱਧ ਨੇ ਆ ਆਢਾ ਲਾਯਾ ਤੇ ਬੋਲਿਆ:

ਅਹੇਰ ਬਿਰਤ ਬਾਹਰ ਹੈ ਕਾਇ।
ਅਹੇੜਾ ਕਰੀਏ ਕਉਨ ਕੀ ਜਾਇ।
ਕਉਨ ਸੰਗ ਲੇ ਚੜ੍ਹੇ ਸ਼ਿਕਾਰ।

ਕਉਣ ਮ੍ਰਗ ਫੜ ਲਜਾਏ ਕਾਰ।
ਕਹੇ ਹਨੀਫਾ ਨਾਨਕ ਪਾਸ।
ਕੈਸੇ ਹੋਇ ਅਖੇੜਾ ਰਾਸਿ।

(ਇਹ ਗੁਰਬਾਣੀ ਨਹੀਂ)

ਸ੍ਰੀ ਗੁਰੋ ਵਾਚ:

ਭੈਰਉ ਮਹਲਾ ੫ ॥
ਦਸ ਮਿਰਗੀ ਸਹਜੇ ਬੰਧਿ ਆਨੀ ॥
ਪਾਂਚ ਮਿਰਗ ਬੇਧੇ ਸਿਵ ਕੀ ਬਾਨੀ ॥੧॥
ਸੰਤਸੰਗਿ ਲੇ ਚੜਿਓ ਸਿਕਾਰ ॥
ਮ੍ਰਿਗ ਪਕਰੇ ਬਿਨੁ ਘੋਰ ਹਥੀਆਰ ॥੧॥ ਰਹਾਉ ॥
ਆਖੇਰ ਬਿਰਤਿ ਬਾਹਰਿ ਆਇਓ ਧਾਇ ॥
ਅਹੇਰਾ ਪਾਇਓ ਘਰ ਕੈ ਗਾਂਇ ॥੨॥
ਮ੍ਰਿਗ ਪਕਰੇ ਘਰਿ ਆਣੇ ਹਾਟਿ ॥
ਚੁਖ ਚੁਖ ਲੇ ਗਏ ਬਾਂਢੇ ਬਾਟਿ ॥੩॥
ਏਹੁ ਅਹੇਰਾ ਕੀਨੋ ਦਾਨੁ ॥
ਨਾਨਕ ਕੈ ਘਰਿ ਕੇਵਲ ਨਾਮੁ ॥੪॥੪॥

(ਭੈਰਉ, ਮਃ ੫ – ੧੧੩੬)

ਏਸੇ ਤਰ੍ਹਾਂ ਜਾਂ ਹਨੀਫਾ ਵੀ ਭੰਗ ਚੜ੍ਹਾ ਗਿਆ ਤਾਂ ਗੋਰਖ ਦਾ ਪ੍ਰੇਰਿਆ {ਗੋਪੀਚੰਦ} ਗੋਪੀਚੰਦ ਆ ਟੱਕਰਿਆ।

ਗੋਪੀਚੰਦ ਵਾਚ:

ਕੌਨ ਨਾਮ ਬਰਨ ਰੂਪ ਤੁਮਾਰਾ।
ਕੌਨ ਕਾਜ ਕਹੁ ਇਹਾਂ ਪਿਧਾਰਾ।
ਚਲੋ ਤਪਾ ਤੁਹਿ ਨਾਥ ਬੁਲਾਏ।
ਕੰਨ ਫਾੜ ਕੇ ਮੁੰਦ੍ਰਾਂ ਪਾਇ।

ਗੁਰੋ ਵਾਚ:

ਏਕੰਕਾਰ ਨਾਮ ਕਰਤਾਰਾ।
ਰੂਪ ਬਰਨ ਤੇ ਰਹੇ ਨਿਆਰਾ।
ਪਾਰਬ੍ਰਹਮ ਕੇ ਦਰਸ਼ਨ ਆਏ।
ਅਮਰ ਅਜੂਨੀ ਲਏ ਬੁਲਾਏ।
ਕੰਨ ਪੜਾਇ ਨ ਮੁੰਦ੍ਰਾਂ ਪਾਉ।
ਸਭ ਸਿਧਨ ਕੋ ਚਰਨ ਲਗਾਊਂ।
ਕਹਿ ਨਾਨਕ ਗੋਪੀਚੰਦ ਸੁਣੋ।
ਦ੍ਰਿਸਟ ਮਾਨ ਸਭ ਝੂਠਾ ਗੁਣੋ॥੧॥

(ਇਹ ਗੁਰਬਾਣੀ ਨਹੀਂ)

ਗੋਪੀਚੰਦ ਵਾਚ:

ਕਵਨ ਗਿਆਨੀ ਕਵਨ ਧਿਆਨੀ।
ਕਵਨ ਤੀਰਥ ਮੱਜਨ ਇਸ਼ਨਾਨੀ।
ਕਵਨ ਸੁ ਨਿਰਮਲ ਕਵਨ ਸੁ ਮੈਲਾ।
ਕਵਨ ਵਸਤ ਕੇ ਲਾਗੇ ਗੈਲਾ।
ਕਵਨ ਸੁ ਊਪਰ ਕਵਨ ਸੁ ਤਲੈ।

ਕਵਨ ਜੁਗਤਿ ਘਰ ਦੀਪਕ ਜਲੈ।
ਗੋਪੀਚੰਦ ਕਹਿ ਨਾਨਕ ਤਪੇ।
ਕਵਨ ਜਾਪ ਬਿਨ ਰਸਨਾ ਜਪੇ।

ਗੁਰੋਵਾਚ:

ਗੁਰਮੁਖ ਗਿਆਨੀ ਸੁਰਤਾ ਧਿਆਨੀ।
ਸਤਿਗੁਰੂ ਤੀਰਥ ਸਿੱਖ ਇਸ਼ਨਾਨੀ।
ਗਿਆਨੀ ਬਿਮਲ ਅਗਜਾਨੀ ਮੈਲਾ।
ਸਤੁ ਵਸਤੁ ਕੇ ਲਾਗੇ ਗੈਲਾ।
ਊਪਰ ਹੁਕਮ ਹੁਕਮ ਹੀ ਤਲੇ।
ਹੁਕਮ ਪਛਾਣੇ ਦੀਪਕ ਜਲੇ।
ਕਹਿ ਨਾਨਕ ਸੁਣ ਗੋਪੀਚੰਦ।
ਜਪੈ ਅਜਪਾ ਕਾਟੇ ਫੰਧ।

(ਇਹ ਗੁਰਬਾਣੀ ਨਹੀਂ)

ਏਹ ਸੁਣ ਕੇ ਗੋਪੀਚੰਦ ਖ਼ੁਸ਼ ਹੋ ਕੇ ਆਖਣ ਲੱਗਾ, "ਚਲੋ ਤਪਾ ਜੀ! ਸਿੱਧਾਂ ਦੇ ਦਰਸ਼ਨ ਕਰੋ।" ਬਾਬੇ ਆਖਿਆ, "ਤੁਸੀਂ ਚੱਲੋ। ਅਸੀਂ ਸਹਿਜ ਨਾਲ ਆਵਾਂਗੇ।" ਅਜੇ ਬਾਬੇ ਜੀ ਤੁਰੇ ਨਹੀਂ ਸੇ ਜੋ ਭਰਥਰੀ {ਭਰਥਰੀ} ਦੋਬਾਰਾ ਭਾਰੇ ਗੁਮਾਨ ਨਾਲ ਆ ਬੋਲਿਆ:

ਭਰਥਰੀ ਵਾਚ:

ਚਲੋ ਤਪਾ ਤੁਹਿ ਨਾਥ ਮਿਲਾਵੋਂ। ਮੁੰਦ੍ਰਾ ਖਿੰਥਾ ਤਨ ਪਹਿਰਾਵੋਂ।
ਆਗਿਆ ਭੰਗ ਨਾ ਕਰਹੋ ਬਾਲੇ। ਜੋਗ ਜੁਗਤਿ ਲੈਹੋ ਮਤਵਾਲੇ।
ਕਹਿ ਭਰਥਰਿ ਅਨਹਦ ਧੁਨਿ ਬਾਜੇ। ਪਹਿਰ ਜੋਗ ਕਾ ਸਕਲ ਸਮਾਜੇ।

(ਇਹ ਗੁਰਬਾਣੀ ਨਹੀਂ)

ਗੁਰੋ ਵਾਚ:

ਆਸਾ ਮਹਲਾ ੧ ॥
ਗੁਰ ਕਾ ਸਬਦੁ ਮਨੈ ਮਹਿ ਮੁੰਦ੍ਰਾ ਖਿੰਥਾ ਖਿਮਾ ਹਢਾਵਉ ॥
ਜੋ ਕਿਛੁ ਕਰੈ ਭਲਾ ਕਰਿ ਮਾਨਉ ਸਹਜ ਜੋਗ ਨਿਧਿ ਪਾਵਉ ॥੧॥
ਬਾਬਾ ਜੁਗਤਾ ਜੀਉ ਜੁਗਹ ਜੁਗ ਜੋਗੀ ਪਰਮ ਤੰਤ ਮਹਿ ਜੋਗੰ ॥
ਅੰਮ੍ਰਿਤੁ ਨਾਮੁ ਨਿਰੰਜਨ ਪਾਇਆ ਗਿਆਨ ਕਾਇਆ ਰਸ ਭੋਗੰ ॥੧॥ ਰਹਾਉ ॥
ਸਿਵ ਨਗਰੀ ਮਹਿ ਆਸਣਿ ਬੈਸਉ ਕਲਪ ਤਿਆਗੀ ਬਾਦੰ ॥
ਸਿੰਙੀ ਸਬਦੁ ਸਦਾ ਧੁਨਿ ਸੋਹੈ ਅਹਿਨਿਸਿ ਪੂਰੈ ਨਾਦੰ ॥੨॥
ਪਤੁ ਵੀਚਾਰੁ ਗਿਆਨ ਮਤਿ ਡੰਡਾ ਵਰਤਮਾਨ ਬਿਭੂਤੰ ॥
ਹਰਿ ਕੀਰਤਿ ਰਹਰਾਸਿ ਹਮਾਰੀ ਗੁਰਮੁਖਿ ਪੰਥੁ ਅਤੀਤੰ ॥੩॥
ਸਗਲੀ ਜੋਤਿ ਹਮਾਰੀ ਸੰਮਿਆ ਨਾਨਾ ਵਰਨ ਅਨੇਕੰ ॥
ਕਹੁ ਨਾਨਕ ਸੁਣਿ ਭਰਥਰਿ ਜੋਗੀ ਪਾਰਬ੍ਰਹਮ ਲਿਵ ਏਕੰ ॥੪॥੩॥੩੭॥

(ਆਸਾ, ਮਃ ੧ - ੩੫੯)

ਏਹ ਸੁਣ ਕੇ ਜਾਂ ਭਰਥਰੀ ਨੇ ਪਿੱਠ ਫੇਰੀ ਤਾਂ {ਸੰਘਰਨਾਥ} ਸੰਘਰਨਾਥ ਨੇ ਆਦੇਸ਼ ਆ ਕੀਤਾ, ਪਰ ਗੁਰੂ ਜੀ ਚੁੱਪ ਹੋ ਰਹੇ ਤਾਂ ਓਹ ਬੋਲਿਆ:

ਕਹੁ ਰੇ ਮਾਈ ਮੂੰਡੇ ਬਾਲੇ।
ਬੋਲਤ ਨਾਹੀ ਕਿਆ ਏਹ ਚਾਲੇ।
ਮਾਨ ਬਚਨ ਚਲ ਜੋਗੀ ਬਨੋ।
ਫੇਰ ਨਾ ਜਗ ਮੈ ਤਾਨਾ ਤਨੋ।

ਗੁਰੂ ਵਾਚ:

ਮਾਈ ਮੂੰਡਾ ਗੋਰਖ ਕਹੀਏ ਜਿਨ ਤਹਿ ਅਕਲ ਨਾ ਦੀਨੀ।
ਹਾਥ ਫਹੋੜੀ ਕੰਨੀ ਮੁੰਦ੍ਰਾ ਸੁਰਤਿ ਬੁਧਿ ਸਭ ਛੀਨੀ।
ਮੂੰਡ ਮੁਡਾਇਆ ਗੋਤ ਲਜਾਇਆ ਜੋਗੀ ਤੂ ਨਾ ਆਇਆ।
ਕਹਿ ਨਾਨਕ ਸੁਣ ਸੰਘਰ ਤੈ ਤੋ ਬਿਰਥਾ ਨੀਰ ਬਿਲੋਇਆ।

ਸੰਘਰ ਵਾਚ:

ਕਵਣ ਜੁਗਤਿ ਕਰ ਕਾਲ ਗਵਾਯਾ। ਕਵਨ ਜੁਗਤਿ ਕਰ ਤਿਆਗੀ ਮਾਇਆ।
ਕਵਣ ਜੁਗਤਿ ਕਰ ਪਾਂਚੋ ਜੀਤੇ। ਕਵਣ ਜੁਗਤਿ ਜਨ ਹੋਇ ਅਭੀਤੇ।
ਕਹਿ ਸੰਘਰ ਸੁਣ ਨਾਨਕ ਤਪਾ। ਈਹਾ ਆਏ ਕਿਆ ਮਨ ਥਪਾ।

ਗੁਰੋ ਵਾਚ:

ਸਚ ਜਾਨਿ ਕਰ ਕਾਲ ਗਵਾਇਆ ॥
ਸੁਰਤਿ ਸਬਦ ਸਿਉ ਤਿਆਗੀ ਮਾਇਆ ॥
ਦ੍ਰਿੜ ਵਿਚਾਰ ਵਿਕਾਰ ਸਭ ਜੀਤੇ ॥
ਤ੍ਰੈਗੁਣ ਮੇਟੇ ਭਏ ਅਭੀਤੇ ॥
ਕਹਿ ਨਾਨਕ ਸੁਣ ਸੰਘਰਨਾਥ ॥
ਆਉਣ ਜਾਣ ਹੁਕਮ ਪ੍ਰਭ ਸਾਥ ॥

(ਇਹ ਗੁਰਬਾਣੀ ਨਹੀਂ)

ਏਸੇ ਪ੍ਰਕਾਰ ਹੋਰ ਅਨੇਕ ਆਇ ਕਰ ਅੜੰਗ-ਬੜੰਗ ਪੁੱਛਦੇ ਰਹੇ। ਗੁਰੂ ਜੀ ਜਥਾ ਜੋਗ ਉੱਤਰ ਦਿੰਦੇ ਰਹੇ। ਪਰ ਜਦ ਸਭ ਹਾਰ ਕੇ ਚਲੇ ਗਏ ਤਾਂ ਗੋਰਖ {ਮੰਗਲਨਾਥ} ਮੰਗਲਨਾਥ ਨੂੰ ਆਖਯਾ, "ਤੂੰ ਜਾਹ! ਤਪੇ ਨੂੰ ਮੰਡਲੀ ਵਿੱਚ ਲੈ ਆ।" ਮੰਗਲਨਾਥ ਬ੍ਰਹਮ ਗਿਆਨੀ ਪੁਰਖ ਸੀ। ਓਨ ਆਖਿਆ, "ਨਾਥ ਜੀ! ਜਿਸ ਦੇ ਹੱਥ ਪੂਰਾ ਲਾਲ ਹੋਵੇ, ਓਹ ਕੰਕਰੀ ਨੂੰ ਪਸਿੰਦ ਨਹੀਂ ਰੱਖਦਾ। ਬਿਵਾਨ ਵਿੱਚ ਆਕਾਸ਼ ਮਾਰਗ ਜਾਣ ਵਾਲਾ ਹਾਥੀ ਘੋੜੇ ਦੀ ਅਸਵਾਰੀ ਨਹੀਂ ਚਾਹੁੰਦਾ। ਓਹ ਬ੍ਰਹਮ ਗਯਾਨੀ ਜੋਗੀ ਹੈ। ਤੁਸੀਂ ਕੇਵਲ ਜੋਗੀ ਹੋ। ਫੇਰ ਤੁਸਾਡਾ ਚੇਲਾ ਓਹ ਕਿਉਂ ਕਰ ਹੋਵੇ? ਜੇ ਦਰਸ਼ਨ ਲਈ ਬੁਲਾਉਂਦੇ ਹੋ ਤਾਂ ਮੈਂ ਜਾਵਾਂਗਾ।" ਗੋਰਖ ਨੇ ਕਿਹਾ, "ਧੰਨ ਹੈ ਤੇਰੀ ਬੁੱਧੀ। ਮੈਂ ਸਿੱਧਾਂ ਨੂੰ ਪਰਖਦਾ ਸੀ ਤੇ ਏਨ੍ਹਾਂ ਦਾ ਹੰਕਾਰ ਓਸ ਤੋਂ ਤੁੜਵਾਉਂਦਾ ਹਾਂ। ਨਾਨਕ ਤਪੇ ਨੂੰ ਕਰਤਾਰ ਨੇ ਵਡਿਆਈ ਬਖ਼ਸ਼ੀ ਹੈ। ਤੁਸੀਂ ਜਾਓ, ਲੈ ਆਓ।" ਮੰਗਲਨਾਥ ਆਇਆ। ਬਾਬੇ ਦੇ ਚਰਨੀਂ ਹੱਥ ਲਾਉਣ ਲੱਗਾ ਤਾਂ ਬਾਬੇ ਜੀ ਨੇ ਹੱਥ ਫੜ ਲਿਆ ਤੇ ਆਦਰ ਸਤਕਾਰ ਦੇ ਕੇ ਬਿਠਾਇਆ। ਬ੍ਰਹਮ ਵਿਚਾਰ ਦੇ ਬਚਨ ਬਿਲਾਸ ਕਰ ਕੇ ਪਰਸਪਰ ਬਹੁਤ ਆਨੰਦ ਹੋਏ। ਫੇਰ ਓਸ ਦੀ ਇੱਛਜਾ ਅਨੁਸਾਰ ਬਾਬੇ ਜੀ ਨੇ ਕਿਹਾ, "ਚਲੋ, ਅਸੀਂ ਸਿੱਧਾਂ ਦੇ ਦਰਸ਼ਨ ਵਾਸਤੇ ਸਹਿਜ ਨਾਲ ਆਵਾਂਗੇ।" ਓਸ ਨੇ ਆਖਿਆ, "ਜਿਵੇਂ ਰਜਾਇ।" ਮਰਦਾਨੇ ਦੇ ਪੁੱਛਣੇ ਪਰ ਬਾਬੇ ਨੇ ਮੰਗਲਨਾਥ ਦੀ ਚੰਗੀ ਵਡਿਆਈ ਪ੍ਰਗਟ ਕੀਤੀ। ਓਧਰ ਮੰਗਲਨਾਥ ਨੇ ਮੰਡਲੀ ਵਿੱਚ ਆ ਕੇ ਜੋ ਬਾਬੇ ਦੀ ਮਹਿਮਾ ਕੀਤੀ, ਸੋ ਸੁਣ ਕੇ ਅਭਿਮਾਨੀ ਸਿੱਧ ਖੁਣਸਾਏ। ਪਰ ਪੇਸ਼ ਨਾ ਜਾਏ, ਕਿਉਂਕਿ ਹਾਰ ਕੇ ਆਏ ਹੋਏ ਸੇ। ਏਸ ਲਈ ਉਨ੍ਹਾਂ ਨੂੰ ਮਨ ਹੀ ਮਨ ਵਿੱਚ ਖਿਝਦੇ ਦੇਖ ਕੇ ਗੋਪੀਚੰਦ ਨੇ ਕਿਹਾ, ਸਿੱਧੋ! ਨਾਥੋ! ਤੁਮ ਖਿਚੜੀ ਵਾਂਗੂੰ ਕਯੋਂ ਰਿੱਝਦੇ ਹੋ? ਜੈਸਾ ਓਹ ਹੈ ਵੈਸਾ ਹੀ ਹੈ, ਓਸ ਦੀ ਰੀਸ ਕਿਸੇ ਨੇ ਕੀ ਕਰ ਲੈਣੀ ਹੈ? ਅਤੀਤ ਕੋ ਨਿੰਦਾ ਕਰਨੀ ਚੰਗੀ ਨਹੀਂ। ਜੋ ਚਰਚਾ ਕਰੀਏ ਤਾਂ ਸਹਿਜ ਕੇ ਘਰ ਕਰੀਏ। ਸ਼ਕਤੀ ਬੁੱਧੀ ਪ੍ਰਮੇਸ਼੍ਵਰ ਦੀ ਦਾਤਿ ਹੈ।" ਏਤਨੇ ਚਿਰ ਨੂੰ ਬਾਬਾ ਜੀ ਭੀ ਮੰਡਲੀ ਵਿੱਚ ਜਾ ਫਿਰੇ। ਦਰਸ਼ਨ ਪਰਸ਼ਨ ਕਰ ਬਹੁਤ ਖ਼ੁਸ਼ੀ ਮਨਾਈ। ਗਯਾਨ ਚਰਚਾ ਹੋਈ, ਜੋ ਜਨਮ ਸਾਖੀ ਵਿੱਚ ਲਿਖੀ ਹੈ।

ਗੁਰੂ ਜੀ ਨੇ ਸਿੱਧਾਂ ਤੋਂ ਬਿਦਾ ਹੋ ਕੇ ਬਿਆਰ ਪਰਬਤ ਉੱਤੇ {ਦੱਤਾਤ੍ਰੇਯ} ਦੱਤਾ ਤਰੇਯ ਨੂੰ ਜਾ ਦੇਖਜਾ। ਏਹ ਨਿਰਵਿਕਲਪ ਸਮਾਧੀ ਵਿੱਚ ਇਸਥਿਤ ਸੀ। ਏਸ ਲਈ ਬਾਬੇ ਜੀ ਨੇ ਸ਼ਬਦ ਕੀਤਾ:

ਹੋ ਦੀਬਾਨੀ ਕਿਉਂ ਨ ਬੋਲੈ।
ਇਉ ਸੰਨਿਆਸ ਨ ਹੋਇ ਅਡੋਲੇ।
ਖੋਲ ਦ੍ਰਿਸ਼ਟਿ ਚਿਤ ਰਾਖੋ ਠਾਇ।
ਜੋ ਪਾਇਆ ਸੋ ਬੋਲ ਬਤਾਇ।
ਬਿਨਵੈ ਨਾਨਕ ਦਤਾਤ੍ਰੇਉ।
ਘਰ ਘਰ ਦੇਖ ਨਰੰਜਨ ਦੇਉ।

ਦੱਤੋਵਾਚ:

ਬੋਲਨ ਕਾ ਪਰਜੋਜਨ ਨਾਹਿ।
ਬੋਲਨ ਮਾਹਿ ਬਿਕਾਰ ਮਹਾਹਿ।
ਗੁਰੂ ਕ੍ਰਿਪਾ ਤੇ ਮਨ ਬਸ ਆਇਆ।
ਰੋਮ ਰੋਮ ਨਾਰਾਇਣ ਗਾਇਆ।
ਦੱਤ ਕਹੇ ਸੁਣ ਨਾਨਕ ਤਪਾ।
ਕਿਆ ਬਕਨੋ ਜਬ ਅਜਪਾ ਜਪਾ।

ਗੁਰੋਵਾਚ:

ਅਜਪ ਕਹੇ ਸੋਈ ਜਪ ਦੀਸੈ।
ਕਿਉ ਨ ਜਪੇ ਪੂਰਨ ਜਗਦੀਸੈ।
ਜਬ ਲਗ ਕਾਯਾ ਸੁਨੀਏ ਕਹੀਏ।
ਸਭ ਮੂਰਤਿ ਨਾਰਾਇਣ ਲਹੀਏ।
ਤਤ ਬਿਰੋਲੇ ਤਤ ਬਿਚਾਰੇ।
ਕਹਿ ਨਾਨਕ ਸੁਣ ਦੱਤ ਪਿਆਰੇ।

ਦੱਤੋਵਾਚ:

ਬਾਤਾਂ ਪਰ ਪਰਤੀਤ ਨਾ ਆਵੈ ਜੋ ਪਰਤੱਖ ਨ ਦੇਖੈ।
ਐਸੀ ਬਾਤ ਸੁਨੀ ਨਾ ਆਗੇ ਖਟ ਦਰਸਨ ਕੇ ਭੇਖੈ।
ਤੂੰ ਤੋ ਬਾਤ ਸੁਨਾਵੈ ਅਚਰਜ ਆਤਮ ਨਾਹਿ ਪਤੀਜੈ।
ਦੱਤ ਕਹੇ ਨਾਨਕ ਕਥਨੀ ਪਰ ਪੂਰੇ ਪੁਰਖ ਨਾ ਰੀਝੈ।

ਗੁਰੋਵਾਚ:

ਰੀਝੇਗੇ ਜਬ ਨੈਣੀ ਦੇਖੋ ਤੁਮਰਾ ਚਿਤ ਕਠੋਰਾ।
ਜਟਾ ਬਧਾਈ ਦੇਹੀ ਰੋਲੀ ਜੈਸੇ ਪਾਹਨ ਕੋਰਾ।
ਕੰਬਲ ਖੁੰਬ ਸਫੈਦ ਨਾ ਹੋਈ ਨੀਰ ਨ ਦੇਵੇ ਮਾਖਨ।
ਨਹਿ ਉਪਕਾਰ ਕਰਜੋ ਤਨ ਧਰ ਕੇ ਕਿਆ ਹੁਇ ਮੀਚੇ ਆਖਨ।

ਦੱਤੋ ਵਾਚ:

ਕਹੀਏ ਤਪਾ ਨਿਰੰਜਨ ਕੈਸਾ ਜੇ ਤੁਮ ਨੇ ਹੈ ਦੇਖਿਆ।
ਸ਼ਾਸਤ੍ਰ ਬੇਦ ਪੁਰਾਣ ਏਹ ਬਿਧਿ ਕਿਨੈ ਨ ਲੇਖਿਆ।
ਹਲ ਚਲ ਉਪਜੀ ਮਨ ਨਹਿ ਠਹਿਰਤ ਸੁਨ ਸੁਨ ਤੁਮਰੀ ਬਾਤਾ।
ਜੇ ਹੈ ਦੇਖਿਆ ਵਰਨ ਸੁਨਾਵੇ ਸ਼ਕਤਿ ਦਿਖਾਉ ਬਖਯਾਤਾ।

ਗੁਰੋ ਵਾਚ:

ਮੂਰਤਿ ਲਾਲ ਸੁਵਤਨ ਸਮ ਦਮਕੈ ਰੋਮ ਸੁਵਰਨ ਸਮਾਨਾ।

ਹੀਰਾ ਮੋਤੀ ਲਾਲ ਚਰਨ ਨਖ ਤੇਜ਼ ਰੂਪ ਪਰਵਾਨਾ।
ਸਤਿ ਨਾਮ ਜਪ ਕੇ ਤੁਮ ਦੇਖੋ ਦਾਮਨ ਤੈ ਬਡ ਦਮਕੈ।
ਮਾਨੋ ਦੱਤ ਸੱਤ ਕਹਿ ਨਾਨਕ ਘਟ ਘਟ ਸਾਹਿਬ ਚਮਕੈ।

(ਇਹ ਗੁਰਬਾਣੀ ਨਹੀਂ)

ਏਸੇ ਪ੍ਰਕਾਰ ਅਪਾਰ ਵਿਚਾਰ ਕਰ ਕੇ ਦੱਤਾਤ੍ਰੇਯ ਬਹੁਤ ਖ਼ੁਸ਼ੀ ਹੋ ਬਾਬੇ ਨੂੰ ਜੱਫੀ ਪਾ ਕੇ ਮਿਲਿਆ। ਆਪ ਨੂੰ ਧੰਨਭਾਗੀ ਮੰਨਿਆ।

ਅੱਗੇ ਜਾਂਦੇ ਹੋਇਆਂ ਮਰਦਾਨੇ ਨੇ ਆਖਯਾ, "ਦੇਖ ਭਾਈ ਬਾਲਾ! ਐਤਨੇ ਸਿੱਧ ਰਿਖੀ ਮੁਨੀ ਮਿਲੇ ਪਰ ਸ੍ਰੀ ਗੁਰੂ ਨਾਨਕ ਜੀ ਨੂੰ ਕੋਈ ਨਹੀਂ ਜਿੱਤ ਸਕਿਆ।" ਤਾਂ ਬਾਲੇ ਆਖਿਆ, "ਏਨ੍ਹਾਂ ਨੂੰ ਏਡਾ ਹੀ ਸਮਰੱਥ ਗੁਰੂ ਮਿਲਯਾ ਹੈ।"

ਤਦੋਂ ਨੂੰ ਇੱਕ ਟਿੱਲੇ ਪਰ {ਕਾਕ ਭਸੁੰਡ} ਕਾਕ ਭਸੁੰਡ ਨਾਮੇ ਰਿਖੀ ਨੂੰ ਜਾ ਦੇਖਿਆ ਜੋ ਅਤਯੰਤ ਪਰੇਮ ਨਾਲ ਅਨੇਕ ਰਿਖੀਆਂ ਮੁਨੀਆਂ ਨੂੰ ਪ੍ਰਮੇਸ਼ਰ ਦੇ ਗੁਣਾਨੁਬਾਦ ਸਤ ਸ਼ਾਸਤ੍ਰ ਦੀ ਕਥਾ ਸੁਣਾ ਰਿਹਾ ਸੀ। ਬਾਬੇ ਜੀ ਨੂੰ ਦੇਖ ਕੇ ਬਹੁਤ ਪ੍ਰਸੰਨ ਹੋਯਾ, ਆਪਸ ਵਿੱਚ ਕੁਛ ਸ਼ਬਦ ਸਾਖੀ ਕਰ ਪ੍ਰਸਪਰ ਆਨੰਦ ਹੋਏ।

ਓਥੋਂ ਅੱਗੇ ਪ੍ਰਹਿਲਾਦ ਤੇ ਧਰੂ ਭਗਤ ਨੂੰ ਮਿਲੇ। ਗਿਆਨ ਗੋਸ਼ਟ ਹੋਈ ਓਨ੍ਹਾਂ ਨੇ ਭੀ ਏਨ੍ਹਾਂ ਨੂੰ ਸਰਬ ਕਲਾ ਸਮਰੱਥ ਸਮਝ ਕੇ ਬਹੁਤ ਅਦਬ ਆਦਰ ਕੀਤਾ ਅਤੇ ਆਪਣੀ ਧੰਨਭਾਗਤਾ ਬਰਨਨ ਫੇਰ ਭਾਈ ਬਾਲੇ ਮਰਦਾਨੇ ਨੂੰ ਏਥੇ ਠਹਿਰਾ ਕੇ ਆਪ ਅਪਨੀ ਆਤਮ ਸ਼ਕਤੀ ਦੇ ਬਲ ਓਹਨਾਂ ਦੀ ਦ੍ਰਿਸ਼ਟ ਤੋਂ ਅਗੋਚਰ ਹੋ ਗਏ ਅਤੇ ਸੱਚਖੰਡ {ਸੱਚਖੰਡ} ਦੇ ਦਰਵਾਜ਼ੇ ਅੱਗੇ ਜਾ ਖੜੋਤੇ। ਏਥੇ ਅਨੇਕ ਅਵਤਾਰ, ਪੈਗੰਬਰ, ਬ੍ਰਹਮਾਂ, ਵਿਸ਼ਨੂੰ, ਸ਼ਿਵ, ਕ੍ਰਿਸ਼ਨ ਆਦਿਕ ਦੇਵਤਾ ਸਿਰ ਝੁਕਾਏ ਹੋਏ ਅਤੀ ਨਿਮ੍ਰ ਖੜੇ ਦੇਖੇ। ਏਤਨੇ ਨੂੰ ਇੱਕ ਦਿਬਯਪੁਰਸ਼ ਤੇਜਮਈ ਬਾਬੇ ਨੂੰ ਅੰਦਰ ਲੈ ਗਿਆ ਜਿੱਥੇ ਕੋਟ ਸੂਰਜ ਤੇ ਬਿਜਲੀ ਤੋਂ ਅਧਿਕ ਪ੍ਰਕਾਸ਼ ਸਰੂਪ ਦਾ ਦਰਸ਼ਨ ਹੋਯਾ। ਬਾਬੇ ਜੀ ਨੇ ਨਮਸਕਾਰ ਕੀਤੀ ਤਾਂ ਓਸ ਜੋਤੀ ਸਰੂਪ ਸਤਚਿਤ ਆਨੰਦ ਵੱਲੋਂ ਬਚਨ ਹੋਯਾ "ਜਗਤ ਵਿੱਚ ਕਲੀਕਾਲ ਦੀ ਚਾਲ ਦੇ ਅਧੀਨ ਹੋ ਕੇ ਜੀਵ ਭਗਤੀ ਨਾਮ ਤੋਂ ਬੇਮੁਖ ਹੋ ਕੇ ਵਿਸ਼ੇ ਵਿਕਾਰਾਂ ਦੀ ਅਗਨੀ ਵਿੱਚ ਦਗਧ ਹੋ ਰਹੇ ਹਨ। ਤੁਸਾਂ ਨੂੰ ਮੇਘ ਵਤ ਨਾਮ ਦੀ ਵਰਖਾ ਕਰ ਕੇ ਸ਼ਾਂਤੀ ਬਖ਼ਸ਼ਣ ਵਾਸਤੇ ਭੇਜਿਆ ਹੈ। ਸੋ ਜੋ ਕੁਛ ਬਾਕੀ ਕਾਰਜ ਹੈ ਓਹ ਸਿੱਧ ਕਰ ਕੇ ਮੇਰੇ ਪਾਸ ਆ ਨਿਵਾਸ ਕਰੋ।"

ਤਬ ਬਾਬੇ ਜੀ ਨੇ ਨਿੰਮ੍ਰਤਾ ਸਹਿਤ ਏਹ ਬਚਨ ਉਚਾਰਨ ਕੀਤਾ:

ਸੋ ਦਰੁ ਰਾਗੁ ਆਸਾ ਮਹਲਾ ੧
ੴ ਸਤਿਗੁਰ ਪ੍ਰਸਾਦਿ ॥
ਸੋ ਦਰੁ ਤੇਰਾ ਕੇਹਾ ਸੋ ਘਰੁ ਕੇਹਾ ਜਿਤੁ ਬਹਿ ਸਰਬ ਸਮਾਲੇ ॥
ਵਾਜੇ ਤੇਰੇ ਨਾਦ ਅਨੇਕ ਅਸੰਖਾ ਕੇਤੇ ਤੇਰੇ ਵਾਵਣਹਾਰੇ ॥
ਕੇਤੇ ਤੇਰੇ ਰਾਗ ਪਰੀ ਸਿਉ ਕਹੀਅਹਿ ਕੇਤੇ ਤੇਰੇ ਗਾਵਣਹਾਰੇ ॥
ਗਾਵਨਿ ਤੁਧਨੋ ਪਵਣੁ ਪਾਣੀ ਬੈਸੰਤਰੁ ਗਾਵੈ ਰਾਜਾ ਧਰਮੁ ਦੁਆਰੇ ॥
ਗਾਵਨਿ ਤੁਧਨੋ ਚਿਤੁ ਗੁਪਤੁ ਲਿਖਿ ਜਾਣਨਿ ਲਿਖਿ ਲਿਖਿ ਧਰਮੁ ਬੀਚਾਰੇ ॥
ਗਾਵਨਿ ਤੁਧਨੋ ਈਸਰੁ ਬ੍ਰਹਮਾ ਦੇਵੀ ਸੋਹਨਿ ਤੇਰੇ ਸਦਾ ਸਵਾਰੇ ॥
ਗਾਵਨਿ ਤੁਧਨੋ ਇੰਦ੍ਰ ਇੰਦ੍ਰਾਸਣਿ ਬੈਠੇ ਦੇਵਤਿਆ ਦਰਿ ਨਾਲੇ ॥
ਗਾਵਨਿ ਤੁਧਨੋ ਸਿਧ ਸਮਾਧੀ ਅੰਦਰਿ ਗਾਵਨਿ ਤੁਧਨੋ ਸਾਧ ਬੀਚਾਰੇ ॥
ਗਾਵਨਿ ਤੁਧਨੋ ਜਤੀ ਸਤੀ ਸੰਤੋਖੀ ਗਾਵਨਿ ਤੁਧਨੋ ਵੀਰ ਕਰਾਰੇ ॥
ਗਾਵਨਿ ਤੁਧਨੋ ਪੰਡਿਤ ਪੜਨਿ ਰਖੀਸੁਰ ਜੁਗੁ ਜੁਗੁ ਵੇਦਾ ਨਾਲੇ ॥
ਗਾਵਨਿ ਤੁਧਨੋ ਮੋਹਣੀਆ ਮਨੁ ਮੋਹਨਿ ਸੁਰਗੁ ਮਛੁ ਪਇਆਲੇ ॥
ਗਾਵਨਿ ਤੁਧਨੋ ਰਤਨ ਉਪਾਏ ਤੇਰੇ ਅਠਸਠਿ ਤੀਰਥ ਨਾਲੇ ॥

ਗਾਵਨਿ ਤੁਧਨੋ ਜੋਧ ਮਹਾਬਲ ਸੂਰਾ ਗਾਵਨਿ ਤੁਧਨੋ ਖਾਣੀ ਚਾਰੇ ॥
ਗਾਵਨਿ ਤੁਧਨੋ ਖੰਡ ਮੰਡਲ ਬ੍ਰਹਮੰਡਾ ਕਰਿ ਕਰਿ ਰਖੇ ਤੇਰੇ ਧਾਰੇ ॥
ਸੇਈ ਤੁਧਨੋ ਗਾਵਨਿ ਜੋ ਤੁਧੁ ਭਾਵਨਿ ਰਤੇ ਤੇਰੇ ਭਗਤ ਰਸਾਲੇ ॥
ਹੋਰਿ ਕੇਤੇ ਤੁਧਨੋ ਗਾਵਨਿ ਸੇ ਮੈ ਚਿਤਿ ਨ ਆਵਨਿ ਨਾਨਕੁ ਕਿਆ ਬੀਚਾਰੇ ॥
ਸੋਈ ਸੋਈ ਸਦਾ ਸਚੁ ਸਾਹਿਬੁ ਸਾਚਾ ਸਾਚੀ ਨਾਈ ॥
ਹੈ ਭੀ ਹੋਸੀ ਜਾਇ ਨ ਜਾਸੀ ਰਚਨਾ ਜਿਨਿ ਰਚਾਈ ॥
ਰੰਗੀ ਰੰਗੀ ਭਾਤੀ ਕਰਿ ਕਰਿ ਜਿਨਸੀ ਮਾਇਆ ਜਿਨਿ ਉਪਾਈ ॥
ਕਰਿ ਕਰਿ ਦੇਖੈ ਕੀਤਾ ਆਪਣਾ ਜਿਉ ਤਿਸ ਦੀ ਵਡਿਆਈ ॥
ਜੋ ਤਿਸੁ ਭਾਵੈ ਸੋਈ ਕਰਸੀ ਫਿਰਿ ਹੁਕਮੁ ਨ ਕਰਣਾ ਜਾਈ ॥
ਸੋ ਪਾਤਿਸਾਹੁ ਸਾਹਾ ਪਤਿਸਾਹਿਬੁ ਨਾਨਕ ਰਹਣੁ ਰਜਾਈ ॥੧॥

(ਸੋਦਰੁ, ਆਸਾ ਮਃ ੧ - ੮/੯)

ਪੁਨਹ:

ਮਾਰੂ ਸੋਲਹੇ ਮਹਲਾ ੧
ੴ ਸਤਿਗੁਰ ਪ੍ਰਸਾਦਿ ॥
ਸਾਚਾ ਸਚੁ ਸੋਈ ਅਵਰੁ ਨ ਕੋਈ ॥
ਜਿਨਿ ਸਿਰਜੀ ਤਿਨ ਹੀ ਫੁਨਿ ਗੋਈ ॥
ਜਿਉ ਭਾਵੈ ਤਿਉ ਰਾਖਹੁ ਰਹਣਾ ਤੁਮ ਸਿਉ ਕਿਆ ਮੁਕਰਾਈ ਹੇ ॥੧॥
ਆਪਿ ਉਪਾਏ ਆਪਿ ਖਪਾਏ ॥
ਆਪੇ ਸਿਰਿ ਸਿਰਿ ਧੰਧੈ ਲਾਏ ॥
ਆਪੇ ਵੀਚਾਰੀ ਗੁਣਕਾਰੀ ਆਪੇ ਮਾਰਗਿ ਲਾਈ ਹੇ ॥੨॥
ਆਪੇ ਦਾਨਾ ਆਪੇ ਬੀਨਾ ॥
ਆਪੇ ਆਪੁ ਉਪਾਇ ਪਤੀਨਾ ॥
ਆਪੇ ਪਉਣੁ ਪਾਣੀ ਬੈਸੰਤਰੁ ਆਪੇ ਮੇਲਿ ਮਿਲਾਈ ਹੇ ॥੩॥
ਆਪੇ ਸਸਿ ਸੂਰਾ ਪੂਰੋ ਪੂਰਾ ॥
ਆਪੇ ਗਿਆਨਿ ਧਿਆਨਿ ਗੁਰੁ ਸੂਰਾ ॥
ਕਾਲੁ ਜਾਲੁ ਜਮੁ ਜੋਹਿ ਨ ਸਾਕੈ ਸਾਚੇ ਸਿਉ ਲਿਵ ਲਾਈ ਹੇ ॥੪॥
ਆਪੇ ਪੁਰਖੁ ਆਪੇ ਹੀ ਨਾਰੀ ॥
ਆਪੇ ਪਾਸਾ ਆਪੇ ਸਾਰੀ ॥
ਆਪੇ ਪਿੜ ਬਾਧੀ ਜਗੁ ਖੇਲੈ ਆਪੇ ਕੀਮਤਿ ਪਾਈ ਹੇ ॥੫॥
ਆਪੇ ਭਵਰੁ ਫੁਲੁ ਫਲੁ ਤਰਵਰੁ ॥
ਆਪੇ ਜਲੁ ਥਲੁ ਸਾਗਰੁ ਸਰਵਰੁ ॥
ਆਪੇ ਮਛੁ ਕਛੁ ਕਰਣੀਕਰੁ ਤੇਰਾ ਰੂਪੁ ਨ ਲਖਣਾ ਜਾਈ ਹੇ ॥੬॥
ਆਪੇ ਦਿਨਸੁ ਆਪੇ ਹੀ ਰੈਣੀ ॥
ਆਪਿ ਪਤੀਜੈ ਗੁਰ ਕੀ ਬੈਣੀ ॥
ਆਦਿ ਜੁਗਾਦਿ ਅਨਾਹਦਿ ਅਨਦਿਨੁ ਘਟਿ ਘਟਿ ਸਬਦੁ ਰਜਾਈ ਹੇ ॥੭॥
ਆਪੇ ਰਤਨੁ ਅਨੂਪੁ ਅਮੋਲੋ ॥
ਆਪੇ ਪਰਖੇ ਪੂਰਾ ਤੋਲੋ ॥
ਆਪੇ ਕਿਸ ਹੀ ਕਸਿ ਬਖਸੇ ਆਪੇ ਦੇ ਲੈ ਭਾਈ ਹੇ ॥੮॥
ਆਪੇ ਧਨਖੁ ਆਪੇ ਸਰਬਾਣਾ ॥
ਆਪੇ ਸੁਘੜੁ ਸਰੂਪੁ ਸਿਆਣਾ ॥

ਕਹਤਾ ਬਕਤਾ ਸੁਣਤਾ ਸੋਈ ਆਪੇ ਬਣਤ ਬਣਾਈ ਹੇ ॥੯॥
ਪਉਣੁ ਗੁਰੂ ਪਾਣੀ ਪਿਤ ਜਾਤਾ ॥
ਉਦਰ ਸੰਜੋਗੀ ਧਰਤੀ ਮਾਤਾ ॥
ਰੈਣਿ ਦਿਨਸੁ ਦੁਇ ਦਾਈ ਦਾਇਆ ਜਗੁ ਖੇਲੈ ਖੇਲਾਈ ਹੇ ॥੧੦॥
ਆਪੇ ਮਛੁਲੀ ਆਪੇ ਜਾਲਾ ॥
ਆਪੇ ਗਊ ਆਪੇ ਰਖਵਾਲਾ ॥
ਸਰਬ ਜੀਆ ਜਗਿ ਜੋਤਿ ਤੁਮਾਰੀ ਜੈਸੀ ਪ੍ਰਭਿ ਫੁਰਮਾਈ ਹੇ ॥੧੧॥
ਆਪੇ ਜੋਗੀ ਆਪੇ ਭੋਗੀ ॥
ਆਪੇ ਰਸੀਆ ਪਰਮ ਸੰਜੋਗੀ ॥
ਆਪੇ ਵੇਬਾਣੀ ਨਿਰੰਕਾਰੀ ਨਿਰਭਉ ਤਾੜੀ ਲਾਈ ਹੇ ॥੧੨॥
ਖਾਣੀ ਬਾਣੀ ਤੁਝਹਿ ਸਮਾਣੀ ॥
ਜੋ ਦੀਸੈ ਸਭ ਆਵਣ ਜਾਣੀ ॥
ਸੇਈ ਸਾਹ ਸਚੇ ਵਾਪਾਰੀ ਸਤਿਗੁਰਿ ਬੂਝ ਬੁਝਾਈ ਹੇ ॥੧੩॥
ਸਬਦੁ ਬੁਝਾਏ ਸਤਿਗੁਰੁ ਪੂਰਾ ॥
ਸਰਬ ਕਲਾ ਸਾਚੇ ਭਰਪੂਰਾ ॥
ਅਫਰਿਓ ਵੇਪਰਵਾਹੁ ਸਦਾ ਤੂ ਨਾ ਤਿਸੁ ਤਿਲੁ ਨ ਤਮਾਈ ਹੇ ॥੧੪॥
ਕਾਲੁ ਬਿਕਾਲੁ ਭਏ ਦੇਵਾਨੇ ॥
ਸਬਦੁ ਸਹਜ ਰਸੁ ਅੰਤਰਿ ਮਾਨੇ ॥
ਆਪੇ ਮੁਕਤਿ ਤ੍ਰਿਪਤਿ ਵਰਦਾਤਾ ਭਗਤਿ ਭਾਇ ਮਨਿ ਭਾਈ ਹੇ ॥੧੫॥
ਆਪਿ ਨਿਰਾਲਮੁ ਗੁਰ ਗਮ ਗਿਆਨਾ ॥
ਜੋ ਦੀਸੈ ਤੁਝ ਮਾਹਿ ਸਮਾਨਾ ॥
ਨਾਨਕੁ ਨੀਚੁ ਭਿਖਿਆ ਦਰਿ ਜਾਚੈ ਮੈ ਦੀਜੈ ਨਾਮੁ ਵਡਾਈ ਹੇ ॥੧੬॥੧॥

(ਮਾਰੂ, ਮ: ੧ - ੧੦੨੦)

ਪੁਨਹ:

ਸਿਰੀਰਾਗੁ ਮਹਲਾ ੧ ॥
ਕੋਟਿ ਕੋਟੀ ਮੇਰੀ ਆਰਜਾ ਪਵਣੁ ਪੀਅਣੁ ਅਪਿਆਉ ॥
ਚੰਦੁ ਸੂਰਜੁ ਦੁਇ ਗੁਫੈ ਨ ਦੇਖਾ ਸੁਪਨੈ ਸਉਣ ਨ ਥਾਉ ॥
ਭੀ ਤੇਰੀ ਕੀਮਤਿ ਨਾ ਪਵੈ ਹਉ ਕੇਵਡੁ ਆਖਾ ਨਾਉ ॥੧॥
ਸਾਚਾ ਨਿਰੰਕਾਰੁ ਨਿਜ ਥਾਇ ॥
ਸੁਣਿ ਸੁਣਿ ਆਖਣੁ ਆਖਣਾ ਜੇ ਭਾਵੈ ਕਰੇ ਤਮਾਇ ॥੧॥ ਰਹਾਉ ॥
ਕੁਸਾ ਕਟੀਆ ਵਾਰ ਵਾਰ ਪੀਸਣਿ ਪੀਸਾ ਪਾਇ ॥
ਅਗੀ ਸੇਤੀ ਜਾਲੀਆ ਭਸਮ ਸੇਤੀ ਰਲਿ ਜਾਉ ॥
ਭੀ ਤੇਰੀ ਕੀਮਤਿ ਨਾ ਪਵੈ ਹਉ ਕੇਵਡੁ ਆਖਾ ਨਾਉ ॥੨॥
ਪੰਖੀ ਹੋਇ ਕੈ ਜੇ ਭਵਾ ਸੈ ਅਸਮਾਨੀ ਜਾਉ ॥
ਨਦਰੀ ਕਿਸੈ ਨ ਆਵਊ ਨਾ ਕਿਛੁ ਪੀਆ ਨ ਖਾਉ ॥
ਭੀ ਤੇਰੀ ਕੀਮਤਿ ਨਾ ਪਵੈ ਹਉ ਕੇਵਡੁ ਆਖਾ ਨਾਉ ॥੩॥
ਨਾਨਕ ਕਾਗਦ ਲਖ ਮਣਾ ਪੜਿ ਪੜਿ ਕੀਚੈ ਭਾਉ ॥
ਮਸੂ ਤੋਟਿ ਨ ਆਵਈ ਲੇਖਣਿ ਪਉਣੁ ਚਲਾਉ ॥
ਭੀ ਤੇਰੀ ਕੀਮਤਿ ਨਾ ਪਵੈ ਹਉ ਕੇਵਡੁ ਆਖਾ ਨਾਉ ॥੪॥੨॥

(ਸਿਰੀਰਾਗੁ, ਮ: ੧ - ੧੪)

ਏਹ ਸ਼ਬਦ ਭਗਤੀ ਭਾਵ ਦੇ ਭਰੇ ਹੋਏ ਸੁਣ ਕੇ ਅਕਾਲ ਪੁਰਖ ਨੇ ਵਰ ਦਿੱਤਾ "ਹੇ ਨਾਨਕ! ਜੋ ਕੋਈ ਤੇਰੀ ਬਾਣੀ ਪੜ੍ਹੇ ਸੁਣੇਗਾ ਓਹ ਜਮਪੁਰੀ ਨਾ ਦੇਖੇਗਾ। ਸੱਚਖੰਡ ਵਾਸੀ ਹੋਵੇਗਾ। ਹੁਣ ਤੁਸੀਂ ਜਗਤ ਵਿੱਚ ਜਾਓ ਅਤੇ ਜਿਸ ਵਾਸਤੇ ਦੇਹ ਧਾਰਨ ਕੀਤੀ ਹੈ ਸੋ ਪਰੋਪਕਾਰ ਧਰਮ ਸੁਧਾਰ ਗਜ਼ਾਨ ਭਗਤੀ ਪ੍ਰਚਾਰ ਕਰੋ। ਬਾਬਾ ਜੀ ਅਕਾਲ ਪੁਰਖ ਦਾ ਦਰਸ਼ਨ ਤੇ ਹੁਕਮ ਪਾ ਕੇ ਮੁੜ ਧ੍ਰੂ ਭਗਤ ਪਾਸੋਂ ਬਾਲੇ ਮਰਦਾਨੇ ਨੂੰ ਲੈ ਕਰ ਤੁਰਤ ਫੁਰਤ ਹੇਮਕੁੰਟ ਪਰਬਤ ਲੋਕਪਾਲ ਤੀਰਥ ਕਿਨਾਰੇ ਆ ਪਹੁੰਚੇ। ਸਭ ਰਿਖੀ ਮੁਨੀ (ਜਿਨ੍ਹਾਂ ਦੇ ਸਾਹਮਣੇ ਅਕਾਲ ਪੁਰਖ ਦੇ ਦਰਸ਼ਨ ਕਰਨ ਗਏ ਸੇ) ਦੇਖ ਕੇ ਬਾਗ਼ ਬਾਗ਼ ਹੋ ਗਏ। ਲੱਗੇ ਬਾਤਾਂ ਪੁੱਛਣ ਤਾਂ ਬਾਬੇ ਜੀ ਨੇ ਸਭ ਪ੍ਰਸੰਗ ਬਰਨਨ ਕਰ ਸੁਣਾਯਾ ਤੇ ਏਹ ਸ਼ਬਦ ਉਚਾਰਨ ਕੀਤੇ:

ਜਿਤ ਦਰ ਲਖ ਮੁਹੰਮਦਾ ਲਖ ਬ੍ਰਹਮਾ ਬਿਸਨ ਮਹੇਸ ॥
ਲਖ ਲਖ ਰਾਮ ਵਡੀਰੀਅਹਿ ਲਖ ਰਾਹੀ ਲਖ ਵੇਸ ॥
ਲਖ ਲਖ ਓਥੇ ਜਤੀ ਹੈ ਸਤੀਅਹੁ ਤੇ ਸੰਨਯਾਸ ॥
ਲਖ ਲਖ ਓਥੇ ਗੋਰਖਾ ਲਖ ਲਖ ਨਾਥਾ ਨਾਥ ॥
ਲਖ ਲਖ ਓਥੇ ਆਸਨਾ ਗੁਰੂ ਚੇਲੇ ਰਹਰਾਸ ॥
ਲਖ ਲਖ ਦੇਵੀ ਦੇਵਤੇ ਦਾਨੂੰ ਲਖ ਨਿਵਾਸ ॥
ਲਖ ਪੀਰ ਪੈਕਾਂਬਰ ਅਉਲੀਏ ਲਖ ਕਾਜ਼ੀ ਮੁਲਾ ਸੇਖ ॥
ਕਿਸੇ ਸਾਤਿ ਨ ਆਈਆ ਬਿਨ ਸਤਗੁਰ ਕੇ ਉਪਦੇਸ ॥
ਸਾਧਿਕ ਸਿਧ ਅਗਿਣਤ ਹੈ ਕੇਤੇ ਲਖ ਅਪਾਰ ॥
ਏਤੜਿਆ ਅਪਵਿਤ੍ਰ ਹੈ ਬਿਨ ਸਤਿਗੁਰ ਸਬਦ ਬੀਚਾਰ ॥
ਸਿਰ ਨਾਥਾ ਕੇ ਏਕ ਨਾਥ ਸਚ ਨਾਮ ਕਰਤਾਰ ॥
ਨਾਨਕ ਤਾਕੀ ਕੀਮਤਿ ਨਾ ਪਵੈ ਬੇਅੰਤ ਬੇਸੁਮਾਰ ॥੧॥

(ਇਹ ਸ਼ਬਦ ਭਾਈ ਬੰਨੋ ਵਾਲੀ ਬੀੜ ਦਾ ਹੈ)

ਪੁਨਹ:

ਬ੍ਰਹਮਾ ਬਿਸ਼ਨ ਮਹੇਸ਼ ਅਪਾਰੇ ॥ ਉਭੈ ਸੇਵਹਿ ਖੜੇ ਦੁਆਰੇ ॥
ਇੰਦ੍ਰ ਉਪਿੰਦ੍ਰ ਬਰਣ ਕੁਬੇਰਾ ॥ ਸੂਰ ਸਸੀ ਗ੍ਰਹ ਅੰਤ ਨ ਹੇਰਾ ॥
ਗੋਰਖ ਦਤ ਮੁਹੰਮਦ ਈਸਾ ॥ ਰਾਮ ਕਿਸਨ ਬੁਧ ਬਿਆਸ ਮੁਨੀਸਾ ॥
ਰਾਮਾਨੁਜ ਸ਼ੰਕਰ ਸ਼ੁਕ ਨਾਰਦ ॥ ਦੇਵੀ ਦੇਵ ਅਪਾਰ ਬਿਸਾਰਦ ॥
ਸਾਹਿਬ ਕੇ ਦਰਬਾਰ ਅਗਾਰ ॥ ਸੀਸ ਝੁਕਾਏ ਖੜੇ ਨਿਹਾਰ ॥
ਨਾਨਕ ਆਗ ਸਕੈ ਨਾ ਜਾਈ ॥ ਜਿਸ ਭਾਵੈ ਪ੍ਰਭ ਲਏ ਬੁਲਾਈ ॥

(ਇਹ ਗੁਰਬਾਣੀ ਨਹੀਂ)

ਇਸੇ ਪ੍ਰਕਾਰ ਦਸਮ ਗੁਰੂ ਸਾਹਿਬ ਨੇ ਭੀ ਲਿਖਿਆ ਹੈ:

ਕਈ ਰਾਮ ਕ੍ਰਿਸ਼ਨ ਰਸੂਲ ॥ ਬਿਨ ਭਗਤਿ ਕੋ ਨ ਕਬੂਲ ॥

(ਸ੍ਰੀ ਦਸਮ ਗ੍ਰੰਥ - ਚੌਵੀ ਅਵਤਾਰ)

ਏਹ ਸ਼ਬਦ ਸੁਣ ਕੇ ਓਹਨਾਂ ਪੁੱਛਿਆ ਕਿ ਇਨ੍ਹਾਂ ਅਵਤਾਰਾਂ ਨੂੰ ਅੰਦਰ ਜਾਣ ਦਾ ਹੁਕਮ ਕਿਉਂ ਨਹੀਂ? ਤਾਂ ਬਾਬੇ ਆਖਿਆ, "ਓਨ੍ਹਾਂ ਨੂੰ ਨਿਰਾਦਰੀ ਨਾਲ ਦਰਵਾਜੇ ਅੱਗੇ ਖੜੇ ਰਹਿਣ ਦੀ ਸਜਾ ਏਸ ਵਾਸਤੇ ਮਿਲੀ ਹੈ ਕਿ ਈਸ਼੍ਵਰ ਨੇ ਤਾਂ ਓਨ੍ਹਾਂ ਨੂੰ ਭਗਤੀ ਭਜਨ ਦ੍ਰਿੜ੍ਹਾਉਣ ਲਈ ਭੇਜਿਆ ਸੀ ਪਰ ਓਨ੍ਹਾਂ ਆਪਣੇ ਆਪਣੇ ਨਾਮ ਜਤਾਏ, ਪੰਥ ਚਲਾਏ ਤੇ ਲੋਗਾਂ ਨੂੰ ਕਰਾਮਾਤਾਂ ਦਿਖਾ ਦਿਖਾ ਆਪਣੇ ਸੇਵਕ ਬਣਾਯਾ। ਪਰਮੇਸ਼ਰ ਪ੍ਰਾਇਣ ਨਾ ਕੀਤਾ। ਏਸ ਬੇਮੁਖਤਾ ਦੀ ਸਜ਼ਾ ਓਹਨਾਂ ਨੂੰ ਮਿਲ ਰਹੀ ਹੈ।" ਰਿਖੀਆਂ ਨੇ ਬੇਨਤੀ ਕੀਤੀ, "ਅਕਾਲ ਪੁਰਖ ਦਾ ਸਰੂਪ ਕੇਹਾ ਕੁ ਹੈ?" ਬਾਬੇ ਆਖਿਆ, "ਜਿਕੁਰ ਵੱਡੇ ਰਤਨ ਵਿੱਚ ਹਰ ਰੰਗ ਦੀ ਝਲਕ ਪੈਂਦੀ ਹੈ, ਇਕੁਰ ਹੀ ਪ੍ਰਕਾਸ਼ ਰੂਪ ਪ੍ਰਮਾਤਮਾ ਵਿੱਚ ਅਨੇਕ ਦਮਕਾਂ ਚਮਕਦੀਆਂ ਹਨ। ਸੁਵਰਣ ਜੇਹੇ ਰੋਮ ਤੇ ਅੰਗ

ਹਨ, ਜਿਸ ਦੇ ਸਨਮੁਖ ਮਨ ਨੇਤ੍ਰ ਠਹਿਰ ਨਹੀਂ ਸਕਦੇ। ਅਚਰਜ ਤੋਂ ਅਚਰਜ ਰੂਪ ਹੈ, ਜਿਸ ਦੀ ਸ਼ਕਤੀ ਮਾਯਾ, ਜੋ ਚਾਹੇ ਸੋ ਕਰ ਕੇ ਦਿਖਾਉਂਦੀ ਹੈ।" ਏਹ ਬਚਨ ਸੁਣ ਕੇ ਰਿਖੀ ਮੁਨੀ ਬਹੁਤ ਪ੍ਰਸੰਨ ਹੋਏ ਅਤੇ ਬਾਰੰਬਾਰ ਬਾਬੇ ਜੀ ਦੀ ਪਰਸੰਸਾ ਕਰ ਬੇਨਤੀ ਕੀਤੀ ਕਿ ਆਪ ਨੂੰ ਅਕਾਲ ਪੁਰਖ ਨੇ ਸਤਗੁਰੂ ਪਦਵੀ ਬਖ਼ਸ਼ੀ ਹੈ ਜੋ ਅੱਜ ਤੱਕ ਹੋਰ ਕਿਸੇ ਅਵਤਾਰ ਪੈਗੰਬਰ ਆਚਾਰਯ ਨੂੰ ਨਹੀਂ ਮਿਲੀ। ਸੋ ਤੁਸੀਂ ਕੁਛ ਦਿਨ ਏਥੇ ਨਿਵਾਸ ਕਰ ਕੇ ਦਰਸ਼ਨ ਤੇ ਉਪਦੇਸ਼ ਦਿਓ। ਤਾਂ ਬਾਬਾ ਜੀ ਓਥੇ ਪੰਜ ਦਿਨ ਠਹਿਰ ਕੇ ਓਹਨਾਂ ਦੇ ਭਰਮ ਭੇਦ ਸਭ ਛੇਦ ਕਰ ਅੱਗੇ ਗਵਨ ਕਰਦੇ ਹੋਏ।

ਇਤਿਆਦਿਕ ਏਸ ਅਦਭੁਤ ਪ੍ਰਸੰਗ ਨੂੰ ਸੁਣ ਕੇ ਅਨੇਕ ਪੁਰਖ ਆਖਣਗੇ ਕਿ ਸੁਮੇਰ ਦੇ ਲੱਖਣ ਜੋ ਪੁਰਾਣਾਂ ਵਿੱਚ ਲਿਖੇ ਹਨ ਓਹ ਸਭ ਏਥੇ ਹੀ ਹਨ ਤੇ ਸੁਮੇਰ ਨਾਮ ਸਰੇਸ਼ਟ ਮੇਰ ਦਾ ਹੈ। ਸੋ ਏਸ ਜੇਡਾ ਉੱਚਾ, ਸੁੱਚਾ, ਲੰਬਾ, ਚੌੜਾ, ਪਵਿਤ੍ਰ ਸ੍ਰੇਸ਼ਟ ਰਤਨਾਂ ਦੀ ਤੇ ਸੁਇਨੇ ਦੀ ਖਾਣ ਭੀ ਹੋਰ ਕੋਈ ਨਹੀਂ ਸੋ ਏਸ ਕਰ ਕੇ ਮੇਰ ਤਾਂ ਠੀਕ ਏਹੋ ਹੈ ਪਰ ਬਾਬਾ ਜੀ ਨੂੰ ਅਕਾਲ ਪੁਰਖ ਦਾ ਦਰਸ਼ਨ ਏਥੇ ਹੋਣਾ ਕਿਉਂ ਲਿਖਿਆ ਹੈ? ਘਰ ਵਿੱਚ ਹੀ ਕਿਉਂ ਨਾ ਲਿਖਿਆ? ਏਸ ਸੰਸੇ ਦੇ ਦੂਰ ਕਰਨ ਵਾਸਤੇ ਅੱਗੇ ਲਿਖੇ ਪ੍ਰਮਾਣ ਦਿਖਾਉਂਦੇ ਹਾਂ।

(੧) ਪਹਿਲੇ ਕ੍ਰਿਸ਼ਨ ਜੀ ਦਾ ਅਰਜਨ ਸਮੇਤ ਅਕਾਲ ਪੁਰਖ ਪਾਸ ਜਾਣਾ ਏਸੇ ਪਰਬਤ ਵਿੱਚ ਲੋਕਪਾਲ ਤੀਰਥ ਕਿਨਾਰੇ ਮਹਾਂਭਾਰਤ ਦੇ ਦ੍ਰੋਣ ਪਰਬ ਵਿੱਚ ਲਿਖਿਆ ਹੈ ਜਦ ਓਥੋਂ ਧਨੁਖ ਬਾਣ ਲਿਆ ਕੇ ਰਾਜੇ ਜੈਦਰਥ ਨੂੰ ਮਾਰਿਆ ਹੈ।

(੨) ਭਾਗਵਤ ਦੇ ਦਸਮ ਸਕੰਧ ਦੇ ਅੰਤ ਵਿੱਚ ਲਿਖਿਆ ਹੈ ਕਿ ਇੱਕ ਬ੍ਰਾਹਮਣ ਦੇ ਛੀ ਬੇਟੇ ਮਰ ਗਏ। ਏਸ ਲਈ ਓਹ ਚਿੰਤਾ ਵਿੱਚ ਸੜ ਕੇ ਮਰਨ ਲੱਗਾ ਤਾਂ ਅਰਜਨ ਨੇ ਪ੍ਰਤਿੱਗਿਆ ਕੀਤੀ ਕਿ ਐਤਕੀਂ ਤੇਰੇ ਪੁੱਤਰ ਦੀ ਮੈਂ ਰੱਖਿਆ ਕਰਾਂਗਾ ਤੇ ਜੇਕਰ ਐਤਕੀਂ ਭੀ ਤੇਰਾ ਪੁੱਤ੍ਰ ਮਰ ਜਾਏਗਾ ਤਾਂ ਮੈਂ ਸੜ ਮਰਾਂਗਾ। ਏਹ ਪ੍ਰਤਿੱਗਿਆ ਲੈ ਬ੍ਰਾਹਮਣ ਘਰ ਗਿਆ। ਏਸ ਵਾਰੀ ਐਸਾ ਕਾਰਣ ਹੋਯਾ ਕਿ ਬ੍ਰਾਹਮਣ ਦਾ ਪੁੱਤਰ ਜੰਮਦਾ ਹੀ ਮਰ ਗਿਆ (ਅੱਗੇ ਵੱਡੇ ਵੱਡੇ ਹੋ ਕੇ ਮਰਦੇ ਸੇ) ਤਾਂ ਅਰਜਨ ਸੜ ਕੇ ਮਰਨ ਲੱਗਾ। ਓਸ ਵਕਤ ਸ੍ਰੀ ਕ੍ਰਿਸ਼ਨ ਜੀ ਨੇ ਅਰਜਨ ਨੂੰ ਅਕਾਲ ਪੁਰਖ ਪਾਸ ਜਾ ਕੇ ਧਰਮਰਾਜ ਪਾਸੋਂ ਸੱਤੇ ਪੁੱਤ੍ਰ ਬ੍ਰਾਹਮਣ ਦੇ ਲਿਆ ਦਿੱਤੇ।

(੩) ਮਹਾਂਭਾਰਤ ਵਿੱਚ ਲਿਖਿਆ ਹੈ ਕਿ ਜਦ ਪੰਜੇ ਪਾਂਡੋਂ ਤੇ ਦ੍ਰੋਪਤੀ ਇੱਕ ਕੁੱਤੇ ਸਮੇਤ ਸੱਚਖੰਡ ਨੂੰ ਸਣੇ ਦੇਹ ਚੱਲੇ ਤਾਂ ਏਸੇ ਹਿਮਾਚਲ ਦੀ ਬਰਫ਼ ਵਿੱਚ ਜਾਂਦੇ ਜਾਂਦੇ ਹੋਰ ਤਾਂ ਸਭ ਗਲ ਗਏ ਪਰ ਇੱਕ ਕੁੱਤਾ ਤੇ ਇੱਕ ਜੁਧਿਸ਼ਟਰ ਨਾ ਗਲੇ ਤੇ ਇੰਦਰ ਲੋਕ ਤੋਂ ਅੱਗੇ ਸੱਚਖੰਡ ਨੂੰ ਚਲੇ ਗਏ।

(੪) ਨਾਰਦ ਮੁਨੀ ਬਿਸ਼ਵਾਮਿਤ੍ਰ ਦੁਰਬਾਸਾ ਆਦਿਕ ਅਨੇਕ ਰਿਖੀਆਂ ਦਾ ਬਿਸ਼ਨੂੰ ਲੋਕ ਵਿੱਚ ਜਾਣਾ ਆਉਣਾ ਏਸੇ ਰਸਤੇ ਬਹੁਤ ਗ੍ਰੰਥਾਂ ਵਿੱਚ ਲਿਖਿਆ ਹੈ।

(੫) ਬਿਆਸ ਜੀ ਨੂੰ ਭੀ ਏਸੇ ਪਰਬਤ ਉੱਤੇ ਕੋਟ ਸੂਰਜ ਬਿਜਲੀ ਵਰਗਾ ਪ੍ਰਕਾਸ਼ ਪਾਰਬ੍ਰਹਮ ਦਾ ਅਤੇ ਬਾਣੀ ਹੋਈ ਲਿਖੀ ਹੈ। ਏਸੇ ਤਰ੍ਹਾਂ ਹੋਰ ਅਨੰਤ ਰਿਖੀਸ਼੍ਵਰਾਂ ਤੇ ਧ੍ਰੂ ਆਦਿਕ ਭਗਤਾਂ ਦੀਆਂ ਕਥਾ ਹਨ।

(੬) ਕੋਹਤੂਰ ਉੱਪਰ ਮੂਸੇ ਪੈਗੰਬਰ ਨੂੰ ਤੇ ਇੱਕ ਹੋਰ ਉੱਚੇ ਪਹਾੜ ਉੱਤੇ ਈਸਾ ਨੂੰ ਖ਼ੁਦਾ ਦੀ ਰੋਸ਼ਨੀ ਦਾ ਦਰਸ਼ਨ ਤੇ ਬਾਣੀ ਹੋਣੀ ਤੌਰੇਤ ਤੇ ਅੰਜੀਲ ਵਿੱਚ ਲਿਖੀ ਹੈ।

(੭) ਮੁਹੰਮਦ ਜੀ ਦਾ ਖ਼ੁਦਾ ਪਾਸ ਜਾਣਾ ਤੇ ਗੱਲਾਂ ਕਰਨੀਆਂ ਭੀ ਏਥੇ ਹੀ ਲਿਖੀਆਂ ਹਨ। ਸੋ, ਜੇਕਰ ਏਹ ਪਰਸੰਗ ਸਭ ਸੱਚੇ ਹਨ ਤਾਂ ਬਾਬੇ ਨਾਨਕ ਜੀ ਦਾ ਭੀ ਅਕਾਲ ਪੁਰਖ ਪਾਸ ਜਾਣਾ ਤੇ ਗੱਲਾਂ ਕਰਨੀਆਂ ਸੱਚ ਮੰਨੋ ਕਿਉਂਕਿ ਏਹ ਸਾਧਕ ਬਾਧਕਤਾ ਸਭ ਨੂੰ ਇਕੋ ਜੇਹੀ ਹੈ।

ਸਿੱਧਾਂ ਨਾਲ ਗੋਸ਼ਟ

ਉੱਤਰਾ ਖੰਡ ਨਿਵਾਸੀ ਲੋਕਾਂ ਦਾ ਅਭਿਮਾਨ ਦੂਰ ਕਰ ਕੇ ਓਹਨਾਂ ਨੂੰ ਪਰਮੇਸ਼ਰ ਪ੍ਰਾਇਣ ਕਰ ਬਾਬਾ ਜੀ ਅਨੇਕ ਜੰਗਲਾਂ ਪਹਾੜਾਂ ਤੇ ਦੇਵ ਸਥਾਨਾਂ ਦਾ ਸੈਲ ਕਰਦੇ ਹੋਏ ਰਾਨੀ ਖੇਤ ਤੋਂ ਅਲਮੋੜੇ ਵਿਖੇ, ਜਿੱਥੇ ਹੁਣ ਬਾਬੇ ਦੀ ਸੰਗਤ ਵਿੱਚ ਉਦਾਸੀ ਸੰਤ ਹਨ; ਜਾ ਉੱਤਰੇ।

ਓਸੇ ਦਿਨ ਓਥੋਂ ਦੇ ਰਾਜੇ ਦਾ ਜੱਗ ਹੋਮ ਪੂਰਾ ਹੋਣਾ ਸੀ ਤੇ ਰਾਜੇ ਦੇ ਆਦਮੀ ਕੋਈ ਪੁਰਸ਼ ਬਲੀਦਾਨ ਕਰਨ ਦੀ ਢੂੰਢ ਵਿੱਚ ਸੇ। ਇੰਨੇ ਚਿਰ ਨੂੰ {ਮਰਦਾਨਾ ਬਲੀ ਦੇਣ ਲਈ ਪਕੜਿਆ} ਮਰਦਾਨਾ ਸ਼ਹਿਰ ਵਿੱਚ ਜਾ ਫਿਰਿਆ ਤਾਂ ਏਸ ਨੂੰ ਓਪਰਾ ਸਮਝ ਕੇ ਬਲੀਦਾਨ ਕਰਨ ਵਾਸਤੇ ਲੈ ਗਏ। ਤਦ ਮਰਦਾਨਾ ਲੱਗਾ 'ਗੁਰੂ' 'ਗੁਰੂ' ਜਪਣ ਤਾਂ ਬਾਬਾ ਜੀ ਭੀ ਓਥੇ ਪਹੁੰਚ ਗਏ ਤੇ ਦੇਵੀ ਦੇ ਮੰਦਰ ਪਾਸ ਜਿੱਥੇ ਬਲੀ ਦੇਣਾ ਸੀ ਖੜੇ ਹੋਏ।

ਜਦ ਮਰਦਾਨੇ ਨੂੰ ਚੰਦਨ ਚੜ੍ਹਾ ਫ਼ੁੱਲਾਂ ਦੇ ਹਾਰ ਪਹਨਾਕੇ ਦੇਵੀ ਅੱਗੇ ਖੜਾ ਕਰ ਰਾਜਾ ਨੇ ਤੇਗ ਉਠਾਈ ਤਾਂ ਰਾਜਾ ਦੇ ਭਾਈ ਨੇ, ਜੋ ਆਪ ਰਾਜਾ ਹੋਣ ਲਈ ਦਿਲੋਂ ਰਾਜੇ ਦਾ ਵੈਰੀ ਸੀ; ਰਾਜੇ ਦਾ ਸਿਰ ਉਤਾਰ ਦਿੱਤਾ ਅਤੇ ਓਸ ਨੂੰ ਰਾਜੇ ਦੇ ਪੱਖੀ ਨੇ ਮਾਰ ਘੱਤਿਆ। ਏਸੇ ਪ੍ਰਕਾਰ ਦਸ ਬਾਰਾਂ ਖ਼ੂਨ ਹੋ ਗਏ ਤੇ ਭਾਂਜ ਪੈ ਗਈ। ਮਰਦਾਨੇ ਨੂੰ ਬਾਬਾ ਜੀ ਲੈ ਕੇ ਆਸਨ ਪਰ ਆ ਗਏ। ਲੋਕਾਂ ਵਿੱਚ ਰੌਲਾ ਪੈ ਗਿਆ ਕਿ ਸਾਧੂ ਨੂੰ ਬਲੀ ਦੇਣ ਲੱਗੇ ਤਾਂ ਦੇਵੀ ਨੇ ਕੋਪ ਹੋ ਕੇ ਰਾਜੇ ਸਮੇਤ ਅਨੇਕਾਂ ਨੂੰ ਮਾਰ ਸੁੱਟਿਆ। ਕਈ ਮਰਦਾਨੇ ਦੀ ਸਿੱਧਾਈ ਮੰਨਣ। ਰਾਜੇ ਦਾ ਪੁੱਤ੍ਰ ਏਨ੍ਹਾਂ ਦੇ ਚਰਨੀਂ ਆਇ ਲੱਗਾ। ਬਾਬਾ ਜੀ ਨੇ ਓਸ ਨੂੰ ਏਹੋ ਜੇਹੇ ਮੂਰਖਪਣੇ ਦੇ ਕੰਮ ਕਰਨ ਤੋਂ ਹਟਾ ਕੇ ਪ੍ਰਮੇਸ਼੍ਵਰ ਦੀ ਭਗਤੀ ਕਰਨ ਲਾਯਾ। ਏਸੇ ਪ੍ਰਕਾਰ ਧਰਮ ਦਾ ਉਪਦੇਸ਼ ਕਰਦੇ ਹੋਏ ਗੜ੍ਹ ਮੁਕਤੇਸ਼ਰ ਗੰਗਾ ਦਾ ਮੇਲਾ ਦੇਖ ਕੇ ਨੈਨੀਤਾਲ ਦੇ ਜ਼ਿਲੇ ਵਿੱਚ, ਜੋ ਪਹਿਲੇ ਗੋਰਖ ਮਤਾ ਸੀ ਤੇ ਹੁਣ {ਨਾਨਕ ਮਤਾ} ਨਾਨਕ ਮਤਾ ਬੋਲਿਆ ਜਾਂਦਾ ਹੈ; ਜਾ ਉੱਤਰੇ। ਏਥੇ ਕੰਨ ਪਾਟੇ ਜੋਗੀ ਬਹੁਤ ਰਿਹਾ ਕਰਦੇ ਸੇ। ਸੋ ਬਾਬੇ ਜੀ ਦੇ ਗਿਰਦੇ ਆ ਹੋਏ। ਝੰਗਰ ਨਾਥ ਨੇ ਪਿਆਲਾ ਭਰ ਕੇ ਬਾਬੇ ਅੱਗੇ ਕੀਤਾ। ਜਾਂ ਪੁੱਛਯਾ ਤਾਂ ਬੋਲਿਆ, "ਇਸ ਦੇ ਪੀਣੇ ਕਰ ਲਿਵ ਲੱਗਦੀ ਹੈ।" ਗੁਰੂ ਜੀ ਨੇ ਕਿਹਾ ਕਿਉਂ ਕਰ ਹੁੰਦਾ ਹੈ ਤਾਂ ਓਹ ਬੋਲਿਆ:

ਭਾਠੀ ਸਾਜੋ ਲਾਹਣ ਮਾਂਡੋ ਕਸਚੋਂ ਬੀਚ ਸਮਾਵੋ।
ਨਿਰਮਲ ਅੰਮ੍ਰਿਤ ਧਾਰ ਚੁਆਵੋ ਪੀਕੈ ਮਸਤ ਰਹਾਵੋ।
ਲਿਵ ਲਾਗੇ ਮਨ ਚਲੈ ਨ ਕਬਹੂੰ ਦੁਰਮਤਿ ਬੰਧਨ ਕਾਟੋ।
ਅਨਹਦ ਸ਼ਬਦ ਮਹਾ ਰਸ ਪਾਵਹੁ ਫੂਟੇਂ ਭ੍ਰਮ ਕੇ ਮਾਟੋ।
ਲਾਹਾ ਪੂੰਜੀ ਸਾਥ ਨਿਬਾਹੋ ਖਾਲੀ ਖੇਪ ਨ ਜਾਵੋ।
ਕਹਿ ਝੰਗਰ ਸੁਣ ਨਾਨਕ ਬਾਲੇ ਤਬ ਤੁਮ ਦਰਸ਼ਨ ਪਾਵੋ।

ਗੁਰੋਵਾਚ:

ਗਿਆਨ ਧਿਆਨ ਕੀ ਲਾਹਣ ਮਾਂਡੀ ਕਰਣੀ ਕੀ ਕਸ ਪਾਈ ॥
ਭਾਠੀ ਭਾਉ ਪ੍ਰੇਮ ਕਾ ਪੇਚਾ ਗਯਾਨ ਕੀ ਅਗਨਿ ਜਲਾਈ ॥
ਸਿਧੋ ਹਮ ਇਸ ਮਦ ਮਾਤੇ ਨਾਹੀ ॥
ਜਿਸ ਕੀ ਮਸਤੀ ਉੱਤਰ ਜਾਇ
ਇਹੁ ਕੂੜੀ ਮਦਰਾ ਆਹੀ ॥੧॥ ਰਹਾਉ ॥
ਸੁਰਤਿ ਨਲੀ ਭਾਉ ਬਾਸਨ ਮਾਹੇ ਅੰਮ੍ਰਿਤਧਾਰ ਚੁਆਈ ॥
ਦਇਆ ਸੁਰਾਹੀ ਪਿਆਲਾ ਗੁਰਮਤਿ ਪੀਵਹਿ ਭਾਈ ॥
ਅਠੇ ਪਹਿਰ ਸਦਾ ਮਤਵਾਲੇ ਏਕ ਰੰਗ ਮਹਿ ਖੇਲੈ ॥
ਜਹਿ ਦੇਖੈ ਤਹਿ ਏਕ ਨਿਰੰਜਨ ਅਨਹਦ ਆਨੰਦ ਝੇਲੈ ॥
ਨਿਬਹੀ ਖੇਪ ਹਮਾਰੀ ਸਿਧੋ ਰਹੇ ਸਦਾ ਲਿਵ ਲਾਗੀ ॥

ਨਾਨਕ ਦਾਸ ਤਹਾ ਮਤਵਾਲਾ ਜਹਿ ਏਕੰਕਾਰ ਬੈਰਾਗੀ ॥

(ਇਹ ਗੁਰਬਾਣੀ ਨਹੀਂ)

ਫੇਰ ਸਿੱਧ ਬੋਲੇ:

ਧਨ ਜੋਬਨ ਕੀ ਕਰੈ ਨ ਆਸਾ ॥
ਪਰ ਤ੍ਰਿਅ ਅੰਗ ਨ ਲਾਵੈ ਪਾਸਾ ॥
ਨਾਦ ਬਿੰਦੂ ਲੈ ਘਟ ਮੈ ਜਰੈ ॥
ਤਿਸਕੀ ਸੇਵਾ ਪਾਰਬਤੀ ਕਰੈ ॥
ਬੋਲੈ ਪਰਬਤ ਸਤ ਸਰੂਪ ॥
ਪਰਮ ਤੱਤ ਮੈ ਰੇਖ ਨ ਰੂਪ॥੧॥

(ਇਹ ਗੁਰਬਾਣੀ ਨਹੀਂ)

ਮਃ ੧ ॥
ਸੋ ਗਿਰਹੀ ਜੋ ਨਿਗ੍ਰਹੁ ਕਰੈ ॥
ਜਪੁ ਤਪੁ ਸੰਜਮੁ ਭੀਖਿਆ ਕਰੈ ॥
ਪੁੰਨ ਦਾਨ ਕਾ ਕਰੇ ਸਰੀਰੁ ॥
ਸੋ ਗਿਰਹੀ ਗੰਗਾ ਕਾ ਨੀਰੁ ॥
ਬੋਲੈ ਈਸਰੁ ਸਤਿ ਸਰੂਪੁ ॥
ਪਰਮ ਤੰਤ ਮਹਿ ਰੇਖ ਨ ਰੂਪੁ ॥੨॥

(ਰਾਮਕਲੀ ਵਾਰ-੧, ਮਃ ੧ - ੯੫੨)

ਕਾਮ ਕਰੋਧ ਤਿਆਗ ਲੋ ਲੋਭੰ ॥
ਮਾਨ ਮੋਹ ਤਜ ਮਮਤਾ ਛੋਭੰ ॥
ਸੁਤ ਦਾਰਾ ਧਨ ਧਾਮ ਪਰਹਰੇ ॥
ਸਾਧੇ ਜੋਗ ਕਾਜ ਤਬ ਸਰੇ ॥
ਚਰਪਟ ਬੋਲੇ ਸਤ ਸਰੂਪ ॥
ਪਰਮ ਤਤ ਮੈ ਰੇਖ ਨ ਰੂਪ ॥੩॥

(ਇਹ ਗੁਰਬਾਣੀ ਨਹੀਂ)

ਮਃ ੧ ॥
ਕਿਉ ਮਰੈ ਮੰਦਾ ਕਿਉ ਜੀਵੈ ਜੁਗਤਿ ॥
ਕੰਨ ਪੜਾਇ ਕਿਆ ਖਾਜੈ ਭੁਗਤਿ ॥
ਆਸਤਿ ਨਾਸਤਿ ਏਕੋ ਨਾਉ ॥
ਕਉਣੁ ਸੁ ਅਖਰੁ ਜਿਤੁ ਰਹੈ ਹਿਆਉ ॥
ਧੂਪ ਛਾਵ ਜੇ ਸਮ ਕਰਿ ਸਹੈ ॥
ਤਾ ਨਾਨਕੁ ਆਖੈ ਗੁਰੁ ਕੋ ਕਹੈ ॥
ਛਿਅ ਵਰਤਾਰੇ ਵਰਤਹਿ ਪੂਤ ॥
ਨਾ ਸੰਸਾਰੀ ਨਾ ਅਉਧੂਤ ॥
ਨਿਰੰਕਾਰਿ ਜੋ ਰਹੈ ਸਮਾਇ ॥
ਕਾਹੇ ਭੀਖਿਆ ਮੰਗਣਿ ਜਾਇ ॥੭॥

(ਰਾਮਕਲੀ ਵਾਰ-੧, ਮਃ ੧ - ੯੫੩)

ਕਾਮ ਨ ਤਿਆਗੇ ਕਰੋਧ ਨ ਤਿਆਗੇ ਲੋਭ ਮੋਹ ਧਨ ਧਾਮਾ ॥
ਮਾਇਆ ਮਮਤਾ ਗ੍ਰਹਿ ਨਾ ਤਿਆਗੇ ਰਹੇ ਸਦਾ ਨਿਸ ਕਾਮਾ ॥
ਗੁਰੁ ਪਰਸਾਦਿ ਭੋਗੇ ਸਭ ਭੋਗੇ ਭਾਣੇ ਮੈ ਸੁਖ ਪਾਵੈ ॥
ਕਹਿ ਨਾਨਕ ਚਰਪਟ ਸੋ ਸਾਧੂ ਗਰਭ ਜੋਨਿ ਨਹਿ ਆਵੈ ॥

ਗੋਰਖੋ ਵਾਚ:

ਕੈਂ ਉਂਗਲ ਗਗਨ ਕੈ ਤਾਰੇ।
ਕੈ ਸੇਰ ਸੁਮੇਰ ਬਨਾਸਪਤੀ ਕੈ ਭਾਰੇ।
ਕੈ ਮਾਸੇ ਧਰਤੀ ਇੰਦ੍ਰ ਬਰਸੇ ਕੈ ਧਾਰ।
ਪ੍ਰਣਵੇ ਗੋਰਖ ਕਹ ਨਾਨਕ ਤੁਮ ਆਏ ਕੈ ਬਾਰ।

ਗੁਰੋਵਾਚ:

ਚਾਰ ਉਂਗਲ ਗਗਨ ਦੋ ਅਕਾਸ ਮੈ ਤਾਰੇ।
ਦੋਇ ਭਾਰ ਬਨਾਸਪਤੀ ਇੰਦ੍ਰ ਬਰਸੇ ਨੌਂ ਧਾਰੇ।
ਸਵਾ ਸੇਰ ਸੁਮੇਰ ਇੱਕ ਰੱਤੀ ਸੰਸਾਰੇ।
ਸਾਢੇ ਤਰੈ ਮਾਸੇ ਧਰਤੀ ਹਮ ਆਏ ਇੱਕ ਬਾਰੇ।

ਖਿੰਥੜੋ ਵਾਚ:

ਗੁਰੂ ਕਵਨ ਚੇਲਾ।
ਮੂਲ ਕਵਨ ਮੇਲਾ।
ਬਸਤੁ ਕਵਨ ਲੈ ਰਹੇ ਅਕੇਲਾ।
ਕਾਯਾਂ ਕਿਸਕੀ ਪੰਡ।
ਕਿਸ ਪੁਰਖ ਕੀ ਅੰਡ।
ਗਤੀ ਕਹਾ ਕਥ ਖਾਹਿ।
ਕਿਸ ਸਬਦੇ ਨਾਨਕ ਅਮਰਪੁਰ ਜਾਹਿ।

(ਇਹ ਗੁਰਬਾਣੀ ਨਹੀਂ)

ਗੁਰੋਵਾਚ:

ਪਵਨ ਅਰੰਭੁ ਸਤਿਗੁਰ ਮਤਿ ਵੇਲਾ ॥
ਸਬਦੁ ਗੁਰੂ ਸੁਰਤਿ ਧੁਨਿ ਚੇਲਾ ॥
ਅਕਥ ਕਥਾ ਲੇ ਰਹਉ ਨਿਰਾਲਾ ॥
ਨਾਨਕ ਜੁਗਿ ਜੁਗਿ ਗੁਰ ਗੋਪਾਲਾ ॥

(ਰਾਮਕਲੀ, ਮਃ ੧ - ੯੪੩)

ਤਤ ਵਸਤ ਲੈ ਰਹੋ ਅਕੇਲਾ ॥
ਕਾਯਾ ਜਲ ਧਰਤੀ ਕੀ ਪੰਡ ॥
ਤਿਸ ਉਪਰ ਸਤਗੁਰੂ ਕੀ ਅੰਡ ॥
ਸਤ ਗਤੀ ਸਤ ਕਥ ਖਾਹਿ ॥
ਗੁਰ ਸਬਦ ਖਿੰਥੜੇ ਅਮਰ ਪਦ ਪਾਹਿ ॥

ਖਿੰਥੜੋ ਵਾਚ: ਕਉਨ ਨਗਰੀ ਕੌਣ ਸੁਲਤਾਨ।
ਕੌਣ ਲੋਕ ਵਸੈ ਪਰਧਾਨ।
ਕਉਨ ਰਾਜਾ ਕੌਣ ਮਹਿਤਾ।
ਦੇਹ ਉਤ੍ਰ ਖਿੰਥੜਾ ਕਹਿਤਾ।

ਗੁਰੋ ਵਾਚ: ਕਾਯਾ ਨਗਰੀ ਨਾਉ ਸੁਲਤਾਨ ॥
ਪੰਚ ਤਤ ਬਸਹਿ ਪਰਧਾਨ ॥
ਮਨ ਰਾਜਾ ਪਵਣ ਮਹਿਤਾ ॥
ਸੁਣ ਖਿੰਥੜੇ ਨਾਨਕ ਕਹਿਤਾ।

(ਇਹ ਗੁਰਬਾਣੀ ਨਹੀਂ)

ਇਸੇ ਪ੍ਰਕਾਰ ਹੋਰ-ਹੋਰ ਅਨੇਕ ਪ੍ਰਕਾਰ ਦੀ ਚਰਚਾ ਵਿੱਚ ਜਦ ਸਿੱਧ ਹਾਰ ਗਏ ਤਾਂ ਖਿਝ ਕਰ ਕੇ {ਸਿੱਧਾਂ ਦੇ ਤਮਾਸ਼ੇ} ਕਿਸੇ ਨੇ ਤੂੰਬਾ, ਕਿਨੇ ਫਰੂਆ, ਕਿਨੇ ਮ੍ਰਿਗਛਾਲਾ, ਮ੍ਰਿਗਾਨੀ, ਮੁੰਦ੍ਰਾ, ਕਿਨੇ ਖਿੰਥਾ ਉਡਾਈਆਂ, ਅਸਮਾਨ ਵਿੱਚ ਲੱਗੀਆਂ ਫਿਰਨ। ਗੁਰੂ ਜੀ ਚੁੱਪ ਕਰ ਕੇ ਬੈਠ ਰਹੇ। ਦੇਖ ਦੇਖ ਝੰਗਰਨਾਥ ਲਗਾ ਤਾੜੀ ਮਾਰਨ। ਤਾਂ ਭਾਈ ਮਰਦਾਨੇ ਆਖਯਾ, "ਜੀ! ਹੁਣ ਇਨ੍ਹਾਂ ਤੋਂ ਫੱਕੜੀ ਕਿਉਂ ਲਗਵਾਉਂਦੇ ਹੋ?" ਤਾਂ ਬਾਬੇ ਜੀ ਨੇ ਆਪਣੀਆਂ ਖੜਾਵਾਂ {ਗੁਰੂ ਜੀ ਦੀ ਖੜਾਂਵ} ਉਡਾਈਆਂ। ਯਥਾ:

ਚੌਪਈ: ਤਾਂ ਬਾਬੇ ਜੀ ਕਉਸ ਉਡਾਈ।
ਦੇਖ ਸਿਧ ਰਹਿਗੇ ਬਿਸਮਾਈ।
ਮ੍ਰਿਕਾਨੀ ਸਿੰਙੀ ਸਭ ਹਾਰੀ।
ਸਭ ਪਰ ਕਉਸ ਚਰੀ ਅਸਵਾਰੀ।
ਫਰੂਏ ਮੁੰਦ੍ਰਾਂ ਖਿੰਥਾ ਤੂੰਮੇ।
ਸਭ ਹੀ ਮਾਰ ਉਤਾਰੇ ਭੂਮੇ।
ਮਾਰ ਸਿੱਧ ਫਿਰ ਕੀਏ ਫਾਵੇ।
ਟਾਰੀ ਟਰੈ ਨ ਕਰ ਮੈ ਆਵੇ।
ਗੋਪੀ ਸਸਿ ਪੁਨ ਮੰਗਲਨਾਥ।
ਬਾਬੇ ਆਗੇ ਜੋੜੇ ਹਾਥ।
ਤਬ ਬਾਬੇ ਨੇ ਕਉਸ ਨਿਵਾਰੀ।
ਥਿਰੀ ਆਇ ਗੁਰੁ ਚਰਨ ਅਗਾਰੀ।
ਸਿੱਧ ਸਭੈ ਸਰਮਿੰਦੇ ਥੀਏ।
ਮੰਗਲਨਾਥ ਬਚਨ ਤਬ ਕੀਏ।
ਦੇਖੋ ਸਿੱਧੋ ਭਲੇ ਵੀਚਾਰ।
ਲਾਹਿਓ ਤੁਮਰਾ ਤਪੇ ਹੰਕਾਰ।
ਕਈ ਵਾਰ ਤੁਮਹੁੰ ਪ੍ਰਤਯਾਇਆ।
ਫਿਰ ਭੀ ਤੁਮ ਨੇ ਆਢਾ ਲਾਇਆ।

ਮੰਗਲਨਾਥ ਦੇ ਸ਼ਰਮਿੰਦੇ ਕੀਤੇ ਹੋਏ ਚੁੱਪਚਾਪ ਕਿਸੇ ਕਿਸੇ ਬਹਾਨੇ ਖਿਸਕ ਗਏ। ਪਹਿਲੇ ਏਸੇ ਥਾਂ ਦਾ ਨਾਮ ਗੋਰਖ ਮਤਾ ਸੀ ਤਦੋਂ ਦਾ ਨਾਨਕ ਮਤਾ ਹੋ ਗਿਆ। ਹੁਣ ਏਥੇ ਉਦਾਸੀ ਸਾਧੂਆਂ ਦਾ ਵੱਡਾ ਭਾਰੀ ਮਕਾਨ ਹੈ। ਏਥੇ ਹੀ ਬਾਬੇ ਜੀ ਦੇ ਨਾਮ ਦਾ ਇੱਕ ਪਿੱਪਲ ਹੈ, ਜਿਸ ਨੂੰ ਜ਼ਿਦ ਕਰ ਕੇ ਜੋਗੀਆਂ ਨੇ ਕੱਟ ਸਿੱਟਿਆ ਸੀ। ਸੋ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਓਥੇ ਪਹੁੰਚ ਕੇ ਜੋਗੀਆਂ ਤੋਂ ਓਹ ਜਗ੍ਹਾ ਛੁਡਾਈ ਤੇ ਕੱਟੇ ਹੋਏ ਪਿੱਪਲ ਦੇ ਮੁੱਢ ਉੱਤੇ ਚੰਨਣ ਦਾ ਛਿੱਟਾ ਦਿੱਤਾ ਤਾਂ ਓਹ ਹਰਾ ਹੋ ਗਿਆ। ਹੁਣ ਓਸ ਦੇ ਹਰ ਏਕ ਪੱਤੇ ਪਰ ਚੰਦਨ ਦੇ ਓਹੋ ਨਿਸ਼ਾਨ ਹੁੰਦੇ ਹਨ ਅਤੇ ਪੱਤਾ ਹਰ ਸਾਲ ਪੰਜੇ ਵਾਲਾ ਅਰਥਾਤ ਪੰਜਾਂ ਉਂਗਲਾਂ ਵਾਂਗੂੰ ਪੰਜ ਕੂੰਬਲਾ ਲੱਗਦਾ ਹੈ। ਸਾਧੂ ਸਿੱਖ ਏਸੇ ਦਾ ਪ੍ਰਸ਼ਾਦ ਲਿਆਉਂਦੇ ਹਨ। ਏਥੇ ਹੀ ਇੱਕ ਖੂਹ ਹੈ ਜਿਸ ਦਾ ਪਾਣੀ ਜਿੱਧਰ ਬਾਬਾ ਜੀ ਬੈਠੇ ਸੇ ਓਹ ਮਿੱਠਾ ਹੈ ਤੇ ਜਿੱਥੇ ਸਿੱਧ ਬੈਠੇ ਸੇ ਓਹ ਖਾਰਾ ਹੈ। ਹੁਣ ਭੀ ਏਹ ਪ੍ਰਤੱਖ ਹੈ।

ਨਾਨਕ ਮਤੇ ਤੋਂ ਬਾਬਾ ਜੀ ਅੱਗੇ ਜੰਗਲਾਂ ਪਹਾੜਾਂ ਦੀ ਸੈਰ ਅਤੇ ਲੋਕਾਂ ਦਾ ਸੁਧਾਰ ਕਰਦੇ ਹੋਏ ਜਦ ਤੀਸ ਕੋਸ ਪਰ ਇੱਕ ਰੀਠਯਾਂ ਦੇ ਜੰਗਲ ਵਿੱਚ ਪਹੁੰਚੇ ਤਾਂ ਫੇਰ ਹੋਰ ਜੋਗੀਆਂ ਦੀ ਜਮਾਤ ਆ ਮਿਲੀ। ਬਹੁਤ ਗਯਾਨ ਚਰਚਾ ਹੋਈ ਤਾਂ ਬਾਬੇ ਬਚਨ ਕੀਤਾ:

ਸੋ ਜੋਗੀ ਜੋ ਜੁਗਤਿ ਪਛਾਣੈ ॥
ਬਿਨ ਰਸਨਾ ਹਰਿ ਨਾਮ ਵਖਾਣੇ ॥
ਜੁੜਿਆ ਰਹੇ ਗੁਰ ਸਬਦੇ ਮਾਹਿ ॥

ਆਤਮ ਮੈ ਪਰਮਾਤਮ ਯਾਹਿ ॥
ਸੂਖਮ ਥੂਲ ਵਿਖੇ ਇੱਕ ਧਾਰੇ ॥
ਦੂਈ ਦਿਲ ਤੇ ਸਗਲ ਨਿਵਾਰੇ ॥
ਏਕਸ ਮੈ ਲਿਵ ਲਾਗੀ ਰਹੇ ॥
ਸੋ ਜੋਗੀ ਨਾਨਕ ਸਚ ਕਹੇ ॥

(ਇਹ ਗੁਰਬਾਣੀ ਨਹੀਂ)

ਏਹੋ ਜੇਹੇ ਸ਼ਬਦ ਸੁਣ ਕੇ ਓਹਨਾਂ ਅਜ਼ਮਾਉਣ ਵਾਸਤੇ ਆਖਿਆ, "ਸਾਨੂੰ ਭੁੱਖ ਲੱਗੀ ਹੈ ਕੁਛ ਛਕਾਓ।" ਤਾਂ ਬਾਬੇ ਜੀ ਨੇ ਭਾਈ ਬਾਲੇ ਨੂੰ ਆਪਣੇ ਹੱਥ ਦਾ ਆਸਾ ਦੇ ਕੇ ਆਖਿਆ ਏਸ ਬ੍ਰਿਛ ਦੇ ਫ਼ਲ ਝਾੜ (ਓਥੇ ਸਿਵਾਏ ਰੀਠਿਆਂ ਦੇ ਹੋਰ ਕੋਈ ਦੂਖਤ ਹੀ ਨਹੀਂ ਸੀ) ਓਸ ਨੇ ਓਸੇ ਰੀਠੇ ਦੇ ਰੁੱਖ ਦੇ ਫ਼ਲ ਝਾੜ ਕੇ ਦਿੱਤੇ। ਤਾਂ ਖਾਣ ਕਰ ਕੇ ਮਿੱਠੇ {ਰੀਠੇ ਮਿੱਠੇ ਕੀਤੇ} ਸ੍ਵਾਦ ਲੱਗੇ, ਸਭ ਨੇ ਛਕੇ। ਜੋਗੀ ਏਹ ਕਲਾ ਦੇਖ ਕੇ ਬਿਸਮੈ ਹੋ ਆਦੇਸ ਕਰ ਗਏ। ਓਥੇ ਹੁਣ ਤੱਕ ਰੀਠੇ ਮਿੱਠੇ ਲੱਗਦੇ ਹਨ। ਗੁਰੂ ਕੇ ਸਿੱਖ ਸਾਧੂ ਜੋ ਜਾਂਦੇ ਹਨ ਓਹੋ ਪ੍ਰਸ਼ਾਦ ਓਥੋਂ ਲਿਯਾਉਂਦੇ ਹਨ। ਓਸ ਦਾ ਸੁਆਦ ਸੁੱਕੇ ਹੋਏ ਬੇਰ ਜੈਸਾ ਹੈ। ਓਥੇ ਹੁਣ ਜਾਗੀਰ ਸਹਿਤ ਵੱਡਾ ਗੁਰਦੁਆਰਾ ਹੈ। ਉਦਾਸੀ ਸੰਤ ਰਹਿੰਦੇ ਹਨ। ਬਹੁਤ ਵੱਡਾ ਜੰਗਲ ਓਨ੍ਹਾਂ ਦੇ ਕਬਜ਼ੇ ਵਿੱਚ ਹੈ। ਰੀਠੇ ਤੋਂ ਚੱਲ ਕੇ ਜ਼ਿਲੇ ਪੌੜੀ ਕੋਟ ਦੁਆਰ ਗਏ ਤਾਂ ਓਥੋਂ ਦੇ ਲੋਕ ਬੈਰਾਹ ਅਵਤਾਰ ਦੇ ਉਪਾਸਕ ਬੈਰਾਹ ਦੀਆਂ ਮੂਰਤਾਂ ਪੂਜਦੇ ਤੇ ਗਲ ਵਿੱਚ ਪਾਈ ਫਿਰਦੇ ਦੇਖੇ। ਏਸ ਦੇਸ ਚਤੇ ਨਾਮ ਨਗਰ ਵਿੱਚ ਬੈਰਾਹ ਅਵਤਾਰ ਹੋਯਾ ਹੈ। ਬਾਬੇ ਜੀ ਨੇ ਓਹਨਾਂ ਨੂੰ ਓਸ ਮੂਰਖਪਣੇ ਤੋਂ ਹਟਾ ਕੇ ਈਸ਼੍ਵਰ ਦੀ ਭਗਤੀ ਕਰਨ ਲਾਯਾ। ਓਥੇ ਭੀ ਗੁਰੂ ਕੀ ਧਰਮਸ਼ਾਲਾ ਹੈ ਤੇ ਗੁਰੂ ਗ੍ਰੰਥ ਸਾਹਿਬ ਜੀ ਖੁੱਲ੍ਹਦਾ ਹੈ।

ਰਾਮਚੰਦ੍ਰ ਜੀ ਦੀ ਕਥਾ

ਭਾਈ ਮਰਦਾਨੇ ਦੀ ਇਛਯਾਨੁਸਾਰ ਬਾਬਾ ਜੀ ਗੋਮਤੀ ਗੰਡਕਾ ਨਦੀ ਪਾਰ ਹੋ ਨੀਮਖਾਰ ਤੀਰਥ ਪਰ ਭਰਥ ਦੇ ਤਲਾਉ ਪਾਸ ਜਾ ਉੱਤਰੇ। ਏਥੋਂ ਦੇ ਤੀਰਥ ਵਾਸੀ ਲੋਗਾਂ ਨੂੰ ਪ੍ਰਮੇਸ਼੍ਵਰ ਦੇ ਨਾਮ ਜਪਨ ਭਗਤੀ ਕਰਨ ਲਾਇਆ। ਏਥੇ ਹੀ ਬਯਾਸ ਗੱਦੀ ਹੈ, ਜਿੱਥੇ ਬੈਠ ਕੇ ਸੂਤ ਜੀ 'ਰੋਮ ਹਰਖਨ' ਰਿਖੀ ਦੇ ਪੁੱਤ੍ਰ ਨੇ ਬੇਅੰਤ ਸੰਤਾਂ ਨੂੰ ਪੁਰਾਣਾਂ ਦੀ ਕਥਾ ਸੁਣਾਈ ਹੈ। ਏਥੋਂ ਅੱਗੇ ਸਰਜੂ ਨਦੀ ਕਿਨਾਰੇ {ਅਯੁੱਧਿਆ ਪਹੁੰਚੇ} ਅਜੁੱਧਿਯਾ ਪੁਰੀ ਬਸਿਸ਼ਟ ਮੁਨੀ ਦੇ ਆਸ਼੍ਰਮ ਪਾਸ, ਜਿੱਥੇ ਹੁਣ ਗੁਰ ਅਸਥਾਨ ਹੈ; ਜਾ ਬਿਰਾਜੇ। ਬਾਬੇ ਦਾ ਆਗਮਨ ਸੁਣ ਕੇ ਬਹੁਤ ਲੋਕ ਦਰਸ਼ਨ ਨੂੰ ਆਏ। ਅਕਸਰ ਕਰ ਕੇ ਬੈਰਾਗੀ ਸਾਧੂ ਓਥੇ ਬਹੁਤ ਰਹਿੰਦੇ ਹਨ। ਸੋ ਬਾਬੇ ਜੀ ਨੂੰ ਆ ਮਿਲੇ। ਓਹਨਾਂ ਦਾ ਪ੍ਰੇਮ ਅਤੇ ਆਚਰਣ ਦੇਖ ਕੇ ਬਾਬੇ ਜੀ ਨੇ ਏਹ ਸ਼ਬਦ ਉਚਾਰਿਆ:

ਤਿਲੰਗ ਮਹਲਾ ੧ ਘਰੁ ੩
ੴ ਸਤਿਗੁਰ ਪ੍ਰਸਾਦਿ ॥
ਇਹੁ ਤਨੁ ਮਾਇਆ ਪਾਹਿਆ ਪਿਆਰੇ ਲੀਤੜਾ ਲਬਿ ਰੰਗਾਏ ॥
ਮੇਰੈ ਕੰਤ ਨ ਭਾਵੈ ਚੋਲੜਾ ਪਿਆਰੇ ਕਿਉ ਧਨ ਸੇਜੈ ਜਾਏ ॥੧॥
ਹੰਉ ਕੁਰਬਾਨੈ ਜਾਉ ਮਿਹਰਵਾਨਾ ਹੰਉ ਕੁਰਬਾਨੈ ਜਾਉ ॥
ਹੰਉ ਕੁਰਬਾਨੈ ਜਾਉ ਤਿਨਾ ਕੈ ਲੈਨਿ ਜੋ ਤੇਰਾ ਨਾਉ ॥
ਲੈਨਿ ਜੋ ਤੇਰਾ ਨਾਉ ਤਿਨਾ ਕੈ ਹੰਉ ਸਦ ਕੁਰਬਾਨੈ ਜਾਉ ॥੧॥ ਰਹਾਉ ॥
ਕਾਇਆ ਰੰਙਣਿ ਜੇ ਥੀਐ ਪਿਆਰੇ ਪਾਈਐ ਨਾਉ ਮਜੀਠ ॥
ਰੰਙਣ ਵਾਲਾ ਜੇ ਰੰਙੈ ਸਾਹਿਬੁ ਐਸਾ ਰੰਗੁ ਨ ਡੀਠ ॥੨॥
ਜਿਨ ਕੇ ਚੋਲੇ ਰਤੜੇ ਪਿਆਰੇ ਕੰਤੁ ਤਿਨਾ ਕੈ ਪਾਸਿ ॥
ਧੂੜਿ ਤਿਨਾ ਕੀ ਜੇ ਮਿਲੈ ਜੀ ਕਹੁ ਨਾਨਕ ਕੀ ਅਰਦਾਸਿ ॥੩॥
ਆਪੇ ਸਾਜੇ ਆਪੇ ਰੰਗੇ ਆਪੇ ਨਦਰਿ ਕਰੇਇ ॥
ਨਾਨਕ ਕਾਮਣਿ ਕੰਤੈ ਭਾਵੈ ਆਪੇ ਹੀ ਰਾਵੇਇ ॥੪॥੧॥੩॥

(ਤਿਲੰਗ, ਮਃ ੧ - ੭੨੧/੨੨)

ਸੰਤ ਖ਼ੁਸ਼ੀ ਹੋਏ। ਏਹਨਾਂ ਵਿੱਚੋਂ ਹੀ ਇੱਕ ਨਰ ਸਿੰਘ ਦਾਸ ਬਹੁਤ ਪ੍ਰੇਮੀ ਸੰਤ ਨੇ (ਜਿਸ ਨੂੰ ਸਾਖਯਾਤਕਾਰ ਦਰਸ਼ਨ ਹੋ ਕੇ ਫੇਰ ਬੰਦ ਹੋ ਗਿਆ ਸੀ) ਬਾਬੇ ਅੱਗੇ ਬੇਨਤੀ ਕੀਤੀ ਤਾਂ ਗੁਰੂ ਜੀ ਨੇ ਓਸ ਨੂੰ ਏਸ ਸ਼ਬਦ ਦਵਾਰਾ ਉਪਦੇਸ਼ ਕੀਤਾ:

ਵਡਹੰਸੁ ਮਹਲਾ ੧ ਘਰੁ ੨ ॥
ਮੋਰੀ ਰੁਣ ਝੁਣ ਲਾਇਆ ਭੈਣੇ ਸਾਵਣੁ ਆਇਆ ॥
ਤੇਰੇ ਮੁੰਧ ਕਟਾਰੇ ਜੇਵਡਾ ਤਿਨਿ ਲੋਭੀ ਲੋਭ ਲੁਭਾਇਆ ॥
ਤੇਰੇ ਦਰਸਨ ਵਿਟਹੁ ਖੰਨੀਐ ਵੰਞਾ ਤੇਰੇ ਨਾਮ ਵਿਟਹੁ ਕੁਰਬਾਣੋ ॥
ਜਾ ਤੂ ਤਾ ਮੈ ਮਾਣੁ ਕੀਆ ਹੈ ਤੁਧੁ ਬਿਨੁ ਕੇਹਾ ਮੇਰਾ ਮਾਣੋ ॥
ਚੂੜਾ ਭੰਨੁ ਪਲੰਘ ਸਿਉ ਮੁੰਧੇ ਸਣੁ ਬਾਹੀ ਸਣੁ ਬਾਹਾ ॥
ਏਤੇ ਵੇਸ ਕਰੇਦੀਏ ਮੁੰਧੇ ਸਹੁ ਰਾਤੋ ਅਵਰਾਹਾ ॥
ਨਾ ਮਨੀਆਰੁ ਨ ਚੂੜੀਆ ਨਾ ਸੇ ਵੰਗੁੜੀਆਹਾ ॥
ਜੋ ਸਹ ਕੰਠਿ ਨ ਲਗੀਆ ਜਲਨੁ ਸਿ ਬਾਹੜੀਆਹਾ ॥
ਸਭਿ ਸਹੀਆ ਸਹੁ ਰਾਵਣਿ ਗਈਆ ਹਉ ਦਾਧੀ ਕੈ ਦਰਿ ਜਾਵਾ ॥
ਅੰਮਾਲੀ ਹਉ ਖਰੀ ਸੁਚਜੀ ਤੈ ਸਹ ਏਕਿ ਨ ਭਾਵਾ ॥
ਮਾਠਿ ਗੁੰਦਾਈ ਪਟੀਆ ਭਰੀਐ ਮਾਗ ਸੰਧੂਰੇ ॥
ਅਗੈ ਗਈ ਨ ਮੰਨੀਆ ਮਰਉ ਵਿਸੂਰਿ ਵਿਸੂਰੇ ॥

ਮੈ ਰੋਵੰਦੀ ਸਭੁ ਜਗੁ ਰੁਨਾ ਰੁੰਨੜੇ ਵਣਹੁ ਪੰਖੇਰੂ ॥
ਇਕੁ ਨ ਰੁਨਾ ਮੇਰੇ ਤਨ ਕਾ ਬਿਰਹਾ ਜਿਨਿ ਹਉ ਪਿਰਹੁ ਵਿਛੋੜੀ ॥
ਸੁਪਨੈ ਆਇਆ ਭੀ ਗਇਆ ਮੈ ਜਲੁ ਭਰਿਆ ਰੋਇ ॥
ਆਇ ਨ ਸਕਾ ਤੁਝ ਕਨਿ ਪਿਆਰੇ ਭੇਜਿ ਨ ਸਕਾ ਕੋਇ ॥
ਆਉ ਸਭਾਗੀ ਨੀਦੜੀਏ ਮਤੁ ਸਹੁ ਦੇਖਾ ਸੋਇ ॥
ਤੈ ਸਾਹਿਬ ਕੀ ਬਾਤ ਜਿ ਆਖੈ ਕਹੁ ਨਾਨਕ ਕਿਆ ਦੀਜੈ ॥
ਸੀਸੁ ਵਢੇ ਕਰਿ ਬੈਸਣੁ ਦੀਜੈ ਵਿਣੁ ਸਿਰ ਸੇਵ ਕਰੀਜੈ ॥
ਕਿਉ ਨ ਮਰੀਜੈ ਜੀਅੜਾ ਨ ਦੀਜੈ ਜਾ ਸਹੁ ਭਇਆ ਵਿਡਾਣਾ ॥੧॥੩॥

(ਵਡਹੰਸੁ, ਮ: ੧ - ੫੫੭/੫੮)

ਏਹ ਸ਼ਬਦ ਸੁਣ ਕੇ ਓਸ ਦੇ ਕਪਾਟ ਖੁੱਲ੍ਹ ਗਏ ਤੇ ਪਰਮ ਪ੍ਰਸੰਨ ਹੋਇਆ। ਏਸੇ ਪ੍ਰਕਾਰ ਅਪਾਰ ਪੁਰਖਾਂ ਨੂੰ ਪਰਮੇਸ਼੍ਵਰ ਪ੍ਰਾਇਣ ਸ਼ਾਂਤ ਚਿਤ ਕੀਤਾ। ਭਾਈ ਮਰਦਾਨੇ ਓਥੋਂ ਦੀ ਕਥਾ ਪੁੱਛੀ {ਰਮਾਇਣ ਕਥਾ} ਤਾਂ ਬਾਬੇ ਜੀ ਨੇ ਆਖਿਆ, "ਤ੍ਰੇਤੇ ਜੁਗ ਵਿੱਚ ਏਥੇ ਦਸਰਥ ਰਾਜੇ ਦੇ ਵੱਡੇ ਪੁੱਤ੍ਰ ਰਾਮਚੰਦ੍ਰ ਤੇ ਛੋਟੇ ਲਛਮਨ ਨੇ ਸ਼ਸਤ੍ਰ ਵਿੱਦਿਆ ਚੰਗੀ ਸਿੱਖੀ ਸੀ ਤੇ ਬਕਸਰ ਸ਼ਹਿਰ ਪਾਸ ਬਿਸ੍ਵਾਮਿਤ੍ਰ ਰਾਜ ਰਿਖੀ ਰਿਹਾ ਕਰਦਾ ਸੀ। ਓਹ ਆਪਣੇ ਜੱਗਯ ਦੀ ਸਹਾਇਤਾ ਵਾਸਤੇ ਰਾਜੇ ਦਸਰਥ ਕੋਲੋਂ ਏਨ੍ਹਾਂ ਨੂੰ ਮੰਗ ਕੇ ਲੈ ਗਿਆ। ਏਨ੍ਹਾਂ ਰਸਤੇ ਵਿੱਚ ਤਾਰਕਾ ਅਤੇ ਓਥੇ ਜਾ ਕੇ ਹੋਰ ਬਿਘਨੀ ਰਾਖਸ਼ ਮਾਰ ਕੇ ਜੱਗਯ ਦੇ ਸੰਪੂਰਨ ਹੋਣ ਵਿੱਚ ਸਹਾਇਤਾ ਕੀਤੀ। ਓਸੇ ਥਾਓਂ ਜਨਕ ਰਾਜਾ ਦੇ ਘਰ ਸੀਤਾ ਦੇ ਸਵੰਬਰ ਵਿਖੇ ਗਏ ਤਾਂ ਸੀਤਾ ਨੇ ਸ੍ਰੀ ਰਾਮਚੰਦ੍ਰ ਦੇ ਗਲ ਵਿਖੇ ਫ਼ੁੱਲਾਂ ਦਾ ਹਾਰ ਪਾਯਾ, ਕਿਉਂਕਿ ਧਨੁਖ ਏਨ੍ਹਾਂ ਨੇ ਹੀ ਤੋੜਿਆ ਸੀ। ਜਦ ਏਹ ਸੀਤਾ ਨੂੰ ਵਿਆਹ ਕੇ ਘਰ ਆਏ ਤਾਂ ਰਾਜ ਤਿਲਕ ਦੀ ਗੱਦੀ ਵਾਸਤੇ ਰਾਜਾ ਦਸ਼ਰਥ ਨੇ ਏਨ੍ਹਾਂ ਨੂੰ ਬੁਲਾਯਾ ਤੇ ਚਾਹੁੰਦਾ ਸੀ ਕਿ ਤਿਲਕ ਦੇਵੇ ਪਰ ਰਾਮਚੰਦ੍ਰ ਦੀ ਮਤੇਈ ਮਾਂ ਕੇਕਈ ਨੇ ਆਪਣੇ ਦੋ ਵਰ ਯਾਦ ਕਰਾ ਕੇ ਰਾਜਾ ਪਾਸੋਂ ਰਾਮਚੰਦ੍ਰ ਨੂੰ ਬਾਰ੍ਹਾਂ ਬਰਸ ਦਾ ਬਨਵਾਸ (ਦੇਸ ਨਿਕਾਲਾ) ਦਿਵਾ ਦਿੱਤਾ। ਰਾਮਚੰਦ੍ਰ ਜੀ ਦੇ ਨਾਲ ਲਛਮਨ ਜੀ ਅਤੇ ਸੀਤਾ ਜੀ ਭੀ ਬਨ ਵਿਖੇ ਚਲੇ ਗਏ। ਕੇਰਲ ਦੇਸ਼ ਵਿੱਚੋਂ ਰਾਮਚੰਦ੍ਰ ਦੇ ਸ਼ਿਕਾਰ ਗਿਆਂ ਮਗਰੋਂ ਲੰਕਾ ਦਾ ਰਾਜਾ ਰਾਵਣ ਭੇਖ ਵਟਾ ਕੇ ਸੀਤਾ ਨੂੰ ਚੁਰਾ ਕੇ ਲੈ ਗਿਆ। ਏਸ ਲਈ ਰਾਮਚੰਦ੍ਰ ਨੇ ਕਿਸ਼ਕਿੰਧਾ ਦੇ ਮਹਾਰਾਜੇ ਸੁਗ੍ਰੀਵ ਤੇ ਨੀਲ ਨਲ ਆਦਿਕ ਰਾਜਜਾਂ ਦੀ ਸਹਾਇਤਾ (ਫ਼ੌਜ) ਲੈ ਕੇ ਸੀਲੋਨ ਅਰਥਾਤ ਸੰਗਲ ਦੀਪ ਦੇ ਰਾਜੇ ਰਾਵਣ ਨੂੰ ਜੰਗ ਕਰ ਕੇ ਮਾਰਿਆ ਤੇ ਓਸ ਦੇ ਛੋਟੇ ਭਾਈ ਬਭੀਖਨ ਨੂੰ ਲੰਕਾ ਦਾ ਰਾਜ ਦੇ ਕੇ ਸੀਤਾ ਨੂੰ ਲੈ ਕੇ ਆਪਣੇ ਘਰ ਅਜੁਧਯਾ ਵਿਖੇ ਆ ਗਏ। ਏਤਨੇ ਅਰਸੇ ਵਿੱਚ ਬਾਰਾਂ ਬਰਸ ਭੀ ਬੀਤ ਚੁੱਕੇ ਸੇ।

ਏਹਨਾਂ ਦਾ ਅਰਥਾਤ ਰਾਮਚੰਦ੍ਰ ਜੀ ਦਾ ਇਤਿਹਾਸ ਬਾਲਮੀਕ ਜੀ ਨੇ ਬਣਾਯਾ ਹੈ, ਜਿਸ ਦਾ ਨਾਮ ਰਾਮਾਯਣ ਧਰਿਆ ਹੈ। ਸੋ ਸੁਣ ਭਾਈ ਮਰਦਾਨਿਆਂ! ਏਹ ਕਥਾ ਇਸ ਪ੍ਰਕਾਰ ਹੋਈ ਹੈ।"

ਏਥੋਂ ਦੇ ਲੋਕਾਂ ਤੋਂ ਪਾਖਾਣ ਪੂਜਾ ਛੁਡਾ ਕੇ ਬਾਬੇ ਜੀ ਨੇ ਸਭ ਨੂੰ ਸੱਚੇ ਰਾਹ ਲਗਾਯਾ। ਏਸੇ ਪ੍ਰਕਾਰ ਹੋਰ ਅਨੇਕ ਅਸਥਾਨਾਂ ਦੇ ਪੁਰਸ਼ਾਂ ਨੂੰ ਆਪਣੀ ਸ਼ਕਤੀ ਨਾਲ ਈਸ਼੍ਵਰ ਪ੍ਰਾਇਣ ਕਰਦੇ ਹੋਏ ਗੋਰਖਪੁਰ ਜਾ ਠਹਿਰੇ। ਏਥੇ ਫੇਰ ਜੋਗੀ ਗੋਸਾਈਂ ਬੈਰਾਗੀ ਚਰਚਾ ਕਰਨ ਆ ਲੱਗੇ ਤੇ ਪੁੱਛਿਓ ਨੇ ਜੋ ਤੁਸੀਂ ਗ੍ਰਿਹਸਤੀ ਹੋ, ਕਿ ਅਵਧੂਤ ਹੋ, ਕਿ ਬੈਰਾਗੀ ਹੋ, ਯਾ ਉਦਾਸੀ ਹੋ? ਤਾਂ ਬਾਬੇ ਜੀ ਨੇ ਹਰ ਇੱਕ ਦਾ ਵੱਖੋ ਵੱਖ ਨਿਤਾਰਾ ਕਰ ਦੱਸਿਆ।

ਯਥਾ: ਸੋ ਗ੍ਰਿਹੀ ਜੋ ਗ੍ਰਿਹ ਕੋ ਸੇਵੇ।
ਧਰਮ ਕਿਰਤ ਕਰ ਖਾਵੇ ਦੇਵੇ।
ਪੁੰਨ ਦਾਨ ਤਨ ਧਨ ਲੌਂ ਕਰੇ।
ਸੋ ਗਿਰਹੀ ਸਿਵ ਪੁਰ ਚਰੇ।
ਸਰਬ ਸਮਗ੍ਰੀ ਪ੍ਰਭ ਕੀ ਜਾਨੇ।
ਨਾਨਕ ਸੋ ਗਿਰਹੀ ਪਰਵਾਨੇ।

ਪੁਨਹ:

ਸੋ ਅਵਧੂਤ ਧੂਰ ਬਨ ਰਹੇ।
ਭਲੀ ਬੁਰੀ ਸਭ ਕੀ ਸਮ ਸਹੇ।
ਭਿਖਯਾ ਭੰਜਨ ਕਰੇ ਸੰਤਾਪ।
ਹਾਟ ਪਟਣ ਮੈ ਚੀਨੇ ਆਪ।
ਰਹੇ ਅਸੰਗ ਸਦਾ ਨਿਰਬਾਣ।
ਸਰਬ ਰੂਪ ਹਰਿ ਕਰੇ ਪ੍ਰਵਾਣ।
ਅਜਪਾ ਜਪੇ ਧਯਾਨ ਲਿਵ ਲਾਵੇ।
ਸੋ ਅਉਧੂਤੀ ਸ਼ਿਵਪੁਰ ਪਾਵੇ।

ਪੁਨਹ:

ਹਲਤ ਪਲਤ ਕੇ ਸੁਖ ਨਾ ਬਾਛੇ।
ਕੇਵਲ ਨਾਮ ਵਿਖੇ ਮਨ ਰਾਚੇ।
ਮਨ ਤਨ ਅਰਪੇ ਸਤਗੁਰ ਆਗੇ।
ਜਿਤ ਗੁਰ ਲਾਯਾ ਤਿਤ ਹੀ ਲਾਗੇ।
ਚੰਦ ਸੂਰ ਕੋ ਇੱਕ ਘਰ ਆਣੇ।
ਰਹੇ ਉਦਾਸ ਬਟਾਉ ਜਾਣੇ।
ਭਵ ਮੈ ਕਮਲ ਸਮਾਨ ਰਹਾਵੈ।
ਨਾਨਕ ਸੋਈ ਉਦਾਸੀ ਭਾਵੈ।

ਪੁਨਹ:

ਸੁੰਨ ਮੰਡਲ ਮੈ ਸੁਰਤਿ ਸਮਾਵੈ।
ਬਕੈ ਨਾ ਬੋਲੈ ਹਰਿ ਗੁਣ ਗਾਵੈ।
ਸਤ ਰਸ ਝੋਲ ਮਹਾ ਰਸ ਪੀਵੈ।
ਸੁੰਨ ਮੰਡਲ ਮੈਂ ਅਸਥਿਰ ਥੀਵੈ।
ਬ੍ਰਹਮ ਅਗਨਿ ਮੈ ਜਾਰੇ ਆਪ।
ਸੋ ਬੈਰਾਗੀ ਮੇਟੈ ਤਾਪ।
ਸਦਾ ਰਹੇ ਅੰਤਰ ਮੁਖ ਧਯਾਨੀ।
ਨਾਨਕ ਸੋ ਬੈਰਾਗੀ ਗਯਾਨੀ।

ਇਸ ਪ੍ਰਕਾਰ ਦੇ ਬਚਨ ਸੁਣ ਕੇ ਸਭ ਸੰਤ ਭਗਤ ਬਾਬੇ ਦੇ ਸੇਵਕ ਬਣੇ। ਓਥੋਂ ਅੱਗੇ ਦੇਸ ਦਾ ਸੈਰ ਤੇ ਲੋਕਾਂ ਦਾ ਉਧਾਰ ਕਰਦੇ ਹੋਏ ਜਨਕਪੁਰ ਜਾ ਰਹੇ ਤੇ ਓਥੋਂ ਦੇ ਲੋਕਾਂ ਨੂੰ ਧਨੁਖ ਦੀ ਪੂਜਾ ਕਰਨੋਂ ਹਟਾ ਕੇ (ਜੋ ਰਾਮਚੰਦ੍ਰ ਜੀ ਦਾ ਤੋੜਿਆ ਹੋਯਾ ਹੁਣ ਕਈ ਟੋਟਿਆਂ ਵਿੱਚ ਪੱਥਰ ਦੀ ਕਿਸਮ ਵਰਗਾ ਪਿਆ ਹੋਇਆ ਹੈ) ਸੱਚੀ ਭਗਤੀ ਕਰਨ ਲਾਯਾ ਤੇ ਫੇਰ ਚਤਰੇ ਨਗਰ* (ਜਿੱਥੇ ਰਿਆਸਤ ਨੇਪਾਲ ਵੱਲੋਂ ਇੱਕ ਲੱਖ ਰੁਪਏ ਦੀ ਜਾਗੀਰ ਹੁਣ ਭੀ ਗੁਸਾਈਂ ਫ਼ਕੀਰਾਂ ਨੂੰ ਮਿਲਦੀ ਹੈ) ਜਾ ਠਹਿਰੇ। ਰਬਾਬ ਦੀ ਤਾਰ ਤੇ ਸ਼ਬਦ ਦਾ ਉਚਾਰਣ ਸੁਣ ਕੇ ਉਥੋਂ ਦੇ ਗੁਸਾਈਂ ਸਾਧ

*ਚਤਰੇ ਤੋਂ ਤਿੰਨ ਕੋਹ ਉਰੇ ਬਣ ਖੰਡੀ ਦੇ ਤਪ ਕਰਨ ਦੀ ਜਗ੍ਹਾ ਖਾਤਾ ਸਾਹਿਬ ਨਾਮ ਕਰ ਕੇ ਮਸ਼ਹੂਰ ਹੈ। ਇੱਥੇ ਉਦਾਸੀ ਸੰਤਾਂ ਨੂੰ ਤਿੰਨ ਪਿੰਡ ਜਾਗੀਰ ਨੇਪਾਲ ਵੱਲੋਂ ਮਿਲੇ ਹੋਏ ਹਨ। ਇੱਕ ਵਾਰੀ ਮਹੰਤੀ ਪਿੱਛੇ ਝਗੜਾ ਹੋਇਆ, ਖ਼ੂਨ ਹੋਏ। ਇਸ ਕਰ ਕੇ ਹੁਣ ਇੱਕ ਲਕੜਾ ਗੱਡ ਕੇ ਉਸ ਦਾ ਨਾਮ ਮੋਹਨ ਦਾਸ ਮਹੰਤ ਰੱਖ ਛੱਡਿਆ ਹੈ ਤੇ ਕਾਰ ਬਾਰ ਸਾਧੂ ਕਰਦੇ ਹਨ। ਚਤਰੇ ਤੋਂ ੬ ਕੋਹ ਇੱਕ ਧੂਣੀ ਭੀ ਵਣਖੰਡੀ ਦੀ ਹੈ, ਜਿਸ ਨਾਲ ਸੱਤ ਪਿੰਡ ਜਾਗੀਰ ਦੇ ਹਨ ਤੇ ਮਕਾਨ ਭੀ ਵੱਡਾ ਭਾਰੀ ਹੈ। ਉਸ ਧੂਣੀ ਨੂੰ ਅੱਠ ਪਹਿਰ ਲਕੜਾ ਲੱਗਾ ਰਹਿੰਦਾ ਹੈ। ਉਸੇ ਦੀ ਖ਼ਾਕ ਦਾ ਗੋਲਾ ਬਣਾ ਕੇ ਪੂਜਾ ਵਾਸਤੇ ਉਦਾਸੀ ਸਾਧੂ ਅਖਾੜੇ ਵਿੱਚ ਰੱਖਦੇ ਹਨ ਅਤੇ ਉਸੇ ਦੀ ਕਸਮ (ਸੁਗੰਧ) ਹੁੰਦੀ ਹੈ। ਉਥੇ ਇੱਕ ਨਾਲੇ ਨੂੰ ਫਾਹੁੜੀ ਗੰਗਾ, ਚਸ਼ਮੇ ਨੂੰ ਕਰਮੰਡਲ ਚਸ਼ਮਾ ਬੋਲਦੇ ਹਨ ਤੇ ਸਕੂੜੇ ਦੇ ਬਿਰਛਾਂ ਨੂੰ ਅੰਬ ਦਾ ਪਿਉਂਦ ਹੋਣੇ ਕਰ ਅੰਬ ਲੱਗਦੇ ਹਨ।

ਬਾਬੇ ਪਾਸ ਇਕੱਠੇ ਆ ਹੋਏ ਤੇ ਚਰਚਾ ਕਰਨ ਲੱਗੇ। ਭਲਾ (ਹੰਸਾਂ ਨਾਲ ਟਟੀਹਰੀ ਕਯੋਂ ਪਹੁੰਚੇ ਦੌੜੀ) ਓੜਕ ਹਾਰ ਕੇ ਬਾਬੇ ਦੇ ਚਰਨ ਫੜ ਲਏ। ਔਲੀਆ ਨਾਮ ਸਿੱਧ ਜੋ ਨੇਪਾਲ ਵਾਲੇ ਰਾਜੇ ਦਾ ਗੁਰੂ ਉਥੇ ਤਪ ਕਰ ਰਿਹਾ ਸੀ ਉਸ ਨੇ ਭੀ ਬਾਬੇ ਨਾਲ ਆ ਕੇ ਉੱਤਰ ਪ੍ਰਸ਼ਨ ਕੀਤੇ, ਪਰ ਜਦ ਸਭਨਾਂ ਗੱਲਾਂ ਦਾ ਪੂਰਾ ਜਵਾਬ ਮਿਲਦਾ ਰਿਹਾ ਤਾਂ ਬਹੁਤ ਪ੍ਰਸ਼ਨ ਹੋਯਾ ਤੇ ਬਾਬੇ ਦੀ ਵੱਡੀ ਤਾਰੀਫ਼ ਕੀਤੀ। ਬਾਬਾ ਜੀ ਇੱਥੋਂ ਚੱਲ ਕੋਸੀ ਗੰਗਾ ਦੇ ਕਿਨਾਰੇ ਕਿਨਾਰੇ ਬਰਾਹਿ ਛੇਤ੍ਰ ਪਰ, ਜਿੱਥੇ ਬਰਾਹ ਅਵਤਾਰ ਹੋਯਾ ਹੈ; ਜਾ ਠਹਿਰੇ। ਇਸ ਦੇ ਕਿਨਾਰੇ ਕਿਨਾਰੇ ਬੇਰੀ ਵਰਗੇ ਦਰੱਖਤ ਬਹੁਤ ਹਨ ਜਿਨ੍ਹਾਂ ਦੇ ਫ਼ਲ ਦੀ ਗੁਠਲੀ (ਰੁਦ੍ਰਾਖ ਦੇ ਮਣਕੇ) ਸੰਨਯਾਸੀ ਬਹੁਤ ਰੱਖਦੇ ਹਨ।

ਇਸ ਜਗ੍ਹਾ ਪਰ ਬਰਾਹ ਦੀ ਮੂਰਤਿ ਛੋਟੀ ਛੋਟੀ ਹੈ। ਸੋ ਉਸ ਦੇਸ ਦੇ ਲੋਗਾਂ ਨੂੰ ਉਸ ਦੀ ਪੂਜਾ ਤੋਂ ਹਟਾ ਕੇ ਈਸ਼੍ਵਰ ਦੀ ਭਗਤੀ ਕਰਨ ਲਾਯਾ। ਉਥੋਂ ਅੱਗੇ ਧੋਮਰੀ ਦਾ ਕਿਲ੍ਹਾ ਤੇ ਸ਼ਿਵਪੁਰ ਨੂੰ ਦੇਖ ਕੇ ਬ੍ਰਹਮ ਕੁੰਡ ਤੀਰਥ ਦੇ ਮੇਲੇ ਪਰ ਜਾ ਫਿਰੇ। ਉਥੋਂ ਦੇ ਲੋਗਾਂ ਜੱਖਾਂ ਦੀ ਉਪਾਸਨਾ ਪੂਜਾ ਕਰਦੇ ਸੇ। ਗੁਰੂ ਜੀ ਨੇ ਸਭਨਾਂ ਨੂੰ ਪਰਮੇਸ਼੍ਵਰ ਪ੍ਰਾਇਣ ਕੀਤਾ। ਸੋ ਹੁਣ ਤੱਕ ਨਾਨਕ ਰਿਖੀ ਨੂੰ ਮੰਨਦੇ ਹਨ। ਏਦੂੰ ਅੱਗੇ ਲਖਮਪੁਰ ਨੂੰ ਦੇਖ ਪਲਟੀ ਝੀਲ ਦੇ ਕਿਨਾਰੇ ਕਿਨਾਰੇ ਹਵੇਲ ਖਾਂਚੀ ਦੇ ਪਰਬਤਾਂ ਨੂੰ ਲੰਘਦੇ ਹੋਏ ਕ੍ਰਿਸ਼ਨਤਾਲ, ਧੌਲਗੜ੍ਹ ਹੁੰਦੇ ਹੋਏ ਫੱਗਣ ਦੇ ਮਹੀਨੇ ਸੰਮਤ ੧੫੭੨ ਬਿਕ੍ਰਮੀ ਵਿੱਚ ਸ਼ਹਿਰ ਖਟਮੰਡੂ ਨੇਪਾਲ[‡] ਦੀ ਰਾਜਧਾਨੀ ਵਿੱਚ ਜਾ ਫਿਰੇ ਤੇ ਪਸ਼ੂਪਤੀ ਮਹਾਂਦੇਵ ਦੇ ਮੰਦਰ ਪਾਸ ਬਾਘਮਤੀ ਗੰਗਾ ਕਿਨਾਰੇ ਜਾ ਉੱਤਰੇ। ਬਾਬੇ ਦਾ ਸ਼ਬਦ ਸੁਣ ਕੇ ਬਹੁਤ ਲੋਕ ਗੁਸਾਈਂ ਜੋਗੀ ਸਾਧੂ ਚਰਚਾ ਕਰਨ ਆ ਲੱਗੇ ਅਤੇ ਅਨੇਕ ਸ਼ਬਦ ਈਸ਼੍ਵਰੀ ਅਨੁਭਵ ਦੇ ਸੁਣ ਕੇ ਸਭ ਸੰਤ ਪ੍ਰਸੰਨਜ ਹੋਏ। ਗੁਰੂ ਜੀ ਨੇ ਆਤਮਕ ਸ਼ਕਤੀ ਨਾਲ ਪਾਖਾਣ ਪੂਜਾ ਛੁਡਾ ਕੇ ਨਾਮ ਜਪਣ ਲਾਏ। ਉਥੋਂ ਦਾ ਰਾਜਾ ਸਾਸੋਦੀਆ ਰਾਜਪੂਤ ਮਹਾ ਰਣਬੀਰ ਸਿੰਘ ਭੀ ਬਾਬੇ ਦਾ ਸੰਗਤੀ ਬਣ ਗਿਆ। ਪੋਥੀ ਵਿੱਚ ਲਿਖਿਆ ਹੈ ਕਿ ਓਸ ਰਾਜੇ ਦੇ ਸੰਤਾਨ ਨਹੀਂ ਸੀ। ਬਾਬੇ ਜੀ ਨੇ ਦੋ ਫ਼ਲ ਦਿੱਤੇ ਸੇ ਜਿਸ ਕਰ ਕੇ ਦੋ ਬੇਟੇ ਪੈਦਾ ਹੋਏ। ਏਸੇ ਲਈ ਅੱਜ ਤੱਕ ਗੁਰੂ ਘਰ ਦੇ ਸਿੱਖਾਂ ਸੰਤਾਂ ਨੂੰ ਨੇਪਾਲ ਵਿੱਚ ਮੰਨਯਾਂ ਜਾਂਦਾ ਹੈ। ਦੋ ਧਰਮਸ਼ਾਲਾਂ ਹਨ। ਇੱਕ ਵਿੱਚ ਉਦਾਸੀ ਤੇ ਇੱਕ ਵਿੱਚ ਨਿਰਮਲੇ ਸੰਤ ਗ੍ਰੰਥ ਸਾਹਿਬਾਂ ਦੇ ਪਾਠ ਕਰਦੇ ਰਹਿੰਦੇ ਹਨ। ਲੰਗਰ ਦੋਹਾਂ ਵਿੱਚ ਹੁੰਦਾ ਹੈ। ਪੰਡਿਤ ਨਰੈਣ ਸਿੰਘ ਨਿਰਮਲੇ ਸੰਤ ਨੇ ਬ੍ਰਹਮ ਵਿੱਦਯਾ ਦੇ ਬਲ ਨਾਲ ਰਾਜੇ ਸਮੇਤ ਸਭ ਲੋਕ ਸਤਸੰਗੀ ਕਰ ਰੱਖੇ ਹਨ।

ਏਥੋਂ ਅੱਗੇ ਨੈਪਾਲੀ ਮੁਲਕ ਦਾ ਸੈਲ ਕਰਦੇ ਹੋਏ ਦਰਿਆਇ ਟੇਲੀਆ ਉੱਤਰ ਕੇ ਲਲਤਾ ਪੱਟੀ ਦਾ ਦੇਸ ਜੋ ਖਰਾ ਸੁੰਦਰ ਮੈਦਾਨ ਹੈ ਜਾ ਦੇਖਿਆ। ਏਸ ਦੇਸ ਵਿੱਚ ਸੁਨੈਹਰੀ ਰੰਗ ਪੱਥਰ ਦਾ ਪਹਾੜ ਹੈ ਜੋ ਜਨਮ ਸਾਖੀ ਵਿੱਚ ਲਿਖਯਾ ਹੈ। ਮਰਦਾਨੇ ਨੇ ਆਖਯਾ, "ਅਸੀਂ ਤਾਂ ਸੋਇਨੇ ਨੂੰ ਲਤਾੜ ਰਹੇ ਹਾਂ।" ਓਸ ਰੰਗ ਦਾ ਪੱਥਰ ਕਿਸੇ ਕਿਸੇ ਥਾਂ ਅੰਮ੍ਰਿਤਸਰ ਦਰਬਾਰ ਸਾਹਿਬ ਜਿਹੀਆਂ ਇਮਾਰਤਾਂ ਵਿੱਚ ਲੱਗਾ ਹੋਯਾ ਹੈ। ਓਸ ਪਹਾੜੀ ਉੱਤੇ ਫ਼ਲ ਬਹੁਤ ਮਿੱਠੇ ਰਸ ਭਰੇ ਹੁੰਦੇ ਹਨ, ਜਿਨ੍ਹਾਂ ਦੇ ਦਬਾਏ ਤੋਂ ਰਸ ਨਿੱਕਲ ਪੈਂਦਾ ਹੈ। ਓਨ੍ਹਾਂ ਦਾ ਨਾਮ ਅੰਮ੍ਰਿਤ ਫ਼ਲ ਲਿਖਯਾ ਹੈ। ਭਾਈ ਮਰਦਾਨੇ ਨੇ ਜ਼ਰਾ ਕੁ ਪੀਤਾ ਤਾਂ ਮਸਤ ਹੋ ਗਿਆ। ਜਦ ਮਹਾਰਾਜ ਨੇ ਹੋਰ ਬੂਟੀ ਸੁੰਘਾਈ ਤਾਂ ਹੋਸ਼ ਆਈ। ਬਾਬੇ ਜੀ ਨੇ ਆਖਿਆ, "ਜੇਹੜੇ ਭਗਤ ਸੰਤ ਸੰਸਾਰ ਨੂੰ ਤਿਆਗ ਕੇ ਪਰਮੇਸ਼੍ਵਰ ਦੇ ਧਿਆਨ ਵਿੱਚ ਮਨ ਨੂੰ ਜੋੜਨ ਲਈ ਤੱਤਪਰ ਹੁੰਦੇ ਹਨ, ਓਨ੍ਹਾਂ ਨੂੰ ਏਹ ਅੰਮ੍ਰਿਤ ਰਸ ਪਾਨ ਕਰਨ ਦਾ ਸਮਾਂ ਮਿਲਦਾ ਹੈ ਤੇ ਓਹੋ ਏਸ ਆਨੰਦ ਨੂੰ ਲੈ ਸਕਦੇ ਹਨ। ਓਨ੍ਹਾਂ ਨੂੰ ਫੇਰ ਭੁੱਖ, ਤ੍ਰਿਖਾ, ਆਲਸ ਨਹੀਂ ਬਯਾਪਦਾ।" ਮਰਦਾਨੇ ਨੇ ਓਨ੍ਹਾਂ ਦੇ ਦਰਸ਼ਨ ਕਰਨੇ ਚਾਹੇ ਤਾਂ ਬਾਬੇ ਜੀ ਨੇ ਇੱਕ ਕੰਦਰਾ ਵਿੱਚ ਬ੍ਰਹਮ ਵਿੱਦਯਾ ਵਿਚਾਰ ਕਰਦੇ ਹੋਏ ਜਾ ਦਿਖਾਏ। ਓਹ ਸੰਤ ਭੀ ਬਾਬੇ

[‡]ਨੈਪਾਲ ਦੀ ਆਰਤੀ ਅਤੇ ਘੰਟੇ ਬਹੁਤ ਮਸ਼ਹੂਰ ਹਨ ਰੁਦ੍ਰਾਛ ਦੇ ਝਾੜ ਭੀ ਇਸੇ ਮੁਲਕ ਵਿੱਚ ਹੁੰਦੇ ਹਨ। ਕੇਦਾਰ ਕੰਗਨ ਭੀ ਜੇਹੜਾ ਤਿੰਨਾਂ ਸਿਰਾਂ ਵਾਲਾ ਹੁੰਦਾ ਹੈ ਉਹ ਇਥੋਂ ਹੀ ਆਉਂਦਾ ਹੈ।

ਜੀ ਦੇ ਬਚਨ ਸੁਣ ਕੇ ਅਤਿ ਪ੍ਰਸੰਨ ਹੋਏ। ਭਾਈ ਮਰਦਾਨਾ ਤਾਂ ਓਥੇ ਹੀ ਰਹਿਣਾ ਚਾਹੁੰਦਾ ਸੀ ਪਰ ਬਾਬਾ ਜੀ ਕਿਕੂੰ ਠਹਿਰਦੇ। ਏਨ੍ਹਾਂ ਤਾਂ ਬੇਅੰਤ ਲੋਕਾਂ ਦੇ ਉਧਾਰ ਕਰਨੇ ਸੇ। ਓਥੋਂ ਅੱਗੇ ਸਿੱਕਮ ਦੇਸ਼ ਤਾਮਲੰਗ ਸ਼ਹਿਰ, ਜੋ ਓਥੋਂ ਦੀ ਰਾਜਧਾਨੀ ਹੈ; ਓਸ ਦੇ ਉੱਤਰ ਵੰਨੀ ਇੱਕ ਪਹਾੜੀ ਪਰ ਜਾ ਬੈਠੇ।

ਜਦ ਮਰਦਾਨੇ ਨੇ ਰਬਾਬ ਵਜਾਯਾ ਤੇ ਸ਼ਬਦ ਗਾਇਆ ਤਾਂ ਕਈ ਆਦਮੀਆਂ ਦੀ ਭੀੜ ਇਕੱਠੀ ਹੋ ਗਈ। ਪਸ਼ੂ ਪੰਛੀ ਭੀ ਮੋਹਿਤ ਹੋ ਗਏ। ਗੁਰੂ ਜੀ ਦੇ ਸ਼ਬਦ ਦੀ ਸ਼ਕਤੀ ਨੂੰ ਦੇਖ ਕੇ ਓਥੋਂ ਦਾ ਰਾਜਾ ਭੀ ਸੇਵਕ ਬਣ ਗਿਆ ਤੇ ਆਪਣੇ ਦੇਸ ਦੀ ਜ਼ਬਾਨ ਤੇ ਅੱਖਰਾਂ ਵਿੱਚ ਬਾਬੇ ਦੀ ਬਾਣੀ ਲਿਖ ਲਈ, ਜੋ ਹੁਣ ਤਾਈਂ ਪੜ੍ਹਦੇ ਹੋਏ ਓਹ ਲੋਗ ਨਾਨਕ ਰਿਖੀ ਨੂੰ ਮੰਨਦੇ ਹਨ। ਓਥੋਂ ਦੇ ਰਹਿਣ ਵਾਲੇ ਵਪਾਰੀ ਸੰਮਤ ੧੯੪੩ ਬਿਕ੍ਰਮੀ ਨੂੰ ਸ੍ਰੀ ਅੰਮ੍ਰਿਤਸਰ ਜੀ ਵਿਖੇ ਆਏ ਸੇ ਤਾਂ ਓਹਨਾਂ ਨੇ ਏਹ ਪ੍ਰਸੰਗ ਸੁਣਾਯਾ ਸੀ। ਏਥੋਂ ਦਾਰਜੀਲੰਗ, ਚੰਗਾ ਨਾਮ ਬਸਤੀਆਂ ਨੂੰ ਦੇਖ ਕੰਚਨ ਪਰਬਤ ਨੂੰ ਲੰਘ ਅਨੇਕ ਬਸਤੀਆਂ ਪਹਾੜਾਂ ਦਾ ਝਾਕਾ ਲੈ, ਭੋਟਾਨ ਦੇਸ ਵਿੱਚ ਪ੍ਰਵੇਸ਼ ਕੀਤਾ। ਸ਼ਹਿਰ ਅਮਲੰਗ ਤੇ ਤਾਸ ਗਾਂਉਂ ਜੋ ਗਾਰੂ ਕੁੰਭੇ ਦੇਸ ਵਿੱਚ ਉੱਘੇ ਹਨ, ਓਥੋਂ ਦੇ ਬਾਸ਼ਿੰਦਿਆਂ ਨੂੰ ਮੜ੍ਹੀਆਂ ਸੇਉਣੋਂ ਤੇ ਮੁਰਦਿਆਂ ਦੇ ਨਾਮ ਪੂਜਣੋਂ ਹਟਾ ਕੇ ਪਰਮੇਸ਼੍ਵਰ ਦਾ ਭਜਨ ਕਰਨ ਲਾਯਾ। (ਓਹ ਲੋਗ ਗੁਰ ਪ੍ਰਣਾਲੀ ਵਾਂਗੂੰ ਸਵੇਰੇ ਉੱਠ ਕੇ ਆਪਣੇ ਵੱਡਿਆਂ ਦੇ ਨਾਮ ਗਿਣਦੇ ਰਹਿੰਦੇ ਸੇ) ਏਥੋਂ ਚੱਲ ਤਾਸੀ ਸੂਡਨ ਨਾਮ ਸ਼ਹਿਰ ਵਿੱਚ, ਜੋ ਏਥੋਂ ਦੀ ਰਾਜਧਾਨੀ ਸੀ; ਜਾ ਉੱਤਰੇ। (ਹਰਵਰਖ ਖੰਡ ਭੀ ਏਸੇ ਦੇਸ ਦਾ ਨਾਮ ਹੈ) ਏਥੋਂ ਦਾ ਰਾਜਾ ਭੀ ਬਾਬੇ ਜੀ ਦੀ ਮਹਿਮਾ ਸ਼ਕਤੀ ਸੁਣ ਕੇ ਦਰਸ਼ਨ ਕਰਨ ਆਯਾ ਤਾਂ ਬਾਬੇ ਜੀ ਨੇ ਏਹ ਸ਼ਬਦ ਉਚਾਰਿਆ:

ਸਿਰੀਰਾਗੁ ਮਹਲਾ ੧ ਘਰੁ ੨ ॥
ਧਨੁ ਜੋਬਨੁ ਅਰੁ ਫੁਲੜਾ ਨਾਠੀਅੜੇ ਦਿਨ ਚਾਰਿ ॥
ਪਬਣਿ ਕੇਰੇ ਪਤ ਜਿਉ ਢਲਿ ਢੁਲਿ ਜੁੰਮਣਹਾਰ ॥੧॥
ਰੰਗੁ ਮਾਣਿ ਲੈ ਪਿਆਰਿਆ ਜਾ ਜੋਬਨੁ ਨਉ ਹੁਲਾ ॥
ਦਿਨ ਥੋੜੜੇ ਥਕੇ ਭਇਆ ਪੁਰਾਣਾ ਚੋਲਾ ॥੧॥ ਰਹਾਉ ॥
ਸਜਣ ਮੇਰੇ ਰੰਗੁਲੇ ਜਾਇ ਸੁਤੇ ਜੀਰਾਣਿ ॥
ਹੰ ਭੀ ਵੰਞਾ ਡੁਮਣੀ ਰੋਵਾ ਝੀਣੀ ਬਾਣਿ ॥੨॥
ਕੀ ਨ ਸੁਣੇਹੀ ਗੋਰੀਏ ਆਪਣ ਕੰਨੀ ਸੋਇ ॥
ਲਗੀ ਆਵਹਿ ਸਾਹੁਰੈ ਨਿਤ ਨ ਪੇਈਆ ਹੋਇ ॥੩॥
ਨਾਨਕ ਸੁਤੀ ਪੇਈਐ ਜਾਣੁ ਵਿਰਤੀ ਸੰਨਿ ॥
ਗੁਣਾ ਗਵਾਈ ਗੰਠੜੀ ਅਵਗਣ ਚਲੀ ਬੰਨਿ ॥੪॥੨੪॥

(ਸਿਰੀਰਾਗੁ, ਮਃ ੧ - ੨੩)

ਏਹ ਸਾਰਾ ਸ਼ਬਦ ਸੁਣ ਕੇ ਰਾਜੇ ਦਾ ਮਨ ਗਦਗਦ ਹੋ ਗਿਆ ਤੇ ਵਾਹਿਗੁਰੂ ਵਾਹਿਗੁਰੂ ਜਪਣ ਲੱਗਾ। ਸਭ ਕੁਛ ਛੱਡ ਕੇ ਅਕਾਲ ਪੁਰਖ ਦੀ ਅਰਾਧਨਾ ਵਿੱਚ ਤਤਪਰ ਹੋਯਾ ਅਤੇ ਰਾਜੇ ਦੇ ਪ੍ਰਤਾਪ ਨਾਲ ਪ੍ਰਜਾ ਭੀ ਸੁਧਰ ਗਈ। ਏਸ ਦੇਸ਼ ਵਿੱਚ ਔਂਲੰਗ ਥੌਂਲੰਗ ਦੋ ਮਹਾਰਾਜੇ ਰਾਮਕ੍ਰਿਸ਼ਨ ਵਾਂਗੂੰ ਅਵਤਾਰ ਸਦਾਏ ਹਨ। ਸਭ ਲੋਗ ਓਨ੍ਹਾਂ ਦੇ ਹੀ ਮੰਦਰ ਮੂਰਤਾਂ ਪੂਜਦੇ ਹਨ। ਗੁਰੂ ਜੀ ਨੇ ਆਪਣੀ ਸ਼ਕਤੀ ਨਾਲ ਸਭ ਨੂੰ ਈਸ਼੍ਵਰ ਦੀ ਭਗਤੀ ਕਰਨ ਲਾਯਾ। ਭਾਵੇਂ ਭੋਟੀ ਲੋਗਾਂ ਦਾ ਮਤ ਬੌਧ ਹੈ ਪਰ ਰੱਬ ਨੂੰ ਮੂਰਤੀ ਵਾਨ ਪੰਜਵੇਂ ਅਕਾਸ਼ ਵਿੱਚ ਨਿਵਾਸ ਵਾਲਾ ਮੰਨਦੇ ਹਨ ਤੇ ਮਾਸ ਕਿਸੇ ਜਾਨਦਾਰ ਦਾ ਨਹੀਂ ਛੱਡਦੇ। ਸੁੱਚ ਜੂਠ ਦਾ ਨਾਮ ਨਹੀਂ ਜਾਣਦੇ। ਉਨ੍ਹਾਂ ਦੇ ਅਚਾਰਯ ਭੀ ਲਾਂਬੇ ਗੁਰੂ ਹਨ, ਜੋ ਬਾਬੇ ਦੇ ਦਰਸ਼ਨ ਕਰ ਸ਼ਬਦ ਸੁਣ ਬਹੁਤ ਪ੍ਰਸੰਨਯ ਹੋਏ ਤੇ ਭਗਤੀ ਗਿਆਨ ਦਾ ਰਾਹ ਪੁੱਛਿਆ ਤੇ ਬਾਬੇ ਦੇ ਦੱਸਣ ਪਰ ਸ਼ਬਦ ਲਿਖ ਲਏ। ਓਸੇ ਦੇਸ ਅਸਕਰੋਦੇ

ਸ਼ਹਿਰ ਇੱਕ ਧਰਮਸਾਲਾ ਤੇ ਮੂਰਤਿ ਬਾਬੇ ਨਾਨਕ ਤਪੇ ਦੀ ਹੈ, ਜਿਸ ਅੱਗੇ ਓਥੋਂ ਦਾ ਰਾਜਾ ਹੱਥ ਜੋੜ ਕੇ ਬੈਠਾ ਹੋਇਆ ਹੈ।

ਏਥੋਂ ਚੱਲ ਸਾਂਪੂ ਨਦੀ ਦੇ ਕਿਨਾਰੇ ਕਿਨਾਰੇ ਮੁਲਕ ਦਾ ਸੈਲ ਕਰਦੇ ਹੋਏ ਚੰਬਜਾਲ ਤੇ ਦੋਮੁਖੀਏ ਪਰਬਤ ਦੇ ਵਿੱਚ ਦੀ ਚੀਨ[*] ਦੇ ਮੁਲਕ ਵਿੱਚ ਜਾ ਨਿੱਕਲੇ।

ਜਨਮ ਸਾਖੀ ਵਿੱਚ ਜੋ {ਅਲਲਾਚੀਨ} ਅਲਲਾਚੀਨਾਂ ਦਾ ਮੇਲਾ ਲਿਖਯਾ ਹੈ ਸੋ ਚੀਨ ਦੇ ਪਰਬਤਾਂ ਵਿੱਚ ਅਲਲਾਚੀਨ ਕੋਈ ਕੌਮ ਜਾਨਵਰਾਂ ਵਰਗੀ (ਕਰਤੂਤ ਪਸੂ ਕੀ ਮਾਨਸ ਜਾਤਿ) ਹੋਵੇਗੀ। ਓਨ੍ਹਾਂ ਨੇ ਏਨ੍ਹਾਂ ਨੂੰ ਅਲੌਕਿਕ ਪੁਰਖ ਸਮਝ ਕੇ ਘੇਰ ਲੀਤਾ ਹੋਵੇਗਾ। ਓਥੇ ਬਾਬੇ ਜੀ ਨੇ ਆਪਣੀ ਸਰਬਗਜਾਤਾ ਨਾਲ ਓਨ੍ਹਾਂ ਦੀ ਬੋਲੀ ਵਿੱਚ ਓਨ੍ਹਾਂ ਨੂੰ ਸਮਝਾ ਕੇ ਪਰਮੇਸ਼ਰ ਦਾ ਨਾਮ ਸਿਮਰਣ ਲਾ ਦਿੱਤਾ।

ਓਥੋਂ ਅੱਗੇ ਸਿੰਘਾਪੁਰ ਵਿੱਚ (ਜਿੱਥੇ ਹੁਣ ਬਹੁਤ ਸਿੱਖ ਅਤੇ ਗੁਰਦੁਆਰਾ ਬਾਬੇ ਦਾ ਹੈ) ਜਾ ਰਹੇ ਤੇ ਓਥੋਂ ਦੇ ਲੋਕਾਂ ਨੂੰ ਮੁਰਦੇ ਪੂਜਣੋਂ ਹਟਾ ਕੇ ਪਰਮੇਸੁਰ ਦੀ ਭਗਤੀ ਕਰਨ ਲਾਇਆ ਤੇ ਓਥੋਂ ਤਿੱਬਤ ਵੰਨੀ ਤੁਰ ਪਏ। ਮਹਾਂ ਦਰਿਆ ਜੋ ਤਿੱਬਤ ਵਿੱਚੋਂ ਭੋਟਾਨ ਨੂੰ ਜਾਂਦਾ ਹੈ (ਤੇ ਅੱਗੇ ਕੰਚਨ ਜੰਗਾ ਪਰਬਤ ਨਾਲ ਟੱਕਰ ਕੇ ਦੋ ਧਾਰਾਂ ਹੋ ਜਾਂਦੀਆਂ ਹਨ ਜਿਨ੍ਹਾਂ ਵਿੱਚੋਂ ਇੱਕ ਦਾ ਨਾਮ ਬ੍ਰਹਮਪੁੱਤ੍ਰ ਹੈ ਜੋ ਅਸਾਮ ਨੂੰ ਗਿਆ ਹੈ ਤੇ ਦੂਜਾ ਕੋਸੀ ਨਾਮ ਹਿੰਦੁਸਤਾਨ ਨੂੰ ਆਯਾ ਹੈ) ਓਸ ਤੋਂ ਪਾਰ ਹੋ ਲਾਂਬਯਾਂ[+] ਦੇ ਦੇਸ਼ ਵਿੱਚ ਪਹੁੰਚ ਪਏ। ਏਹ ਮੁਲਕ ਚੀਨ, ਤਿਬਤ, ਕੈਲਾਸ਼ ਹਿਮਾਲਯ ਦੇ

---

[*]ਚੀਨ ਦੇ ਦੇਸ ਵਿੱਚ ਮਾਤਾ ਪਿਤਾ ਨੂੰ ਪਰਮੇਸ਼ਰ ਕਰ ਕੇ ਮੰਨਦੇ ਹਨ। ਮੁਰਦਿਆਂ ਨੂੰ ਭੀ ਸੰਦੂਕ ਵਿੱਚ ਬੰਦ ਕਰ ਕੇ ਘਰ ਵਿੱਚ ਪੰਜ ਬਰਸ ਤੱਕ ਰੱਖ ਕੇ ਹਮੇਸ਼ਾ ਰਾਤ ਨੂੰ ਪੂਜਾ ਕਰ ਕੇ ਓਨ੍ਹਾਂ ਦੇ ਪਾਸ ਗਾਜੇ ਬਾਜੇ ਨਾਲ ਭਜਨ ਕਰਦੇ ਰਹਿੰਦੇ ਹਨ। ਕਦੇ ਭੀ ਕਿਸੇ ਦੇ ਮਰੇ ਤੋਂ ਰੋਂਦੇ ਨਹੀਂ। ਗੋਰੇ ਰੰਗ ਮੋਟੇ ਨੇਤ੍ਰ ਖੋਦੀ ਦਾਹੜੀ, ਸਿਰ ਪਰ ਗੁੱਤਾਂ, ਸਭ ਜਾਨਦਾਰਾਂ ਦਾ ਮਾਸ ਖਾ ਲੈਣਾ ਕੰਮ ਸਭ ਤਰ੍ਹਾਂ ਦਾ ਸਭ ਨੇ ਕਰ ਲੈਣਾ, ਇਹੋ ਰਿਵਾਜ ਤੇ ਬੋਧ ਮਜ਼ਹਬ ਓਨ੍ਹਾਂ ਦਾ ਹੈ।

[+]ਲਾਂਬਾ ਗੁਰੂ ਭਾਵੇਂ ਓਹ ਬਾਵਨ ਅਵਤਾਰ ਦੇ ਬਿਸਤਾਰ ਕੇ ਹੋਣੇ ਕਰ ਓਸੇ ਨੂੰ ਮੰਨਦੇ ਹਨ। ਜਦਪਿ ਹੁਣ ਬਹੁਤ ਕਰ ਕੇ ਬੋਧ ਮਜ਼ਹਬ ਦੇ ਨਾਲ ਓਨ੍ਹਾਂ ਦਾ ਮਤ ਮਿਲਦਾ ਜੁਲਦਾ ਹੈ ਅਤੇ ਭਜਨ ਭੀ ਓਨ੍ਹਾਂ ਦਾ (ਨਾਮਾ ਪਦਮਾ ਹੋਮ ਨਾਮਾ ਪਦਮਾ ਹੋਮ ਅਰਥਾਤ ਜੋ ਕੁਛ ਹੈ ਸੋ ਤੂੰ ਹੀ ਹੈਂ) ਏਹੋ ਹੈ, ਪਰ ਇੱਕ ਕੌਮ ਏਨ੍ਹਾਂ ਵਿੱਚੋਂ ਅਜਿਹੀ ਹੈ ਜੋ ਗਊ ਦਾ ਦੁੱਧ ਘੀ ਭੀ ਨਹੀਂ ਖਾਂਦੀ। ਓਹ ਆਖਦੇ ਹਨ ਜਿਸ ਦੀ ਸੌਂਹ ਖਾਈਏ ਉਸ ਦੀ ਅੰਸ ਖਾਣੀ ਮਹਾਂ ਪਾਪ ਹੈ। ਓਹ ਲੋਕ ਬੱਕਰੀ, ਦੁੰਬੀ ਦਾ ਦੁੱਧ ਘੀ ਖਾਂਦੇ ਹਨ। ਲਦਾਖ, ਲਾਸਾ, ਭੋਟ, ਪੰਗੂ ਏਹ ਸਭ ਤਿੱਬਤ ਦੇ ਵਿਚਲੇ ਦੇਸਾਂ ਦੇ ਨਾਮ ਹਨ। ਲਾਂਬੇ ਗੁਰੂ ਗੱਦੀ ਵਾਲੇ ਅਚਾਰਯਾਂ ਨੂੰ ਤੇ ਸਾਧਾਂ ਨੂੰ ਫੁੰਗੀ ਬਿਰਕਤ, ਆਖਦੇ ਹਨ। ਏਨ੍ਹਾਂ ਦੇਸ਼ਾਂ ਵਿੱਚ ਰਾਜੇ ਦੇ ਹੁਕਮ ਨਾਲੋਂ ਲਾਂਬੇ ਗੁਰੂ ਦਾ ਹੁਕਮ ਬਹੁਤ ਮੰਨਯਾ ਜਾਂਦਾ ਹੈ। ਓਹ ਹਮੇਸ਼ਾ ਜਪ, ਤਪ, ਬ੍ਰਤ, ਨੇਮ, ਸੰਜਮ, ਜੋਗ, ਅਭਯਾਸ ਵਿੱਚ ਤਤਪਰ ਰਹਿੰਦੇ ਹਨ। ਤਾਂ ਹੀ ਓਨ੍ਹਾਂ ਦੀ ਉਮਰ ਦੋ ਦੋ ਸੌ ਚਾਰ ਚਾਰ ਸੌ ਬਰਸ ਹੁੰਦੀ ਹੈ ਸਾਰਿਆਂ ਤੋਂ ਵੱਡਾ ਮਹੰਤ ਪੰਜ ਸੌ ਬਰਸ ਪਿੱਛੋਂ ਚੋਲਾ ਬਦਲਦਾ ਹੈ। ਦੇਹ ਛੱਡਣ ਲੱਗਿਆਂ ਲਿਖ ਜਾਂਦਾ ਹੈ ਕਿ ਫਲਾਣੀ ਜਗ੍ਹਾ ਮੈਂ ਜਨਮ ਲਵਾਂਗਾ। ਸੋ ਓਸੇ ਪਤੇ ਪਰ ਓਹ ਲੋਕ ਓਸ ਨੂੰ (ਜਦ ਓਹ ਸਵਾ ਬਰਸ ਦਾ ਹੋ ਜਾਂਦਾ ਹੈ) ਜਾ ਕੇ ਬਾਜੇ ਗਾਜੇ ਨਾਲ ਲੈ ਆਉਂਦੇ ਹਨ ਅਤੇ ਗੱਦੀ ਉੱਪਰ ਬੈਠਾ ਦਿੰਦੇ ਹਨ। ਏਸੇ ਤਰ੍ਹਾਂ ਹਜ਼ਾਰਾਂ ਬਰਸਾਂ ਤੋਂ ਓਹੋ ਗੱਦੀ ਉੱਪਰ ਚਲਾ ਆਂਵਦਾ ਹੈ ਤੇ ਕਿਸੇ ਸਮੇਂ ਜਦ ਓਸ ਦੀ ਇੱਛਯਾ ਹੋਵੇ ਤਾਂ ਹਜ਼ਾਰਾਂ ਬਰਸਾਂ ਦੀਆਂ ਗੱਲਾਂ ਭੀ ਕਰਦਾ ਹੈ। ਫੁੰਗੀ ਤੇ ਲਾਂਬੇ ਮੰਗਦੇ ਨਹੀਂ, ਲੋਕ ਆਪੇ ਸੇਵਾ ਕਰਦੇ ਹਨ। ਜਿਕੂੰ ਸ਼ੈਵ ਸ਼ਿਵ ਨੂੰ ਬੈਸ਼ਨੋ ਬਿਸ਼ਨ ਨੂੰ ਨਿੱਤ ਅਤੇ ਈਸ਼੍ਵਰ ਮੰਨਦੇ ਹਨ, ਇਸ ਤਰ੍ਹਾਂ ਲਾਂਬੇ ਨੂੰ ਓਸ ਦੇਸ਼ ਦੇ ਲੋਕ ਨਿੱਤ ਮੁਕਤਿ ਈਸ਼੍ਵਰ ਮੰਨਦੇ ਹਨ। ਫੁੰਗੀ ਲੋਕ ਰੋਟੀ ਕੱਪੜੇ ਤੋਂ ਬਿਨਾਂ ਹੋਰ ਕੁਛ ਨਹੀਂ ਲੈਂਦੇ। ਜਪੀ, ਤਪੀ, ਸਤੀ ਰਹਿੰਦੇ ਹਨ। ਝੂਠ ਨਹੀਂ ਬੋਲਦੇ। ਜੇ ਕਦੇ ਕੋਈ ਬਿਭਚਾਰ ਕਰੇ ਤਾਂ ਜਰੀ ਜਰੀ ਮਾਸ ਕੱਟ ਕੇ ਕੁੱਤਿਆਂ ਨੂੰ ਖਵਾ ਦਿੰਦੇ ਹਨ। ਝੂਠ, ਮਤਸਰ, ਚੁਗਲੀ, ਨਿੰਦਾ, ਬਖੀਲੀ ਕੋਈ ਨਹੀਂ ਕਰਦਾ। ਮੁਹੱਰਤ ਏਕਤਾ, ਹੱਸਣ, ਗਾਉਣ, ਵਜਾਉਣ ਦਾ ਬਹੁਤ ਰਿਵਾਜ ਹੈ। ਬਜਾਹ ਤਿੰਨ ਪ੍ਰਕਾਰ ਦਾ ਹੁੰਦਾ ਹੈ ਇੱਕ ਤਾਂ ਸੁਯੰਬਰ ਹੁੰਦਾ ਹੈ ਤੇ ਦੂਜਾ ਜਿਸ ਨਾਲ ਇਸਤ੍ਰੀ ਪਹਿਲੇ ਪ੍ਰਸੰਗ ਕਰ ਲਏ। ਤੀਸਰਾ ਜਿਸ ਦੀ ਬਾਂਹ ਮਾਂ ਬਾਪ ਪਕੜਾ ਦੇਣ। ਬਿਭਚਾਰ ਘੱਟ ਹੈ ਚੋਰੀ ਉੱਕੀ ਨਹੀਂ ਹੁੰਦੀ ਤੇ ਲਾਂਬੇ ਗੁਰੂ ਤੋਂ ਡਰਦਾ ਕੋਈ ਕਿਸੇ ਨੂੰ ਨਹੀਂ ਦੁਖਾਉਂਦਾ। ਪ੍ਰਜਾ ਤੇ ਪੈਦਾਵਾਰ ਦਾ ਚੌਥਾ ਹਿੱਸਾ ਰਾਜੇ ਦੇ ਖ਼ਜ਼ਾਨੇ ਜਾਂਦਾ ਹੈ। ਸਭ ਰੱਯਤ ਆਪ ਨੂੰ ਰਾਜੇ ਦੀ ਫੌਜ ਸਮਝਦੀ ਹੈ ਅਤੇ ਕੋਈ ਝਗੜਾ ਰਾਜੇ ਤੱਕ ਨਹੀਂ ਜਾਂਦਾ। ਫੁੰਗੀ ਯਾਂ ਲਾਂਬੇ ਹੀ ਮਿਟਾ ਦਿੰਦੇ ਹਨ ਤੇ ਜੋ ਫ਼ੈਸਲਾ ਏਹ ਕਰ ਦੇਣ ਸੋਈ ਰਾਜਾ ਮਨਜ਼ੂਰ ਕਰਦਾ ਹੈ। ਏਥੇ ਚਾਉਲ, ਮੱਛੀ, ਸ਼ਹਿਤ ਬਹੁਤ ਹੁੰਦਾ ਹੈ। ਕਣਕ, ਮਕਈ, ਕਮਾਦ, ਉੜਦ ਥੋੜ੍ਹੇ ਹੁੰਦੇ ਹਨ। ਇਸਤ੍ਰੀ ਮਰਦ ਕੌਡੀਆਂ ਦੇ ਗਹਿਣੇ ਤੇ ਬੱਕਰੀਆਂ, ਭੇਡਾਂ, ਘੋੜਿਆਂ ਦੀ ਜੱਤ ਦੇ ਕੱਪੜੇ ਪਹਿਨਦੇ ਹਨ। ਇਸਤ੍ਰੀ, ਮਰਦ, ਗੌਰਵਰਨ, ਜ਼ੋਰਾਵਰ ਮੋਟੇ ਨਕਸ਼ ਖੂਬਸੂਰਤ ਹੁੰਦੇ ਹਨ। ਤੀਸ ਬਰਸ ਤੱਕ ਬ੍ਰਹਮਚਰਯ ੫੦ ਤੱਕ ਗ੍ਰਿਹਸਤ ਧਰਮ ਤੇ ਫੇਰ (ਭਾਵੇਂ ਬੇਟਾ ਬੇਟੀ ਹੋ ਨਾ ਹੋ) ਜਤ ਧਾਰ ਕੇ ਭਗਤੀ ਕਰਦੇ ਹਨ। ਜਦ ਕੋਈ ਮਰਦਾ ਹੈ ਤਾਂ ਓਸ ਨੂੰ ਦੇਖ ਕੇ ਜੈਸਾ ਹੁਕਮ ਲਾਂਬੇ ਗੁਰੂ ਦੇਂਦੇ ਹਨ, ਸੋਈ ਵਰਤਿਆ ਜਾਂਦਾ ਹੈ। ਸੋ ਓਹ ਕਿਸੇ ਨੂੰ ਕਟਾ ਕੇ ਰਿੰਨ੍ਹ ਕੇ (ਪਕਵਾ ਕੇ) ਸਾਰੇ ਪਿੰਡ ਵਿੱਚ ਜਾਂ ਕੁਲ ਵਿੱਚ ਬਰਤਾ ਦਿੰਦੇ ਹਨ ਤੇ ਕਿਸੇ ਨੂੰ ਚੀਹਲਾਂ ਅੱਗੇ, ਕਿਸੇ ਨੂੰ ਕੁੱਤਿਆਂ ਅੱਗੇ ਰਖਵਾ ਦਿੰਦੇ ਹਨ ਤੇ ਕੋਈ ਪਾਣੀ ਵਿੱਚ ਤੇ ਧਰਤੀ ਵਿੱਚ ਲੇਪੇ ਜਾਂਦੇ ਹਨ। ੪੦ ਦਿਨ ਗਾਉਣਾ ਵਜਾਉਣਾ ਰੱਖਦੇ ਹਨ। ਏਨ੍ਹਾਂ ਦੇਸ਼ਾਂ ਵਿੱਚ ਬਰਫ ਬਰਖਾ ਬਹੁਤ ਹੋਣੇ ਕਰ ਕੇ ਸਰਜੀਤੀ ਤੇ ਸਰਦੀ ਬਹੁਤ ਰਹਿੰਦੀ ਹੈ। ਏਸ ਕਰ ਕੇ ਸਭ ਲੋਕ ਚਾਰ ਮਹੀਨੇ ਬਾਹਰ ਤੇ ੮ ਮਹੀਨੇ ਅੰਦਰੀਂ ਕੱਟਦੇ ਹਨ। ਏਸੇ ਸੋਹਣੀ ਥਾਂ ਦੀ ਬਾਬਤ ਡਾਕਟਰ ਰਚਿੰਸਨ ਸਾਹਿਬ ਨੇ ਆਪਣੇ

ਵਿਚਕਾਰ ਹੈ ਤੇ ਏਸ ਦੇਸ਼ ਵਿੱਚ ਸਭ ਬੌਧ ਵਸਦੇ ਹਨ ਤੇ ਲਾਂਬੇ ਗੁਰੂ ਨੂੰ ਹੀ ਰੱਬ ਕਰ ਕੇ ਮੰਨਦੇ ਹਨ, ਅਤੇ ਓਸੇ ਦੀ ਬਾਣੀ ਪੜ੍ਹਦੇ ਹਨ। ਹੋਰ ਕਿਸੇ ਬੇਦ ਸ਼ਾਸਤ੍ਰ ਦੇਵੀ ਦੇਵਤਾ ਨੂੰ ਨਹੀਂ ਮੰਨਦੇ। ਬਾਬੇ ਜੀ ਨੇ ਓਨ੍ਹਾਂ ਨੂੰ ਓਨ੍ਹਾਂ ਦੇ ਗੁਰੂ ਸਮੇਤ ਈਸ਼੍ਵਰ ਦੀ ਭਗਤੀ ਕਰਨ ਵਿੱਚ ਤਤਪਰ ਕੀਤਾ। ਓਥੋਂ ਅੱਗੇ ਸਾਂਪਰ ਨਾਮ ਪਰਬਤ ਦੇ ਪਾਸੋਂ ਕੈਸਮ ਨਦੀ ਕਿਨਾਰੇ ਲਾਂਬਯਾਂ ਦੇ ਮਸ਼ਹੂਰ ਮੰਦਰ ਪਾਸ ਬੈਠ ਕੇ ਜਦ ਬਾਬੇ ਜੀ ਸ਼ਬਦ ਗਾਵਿਆ ਤਾਂ ਸਭ ਲੋਕ ਇਕੱਠੇ ਹੋ ਗਏ। ਗੁਰੂ ਜੀ ਨੇ ਆਖਿਆ ਤੁਸੀਂ ਜੋ ਲਾਂਬੇ ਗੁਰੂ ਨੂੰ ਪਰਮੇਸ਼੍ਵਰ ਮੰਨਦੇ ਹੋ ਸੋ ਏਹ ਪਰਮੇਸ਼੍ਵਰ ਨਹੀਂ ਹੈ। ਕਿਉਂਕਿ ਪਰਮੇਸ਼੍ਵਰ ਏਕ ਹੈ, ਅਮੂਰਤਿ ਹੈ, ਸਾਰੇ ਜਗਤ ਦਾ ਕਰਤਾ ਭਰਤਾ ਓਹੋ ਹੈ ਤੇ ਸਰਬ ਸ਼ਕਤੀਵਾਨ ਹੈ। ਓਸੇ ਨੂੰ ਹਿੰਦੂ ਮੁਸਲਮਾਨ ਈਸਾਈ ਆਦਿਕ ਅਨੇਕ ਮਤਾਂ ਵਾਲੇ ਮੰਨਦੇ ਹਨ। ਏਸ ਪ੍ਰਕਾਰ ਸਮਝਾ ਬੁਝਾ ਕੇ ਓਹਨਾਂ ਨੂੰ ਪਰਮੇਸ਼੍ਵਰ ਦੀ ਭਗਤੀ ਕਰਨ ਲਾਇਆ।

ਓਥੋਂ ਚੱਲ ਤਿੱਬਤ ਦੇ ਨਾਲ ਮਿਲੇ ਹੋਏ ਪਰਬਤਾਂ ਦੇਸ਼ਾਂ ਦਾ ਅਤੇ ਰਾਵਨ ਰਦ, ਮਾਨ ਸਰੋਵਰ {ਮਾਨ ਸਰੋਵਰ} ਆਦਿਕ ਝੀਲਾਂ ਦੀ ਸੈਰ ਕਰਦੇ ਹੋਏ ਓਹ ਸਰੋਵਰ, ਜਿਨ੍ਹਾਂ ਪੁਰ ਹੰਸ ਫਿਰਦੇ ਸੇ; ਜਾ ਦੇਖਿਆ। ਮਰਦਾਨੇ ਦੇ ਪੁੱਛਣੇ ਪਰ ਬਾਬੇ ਜੀ ਨੇ ਆਖਿਆ, "ਏਹੋ ਪੰਛੀ ਹੰਸ ਹਨ। ਏਹਨਾਂ ਦੀ ਹੀ ਚੁੰਝ ਵਿੱਚ ਐਸੀ ਤਾਸੀਰ ਹੈ ਜੋ ਦੁੱਧ ਤੇ ਪਾਣੀ ਵੱਖੋ ਵੱਖ ਕਰ ਦਿੰਦੇ ਹਨ।" ਮਰਦਾਨੇ ਆਖਿਆ, "ਜੀ! ਹੰਸ ਤਾਂ ਮੋਤੀ ਚੁਗਦੇ ਹਨ, ਸੋ ਏਥੇ ਨਹੀਂ ਦਿਸਦੇ।" ਗੁਰੂ ਜੀ ਬੋਲੇ, "ਭਲਾ ਮਰਦਾਨਿਆ! ਚੱਲ ਮੋਤੀਆਂ ਵਾਲੇ ਥਾਉਂ ਭੀ ਦਿਖਾ ਲਿਆਈਏ।"

ਫੇਰ ਬਾਬਾ ਜੀ ਅਪਨੀ ਸ਼ਕਤੀ ਨਾਲ ਇੱਕ ਪਰਬਤ ਦੀ ਕੰਦ੍ਰਾਂ ਵਿੱਚ ਲੈ ਗਏ। ਅੱਗੇ ਜਾ ਕੇ ਪੱਧਰੀ ਧਰਤੀ ਅਤੇ ਕਈ ਸਰੋਵਰ ਵੇਖੇ ਜਿਨ੍ਹਾਂ ਦੇ ਕਿਨਾਰੇ ਕਿਨਾਰੇ ਛੋਟੇ ਵੱਡੇ ਮੋਤੀ ਬਹੁਤ ਕੰਕਰੀਆਂ ਵਿੱਚ ਪਏ ਦੇਖੇ। ਬਾਬੇ ਆਖਿਆ, "ਏਦੂੰ ਅੱਗੇ ਅੱਗੇ ਬਹੁਤ ਸਰੋਵਰ ਅਜਿਹੇ ਹਨ ਜਿਨ੍ਹਾਂ ਵਿੱਚ ਮੋਤੀਏ ਸਿੱਪਾਂ ਤੋਂ ਬਿਨਾਂ ਹੋਰ ਕੋਈ ਜੀਉ ਨਹੀਂ।" ਜਦ ਓਹ ਹੱਦ, ਸਰੋਵਰ ਉੱਛਲ ਕੇ ਦੂਰ-ਦੂਰ ਤੱਕ ਚਲੇ ਜਾਂਦੇ ਹਨ ਤੇ ਫੇਰ ਮੁੜ ਪਾਣੀ ਆਪਣੇ ਟਿਕਾਣੇ ਆ ਜਾਂਦੇ ਹਨ ਤਾਂ ਕੁਛ ਓਦੋਂ (ਸਿੱਪ) ਜਲ ਤੋਂ ਬਾਹਰ ਰਹਿ ਜਾਂਦੇ ਹਨ ਤੇ ਬਾਕੀ ਜਿੱਥੇ ਨੀਵੇਂ ਥਾਈਂ ਰਹਿ ਕੇ ਜਲ ਸੁੱਕ ਜਾਂਦਾ ਹੈ ਓਥੇ ਬੇਅੰਤ ਸਿੱਪ ਰਹਿ ਕੇ ਮਰ ਜਾਂਦੇ ਹਨ। ਓਨ੍ਹਾਂ ਵਿੱਚੋਂ ਨਿੱਕਲੇ ਹੋਏ ਮੋਤੀ ਹੰਸ ਚੁਣਦੇ ਰਹਿੰਦੇ ਹਨ। ਮਹੀਨੇ ਪਿੱਛੋਂ ਇੱਕ ਦਿਨ ਭੀ ਮੋਤੀ ਚੁਗ ਲੈਣ ਤਾਂ ਫੇਰ ਮਹੀਨਾ ਭਰ ਭੁੱਖ ਨਹੀਂ ਲੱਗਦੀ। ਕੋਈ ਕੋਈ ਹੰਸ ਤਾਂ ਛੀ ਛੀ ਮਹੀਨੇ ਤੱਕ ਰੱਜੇ ਪੁੱਜੇ ਮਸਤ ਰਹਿੰਦੇ ਹਨ।" ਮਰਦਾਨੇ ਨੇ ਫੇਰ ਪ੍ਰਾਰਥਨਾ ਕੀਤੀ ਕਿ ਜੇਹੜਾ ਲਾਲ ਅੰਧੇਰੇ ਵਿੱਚ ਚਾਨਣਾ ਕਰਦਾ ਹੈ ਉਹ ਕਿੱਥੇ ਪੈਦਾ ਹੁੰਦਾ ਹੈ? ਤਾਂ ਬਾਬੇ ਜੀ ਨੇ ਆਖਿਆ, "ਜਿਕੂੰ ਕਿਸੇ ਕਿਸੇ ਸੱਪ, ਸੂਰ, ਹਾਥੀ ਦੇ ਮਗਜ਼ ਵਿੱਚ ਮਣੀ ਹੋ ਪੈਂਦੀ ਹੈ, ਉਸੇ ਤਰ੍ਹਾਂ ਕਿਸੇ ਕਿਸੇ ਹੰਸ ਦੇ ਮਗਜ਼ (ਉਨ੍ਹਾਂ ਮੋਤੀਆਂ ਦੇ ਮਦ ਦਾ) ਹਨ੍ਹੇਰੇ ਵਿੱਚ ਚਾਨਣਾ ਕਰਨ ਵਾਲਾ ਲਾਲ ਪੈਦਾ ਹੋ ਜਾਂਦਾ ਹੈ ਤੇ ਥੋੜ੍ਹਾ ਥੋੜ੍ਹਾ ਚਾਨਣਾ ਕਰਨ ਵਾਲੇ ਲਾਲ, ਚੁਨੀਆਂ ਖਾਣਾਂ ਵਿੱਚੋਂ ਭੀ ਨਿੱਕਲ ਆਂਵਦੇ ਹਨ।" ਭਾਈ ਮਰਦਾਨੇ ਨੇ ਆਖਿਆ, "ਅਸਾਂ ਸੁਣਿਆ ਹੈ ਕਿ ਸਿਕੰਦਰ ਬਾਦਸ਼ਾਹ ਜਦ ਆਬਹਯਾਤ (ਅੰਮ੍ਰਿਤ) ਨੂੰ ਢੂੰਡਣ ਵਾਸਤੇ ਗਿਆ ਸੀ ਤਾਂ ਰਾਹ ਵਿੱਚ ਹੰਸ ਤੇ ਮੋਤੀਆਂ ਦੇ ਸਿੱਪਾਂ ਦੇ ਝੀਲ ਤੇ ਮੋਤੀ ਉਸ ਨੇ ਦੇਖੇ ਹਨ। ਸੋ ਉਹ ਅੰਮ੍ਰਿਤ ਭੀ ਇੱਥੇ ਲੱਭਣ ਆਇਆ ਸੀ ਜਾਂ ਕਿਤੇ ਹੋਰ ਥੇ?" ਤਾਂ ਗੁਰੂ ਸਾਹਿਬ ਜੀ ਨੇ ਆਖਿਆ, "ਭਾਈ! ਅਸਾਂ ਸੱਚਾ ਅੰਮ੍ਰਿਤ ਜੋ ਪਰਮੇਸ਼੍ਵਰ ਦਾ ਨਾਮ ਹੈ ਸੋ ਲੱਭ

ਸਫਰਨਾਮੇ ਦੀ ਕਿਤਾਬ ਵਿੱਚ ਇਸ ਤਰ੍ਹਾਂ ਲਿਖਿਆ ਹੈ ਕਿ ਮੈਂ ਚਾਰ ਮਹੀਨੇ ਲਾਂਬਜਾਂ ਦੇ ਮੁਲਕ ਵਿੱਚ ਰਹਿ ਕੇ ਸੈਲ ਕੀਤਾ ਹੈ ਤੇ ਜਿਹੜਾ ਖ਼ਾਸ ਲਾਂਬਾ ਗੁਰੂ ਓਸ ਵਕਤ ਪੰਜ ਸੌ ਬਰਸ ਦੀ ਉਮਰ ਭੋਗ ਕੇ ਫੇਰ ਜੰਮ ਕੇ ਗਜਾਰਾਂ ਬਰਸਾਂ ਦਾ ਗੱਦੀ ਪਰ ਸੀ ਓਸ ਵਿੱਚ ਅਕਲ, ਦਾਨਾਈ, ਬਾਤਾਂ ਕਰਨ ਦੀ ਰੀਤੀ ਸੱਚਮੁੱਚ ਵੱਡੀ ਉਮਰ ਦੇ ਵਿਦਵਾਨਾਂ ਜੈਸੀ ਦੇਖੀ ਬਲਕਿ ਓਹ ਆਪਣੀ ਵਡਿਆਈ ਦਿਖਾਉਣ ਜਨਾਉਣ ਵਿੱਚ ਖ਼ੁਸ਼ੀ ਨਹੀਂ ਸੀ। ਓਸ ਦੀਆਂ ਗੱਲਾਂ ਤੋਂ ਓਥੋਂ ਦੇ ਲੋਗਾਂ ਦਾ ਕਹਿਣਾ ਮੈਨੂੰ ਐਨ ਨਿਸ਼ਚੇ ਹੋ ਗਿਆ ਕਿ ਏਹ ਠੀਕ ਜੋਗ ਅੱਭਜਾਸ ਦੇ ਬਲ ਨਾਲ ਕਾਯਾ ਪਲਟ ਲੈਂਦਾ ਹੈ ਅਰਥਾਤ ਬ੍ਰਿਧ ਕਾਜਾਂ ਤਿਆਗ ਕੇ ਨਵੀਂ ਕਾਜਾਂ ਧਾਰ ਲੈਂਦਾ ਹੈ।

ਲੀਤਾ ਹੈ ਸਾਨੂੰ ਹੁਣ ਉਸ ਅੰਮ੍ਰਿਤ ਦੇ ਢੂੰਢਣ ਦੀ ਕੋਈ ਲੋੜ ਨਹੀਂ। ਉਂਵ ਉਹ ਅੰਮ੍ਰਿਤ ਭੀ ਇਨ੍ਹਾਂ ਪਹਾੜੀਆਂ ਵਿੱਚ ਹੀ ਹੈ। ਪਰ ਸਾਨੂੰ ਉੱਥੇ ਜਾਣ ਦੀ ਕੋਈ ਲੋੜ ਨਹੀਂ।"

ਮਰਦਾਨੇ ਨੇ ਅਰਜ਼ ਕੀਤੀ ਮਹਾਰਾਜ, "ਜੇਕਰ ਆਪ ਹੁਕਮ ਦਿਓ ਤਾਂ ਮੈਂ ਥੋੜ੍ਹੇ ਜਿਹੇ ਮੋਤੀ ਮਿਰਾਸਣ ਨੂੰ ਦੇਣ ਵਾਸਤੇ ਇੱਥੋਂ ਚੁਣ ਲਵਾਂ?" ਤਾਂ ਬਾਬੇ ਹੱਸ ਕੇ ਆਖਿਆ, "ਮਰਦਾਨਿਆ! ਇੱਥੇ ਅਸੀਂ ਸੈਰ ਕਰਨ ਤੇ ਕਰਤਾਰ ਦੇ ਰੰਗ ਦੇਖਣ ਆਏ ਹਾਂ। ਝੂਠੀ ਮਾਇਆ ਲੈਣ ਨਹੀਂ ਆਏ। ਜਿੱਥੇ ਮਰਾਸਣ ਹੈ ਉਥੇ ਹੀ ਬਥੇਰੇ ਮੋਤੀ ਮਿਲ ਜਾਣਗੇ।"

ਇੱਥੋਂ ਅੱਗੇ ਅਨੇਕ ਪ੍ਰਕਾਰ ਦੇ ਪ੍ਰਸੰਗ ਸੁਣਾਉਂਦੇ ਹੋਏ ਅੱਗੇ ਆਏ ਤਾਂ ਇੱਕ ਸੁਫ਼ੈਦ ਚਿੱਟਾ ਚਾਂਦੀ ਵਾਂਗੂੰ ਚਮਕਦਾ ਹੋਇਆ ਉੱਚਾ ਪਰਬਤ ਡਿੱਠਾ। ਮਰਦਾਨੇ ਨੇ ਪੁੱਛਣੇ ਪਰ ਬਾਬੇ ਜੀ ਨੇ ਆਖਿਆ ਕਿ ਇਹੋ {ਕੈਲਾਸ਼ ਪਰਬਤ} ਕੈਲਾਸ਼ ਪਰਬਤ ਹੈ। ਕਿਸੇ ਸਮੇਂ ਸ਼ਿਵ ਜੀ ਇੱਥੇ ਆ ਕੇ ਰਹੇ ਸੇ। ਇਸੇ ਲਈ ਸ਼ਿਵ ਜੀ ਦਾ ਨਾਮ ਕੈਲਾਸ਼ਵਾਸੀ ਪੈ ਗਿਆ ਤੇ ਹੁਣ ਉਹ ਸ਼ਿਵ ਜੀ ਸੱਚਖੰਡ ਦੇ ਬੂਹੇ ਅੱਗੇ (ਜਿੱਥੇ ਬ੍ਰਹਮਾ, ਬਿਸ਼ਨੂੰ ਆਦਿਕ ਦੇਵਤਾ ਅਵਤਾਰ ਕਾਰਕ ਖੜੇ ਹਨ) ਉਥੇ ਹੈ ਕਿਉਂਕਿ ਉਸ ਨੇ ਭੀ ਰਾਮ ਕ੍ਰਿਸ਼ਨ ਵਾਂਗੂੰ ਭਾਰਤਵਰਸ਼ ਦਾ ਰਾਜਾ ਹੋ ਕੇ ਆਪਣਾ ਮਤ ਲਿੰਗ ਪੂਜਾ ਚਲਾਈ ਹੈ। ਅਤੇ ਬ੍ਰਹਮਾ, ਬਿਸ਼ਨ, ਸ਼ਿਵ, ਇਨ੍ਹਾਂ ਨੇ ਆਪਣੇ ਨਾਮ ਜਪਵਾਏ ਤੇ ਅੰਗ ਪੁਜਵਾਏ ਹਨ। ਇਸੇ ਲਈ ਕਰਤਾਰ ਦੇ ਦੁਆਰੇ ਪਰ ਨਿਰਾਦਰ ਸਹਿਤ ਖੜ੍ਹੇ ਹਨ। ਇਹੋ ਜਿਹੇ ਬਚਨ ਕਰਦੇ ਹੋਏ ਕੈਲਾਸ਼ ਦਾ ਸੈਰ ਕੀਤਾ ਪਰ ਮਨ ਮਹੇਸ਼ ਪਰਬਤ ਤੋਂ ਬਿਨਾਂ ਹੋਰ ਕਿਤੇ ਬਸਤੀ ਦੇਖਣ ਵਿੱਚ ਨਹੀਂ ਆਈ।

ਫੇਰ ਯਾਰ ਕੰਦੋਂ ਉੱਤਰ ਵੱਲ ਉੱਤਰ ਕੇ ਯਾਰ ਕੰਦ ਦੇ ਦੇਸ਼ ਵਿੱਚ ਦੀ ਮਾਨ ਤਲਾਈ ਦੇ ਪਰ੍ਹੇ ਬ੍ਰਹਮ ਹੋਲ ਪਰਬਤ ਨੂੰ ਉਲੰਘਨ ਕਰ ਤਿੱਬਤ ਮੁਲਕ ਵਿੱਚ ਦੀ ਲਾਸੇ, ਲੁਦਾਖ ਵਿੱਚ ਜਾ ਫਿਰੇ। ਅਨੇਕ ਜੋਗਾਭਯਾਸੀ ਸੰਤ ਅਤੇ ਭਗਤ, ਕਲਪਤ ਦੇਵਤੇ, ਜਿਨ੍ਹਾਂ ਦੇਵਾਂ ਦੇ ਉਪਾਸਕ ਮਿਲੇ ਪਰ ਬਾਬਾ ਜੀ ਸਭ ਨੂੰ ਸੱਚ ਦੇ ਜ਼ੋਰ ਅਕਾਲ ਪੁਰਖ ਦੀ ਭਗਤੀ ਵਿੱਚ ਜੋੜਦੇ ਗਏ। ਫੇਰ ਜੰਕਾਰ ਨਦੀ ਦੇ ਕਿਨਾਰੇ ਕਿਨਾਰੇ ਸਰਕੋਟ, ਪਸਕ ਆਦਿਕ ਬਸਤੀਆਂ ਨੂੰ ਦੇਖਦੇ ਹੋਏ ਗਿਲਗਿਤ ਦੀ ਸੀਮਾ ਪਰ ਆਸਕਰਦੂ ਸ਼ਹਿਰ ਦੇ ਕਿਲ੍ਹੇ ਪਾਸ ਜਾ ਬੈਠੇ। ਏਥੇ ਹੁਣ ਤੱਕ ਨਾਨਕ ਪੀਰ ਦੀ ਜਗ੍ਹਾ ਮੰਨੀ ਦੀ ਹੈ, ਜਿਸ ਨੂੰ ਜੰਮੂ ਦੇ ਫੌਜੀ ਸਿੱਖ ਦੇਖ ਆਏ ਹਨ। ਏਥੋਂ ਦੇ ਕਲੰਦਰ ਗੌਂਸ ਬੁਖਾਰੀ ਫ਼ਕੀਰ ਨੇ ਓਥੋਂ ਦੇ ਹਾਕਮ ਨੂੰ ਮੁਰੀਦ ਬਣਾ ਕੇ ਲੋਕਾਂ ਨੂੰ ਬਹੁਤ ਕਸ਼ਟ ਦਿਵਾਇਆ ਤੇ ਮੁਹੰਮਦੀ ਬਣਵਾਇਆ ਸੀ ਪਰ ਗੁਰੂ ਜੀ ਦੀ ਬਾਣੀ ਸੁਣ ਕੇ ਓਹ ਹਾਕਮ ਤੇ ਫ਼ਕੀਰ ਦੋਵੇਂ ਬਾਬੇ ਦੇ ਮੁਰੀਦ ਬਣੇ। ਏਥੋਂ ਤੁਰ ਦਰੇ ਸੰਸਨਾਕ ਤੇ ਵੁੱਲਰ ਝੀਲ ਦੇ ਕਿਨਾਰੇ ਸ੍ਰੀਨਗਰ* (ਕਸ਼ਮੀਰ ਦੀ ਰਾਜਧਾਨੀ) ਜਾ ਦੇਖੀ ਤੇ ਹਰੀ ਪਰਬਤ ਆਦਿਕ ਮਸ਼ਹੂਰ ਅਸਥਾਨਾਂ ਦਾ ਸੈਰ ਤੇ ਪ੍ਰੇਮੀ ਪੁਰਸ਼ਾਂ ਦਾ ਨਿਸਾਤਾਰਾ ਕੀਤਾ।

ਏਥੋਂ ਚੱਲ ਅਨੰਤੀ ਪੁਰ ਮਟਨ ਤੀਰਥ ਆਦਿਕ ਨਗਰਾਂ ਪਰਬਤਾਂ ਦੇ ਰਹਿਣ ਵਾਲੇ ਲੋਕਾਂ ਨੂੰ ਤਾਰਦੇ ਹੋਰ {ਅਮਰਨਾਥ} ਅਮਰਨਾਥ* ਮਹਾਂਦੇਵ ਦਾ ਅਸਥਾਨ ਦੇਖ ਮਜਾਲ ਭਨਾਲ ਦੇ ਰਸਤੇ ਕਸ਼ਤਵਾਰ

---

*ਏਥੋਂ ਦੇ ਅਨਪੜ੍ਹ, ਮੂਰਖ ਬਿਪ੍ਰ ਭੀ ਆਪ ਨੂੰ ਪੰਡਤ ਸਜਾਉਂਦੇ ਹਨ ਤੇ ਮੁਸਲਮਾਨ ਦੀ ਛੁਹੀ ਹੋਈ ਰੋਟੀ ਖਾ ਲੈਂਦੇ ਹਨ ਤੇ ਦੂਜੇ ਦੇਸ਼ ਦੇ ਬ੍ਰਾਹਮਣ ਦੀ ਛੁਹੀ ਰੋਟੀ ਨਹੀਂ ਖਾਂਦੇ। ਏਥੇ ਜ਼ਮੀਨ ਦੀ ਚੋਰੀ ਹੁੰਦੀ ਹੈ। ਕਿਉਂਕਿ ਜਲ ਦੇ ਡਲ ਪਰ ਦੋਹੀਂ ਪਾਸੀਂ ਬੇੜੀਆਂ ਵਾਂਗੂੰ ਪਤਲੀਆਂ-ਪਤਲੀਆਂ ਲੱਕੜਾਂ ਦੀ ਬੇੜੀ ਜੇਹੀ ਬੰਨ੍ਹ ਕੇ ਓਸ ਉੱਤੇ ਮਿੱਟੀ ਰੂੜੀ ਪਾ ਕੇ ਖੇਤੀ ਬੀਜਦੇ ਹਨ ਤੇ ਕਿੱਲੇ ਗੱਡ ਕੇ ਓਨ੍ਹਾਂ ਨਾਲ ਬੰਨ੍ਹ ਰੱਖਦੇ ਹਨ, ਸੋ ਜਦ ਕਿਸੇ ਦਾ ਦਾਉ ਲੱਗਦਾ ਹੈ ਤਾਂ ਖੋਲ੍ਹ ਕੇ ਕਿਸੇ ਪਾਸੇ ਨੂੰ ਲੈ ਜਾਂਦਾ ਹੈ। ਏਥੇ ਕੇਸਰ, ਬਨਫ਼ਸ਼ਾ, ਬਾਦਾਮ, ਗੋਸ਼ੇ, ਬੱਘੂ, ਗੁੱਛੀਆਂ, ਸੇਉ, ਨਾਖਾਂ, ਬਿਟਾਕ ਆਦਿਕ ਮੇਵੇ ਬਹੁਤ ਹੁੰਦੇ ਹਨ ਤੇ ਪਸ਼ਮੀਨੇ ਦਾ ਕੰਮ ਬਹੁਤ ਉਮਦਾ ਹੁੰਦਾ ਹੈ।

*ਅਮਰਨਾਥ ਮਹਾਂਦੇਵ ਦਾ ਜੋਤੀ ਲਿੰਗ ਪਾਰਬਤੀ ਨੂੰ ਅਮਰ ਕਥਾ ਸੁਨਾਉਣ ਦੀ ਥਾਂ ਹੈ। ਸਾਉਣ ਦੀ ਪੁੰਨਯਾਂ ਨੂੰ ਸ੍ਰੀਨਗਰ ਤੋਂ ਮਟਨ ਤੀਰਥ ਹੋ ਕੇ ਯਾਤ੍ਰੀ ਹੋ ਜਾਂਦੇ ਹਨ। ਕਈ ਦੇਸ਼ਾਂ ਦੇ ਲੋਕ ਗਯਾ ਵਾਂਗੂੰ ਪਿਤਰਾਂ ਦੀ ਗਤੀ ਕਰਾਉਂਦੇ ਅਤੇ ਪਿੰਡ ਭਰਾਉਂਦੇ ਹਨ। ਮਟਨੇ ਤੀਜੀ ਮੰਜ਼ਲ ਬੈਤਰਨੀ ਨਦੀ ਤੋਂ ਤਿੰਨ ਕੋਹ ਦੀ ਚੜ੍ਹਾਈ ਉੱਤਰਾਈ ਆ ਕੇ ਅਮਰਨਾਥ ਦੀ ਗੁਫ਼ਾ ਹੈ, ਜਿਸ ਵਿੱਚ ਅਲਫ ਨੰਗੇ ਹੋ ਕੇ ਜਾਂ ਕੋਈ ਕੋਈ ਉੱਨ ਦੇ ਕੱਪੜੇ ਜਾਂ ਭੋਜ ਪੱਤ੍ਰ ਪਹਿਨ ਕੇ ਜਾਂਦੇ ਹਨ। ਓਥੋਂ ਦੀ ਚੜ੍ਹਤ ਤਿੰਨ ਜਗ੍ਹਾ ਪਰ ਵੰਡੀ ਜਾਂਦੀ ਹੈ। ਅਰਥਾਤ ਰਾਹ ਸਾਫ਼ ਕਰਨ ਵਾਲੇ ਲੋਕ ੧, ਗੁਸਾਈਂ ਜੇਹੜੇ ਯਾਤ੍ਰੀਆਂ ਨੂੰ ਲੈ ਜਾਂਦੇ ਹਨ ੨, ਓਥੋਂ ਦੇ ਪੰਡੇ ੩। ਬਰਫ ਤੋਂ ਡਰਦਾ ਰਾਤ ਨੂੰ ਓਥੋਂ ਕੋਈ ਨਹੀਂ ਰਹਿੰਦਾ। ਸੰਖ, ਨਗਾਰੇ ਯਾ ਆਦਮੀ ਦੀ ਉੱਚੀ ਆਵਾਜ਼ ਨਾਲ ਭੀ ਬਰਫ ਗਿਰ ਪੈਂਦੀ ਹੈ, ਏਸੇ ਲਈ ਓਥੇ ਉੱਚੀ ਨਹੀਂ ਬੋਲਦੇ।

ਦੇਸ਼ ਵਿੱਚ ਪ੍ਰਵੇਸ਼ ਕਰ ਭੱਦ੍ਰਵਾਹਾ ਸਿੱਧ ਦੀ ਬਗ਼ੀਚੀ ਵਿੱਚ (ਜੋ ਹੁਣ ਭੀ ਓਸੇ ਨਾਮ ਪਰ ਪ੍ਰਸਿੱਧ ਹੈ) ਜਾ ਉਪੜੇ। ਸਿੱਧ ਨਾਮ ਪ੍ਰਮਾਰਥ ਦਾ ਵਿਚਾਰ ਹੋਇਆ ਤਾਂ ਓਸ ਨੇ ਚਰਨ ਫੜ ਲਏ। ਬਾਬਾ ਜੀ ਏਦੂੰ ਅੱਗੇ ਲਾਸਾਂਚ ਵਿੱਚ ਦੀ ਹੁੰਦੇ ਹੋਏ ਪੰਘਰ ਦੇਸ* ਜਿਸ ਨੂੰ ਪਾਂਗਾਂ ਭੀ ਆਖਦੇ ਹਨ ਜਾ ਫਿਰੇ।

ਏਥੋਂ ਦੇ ਲੋਕਾਂ ਨੂੰ ਈਸ਼੍ਵਰ ਭਗਤੀ ਵਿਖੇ ਲਗਾ ਕੇ ਮਨ ਮਹੇਸ਼+ ਦਾ ਪਰਬਤ ਜਾ ਦੇਖਜਾ। ਏਥੋਂ ਦੇ ਲੋਕਾਂ ਨੂੰ (ਜੋ ਏਸ ਪਰਬਤ ਨੂੰ ਹੀ ਈਸ਼੍ਵਰ ਕਰ ਕੇ ਮੰਨਦੇ ਪੂਜਦੇ ਸੇ) ਸੱਚੇ ਈਸ਼੍ਵਰ ਦੇ ਭਜਨ ਪਾਠ ਵਿੱਚ ਜੋੜ ਕੇ ਕੁੱਲੂ ਦੇਸ++ ਵਿੱਚ ਜਾ ਠਹਿਰੇ। ਏਸ ਦੇਸ਼ ਦੇ ਗੱਦੀ ਜਾਤਿ ਦੇ ਲੋਕ ਭੇਡਾਂ ਬੱਕਰੀਆਂ ਬਹੁਤ ਰੱਖਦੇ ਹਨ। ਤੀਖੇ ਘੱਟ ਕਰਦੇ ਹਨ। ਏਸ ਦੇਸ ਵਿੱਚ ਨੀਲਮ ਆਦਿਕ ਰਤਨਾਂ ਦੀਆਂ ਖਾਣਾਂ ਬਹੁਤ ਹਨ ਤੇ ਚੜਸ ਬਹੁਤ ਬਣਦਾ ਹੈ ਪਰਬਤੀ ਲੋਕ ਸਭ ਪੱਥਰਾਂ ਤੇ ਵੱਟਿਆਂ ਨੂੰ ਸਿੱਧ ਦੇਵਤਾ ਕਲਪਤ ਮੰਨ ਕੇ ਪੂਜਦੇ ਸਨ। ਗੁਰੂ ਜੀ ਨੇ ਏਨ੍ਹਾਂ ਲੋਕਾਂ ਨੂੰ ਸੱਚਾ ਉਪਦੇਸ਼ ਦਿੱਤਾ ਤੇ ਪਰਮੇਸ਼੍ਵਰ ਦੀ ਭਗਤੀ ਕਰਨ ਲਾਯਾ ਓਥੋਂ ਚੱਲ ਜੋਗਣਾ** ਦੇ ਦੇਸੀ ਲੋਕਾਂ ਨੂੰ ਭਰਮ ਦੇ ਭੂਤਾਂ ਤੋਂ ਛੁਡਾ ਈਸ਼੍ਵਰ ਦੇ ਰਸਤੇ ਪਾ ਕੇ ਰਾਵੀ ਦਰਯਾ ਪਾਰ ਹੋ ਧੌਲੀਧਾਰ ਗੱਦੀਆਂ ਦੇ ਦੇਸ ਵਿੱਚ ਦੀ ਡਲਹੌਜ਼ੀ ਆਦਿਕ ਅਨੇਕ ਪਰਬਤਾਂ ਦੇ ਸੰਤਾਂ ਭਗਤਾਂ ਨੂੰ ਦਰਸ਼ਨ ਉਪਦੇਸ਼ ਦੇ ਕੇ ਨਿਹਾਲ ਕਰਦੇ ਹੋਏ ਮਨਕੋਟ ਸ਼ਹਿਰ (ਜਿੱਥੋਂ ਦਾ ਬਬਰ ਬਾਹਨ ਰਾਜਾ ਸੀ) ਜਾ ਪਹੁੰਚੇ। ਤਾਂ ਓਥੋਂ ਦੇ ਅਨੇਕ ਸੰਤਾਂ ਭਗਤਾਂ ਨੇ ਬਾਬੇ ਜੀ ਨੂੰ ਸਰਬਕਲਾ ਸਮਰੱਥ ਸਮਝ ਕੇ ਬੇਨਤੀ ਕੀਤੀ ਕਿ ਸਾਨੂੰ ਅਘੋਰੀ ਸਿੱਧਾਂ ਨੇ ਬੜਾ ਦੁੱਖ ਦੇ ਰੱਖਜਾ ਹੈ ਅਤੇ ਸਾਡੇ ਬਾਲਕਾਂ ਨੂੰ ਖਾ ਲੈਂਦੇ ਹਨ। ਗੁਰੂ ਜੀ ਨੇ ਆਤਮਕ ਸ਼ਕਤੀ ਨਾਲ ਓਨ੍ਹਾਂ ਤੋਂ ਰਾਖ਼ਸ਼ਾਂ ਵਾਲੇ ਕਰਮ ਛੁਡਾ ਕੇ ਪਰਮੇਸ਼੍ਵਰ ਦੀ ਭਗਤੀ ਕਰਨ ਲਾਯਾ।

ਓਥੇ ਅੱਗੇ ਪਰਬਤ ਲੰਘ ਕੇ ਅਮਰ ਤਾਲਾਵ ਹੈ। ਏਥੇ ਸੰਮਤ ੧੯੮੭ ਬਿਕ੍ਰਮੀ ਵਿੱਚ ਗੁਸਾਈਂ ਫ਼ਕੀਰਾਂ ਦੀ ਜਮਾਤ ਦੇ ਇੱਕ ਸਾਧ ਨੇ ਸੰਖ ਵਜਾ ਦਿੱਤਾ, ਜਿਸ ਕਰ ਕੇ ਸਭ ਬਰਫ ਹੇਠਾਂ ਦੱਬੇ ਗਏ ਜੋ ਹੁਣ ਤੱਕ ਓਸੇ ਤਰ੍ਹਾਂ ਪੱਥਰ ਦੇ ਬਣੇ ਹੋਏ ਹਨ। ਕਿਉਂਕਿ ਬਰਫ ਵਿੱਚ ਪੈਣ ਕਰ ਕੇ ਸਭ ਚੀਜ਼ ਪੱਥਰ ਹੋ ਜਾਂਦੀ ਹੈ। ਏਸੇ ਕਰ ਕੇ ਅਨੇਕ ਜਗ੍ਹਾ ਹਾਥੀ ਆਦਿਕ ਜਾਨਵਰਾਂ ਦੇ ਕਲਬੂਤ (ਬਰਫ ਹੇਠ ਦੱਬ ਕੇ ਮਰੇ ਹੋਏ) ਹੁਣ ਪੱਥਰ ਦੇ ਬਣੇ ਹੋਏ ਨਿਕਲਦੇ ਹਨ। ਇੱਕ ਸ਼ਕਲ ਆਦਮੀ ਦੀ ਜੰਮੂ ਦੇ ਅਜਾਇਬ ਘਰ ਵਿੱਚ ਹੈ, ਜਿਸ ਦਾ ਸਿਰ ਘੜੇ ਜੇਡਾ ਤੇ ਦੰਦ ਦਾੜ੍ਹਾਂ, ਪੈਰ ਦੇ ਅੰਗੂਠੇ ਵਰਗੇ ਹਨ। ਏਸੇ ਅਮਰਨਾਥ ਦੀ ਕੰਦਰਾ ਅੰਦਰ ਪਰਬਤ ਉੱਤੋਂ ਸੁਰਾਖ ਥਾਣੀ ਬਰਫ ਟਪਕ ਕੇ ਇੱਕ ਮਟੀਲੀ ਜੇਹੀ ਬਰਫ ਦੀ ਜਮ ਜਾਂਦੀ ਹੈ, ਜਿਸ ਨੂੰ ਹਿੰਦੂ ਲੋਕ ਮਹਾਂਦੇਵ ਦਾ ਕੁਦਰਤੀ ਲਿੰਗ ਬਣਿਆ ਦੱਸਦੇ ਹਨ। ਪੰਡੇ ਉਸ ਪਰ ਕੱਪੜਾ ਪਾ ਛੱਡਦੇ ਹਨ। ਆਖਦੇ ਹਨ ਕਿ ਏਥੇ ਸ਼ਿਵ ਜੀ ਨੇ ਪਾਰਬਤੀ ਨੂੰ ਅਮਰ ਕਥਾ ਸੁਣਾਈ ਸੀ। ਓਹ ਤਾਂ ਸੌਂ ਗਈ ਤੇ ਤੋਤੇ ਦਾ ਬੱਚਾ ਹੁੰਗਾਰਾ ਦਿੰਦਾ ਰਿਹਾ। ਜਦ ਸ਼ਿਵ ਜੀ ਨੇ ਮਾਲੂਮ ਕਰ ਕੇ ਓਸ ਦੇ ਮਾਰਨ ਲਈ ਤ੍ਰਿਸ਼ੂਲ ਛੱਡੀ ਤਾਂ ਓਹ ਤੋਤਾ ਤ੍ਰਿਲੋਕੀ ਫਿਰਿਆ ਪਰ ਤ੍ਰਿਸ਼ੂਲ ਨੇ ਪਿੱਛਾ ਨਾ ਛੱਡਿਆ। ਓੜਕ ਨੂੰ ਬਯਾਸ ਰਿਖੀ ਦੀ ਔਰਤ ਜੋ ਨੰਗੀ ਨ੍ਹਾਂਵਦੀ ਸੀ ਓਸ ਦੇ ਅੰਦਰ ਵੜ ਗਿਆ। ਬਾਰਾਂ ਬਰਸ ਹੋ ਗਏ ਓਹ ਅੰਦਰੋਂ ਬਾਹਰ ਨਾ ਆਵੇ। ਓੜਕ ਬਿਸ਼ਨੂੰ ਨੇ ਆ ਕੇ ਆਖਿਆ ਕਿ ਜਨਮ ਲਵੋ। ਤਦ ਤੋਤੇ ਨੇ ਆਖਿਆ ਮੈਂ ਤਦ ਜੰਮਾਂਗਾ ਜੇ ਤੁਸੀਂ ਆਪਣੀ ਮਾਯਾ ਰੋਕ ਲਓ। ਬਿਸ਼ਨੂੰ ਨੇ ਮਾਯਾ ਰੋਕ ਲਈ ਤਾਂ ਓਹ ਜੰਮਿਆ, ਜਿਸ ਦਾ ਨਾਮ ਸੁਕਦੇਵ ਰੱਖਿਆ। ਓਸ ਸਮੇਂ ਨੌਂ ਨਾਥ ਚੁਰਾਸੀ ਸਿੱਧ ਛੀ ਜਤੀ ਜੰਮੇਂ। ਏਹ ਪੁਰਾਣ ਦੀ ਕਥਾ ਲਿਖਣ ਵਾਲੇ ਨੇ ਜ਼ਰਾ ਭਰ ਨਹੀਂ ਸੋਚਿਆ ਕਿ ਜਿਨ੍ਹਾਂ ਦੇ ਨਾਉਂ ਅਸੀਂ ਲਿਖਦੇ ਹਾਂ ਓਨ੍ਹਾਂ ਦੇ ਜਨਮਾਂ ਦਾ ਤਾਂ ਸੈਂਕੜੇ ਹਜ਼ਾਰਾਂ ਬਰਸ ਦਾ ਅੱਗੇ ਪਿੱਛੇ ਦਾ ਫ਼ਰਕ ਹੈ।

*ਪੰਗ੍ਰ ਦੇਸ ਵਿੱਚ ੬ ਮਹੀਨੇ ਬਰਫ ਪੈਂਦੀ ਹੈ। ਵਸਨੀਕ ਕੰਦਰਾਂ ਅੰਦਰ ਰਹਿੰਦੇ ਹਨ। ਗਊਆਂ ਭੇਡਾਂ ਅੰਦਰ ਰੱਖਦੇ ਹਨ। ਮੇਵਾ ਕੋਈ ਨਹੀਂ ਹੁੰਦਾ। ਜੂਠ ਸੁੱਚ ਦਾ ਪ੍ਰਹੇਜ਼ ਨਹੀਂ। ਬੈਸਾਖ ਵਿੱਚ ਇੱਕ ਬੂਟੀ ਗਾਜਰ ਵਰਗੀ ਪੈਦਾ ਹੋ ਕੇ ਭਾਦ੍ਰੋਂ ਵਿੱਚ ਪੱਕਦੀ ਹੈ। ਓਹ ਬੂਟੀ ਅਤੇ ਘਾਸ, ਲੱਕੜੀ ਆਦਿਕ ਸਭ ਸਾਮਾਨ ਛੇ ਮਹੀਨੇ ਦਾ ਅੰਦਰੀਂ ਲੈ ਵੜਦੇ ਹਨ। ਭਲਾ ਬੁਰਾ ਕੁਛ ਨਹੀਂ ਜਾਣਦੇ। ਮਨੁੱਖ ਪਸ਼ੂ ਹਨ। ਸ਼ਾਦੀ ਮਨ ਪਸੰਦ ਹੁੰਦੀ ਹੈ। ਤੋ ਬੀ ਔਰਤ ਮਰਦ ਨੂੰ ਕੋਈ ਰੋਕ ਨਹੀਂ।

+ਏਸੇ ਮਨਮਹੇਸ਼ ਪਰਬਤ ਪਰ ਪੁਰਾਣਾਂ ਵਿੱਚ ਕੈਲਾਸ ਦਾ ਦਰਵਾਜਾ ਤੇ ਕੈਲਾਸ ਵਿੱਚ ਸ਼ਿਵਜੀ ਦਾ ਨਿਵਾਸ ਲਿਖਿਆ ਹੈ। ਏਹ ਪਰਬਤ ਬਹੁਤ ਉੱਚੇ ਤੇ ਚਾਂਦੀ ਵਾਂਗੂੰ ਚਮਕੀਲਾ ਤੇ ਚਿਕਨਾ ਹੋਣੇ ਕਰ ਚਾਂਦੀ ਦਾ ਪਰਬਤ ਲਿਖਿਆ ਹੈ।

++ਕੁੱਲੂ ਦੇਸ ਦਾ ਰਿਵਾਜ ਹੈ ਕਿ ਜੇਕਰ ਇੱਕ ਭਾਈ ਬਜਾਹਿਆ ਜਾਵੇ ਤਾਂ ਬਾਕੀ ਦੇ ਭਾਈ ਸ਼ਾਦੀ ਨਹੀਂ ਕਰਦੇ ਓਸੇ ਨਾਲ ਉਜਾਗਰ ਗ੍ਰਿਹਸਤ ਕਰਦੇ ਹਨ। ਪਰ ਪੁੱਤ੍ਰ ਧੀਆਂ ਸ਼ਾਦੀ ਵਾਲੇ ਦੇ ਹੀ ਕਹਾਉਂਦੇ ਹਨ। ਤੇ ਜੇਕਰ ਕੋਈ ਦੂਸਰਾ ਭਾਈ ਸ਼ਾਦੀ ਕਰ ਲਵੇ ਤਾਂ ਬਾਪ ਦਾਦੇ ਦੀ ਜਾਇਦਾਦ ਓਸ ਨੂੰ ਨਹੀਂ ਮਿਲਦੀ।

**ਏਥੇ ਚੰਬਾਲੀ ਨਾਮ ਜੋਗਣ ਲੂਣਿਏ ਸਿੱਧੇ ਦੀ ਚੇਲੀ ਹੋਈ ਹੈ, ਜਿਸ ਦਾ ਨਾਮ ਮੰਤ੍ਰਾਂ ਵਿੱਚ ਲੂਣਾਂ ਚਮਾਰੀ ਉਚਾਰਦੇ ਹਨ। ਏਸੇ ਦੀਆਂ ਚੇਲੀਆਂ ਜੋਗਣਾਂ ਮਸ਼ਹੂਰ ਹਨ। ਪਰਬਤੀ ਓਨ੍ਹਾਂ ਨੂੰ ਬਹੁਤ ਮੰਨਦੇ ਪੂਜਦੇ ਹਨ। ਓਹ ਆਦਮੀ ਨੂੰ ਨਹੀਂ ਛੂੰਹਦੀਆਂ। ਜੇ ਕੋਈ ਛੁਹਿ ਜਾਏ ਤਾਂ ਓਸ ਨੂੰ ਕੱਟ ਕੇ ਕੁੱਤਿਆਂ ਨੂੰ ਖੁਵਾਇ ਦਿੰਦੀਆਂ ਹਨ। ਜੋਗ ਅਭਿਆਸ ਤੇ ਜੰਤ੍ਰ ਮੰਤ੍ਰ ਕੁਮਾਉਂਦੀਆਂ ਹਨ। ਪੀਂਘਾਂ ਪਾ ਕੇ ਝੂਟਦੀਆਂ ਰਹਿੰਦੀਆਂ ਹਨ, ਅੰਨ ਨਹੀਂ ਖਾਂਦੀਆਂ। ਕੇਵਲ ਦੁੱਧ ਅੰਦਾਜ਼ੇ ਮਾਫਿਕਾ ਪੀਂਦੀਆਂ ਹਨ। ਦੋ ਦੋ ਤਿੰਨ ਤਿੰਨ ਸੌ ਬਰਸ ਦੀਆਂ ਹੋ ਕੇ ਹਮਾਲੇ ਦੀਆਂ ਕੰਧਰਾਂ ਅੰਦਰ ਜਾ ਵੜਦੀਆਂ ਹਨ। ਮਰੀ ਹੋਈ ਜੋਗਣ ਕਹਿੰਦੇ ਹਨ ਕਦੇ ਕਿਸੇ ਨੇ ਨਹੀਂ ਦੇਖੀ।

ਲਿਖਯਾ ਹੈ ਕਿ ਓਹੋ ਘੋਰੀ ਹਮੇਸ਼ ਗੁਰੂ ਘਰ ਦੀ ਟਹਿਲ ਵਿੱਚ ਕਾਯਮ ਰਹਿ ਕੇ ਕਮਲੀਆ ਨਾਮ ਕਰ ਕੇ ਮਸ਼ਹੂਰ ਹੋਯਾ ਹੈ। ਏਸੇ ਮਨਕੋਟ ਸ਼ਹਿਰ ਵਿੱਚ ਓਹ ਗੁਫ਼ਾ ਹੈ ਜਿੱਥੋਂ ਦੀ ਜਾ ਕੇ ਬਬਰ ਬਾਹਨ ਰਾਜਾ ਸ਼ੇਸ਼ਨਾਗ ਪਾਸੋਂ ਅਰਜਨ ਦੇ ਜੀਵਾਵਣ ਵਾਸਤੇ ਮਣੀ ਲਿਆਇਆ ਸੀ। ਏਥੋਂ ਅੱਗੇ ਮਾਨਸਰ ਤੇ ਸਰੂ ਈਸਰ ਨੂੰ ਦੇਖਦੇ ਹੋਏ ਬੈਸ਼ਨੋ ਦੇਵੀ* ਦੀ ਜਗਾਹ ਜਾ ਦੇਖੀ। ਏਸ ਪਹਾੜ ਦੇ ਤਿੰਨ ਕਿੰਗਰੇ ਬਹੁਤ ਉੱਚੇ ਹਨ ਜਿਸ ਕਰ ਕੇ ਇਸ ਨੂੰ ਤ੍ਰਿਕੁਟਾ ਭੀ ਆਖਦੇ ਹਨ। ਸਾਵਣ ਤੋਂ ਕੱਤਕ ਮਹੀਨੇ ਤੱਕ ਯਾਤ੍ਰੀ ਬਹੁਤ ਜਾਂਦੇ ਹਨ। ਏਥੋਂ ਦੀ ਗੁਫ਼ਾ ਦਾ ਨਾਮ ਪੰਡਯਾਂ ਨੇ ਗਰਭ ਜੋਨਿ ਰੱਖਿਆ ਹੈ। ਏਸ ਗੁਫ਼ਾ ਦੇ ਬੂਹੇ ਅੱਗੇ ਬੈਠ ਕੇ ਬਾਬੇ ਜੀ ਨੇ ਏਹ ਸ਼ਬਦ ਉਚਾਰਿਆ:

ਛੋਡਹੁ ਪ੍ਰਾਣੀ ਕੂੜ ਕਬਾੜਾ ॥
ਕੂੜੁ ਮਾਰੇ ਕਾਲੁ ਉਛਾਹਾੜਾ ॥
ਸਾਕਤ ਕੂੜਿ ਪਚਹਿ ਮਨਿ ਹਉਮੈ
ਦੁਹੁ ਮਾਰਗਿ ਪਚੈ ਪਚਾਈ ਹੇ ॥੬॥
ਛੋਡਿਹੁ ਨਿੰਦਾ ਤਾਤਿ ਪਰਾਈ ॥
ਪੜਿ ਪੜਿ ਦਝਹਿ ਸਾਤਿ ਨ ਆਈ ॥
ਮਿਲਿ ਸਤਸੰਗਤਿ ਨਾਮੁ ਸਲਾਹਹੁ
ਆਤਮ ਰਾਮੁ ਸਖਾਈ ਹੇ ॥੭॥
ਛੋਡਹੁ ਕਾਮ ਕ੍ਰੋਧੁ ਬੁਰਿਆਈ ॥
ਹਉਮੈ ਧੰਧੁ ਛੋਡਹੁ ਲੰਪਟਾਈ ॥
ਸਤਿਗੁਰ ਸਰਣਿ ਪਰਹੁ ਤਾ ਉਬਰਹੁ
ਇਉ ਤਰੀਐ ਭਵਜਲੁ ਭਾਈ ਹੇ ॥੮॥

(ਮਾਰੂ, ਮ: ੧ - ੧੦੨੫)

ਇਤਯਾਦਿਕ।

ਏਹ ਸ਼ਬਦ ਸੁਣ ਕੇ ਪੰਡੇ ਹੈਰਾਨ ਹੋ ਖੜੋਤੇ ਤੇ ਆਪਣੀ ਕਰਤੂਤ ਪਰ ਪਛਤਾ ਕੇ ਬਾਬੇ ਜੀ ਦੇ ਚਰਨੀਂ ਆ ਪਏ।

ਏਥੋਂ ਨੇੜੇ ਹੀ ਇੱਕ ਜਗ੍ਹਾ ਮੈਂਹਦੀ ਪੈਗੰਬਰ ਦੇ ਨਾਮ ਪਰ ਕਲਪੀ ਹੋਈ ਹੈ। ਓਥੋਂ ਦੇ ਮਜਾਵਰ ਭੀ ਬਾਬੇ ਦੀ ਧਾਂਕ ਸੁਣ ਕੇ ਆਏ ਤਾਂ ਬਾਬੇ ਨੇ ਓਹਨਾਂ ਪ੍ਰਤਿ ਏਹ ਸ਼ਲੋਕ ਉਚਾਰਿਆ:

---

*ਇਸ ਦੇਵੀ ਨੂੰ ਨਾਲੀਯੇਰ, ਧੁਜਾ, ਛੱਤ੍ਰ, ਰੁਪੱਯਾ ਪੈਸਾ ਚੜ੍ਹਦਾ ਹੈ। ਸ਼ਰਾਬ ਮਾਸ ਯਾ ਬੱਕਰਾ ਨਹੀਂ ਚੜ੍ਹਦਾ। ਏਥੇ ਮੂਰਤੀ ਭੀ ਨਹੀਂ ਪੂਜੀ ਦੀ ਦੇਵੀ ਦੇ ਕੁਚ ਅਰਥਾਤ ਮੰਮਯਾਂ ਦੇ ਚਿੰਨ੍ਹ ਜਿਨ੍ਹਾਂ ਦਾ ਨਾਮ ਪਿੰਡੀਆਂ ਹੈ ਪੂਜੀ ਦੇ ਹਨ, ਜੋਤਾਂ (ਦੀਵਯਾਂ) ਦਾ ਤੇ ਤ੍ਰਿਸ਼ੂਲ ਦਾ ਦਰਸ਼ਨ ਹੁੰਦਾ ਹੈ। ਜਿਸ ਸ਼ਖਸ ਨੇ ਏਹ ਪਿੰਡੀਆਂ ਬਣਾਈਆਂ ਹਨ ਓਹ ਅਕਲ ਚੰਗੀ ਰੱਖਦਾ ਸੀ। ਏਹ ਗੁਫ਼ਾ ਮੀਲ ਲੰਬੀ ਤੇ ਦੋ ਗਜ਼ ਚੌੜੀ ਹੈ। ਏਸ ਦੇ ਵਿੱਚ ਪਾਣੀ ਪਰਬਤ ਵਿੱਚੋਂ ਢਲ ਕੇ ਇੱਕ ਘੁਰਾਟ ਦਾ ਹੋ ਕੇ ਨਿੱਕਲਦਾ ਹੈ, ਜਿਸ ਨੂੰ ਚਰਨ ਗੰਗਾ ਆਖਦੇ ਹਨ। ਏਥੇ ਦੀਵੇ ਦੇ ਚਾਨਣੇ ਨਾਲ ਗਿੱਟੇ-ਗਿੱਟੇ ਪਾਣੀ ਨੰਗੇ ਪੈਰੀਂ ਜਾਣਾ ਹੁੰਦਾ ਹੈ। ਏਸ ਗਰਭ ਜੋਨ ਦਾ ਮੂੰਹ ਇਤਨਾ ਛੋਟਾ ਹੈ ਕਿ ਮੋਟਾ ਆਦਮੀ ਮੁਸ਼ਕਿਲ ਲੰਘਦਾ ਹੈ। ਏਹ ਨਾਮ ਭੀ ਕਿਸੇ ਬੇਸਮਝ ਨੇ ਰੱਖਯਾ ਹੈ ਕਿਉਂਕਿ ਜਿਸ ਦੇਵੀ ਨੂੰ ਮਾਤਾ ਆਖੀਏ ਓਸ ਦੀ ਯੋਨੀ ਵਿੱਚ ਵੜਨਾ ਨਿਕਲਨਾ ਕਹਿਣਾ ਬਹੁਤ ਅਨੁਚਿਤ ਹੈ। ਗੁਫ਼ਾ ਤੋਂ ਬਾਹਰ ਉੱਤਰ ਕੇ ਯਾਤ੍ਰੀ ਲੋਕ ਭੇਜਕਣੀਆਂ ਨੂੰ ਕੰਜਕਾਂ ਆਖ ਕੇ ਗਹਿਣੇ, ਕੱਪੜੇ, ਮਿਠਾਈ ਦਿੰਦੇ ਹਨ। ਹੰਸਾਲੀ ਪਿੰਡ ਤੋਂ ਸੱਤ ਕੋਸ ਦੀ ਚੜ੍ਹਾਈ ਪਰ ਅੱਗੇ ਭੋਜਕੀਆਂ ਦਾ ਪਿੰਡ ਫੱਲ੍ਹਾਂ ਨਾਮ ਹੈ ਸਭ ਯਾਤ੍ਰੂ ਏਥੇ ਠਹਿਰ ਕੇ ਅੱਗੇ ਜਾਂਦੇ ਹਨ। ਏਥੋਂ ਦੇ ਮੁੰਡੇ ਦੌਲਤਮੰਦ ਨੂੰ ਤਾੜ ਕੇ ਯਾਤ੍ਰੂਆਂ ਤੋਂ ਗੱਲਾਂ ਸੁਣ ਸੁਣ ਭੇਤ ਲੈ ਕੇ ਅੱਗੇ ਜਾ ਪੰਡਿਆਂ ਨੂੰ ਦੱਸਦੇ ਹਨ। ਓਹ ਜੋਤ ਬੁਝਾ ਕੇ ਰੌਲਾ ਪਾ ਦਿੰਦੇ ਹਨ ਕਿ ਕੋਈ ਆਪਣੇ ਗੋਤ ਦੀ ਯਾ ਆਪਣੇ ਛੋਟੇ ਵੱਡੇ ਥਾਉਂ ਲੱਗਦੀ ਇਸਤ੍ਰੀ ਨੂੰ ਤੱਕਣ ਵਾਲਾ ਯਾ ਸ਼ਰਾਬ ਮਾਸ ਖਾਣ ਵਾਲਾ ਯਾ ਛਲ ਚੋਰੀ ਕਰਨ ਵਾਲਾ ਪਾਪੀ ਅੰਦਰ ਆਇਆ ਹੈ, ਜਿਸ ਕਰ ਕੇ ਮਾਤਾ ਦੀਆਂ ਜੋਤਾਂ ਠੰਢੀਆਂ ਹੋ ਗਈਆਂ ਹਨ। ਓਹ ਪਾਪੀ ਨੂੰ ਬਾਹਰ ਕੱਢੋ ਯਾ ਓਹ ਮਾਤਾ ਦੀ ਨਜ਼ਰ ਭੇਤ ਦੇਣੀ ਮੰਨੇ, ਤਾਂ ਜੋਤਾਂ ਜਗਣਗੀਆਂ। ਏਹ ਸੁਣ ਕੇ ਯਾਤ੍ਰੀ ਲੋਕ ਆਪਣੇ ਕਰਮਾਂ ਨੂੰ ਵਿਚਾਰ ਆਪ ਨੂੰ ਪਾਪੀ ਮੰਨ ਕੇ ਬਹੁਤ ਬਹੁਤ ਸੁੱਖਣਾ ਸੁੱਖ ਲੈਂਦੇ ਹਨ। ਕਿਉਂਕਿ ਜਿਨ੍ਹਾਂ ਕਰਮਾਂ ਦਾ ਓਹ ਨਾਮ ਲੈਂਦੇ ਹਨ ਓਨ੍ਹਾਂ ਤੋਂ ਕੋਈ ਨਹੀਂ ਬਚਿਆ ਹੁੰਦਾ। ਥੋੜ੍ਹੇ ਚਿਰ ਪਿੱਛੋਂ ਫੇਰ ਦੀਵੇ ਜਗਾ ਦੇਂਦੇ ਹਨ। ਅਗਯਾਨੀ ਯਾਤ੍ਰੀ ਆਪਣੀ ਸੁਖਣਾ ਦਾ ਫ਼ਲ ਜੋਤਾਂ ਦਾ ਜਗਣਾ ਸਮਝ ਕੇ ਨਜ਼ਰ ਭੇਟ ਖ਼ੁਸ਼ੀ ਹੋ ਕੇ ਦਿੰਦੇ ਹਨ। ਏਸ ਫਰੇਬ ਨਾਲ ਪੰਡੇ ਭਰਮੀ ਜੀਵਾਂ ਨੂੰ ਲੁੱਟਦੇ ਹਨ। ਏਸ ਪਰਬਤ ਤੋਂ ਪਰਲੀ ਤਰਫ ਚਨਾਬ ਨਦੀ ਬਹਿੰਦੀ ਹੈ ਤੇ ਤਾਰੇ ਵਾਂਗੂੰ ਚਮਕਦੀ ਹੈ। ਪਹਾੜੀ ਲੋਕ ਛਿਕਯਾਂ ਨਾਲ ਪਾਰ ਹੋ ਕੇ ਕਸ਼ਮੀਰ ਨੂੰ ਜਾਂਦੇ ਹਨ। ਏਸ ਰਸਤੇ ਭਾਵੇਂ ਕਸ਼ਮੀਰ ੩੫ ਕੋਹ ਹੈ ਪਰ ਜਾਣਾ ਸਿਰ ਦਾ ਵੱਟਾ ਹੈ।

ਸਲੋਕੁ ਮਃ ੧ ॥
ਕੂੜੁ ਬੋਲਿ ਮੁਰਦਾਰੁ ਖਾਇ ॥
ਅਵਰੀ ਨੋ ਸਮਝਾਵਣਿ ਜਾਇ ॥
ਮੁਠਾ ਆਪਿ ਮੁਹਾਏ ਸਾਥੈ ॥
ਨਾਨਕ ਐਸਾ ਆਗੂ ਜਾਪੈ ॥੧॥

(ਵਾਰ-ਮਾਝ, ਮਃ ੧ - ੧੩੯)

ਏਹ ਸ਼ਬਦ ਸੁਣ ਕੇ ਓਨ੍ਹਾਂ ਦੀ ਨਿਸ਼ਾ ਹੋਈ ਕਿਉਂਕਿ ਪੰਡਿਆਂ ਨੇ ਦੇਵੀ ਦਾ ਬਹਾਨਾ ਬਣਾਯਾ ਹੋਯਾ ਹੈ ਤੇ ਮਜਾਵਰਾਂ ਨੇ ਮੈਂਹਦੀ ਦੇ ਘੋੜੇ ਦੇ ਵਾਲ ਥੱਪ ਰੱਖੇ ਹਨ ਜੋ ਮੂਰਖ ਲੋਕ ਬਾਲਕਾਂ ਦੇ ਗਲ ਬੰਨ੍ਹਣ ਲਈ ਲੈ ਜਾਂਦੇ ਹਨ।

ਬਾਬਾ ਜੀ ਓਹਨਾਂ ਨੂੰ ਪਰਮੇਸ਼੍ਵਰ ਪ੍ਰਾਇਣ ਕਰ ਜੰਮੂ ਵੰਨੀਂ ਉੱਤਰ ਆਏ। ਏਥੇ ਜਾਮਵੰਤ ਦੀ ਗੁਫਾ* ਦੇ ਪੁਜਾਰੀ ਜੋਗੀ ਵੱਡੇ ਹੰਕਾਰੀ ਜੰਤ੍ਰੀ, ਮੰਤ੍ਰੀ, ਜਾਦੂਗਰ ਬਣ ਕੇ ਲੋਕਾਂ ਨੂੰ ਠੱਗ ਰਹੇ ਸੇ, ਓਹ ਚਰਚਾ ਕਰਨ ਆ ਲੱਗੇ ਤਾਂ ਬਾਬੇ ਜੀ ਨੇ ਏਹ ਸ਼ਬਦ ਉਚਾਰਿਆ:

ਰਾਮਕਲੀ ਮਹਲਾ ੧ ॥
ਜਗੁ ਪਰਬੋਧਹਿ ਮੜੀ ਬਧਾਵਹਿ ॥
ਆਸਣੁ ਤਿਆਗਿ ਕਾਹੇ ਸਚੁ ਪਾਵਹਿ ॥
ਮਮਤਾ ਮੋਹੁ ਕਾਮਣਿ ਹਿਤਕਾਰੀ ॥
ਨਾ ਅਉਧੂਤੀ ਨਾ ਸੰਸਾਰੀ ॥੧॥
ਜੋਗੀ ਬੈਸਿ ਰਹਹੁ ਦੁਬਿਧਾ ਦੁਖੁ ਭਾਗੈ ॥
ਘਰਿ ਘਰਿ ਮਾਗਤ ਲਾਜ ਨ ਲਾਗੈ ॥੧॥ ਰਹਾਉ ॥
ਗਾਵਹਿ ਗੀਤ ਨ ਚੀਨਹਿ ਆਪੁ ॥
ਕਿਉ ਲਾਗੀ ਨਿਵਰੈ ਪਰਤਾਪੁ ॥
ਗੁਰ ਕੈ ਸਬਦਿ ਰਚੈ ਮਨ ਭਾਇ ॥
ਭਿਖਿਆ ਸਹਜ ਵੀਚਾਰੀ ਖਾਇ ॥੨॥
ਭਸਮ ਚੜਾਇ ਕਰਹਿ ਪਾਖੰਡੁ ॥
ਮਾਇਆ ਮੋਹਿ ਸਹਹਿ ਜਮ ਡੰਡੁ ॥
ਫੂਟੈ ਖਾਪਰੁ ਭੀਖ ਨ ਭਾਇ ॥
ਬੰਧਨਿ ਬਾਧਿਆ ਆਵੈ ਜਾਇ ॥੩॥
ਬਿੰਦੁ ਨ ਰਾਖਹਿ ਜਤੀ ਕਹਾਵਹਿ ॥
ਮਾਈ ਮਾਗਤ ਤ੍ਰੈ ਲੋਭਾਵਹਿ ॥
ਨਿਰਦਇਆ ਨਹੀ ਜੋਤਿ ਉਜਾਲਾ ॥
ਬੂਡਤ ਬੂਡੇ ਸਰਬ ਜੰਜਾਲਾ ॥੪॥
ਭੇਖ ਕਰਹਿ ਖਿੰਥਾ ਬਹੁ ਥਟੂਆ ॥
ਝੂਠੋ ਖੇਲੁ ਖੇਲੈ ਬਹੁ ਨਟੂਆ ॥
ਅੰਤਰਿ ਅਗਨਿ ਚਿੰਤਾ ਬਹੁ ਜਾਰੇ ॥
ਵਿਣੁ ਕਰਮਾ ਕੈਸੇ ਉਤਰਸਿ ਪਾਰੇ ॥੫॥

---

*ਤਵੀ ਨਦੀ ਕਿਨਾਰੇ ਰਾਜ ਮਹਿਲਾਂ ਦੇ ਪਿੱਛੇ ਜੋਗੀਆਂ ਨੇ ਇੱਕ ਗੁਫ਼ਾ (ਜਿਸ ਦੇ ਨਾਮ ਪਰ ਜੰਮੂ ਨਗਰ ਹੈ) ਜਾਮਵੰਤ ਦੇ ਨਾਮ ਪਰ ਕਲਪ ਰੱਖੀ ਹੈ। ਓਸ ਵਿੱਚ ਪੌਣ ਪੈ ਕੇ ਸ਼ੂੰ ਸ਼ੂੰ ਸ਼ਬਦ ਹੁੰਦਾ ਹੈ, ਤਾਂ ਜੋਗੀ ਆਖਦੇ ਹਨ ਦੇਖੋ ਜਾਮਵੰਤ ਅੰਦਰ ਬੈਠਾ ਸਾਹ ਲੈਂਦਾ ਹੈ ਤੇ ਇੱਛਜਾਧਾਰੀ ਅਮਰ ਹੈ, ਬਡਭਾਗੀਆਂ ਨੂੰ ਦਰਸ਼ਨ ਹੁੰਦਾ ਹੈ। ਏਹ ਸੁਣ ਕੇ ਮੂਰਖ ਲੋਕ ਸੱਚ ਮੰਨ ਕੇ ਬਹੁਤ ਪੂਜਾ ਕਰਦੇ ਹਨ। ਏਥੇ ਰਾਜਾ ਵੱਲੋਂ ਜਾਗੀਰ ਹੈ। ਏਸੇ ਤਰ੍ਹਾਂ ਓਥੇ ਇੱਕ ਖੱਡ ਦਾ ਨਾਮ ਰਾਮ ਖੋਹ ਰੱਖ ਛੱਡਿਆ ਹੈ। ਔਰੰਗਜ਼ੇਬ ਦੇ ਸਮੇਂ ਓਹ ਬੈਰਾਗੀ ਸਾਧਾਂ ਤੋਂ ਮੁਸਲਮਾਨਾਂ ਨੇ ਛੀਨ ਕੇ ਓਸ ਦਾ ਨਾਮ ਪੀਰ ਖੋਖ ਮਸ਼ਹੂਰ ਕਰ ਦਿੱਤਾ। ਓਦੋਂ ਦਾ ਹੁਣ ਤੱਕ ਓਹੋ ਨਾਮ ਹੈ।

ਮੁੰਦ੍ਰਾ ਫਟਕ ਬਨਾਈ ਕਾਨਿ ॥
ਮੁਕਤਿ ਨਹੀ ਬਿਦਿਆ ਬਿਗਿਆਨਿ ॥
ਜਿਹਵਾ ਇੰਦ੍ਰੀ ਸਾਦਿ ਲੋੁਭਾਨਾ ॥
ਪਸੂ ਭਏ ਨਹੀ ਮਿਟੈ ਨੀਸਾਨਾ ॥੬॥
ਤ੍ਰਿਬਿਧਿ ਲੋਗਾ ਤ੍ਰਿਬਿਧਿ ਜੋਗਾ ॥
ਸਬਦੁ ਵੀਚਾਰੈ ਚੂਕਸਿ ਸੋਗਾ ॥
ਊਜਲੁ ਸਾਚੁ ਸੁ ਸਬਦੁ ਹੋਇ ॥
ਜੋਗੀ ਜੁਗਤਿ ਵੀਚਾਰੇ ਸੋਇ ॥੭॥
ਤੁਝ ਪਹਿ ਨਉ ਨਿਧਿ ਤੂ ਕਰਣੈ ਜੋਗੁ ॥
ਥਾਪਿ ਉਥਾਪੇ ਕਰੇ ਸੁ ਹੋਗੁ ॥
ਜਤੁ ਸਤੁ ਸੰਜਮੁ ਸਚੁ ਸੁਚੀਤੁ ॥
ਨਾਨਕ ਜੋਗੀ ਤ੍ਰਿਭਵਣ ਮੀਤੁ ॥੮॥੨॥

(ਰਾਮਕਲੀ, ਮਃ ੧ - ੯੦੩)

ਇਤਯਾਦਿਕ ਸਾਰਾ ਸ਼ਬਦ ਸੁਣ ਕੇ ਜੋਗੀਆਂ ਨੇ ਚਰਨ ਫੜ ਲਏ, ਕਿਉਂਕਿ ਜੋ ਜੋ ਕਰਮ ਓਹ ਕਰਦੇ ਸੇ ਸੋ ਸਾਰੇ ਹੀ ਬਾਬੇ ਨੇ ਸ਼ਬਦ ਵਿੱਚ ਵਰਣਨ ਕਰ ਦਿੱਤੇ। ਓਹਨਾਂ ਨਿੰਮ੍ਰਤਾ ਦੇਖ ਕੇ ਦੰਭ, ਛਲ, ਭੈਰੋਂ ਦੀ ਪੂਜਾ ਭੈਰਵੀ ਚੱਕ੍ਰ ਆਦਿਕ ਵਿਕਰਮ ਕਰਨੇ ਛੁਡਾ ਕੇ ਈਸ਼੍ਵਰ ਦੀ ਭਗਤੀ ਕਰਨ ਲਾਯਾ।

ਓਥੋਂ ਤਵੀ ਨਦੀ (ਜੋ ਜੰਮੂ ਸ਼ਹਿਰ ਦੇ ਚੁਫੇਰੇ ਫਿਰਦੀ ਹੈ) ਪਾਰ ਹੋ ਬਾਹੂ ਦਾ ਕਿਲ੍ਹਾ, ਕਾਲੀ ਦਾ ਮੰਦਰ (ਜੋ ਬਾਹੂ ਰਾਜੇ ਦੇ ਬਣਾਏ ਹੋਏ ਹੁਣ ਤੱਕ ਕਾਇਮ ਹਨ) ਦੇਖ ਕੇ ਓਥੋਂ ਪੰਦ੍ਰਾਂ ਕੋਹ ਪਰਮੰਡਲ ਤੀਰਥ ਦੇ ਇਸ਼ਨਾਨ ਕਰ ਮੇਲਾ ਜਾ ਦੇਖਯਾ। ਏਥੇ ਸ਼ਿਵਾਲੇ ਦੀ ਕੰਧ ਨਾਲ ਗਿਦੜੀ ਦੀ ਮੂਰਤ ਹੈ। ਆਖਦੇ ਹਨ ਓਥੋਂ ਦੀ ਰਾਣੀ ਗਿਦੜੀ ਦੀ ਸ਼ਕਲ ਹੋ ਗਈ ਸੀ ਜੋ ਬਾਬੇ ਦੇ ਚਰਨ ਪਰਸ ਕੇ ਬੈਕੁੰਠ ਨੂੰ ਗਈ। ਹੁਣ ਖ਼ਾਲੀ ਮੂਰਤ ਰਹਿ ਗਈ ਹੈ। ਅੱਗੇ ਬੋਲਦੀ ਸੀ ਪਰ ਹੁਣ ਨਹੀਂ ਬੋਲਦੀ। ਏਹ ਕਹਾਵਤ ਓਹ ਲੋਗ ਕਰਦੇ ਹਨ।

ਸੁਲਤਾਨਪੁਰ ਪਹੁੰਚਣਾ

ਓਥੋਂ ਦੇਵਕੀ ਨਦੀ ਪਾਰ ਹੋ ਬਾਬਾ ਜੀ ਚਲੈਣੀ† ਪਿੰਡ ਪਹੁੰਚੇ ਤੇ ਓਥੋਂ ਦੇ ਲੋਗ ਦੋ ਸ਼ਿਵਲਿੰਗ ਨੂੰ ਹੀ ਰੱਬ ਕਰ ਕੇ ਮੰਨ ਰਹੇ ਸੇ। ਓਨ੍ਹਾਂ ਨੂੰ ਸੱਚੇ ਰੱਬ ਦੀ ਭਗਤੀ ਕਰਨ ਲਾ ਕੇ ਅੱਗੇ ਜਸਰੋਟੇ ਨੂੰ ਹੋ ਕੇ ਮਾਧੋਪੁਰ (ਜਿਥੋਂ ਹੁਣ ਰਾਵੀ ਨਦੀ ਵਿੱਚੋਂ ਵੱਡੀ ਭਾਰੀ ਨਹਿਰ ਨਿਕਲੀ ਹੈ, ਜਿਸ ਦੀਆਂ ਸ਼ਾਖਾਂ ਨਾਲ ਮਾਝੇ ਤੇ ਲਾਮੇਂ ਦੇਸ਼ ਵਿੱਚ ਪਾਣੀ ਮਿਲਦਾ ਹੈ) ਹੁੰਦੇ ਹੋਏ ਸੁਜਾਨਪੁਰ, ਪਠਾਨਕੋਟ, ਗੁਰਦਾਸਪੁਰ ਆਦਿਕ ਪਿੰਡਾਂ ਵਿੱਚ ਦੀ ਬਜਾਸਾ ਪਾਰ ਹੋ ਬੀਬੀ ਨਾਨਕੀ ਜੀ ਦੇ ਯਾਦ ਕਰਨੇ ਪਰ ੧੭ ਕੱਤਕ ਸੰਮਤ ੧੫੭੫ ਬਿਕ੍ਰਮੀ ਨੂੰ ਸੁਲਤਾਨਪੁਰ ਨੂੰ ਜਾ ਨਿਹਾਲ ਕੀਤਾ। ਬੀਬੀ ਨਾਨਕੀ ਨੂੰ ਤਾਂ ਚੰਦ ਚੜ੍ਹ ਗਿਆ, ਭਾਈ ਨੂੰ ਦੇਖ ਕੇ (ਜਿਸ ਨੂੰ ਓਹ ਪਰਮੇਸ਼ਵਰ ਦਾ ਰੂਪ ਮੰਨਦੀ ਸੀ) ਬਹੁਤ ਖ਼ੁਸ਼ ਹੋਈ। ਦੀਵਾਨ ਜੈਰਾਮ ਤੇ ਹੋਰ ਪ੍ਰਵਾਰ, ਸਿਖ, ਸੇਵਕ ਲੋਕ ਦਰਸ਼ਨ ਕਰਨ ਆਉਣ ਲੱਗੇ। ਜਦ ਦੋ ਦਿਨ ਓਥੇ ਰਹਿ ਕੇ ਬਾਬਾ ਜੀ ਤੁਰਨ ਲੱਗੇ ਤਾਂ ਬੀਬੀ ਨਾਨਕੀ ਜੀ ਨੇ ਆਖਯਾ, "ਭਾਈ ਜੀ! ਪਰਸੋਂ ਨੂੰ ਮੇਰੀ ਦੇਹ ਛੁੱਟੇਗੀ। ਸੋ ਓਤਨਾ ਚਿਰ ਆਪ ਏਥੇ ਰਹਿ ਕੇ ਦਰਸ਼ਨ ਦਿਓ ਤਾਂ ਚੰਗਾ ਹੈ।" ਬਾਬੇ ਆਖਯਾ, "ਭਲਾ ਬੇਬੇ ਜੀ! ਜੋ ਕਰਤਾਰ ਦਾ ਹੁਕਮ।" ਓਸੇ ਦਿਨ ਬੀਬੀ ਜੀ ਨੂੰ ਤਾਪ ਚੜ੍ਹ ਗਿਆ।" ਤੀਜੇ ਦਿਨ ਭਾਈ ਬਾਲੇ ਨੂੰ ਆਖਿਆ, "ਭਾਈਆ ਜੀ! ਤੁਸੀਂ ਪਾਸ ਬੈਠ ਕੇ ਜਪੁਜੀ ਸਾਹਿਬ ਦਾ ਪਾਠ ਸੁਣਾਉਂਦੇ ਰਹੋ।" ਓਹ ਜਪੁਜੀ ਸਾਹਿਬ ਪੜ੍ਹਨ ਲੱਗਾ। ਫੇਰ ਬੀਬੀ ਨਾਨਕੀ ਜੀ ਨੇ ਹੱਥ ਜੋੜ ਕੇ ਜੈਰਾਮ ਜੀ ਨੂੰ ਆਖਿਆ ਕਿ ਮੇਰਾ ਬੋਲ ਕੁਬੋਲ ਤੁਸਾਂ ਬਖ਼ਸ਼ ਲੈਣਾ। ਏਹ ਸੁਣ ਕੇ ਜੈਰਾਮ ਜੀ ਦਾ ਵੈਰਾਗ ਛੁੱਟ ਗਿਆ ਅਤੇ ਆਖਿਆ, "ਸਗੋਂ ਤੇਰੇ ਪਿੱਛੇ ਮੈਂ ਬਖਸ਼ਿਆ ਜਾਵਾਂਗਾ, ਕਿਉਂਕਿ ਤੇਰੇ ਸੰਬੰਧ ਨਾਲ ਮੈਨੂੰ ਸ੍ਰੀ ਗੁਰੂ ਨਾਨਕ ਜੀ ਦੇ ਦਰਸ਼ਨ ਹੁੰਦੇ ਹਨ। ਹੁਣ ਮੇਰੀ ਇਹ ਇੱਛਾ ਹੈ ਕਿ ਮੈਂ ਭੀ ਤੇਰੇ ਨਾਲ ਹੀ ਜਾਂਦਾ ਤਾਂ ਹੱਛਾ ਸੀ।" ਏਹ ਸੁਣ ਕੇ ਬੀਬੀ ਜੀ ਬੋਲੀ, "ਜੇ ਤੁਹਾਡੀ ਏਹੋ ਮਰਜ਼ੀ ਹੈ ਤਾਂ ਤੁਸਾਂ ਭੀ ਪਰਸੋਂ ਨੂੰ ਆ ਜਾਣਾ।" ਏਤਨਾ ਕਹਿ ਕਰ ਵਾਹਿਗੁਰੂ ਵਾਹਿਗੁਰੂ ਕਹਿੰਦੀ ਹੋਈ {ਬੇਬੇ ਨਾਨਕੀ ਜੀ ਪ੍ਰਲੋਕ ਗਮਨ} ਵਾਹਿਗੁਰੂ ਹੀ ਹੋ ਗਈ। ਜਿਕੂੰ ਕੋਈ ਸਰਾਂ ਵਿੱਚੋਂ ਤੁਰ ਜਾਂਦਾ ਹੈ, ਐਉਂ ਤੁਰ ਗਈ।

ਤੀਸਰੇ ਦਿਨ ਜੈਰਾਮ ਜੀ ਨੂੰ ਬੁਖਾਰ ਹੋ ਕੇ ਇੱਕੋ ਗੋਤਾ ਆਇਆ ਤੇ ਐਂਉ ਦੇਹ {ਜੈਰਾਮ ਜੀ ਪ੍ਰਲੋਕ ਗਮਨ} ਛੱਡ ਗਿਆ ਜਿਕੂੰ ਹਾਥੀ ਦੇ ਗਲ ਵਿੱਚੋਂ ਫ਼ੁੱਲ ਮਾਲਾ ਡਿੱਗ ਪੈਂਦੀ ਹੈ।

ਏਸ ਦੇ ਬਾਅਦ ਬਾਬਾ ਜੀ ਜਦ ਤੁਰਨ ਲੱਗੇ ਤਾਂ ਦੌਲਤਖਾਨ ਨਬਾਬ (ਜੋ ਘਰ ਵਿੱਚ ਬੀਮਾਰ ਪਿਆ ਹੋਯਾ ਸੀ) ਮਾਤਬਰ ਭੇਜ ਕੇ ਬੇਨਤੀ ਕੀਤੀ ਕਿ ਮੈਨੂੰ ਦਰਸ਼ਨ ਦੇ ਕੇ ਜਾਣਾ। ਬਾਬਾ ਜੀ ਨੇ ਭਾਈ ਬਾਲੇ ਸਮੇਤ ਓਸ ਨੂੰ ਦਰਸ਼ਨ ਜਾ ਦਿੱਤਾ ਅਤੇ ਆਖਯਾ, "ਖ਼ਾਨ ਜੀ! ਤੁਹਾਨੂੰ ਸਾਹਿਬ ਯਾਦ ਰਹੇ।" ਓਸ ਨੇ ਹੱਥ ਜੋੜ ਕੇ ਆਖਯਾ, "ਜਿਕੁਰ ਭੈਣ ਭਣੋਈਏ ਨੂੰ ਮੁਕਤਿ ਕੀਤਾ ਹਈ ਮੈਨੂੰ ਭੀ ਬਹਿਸ਼ਤ ਵਖਾਲ। ਪਹਿਲੇ ਮੈਂ ਹਾਕਮ ਸਾਂ ਪਰ ਹੁਣ ਤੇਰਾ ਮੁਰੀਦ ਹਾਂ।" ਬਾਬੇ ਆਖਯਾ ਹੁਣ ਤੈਨੂੰ ਦੁੱਖ ਮਾਯਾ ਮੋਹ ਨਾ ਬਿਆਪੇਗਾ। ਤੇਰੇ ਬਹਿਸ਼ਤ ਜਾਣ ਵਿੱਚ ਗਿਆਰਾਂ ਦਿਨ ਬਾਕੀ ਹਨ। ਸੋ ਤੂੰ ਕਰਤਾਰ ਕਰਤਾਰ ਜਪ ਤੇ ਦੌਲਤ, ਦੁਨੀਆਂ, ਕੁਟੰਬ ਸਭ ਕਰਤਾਰ ਦੇ ਸਮਝ। ਆਪਣੇ ਨਾ ਮੰਨ।" ਨਵਾਬ ਨੇ ਹੱਥ ਜੋੜ ਕੇ ਅਰਜ਼ ਕੀਤੀ ਮਹਾਰਾਜ ਜੇਕਰ ਯਾਰਾਂ ਦਿਨ ਮੇਰੇ ਪਾਸ ਨਹੀਂ ਠਹਿਰ ਸਕਦੇ ਤਾਂ ਭਾਈ ਬਾਲੇ ਨੂੰ ਛੱਡ ਜਾਓ। ਮੈਂ ਤੁਹਾਡੀ ਬਾਣੀ ਤਾਂ ਸੁਣਦਾ ਰਹਾਂਗਾ। ਬਾਬਾ ਜੀ ਨੇ ਆਖਿਆ, "ਭਾਈ ਬਾਲਾ! ਖ਼ਾਨ ਸਾਡਾ ਪਯਾਰਾ ਹਈ। ਤੂੰ ਏਥੇ ਰਹੁ, ਅਸੀਂ ਤੇਰੀ ਉਡੀਕ ਵਿੱਚ ਅਜਿੱਤੇ ਰੰਧਾਵੇ ਚੌਧਰੀ ਦੇ ਖੂਹ ਉੱਪਰ ਪੱਖੋਕੇ ਪਿੰਡ ਸਿਰੀ ਚੰਦ

---

† ਚਲੈਣੀ ਪਿੰਡ ਪਾਰਬਤੀ ਨੂੰ ਸ਼ਿਵਜੀ ਬਜਾਹੁਣ ਆਏ, ਓਦੋਂ ਦਾ ਸੁਧ ਮਹਾਂਦੇਵ ਦਾ ਮੰਦਰ ਹੁਣ ਤਾਈਂ ਹੈ। ਪਾਰਬਤੀ ਦੇ ਬਾਪ ਦੀ ਸੰਤਾਨ ਏਥੇ ਰਾਜ ਕਰਦੀ ਹੈ। ਏਸੇ ਬਜਾਹ ਦੀ ਕਥਾ ਤੁਲਸੀ ਰਾਮਾਯਣ ਵਿੱਚ ਲਿਖੀ ਹੈ। ਏਥੇ ਜੰਗਮ ਫ਼ਕੀਰ ਘੰਟੇ ਬਜਾ ਕੇ ਗਾਉਂਦੇ ਹਨ।

ਹੋਰਾਂ ਪਾਸ ਠਹਿਰਾਂਗੇ। ਤੁਸਾਂ ਖ਼ਾਨ ਦਾ ਕਾਰਜ ਕਰ ਕੇ {ਨਵਾਬ ਦੌਲਤ ਖਾਂ ਪ੍ਰਲੋਕ ਗਮਨ?} ਆਇ ਮਿਲਣਾ।"

ਬਾਬਾ ਜੀ ਤੁਰਨ ਲੱਗੇ ਤਾਂ ਦੌਲਤਖਾਨ ਨੇ ਪੰਜ ਬੁੱਕ ਭਰ ਕੇ ਅਸ਼ਰਫੀਆਂ ਦੇ ਅਤੇ ਕੁਛ ਹੀਰਾ, ਮੋਤੀ ਬਾਬੇ ਦੀ ਨਜ਼ਰ ਕੀਤੀ। ਬਾਬੇ ਜੀ ਆਖਜਾ, "ਏਸ ਮਾਯਾ ਦਾ ਕੱਪੜਾ, ਅੰਨ ਲੈ ਕੇ ਗ਼ਰੀਬਾਂ ਨੂੰ ਵੰਡ ਦਿਓ। ਸਾਨੂੰ ਕਰਤਾਰ ਨੇ ਬਹੁਤ ਕੁਛ ਬਖ਼ਸ਼ਯਾ ਹੈ। ਏਹ ਮਾਯਾ ਸਾਡੇ ਕੰਮ ਨਹੀਂ।" ਅਜਿੱਤਾ ਚੌਧਰੀ ਜੋ ਬਾਬੇ ਜੀ ਦਾ ਗੂੜ੍ਹਾ ਪ੍ਰੇਮੀ ਸੀ ਸੁਲਤਾਨਪੁਰ ਵਿੱਚ ਹੀ ਆ ਮਿਲਯਾ ਤੇ ਓਸ ਨਾਲ ਰਲ ਕੇ ਬਾਬਾ ਜੀ ਮੱਘਰ ਦੇ ਮਹੀਨੇ ਪੱਖੋਕੇ ਪਿੰਡ ਅਜਿੱਤੇ ਰੰਧਾਵੇ ਦੇ ਖੂਹ ਉੱਤੇ ਆ ਉੱਤਰੇ। ਏਨ੍ਹਾਂ ਦਾ ਆਵਣਾ ਸੁਣ ਕੇ ਮੂਲ ਚੰਦ ਸਹੁਰਾ ਤੇ ਚੰਦੋ ਰਾਣੀ ਸੱਸ ਭੀ ਬਾਬੇ ਪਾਸ ਆਏ। ਓਸੇ ਸਾਲ ਬਾਬੇ ਦੇ ਰਮਤ ਗਏ ਪਿੱਛੋਂ ਲਖਮੀਚੰਦ ਦਾ ਵਿਆਹ ਨਾਨਕੇ ਘਰ ਮੂਲਚੰਦ ਨੇ ਹੀ ਕੀਤਾ ਸੀ। ਏਸ ਕਰ ਕੇ ਬਾਬੇ ਦੇ ਘਰੋਂ ਮਾਤਾ ਸੁਲੱਖਣੀ ਜੀ ਭੀ ਓਥੇ ਹੀ ਸੀ। ਓਹ ਭੀ ਲਖਮੀ ਚੰਦ ਸਮੇਤ ਗੁਰੂ ਜੀ ਦੇ ਚਰਨੀਂ ਆ ਲੱਗੀ। ਹੱਥ ਜੋੜ ਕੇ ਬੇਨਤੀ ਕੀਤੀ ਕਿ ਮਹਾਰਾਜ! ਆਪ ਬਹੁਤ ਤੀਰਥ ਕਰ ਆਏ ਹੋ। ਹੁਣ ਕਰਤਾਰਪੁਰ ਚੱਲ ਕੇ ਬੈਠੋ। ਪੁਤ੍ਰਾਂ ਦੀ ਪਾਲਣਾ ਕਰੋ। ਜੋ ਜੀ ਆਵੇ ਸਿੱਖਾਂ ਸਾਧਾਂ ਨੂੰ ਖੁਲਾਉ, ਦਿਓ। ਮੈਂ ਕਦੇ ਮੱਥੇ ਵੱਟ ਨਾ ਪਾਵਾਂਗੀ। ਅਜਿੱਤੇ ਨੇ ਆਖਿਆ, "ਭੈਣ ਏਹ ਸੱਭੇ ਕੁਛ ਜਾਣਦੇ ਹਨ। ਆਖਣ ਦੀ ਕੋਈ ਜਾਇ ਨਹੀਂ।" ਸ੍ਰੀ ਮਾਤਾ ਜੀ ਨੇ ਆਖਜਾ, "ਭਾਈਆ ਜੀ! ਤੁਸੀਂ ਜਾਣਦੇ ਹੋ ਏਨ੍ਹਾਂ ਤਾਂ ਹਮੇਸ਼ਾ ਪ੍ਰਦੇਸ਼ ਰਹਿਣਾ ਹੈ। ਅੱਗੇ ਤਾਂ ਮੇਰੀ ਨਣਾਨ (ਰੱਬ ਓਸ ਦਾ ਸੁਰਗ ਵਿੱਚ ਵਾਸ ਕਰੇ) ਸਭ ਤਰ੍ਹਾਂ ਖ਼ਬਰ ਰੱਖਦੀ ਤੇ ਲਖਮੀ ਚੰਦ ਸਿਰੀ ਚੰਦ ਦੀ ਪਾਲਣਾ ਕਰਦੀ ਰਹੀ। ਹੁਣ ਬਜਾਹ ਭੀ ਨੀਂਗਰ ਦਾ ਓਸੇ ਦੇ ਪ੍ਰਤਾਪ ਨਾਲ ਹੋਯਾ। ਨਹੀਂ ਤਾਂ ਸਾਨੂੰ ਐਡੇ ਚੰਗੇ ਘਰਾਣੇ ਦੀ ਬੇਟੀ ਕਿੱਥੋਂ ਜੁੜਨੀ ਸੀ? ਕੋਈ ਦਿਨ ਹੋਰ ਜੀਊਂਦੀ ਤਾਂ ਆਪਣੇ ਭਤੀਜਜਾਂ ਦੀ ਹੋਰ ਪਾਲਣਾ ਕਰਦੀ। ਨੂੰਹ ਦੀ ਖ਼ਬਰਦਾਰੀ ਕਰਦੀ। ਸਾਡੇ ਭਾਗ ਮਾੜੇ, ਏਹਨਾਂ ਨੂੰ ਪ੍ਰਦੇਸ਼ ਨਹੀਂ ਛੱਡਦਾ। ਜਿਸ ਦਿਨ ਦੀ ਮੋਈ ਸੁਣੀ ਹੈ ਸੌਂਹ ਕਰਾ ਲੈ, ਸਾਨੂੰ ਨੀਂਦ ਨਹੀਂ ਆਈ। ਭਾਈਆ ਜੀ! ਮੇਰਾ ਤਾਂ ਉਹੋ ਆਸਰਾ ਸੀ ਜੋ ਰੱਬ ਨੇ ਖੋਹ ਲਿਆ। ਹੁਣ ਤੂੰਹੇਂ ਦਸ ਜੋ ਮੈਂ ਹੋਰ ਕਿਸ ਅੱਗੇ ਸੁਣਾਵਾਂ।" ਇਸ ਪ੍ਰਕਾਰ ਦੀਆਂ ਗੱਲਾਂ ਕਰ ਕੇ ਜਦ ਰੋਣ ਲੱਗੀ ਤਾਂ ਬਾਬੇ ਜੀ ਦੇ ਮਨ ਵਿੱਚ ਦਯਾ ਆਈ ਤੇ ਬੋਲੇ, "ਚੋਣੀਏ! ਰੋ ਨਹੀਂ। ਕਰਤਾਰ ਸਭ ਦੀ ਪਾਲਨਾ ਕਰਦਾ ਹੈ। ਹੁਣ ਤੂੰ ਘਰ ਜਾਹ ਤੇ ਨੀਂਗਰ ਦੀ ਵਹੁਟੀ ਨੂੰ ਭੀ ਸਦਾ ਲੈ ਤੇ ਤਯਾਰ ਰਹੋ। ਬਾਲਾ ਜੀ ਆਉਂਦੇ ਹਨ ਤਾਂ ਸਭੇ ਕਰਤਾਰਪੁਰ ਚੱਲਾਂਗੇ।" ਏਹ ਬਚਨ ਸੁਣ ਕੇ ਸਭੇ ਖ਼ੁਸ਼ ਹੋਏ। ਅਜਿੱਤੇ ਨੇ ਹੱਥ ਜੋੜ ਕੇ ਆਖਿਆ, "ਜੀ! ਮੇਰੇ ਘਰ ਦੋ ਗੱਡਾਂ ਖੜੀਆਂ ਹਨ। ਜਦ ਹੁਕਮ ਦਿਓ ਜੋੜ ਲਿਆਵਾਂ। ਭਾਵੇਂ ਤੁਸੀਂ ਵੀ ਬੈਠ ਚਲਣਾਂ। ਬਥੇਰੀ ਧਰਤੀ ਗਾਹੀ ਹੈ, ਹੁਣ ਤਾਂ ਟਿਕੋ। ਅਸੀਂ ਭੀ ਦਰਸ਼ਨ ਕਰੀਏ ਤੇ ਸ਼ਬਦ ਸਾਖੀ ਸੁਣ ਕੇ ਜਨਮ ਸਵਾਰੀਏ।" ਪੱਖੋਕੇ ਪਿੰਡ ਬਾਬੇ ਪਾਸ ਬਹੁਤ ਸੰਤ ਭਗਤ 'ਕੱਠੇ ਹੋ ਗਏ। ਸਭ ਦੀ ਸੇਵਾ ਅਜਿੱਤਾ ਕਰਦਾ ਰਿਹਾ। ਤਦੋਂ ਨੂੰ ਭਾਈ ਬਾਲਾ ਭੀ ਸੁਲਤਾਨਪੁਰੋਂ ਆ ਪੁੱਜਿਆ। ਅਜਿੱਤੇ ਨੇ ਇੱਕ ਗੱਡਾ ਕਣਕ ਦਾ ਭਰ ਲੀਤਾ ਤੇ ਦੂਜੇ ਵਿੱਚ ਬਾਬੇ ਦੇ ਪਰਿਵਾਰ ਨੂੰ ਚੜ੍ਹਾ ਲੀਤਾ। ਪੱਖੋਕੇ ਤੋਂ ਤੁਰ ਕੇ ਬਾਬਾ ਜੀ ਤਾਂ ਓਸੇ ਦਿਨ ਕਰਤਾਰਪੁਰ ਪਹੁੰਚ ਗਏ। ਹੋਰ ਸਭ ਦੂਜੇ ਦਿਨ ਪਹੁੰਚੇ।

ਬਾਬੇ ਜੀ ਦਾ ਆਗਮਨ ਸੁਣ ਕੇ ਹੁੰਮ ਹੁਮਾ ਕੇ ਲੱਗੇ ਸਿੱਖ ਸੇਵਕ ਤੇ ਸਾਧੂ ਲੋਕ ਆਉਣ। ਮਰਦ ਦੀ ਮਾਯਾ ਨਾਲ ਹੀ ਰਹਿੰਦੀ ਹੈ। ਰਿਧੀ, ਸਿੱਧੀ ਦੇ ਅੰਬਾਰ ਲੱਗ ਗਏ। ਨਾਮ ਦਾ ਤੇ ਅੰਨ ਦਾ ਭੰਡਾਰ ਖੁੱਲ੍ਹ ਗਿਆ। ਕੋਈ ਕਿਸੇ ਵੇਲੇ ਖ਼ਾਲੀ ਨਾ ਜਾਵੇ।

ਏਸ ਸਮੇਂ ਭਾਈ ਬੁੱਢਾ ਜੀ, ਭਗਤ ਤਾਰੂ ਪੋਪਟ ਆਦਿਕ ਅਨੇਕ ਸਿਦਕੀ ਸੱਚੇ ਸਿੱਖ ਬਾਬੇ ਦੇ ਹੋਏ, ਜਿਨ੍ਹਾਂ ਦਾ ਸਾਰਾ ਹਾਲ ਪੰਜਵੇਂ ਹਿੱਸੇ ਵਿੱਚ ਹੈ। ਏਥੇ ਲੰਗਰ ਕਥਾ ਕੀਰਤਨ ਅੱਠੇ ਪਹਿਰ ਹੁੰਦਾ ਰਹੇ। ਬਹੁਤ ਰੌਣਕ ਹੋ ਗਈ। ਇੱਕ ਦਿਨ ਬਾਬੇ ਜੀ ਦੀ ਸੱਸ ਚੰਦੋ ਰਾਣੀ ਆਪਣੀ ਬੇਟੀ ਤੇ ਦੋਹਤਿਆਂ ਨੂੰ ਮਿਲਣ ਵਾਸਤੇ ਆਈ ਤਾਂ ਕਰਤਾਰਪੁਰ ਦੀ ਰੌਣਕ ਦੇਖ ਕੇ ਬਹੁਤ ਖ਼ੁਸ਼ ਹੋ ਕੇ

ਆਖਣ ਲੱਗੀ, "ਲੈ ਵੇ ਨਾਨਕਾ! ਅੱਜ ਤੋੜੀ ਤਾਂ ਮੈਂ ਤੈਨੂੰ ਮਣਖੱਟੂ ਹੀ ਸਮਝਦੀ ਰਹੀ। ਪਰ ਤੂੰ ਤਾਂ ਕੋਈ ਅਵਤਾਰੀ ਜੀਵ ਹੈਂ, ਆਹ ਲੋਕੀ ਤੈਨੂੰ ਝੁਕਦੀ ਹੈ? ਕੁਛ ਹਈ ਤਾਂ ਤਾਹੀਏਂ ਝੁਕਦੀ ਹੈ। ਹੁਣ ਤੈਨੂੰ ਪਰਵਾਰ ਵਿੱਚ ਬੈਠਾ ਵੇਖ ਕੇ ਮੇਰੀ ਆਤਮਾ ਭੀ ਠੰਢੀ ਹੋਈ ਹੈ। ਤੇ ਜੋ ਮੈਂ ਅੱਗੇ ਕੁਛ ਕੁਬੋਲ ਕੀਤਾ ਹੈ ਸੋ ਮੈਨੂੰ ਬਖ਼ਸ਼ਣਾ ਜੀ!" ਬਾਬਾ ਜੀ ਓਸ ਦੀਆਂ ਸੂਧੀਆਂ ਸਾਦੀਆਂ ਤੇ ਸੱਚੀਆਂ ਗੱਲਾਂ ਪਰ ਹੱਸ ਕੇ ਬੋਲੇ, "ਮਾਈ! ਤੈਨੂੰ ਕਰਤਾਰ ਬਖ਼ਸ਼ੇਗਾ। ਵਾਹਿਗੁਰੂ ਜੀ ਦਾ ਸਿਮਰਣ ਕਰ, ਹੁਣ ਥੋੜ੍ਹੇ ਦਿਨਾਂ ਨੂੰ ਤੈਂ ਮਰ ਜਾਣਾ ਹੈ।" ਏਹ ਸੁਣ ਕੇ ਓਹ ਭਜਨ ਭਗਤੀ ਵਿੱਚ ਤਤਪਰ ਹੋਈ ਤੇ ਥੋੜ੍ਹੇ ਦਿਨਾਂ ਮਗਰੋਂ ਹੀ ਵੈਕੁੰਠਗਾਮੀ ਹੋ {ਚੰਦੋਰਾਣੀ ਪ੍ਰਲੋਕਗਮਨ} ਗਈ।

ਓਸ ਤੋਂ ਪੰਜ ਮਹੀਨੇ ਪਿੱਛੋਂ ਭਾਈ ਮਰਦਾਨਾ ਜੋ ਤਲਵੰਡੀ ਗਿਆ ਹੋਯਾ ਸੀ, ਓਹ ਤੇ ਮਾਤਾ ਤ੍ਰਿਪਤਾ, ਕਾਲੂਚੰਦ, ਮਾਸੀ, ਲੱਖੋ, ਤੁਲਸਾਂ ਦਾਸੀ ਸਮੇਤ ਸਾਰਾ ਪਰਿਵਾਰ ਆ ਗਿਆ। ਬਾਬਾ ਜੀ ਸਿਰੀਚੰਦ, ਲਖਮੀ ਚੰਦ ਤੇ ਅਨੇਕ ਸਿੱਖਾਂ ਸਮੇਤ ਅੱਗੇ ਜਾ ਕੇ ਓਨ੍ਹਾਂ ਨੂੰ ਮਿਲੇ ਤੇ ਯਥਾ ਯੋਗ ਮਾਤਾ, ਪਿਤਾ, ਚਾਚੇ ਦੇ ਚਰਨਾਂ ਪਰ ਮੱਥਾ ਟੇਕਿਆ। ਮਾਤਾ ਨੇ ਪਯਾਰ ਦਿੱਤਾ, ਪੁੱਤ੍ਰ ਪੋਤ੍ਰਯਾਂ ਨੂੰ ਵੇਖ ਕੇ ਨਿਹਾਲ ਹੋ ਗਈ। ਦੋ ਮਹੀਨੇ ਪਰਿਵਾਰ ਵਿੱਚ ਰਹੇ, ਫੇਰ ਤਲਵੰਡੀ ਚਲੇ ਗਏ।

ਇਕ ਦਿਨ ਬਾਬੇ ਬੁੱਢੇ ਨੇ ਗੁਰੂ ਜੀ ਪਾਸੋਂ ਪੁੱਛਿਆ, "ਸਿੱਖੀ ਕਿਸ ਨੂੰ ਆਖਦੇ ਹਨ?" {ਸਿੱਖੀ ਕੀ ਹੈ} ਤਾਂ ਬਾਬੇ ਜੀ ਨੇ ਆਖਯਾ, "ਭਾਈ! ਦੇਖਣੀ ਹੈ ਕਿ ਸੁਣਨੀ ਹੈ?" ਬੁੱਢੇ ਜੀ ਨੇ ਆਖਯਾ, "ਜੀ! ਦੇਖਣੀ ਹੈ।" ਅਗਲੇ ਦਿਨ ਇੱਕ ਸਿੱਖ ਨਾਲ {ਜਸਰੋਟੇ ਦਾ ਰਾਜਾ} ਜਸਰੋਟੇ ਦਾ ਰਾਜਾ ਬਾਬੇ ਪਾਸ ਆਯਾ। ਰਾਜੇ ਨੇ ਧਨ ਭੇਟਾ ਕਰ ਕੇ ਬੇਨਤੀ ਕੀਤੀ ਮੈਨੂੰ ਸਿੱਖੀ ਬਖ਼ਸ਼ੋ। ਬਾਬੇ ਆਖਯਾ, "ਤੂੰ ਸਿੱਖੀ ਕਿਉਂ ਮੰਗਦਾ ਹੈਂ?" ਓਸ ਨੇ ਆਖਿਆ ਇੱਕ ਚੋਰ ਮੇਰੀ ਦੌਲਤ ਚੁਰਾ ਕੇ ਲੈ ਗਿਆ। ਮੈਂ ਭੇਸ ਪਲਟ ਕੇ ਓਸ ਦੇ ਮਗਰੇ ਮਗਰ ਗਿਆ। ਅੱਗੇ ਜੰਗਲ ਵਿੱਚ ਅੱਗ ਬਲਦੀ ਸੀ ਤੇ ਓਹ ਸਿੱਖ ਜੇਹੜਾ ਮੇਰੇ ਨਾਲ ਹੈ, ਓਸ ਦੇ ਚੁਫੇਰੇ ਫਿਰਦਾ ਸੀ। ਓਸ ਚੋਰ ਨੇ ਪੁੱਛਿਆ 'ਤੂੰ ਅੱਗ ਦੇ ਚੁਫੇਰੇ ਕਿਉਂ ਫਿਰਦਾ ਹੈਂ?' ਏਸ ਨੇ ਆਖਯਾ ਗੁਰੂ ਜੀ ਨੇ ਮੈਨੂੰ ਬਚਨ ਕੀਤਾ ਹੈ ਜੋ ਜੰਗਲ ਵਿੱਚ ਚਿਖਾ ਰਚ ਕੇ ਸੜ ਮਰ ਤਾਂ ਸਿੱਖੀ ਪ੍ਰਾਪਤ ਹੋਊ। ਉਸ ਚੋਰ ਨੇ ਕਿਹਾ 'ਤੂੰ ਗੁਰੂ ਕਾ ਬਚਨ ਵੇਚ ਲੈ।' ਏਸ ਨੇ ਤੁਹਾਡਾ ਬਚਨ ਵੇਚ ਕੇ ਧਨ ਲੈ ਲੀਤਾ। ਚੋਰ ਨੇ ਧੰਨ ਵਾਹਿਗੁਰੂ ਕਹਿ ਕੇ ਅੱਗ ਵਿੱਚ ਛਾਲ ਮਾਰੀ। ਉਸੇ ਵੇਲੇ ਆਕਾਸ਼ ਮਾਰਗ ਤੋਂ ਰਾਮ ਗਣ ਬਿਵਾਨ ਲੈ ਕੇ ਆ ਗਏ ਤੇ ਉਸ ਨੂੰ ਚੜ੍ਹਾ ਕੇ ਲੈ ਗਏ। ਏਹ ਦੇਖ ਕੇ ਮੈਨੂੰ ਨਿਸ਼ਚਾ ਹੋਯਾ ਹੈ ਕਿ ਜਦ ਚੋਰ ਨੇ ਬਚਨ ਮੰਨਿਆ ਤੇ ਬੈਕੁੰਠ ਲਿਆ ਤਾਂ ਮੈਂ ਭੀ ਜ਼ਰੂਰ ਸਿੱਖੀ ਧਾਰਨ ਕਰਾਂ।"

ਏਹ ਸੁਣ ਕੇ ਬਾਬੇ ਜੀ ਨੇ ਉਸ ਨੂੰ ਸਤਿਨਾਮ ਦਾ ਉਪਦੇਸ਼ ਦੇ ਕੇ ਸਿੱਖ ਕੀਤਾ, ਏਸ ਦੇ ਪਹਿਲੇ ਸੰਤਾਨ ਨਹੀਂ ਸੀ। ਗੁਰੂ ਦੀ ਕ੍ਰਿਪਾ ਨਾਲ ਪੁੱਤਰ ਭੀ ਹੋਏ ਅਤੇ ਅੰਤ ਨੂੰ ਬੈਕੁੰਠ ਗਾਮੀ ਹੋਯਾ। ਏਹ ਬ੍ਰਿਤਾਂਤ ਸੁਣਵਾ ਕੇ ਬਾਬੇ ਜੀ ਨੇ ਆਖਯਾ, "ਸੁਣ ਭਾਈ ਬੁੱਢਾ! ਏਸ ਦਾ ਨਾਮ ਸਿੱਖੀ ਹੈ।" ਭਾਈ ਬੁੱਢਾ ਸੁਣ ਕੇ ਚੁੱਪ ਕਰ ਗਿਆ ਤੇ ਆਖਣ ਲੱਗਾ, "ਮਹਾਰਾਜ! ਏਹ ਸੱਚ ਹੈ ਜੋ ਬਚਨ ਕੀਤਾ ਹੋਯਾ ਹੈ ਕਿ ਸਿੱਖੀ 'ਖੰਡਿਓਂ ਤਿੱਖੀ ਵਾਲਹੁ ਨਿੱਕੀ' ਓਸ ਦਿਨ ਤੋਂ ਭਾਈ ਬੁੱਢਾ ਜੀ ਪੂਰਨ ਸਿਦਕੀ ਸਿੱਖ ਹੋਏ।

ਇਕ ਦਿਨ ਬਾਬਾ ਜੀ ਸੰਗਤ ਵਿੱਚ ਰਾਵੀ ਕੰਢੇ ਬੈਠੇ ਉਪਦੇਸ਼ ਕਰ ਰਹੇ ਸੇ ਜੋ ਇੱਕ ਇਸਤ੍ਰੀ ਅਤੀ ਰੂਪਵਤੀ ਜੁਆਨ ਰਤਨ ਜਟਤ ਗਹਿਣੇ ਕੱਪੜੇ ਪਹਿਨੇ ਹੋਏ ਬਿਜਲੀ ਜੇਹੇ ਪ੍ਰਕਾਸ਼ ਵਾਲੀ ਕਿਤਨੀ ਕੁ ਦੂਰੋਂ ਮੱਥਾ ਟੇਕ ਕੇ ਅਨੇਕ ਪ੍ਰਕਾਰ ਦੇ ਚਮਤਕਾਰੇ ਦਿਖਾ ਕਰ ਖੜੀ ਹੋ ਰਹੀ। ਗੁਰੂ ਸਾਹਿਬ ਜੀ ਨੇ ਉਸ ਵੱਲ ਤੱਕਿਆ ਭੀ ਨਾ। {ਮਰਦਾਨੇ ਨੇ ਮਾਇਆ ਦਾ ਚਮਤਕਾਰਾ ਦੇਖਣਾ} ਪਰ ਭਾਈ ਮਰਦਾਨੇ ਨੇ ਦੇਖ ਕੇ ਬੇਨਤੀ ਕੀਤੀ, "ਮਹਾਰਾਜ! ਏਹ ਇਸਤ੍ਰੀ ਕਉਨ ਹੈ ਜੋ ਅੱਗੇ ਆਉਣਾ ਚਾਹੁੰਦੀ ਹੈ ਪਰ ਆਪ ਤੋਂ ਡਰਦੀ ਨਹੀਂ ਆਉਂਦੀ।" ਬਾਬੇ ਜੀ ਨੇ ਬਚਨ ਕੀਤਾ, "ਭਾਈ! ਏਹ ਹੈ ਦੁਨੀਆਂ ਜਿਸ ਨੂੰ 'ਮਾਯਾ' ਆਖਦੇ ਹਨ। ਏਸ ਨੇ ਵੱਡੇ ਵੱਡੇ ਦੇਵਤਾ, ਦੈਤ, ਰਿਖੀ,

ਅਵਤਾਰ, ਪੀਰ, ਪੈਗੰਬਰ ਆਪਣੇ ਵੱਸ ਕਰ ਕੇ ਕਲੰਦਰ ਦੇ ਬੰਦਰ ਵਾਂਗੂੰ ਨਚਾਏ ਹਨ। ਕੋਈ ਸੰਤ ਏਸ ਤੋਂ ਬਚ ਕੇ ਪਰਮੇਸ਼ਰ ਨੂੰ ਮਿਲੇ ਹਨ। ਏਹ ਪਹਿਲਾਂ ਆਪ ਤਪੀ, ਜਪੀ ਪੁਰਖਾਂ ਦੇ ਪੈਰੀਂ ਲੱਗਦੀ ਹੈ। ਫੇਰ ਓਨ੍ਹਾਂ ਨੂੰ ਆਪਣੇ ਪੈਰੀਂ ਲਾ ਲੈਂਦੀ ਹੈ। ਕਰਤਾਰ ਦੀ ਕ੍ਰਿਪਾ ਨਾਲ ਸਾਡੇ ਚਰਨੀਂ ਲੱਗਣਾ ਚਾਹੁੰਦੀ ਹੈ ਪਰ ਅਸੀਂ ਨਹੀਂ ਲਾਉਂਦੇ। ਆਸ਼ਾ ਹੈ ਜੋ ਦੂਰ ਹੀ ਰੱਖਾਂਗੇ। ਪਰੰਤੂ ਸਾਡੇ ਪਿੱਛੋਂ ਜੇਹੜਾ ਹੋਏਗਾ ਓਸ ਦੇ ਬੂਹੇ ਤੱਕ ਆਵੇਗੀ ਤੇ ਤੀਜੀ ਪੀੜੀ ਵਾਲੇ ਦੇ ਚਰਨੀਂ ਲੱਗੇਗੀ। ਚੌਥੀ ਪੀੜੀ ਵਾਲੇ ਦੇ ਘਰ ਨਿਵਾਸ ਕਰੇਗੀ ਪਰ ਓਹ ਏਸ ਤੋਂ ਸਦਾ ਅਲੇਪ ਰਹਿਣਗੇ।" ਏਹ ਉੱਤਰ ਸੁਣ ਕੇ ਮਰਦਾਨੇ ਨੇ ਹੱਥ ਜੋੜ ਕੇ ਆਖਿਆ, "ਓਤਨਾ ਚਿਰ ਮੈਨੂੰ ਹੀ ਬਖ਼ਸ਼ ਛੱਡੋ।" ਸਾਹਿਬ ਬੋਲੇ ਤੂੰ ਏਸ ਨੂੰ ਪੁੱਛ ਵੇਖ। ਮਰਦਾਨਾ ਪੁੱਛਣ ਗਿਆ ਤਾਂ ਓਸ ਨੇ ਆਖਿਆ, "ਜੇ ਤੂੰ ਮੈਨੂੰ ਚੁੱਕ ਕੇ ਲੈ ਚੱਲੇਂ ਤਾਂ ਤੇਰੇ ਘਰ ਚੱਲਦੀ ਹਾਂ।" ਮਰਦਾਨੇ ਆਪਣੇ ਕੰਧੇ ਚੁੱਕ ਲਈ ਤਾਂ ਓਹ ਅੱਡੀਆਂ ਮਾਰ ਮਾਰ ਮਰਦਾਨੇ ਨੂੰ ਨਚਾਉਣ ਕੁਦਾਉਣ ਲੱਗੀ। ਤੇ ਮਰਦਾਨਾ ਭੀ ਆਪਣੇ ਆਪ ਤੋਂ ਭੁੱਲ ਕੇ ਘੋੜੇ ਵਾਂਗੂੰ ਹਿਣਕਦਾ ਕੁੱਦਦਾ ਫਿਰਨ ਲੱਗਾ। ਮਾਯਾ ਨੇ ਮਰਦਾਨੇ ਦੇ ਦੋਵੇਂ ਕੰਨ ਫੜ ਛੱਡੇ। ਜਿੱਧਰ ਫੇਰੇ ਓਧਰੇ ਫਿਰੇ। ਜੋ ਕਰਾਏ ਸੋਈ ਕਰੇ। ਦਾੜੀ ਮੁੱਛਾਂ ਖਿੱਚ ਜਯੋਂ ਜਯੋਂ ਤਮਾਚੇ ਮਾਰੇ, ਤਯੋਂ ਤਯੋਂ ਖ਼ੁਸ਼ੀ ਹੋ ਹੋ ਨੱਚੇ। ਬਾਬਾ ਜੀ ਤੇ ਹੋਰ ਸਿੱਖ ਸੰਗਤ ਦੇਖ ਦੇਖ ਹੱਸਣ। ਫੇਰ ਜਦ ਗੁਰੂ ਸਾਹਿਬ ਦੀ ਕ੍ਰਿਪਾ ਦ੍ਰਿਸ਼ਿਟ ਹੋਈ ਤਾਂ ਮਰਦਾਨੇ ਨੂੰ ਸੋਝੀ ਆਈ ਤੇ ਸ਼ਰਮਿੰਦਾ ਹੋ ਕੇ ਜਾਂ ਓਸ ਨੂੰ ਸਿੱਟਣ ਲੱਗਾ ਤਾਂ ਆਪੇ ਡਿੱਗ ਪਿਆ। ਓਹ ਛਾਤੀ ਉੱਤੇ ਚੜ੍ਹ ਬੈਠੀ ਅਤੇ ਲੱਗੀ ਕੋਹਣ। ਮਰਦਾਨੇ ਨੇ ਚਿਲ ਚਿਲਾ ਕੇ ਗੁਰੂ ਸਾਹਿਬ ਅੱਗੇ ਵਾਸਤਾ ਪਾਯਾ ਤਾਂ ਗੁਰੂ ਜੀ ਨੇ ਸੋਟਾ ਚੁੱਕਿਆ। ਓਹ ਨੱਠ ਕੇ ਦੂਰ ਜਾ ਖੜੀ ਹੋਈ। ਮਰਦਾਨੇ ਨੂੰ ਭਾਈ ਬਾਲਾ ਉਠਾ ਕੇ ਲੈ ਆਇਆ।

ਗੁਰੂ ਸਾਹਿਬ ਜੀ ਨੇ ਸਾਰੀ ਸਭਾ ਨੂੰ ਸੁਣਾ ਕੇ ਆਖਿਆ, "ਭਾਈ ਮਰਦਾਨਿਆ! ਜੋ ਕੋਈ ਏਸ ਮਾਯਾ ਉੱਤੇ ਮੋਹਿਤ ਹੁੰਦਾ ਹੈ, ਓਸ ਦਾ ਏਹੋ ਹਾਲ ਮਾਯਾ ਕਰਦੀ ਹੈ। ਏਸ ਨੂੰ ਫੜਨ ਵਾਲੇ ਆਪ ਹੀ ਫੜੇ ਜਾਂਦੇ ਹਨ ਤੇ ਭੋਗਣ ਵਾਲੇ ਆਪ ਭੋਗੇ ਜਾਂਦੇ ਹਨ। ਏਹ ਸਦਾ ਮੁਟਿਆਰ ਰਹਿੰਦੀ ਹੈ। ਪ੍ਰਾਣੀਆਂ ਦੀ ਉਮਰ ਏਸ ਦਾ ਭੋਜਨ ਹੈ। ਜੋ ਕੋਈ ਏਸ ਨੂੰ ਦੁਖਦਾਈ ਸਮਝ ਕੇ ਏਸ ਤੋਂ ਛੁੱਟਣ ਵਾਸਤੇ ਹੰਕਾਰ ਛੱਡ ਕੇ ਸੱਚੇ ਸਤਿਗੁਰੂ ਦਾ ਬਚਨ ਮੰਨਦਾ ਹੈ, ਓਸ ਨੂੰ ਸਤਿਗੁਰੂ ਮਾਯਾ ਤੋਂ ਛੁਡਾ ਕੇ ਪਰਮਪਦ ਨੂੰ ਪ੍ਰਾਪਤ ਕਰ ਦਿੰਦੇ ਹਨ।"

ਏਸ ਦ੍ਰਿਸ਼ਟਾਂਤ ਤੇ ਪ੍ਰਸੰਗ ਨੂੰ ਦੇਖ ਸੁਣ ਕੇ ਬਹੁਤ ਸਿੱਖ ਗੁਰੂ ਕੇ ਬਚਨਾਂ ਉੱਤੇ ਨਿਸ਼ਚਾ ਧਾਰ ਖੜੋਤੇ। ਏਸੇ ਪ੍ਰਕਾਰ ਹੋਰ ਬਹੁਤ ਸਿੱਖ ਸਾਧ ਆ ਕੇ ਸਤਸੰਗ ਕਰ ਨਿਹਾਲ ਹੁੰਦੇ ਰਹੇ।

ਇਕ {ਸੈਦਾ ਘੇਉ} ਸੈਦੇ ਨਾਮ ਘੇਓ ਖੱਤ੍ਰੀ ਕਲਾਨੌਰ ਦਾ ਭਗਤ ਸਦਾਉਂਦਾ ਤੇ ਲੋਕਾਂ ਨੂੰ ਆਪਣੇ ਸੇਵਕ ਕਰਦਾ ਸੀ। ਓਸ ਨੇ ਗੁਰੂ ਨਾਨਕ ਜੀ ਦਾ ਬਹੁਤ ਪ੍ਰਤਾਪ ਹੁੰਦਾ ਦੇਖ ਕੇ ਸੋਚਿਆ ਕਿ ਏਸ ਦਾ ਐਡੀ ਛੇਤੀ ਬੜਾ ਪ੍ਰਤਾਪ ਹੋ ਗਿਆ ਤੇ ਮੇਰਾ ਨਾ ਹੋਯਾ। ਓਹ ਬਰਣ ਦਾ ਉਪਾਸ਼ਕ ਸੀ। ਦਰਯਾ ਕਿਨਾਰੇ ਜਾ ਕੇ ਰਾਤ ਨੂੰ ਖ੍ਵਾਜੇ ਪੀਰ ਦਾ ਧਯਾਨ ਕਰਨ ਲੱਗਾ। ਅੰਨ ਜਲ ਛੱਡ ਬੈਠਾ। ਏਤਨੇ ਨੂੰ ਇੱਕ ਆਦਮੀ ਮੱਛੀ ਲਈ ਜਾਂਦਾ ਓਸ ਦੀ ਨਜ਼ਰ ਪੈ ਗਿਆ। ਓਸ ਨੂੰ ਪੁੱਛਿਆ, "ਤੂੰ ਕੌਣ ਹੈਂ ਜੋ ਅੱਧੀ ਰਾਤ ਨੂੰ ਮੱਛੀ ਲਈ ਜਾਂਦਾ ਹੈਂ?" ਓਹ ਬੋਲਿਆ, "ਮੇਰਾ ਨਾਉਂ ਬਰਣ ਦੇਵਤਾ ਹਿੰਦੂ ਆਖਦੇ ਹਨ ਤੇ ਮੁਸਲਮਾਨ ਖ੍ਵਾਜਾ ਖਿਜਰ ਆਖਦੇ ਹਨ। ਏਹ ਮੱਛੀ ਗੁਰੂ ਨਾਨਕ ਜੀ ਦੀ ਨਜ਼ਰ ਕਰ ਕੇ ਓਹਨਾਂ ਦਾ ਦਰਸ਼ਨ ਕਰਾਂਗਾ।" ਸੈਦੋ ਨੇ ਬੇਨਤੀ ਕੀਤੀ, "ਤੁਸੀਂ ਦੇਵਤਾ ਹੋ ਕੇ ਆਦਮੀ ਦੀ ਸੇਵਾ ਕਰਦੇ ਹੋ?" ਓਸ ਨੇ ਆਖਯਾ, "ਅਕਾਲ ਪੁਰਖ ਨੇ ਗੁਰੂ ਨਾਨਕ ਜੀ ਨੂੰ ਆਪਣਾ ਪੁੱਤ੍ਰ ਰੂਪ ਪ੍ਰਗਟ ਕਰ ਕੇ ਜਗਤ ਦੇ ਉਧਾਰ ਵਾਸਤੇ ਭੇਜਯਾ ਹੈ। ਓਹ ਦੇਵਤਿਆਂ ਦਾ ਦੇਵਤਾ ਹੈ। ਜੋ ਓਸ ਦੀ ਰੀਸ ਕਰੇ ਸੋ ਮੂਰਖ ਹੈ।" ਏਹ ਸੁਣ ਕੇ ਦੂਜੇ ਦਿਨ ਸੈਦੋ ਭੀ ਗੁਰੂ ਜੀ ਦੀ ਚਰਨੀਂ ਆ ਲੱਗਾ ਤੇ ਆਪਣਾ ਤੇ ਖ੍ਵਾਜੇ ਦੇ ਮਿਲਣ ਦਾ ਸਾਰਾ ਪ੍ਰਸੰਗ ਸੁਣਾ ਕੇ ਸਿੱਖ ਹੋਯਾ ਤੇ ਉਪਦੇਸ਼ ਲੈ ਕੇ ਸਦਗਤੀ ਨੂੰ ਪ੍ਰਾਪਤ ਹੋਯਾ।

ਇਕ ਦਿਨ ਬਾਬਾ ਜੀ ਕਰਤਾਰਪੁਰ ਬੈਠੇ ਹੋਏ ਸੇ ਕਿ ਇੱਕ {ਸ੍ਵਯੰਪਾਕੀ ਬ੍ਰਹਮਚਾਰੀ} ਬ੍ਰਹਮਚਾਰੀ ਪੰਡਿਤ ਪੰਜ ਸਤ ਵਿਦਯਾਰਥੀਆਂ ਸਮੇਤ ਜੋ ਕਸ਼ਮੀਰ ਨੂੰ ਜਾ ਰਿਹਾ ਸੀ, ਆਯਾ ਤੇ ਸੀਧਾ ਮੰਗਯਾ। ਸਿੱਖਾਂ ਨੇ ਆਖਿਆ, "ਭਾਈ ਲੰਗਰ ਵਿੱਚ ਭੋਜਨ ਪਵਿਤ੍ਰਤਾ ਨਾਲ ਹੁੰਦਾ ਹੈ, ਓਹੋ ਛਕੋ।" ਓਨ ਆਖਿਆ, "ਸਾਡੇ ਏਹ ਭੋਜਨ ਕੰਮ ਨਹੀਂ। ਅਸੀਂ ਸ੍ਵਯੰ ਪਾਕੀ ਹਾਂ ਅਰਥਾਤ ਆਪਣਾ ਬਣਾ ਕੇ ਖਾਂਦੇ ਹਾਂ।" ਬਾਬੇ ਜੀ ਨੇ ਸੀਧਾ ਦਿਵਾ ਦਿੱਤਾ। ਓਸ ਨੇ ਲੱਕੜੀਆਂ ਧੋ ਕੇ ਸੁਕਾਈਆਂ। ਜਾਂ ਚੌਂਕਾ ਖੋਦ ਕੇ ਲਾਉਣ ਲੱਗਾ ਤਾਂ ਵਿੱਚੋਂ ਹੱਡੀਆਂ ਨਿੱਕਲ ਆਈਆਂ। ਫੇਰ ਹੋਰ ਥਾਂ ਚੌਂਕਾ ਖੋਦ ਕੇ ਲਾਉਣ ਲੱਗਾ ਤਾਂ ਓਥੋਂ ਮੁਰਦਾਰ ਨਿੱਕਲ ਪਿਆ। ਏਸੇ ਤਰ੍ਹਾਂ ਜਿੱਥੇ ਜਿੱਥੇ ਪੱਟਿਆ, ਓਥੇ ਓਥੇ ਕੁਛ ਕੁਛ ਚੰਮ ਆਦਿਕ ਨਿੱਕਲਦਾ ਰਿਹਾ। ਸਾਰਾ ਦਿਨ ਖਪ ਖਪ ਕੇ ਮੋਯਾ। ਓੜਕ ਛਿੱਥਾ ਹੋ ਕੇ ਬਾਬੇ ਚਰਨੀਂ ਆ ਪਿਆ ਤਾਂ ਗੁਰੂ ਸਾਹਿਬ ਜੀ ਨੇ ਏਹ ਸ਼ਬਦ ਉਚਾਰਿਆ:

ਬਸੰਤੁ ਮਹਲਾ ੧ ॥
ਸੁਇਨੇ ਕਾ ਚਉਕਾ ਕੰਚਨ ਕੁਆਰ ॥
ਰੁਪੇ ਕੀਆ ਕਾਰਾ ਬਹੁਤੁ ਬਿਸਥਾਰੁ ॥
ਗੰਗਾ ਕਾ ਉਦਕੁ ਕਰੰਤੇ ਕੀ ਆਗਿ ॥
ਗਰੁੜਾ ਖਾਣਾ ਦੁਧ ਸਿਉ ਗਾਡਿ ॥੧॥
ਰੇ ਮਨ ਲੇਖੈ ਕਬਹੂ ਨ ਪਾਇ ॥
ਜਾਮਿ ਨ ਭੀਜੈ ਸਾਚ ਨਾਇ ॥੧॥ ਰਹਾਉ ॥
ਦਸ ਅਠ ਲੀਖੇ ਹੋਵਹਿ ਪਾਸਿ ॥
ਚਾਰੇ ਬੇਦ ਮੁਖਾਗਰ ਪਾਠਿ ॥
ਪੁਰਬੀ ਨਾਵੈ ਵਰਨਾਂ ਕੀ ਦਾਤਿ ॥
ਵਰਤ ਨੇਮ ਕਰੇ ਦਿਨ ਰਾਤਿ ॥੨॥
ਕਾਜੀ ਮੁਲਾਂ ਹੋਵਹਿ ਸੇਖ ॥
ਜੋਗੀ ਜੰਗਮ ਭਗਵੇ ਭੇਖ ॥
ਕੋ ਗਿਰਹੀ ਕਰਮਾ ਕੀ ਸੰਧਿ ॥
ਬਿਨੁ ਬੂਝੇ ਸਭ ਖੜੀਅਸਿ ਬੰਧਿ ॥੩॥
ਜੇਤੇ ਜੀਅ ਲਿਖੀ ਸਿਰਿ ਕਾਰ ॥
ਕਰਣੀ ਉਪਰਿ ਹੋਵਗਿ ਸਾਰ ॥
ਹੁਕਮੁ ਕਰਹਿ ਮੂਰਖ ਗਾਵਾਰ ॥
ਨਾਨਕ ਸਾਚੇ ਕੇ ਸਿਫਤਿ ਭੰਡਾਰ ॥੪॥੩॥

(ਬਸੰਤੁ, ਮਃ ੧ - ੧੧੬੮/੬੯)

ਏਹ ਸ਼ਬਦ ਸੁਣ ਕੇ ਓਹ ਬਾਬੇ ਦਾ ਸੇਵਕ ਹੋ ਕੇ ਈਸ਼੍ਵਰ ਦੀ ਭਗਤੀ ਕਰਨ ਲੱਗਾ। ਪੁਣਛ ਜ਼ਿਲੇ ਵਿੱਚ ਹੁਣ ਓਸੇ ਦੇ ਪੁੱਤ੍ਰ ਪੋਤਰਿਆਂ ਦੀ ਬਹੁਤ ਸਿੱਖੀ ਸੇਵਕੀ ਹੈ। ਏਹ ਲੋਗ ਗੁਰੂ ਗ੍ਰੰਥ ਸਾਹਿਬ ਜੀ ਬਿਨਾਂ ਹੋਰ ਕਿਸੇ ਅੱਗੇ ਮੱਥਾ ਨਹੀਂ ਟੇਕਦੇ ਟਿਕਾਉਂਦੇ। ਸਾਰਾ ਹਾਲ ਏਨ੍ਹਾਂ ਦਾ ਪੰਜਵੇਂ ਹਿੱਸੇ ਵਿੱਚ ਹੈ।

ਚੌਥੀ ਉਦਾਸੀ

ਸ੍ਰੀ ਗੁਰੂ ਨਾਨਕ ਜੀ ਅਜੇ ਚੌਥੀ ਕੂੰਟ ਦਾ ਸੈਰ ਕਰਨ ਲਈ ਉਦਾਸੀ ਲੈਣ ਨੂੰ ਤਿਆਰ ਹੀ ਸੇ ਜੋ ਨਿੱਧਾ ਪ੍ਰੋਹਤ ਤਲਵੰਡੀ ਤੋਂ ਆ ਪਹੁੰਚਜਾ। ਓਨ ਮਹਾਰਾਜ ਅੱਗੇ ਪ੍ਰਾਰਥਨਾ ਕੀਤੀ ਕਿ ਮਾਤਾ ਤ੍ਰਿਪਤਾ ਜੀ ਨੇ ਆਪਣੇ ਦੁੱਧ ਦਾ ਵਾਸਤਾ ਪਾ ਕੇ ਬਹੁਤ ਪ੍ਰੇਮ ਨਾਲ ਆਖਿਆ ਹੈ ਕਿ ਮੇਰਾ ਅੰਤ ਸਮਾਂ ਨੇੜੇ ਹੈ, ਮੈਨੂੰ ਦਰਸ਼ਨ ਦਿਉ। ਮਹਿਤਾ ਕਾਲੂ ਚੰਦ ਭੀ ਏਹੋ ਕਹਿੰਦਾ ਸੀ ਕਿ ਜ਼ਰੂਰ ਆਉਣ। ਬਾਬੇ ਜੀ ਨੇ ਮਾਤਾ ਦੀ ਆਗਿਆ ਮੰਨਣੀ ਫਰਜ਼ ਸਮਝ ਕੇ ਕਰਤਾਰਪੁਰ ਦਾ ਵਿਹਾਰ ਬਾਬੇ ਬੁੱਢੇ ਆਦਿਕ ਲਾਇਕ ਲਾਇਕ ਸਿੱਖਾਂ ਨੂੰ ਸੌਂਪ ਕੇ ਗੱਡ ਜੁੜਵਾ ਸਿਰੀਚੰਦ੍ਰ, ਲਖਮੀ ਚੰਦ, ਸ੍ਰੀ ਸੁਲੱਖਣੀ ਜੀ ਤੁਲਸਾਂ ਦਾਸੀ ਏਹਨਾਂ ਨੂੰ ਤੋਰ ਦਿੱਤਾ।

ਆਪ ਭਾਈ ਬਾਲੇ ਮਰਦਾਨੇ ਸਮੇਤ ਗੋਜਰੀ, ਚਰਖੀ, ਦੜਪ, ਏਨ੍ਹਾਂ ਦੇਸ਼ਾਂ ਅਨੇਕ ਨਗਰਾਂ ਵਿੱਚ ਲੋਕਾਂ ਨੂੰ ਭਗਤੀ ਭਜਨ ਦਰਸ਼ਨ ਦੇ ਕੇ ਨਿਹਾਲ ਕਰਦੇ ਹੋਏ ਅੱਠਵੇਂ ਦਿਨ ਤਲਵੰਡੀ ਜਾ ਪਹੁੰਚੇ। ਗੁਰੂ ਨਾਨਕ ਸਾਹਿਬ ਜੀ ਨੂੰ ਦੇਖ ਕੇ ਸਭ ਲੋਗ ਬੜੇ ਖ਼ੁਸ਼ ਹੋਏ। ਮਾਤਾ ਤ੍ਰਿਪਤਾ ਮਹਿਤਾ ਕਾਲੂ, ਲਾਲੂ ਜੀ ਤਾਂ ਨਿਹਾਲ ਹੋ ਗਏ। ਬਾਬੇ ਜੀ ਨੇ ਪਹਿਲੇ ਮਾਤਾ ਦੇ ਚਰਨਾਂ ਪਰ ਮੱਥਾ ਟੇਕਿਆ ਫੇਰ ਪਿਤਾ ਦੇ। ਲਾਲੂ ਚੰਦ ਨੂੰ ਪੈਰੀ ਪੈਣਾ ਆਖਿਓ ਨੇ। ਤਾਂ ਲਾਲੂ ਆਦਿਕ ਕਈਆਂ ਦੇ ਮਨ ਵਿੱਚ ਆਈ, ਪਹਿਲੇ ਪਿਤਾ ਨੂੰ ਮੱਥਾ ਟੇਕਣਾ ਸੀ ਮਾਤਾ ਨੂੰ ਕਿਉਂ ਟੇਕਿਆ? ਏਹ ਭਰਮ ਦੂਰ ਕਰਨ ਵਾਸਤੇ ਅੰਤਰਜਾਮੀ ਗੁਰੂ ਨੇ ਸਹਿਜ ਭਾਵ ਏਹ ਪ੍ਰਸੰਗ ਸੁਣਾਇਆ ਕਿ ਇੱਕ ਵਾਰੀ ਸ਼ੰਕਰਾਚਾਰਯ ਆਪਣੇ ਦੇਸ਼ ਗਿਆ। ਸ਼ਿਵ ਮੰਦਰ ਵਿੱਚ ਓਸ ਦੇ ਮਾਤਾ ਪਿਤਾ ਗੁਰੂ ਬੈਠੇ ਹੋਏ ਸਨ। ਓਸ ਨੇ ਮਾਤਾ ਨੂੰ ਤੇ ਗੁਰੂ ਨੂੰ (ਸ਼ਾਸ਼ਟਾਂਗ) ਨਮਸਕਾਰ ਕੀਤੀ। ਪਿਤਾ ਨੂੰ, ਇਸ਼ਟ ਦੇਵ ਨੂੰ ਬਾਨੀ ਮਾਤ੍ਰ ਨਮੋ ਨਰਾਯਣ ਆਖੀ। ਓਹ ਤਿੰਨੇ ਗੁੱਸੇ ਹੋ ਕੇ ਸਰਾਪ ਦੇਣ ਲੱਗੇ ਤਾਂ ਅਕਾਸ਼ਬਾਣੀ ਹੋਈ ਕਿ ਵਿਰਕਤ, ਸੰਤ, ਬ੍ਰਹਮ ਗਿਆਨੀ ਉੱਤੇ ਹੋਰ ਕਿਸੇ ਦਾ ਦੰਡ ਨਹੀਂ। ਇੱਕ ਮਾਤਾ ਦੀ ਸੇਵਾ ਤੇ ਮਾਤਾ ਨੂੰ ਦੰਡਵਤ ਕਰਨਾ ਜੋਗਜ ਹੈ।

ਬਾਬੇ ਕਾਲੂ ਚੰਦ ਨੇ ਆਖਜਾ, "ਮੈਂ ਪਰੋਹਤ ਹਰਿਦਿਆਲ ਦੇ ਲਿਖੇ ਨੂੰ ਹਮੇਸ਼ਾ ਹੱਸਦਾ ਅਤੇ ਝੂਠਾ ਜਾਣਦਾ ਸੀ। ਹੁਣ ਸੱਚ ਮੰਨਿਆ ਜੋ ਕੁਛ ਓਨ ਲਿਖਜਾ ਸੋ ਦੇਖ ਲੀਤਾ ਜਿਸ ਕਰ ਕੇ ਹੁਣ ਮੇਰੀ ਆਤਮਾ ਨਾਨਕ ਚੰਦ ਉੱਤੇ ਬਹੁਤ ਰਾਜ਼ੀ ਹੈ।" ਬਾਬੇ ਜੀ ਨੇ ਮਾਤਾ ਪਿਤਾ ਨੂੰ ਆਪਣੀ ਕ੍ਰਿਪਾ ਦ੍ਰਿਸ਼ਟੀ ਅਤੇ ਬਾਣੀ ਦੇ ਬਲ ਨਾਲ ਆਤਮਾ ਪ੍ਰਮਾਤਮਾ ਦਾ ਵਿਚਾਰ ਦ੍ਰਿੜ੍ਹ ਗਿਆਨ ਕਰਾ ਕੇ ਸੱਚਖੰਡ ਦੇ ਅਧਿਕਾਰੀ ਬਣਾ ਦਿੱਤਾ। ੧੩ ਚੇਤ੍ਰ ਸੰਮਤ ੧੫੭੬ ਬਿਕ੍ਰਮੀ ਨੂੰ ਮਾਤਾ ਤ੍ਰਿਪਤਾ {ਮਾਤਾ ਤ੍ਰਿਪਤਾ ਜੀ ਬੈਕੁੰਠਗਮਨ} ਜੀ ਨੇ ਰਾਜ਼ੀ ਬਾਜ਼ੀ ਗੱਲਾਂ ਕੱਥਾਂ ਕਰਦੇ ਹੋਏ ਆਪਣੇ ਲਾਇਕ ਸਪੁਤ੍ਰ ਪੋਤ੍ਰਿਆਂ ਦੇ ਹੱਥਾਂ ਵਿੱਚ ਸੱਪ ਦੇ ਕੁੰਜ ਛੱਡਣ ਵਾਂਗੂੰ ਦੇਹ ਤਿਆਗੀ। ਓਸ ਪਿੱਛੋਂ ਤੀਜੇ ਦਿਨ {ਪਿਤਾ ਕਾਲੂ ਜੀ ਬੈਕੁੰਠਗਮਨ} ਮਹਿਤੇ ਕਾਲੂ ਜੀ ਨੇ ਚੋਲਾ ਛੱਡ ਦਿੱਤਾ। ਓਨ੍ਹਾਂ ਦੀ ਦਾਹ ਕ੍ਰਿਆ ਕਰ ਕੇ ਬਿਭੂਤੀ ਬਾਬੇ ਜੀ ਨੇ ਰਾਵੀ ਵਿੱਚ ਪ੍ਰਵਾਹ ਕਰਾ ਦਿੱਤਾ ਅਤੇ ਜੋ ਕੁਛ ਓਨ੍ਹਾਂ ਦਾ ਪਦਾਰਥ ਸੀ ਸਭ ਗ਼ਰੀਬਾਂ ਸਾਧਾਂ ਸੰਤਾਂ ਨੂੰ ਦੇ ਦਿੱਤਾ। ਘਰ ਜ਼ਮੀਨ ਚਾਚੇ ਲਾਲੂ ਚੰਦ ਨੂੰ ਸੌਂਪ ਕੇ ਸਿਰੀਚੰਦ ਹੋਰਾਂ ਨੂੰ ਕਰਤਾਰਪੁਰ ਵੰਨੀ ਤੋਰ ਦਿੱਤਾ।

ਸਿੱਖਾਂ ਨੇ ਬੇਨਤੀ ਕੀਤੀ, "ਸਤਿਗੁਰੋ! ਸਾਡੇ ਵਾਸਤੇ ਕੀ ਹੁਕਮ ਹੈ? ਬ੍ਰਾਹਮਣ ਆਖਦੇ ਹਨ ਗੰਗਾ ਵਿੱਚ ਹੱਡੀਆਂ ਪਾਏ ਬਿਨਾਂ ਪ੍ਰਾਣੀ ਨੂੰ ਪ੍ਰੇਤ ਜੋਨੀ ਮਿਲਦੀ ਹੈ ਅਤੇ ਅਚਾਰਜਾਂ ਤੋਂ ਕ੍ਰਿਆ ਕਰਨ ਕਰਾਏ ਬਿਨਾਂ ਸੂਤਕ ਪਾਪ ਨਹੀਂ ਦੂਰ ਹੁੰਦਾ। ਪਾਣੀ ਪੀਣਾ ਅਪਵਿਤ੍ਰ ਹੈ। ਜੋ ਕੁਛ ਤੁਸੀਂ ਕਹੋ, ਕਰੀਏ।" ਬਾਬੇ ਜੀ ਨੇ {ਅੰਤਿਮ ਕ੍ਰਿਆ} ਆਖਿਆ:

ਮਃ ੧ ॥
ਸਭੋ ਸੂਤਕੁ ਭਰਮੁ ਹੈ ਦੂਜੈ ਲਗੈ ਜਾਇ ॥
ਜੰਮਣੁ ਮਰਣਾ ਹੁਕਮੁ ਹੈ ਭਾਣੈ ਆਵੈ ਜਾਇ ॥
ਖਾਣਾ ਪੀਣਾ ਪਵਿਤ੍ਰੁ ਹੈ ਦਿਤੋਨੁ ਰਿਜਕੁ ਸੰਬਾਹਿ ॥

ਨਾਨਕ ਜਿਨ੍ਹੀ ਗੁਰਮੁਖਿ ਬੁਝਿਆ ਤਿਨ੍ਹਾ ਸੂਤਕੁ ਨਾਹਿ ॥੩॥

(ਵਾਰ-ਆਸਾ, ਮਃ ੧ - ੪੭੨)

"ਭਾਈ ਸਿੱਖੋ! ਪ੍ਰਮੇਸ਼ੁਰ ਹੋਣੇ ਕਰ ਸਭੇ ਪਾਪ ਹੁੰਦੇ ਹਨ। ਜੇਹੜੇ ਗੁਰਮੁਖ ਕਰਤਾਰ ਦੇ ਹੁਕਮ ਵਿੱਚ ਜੰਮਣਾ ਮਰਣਾ ਸਮਝ ਕੇ ਪ੍ਰਭੂ ਦੀ ਰਜ਼ਾ ਵਿੱਚ ਰਾਜ਼ੀ ਰਹਿੰਦੇ ਹਨ ਓਹਨਾਂ ਨੂੰ ਕੋਈ ਸੂਤਕ ਪਾਤਕ ਨਹੀਂ, ਤੇ ਜੀਵ ਦੀ ਕਲਿਆਣ ਭਜਨ ਭਗਤੀ ਕਰ ਕੇ ਹੁੰਦੀ ਹੈ। ਭਾਵੇਂ ਕੋਈ ਨਦੀ ਨਾਲਾ ਨੇੜੇ ਹੋਵੇ, ਓਸ ਵਿੱਚ ਪ੍ਰਾਣੀ ਦੀ ਸੁਆਹ ਹੱਡੀਆਂ ਪਾ ਦੇਣੀਆਂ ਜੋਗਜ ਹਨ ਕਿਉਂ ਜੋ ਹੱਡੀਆਂ ਰੁਲਦੀਆਂ ਦੇਖ ਕੇ ਗਿਲਾਨੀ ਆਉਂਦੀ ਹੈ। ਸਮੇਟਣ ਤੋਂ ਗਿਲਾਨ ਮਿਟ ਜਾਂਦੀ ਹੈ। ਜੇ ਨਦੀ ਜ਼ਮੀਨ ਵਿੱਚ ਦੱਬ ਦਿਆ ਕਰੋ। ਯਥਾ ਸ਼ਕਤਿ ਗ਼ਰੀਬ ਗ਼ੁਰਬੇ ਅਭਿਆਗਤ ਸਾਧਾਂ ਬ੍ਰਾਹਮਣਾਂ ਨੂੰ ਪ੍ਰਸ਼ਾਦ ਖਵਾ ਦੇਣਾ।

ਬਾਬਾ ਜੀ ਨੇ ਤਲਵੰਡੀ ਤੋਂ ਚੱਲ ਕੇ ਮੱਦ੍ਰ ਦੇਸ਼ ਸ਼ਰਕਪੁਰ, ਸ਼ੇਖੂਪੁਰ ਆਦਿਕ ਪਿੰਡਾਂ ਦੇ ਲੋਕਾਂ ਨੂੰ ਧਰਮ ਉਪਦੇਸ਼ ਕਰਦੇ ਹੋਏ ਸੰਮਤ ੧੫੭੬ ਬਿਕ੍ਰਮੀ ਦੀ ਬੈਸਾਖੀ ਦਾ ਮੇਲਾ ਕਟਾਸ* ਤੀਰਥ ਪਰ ਜਾ ਵੇਖਿਆ। ਜੋਗੀ ਬੈਰਾਗੀ ਸੰਨਯਾਸੀ ਜੋ ਓਸ ਸਮੇਂ ਬਹੁਤ ਹੁੰਦੇ ਸਨ, ਬਾਬੇ ਜੀ ਦੇ ਸ਼ਬਦ ਸੁਣ ਕੇ ਝੁੰਡਾਂ ਦੇ ਝੁੰਡ ਆ ਗਿਰਦੇ ਹੋਏ ਤਾਂ ਓਨ੍ਹਾਂ ਦੇ ਸੁਧਾਰਨ ਲਈ ਬਾਬੇ ਜੀ ਨੇ ਏਹ ਸ਼ਬਦ ਉਚਾਰਨ ਕੀਤਾ:

ਮਾਰੂ ਮਹਲਾ ੧ ॥

ਮਨਮੁਖੁ ਲਹਰਿ ਘਰੁ ਤਜਿ ਵਿਗੂਚੈ ਅਵਰਾ ਕੇ ਘਰ ਹੇਰੈ ॥
ਗ੍ਰਿਹ ਧਰਮੁ ਗਵਾਏ ਸਤਿਗੁਰੁ ਨ ਭੇਟੈ ਦੁਰਮਤਿ ਘੂਮਨ ਘੇਰੈ ॥
ਦਿਸੰਤਰੁ ਭਵੈ ਪਾਠ ਪੜਿ ਥਾਕਾ ਤ੍ਰਿਸਨਾ ਹੋਇ ਵਧੇਰੈ ॥
ਕਾਚੀ ਪਿੰਡੀ ਸਬਦੁ ਨ ਚੀਨੈ ਉਦਰੁ ਭਰੈ ਜੈਸੇ ਢੋਰੈ ॥੧॥
ਬਾਬਾ ਐਸੀ ਰਵਤ ਰਵੈ ਸੰਨਿਆਸੀ ॥
ਗੁਰ ਕੈ ਸਬਦਿ ਏਕ ਲਿਵ ਲਾਗੀ ਤੇਰੈ ਨਾਮਿ ਰਤੇ ਤ੍ਰਿਪਤਾਸੀ ॥੧॥ ਰਹਾਉ ॥
ਘੋਲੀ ਗੇਰੂ ਰੰਗੁ ਚੜਾਇਆ ਵਸਤ੍ਰ ਭੇਖ ਭੇਖਾਰੀ ॥
ਕਾਪੜ ਫਾਰਿ ਬਨਾਈ ਖਿੰਥਾ ਝੋਲੀ ਮਾਇਆਧਾਰੀ ॥
ਘਰਿ ਘਰਿ ਮਾਗੈ ਜਗੁ ਪਰਬੋਧੈ ਮਨਿ ਅੰਧੈ ਪਤਿ ਹਾਰੀ ॥
ਭਰਮਿ ਭੁਲਾਣਾ ਸਬਦੁ ਨ ਚੀਨੈ ਜੂਐ ਬਾਜੀ ਹਾਰੀ ॥੨॥
ਅੰਤਰਿ ਅਗਨਿ ਨ ਗੁਰ ਬਿਨੁ ਬੂਝੈ ਬਾਹਰਿ ਪੂਅਰ ਤਾਪੈ ॥
ਗੁਰ ਸੇਵਾ ਬਿਨੁ ਭਗਤਿ ਨ ਹੋਵੀ ਕਿਉ ਕਰਿ ਚੀਨਸਿ ਆਪੈ ॥
ਨਿੰਦਾ ਕਰਿ ਕਰਿ ਨਰਕ ਨਿਵਾਸੀ ਅੰਤਰਿ ਆਤਮ ਜਾਪੈ ॥
ਅਠਸਠਿ ਤੀਰਥ ਭਰਮਿ ਵਿਗੂਚਹਿ ਕਿਉ ਮਲੁ ਧੋਪੈ ਪਾਪੈ ॥੩॥
ਛਾਣੀ ਖਾਕੁ ਬਿਭੂਤ ਚੜਾਈ ਮਾਇਆ ਕਾ ਮਗੁ ਜੋਹੈ ॥
ਅੰਤਰਿ ਬਾਹਰਿ ਏਕੁ ਨ ਜਾਣੈ ਸਾਚੁ ਕਹੇ ਤੇ ਛੋਹੈ ॥
ਪਾਠੁ ਪੜੈ ਮੁਖਿ ਝੂਠੋ ਬੋਲੈ ਨਿਗੁਰੇ ਕੀ ਮਤਿ ਓਹੈ ॥
ਨਾਮੁ ਨ ਜਪਈ ਕਿਉ ਸੁਖੁ ਪਾਵੈ ਬਿਨੁ ਨਾਵੈ ਕਿਉ ਸੋਹੈ ॥੪॥
ਮੂੰਡੁ ਮੁਡਾਇ ਜਟਾ ਸਿਖ ਬਾਧੀ ਮੋਨਿ ਰਹੈ ਅਭਿਮਾਨਾ ॥
ਮਨੂਆ ਡੋਲੈ ਦਹ ਦਿਸ ਧਾਵੈ ਬਿਨੁ ਰਤ ਆਤਮ ਗਿਆਨਾ ॥
ਅੰਮ੍ਰਿਤੁ ਛੋਡਿ ਮਹਾ ਬਿਖੁ ਪੀਵੈ ਮਾਇਆ ਕਾ ਦੇਵਾਨਾ ॥
ਕਿਰਤੁ ਨ ਮਿਟਈ ਹੁਕਮੁ ਨ ਬੂਝੈ ਪਸੂਆ ਮਾਹਿ ਸਮਾਨਾ ॥੫॥
ਹਾਥ ਕਮੰਡਲੁ ਕਾਪੜੀਆ ਮਨਿ ਤ੍ਰਿਸਨਾ ਉਪਜੀ ਭਾਰੀ ॥

---

*ਕਟਾਸ ਤੇ ਪੁਸ਼ਕਰ ਦੋਵੇਂ ਤੀਰਥ ਧਰਤੀ ਦੇ ਨੇਤ੍ਰ ਲਿਖੇ ਹਨ। ਏਨ੍ਹਾਂ ਦੇ ਜਲ ਦਾ ਥਾਹ ਨਹੀਂ।

ਇਸਤ੍ਰੀ ਤਜਿ ਕਰਿ ਕਾਮਿ ਵਿਆਪਿਆ ਚਿਤੁ ਲਾਇਆ ਪਰ ਨਾਰੀ ॥
ਸਿਖ ਕਰੇ ਕਰਿ ਸਬਦੁ ਨ ਚੀਨੈ ਲੰਪਟੁ ਹੈ ਬਾਜਾਰੀ ॥
ਅੰਤਰਿ ਬਿਖੁ ਬਾਹਰਿ ਨਿਭਰਾਤੀ ਤਾ ਜਮੁ ਕਰੇ ਖੁਆਰੀ ॥੬॥
ਸੋ ਸੰਨਿਆਸੀ ਜੋ ਸਤਿਗੁਰ ਸੇਵੈ ਵਿਚਹੁ ਆਪੁ ਗਵਾਏ ॥
ਛਾਦਨ ਭੋਜਨ ਕੀ ਆਸ ਨ ਕਰਈ ਅਚਿੰਤੁ ਮਿਲੈ ਸੋ ਪਾਏ ॥
ਬਕੈ ਨ ਬੋਲੈ ਖਿਮਾ ਧਨੁ ਸੰਗ੍ਰਹੈ ਤਾਮਸੁ ਨਾਮਿ ਜਲਾਏ ॥
ਧਨੁ ਗਿਰਹੀ ਸੰਨਿਆਸੀ ਜੋਗੀ ਜਿ ਹਰਿ ਚਰਣੀ ਚਿਤੁ ਲਾਏ ॥੭॥
ਆਸ ਨਿਰਾਸ ਰਹੈ ਸੰਨਿਆਸੀ ਏਕਸੁ ਸਿਉ ਲਿਵ ਲਾਏ ॥
ਹਰਿ ਰਸੁ ਪੀਵੈ ਤਾ ਸਾਤਿ ਆਵੈ ਨਿਜ ਘਰਿ ਤਾੜੀ ਲਾਏ ॥
ਮਨੂਆ ਨ ਡੋਲੈ ਗੁਰਮੁਖਿ ਬੂਝੈ ਧਾਵਤੁ ਵਰਜਿ ਰਹਾਏ ॥
ਗ੍ਰਿਹੁ ਸਰੀਰੁ ਗੁਰਮਤੀ ਖੋਜੇ ਨਾਮੁ ਪਦਾਰਥੁ ਪਾਏ ॥੮॥
ਬ੍ਰਹਮਾ ਬਿਸਨੁ ਮਹੇਸੁ ਸਰੇਸਟ ਨਾਮਿ ਰਤੇ ਵੀਚਾਰੀ ॥
ਖਾਣੀ ਬਾਣੀ ਗਗਨ ਪਤਾਲੀ ਜੰਤਾ ਜੋਤਿ ਤੁਮਾਰੀ ॥
ਸਭਿ ਸੁਖ ਮੁਕਤਿ ਨਾਮ ਧੁਨਿ ਬਾਣੀ ਸਚੁ ਨਾਮੁ ਉਰ ਧਾਰੀ ॥
ਨਾਮ ਬਿਨਾ ਨਹੀ ਛੂਟਸਿ ਨਾਨਕ ਸਾਚੀ ਤਰੁ ਤੂ ਤਾਰੀ ॥੯॥੭॥

(ਮਾਰੂ, ਮ: ੧ – ੧੦੧੨/੧੩)

ਏਹ ਸ਼ਬਦ ਸੁਣ ਕੇ ਭੇਖ ਦਾ ਅਭਿਮਾਨ ਸਭ ਦਾ ਟੁੱਟ ਗਿਆ। ਅਨੇਕਾਂ ਨੇ ਬਾਬੇ ਤੋਂ ਸਤਿਨਾਮ ਦਾ ਉਪਦੇਸ਼ ਧਾਰਨ ਕੀਤਾ। ਬਾਬੇ ਜੀ ਨੇ ਉਨ੍ਹਾਂ ਤੋਂ ਹਨੂਮਾਨ, ਭੈਰੋਂ, ਮੜ੍ਹੀ, ਮਸਾਣ ਆਦਿਕ ਦੀ ਮੰਨਤ ਪੂਜਾ ਉਪਾਸਨਾ ਕਰਨੀ ਅਤੇ ਹੋਰ ਸਭ ਲੋਕਾਂ ਤੋਂ ਦਿਖਾਵੇ ਦੇ ਕੰਮ ਛੁਡਾ ਕੇ ਪ੍ਰਮੇਸ਼ੂਰ ਦੀ ਭਗਤੀ ਭਜਨ ਕਰਨ ਲਾਇਆ, ਜਿਸ ਤੋਂ ਓਹ ਸ਼ਾਂਤ ਚਿਤ ਹੋ ਕੇ ਨਿਹਾਲ ਹੋ ਗਏ।

ਉਥੋਂ ਚੱਲ ਕੇ ਬਾਬਾ ਜੀ ਪਿੰਡ ਦਾਦਨਖਾਂ ਜਾ ਉੱਤਰੇ। ਉਸ ਸਮੇਂ ਇੱਕ ਟੋਲਾ ਏਸੇ ਦੇਸ਼ ਦੇ ਮੁਸਲਮਾਨਾਂ ਦਾ ਮੱਕੇ ਨੂੰ ਜਾਂਦਾ ਹੋਇਆ ਦੇਖ ਕੇ ਭਾਈ ਮਰਦਾਨੇ ਨੇ ਆਖਿਆ, "ਜੇ ਮੈਨੂੰ ਆਗਜਾ ਦਿਓ ਤਾਂ ਮੈਂ ਭੀ ਏਹਨਾਂ ਨਾਲ ਹੱਜ ਕਰ ਆਵਾਂ।" ਗੁਰੂ ਜੀ ਬੋਲੇ, "ਭਾਈ ਮਰਦਾਨਾ! ਉਤਾਵਲਾ ਨਾ ਹੋ ਅਸੀਂ ਆਪ ਹੀ ਤੈਨੂੰ ਹੱਜ ਕਰਾ ਦੇਵਾਂਗੇ। ਫ਼ਕੀਰਾਂ ਨੂੰ ਦੇਸ ਪ੍ਰਦੇਸ ਵਿੱਚ ਫਿਰਨਾ ਬੜਾ ਲਾਭਦਾਇਕ ਹੈ।" ਏਹ ਕਹਿ ਕੇ ਗੁਰੂ ਜੀ ਓਸੇ ਤਰਫ ਧੀਰੇ ਧੀਰੇ ਚੱਲ ਪਏ। ਰੋਹਤਾਸ* ਪਹੁੰਚੇ ਤਾਂ ਭਾਈ ਮਰਦਾਨੇ ਨੂੰ ਤ੍ਰਿਖਾ ਲੱਗੀ। ਓਨ ਗੁਰੂ ਜੀ ਅੱਗੇ ਬੇਨਤੀ ਕੀਤੀ, "ਮਹਾਰਾਜ! ਏਥੇ ਜਲ ਬੜਾ ਡੂੰਘਾ ਦੁਰਲੱਭ ਹੈ। ਪਸ਼ੂ ਪੰਛੀ ਆਦਮੀ ਬਹੁਤ ਤੰਗ ਰਹਿੰਦੇ ਹਨ। ਬਾਬੇ ਜੀ ਨੇ ਇੱਕ ਜਗ੍ਹਾ ਖੁਦਵਾਈ ਤਾਂ ਚਸ਼ਮਾ ਫੁੱਟ ਪਿਆ, ਜਿਸ ਦੇ ਜਲ ਦੀ ਕੱਸੀ ਹੁਣ ਹਮੇਸ਼ਾ ਵਗਦੀ ਰਹਿੰਦੀ ਹੈ। ਓਥੋਂ ਤਿੰਨ ਕੋਹ ਬਾਲ ਗੁੰਦਾਈ, ਕੰਨ ਪਾਟੇ ਜੋਗੀ ਦਾ ਟਿੱਲਾ ਹੈ। ਉਥੇ ਬਾਬਾ ਜੀ ਪੁੱਜੇ ਤਾਂ ਬਾਲ ਗੁੰਦਾਈ ਦਾ ਸੰਤ ਬੜਾ ਖ਼ੁਸ਼ੀ ਹੋ ਕੇ ਮਿਲਿਆ ਅਤੇ ਆਪਸ ਵਿੱਚ ਪਰਚੇ ਦੇਖੇ ਦਿਖਾਏ ਖ਼ੁਸ਼ ਹੋਏ। ਓਥੋਂ ਜਲਾਲਪੁਰ, ਹਰਨਪੁਰ ਨੂੰ ਹੁੰਦੇ ਹੋਏ ਪੋਠੋਹਾਰ, ਧੱਨੀ ਦੇਸ ਦਾ ਬੜੇ ਪ੍ਰੇਮ ਨਾਲ ਸੁਧਾਰ ਕੀਤਾ। ਅੱਗੇ ਸੋਇਨੇ ਦੇ† ਕਿਨਾਰੇ ਪਹੁੰਚੇ ਤਾਂ ਇੱਕ ਸਿੱਧ ਮਿਲਯਾ। ਓਨ ਅਨੇਕ ਪ੍ਰਕਾਰ ਦੇ ਮੇਵੇ ਹਰੇਕ ਦੇਸ ਦੇ ਬਾਬੇ ਜੀ ਦੀ ਭੇਟਾ ਕੀਤੇ। ਅਨੇਕ ਚਮਤਕਾਰੇ ਦੇਖੇ

---

*ਏਸੇ ਚਸ਼ਮੇ ਦੇ ਪਾਣੀ ਦੇ ਆਸਰੇ ਸੰਮਤ ੧੫੯੭ ਬਿਕ੍ਰਮੀ ਨੂੰ ਸ਼ੇਰਸ਼ਾਹ ਪਠਾਣ ਨੇ ਹਿਮਾਯੂੰ ਬਾਦਸ਼ਾਹ ਨੂੰ ਏਸ ਦੇਸ ਵਿੱਚੋਂ ਕੱਢ ਕੇ ਦੁਰਾਨੀਆਂ ਦਾ ਰਾਹ ਰੋਕਣ ਲਈ ਰੋਹਤਾਸ ਦਾ ਕਿਲ੍ਹਾ ਚੁਣਵਾ ਕੇ ਫ਼ੌਜ ਉਤਾਰ ਰੱਖੀ ਸੀ। ਲਿਖਿਆ ਹੈ ਕਿ ਤਿੰਨ ਵਾਰੀ ਕਿਲ੍ਹੇ ਦੀ ਕੰਧ ਅੰਦਰ ਏਸ ਚਸ਼ਮੇ ਨੂੰ ਲੀਤਾ, ਪਰ ਏਹ ਬਾਹਰ ਹੀ ਫੁਟਦਾ ਰਿਹਾ। ਹੁਣ ਕਿਲ੍ਹੇ ਦੇ ਪੱਛਮੀ ਦਰਵਾਜੇ ਦੇ ਬਾਹਰ ਹੈ। ਸ੍ਰਦਾਰ ਚੜ੍ਹਤ ਸਿੰਘ ਜੀ ਨੇ ਪੱਕਾ ਮਕਾਨ ਕੁੰਡ ਬਣਵਾ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਖੁਲ੍ਹਾ ਦਿੱਤਾ। ਜਾਗੀਰ ਇੱਕ ਪਿੰਡ ਦਿੱਤਾ ਸੀ ਜੋ ਅੰਗ੍ਰੇਜ਼ੀ ਰਾਜ ਹੋਏ ਤੋਂ ਹੀਨ ਹਿਆਤ ਹੋਣ ਕਰ ਜਾਂਦਾ ਰਿਹਾ।

† ਸੋਇਨੇ ਇੱਕ ਪਾਣੀ ਦਾ ਡਲ ਕਸ਼ਮੀਰ ਦੇ ਡਲ ਵਾਂਙੂੰ ਚਾਰ ਕੋਹ ਵਿੱਚ ਖੜ੍ਹਾ ਹੈ। ਇਸ ਦੇ ਨਾਮ ਪਰ ਓਸ ਦੇਸ਼ ਦਾ ਨਾਮ ਹੈ। ਏਥੋਂ ਦੇ ਘੋੜੇ ਬਹੁਤ ਮਸ਼ਹੂਰ ਹਨ। ਪੱਥਰ ਕਲਾ ਬੰਦੂਕ ਦੀ ਪੱਥਰੀ ਅੱਗ ਦੇਣ ਵਾਲੀ ਦੀ ਖਾਣ ਭੀ ਏਥੇ ਹੀ ਹੈ।

ਦਿਖਾਏ। ਹੁਣ ਭੀ ਓਸ ਸਿੱਧ ਦੀ ਮਾਨਤਾ ਓਥੇ ਹੈ। ਏਥੋਂ ਚੱਲ ਨਰ ਸਿੰਘ ਫੁਹਾਰ* ਦੇ ਪੁਜਾਰੀ ਮਜਾਵਰ ਨੂੰ ਉਪਦੇਸ਼ ਦੇ ਕੇ ਢੋਕੜੀ ਦੇ ਪੱਤਣ ਅਟਕ ਦਰਿਆ ਪਾਰ ਹੋ ਕਾਲੇ ਬਾਗ਼, ਖਾਨਗੜ੍ਹ ਦੇ ਰਸਤੇ ਪੀਝੂ ਨੂੰ ਲੰਘ ਕੇ ਗੜਾਗ, ਫਤੇਖਾਨਾਦਿਕ ਸ਼ਹਿਰਾਂ ਵਿੱਚ ਦੀ ਨਾਮ ਦੀ ਬਰਖਾ ਕਰ ਲੋਕਾਂ ਨੂੰ ਸ਼ਾਂਤੀ ਬਖ਼ਸ਼ਦੇ ਹੋਏ ਡੇਰੇ ਇਸਮਾਈਲ ਖਾਂ ਦੇ ਦੇਸ ਦੀ ਝਾਕੀ ਜਾ ਲੀਤੀ। ਬਹੁਤ ਲੋਕਾਂ ਨੂੰ ਕ੍ਰਿਤਾਰਥ ਕੀਤਾ। ਏਸ ਦੇਸ ਵਿੱਚ ਖਜੂਰਾਂ ਦੇ ਬ੍ਰਿਛ ਤੇ ਛੋਲੇ ਬਹੁਤ ਢਲੇ ਹੋਏ ਦੇਖੇ। ਮਰਦਾਨੇ ਖਾਣੇ ਚਾਹੇ ਤਾਂ ਇੱਕ ਬਾਲਕ {ਖੇਤ ਦੇ ਰਾਖੇ ਨੂੰ ਸੁਲਤਾਨ ਬਣਾਇਆ} ਜੋ ਖੇਤ ਦਾ ਰਾਖਾ ਸੀ, ਓਸ ਨੇ ਏਹਨਾਂ ਨੂੰ ਸੰਤ ਜਾਣ ਕੇ ਫੂਸ ਬਿਛਾ ਕੇ ਬੈਠਾ ਲੀਤਾ ਤੇ ਫ਼ਲ ਖਜੂਰਾਂ ਦੇ ਅਤੇ ਛੋਲਿਆਂ ਦੀਆਂ ਹੋਲਾਂ ਅੱਗੇ ਰੱਖੀਆਂ। ਘਰੋਂ ਦੁੱਧ ਲੈਣ ਚੱਲਿਆ ਤਾਂ ਬਾਬੇ ਜੀ ਨੇ ਓਸ ਦਾ ਪ੍ਰੇਮ ਦੇਖ ਕੇ ਬੈਠਾ ਲੀਤਾ ਤੇ ਏਹ ਸ਼ਲੋਕ ਉਚਾਰਯਾ:

ਸਥਰ ਤੇਰਾ ਲੇਫ ਨਿਹਾਲੀ, ਭਾਉ ਤੇਰਾ ਪਕਵਾਨ ॥
ਨਾਨਕ ਸਿਫਤੀ ਤ੍ਰਿਪਤਿਆ, ਆਉ ਬੈਠ ਸੁਲਤਾਨ ॥

(ਇਹ ਗੁਰਬਾਣੀ ਨਹੀਂ)

ਏਹ ਬਚਨ ਬਾਬੇ ਜੀ ਦਾ ਐਸਾ ਸਫ਼ਲਾ ਹੋਯਾ ਕਿ ਮਾਨਕੇਰੇ ਦਾ ਖਾਨ ਬੇਉਲਾਦ ਮਰ ਗਿਆ। ਓਸ ਦੇ ਅਹਿਲਕਾਰਾਂ ਨੇ ਸਲਾਹ ਕੀਤੀ ਕਿ ਆਪਣੇ ਵਿੱਚੋਂ ਜੇ ਕਿਸੇ ਦਾ ਪੁੱਤ੍ਰ ਰਾਜ ਬਹਾਲਿਆ ਤਾਂ ਆਪਸ ਵਿੱਚ ਝਗੜਾ ਲੜਾਈ ਹੋਵੇਗਾ। ਇਸ ਲਈ ਚੰਗਾ ਹੈ ਕਿ ਸਵੇਰੇ ਸਭ ਤੋਂ ਪਹਿਲੇ ਜੋ ਕੋਈ ਪਹਿਲਾਂ ਦਰਵਾਜ਼ੇ ਅੱਗੇ ਆਵੇ ਓਸੇ ਨੂੰ ਗੱਦੀ ਬੈਠਾ ਕੇ ਰਾਜ ਕਰਦੇ ਰਹੋ। ਓੜਕ ਏਹੋ ਸਲਾਹ ਠੀਕ ਠਹਿਰੀ। ਓਹੋ ਲੜਕਾ ਬੜੇ ਤੜਕੇ ਆਪਣੇ ਖੇਤ ਵਿੱਚੋਂ ਘਰ ਗਿਆ। ਅਜੇ ਦਰਵਾਜ਼ਾ ਖੁੱਲ੍ਹਿਆ ਨਹੀਂ ਸੀ। ਸੋ ਬੈਠਾ ਰਿਹਾ। ਜਦ ਬੂਹਾ ਖੁਲ੍ਹਿਆ ਤਾਂ ਜਮਾਂਦਾਰ ਓਸ ਨੂੰ ਲੈ ਗਿਆ। ਅਹਿਲਕਾਰਾਂ ਨੇ ਰਾਜ ਗੱਦੀ ਤੇ ਬੈਠਾ ਦਿੱਤਾ, ਹਾਕਮ ਬਣ ਗਿਆ। ਸੱਚ ਹੈ 'ਸਾਧੂ ਬੋਲੈ ਸਹਿਜ ਸੁਭਾਇ। ਸਾਧੁ ਦਾ ਬੋਲਿਆ ਬਿਰਥਾ ਨਾ ਜਾਇ।' ਏਸ ਪ੍ਰਕਾਰ ਅਰਥ ਪ੍ਰਮਾਰਥ ਦੀ ਬਰਖਾ ਕਰ ਜੀਵਾਂ ਦਾ ਉਧਾਰ ਕਰਦੇ ਹੋਏ ਬਾਬਾ ਜੀ ਫੋਫਲਜ਼ਈ ਪਠਾਣਾਂ ਦੇ ਪ੍ਰਗਣੇ ਜਾ ਰਹੇ। ਓਸ ਦੇਸ ਵਿੱਚ ਖੇਲਜ਼ਈ, ਬਾਰਕਜ਼ਈ, ਪਠਾਣ, ਬਲੋਚ ਬਹੁਤ; ਅਤੇ ਹਿੰਦੂ ਥੋੜ੍ਹੇ ਹਨ। ਏਥੇ ਗੁਲਾਬੀ ਪਹਾੜ ਲੂਣ ਦਾ ਤੇ ਲਾਲ ਧਰਤੀ, ਸਬਜ਼ ਘਾਸ, ਸਫੈਦ ਪਾਣੀ ਦਰਿਆਈ ਦਾ ਸੂਰਜ ਦੀਆਂ ਕਿਰਨਾਂ ਨਾਲ ਇੱਕ ਅਚਰਜ ਲੀਲ੍ਹਾ ਦਿਖਾਂਵਦਾ ਹੈ। ਚਿਰ ਤੱਕ ਬਾਬਾ ਜੀ ਦੇਖਦੇ ਰਹੇ। ਓਥੋਂ ਅੱਗੇ ਸੰਗਰ, ਮੰਗਰ, ਡੇਰੇਦੀਨ ਪਨਾਹ, ਪੀਰਆਦਲ ਡੇਹਰਾ ਗਾਜ਼ੀ ਖਾਂ, ਰੋਹ ਦੇਸ ਦਾ ਝਾਕਾ ਲੈਂਦੇ ਹੋਏ ਰੋਹਾ ਦੇਸ ਵਿੱਚ ਨਗਾਹੇ ਪਿੰਡ {ਨਗਾਹੇ ਦੇ ਪੀਰ ਦੀ ਕਥਾ} ਸੁਲਤਾਨਪੁਰ ਪੀਰ ਦੀ *ਚੁਖੰਡੀ ਦੇ ਅੰਦਰ ਉੱਤਰ ਵੱਲ; ਜਿੱਥੇ ਹੁਣ ਗੁਰੂ ਕਾ ਥੜਾ ਹੈ, ਜਾ ਬੈਠੈ। ਮਜਾਵਰਾਂ ਦੇ

---

*ਨਰਸਿੰਘ ਭਗਵਾਨ ਹਿਰਨਕਸ਼ਪ ਨੂੰ ਮਾਰ ਕੇ ਏਸੇ ਪਹਾੜ ਵਿੱਚ ਆ ਕੇ ਸਮਾ ਗਏ। ਓਸ ਕੰਦ੍ਰਾ ਦਾ ਨਾਮ ਨਰਸਿੰਘ ਫੁਹਾਰ ਹੈ। ਓਥੇ ਓਸ ਨੂੰ ਬਿਆਲ ਆਖਦੇ ਹਨ ਦੋ ਘਰਾਟ ਦਾ ਪਾਣੀ ਨਿੱਕਲ ਕੇ ਸੂਸੇ ਖੇਲ ਨੂੰ ਜਾਂਦਾ ਹੈ। ਲਕੜੀ ਭਾਵੇਂ ਹੱਡੀ, ਜੋ ਓਸ ਪਾਣੀ ਵਿੱਚ ਪੈ ਜਾਏ; ਸਭ ਪੱਥਰ ਹੋ ਜਾਂਦੀ ਹੈ। ਖਾਰਾ ਨਹੀਂ, ਤਾਂ ਹੀ ਹਿੰਦੂ ਤੁਰਕ ਮੰਨਦੇ ਪੂਜਦੇ ਹਨ।

*ਚੁਖੰਡੀ ਪੀਰ ਦੇ ਮਕਾਨ ਦਾ ਨਾਮ ਹੈ। ਏਸੇ ਨੂੰ ਸਖੀ ਸਰਵਰ ਸੁਲਤਾਨ ਲਾਲਾਂ ਵਾਲਾ ਭੀ ਆਖਦੇ ਹਨ। ਪੰਜਾਬ ਦੇ ਬਹੁਤ ਹਿੰਦੂ ਤੇ ਤੁਰਕ ਬੱਕਰੇ, ਰੋਟ, ਰੁਪਏ ਦਸਵੰਧ, ਸੁੱਖਣਾ ਦਿੰਦੇ ਹਨ, ਏਸ ਦਾ ਨਾਮ ਅਸਲ ਸੱਯਦ ਅਹਿਮਦ ਸੀ। ਏਸ ਦਾ ਬਾਪ ਸੱਯਦ ਜੈਨੁਲਦੀਨ ਅਰਬ ਤੋਂ ਆ ਕਰ ਕਰਸੀ ਕੋਟ ਪਰਗਣੇ ਸੁਲਤਾਨ ਰਿਹਾ ਸੀ। ਪੀਰੇ ਜੱਟ ਦੀ ਬੇਟੀ ਆਯਸ਼ਾਂ ਨਾਲ ਨਿਕਾਹ ਕੀਤਾ, ਜਿਸ ਤੋਂ ਸੰਨ ੧੧੪੨ ਬਿਕ੍ਰਮੀ ਨੂੰ ਏਹ ਪੈਦਾ ਹੋਯਾ। ਸ਼ੇਖ ਮੌਦੂਦ ਚਿਸਤੀ ਪੀਰ ਦੀ ਟਹਿਲ ਤਪੱਸਯਾ ਕਰ ਕੇ ਅਜਮਤੀ ਹੋ ਗਿਆ। ਇੱਕ ਔਰਤ ਬਦਲੇ ਏਸ ਦੀ ਲੜਾਈ ਸਮੇਰ ਭਾਈਆਂ ਨਾਲ ਹੋ ਗਈ। ਉਹਨਾਂ ਤੋਂ ਡਰਦਾ ਨੱਸ ਕੇ ਪਰਗਣੇ ਵਜ਼ੀਰਾ ਬਾਦ ਧੌਂਕਲ ਪਿੰਡ ਜਾ ਵੱਸਿਆ। ਫੇਰ ਕਰਮ ਖਾਂ ਦੀ ਬੇਟੀ ਜੈਨਾਂ ਨਾਲ ਨਿਕਾਹ ਕੀਤਾ ਸਰਾਜੁੱਦੀਨ ਬੇਟਾ ਹੋਯਾ। ਜਦ ਏਥੇ ਭੀ ਏਸ ਦੇ ਪੁਰਾਣੇ ਵੈਰੀ ਮਾਰਨ ਲਈ ਆ ਪਹੁੰਚੇ ਤਾਂ ਏਹ ਨੱਠ ਕੇ ਥਲਾਂ ਵਿੱਚ ਚਲਾ ਗਿਆ। ਇੱਕ ਥਾਂ ਪਾਣੀ ਤੋਂ ਤੰਗ ਹੋ ਕੇ ਰੱਬ ਅੱਗੇ ਬੇਨਤੀ ਕੀਤੀ ਤਾਂ ਚਸ਼ਮਾ ਨਿੱਕਲ ਆਯਾ ਜੋ ਹੁਣ ਤੱਕ ਨਗਾਹੇ ਵਿੱਚ ਹੈ। ਸੰਮਤ ੧੨੦੧ ਬਿਕ੍ਰਮੀ ਵਿੱਚ ਏਸ ਨੇ ਨਗਾਹਾ ਪਿੰਡ ਵਸਾਯਾ। ਦੂਰੋਂ ਦੂਰੋਂ ਲੋਗ ਪੀਰ ਪੀਰ ਸਮਝ ਕੇ ਦਰਸ਼ਨ ਨੂੰ ਆਵਣ ਲੱਗੇ। ਓੜਕ ਪੁਰਾਣੇ ਵੈਰੀਆਂ ਨੇ ਓਥੇ ਜਾ ਕੇ ਸੰਨ ੧੨੨੪ ਬਿਕ੍ਰਮੀ ਵਿੱਚ ਸਮੇਤ ਸਭ ਸੰਬੰਧੀਆਂ ਦੇ ਕਤਲ ਕਰ ਸੁੱਟਿਆ। ਕਬਰ ਹੁਣ ਤੱਕ ਪੂਜੀਦੀ ਹੈ। ਚੇਤ ਤੇ ਹਾੜ ਨੂੰ ਮੇਲਾ ਭਰਦਾ ਹੈ। ਮਹੀਨਾ ਮਹੀਨਾ ਰਹਿੰਦਾ ਹੈ। ਚੜ੍ਹਤ ਦੌਲਤ ਬਹੁਤ ਆਂਵਦੀ ਹੈ। ਆਮਦਨੀ ਦੋ ਸੌ ਮਜਾਵਰ ਵੰਡ ਲੈਂਦਾ ਹੈ। ਅਲਾਉੱਦੀਨ ਬਾਦਸ਼ਾਹ ਨੇ ਏਸ ਦੀ ਮੰਨਤ ਕਰੀ। ਦੁਸ਼ਮਨਾਂ ਪਰ ਫਤੇ ਪਾਈ ਤਾਂ ਲੱਖਾਂ ਰੁਪਏ ਦਾ ਅਸਬਾਬ ਜੜਾਊ ਕਾਠੀ ਘੋੜਾ ਆਦਿਕ ਤੇ ਦੋ ਲਾਲ ਗੁਲੇਲੇ ਜੇਡੇ ਚੜ੍ਹਾਏ, ਜਿਨ੍ਹਾਂ ਦਾ ਪ੍ਰਕਾਸ਼ ਹੱਥ ਹੱਥ ਭਰ

ਯਾਤ੍ਰੀ ਲੋਕਾਂ ਨੂੰ ਪ੍ਰਮੇਸ੍ਵਰ ਦੀ ਬੰਦਗੀ ਵਿੱਚ ਜੋੜ ਕੇ ਜਾਮਪੁਰ ਦੇ ਰਸਤੇ ਹਨਦ ਸ਼ੈਹਰ ਜਾ ਦੇਖਿਆ। ਏਥੋਂ ਲੋਕ ਇੱਕ ਪਹਾੜੀ ਨੂੰ ਹਿਰਨਕੱਸਪ ਦੀ ਦਾੜ੍ਹ ਆਖਦੇ ਹਨ। ਏਦੂੰ ਅੱਗੇ ਜਦ ਫਾਜ਼ਲ ਪੁਰ, ਮੀਰਾਂ ਪੁਰ ਤੇ ਨੌਸ਼ਹਿਰੇ ਪੰਜ ਸੱਤ ਦਿਨ ਟਿਕੇ ਤਾਂ ਬਹੁਤ ਲੋਗ ਬਾਬੇ ਦੇ ਸੇਵਕ ਬਣ ਗਏ। ਮਰਦਾਨੇ ਦੇ ਮੁਰੀਦ ਬਣਾ ਦਿੱਤੇ, ਜਿਨ੍ਹਾਂ ਦੀ ਸੰਤਾਨ ਹੁਣ ਤੱਕ ਮਰਦਾਨੇ ਦੀ ਔਲਾਦ ਨੂੰ ਮੰਨਦੀ ਹੈ।

ਨੌਸ਼ਹਿਰਾ, ਰਾਜਨ ਪੁਰ, ਸੀਤਪੁਰ, ਮਿਠਣਕੋਟ; ਜਿੱਥੇ ਪੰਜੇ ਨਦ 'ਕੱਠੇ ਹੁੰਦੇ ਹਨ, ਓਥੋਂ ਦਾ ਨਜ਼ਾਰਾ ਲੈ ਕੇ ਰੋਝਾਨ ਕਸਬੇ ਦੇ ਪੀਰਾਂ ਫ਼ਕੀਰਾਂ ਨਾਲ ਚਰਚਾ ਕਰ ਗੋਰ ਮਕਬਰੇ ਮੰਨਣੋ ਹਟਾਯਾ।

ਏਥੋਂ ਤੱਕ ਸਿੱਖਾਂ ਦਾ ਰਾਜ ਸੀ ਏਥੋਂ ਅੱਗੇ ਸੁਹਾਣੇ ਸ਼ਹਰ ਜਿੱਥੇ ਦਰਜਾ ਕਿਨਾਰੇ ਗੁਰੂ ਜੀ ਨੇ ਏਹ ਸ਼ਬਦ ਉਚਾਰਿਆ ਸੀ ਜਾ ਠਹਿਰੇ:

ਸਲੋਕ ਮਃ ੧ ॥
ਗਊ ਬਿਰਾਹਮਣ ਕਉ ਕਰੁ ਲਾਵਹੁ ਗੋਬਰਿ ਤਰਣੁ ਨ ਜਾਈ ॥
ਧੋਤੀ ਟਿਕਾ ਤੈ ਜਪਮਾਲੀ ਧਾਨੁ ਮਲੇਛਾਂ ਖਾਈ ॥
ਅੰਤਰਿ ਪੂਜਾ ਪੜਹਿ ਕਤੇਬਾ ਸੰਜਮੁ ਤੁਰਕਾ ਭਾਈ ॥
ਛੋਡੀਲੇ ਪਾਖੰਡਾ ॥ ਨਾਮਿ ਲਇਐ ਜਾਹਿ ਤਰੰਦਾ ॥੧॥

(ਵਾਰ-ਆਸਾ, ਮਃ ੧ - ੪੭੧)

ਆਦਿਕ।

ਏਥੇ ਬਾਬੇ ਜੀ ਦੇ ਮਕਾਨ ਬਣੇ ਹੋਏ ਹਨ। ਏਥੋਂ ਚੱਲ ਸੱਖਰ, ਭੱਖਰ ਤੇ ਰੋੜੀ ਦੇ ਮੱਧ, ਸਿੰਧ ਦਰਯਾ ਦੇ ਵਿਚਕਾਰ; ਜਿੱਥੇ ਹੁਣ ਸਾਧ ਬੇਲਾ ਹੈ, ਬੋਹੜ ਹੇਠ ਜਾ ਬੈਠੇ। ਖ੍ਵਾਜੇ ਪੀਰ ਦੇ ਮਜਾਵਰ ਚਰਚਾ ਤੇ ਬਾਬੇ ਜੀ ਦੀ ਬਾਣੀ ਸੁਣ ਕੇ ਘਰ ਆਤਮਕ ਸ਼ਕਤੀ ਦੇਖ ਕੇ ਸਭ ਹਾਰ ਗਏ। ਗੁਰੂ ਜੀ ਸ਼ਿਕਾਰ ਪੁਰ, ਰੁਕਣ, ਲਾੜਕਾਣਾ, ਆਦਿਕ ਸਿੰਧ ਦੇਸ ਦਾ ਸੈਲ ਕਰਦੇ ਹੋਏ ਹਲਾਣੀ, ਬੁਲਾਣੀ ਜਾ ਉੱਤਰੇ। ਏਥੇ ਹੁਨ ਭੀ ਜਾਗੀਰਦਾਰ ਗੁਰੂ ਕਾ ਮਕਾਨ ਹੈ। ਬਹੁਤ ਲੋਕਾਂ ਨੂੰ ਈਸ਼ਵਰ ਦੀ ਭਗਤੀ ਕਰਨ ਲਾਯਾ। ਓਥੋਂ ਰਾਨੀ ਪੁਰ ਗੰਮਟ, ਮੋਰਾਘ ਝੇਰਾ, ਅਮਰਕੋਟ, ਟਾਂਡਾ ਅਲਾਯਾਰ ਖਾਂ, ਮਟਾਰੀ ਆਦਿਕ ਨਗਰਾਂ ਦਾ ਦਿਦਾਰ ਝਾਕਾ ਲੈ ਕੇ ਹੈਦਰਾਬਾਦ ਫੁਲੇਲੀ, ਨਦੀ ਕਿਨਾਰੇ; ਜਿੱਥੇ ਜੋਧਾ ਸਿੰਘ ਨੇ ਹੁਣ ਗੁਰ ਅਸਥਾਨ ਬਨਾਯਾ ਹੈ, ਜਾ ਉੱਤਰੇ।

ਏਨ੍ਹਾਂ ਸਾਰੇ ਨਗਰਾਂ ਵਿੱਚ ਬਾਬੇ ਦੀ ਸਿੱਖੀ ਹੈ ਸੇਵਕੀ ਹੈ ਏਸ ਸਿੰਧ ਦੇਸ ਦੇ ਅਜੇਹੇ ਭਾਗ ਜਾਗੇ ਜੋ ਗੁਰੂ ਨਾਨਕ ਸਾਹਿਬ ਨੇ ਸਾਰੇ ਦੇਸ ਵਿੱਚ ਫਿਰ ਕੇ ਆਪਣੀ ਬਾਣੀ ਤੇ ਈਸ਼੍ਵਰੀ ਸ਼ਕਤੀ ਆਤਮਕ ਵਿੱਦਯਾ ਦੇ ਬਲ ਨਾਲ; ਜਿਸ ਦੇ ਅਣੁਮਾਂ, ਮਹਿਮਾ, ਗਿਰਮਤਾਂ, ਆਦਿਕ ਅਠਾਰਾਂ ਭੇਦ ਹਨ, ਲੋਕਾਂ ਨੂੰ ਪਰਮੇਸ਼੍ਵਰ ਦੇ ਭਜਨ ਭਗਤੀ ਵਿੱਚ ਜੋੜਿਆ। ਜੋ ਪਹਿਲੇ ਕਬਰਾਂ, ਮਕਬਰੇ, ਬਾਛਲਾਪੀਰ, ਬਾਲਾ ਸੁੰਦ੍ਰੀ, ਭੈਰੋਂ ਨਾਰ ਸਿੰਘ ਬੀਰਾਦਿਕ ਦੇ ਅਸਥਾਨਾਂ ਅੱਗੇ ਮੱਥੇ ਟੇਕ ਕੇ ਖੀਰਨੀਂ ਦਿੰਦੇ ਹੋਏ ਪਰਮੇਸ਼੍ਵਰ ਤੋਂ ਉੱਕੇ ਹੀ ਬੇਮੁਖ ਹੋ ਰਹੇ ਸੇ, ਉਨ੍ਹਾਂ ਅਨੰਤ ਇਸਤ੍ਰੀ ਪੁਰਖਾਂ ਨੂੰ ਅਕਾਲ ਪੁਰਖ ਦੀ ਭਗਤੀ ਭਜਨ ਕਰਨ ਲਾਇਆ ਜਿਸ ਕਰ ਕੇ ਹੁਣ ਓਸ ਦੇਸ ਵਿੱਚ ਘਰ ਘਰ ਗੁਰੂ ਗ੍ਰੰਥ ਸਾਹਿਬ ਜੀ ਪੜ੍ਹੀਦਾ ਹੈ। ਇਸਤ੍ਰੀ ਪੁਰਖ ਸਭ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਦਰਸ਼ਨ ਪਾਠ ਸੁਣੇ ਕੀਤੇ ਬਿਨਾਂ ਕੋਈ ਕਿਸੇ ਕੰਮ ਨਹੀਂ ਲਗਦਾ।

ਯੱਦਪਿ ਬਹੁਤ ਲੋਕ ਉਡਜਾਰੇ ਲਾਲ* ਦੀ ਤੇ ਜਲ ਦੀ ਪੂਜਾ ਮੰਨਤਾ ਕਰਦੇ ਹਨ ਪਰ ਓਹ ਭੀ ਗੁਰੂ ਦੇ ਸੇਵਕ ਹਨ। ਦਰਿਆ ਕਿਨਾਰੇ ਬੈਠ ਕੇ ਸ੍ਰੀ ਗੁਰੂ ਜੀ ਦਾ ਧਯਾਨ ਕਰਦੇ ਹਨ ਤੇ ਸ੍ਰੀ ਅੰਮ੍ਰਿਤਸਰ ਜੀ ਬਹੁਤ ਰੁਪਯਾ ਚੜ੍ਹਾਂਵਦੇ ਹਨ।

ਚਾਰੋਂ ਪਾਸੇ ਦੀਵੇ ਵਾਂਗੂੰ ਹੁੰਦਾ ਹੈ। ਅਸਬਾਬ ਦੀ ਰਖਵਾਲੀ ਨਵਾਬ ਦੇ ਸਪੁਰਦ ਹੈ। ਪੱਛਮ ਦੇ ਪਾਸੇ ਪੀਰ ਦਾ ਪਲੰਘ ਰਾਜਿਆਂ ਵਰਗੀ ਵਿਛਾਈ ਦਾ ਵਿਛਿਆ ਰਹਿੰਦਾ ਹੈ। ਸੁਰੰਗ ਵਿੱਚੋਂ ਜੋ ਹਵਾ ਲੱਗਦੀ ਹੈ ਓਹ ਨੂੰ ਬਹਿਸ਼ਤ ਦੀ ਹਵਾ ਆਖਦੇ ਹਨ।

*ਉਡਜਾਰੇ ਲਾਲ ਦੀ ਕਥਾ ਇਉਂ ਕਹਿੰਦੇ ਹਨ ਕਿ ਜਦ ਅਮਰਖ ਸ਼ਾਹ ਬਾਦਸ਼ਾਹ ਨੇ ਹਿੰਦੂਆਂ ਨੂੰ ਤੁਰਕ ਕਰਨ ਲਈ ਅਤਿ ਸਤਾਯਾ ਤਾਂ ਹਿੰਦੂ ਅੰਨ ਜਲ ਛੱਡ ਕੇ ਸਿੰਧ ਦਰਜਾ ਕਿਨਾਰੇ ਜਾ ਪਏ। ਏਨ੍ਹਾਂ ਦੀ ਪੁਕਾਰ ਸੁਣ ਕੇ ਈਸ਼੍ਵਰ ਦੇ ਹੁਕਮ ਨਾਲ ਨਰਸ ਪੁਰ ਰਤਨ ਬਣੀਏਂ

ਦੇ ਘਰ ਸ਼ੁਕ੍ਰਵਾਰ ਚੇਤ ਸੁਦੀ ੩ ਸੰਮਤ ੧੫੧੩ ਬਿਕ੍ਰਮੀ ਨੂੰ ਉਡਜਾਰਾ ਲਾਲ ਬਰਣ ਦਾ ਅਵਤਾਰ ਹੋਯਾ। ਓਸ ਦੀ ਜੰਮਣ ਰਾਤ ਦਾ ਨਾਮ ਬਾਰੂ ਰਾਤ ਹੈ। ਮੁਸਲਮਾਨ ਏਸੇ ਨੂੰ ਖ੍ਵਾਜਾ ਖਿਜਰ ਮੰਨਦੇ ਹਨ। ਏਹ ਮੁਸਲਮਾਨਾਂ ਨੂੰ ਜ਼ੁਲਮ ਕਰਨ ਤੋਂ ਬੰਦ ਕਰ ਕੇ ੨੭ ਬਰਸ ਦੀ ਉਮਰ ਵਿੱਚ ਹੈਦਰਾਬਾਦ ਤੋਂ ੮ ਕੋਹ ਉਡਜਾਰੇ ਪਿੰਡ ਦੇ ਪਾਸ ਚੇਤਰ ਸੰਨ ੧੫੪੧ ਬਿਕ੍ਰਮੀ ਨੂੰ ਸਮਾ ਗਿਆ। ਜਿਹੜੇ ਭੰਗੂੜੇ ਉੱਤੇ ਓਹ ਝੂਟਦਾ ਸੀ, ਓਸ ਦੀ ਤੇ ਜੋਤਾਂ ਦੀ ਪੂਜਾ ਹੁੰਦੀ ਹੈ। ਏਹ ਪੂਜਾ ਉਡਜਾਰੇ ਦੇ ਚੇਲੇ ਪੁੰਗਰ ਨਾਮ ਖੱਤ੍ਰੀ ਦੀ ਸੰਤਾਨ ਜੋ ਹੁਣ ਠਾਕੁਰ ਸਦਾਉਂਦੀ ਹੈ, ਓਹ ਲੈਂਦੀ ਹੈ ਤੇ ਕਬਰ ਦੀ ਪੂਜਾ ਮੁਸਲਮਾਨ ਲੈਂਦੇ ਹਨ। ਚੇਤ ਸੁਦੀ ੩ ਨੂੰ ਮੇਲਾ ਭਰਦਾ ਹੈ। ਚੰਦ ਦੀ ਪਹਿਲੀ ਤ੍ਰੀਕ ਹਰ ਮਹੀਨੇ ਦੇ ਮਹੀਨੇ ਦਰਜਾ ਦੇ ਕੰਢੇ ਜਾ ਕੇ ਪੁਲਾਉ ਦੀਆਂ ਦੇਗਾਂ ਤੇ ਫ਼ੁੱਲ ਦੀਵੇ ਧੂਪ ਬਰਣ ਦੀ ਪੂਜਾ ਕਰ ਕੇ ਸਭ ਚੀਜ ਦਰਿਆ ਵਿੱਚ ਪਾ ਦਿੰਦੇ ਹਨ। ਰਾਤ ਜਾਗਾ ਕਰ ਕੇ ਗੁਰੂ ਦੇ ਸ਼ਬਦ ਤੇ ਹੋਰ ਭਜਨ ਸਿੰਧੀ ਬੋਲੀ ਵਿੱਚ ਬੋਲਦੇ ਹਨ।

ਅਰਬ ਦੇਸ ਜਾਵਨਾ

ਹੈਦਰਾਬਾਦ, ਕੋਟਲੀ ਤੋਂ ਅੱਗੇ ਅਨੇਕ ਪਰਬਤਾਂ ਨਗਰਾਂ ਦਾ ਸੈਲ ਕਰਦੇ ਹੋਏ ਨਗਰ ਠੱਟੇ* ਰਾਜ ਘਾਟ ਪਾਸ ਜਾ ਉੱਤਰੇ (ਏਥੇ ਹੁਣ ਗੁਰੂ ਕੀ ਜਾਗਾ ਹੈ) ਤੇ ਹਿੰਗਲਾਜ ਨੂੰ ਜਾ ਦੇਖਿਆ। ਮੁੜ ਕਰਾਚੀ

---

*ਏਹ ਸ਼ਹਿਰ ਪਹਿਲੇ ਸਿੰਧ ਮੁਲਕ ਦੇ ਮਹਾਰਾਜੇ ਦੀ ਰਾਜਧਾਨੀ ਸੀ। ਮੁਸਲਮਾਨਾਂ ਨੇ ਮੰਦਰ ਤੋੜ ਕੇ ਵੈਰਾਨ ਕਰ ਦਿੱਤੇ। ਏਥੋਂ ਹੀ ਸਿੰਘੋ ਭਵਾਨੀ ਦੇ ਮੰਦਰ ਪਾਸੋਂ ਠੁਮਰੇ ਨਿਕਲਦੇ ਹਨ-ਜੈਸੇ ਕਿਸੇ ਕਿਸੇ ਥਾਂ ਜ਼ਮੀਨ ਵਿੱਚੋਂ ਚਿੜੀ ਮਨ ਕੇ ਨਿੱਕਲ ਪੈਂਦੇ ਹਨ ਤੈਸੇ ਓਹ ਭੀ ਖਾਣ ਹੈ। ਸੰਨਿਆਸੀ ਤੇ ਉਦਾਸੀ ਸਾਧੂ ਠੁਮਕਯਾਂ ਨੂੰ ਪਵਿੱਤ੍ਰ ਸਮਝ ਕੇ ਗਲ ਪਾਂਵਦੇ ਹਨ। ਆਖਦੇ ਹਨ ਏਹ ਦੇਵੀ ਦੀ ਜਮਾਰ ਹੈ। ਜਦ ਸ਼ਿਵ ਜੀ ਹਿੰਗਲਾਜ ਦੇ ਦਰਸ਼ਨ ਨੂੰ ਗਏ ਤਾਂ ਪਿੱਛੋਂ ਸਤੀ ਜੀ ਉਨ੍ਹਾਂ ਵਾਸਤੇ ਜਵਾਰ ਦੀਆਂ ਘੁੰਙਣੀਆਂ ਉਬਾਲ ਰੱਖਦੀ ਰਹੀ। ਕੋਈ ਆਖਦੇ ਹਨ ਸਤੀ ਨੇ ਜਵਾਰ ਬੀਜੀ ਸੀ, ਸ਼ਿਵ ਦੇ ਬਚਨ ਨਾਲ ਪੱਥਰ ਹੋ ਰਹੀ। ਤਾਹੀ ਜਵਾਰ ਦੇ ਦਾਣੇ ਵਾਂਗੂੰ ਏਸ ਪਰ ਭੀ ਟੋਪੀ ਹੈ ਜੋ ਛੇਦਣ ਸਮੇਂ ਲਾਹੀ ਜਾਂਦੀ ਹੈ। ਏਥੋਂ ਹੀ ਹਿੰਗਲਾਜ ਦੀ ਯਾਤ੍ਰਾ ਨਿਰੰਜਨੀ, ਨਿਰਬਾਣੀ ਅਖਾੜੇ ਦੇ ਮਹੰਤ ਚੇਲੇ ਨੂੰ ਛੁੱਟੀ ਦੇ ਕੇ ਪੂਜਾ ਲੈ ਕੇ ਤੋਰਦੇ ਹਨ। ਦੋ ਮਜਲ ਭੈਰੋਂ ਗੱੜ੍ਹੀਆ ਪੀਰ ਹੈ, ਓਸ ਪਰ ਲੀਰਾਂ ਚੜ੍ਹਦੀਆਂ ਹਨ। ਕਰਾਚੀਓਂ ਖਾਣੇ ਦਾਣੇ ਦੇ ਊਠ ਲੱਦ ਲੈਂਦੇ ਹਨ। ਅੱਗੇ ਕੋਈ ਚੀਜ਼ ਖਾਣ ਦੀ ਨਹੀਂ ਮਿਲਦੀ। ਸਾਤਾ ਦੀਪ ਤੱਕ ੩੦੦ ਕੋਸ ਉਜਾੜ ਹੈ। ਪੰਦਰਾਂ ਪੰਦਰਾਂ ਕੋਹ ਉੱਤੇ ਕਿਸੇ ਧਰਮਾਤਮਾ ਦੀਆਂ ਲਾਈਆਂ ਹੋਈਆਂ ਖੂਹੀਆਂ ਹਨ। ਓਨ੍ਹੀਂ ਥਾਈਂ ਉੱਤਰਦੇ ਜਾਂਦੇ ਹਨ। ਕਰਾਚੀਓਂ ੧੫ ਕੋਹ ਛਟੇ ਪਿੰਡ ਅੱਗੇ ਪਿੜੀਸੋਣ ਮਿਆਣੀ ਪਿੰਡ ਹੈ। ਏਥੋਂ ਦੇ ਗੁਸਾਈਂ ਫ਼ਕੀਰ ਹੋਰ ਫ਼ਕੀਰਾਂ ਤੋਂ ਸਵਾ ਰੁਪੱਯਾ ਗ੍ਰਿਸਤੀਆਂ ਤੋਂ ਪੰਜ ਰੁਪਏ ਲੈ ਕੇ ਲੰਘਣ ਦਿੰਦੇ ਹਨ, ਨਾਨਕ ਪੰਥੀ ਤੋਂ ਪੰਜ ਪੈਸੇ। ਆਖਦੇ ਹਨ ਸਾਡੇ ਵੱਡਿਆਂ ਨੂੰ ਚਰਚਾ ਵਿੱਚ ਜਿੱਤ ਕੇ ਗੁਰੂ ਨਾਨਕ ਹਿੰਗਲਾਜ ਨੂੰ ਜਾਂਦਾ ਹੋਯਾ ਛੁਡਾ ਗਿਆ ਸੀ। ਅੱਗੇ ਗੁਰੂ ਚੇਲੇ ਦੀ ਸਮਾਧਿ, ਕਾਹਰਵੇਲਾ, ਉਬਰਿਆਰੀ, ਆ ਕੇ ਅੰਗਾਖੜੀਏ, ਭੈਰੋਂ ਦੀ ਜਗ੍ਹਾ ਨਦੀ ਕਿਨਾਰੇ ਹੈ। ਏਥੇ ਹਿੰਗਲਾਜ ਦੇ ਹੁਕਮ ਨਾਲ ਭੈਰੋਂ ਰਹਿੰਦਾ ਸੀ। ਸ਼ੈਵ ਤੋਂ ਬਿਨਾਂ ਹੋਰ ਕਿਸੇ ਮਤਵਾਲੇ ਨੂੰ ਅੱਗੇ ਨਹੀਂ ਜਾਣ ਦਿੰਦਾ ਸੀ। ਰਾਮਚੰਦ੍ਰ ਜੀ ਗਏ ਓਸ ਨੇ ਰੋਕੇ, ਲੜਾਈ ਹੋਈ ਭੈਰੋਂ ਓਸ ਸਮੇਂ ਗਾਖੜੀਆਂ ਬਣਾ ਰਿਹਾ ਸੀ। ਓਹੋ ਚੱਕ ਚੱਕ ਮਾਰਦਾ ਰਿਹਾ ਸੀ ਹੁਣ ਗਾਖੜੀਆਂ ਦੀ ਸ਼ਕਲ ਦੇ ਬੇਅੰਤ ਪੱਥਰ ਉਥੇ ਪਏ ਹਨ। ਓੜਕ ਹਾਰ ਕੇ ਨੱਠ ਗਿਆ ਓਥੋਂ ਤਿੰਨ ਮਜ਼ਲ ਚੰਦ੍ਰ ਕੂਪ ਹੈ। ਸਵਾ ਮਣ ਪੱਕੇ ਦਾ ਰੋਟ ਪਕਾ ਕੇ ਓਸ ਪਰਬਤ ਪਾਸ ਲੈ ਜਾਈਦਾ ਹੈ ਜੋ ਇੱਕ ਮੀਲ ਉੱਚਾ ਹੈ। ਦੋ ਮੀਲ ਮੁਰੱਬਾ ਨਿਰੀ ਸ੍ਵਾਹ ਦਾ ਹੈ ਓਸ ਨੂੰ ਸ਼ਿਵਜੀ ਦੀ ਧੂਣੀ ਦੱਸਦੇ ਹਨ। ਸੋਇਨ ਮੱਖੀ ਓਥੋਂ ਬਹੁਤ ਨਿਕਲਦੀ ਹੈ। ਓਸ ਪਰ ਚਸ਼ਮਾ ਕੜੀ ਜੈਸੇ ਪਾਣੀ ਦਾ ਹੈ। ਓਸ ਨੂੰ ਚੰਦ੍ਰ ਕੂਪ ਆਖਦੇ ਹਨ। ਖਦਵਤ ਖਦਵਤ ਅਵਾਜ਼ ਨਿਕਲਦੀ ਹੈ। ਪਹਿਲੇ ਭੰਗ, ਧਤੂਰਾ, ਅਕ, ਲਾਚੀ, ਘੋਟ ਕੇ ਚੜ੍ਹਾਈਦੀ ਹੈ। ਫੇਰ ਰੋਟ ਵੰਡ ਕੇ ਪੂਜਾ ਛੜੀਏ ਨੂੰ ਦੇ ਕੇ ਚੰਦ ਕੂਪ ਬੁਲਾਂਵਦੇ ਹਨ। ਗਿਰਦਾ ਗਿਰਦ ਬੈਠ ਕੇ ਰੋਟਦੇ, ਛੜੀਏ, ਮਹੰਤ ਦੀ ਯਾਤ੍ਰਾ ਸੁਫਲ ਵਾਸਤੇ ਬੁਲਾ ਕੇ ਫੇਰ ਆਪਣੇ ਆਪਣੇ ਮਾਤਾ, ਪਿਤਾ ਗੁਰੂ ਦੇ ਨਾਮ ਬੁਲਾਂਵਦੇ ਹਨ। ਓਸ ਵਿੱਚੋਂ ਪਾਣੀ ਉਛਾਲਾ ਖਾ ਕੇ ਬੰ ਬੰ ਅਵਾਜ਼ ਦਿੰਦਾ ਹੈ। ਜਿਸ ਦੇ ਨਾਮ ਨਾਂ ਬੋਲੇ, ਓਸ ਨੂੰ ਹੱਤਿਆਰਾ ਸਮਝ ਕੇ ਓਸ ਦਾ ਪਾਪ ਸਭ ਆਪਸ ਵਿੱਚ ਵੰਡ ਕੇ ਨੱਕ ਰਗੜ ਰਗੜ ਬੇਨਤੀ ਕਰ ਕੇ ਆਖਦੇ ਹਨ 'ਬਾਬਾ ਚੰਦ੍ਰ ਕੂਪ! ਏਸ ਦਾ ਪਾਪ ਅਸਾਂ ਵੰਡ ਲੀਤਾ ਹੈ ਆਪ ਏਸ ਦੀ ਯਾਤ੍ਰਾ ਮਨਜ਼ੂਰ ਕਰੋ।' ਫੇਰ ਓਸੇ ਪਾਪੀ ਦੇ ਬੁਲਾਏ ਆਵਾਜ਼ ਆ ਜਾਂਦੀ ਹੈ। ਜਿਤਨਾ ਚਿਰ ਓਹ ਬੰਬਾ ਜਲ ਦਾ ਉੱਛਲ ਕੇ ਆਵਾਜ਼ ਨਾ ਦੇਵੇ ਤਦੋਂ ਤੱਕ ਅੱਗੇ ਨਹੀਂ ਤੁਰਦੇ। ਨਾ ਕੋਈ ਅੰਨ ਜਲ ਕਰਦਾ ਹੈ। ਜੇ ਆਵਾਜ਼ ਨਾ ਹੀ ਆਵੇ ਤਾਂ ਓਸ ਨੂੰ ਪਿਛਾਂਹ ਮੋੜ ਦੇਂਦੇ ਹਨ ਤੇ ਆਪ ਕਾਠੀਆਂ ਵਾਲੀ ਖੂਹੀ ਜਾ ਉੱਤਰਦੇ ਹਨ। ਏਥੇ ਇੱਕ ਪਰਬਤ ਸ਼ਿਵ ਜੀ ਦੀਆਂ ਜਟਾਂ ਦਾ ਹੈ ਜੋ ਐਨ ਜਟਾਂ ਵਰਗਾ ਹੈ। ਓਥੋਂ ਥੋੜ੍ਹੀ ਦੂਰ ਸਮੁੰਦ੍ਰ ਵੱਲ ਇੱਕ ਕੰਧ ਜੇਹੀ ਪਰਬਤ ਅਤਿ ਉੱਚਾ ਨਜ਼ਰ ਪੈਂਦਾ ਹੈ। ਰਾਤ ਨੂੰ ਓਸ ਉੱਤੇ ਚਾਨਣਾ ਬਹੁਤ ਜਗ੍ਹਾ ਦਿਸਦਾ ਹੈ ਤੇ ਗੀਤ ਜੇਹੇ ਸੁਣੀਂਦੇ ਹਨ। ਓਸ ਨੂੰ ਕਹਿਕਾ ਦਵਾਲ ਆਖਦੇ ਹਨ। ਓਥੇ ਊਠ ਛੱਡ ਦਿੰਦੇ ਹਨ ਅੱਗੇ ਜਾ ਨਹੀਂ ਸਕਦੇ। ਆਪਣੀ ਆਪਣੀ ਖੁਰਾਕ ਸਭ ਆਪੇ ਚੁੱਕ ਕੇ ਅਘਰ ਨਦੀ ਪਰ ਰੋਟੀ ਕਰ ਤ੍ਰਿਕਾਲਾਂ ਨੂੰ ਕਾਲੀ ਦੀ ਗੁਫ਼ਾ ਜਾਂਦੇ ਹਨ। ਓਥੇ ਇੱਕ ਪਾਸੇ ਕੰਧ ਵਾਂਗੂੰ ਚਾਰ ਪੰਜ ਮੀਲ ਉੱਚਾ ਹੈ ਜਿੱਥੇ ਕੋਈ ਆਦਮੀ ਕਿਸੇ ਤਰ੍ਹਾਂ ਜਾ ਨਹੀਂ ਸਕਦਾ। ਓਹ ਪਹਾੜ ਦੇ ਵਿਚਕਾਰ ਚੰਦ ਸੂਰਜ ਦੀਆਂ ਮੂਰਤਾਂ ਪੀਲੇ ਰੰਗ ਦੀਆਂ ਚਮਕ ਰਹੀਆਂ ਹਨ। ਆਖਦੇ ਹਨ ਏਹ ਪਹਿਰੇ ਦੇਵੀ ਦੇ ਦਰਵਾਜੇ ਪਰ ਖੜੇ ਹਨ। ਓਦੂੰ ਅੱਗੇ ਹਿੰਗਲਾਜ ਦੀ ਗੁਫ਼ਾ ਪਹਾੜੀ ਵਿੱਚ ਹੈ ਸਾਮ੍ਹਣੇ ਜਲ ਹੈ ਤੇ ਕਨੇਰ ਦੇ ਬ੍ਰਿਛ ਹਨ। ਓਸ ਗੁਫ਼ਾ ਵਿੱਚ ਇਸਤ੍ਰੀ ਮਰਦ ਅਲਫ ਨੰਗੇ ਹੋ ਕੇ ਪੂਰਬੋਂ ਵੜ ਕੇ ਪੱਛਮ ਪਾਸੇ ਨਿਕਲਦੇ ਹਨ। ਬੈਠੇ ਬੈਠੇ ਤੁਰਦੇ ਹਨ। ਖੜੇ ਗੋਡੇ ਨਹੀਂ ਤੁਰ ਸਕਦੇ ਓਹ ਗੁਫ਼ਾ ੧੪ ਗਜ਼ ਲੰਮੀ ਹੈ। ਵਿਚਕਾਰ ਇੱਕ ਥੜ੍ਹਾ ਹੈ ਓਸ ਪਰ ਗਜ਼ ਲੰਮੀ ਫੁੱਟ ਚੌੜੀ ਕਬਰ ਜੇਹੀ ਹੈ। ਦੋਹੀਂ ਪਾਸੀਂ ਦੋ ਮੰਮੇਂ ਜੇਹੇ ਪਿੰਡੀਆਂ ਕਹਾਂਵਦੇ ਹਨ। ਓਹ ਛੜੀਆ ਪਹਿਲੇ ਜਾ ਕੇ ਜੋਤ ਜਗਾ ਆਂਵਦਾ ਹੈ, ਜਿਸ ਨੂੰ ਓਹ ਹਮੇਸ਼ ਜੋਤ ਜਗਦੀ ਰਹਿੰਦੀ ਆਖਦੇ ਹਨ। ਓਹ ਗੁਫ਼ਾ ਨੂੰ ਮਾਤਾ ਜੋਨੀ ਸ਼ਰਨ ਆਖਦੇ ਹਨ। ਕਹਿੰਦੇ ਹਨ ਏਥੋਂ ਦੀ ਨਿੱਕਲ ਕੇ ਫੇਰ ਜੀਵ ਜੋਨੀ ਵਿੱਚ ਨਹੀਂ ਪੈਂਦਾ ਏਹ ਮਹਾਤਮ ਹੈ। ਸ਼ਰਨ ਵਿੱਚੋਂ ਨਿੱਕਲ ਕੇ ਠੁਮਰ ਜੋ ਨਗਰ ਠੱਟੇ ਤੋਂ ਲੈ ਜਾਂਦੇ ਹਨ। ਕਨੇਰ ਦੇ ਦਰੱਖਤ ਨੂੰ ਪਹਿਲੇ ਪਹਿਨਾ ਕੇ ਫੇਰ ਉਤਾਰ ਕਰ ਆਪ ਪਹਿਨਦੇ ਹਨ। ਓਸ ਨੂੰ ਸ਼ਰਨ ਭਾਈ ਸਾਖੀ ਬਣਾਵੰਦੇ ਹਨ। ਅਗੂਏ ਨੂੰ ਚੰਦ੍ਰ ਕੂਪ ਦੀ ਥਾਂ ਤੇ ਨਦੀ ਕਿਨਾਰੇ ਇੱਕ ਇੱਕ ਰੁਪੱਯਾ ਸਭ ਲੋਕ ਦਿੰਦੇ ਹਨ। ਗੁਫ਼ਾ ਤੋਂ ਨਿੱਕਲ ਲਾਠੀਆਂ ਸਿੱਟ ਕੇ ਜੰਮਣ ਮਰਨ ਦਾ ਤਿਨਕਾ ਤੋੜਿਆ ਮੰਨਦੇ ਹਨ ਤੇ ਚੁਰਾਸੀ ਭੋਗ ਲਈ ਸਮਝ ਕੇ ਮੁੜ ਓਸ ਨਦੀ ਕਿਨਾਰੇ ਆ ਜਾਂਦੇ ਹਨ। ਜਿੱਥੇ ਊਠ ਛੱਡੇ ਸੇ ਓਥੋਂ ਚੜ੍ਹਾਈ ਪਰ ਓਸੇ ਨਦੀ ਕਿਨਾਰੇ ੭ ਕੋਸ ਅੱਗੇ ਜਾ ਕੇ ਮੈਦਾਨ ਵਿੱਚ ਇੱਕ ਥਾਇ ਜੈਸਾ ਨੀਲ ਕੁੰਡ ਨਾਮੇ ਇੱਕ ਚੁੰਭ ਹੈ। ਘੋਰ ਨਦੀ ਓਸੇ ਵਿੱਚੋਂ ਨਿਕਲਦੀ ਹੈ। ਸਾਤਾਦੀਪ ਨਾਮ ਇੱਕ ਪਿੰਡ ਓਥੇ ਹੈ। ਜਿਸ ਨੂੰ ਦੇਵੀ ਦਾ ਪਿੰਡ ਆਖਦੇ ਹਨ। ਓਥੇ ਨੌਂ ਨਾਥ ਚੁਰਾਸੀ ਸਿੱਧਾਂ ਦੀ ਜਗ੍ਹਾ ਤੇ ਗੁਰੂ ਜੀ ਦਾ ਕੋਠਾ ਹੈ। ਕੜਾਹ ਪ੍ਰਸ਼ਾਦ ਕਰਾ ਕੇ ਅਰਦਾਸ ਕਰ ਵਰਤਾਈਦਾ ਹੈ। ਓਥੋਂ ਦੇ ਮੁੰਡੇ ਕੁੜੀਆਂ ਨੂੰ ਓਸ ਕੁੰਡ ਵਿੱਚ ਸੁਫ਼ੈਦ ਸੱਪ ਮੋਟੇ ਸਿਰ ਤੇ ਕਲਗੀ ਵਾਲਾ ਡੇਢ ਹੱਥ ਲੰਬਾ ਕਦੇ ਕਦੇ ਨਜ਼ਰ ਆਂਵਦਾ ਹੈ। ਓਸ ਦਾ ਦਰਸ਼ਨ ਸਾਖਜਾਤ ਸ਼ਿਵ ਦਾ ਦਰਸ਼ਨ ਮੰਨਦੇ ਹਨ। ਓਸ ਕੁੰਡ ਨੂੰ ਤਾਰਦੇ ਹਨ। ਜਲ ਨਿੰਮ ਵਰਗੀ ਹੰਸ ਨਾਮ ਬੂਟੀ ਦੂਸਰੇ ਕੰਢੇ ਤੋਂ ਬੁਲਾਂ ਨਾਲ ਤੋੜ ਕੇ ਲਿਆਂਵਦੇ ਹਨ। ਜਿਸ ਨਾਲ ਬੰਧਯਾ ਨੂੰ ਗਰਭ ਹੁੰਦਾ ਹੈ। ਓਥੋਂ ਯਾਤ੍ਰਾ ਪੂਰੀ ਕਰ ਮੁੜ ਊਠਾਂ ਪਾਸ ਆ ਕੇ ਦੇਸ ਨੂੰ ਆ ਜਾਂਦੇ ਹਨ॥

ਏਹ ਗੱਲਾਂ ਕਰਤਾਰ ਜਾਣੇ ਸੱਚੀਆਂ ਹਨ ਜਾਂ ਝੂਠੀਆਂ। ਪਰ ਸਾਡੇ ਮੰਨਣ ਵਿੱਚ ਨਹੀਂ ਆਉਂਦੀਆਂ, ਕਿਉਂਕਿ ਗੁਰਮਤ ਵਿੱਚ ਏਹੋ ਜਿਹੀਆਂ ਪੂਜਾ ਕਰਨੀਆਂ ਨਿੰਦਤ ਹਨ।

ਬੰਦਰ ਜਾ ਉੱਤਰੇ ਜਿੱਥੇ ਹੁਣ ਗ਼ਰੀਬ ਦਾਸ ਨੇ ਗੁਰੂ ਕਾ ਮੰਦਰ ਬਣਾਇਆ ਹੈ। ਦੂਜਾ ਮਕਾਨ ਬਾਬੇ ਦਾ ਨਦੀ ਤੀਰੇ ਹੈ, ਜਿੱਥੋਂ ਮਿੱਠਾ ਪਾਣੀ ਲਿਆ ਕੇ ਸੰਮਤ ੧੯੪੪ ਬਿਕ੍ਰਮੀ ਨੂੰ ਸਰਕਾਰ ਅੰਗ੍ਰੇਜ਼ੀ ਨੇ ਸ਼ਹਿਰ ਵਿੱਚ ਨਲਕੇ ਚਲਾਏ ਹਨ। ਗੁਰੂ ਸਾਹਿਬ ਜੀ ਕਰਾਚੀ ਤੋਂ ਤੁਰ ਅਦਨ ਮੁਲਕ ਕਿਲ੍ਹੇ ਦੇ ਪਾਸ ਜਾ ਠਹਿਰੇ। ਸ਼ਹਿਰੋਂ ਬਾਹਰ ਪੂਰਬ ਦੀ ਤਰਫ ਅੱਧ ਮੀਲ ਗੁਰੂ ਜੀ ਦਾ ਮੰਦਰ ਸੁਨੈਹਰੀ ਕਲਸ ਵਾਲਾ ਜਹਾਜ਼ ਵਿੱਚੋਂ ਬੈਠਜਾਂ ਨੂੰ ਨਜ਼ਰ ਆਂਵਦਾ ਹੈ।

ਅਦਨ ਤੋਂ ਜਹਾਜ਼ ਦੇ ਰਸਤੇ ਤੀਜੇ ਦਿਨ ਅਰਬ ਮੁਲਕ ਵਿੱਚ ਜੱਦੇ ਸ਼ਹਿਰ ਜਾ ਉੱਤਰੇ। ਏਥੇ ਮਾਈ ਹਵਾ ਦੀ ਕਬਰ ਤੋਂ ਪੂਰਬ ਵੱਲ ਦਰਜਾ ਕਿਨਾਰੇ ਬਾਬੇ ਜੀ ਦਾ ਮਕਾਨ ਹੈ। ਉਨ੍ਹਾਂ ਮੁਲਕਾਂ ਵਿੱਚ ਜਿੱਥੇ ਜਿੱਥੇ ਗੁਰੂ ਨਾਨਕ ਜੀ ਦਾ ਮਕਾਨ ਹੈ, ਉਸ ਨੂੰ ਨਾਨਕ ਕਲੰਦਰ ਦਾ ਯਾ ਵਲੀ ਹਿੰਦੂ ਦਾ ਦਾਇਰਾ ਬੋਲਦੇ ਹਨ, ਕਿਉਂਕਿ ਗੁਰੂ ਜੀ ਜਿਸ ਜਿਸ ਦੇਸ ਗਏ ਓਸੇ ਦੇਸ ਦਾ ਵੇਸ ਰੱਖਦੇ ਤੇ ਉਸੇ ਬੋਲੀ ਵਿੱਚ ਉਪਦੇਸ਼ ਕਰਦੇ ਰਹੇ। ਅਰਬ ਵਿੱਚ ਆਸਾ, ਅਸਤਾਵਾ, ਮੁਸੱਲਾ, ਕਿਤਾਬ, ਪੈਰਾਨ, ਨੀਲਰੰਗ, ਕਾਥੀਲ, ਰੰਗ, ਸੇਲੀ, ਏਹ ਫ਼ਕੀਰੀ ਬਾਣਾਂ ਆਪ ਰੱਖਦੇ ਤੇ ਸਾਥੀਆਂ ਨੂੰ ਰਖਾਉਂਦੇ ਰਹੇ। ਭਾਵੇਂ ਭਾਈ ਮਰਦਾਨਾ ਤੇ ਇੱਕ ਫ਼ਕੀਰ ਮੁਹੰਮਦ ਗੌਸ ਸਣਖੱਤਰੇ ਵਾਲਾ ਏਹ ਦੋ ਮੁਸਲਮਾਨ ਭੀ ਬਾਬੇ ਦੇ ਨਾਲੇ ਸਨ। ਤਾਂ ਭੀ ਜਦ ਜੱਦੇ ਤੋਂ ਮੱਕੇ ਨੂੰ ਤੁਰੇ ਜੋ ਓਥੋਂ ਚਾਰ ਮਜ਼ਲਾਂ ਹੈ, ਤਾਂ ਹਾਜੀਆਂ ਦੇ ਕਾਫਲੇ ਵਿੱਚ ਜੋ ਇੱਕ ਸ਼ਾਹਸ਼ਰਫ਼ {ਸ਼ਾਹਸ਼ਰਫ ਨਾਲ ਚਰਚਾ} ਨਾਮ ਫ਼ਕੀਰ ਪੀਰ ਸਦਾਉਂਦਾ ਸੀ, ਓਸ ਨੇ ਬਾਬੇ ਜੀ ਦੀ ਕਤਾ ਵਜਾ ਵੇਖ ਕੇ ਪ੍ਰੀਖਯਾ ਕਰਨ ਲਈ ਏਹ ਸੁਵਾਲ ਕੀਤੇ:

ਸੁਆਲ ਜਵਾਬ

ਅੱਵਲਿ ਫ਼ਕੀਰੀ ਚੀਸਤ ਆਖਰ ਫ਼ਕੀਰੀ ਚੀਸਤ?

ਇਸੇ ਪ੍ਰਕਾਰ ਬਹੁਤ ਸਾਰੇ ਸਵਾਲ ਕੀਤੇ ਤਾਂ ਗੁਰੂ ਜੀ ਨੇ ਸਭਨਾਂ ਦੇ (ਫਾਰਸੀ ਜ਼ਬਾਨ ਵਿੱਚ) ਏਹ ਉੱਤਰ ਦਿੱਤੇ:

ਇਸ ਦੇ ਅਰਥ ਏਹ ਕਿ ਤੁਹਾਡੀ ਪਹਿਲਾਂ ਫ਼ਕੀਰੀ ਕਿਆ ਹੈ, ਅੰਤ ਫ਼ਕੀਰੀ ਕਿਆ ਹੈ?

ਉੱਤਰ: ਆਦ ਫ਼ਕੀਰੀ ਏਹੋ ਹੈ ਜੋ ਦੁਨੀਆਂ ਨੂੰ ਫਨਾਹ ਸਮਝਣਾਂ, ਅੰਤ ਫ਼ਕੀਰੀ ਦਾ ਪ੍ਰਲੋਕ ਖ਼ੁਦਾ ਹੈ। ਏਸੇ ਪ੍ਰਕਾਰ ਲਿਖੀਏ ਤਾਂ ਬਿਸਥਾਰ ਬਹੁਤ ਹੁੰਦਾ ਹੈ। ਤਾਂ ਤੇ ਫ਼ਾਰਸੀ ਪਸ਼ਤੋ ਛੱਡ ਕੇ ਪੰਜਾਬੀ ਵਿੱਚ ਲਿਖਦੇ ਹਾਂ। ਸੋ ਪਹਿਲਾ ਸਵਾਲ ਤੇ ਦੂਜਾ ਜਵਾਬ ਸਮਝੋ। ਫ਼ਕੀਰੀ ਚੀਸਤ ਅਰਥਾਤ ਫ਼ਕੀਰੀ ਕਿਆ ਹੈ, ਏਹ ਪਦ ਸਭਨਾਂ ਸਵਾਲਾਂ ਨਾਲ ਤੇ ਫ਼ਕੀਰੀ ਅਸਤ ਏਹ ਪਦ ਸਭਨਾਂ ਉੱਤਰਾਂ ਨਾਲ ਜੋੜ ਲੈਣਾ।

ਆਦ ਫ਼ਕੀਰੀ ਕਿਆ ਹੈ?	ਫਨਾਹ ਹੈ।
ਅੰਤ ਫ਼ਕੀਰੀ ਕਿਆ ਹੈ?	ਮੁਕਤੀ ਹੈ।
ਕੁੰਜੀ ਕਿਆ ਹੈ?	ਅਭਯਾਸ।
ਜੰਜੀਰ ਕਿਆ ਹੈ?	ਬੰਦਗੀ।
ਮਕਬਰਾ ਕਿਆ ਹੈ?	ਹਲੇਮੀ।
ਗੰਜ ਕਿਆ ਹੈ?	ਸਤਸੰਗ।
ਚਾਨਣ ਕਿਆ ਹੈ?	ਗਜਾਨ।
ਫੈਲਾਉ ਕਿਆ ਹੈ?	ਅਕਲ, ਇਲਮ।
ਖ਼ੁਸ਼ੀ ਕਿਆ ਹੈ?	ਦੀਦਾਰ।
ਭੋਜਨ ਕਿਆ ਹੈ?	ਸਬੂਰੀ।
ਜਾਮਾ ਕਿਆ ਹੈ?	ਸਚਾਈ।
ਖਫਨੀ ਕਿਆ ਹੈ?	ਜਿਉਂਦੇ ਮ੍ਰਿਤ।

ਧੂਆਂ ਕਿਆ ਹੈ?	ਦ੍ਰਿੜ੍ਹ ਬੁਧੀ, ਦ੍ਰਿੜ੍ਹ ਆਸਨ।
ਨਫ਼ਾ ਕਿਆ ਹੈ?	ਕੈਵੱਲਯ।
ਫਹੌੜੀ ਕਿਆ ਹੈ?	ਸਫਾਈ।
ਟੋਪੀ ਕਿਆ ਹੈ?	ਰਜਾ ਵਿੱਚ ਰਾਜ਼ੀ ਰਹਿਣਾ।
ਘਰ ਕਿਆ ਹੈ?	ਬੇਫਿਕਰੀ।
ਸੁਖਨ ਕਿਆ ਹੈ?	ਸੱਚ।
ਕਿਸਤੀ ਕਿਆ ਹੈ?	ਗੁਣ ਗ੍ਰਾਹਕਤਾ।
ਲੰਗੋਟ ਕਿਆ ਹੈ?	ਜਤ।
ਮੁਕਤੀ ਕਿਆ ਹੈ?	ਸਿਰਰ।
ਜਿੰਦ ਕਿਆ ਹੈ?	ਹੱਕ।
ਵਜੂਦ ਕਿਆ ਹੈ?	ਸੁਲਹਕੁਲ।
ਬਾਹਾ ਕਿਆ ਹੈ?	ਮੈਤ੍ਰੀ ਆਦਿਕ।
ਆਸਣ ਕਿਆ ਹੈ?	ਲੋਹੇ ਦੀ ਖੂੰਟੀ ਹੋਣਾ।
ਸਫਰ ਕਿਆ ਹੈ?	ਪੌਣ ਕੀ ਮੂਠੀ।

ਏਸੇ ਪ੍ਰਕਾਰ ਦੇ ਹੋਰ ਅਨੇਕ ਸਵਾਲ ਕੀਤੇ, ਸਭ ਦੇ ਜਵਾਬ ਬਾਬੇ ਜੀ ਨੇ ਦਿੱਤੇ ਤਾਂ ਓਨ ਸਲਾਮ ਕੀਤੀ। ਫੇਰ ਪੁੱਛਿਆ, "ਬਸਤੁ ਫ਼ਕੀਰੀ ਦੇ ਕਿਆ ਕਿਆ ਉਪਦੇਸ਼ ਕਰਦੇ ਹਨ?"

ਉੱਤਰ (ਨਾਨਕ ਸ਼ਾਹ ਸੂਰਾ): ਟੋਪੀ ਆਖਦੀ ਹੈ ਟੋਪੀ ਪਹਿਰਨੀ ਮੂੰਡ ਮੁੰਡਾਉਣਾ ਬਾਲਕਾਂ ਦਾ ਧਰਮ ਹੈ। ਜੋ ਬਾਲਕ ਦੇ ਸੁਭਾਵ ਧਾਰੇ ਰਾਗ ਦਵੈਖ ਹੀਨ ਹੋਵੇ, ਤਾਂ ਮੂੰਡ ਮੁੰਡਾਵੇ ਤਾਂ ਟੋਪੀ ਪਾਵੇ। ਨਹੀਂ ਤਾਂ ਕੇਸ ਰੱਖੇ, ਪੱਗ ਬੰਨ੍ਹੇਂ। ਖਫਨੀ ਆਖਦੀ ਹੈ, ਮੈਂ ਮੁਰਦੇ ਦਾ ਬਸਤ੍ਰ ਹਾਂ। ਮੁਰਦਾ ਹੋ ਰਹੇ, ਤਾਂ ਪਹਿਨੇ; ਜੇ ਦੁਨੀਆਂ ਦੀ ਕੋਈ ਹਿਰਸ ਹੈ ਤਾਂ ਨਾ ਪਹਿਨੇ। ਫਹੌੜੀ ਆਖਦੀ ਹੈ ਜਿਕੂੰ ਮੈਂ ਕੂੜਾ ਹੂੰਝ ਕੇ ਜਗ੍ਹਾ ਸਾਫ਼ ਕਰਦੀ ਹਾਂ, ਤੂੰ ਵੀ ਜੇ ਦਿਲ ਵਿੱਚੋਂ ਬਿਕਾਰਾਂ ਨੂੰ ਹੂੰਝ ਕੇ ਸਾਫ਼ ਕਰੇਂ, ਤਾਂ ਮੈਨੂੰ ਫੜ; ਨਹੀਂ ਤਾਂ ਨਾ ਫੜ। ਧੂੰਆਂ ਆਖਦਾ ਹੈ ਜਿਕੂੰ ਮੈਂ ਕੂੜੇ ਨੂੰ ਜਲਾ ਕੇ ਨਿਰ ਧੂੰ ਕਰਦਾ ਹਾਂ, ਤੂੰ ਵਿਸ਼ੇ ਵਾਸ਼ਨਾ ਤੇ ਬਿਕਾਰਾਂ ਨੂੰ ਜਲਾ ਕੇ ਮਨ ਨੂੰ ਨਿਰਵਾਸ ਕਰੇਂ ਤਾਂ ਮੈਨੂੰ ਜਲਾ; ਨਹੀਂ ਤਾਂ ਨਾ ਜਲਾ। ਝੋਲੀ ਆਖਦੀ ਹੈ ਜਿਕੂੰ ਮੈਂ ਆਪਣੇ ਵਾਸਤੇ ਕੁਛ ਨਹੀਂ ਰੱਖਦੀ, ਸੰਗ੍ਰਹ ਸਭ ਕੁਛ ਕਰਦੀ ਹਾਂ; ਤੂੰ ਮੇਰਾ ਸੁਭਾਵ ਧਾਰੇਂ ਤਾਂ ਮੈਨੂੰ ਫੜ। ਏਸੇ ਪ੍ਰਕਾਰ ਤੂੰਬਾ, ਆਸਾ, ਲੰਗੋਟੀ, ਖੜਾਵਾਂ, ਖ਼ਾਕ ਦੇ ਗੁਣ ਧਾਰੇ ਤਾਂ ਰੱਖੇ ਨਹੀਂ ਤਾਂ ਗ੍ਰਿਸਤੀ ਰਹੇ। ਕ੍ਰਿਤ ਕਰ ਖਾਏ ਖੁਲਾਏ ਤੇ ਭਿਸ਼ਤ ਪਾਏ।

ਓਨ੍ਹਾਂ ਹਾਜੀਆਂ ਆਖਯਾ, "ਤੁਸੀਂ ਹਿੰਦੂ ਹੋ ਅਰਬੀ ਖੁਦਾਈ ਲੋਗ ਤੁਸਾਨੂੰ ਮਾਰ ਦੇਣਗੇ। ਸਾਨੂੰ ਵੀ ਦੁੱਖ ਦੇਣਗੇ, ਆਖਣਗੇ ਹਿੰਦੂ ਨੂੰ ਕਿਉਂ ਲਿਆਏ ਹੋ? ਤੁਸੀਂ ਸਾਥੋਂ ਵੱਖਰੇ ਹੋ ਜਾਓ।" ਬਾਬੇ ਜੀ ਨੇ ਆਖਯਾ, "ਤੁਸੀਂ ਸੱਚੇ ਹਾਜੀ ਨਹੀਂ। ਏਸ ਰਾਹ ਵਿੱਚ ਮੇਹਰ ਮੁਹੱਬਤ ਖਿਜਮਤ ਖੈਰਾਤ ਕਰਦੇ ਜਾਈਏ ਤਾਂ ਫੈਜ਼ ਪਾਈਦਾ ਹੈ। ਜੇ ਹੁੱਜਤ ਹਾਸਾ ਮਸਖਰੀ ਰੰਜ ਮਤਸਰ ਕਰਦਿਆਂ ਜਾਈਏ ਤਾਂ ਹਾਜੀ ਨਹੀਂ ਹੋਈਦਾ।" ਇਹ ਕਹਿ ਕੇ ਬਾਬਾ ਜੀ ਨੇ ਹਾਜ਼ਰਨਾਮਾ ਉਚਾਰਿਆ।

ਹਾਜ਼ਰ ਨਾਮਾ ਉਚਾਰਿਆ

ਹਾਜਰਾਂ ਕੋ ਸਿਹਰ ਹੈ ॥ ਬੇ ਹਾਜਰਾਂ ਕੋ ਬੇ ਮਿਹਰ ਹੈ ॥
ਈਮਾਨ ਦੋਸਤ ਹੈ ॥ ਬੇਈਮਾਨ ਕਾਫਰ ਹੈ ॥
ਗੁਮਾਨ ਲਾਨਤ ਹੈ ॥ ਪਸਗੈਬਤ ਦਾ ਮੂੰਹ ਕਾਲਾ ਹੈ ॥
ਦਿਆਨਤਦਾਰ ਸੁਰਖਰੂ ਹੈ ॥ ਕਿਰਤਘਨ ਜ਼ਰਦ ਰੂਹ ਹੈ ॥
ਦਰੋਗ ਦੋਜ਼ਖ ਹੈ ॥ ਸੱਚ ਬਹਿਸ਼ਤ ਹੈ ॥
ਹਿਰਸੀ ਹਰਾਨ ਹੈ ॥ ਬੇ ਹਿਰਸੀ ਔਲੀਆ ਹੈ ॥
ਇਲਮ ਹਲੇਮੀ ਹੈ ॥ ਤਵੱਜਾ ਬੁਲੰਦੀ ਹੈ ॥
ਫ਼ਕੀਰੀ ਸਬੂਰੀ ਹੈ ॥ ਨਾ ਸਬੂਰੀ ਮਕਰੂ ਹੈ ॥
ਜ਼ੋਰ ਜ਼ੁਲਮ ਹੈ ॥ ਬੇ ਜ਼ੋਰ ਪਾਕ ਹੈ ॥
ਦੁਆਇ ਦੌਲਤ ਹੈ ॥ ਬਦ ਦੁਆਇ ਕਹਿਰ ਹੈ ॥
ਇਨਸਾਫ਼ ਸਾਫ਼ ਹੈ ॥ ਚੋਰੀ ਲਾਲਚ ਹੈ ॥
ਕਰਾਮਾਤ ਕੁਦਰਤ ਹੈ ॥ ਰਾਹ ਪੀਰਾਂ ਹੈ ॥
ਬੇਰਾਹ ਬੇਪੀਰਾਂ ਹੈ ॥ ਦਰਦ ਵੰਦ ਦਰਵੇਸ਼ ਹੈ ॥
ਬੇ ਦਰਦ ਕਸਾਈ ਹੈ ॥ ਰੋਜ਼ੀ ਬਖ਼ਸ਼ ਰਹੀਮ ਹੈ ॥
ਦੇਗ ਤੇਗ ਮਰਦਾਂ ਦਾ ਹੈ ॥ ਅਦਲ ਬਾਦਸ਼ਾਹਾਂ ਹੈ ॥
ਏਤਨੇ ਟੋਲ ਜੋ ਜਾਣ ਜਣਾਵੇ ॥
ਤਾਂ ਨਾਨਕ ਦਾਨਸ਼ਵੰਦ ਕਹਾਵੇ ॥

ਏਹ ਸੁਣ ਕੇ ਓਹ ਬੋਲੇ, "ਸ਼ਾਹ ਜੀ! ਅਸੀਂ ਖੁਦਾਈਆਂ ਤੋਂ ਡਰਦੇ ਹਾਂ ਓਹ ਬਾਦੀ ਹਨ ਖੋਜੀ ਨਹੀਂ।"

ਬਾਬਾ ਜੀ ਓਨ੍ਹਾਂ ਤੋਂ ਨਿੱਖੜ ਕੇ ਸਭ ਤੋਂ ਪਹਿਲਾਂ ਮੱਕੇ ਜਾ ਪੁੱਜੇ। ਰਾਤ ਨੂੰ ਕਾਬੇ* ਵੱਲ ਪੈਰ ਕਰ

---

*ਕਾਬਾ ਅਰਬ ਦੇਸ ਮੱਕੇ ਸ਼ਹਿਰ ਦੇ ਵਿਚਕਾਰ ਮੁਸਲਮਾਨਾਂ ਦਾ ਪੂਜਯ ਮੰਦਰ ਹੈ। ਇਬਰਾਹੀਮ ਦਾ ਬਾਪ ਕੁਰੇਸ਼ੀ ਤਰਖਾਣ ਆਜਰ ਨਾਮ ਏਸ ਕੋਠੇ ਵਿੱਚ ਪੱਥਰ ਦੀਆਂ ਮੂਰਤਾਂ ਘੜ ਘੜ ਵੇਚਦਾ ਹੁੰਦਾ ਸੀ। ਇਬਰਾਹੀਮ ਕਿਸੇ ਬ੍ਰਹਮ ਗਿਆਨੀ ਦੀ ਸੰਗਤ ਹੋਣੇ ਕਰ ਮੂਰਤ ਪੂਜਾ ਦਾ ਨਿਖੇਧ ਕਰਦਾ ਰਹਿੰਦਾ। ਇੱਕ ਦਿਨ ਮੌਕਾ ਪਾ ਕੇ ਰਾਤ ਨੂੰ ਇਬਰਾਹੀਮ ਨੇ ਸਭ ਮੂਰਤਾਂ ਤੋੜ ਫੋੜ ਕੇ ਇੱਕ ਵੱਡੀ ਮੂਰਤ ਦੇ ਮੋਢੇ ਕੁਹਾੜਾ ਰੱਖ ਦਿੱਤਾ ਤੇ ਚਲਾ ਗਿਆ। ਪੁਜਾਰੀ ਆਏ, ਦੇਖ ਕੇ ਬਿਸਮਾਏ। ਲੱਗੇ ਆਖਣ, "ਕੌਣ ਤੋੜ ਗਿਆ?" ਇਬਰਾਹੀਮ ਬੋਲਿਆ ਆਪਸ ਵਿੱਚ ਲੜੇ ਹੋਵਣਗੇ। ਵੱਡੇ ਬੁਤ ਨੇ ਖਿਝ ਕੇ ਵੱਢ ਘੱਤੇ। ਤਾਹੀਂ ਮੋਢੇ ਕੁਹਾੜਾ ਚੁੱਕੀ ਖੜਾ ਹੈ। ਲੋਕਾਂ ਆਖਿਆ ਏਹ ਤਾਂ ਪੱਥਰ ਦੇ ਜੜ੍ਹ ਬੁਤ ਕੁੱਝ ਨਹੀਂ ਕਰ ਸਕਦੇ। ਓਨ ਕਿਹਾ ਫੇਰ ਪੂਜਣ ਵਾਲਿਆਂ ਨੂੰ ਕੀ ਲਾਭ ਹੈ? ਸੱਚੇ ਰੱਬ ਦੀ ਭਗਤੀ ਕਰੋ ਜੋ ਸਾਰੀ ਦੁਨੀਆਂ ਨੂੰ ਪੈਦਾ ਕਰ ਕੇ ਪਾਲਣਾ ਤੇ ਸੰਘਾਰ ਕਰ ਰਿਹਾ ਹੈ। ਬਹੁਤ ਲੋਕ ਓਸ ਦੇ ਅਨੁਸਾਰੀ ਹੋ ਕੇ ਮੂਰਤੀ ਪੂਜਾ ਛੱਡ ਪਰਮੇਸ਼ਰ ਦੀ ਭਗਤੀ ਕਰਨ ਲੱਗੇ। ਹੌਲੀ ਹੌਲੀ ਇਬਰਾਹੀਮ ਪੈਗੰਬਰ ਮਸ਼ਹੂਰ ਹੋ ਗਿਆ। ਏਸੇ ਕੋਠੇ ਵਿੱਚ (ਜੋ ਹੁਣ ਕਾਬਾ ਹੈ) ਇਬਰਾਹੀਮ ਭਜਨ ਕਰਦਾ ਹੁੰਦਾ ਸੀ। ਲੋਕ ਬਾਹਰੋਂ ਉਸ ਨੂੰ ਮੱਥਾ ਟੇਕ ਕੇ ਚਲੇ ਜਾਂਦੇ। ਉਸ ਦੇ ਮੋਏ ਤੋਂ ਭੀ ਉਹੋ ਚਾਲ ਰਹੀ ਜੋ ਹੁਣ ਤੱਕ ਹੈ। ਏਹ ਕੋਠਾ ੧੨ ਗਜ਼ ਲੰਮਾ ੧੦ ਗਜ਼ ਚੌੜਾ, ਵਿੱਚ ੩ ਥੰਮ੍ਹ, ਇੱਕ ਕੋਠੜੀ ਅੰਮਾ ਹਵਾ ਦੀ, ਇੱਕ ਥੜਾ ਬਾਵੇ ਆਦਮ ਦਾ ਹੈ। ਪੂਰਬ ਵੱਲੋਂ ਇਕੋ ਦਰਵਾਜ਼ਾ ਹੈ। ਬੂਹੇ ਦੇ ਖੱਬੇ ਸੰਗ ਅਸਵਦ ਨਾਲ ਕਾਲਾ ਪੱਥਰ ੪ ਫੁੱਟ ਉਚਾ ਤੇ ਅੱਗੇ ਸੰਗ ਮਨਾਤ ਨਾਮ ੬ ਫੁੱਟ ਉੱਚਾ ਹੈ। ਏਹਨਾਂ ਦੋਹਾਂ ਦੇ ਗਿਰਦੇ ਜੰਗਲਾ ਹੈ। ਏਹਨਾਂ ਪੱਥਰਾਂ ਤੇ ਕੋਠੇ ਉੱਤੇ ਰੇਸ਼ਮੀ ਗਲਾਫ ਸ਼ਾਹ ਰੂਮ ਦੀ ਤਰਫੋਂ ਚੜ੍ਹੇ ਰਹਿੰਦੇ ਹਨ ਜੋ ਹਰ ਸਾਲ ਬਦਲੇ ਜਾਂਦੇ ਹਨ। ਓਹੋ ਕੱਪੜਾ ਪੱਵਿਤ੍ਰ ਮੰਨ ਕੇ ਪ੍ਰਸ਼ਾਦ ਵਜੋਂ ਹਾਜੀ ਲੈ ਆਂਵਦੇ ਹਨ। ਜੋ ਮੁਰਦੇ ਉੱਤੇ ਪਾ ਕੇ ਦੱਬਣ ਲੱਗੇ ਲਾਹ ਲੈਂਦੇ ਹਨ। ਏਸੇ ਤਰ੍ਹਾਂ ਹਿੰਦੂ ਜਗਨ ਨਾਥ ਦੇ ਚੋਲੇ ਦਾ ਕੱਪੜਾ ਲੈ ਆਂਵਦੇ ਹਨ। ਕਾਬੇ ਦੇ ਬੂਹੇ ਤੋਂ ਸੱਜੇ ਪਾਸੇ ਆਬੇ ਜਮਜਮ ਖੂਹ ਹੈ। ਜਿਸ ਦੀ ਕਥਾ ਇਉਂ ਉਸ ਦੇ ਮੁਰੀਦਾਂ ਪਾਸੋਂ ਸੁਣਨ ਵਿੱਚ ਆਈ ਹੈ ਕਿ ਜਦ ਇਬਰਾਹੀਮ ਥੋੜ੍ਹੇ ਦਿਨਾਂ ਦਾ ਖੇਡ ਰਿਹਾ ਸੀ। ਓਦੋਂ ਮੱਕੇ ਵਿੱਚ ਪਾਣੀ ਘੱਟ ਸੀ। ਇਸ ਦੀ ਮਾਈ ਤਿਹਾਈ ਹੋਈ, ਤਾਂ ਬਾਲਕ ਦੇ ਅੱਡੀ ਘਿਸਾਵਣੇ ਨਾਲ ਜੋ ਟੋਆ ਹੋਯਾ ਓਥੋਂ ਚਸ਼ਮਾ ਨਿੱਕਲ ਪਿਆ ਜੋ ਫੇਰ ਵੱਡਾ ਚੌੜਾ ਖੂਹ ਬਣਾਇਆ ਗਿਆ। ਓਸ ਨੂੰ ਆਬੇ ਜਮਜਮ ਆਖਦੇ ਹਨ। ਹਾਜੀ ਲੋਕ ਇਸ ਨੂੰ ਗੰਗਾ ਜਲ ਵਾਂਗੂੰ ਵਰਤਦੇ ਹਨ। ਹੱਜ ਦੀ ਜਗ੍ਹਾ ਹਿਕ ਪਹਾੜੀ ਅਰਨਾਤ ਨਾਮੀ ਮੱਕੇ ਸ਼ਹਿਰ ਤੋਂ ੯ ਕੋਹ ਦੱਖਣ ਵੱਲ ਹੈ। ਈਦ ਤੋਂ ਇੱਕ ਦਿਨ ਪਹਿਲੇ ਸਭ ਹਾਜੀ ਓਥੇ ਕੱਠੇ ਹੁੰਦੇ ਹੈਨ ਤੇ ਰੂਮ ਸ਼ਾਮ ਦੇ ਰਸਤੇ ਵੱਲ ਤੱਕਦੇ ਰਹਿੰਦੇ ਹਨ। ਓਸੇ ਦਿਨ ਦੋ ਕਾਜ਼ੀ ਊਠਣੀਆਂ ਉੱਤੇ ਚੜ੍ਹੇ ਹੋਏ ਇੱਕ ਸ਼ਾਹ ਰੂਮ ਵੱਲੋਂ ਦੂਜਾ ਸ਼ਾਹ ਸ਼ਾਮ ਦੀ ਤਰਫੋਂ ਪੈਗੰਬਰਾਂ ਦੀਆਂ ਚੀਜ਼ਾਂ ਵਾਲੇ ਸੰਦੂਕ ਲੈ ਕੇ ਆਂਵਦੇ ਹਨ। ਓਹਨਾਂ ਦੇ ਦੇਖਣ ਨੂੰ ਹੱਜ ਆਖਦੇ ਹਨ। ਓਹ ਕਾਜ਼ੀ ਚੜ੍ਹੇ ਚੜ੍ਹਾਏ ਮੁੜ ਜਾਂਦੇ ਹਨ ਉੱਤਰਦੇ ਨਹੀਂ। ਓਸੇ ਪਹਾੜੀ ਪਰ ਇੱਕ ਮਸੀਤ ਹੈ। ਆਖਦੇ ਹਨ ਏਥੇ ਮੁਹੰਮਦ ਸਾਹਿਬ ਨੇ ਯਹੂਦੀਆਂ ਨੂੰ ਚੰਦ ਦੇ ਦੋ ਟੁਕੜੇ ਕਰ ਕੇ ਦਿਖਾਏ ਸੇ। ਇੱਕ ਟੁਕੜਾ ਪੈਗੰਬਰ ਦੀ ਆਸਤੀਨ ਵਿੱਚ ਆ ਕੇ ਮਸੀਤ ਦੇ ਬੂਹੇ ਨਿੱਕਲ ਗਿਆ। ਦੂਜਾ ਮਸੀਤ ਦੀ ਕੰਧ ਪਾੜ ਕੇ ਨਿੱਕਲ ਗਿਆ। ਓਸ ਮੋਰੀ ਦਾ ਦਰਸ਼ਨ ਭੀ ਹਾਜੀ ਕਰਦੇ ਹਨ। ਜੱਦੇ ਵਿੱਚ ਅੰਮਾ ਹਵਾ ਦੀ ਕਬਰ ਦੀ ਜਯਾਰਤ ਹੁੰਦੀ ਹੈ। ਬਾਬੇ ਆਦਮ ਦੀ ਕਬਰ ਸੰਗਲਾ ਦੀਪ ਵਿੱਚ ਹੈ। ਜੱਦ ਤੋਂ ੪੦ ਕੋਸ ਮੱਕਾ ਹੈ। ਹਾਜੀ ਏਥੋਂ ਹੀ

ਕੇ ਪੱਛਮੀ ਦਲਾਨ ਵਿੱਚ ਬੇਫਿਕਰ ਬਿਰਾਜ ਰਹੇ। ਅੰਮ੍ਰਿਤ ਵੇਲੇ ਸਫ਼ਾਈ ਦੇ ਦਰੋਗੇ ਜੀਵਣ ਨੇ ਦੇਖ ਕੇ ਗ਼ੁੱਸੇ ਨਾਲ ਆਖਿਆ, "ਤੁਸੀਂ ਕੇਹੇ ਮੁਸਾਫ਼ਿਰ ਬੇਸਮਝ ਕਾਫਰ ਹੋ? ਖ਼ੁਦਾ ਦੇ ਘਰ ਵੱਲ ਪੈਰ ਪਸਾਰ ਪਏ ਹੋ।"

ਗੁਰੂ ਜੀ ਬੋਲੇ, "ਮੀਆਂ! ਜਿੱਧਰ ਖ਼ੁਦਾ ਦਾ ਘਰ ਨਹੀਂ ਓਧਰ ਸਾਡੇ ਪੈਰ ਕਰ ਦੇਹ।" ਜਾਂ ਮੁੱਲਾਂ ਨੇ ਬਾਬੇ ਦੇ ਚਰਨ ਫੜ ਕੇ ਦੂਜੀ ਤਰਫ ਕੀਤੇ ਤਾਂ {ਮੱਕਾ ਫੇਰਿਆ} ਕਾਬਾ ਓਧਰ ਹੀ ਦਿੱਸਜਾ। ਤੀਜੀ ਵਲ ਕਰੇ ਤਾਂ ਫੇਰ ਕਾਬਾ ਅੱਗੇ ਖੜਾ ਨਜ਼ਰ ਆਯਾ। ਜਿੱਧਰ ਬਾਬੇ ਦੇ ਚਰਨ ਕਰੇ ਕਾਬਾ ਓਧਰੇ ਦਿੱਸੇ। ਓੜਕ ਬਾਬੇ ਜੀ ਨੇ ਪੁਛਿਆ, "ਭਾਈ ਜੀਵਣਾਂ! ਖੁਦਾਇ ਤਾਂ ਹਰ ਪਾਸੇ ਹੈ।" ਏਤਨਾ ਹੀ ਬਚਨ ਸੁਣ ਕੇ ਓਸ ਨੂੰ ਹਰ ਪਾਸੇ ਖ਼ੁਦਾ ਦ੍ਰਿਸ਼ਟੀ ਆਵਣ ਲੱਗਾ। ਕਾਜ਼ੀ, ਹਾਜੀ, ਮੌਲਵੀ, ਮਜਾਵਰ ਆ 'ਕੱਠੇ ਹੋਏ। ਓਸ ਨੇ ਕਸਮ ਈਮਾਨ ਕੁਰਾਨ ਖਾ ਕੇ ਆਖਿਆ, "ਮੈਂ ਏਨ੍ਹਾਂ ਦੇ ਕਦਮਾਂ ਸਾਥ ਕਾਬਾ ਫਿਰਦਾ ਦੇਖਿਆ ਹੈ।" ਏਹ ਗੱਲ ਸਾਰੇ ਧੁੰਮ ਗਈ।

ਟਾਂਵੇਂ ਟਾਂਵੇਂ ਲੋਕ ਆਖਦੇ ਹਨ ਕਿ ਕਾਬੇ ਦਾ ਕੋਠਾ ਨਹੀਂ ਫਿਰਯਾ, ਓਸ ਨੂੰ ਚੁਫੇਰੇ ਖ਼ੁਦਾ ਤੇ ਖ਼ੁਦਾ ਦਾ ਘਰ ਕਾਬਾ ਨਜ਼ਰ ਆਵਣ ਲਗ ਗਿਆ। ਏਸ ਦਾ ਆਖ਼ਰੀ ਉੱਤਰ ਏਹ ਹੈ ਕਿ ਜੇਕਰ ਮੁਹੰਮਦ ਦਾ ਚੰਦ ਤੋੜਨਾ, ਮੂਸਾ ਦਾ ਸਮੁੰਦਰ ਤੋਂ ਰਾਹ ਲੈਣਾ, ਈਸਾ ਦਾ ਅੰਨ੍ਹਯਾਂ ਪਿੰਗਲਯਾਂ ਦੇ ਅੰਗ ਸਾਬਤ ਕਰ ਕੇ ਮੁਰਦੇ ਜਿਵਾ ਦੇਣੇ, ਕ੍ਰਿਸ਼ਨ ਦਾ ਗੋਵਰਧਨ ਚੁੱਕਣਾ, ਰਾਮਚੰਦ੍ਰ ਜੀ ਦੇ ਪੱਥਰ ਤਾਰਨੇ ਮੰਨਦੇ ਹੋ ਤਾਂ ਗੁਰੂ ਜੀ ਦਾ ਕਾਬਾ ਫੇਰਨਾ ਮੰਨੋਂ। ਜੇ ਹੋਰ ਕਿਸੇ ਦੀ ਕਰਾਮਾਤ ਨਹੀਂ ਮੰਨਦੇ ਹੋ ਤਾਂ ਗੁਰੂ ਨਾਨਕ ਜੀ ਦੇ ਬਚਨ ਤੋਂ ਓਸ ਨੂੰ ਖ਼ੁਦਾ ਦਾ ਗਯਾਨ ਹੋਣਾ ਮੰਨੋਂ। ਸਾਧਕ ਬਾਧਕਤਾ ਤੁੱਲਯ ਹੈ। ਸਾਡੇ ਧਿਆਨ ਵਿੱਚ ਦੋਵੇਂ ਬਾਤਾਂ ਸਹੀ ਹਨ। ਕਿਉਂਕਿ ਉਥੋਂ ਦੇ ਲੋਕ ਜੋ ਬਾਬੇ ਨੂੰ ਵਲੀ ਆਰਫ ਸਮਝ ਕੇ ਸੇਵਾ ਸੰਗਤ ਕਰਦੇ ਰਹੇ ਕੁਛ ਦੇਖੇ ਬਿਨਾਂ ਤਾਂ ਨਹੀਂ ਪਤੀਜੇ ਹੋਣਗੇ। {ਮੱਕੇ ਦੀ ਗੋਸਟ}

ਸਵਾਲ ਜੀਵਣ ਸੂਰਾ

ਹਮਦ ਸਨਾਈ ਰੱਬ ਨੋਂ ਦੋਇਮ ਨਬੀ ਰਸੂਲ।
ਸੋਇਮ ਚਾਰੇ ਯਾਰ ਹੈਂ ਪੜ੍ਹ ਕਲਮਾਂ ਪਵੇ ਕਬੂਲ।
ਲਿਖਿਆ ਧੁਰ ਦਰਗਾਹ ਦਾ ਇਕੋ ਪਾਕ ਅਲਾਹਿ।
ਦੂਜਾ ਕਲਮਾਂ ਨਬੀ ਦਾ ਪੜ ਹੋ ਕੇ ਪਾਕ ਰਵਾਹਿ।
ਅਜ਼ਰਾਈਲ ਫਰੇਸ਼ਤਾ ਜਦ ਫੂਕੇਸੀ ਕਰਨਾਇ।
ਰਾਜੀ ਹੋਸੀ ਰੱਬ ਤਦ ਪੈਗੰਬਰ ਸਾਹਾਇ।
ਉਤਮ ਛੁਟੂ ਨਬੀ ਦੀ ਦੋਜ਼ਕ ਕਾਫਰ ਪਾਹਿ।
ਲਿਖਿਆ ਵਿੱਚ ਕਿਤਾਬ ਦੇ ਏਹੋ ਆਪ ਅਲਾਹਿ।

ਬ੍ਰਹਮਚਰਯ ਧਾਰ ਲੈਂਦੇ ਹਨ। ਅਦਬ ਨਾਲ ਭਜਨ ਕਰਦੇ ਮੱਕੇ ਵਿੱਚ ਪਹੁੰਚ ਕੇ ਆਪਣੇ ਆਪਣੇ ਮੁਲਕਾਂ ਦੀ ਤਰਫ ਦੇ ਦਾਲਾਨਾ ਵਿੱਚ ਖੜੇ ਹੋ ਕੇ ਨਿਮਾਜ਼ ਪੜ੍ਹ ਕੇ ਕਾਬੇ ਦੀ ਪਰਕਰਮਾਂ ਲੈਂਦੇ ਹਨ। ਫੇਰ ਆਬੇ ਜਮਜਮ ਦਾ ਜਲ ਪੀ ਕੇ ਕਾਬੇ ਦੀ ਕੰਧ ਨਾਲ ਰਲ ਮਿਲ ਕੇ ਸੰਗ ਅਸਵਦ ਨੂੰ ਚੁੰਮਦੇ ਹਨ। ਕੋਈ ਕੋਈ ਮਜਾਵਰਾਂ ਨੂੰ ਲਾਲਚ ਦੇ ਕੇ ਕਾਬੇ ਦੇ ਅੰਦਰ ਭੀ ਜਾਂਦੇ ਹਨ। ਪਰ ਮਜਾਵਰ ਉਹਨਾਂ ਨੂੰ ਏਧਰ ਓਧਰ ਤੇ ਉੱਪਰ ਵੇਖਣ ਨਹੀਂ ਦੇਂਦੇ ਹੇਠਾਂ ਮੂੰਹ ਰਖਾਂਵਦੇ ਹਨ। ਥੰਮ੍ਹ ਨੂੰ ਜੱਫੀ ਪਵਾ ਕੇ ਬਾਹਰ ਕਰ ਦਿੰਦੇ ਹਨ। ਕੋਈ ਕੋਈ ਛੇਤੀ ਨਿਮਾਜ਼ ਭੀ ਅੰਦਰ ਪੜ੍ਹ ਆਂਵਦੇ ਹਨ। ਭਾਵੇਂ ਨਾਨਕ ਕਲੰਦਰ ਦੇ ਮਕਾਨ ਤਾਂ ਉਹਨਾਂ ਦੇਸਾਂ ਵਿੱਚ ਬਹੁਤ ਹਨ ਪਰ ਪੰਜ ਮਕਾਨ ਬੜੇ ਉੱਘੇ ਹਨ। ਅਦਨ ਵਿੱਚ ੧, ਜੱਦੇ ਵਿੱਚ ੨, ਮੱਕੇ ਵਿੱਚ ੩, ਮਦੀਨੇ ਵਿੱਚ ੪, ਬਗਦਾਦ ਵਿੱਚ ੫। ਏਹ ਸਭ ਮਕਾਨ ਮਸੀਤਾਂ ਦੇ ਢੰਗ ਪਰ ਇਕੋ ਨਮੂਨੇ ਦੇ ਬਣੇ ਹੋਏ ਤੇ ਸੋਨੇ ਦੇ ਕਲਸ ਵਾਲੇ ਹਨ। ਸਭਨਾਂ ਵਿੱਚ ਇੱਕ ਇੱਕ ਥੜਾ ਹੈ। ਅੱਦਨ ਤੋਂ ਬਿਨਾਂ ਹੋਰ ਚੌਹਾਂ ਵਿੱਚ ਸ਼ਾਹਰੂਮ ਦੀ ਵੱਲੋਂ ਪੁੰਨਜ ਦੇ ਲੰਗਰ ਲੱਗੇ ਹੋਏ ਹਨ। ਮਜਾਵਰਾਂ ਨੂੰ ਨੌਕਰੀ ਮਿਲਦੀ ਹੈ। ਲਿਬਾਸ ਓਹਨਾਂ ਦੀ ਮੋਟੀ ਪਿੰਨੀ ਤੋਂ ਉੱਪਰ ਗੋਡੇ ਤੋਂ ਹੇਠਾਂ ਤਾਈਂ ਕੱਛ ਜੈਸੀ ਰੰਗ ਨੀਲਾ ਯਾ ਕਬੀਲੀ ਹੁੰਦੀ ਹੈ।

ਏਹ ਕਥਾ (੧) ਹਾਜੀ ਗ਼ੁਲਾਮ ਅਲੀ ਰੰਗਪੁਰੇ ਵਾਲੇ ਦੀ ਜ਼ਬਾਨੀ, (੨) ਹਾਜੀ ਗ਼ੁਲਾਮ ਮੁਹਯੱਦੀਨ ਦੀਨ ਮੌਲਵੀ ਤੋਂ, (੩) ਇਲਾਹੀ ਬਖ਼ਸ਼ ਦੇ ਬੇਟੇ ਗ਼ੁਲਾਮ ਮੁਹੰਮਦ ਸਜਾਲਕੋਟੀਏ ਤੋਂ, (੪) ਹਾਜੀ ਫਤੇ ਖਾਂ ਜਹਾਜ਼ਾਂ ਦੇ ਦਲਾਲ ਬੰਬਈ ਰਹਿਣ ਵਾਲੇ ਤੋਂ, (੫) ਸ਼ਹਬਾਜ਼ ਖਾਂ ਸ਼ਾਹਜ਼ਾਦਾ ਕਾਬਲ ਤੋਂ, (੬) ਹਾਜੀ ਕੁਤਬਦੀਨ ਲਾਹੌਰੀ ਤੋਂ, (੭) ਹਾਜੀ ਇਮਾਮ ਬਖ਼ਸ਼ ਦੇਲ੍ਹਵੀ ਤੋਂ ਸੁਣੀ ਹੈ। ਏਹੋ ਜੇਹੇ ਹੋਰ ਬੀ ਅਨੇਕ ਲੋਕ ਦੱਸਦੇ ਹਨ ਕਿ ਜੋ ਤੁਸਾਂ ਲਿਖਿਆ ਹੈ ਸਭ ਸੱਚ ਹੈ।

ਜਵਾਬ ਨਾਨਕ ਸ਼ਾਹ ਸੂਰਾ

ਹਮਦ ਸਨਾਈਂ ਰੱਬ ਨੋਂ ਵਾਹਦ ਲਾ ਸਰੀਕ।
ਅਵਤਾਰ ਪੈਗੰਬਰ ਜੇਤੜੇ ਕਰ ਨਾ ਸਕਨ ਤਹਕੀਕ।
ਕੁਦਰਤ ਲਖ ਰਸੂਲ ਹੈਂ ਪੁਛੇ ਕੌਣ ਗਵਾਹ।
ਮੁਫਤੀ ਕੋਈ ਨ ਰੱਬ ਦਾ ਯਾਰ ਨ ਕੋਈ ਆਹਿ।
ਗੈਰ ਹਿਸਾਬ ਨ ਹੋਵਸੀ ਰਬਾਨੀ ਦਰਗਾਹਿ।
ਤਲਬਾਂ ਪਉਸਨਿ ਆਕੀਆ ਕੀਤੇ ਜਿਨਾ ਗੁਨਾਹਿ।
ਛੁਟਸਨ ਸੇਈ ਨਾਨਕਾ ਮੁਰਸ਼ਦ ਜਿਨਾ ਪਨਾਹਿ।

ਸਵਾਲ ਕਾਜ਼ੀ ਰੁਕਨਦੀਨ

ਆਖੇ ਕਾਜ਼ੀ ਰੁਕਨਦੀਨ ਸੁਣਹੋ ਨਾਨਕ ਸ਼ਾਹ!
ਲਿਖਿਆ ਵਿੱਚ ਕੁਰਾਨ ਦੇ ਸੱਚੇ ਆਪ ਅਲਾਹਿ।
ਭਰਸੇ ਨਬੀ ਸਫਾਤ ਜਿਸ ਮੋਮਨ ਭਿਸ਼ਤੀ ਜਾਹਿ।
ਕਲਮਾਂ ਪੜੈ ਨ ਨਬੀ ਦਾ ਕਾਫਰ ਦੋਜ਼ਕ ਪਾਹਿ।
ਅੱਲਾ ਦਾ ਫੁਰਮਾਇਆ ਪਲਟੇ ਸੋ ਨ ਕਦਾਤ।
ਰੋਜ਼ੇ ਹੱਜ ਨਿਮਾਜ਼ ਪੰਜ ਕਲਮਾ ਕੱਢੇ ਜ਼ਕਾਤ।
ਹੋਇ ਮੁਸੱਲਮ ਦੀਨ ਪਰ ਲਿਖਿਆ ਵਿੱਚ ਹਦੀਸ।
ਦੀਨ ਮੁਹੰਮਦੀ ਰੱਬ ਦਾ ਔਰ ਮਜ਼੍ਹਬ ਅਵਲੀਸ।

ਜਵਾਬ ਨਾਨਕ ਸ਼ਾਹ ਸੂਰਾ

ਸੁਣਹੋ ਕਾਜ਼ੀ ਰੁਕਨ ਦੀਨ ਆਖੇ ਨਾਨਕ ਸ਼ਾਹ।
ਜਿਨਾਂ ਇਮਾਨ ਸਲਾਮਤੀ ਮਿਲਸੀ ਭਿਸ਼ਤ ਤਿਨਾਹ।
ਰੁਕਨਲ! ਨੀਅਤ ਰਾਸ ਕਰ ਦਰਗਹ ਪਵੇ ਕਬੂਲ।
ਇਕੋ ਆਪ ਖੁਦਾਇ ਹੈ ਕੇਤੇ ਨਬੀ ਰਸੂਲ।
ਨਾਹਿ ਸਫਾਰਸ਼ ਕਿਸੇ ਦੀ ਓਥੇ ਮੰਨੀ ਜਾਇ।
ਅਮਲਾਂ ਪਿਛੇ ਦੇਵਸੀ ਦੋਜ਼ਕ ਭਿਸ਼ਤ ਖੁਦਾਇ।
ਬੰਦੇ ਇੱਕ ਖੁਦਾਇ ਦੇ ਹਿੰਦੂ ਮੁਸਲਮਾਨ।
ਦਾਵਾ ਰਾਮ ਰਸੂਲ ਦਾ ਕਰਦੇ ਮੂੜ੍ਹ ਅਜਾਨ।
ਜ਼ੋਰ ਜ਼ੁਲਮ ਹਰਾਸ ਹੈ ਕਿਸੇ ਨ ਕਰੋ ਰੰਜੂਲ।
ਜੋ ਕੋਈ ਕਰ ਹੈ ਬੰਦਗੀ ਸੋਈ ਪਵੈ ਕਬੂਲ।
ਖਾਸਾ ਜੁਸਾ ਆਦਮੀ ਚੁਣਿਆਂ ਸਭਨਾ ਮਾਹਿ।
ਦੇਂਦਾ ਖ਼ਬਰ ਖੁਦਾਇ ਦੀ ਬੇਦ ਕਤੇਬ ਸੁਣਾਇ।
ਇਕੋ ਨੂਰ ਖੁਦਾਇ ਹੈ ਇਕੋ ਆਦਮ ਰੂਹ।
ਚੰਗਾ ਮੰਨੇ ਆਪਨੋਂ ਪਵੇ ਕੁਫਰ ਦੇ ਖੂਹ।
ਜੀਆ ਮਾਰ ਜੋ ਖਾਂਵਦੇ ਕਹਿਸਨ ਮੁਹੋਂ ਹਲਾਲ।
ਜ਼ਰਾ ਜ਼ਰਾ ਸੋ ਕੁੱਸੀਅਨ ਦਰਗਹਿ ਨਿਆਂਉ ਸੰਭਾਲ।

ਸਵਾਲ ਰੁਕਨਦੀਨ

ਰੁਕਨਲ ਆਖੇ ਨਾਨਕਾ! ਸੱਚ ਕਤੇਬ ਕੁਰਾਨ।
ਤਿੰਨ ਕਤੇਬਾਂ ਮਨਸੁਖ ਕਰ ਭੇਜਯਾ ਰੱਬ ਫੁਰਮਾਨ।
ਪੈਗੰਬਰ ਆਖੀਰ ਦਾ ਹੁਕਮ ਕਰੋ ਪਰਵਾਨ।
ਮਜ਼ਬਾਂ ਔਰ ਮਨਸੁਖ ਕਰ ਕੀਤੋ ਮੁਸਲਮਾਨ।

ਲਿਖਿਆ ਆਪ ਖੁਦਾਇ ਨੇ ਵੇਖੋ ਵਿੱਚ ਕੁਰਾਨ।
ਰਚੇ ਮੁਹੰਮਦ ਵਾਸਤੇ ਸੱਭੇ ਜ਼ਿਮੀ ਅਸਮਾਨ।

ਜਵਾਬ ਨਾਨਕ ਸ਼ਾਹ ਸੂਰਾ

ਨਾਨਕ ਆਖੇ ਰੁਕਨਦੀਨ! ਕਿਉਂ ਭੁਲਿਓਂ ਮਨ ਮਾਹਿ।
ਪੈਗੰਬਰ ਆਖੀਰ ਦਾ ਭਇਓ ਮੁਹੰਮਦ ਨਾਹਿ।
ਨੌ ਸੌ ਬਿਆਸੀ ਓਸ ਨੂੰ ਗੁਜ਼ਰੇ ਹੋਏ ਸਾਲ।
ਕਈ ਪੈਗੰਬਰ ਓਸ ਦੇ ਪਿੱਛੇ ਕਰੇ ਅਕਾਲ।
ਅਪਣੇ ਅਪਣੇ ਜਗਤ ਮੈ ਫਿਰ ਕੇ ਮਜ਼੍ਹਬ ਰਚਾਣਿ।
ਨਾਮ ਜਪਾਏ ਆਪਣੇ ਸਕੇ ਭੇਖ ਚਲਾਇ।
ਕਿਨੇ ਲਿੰਗ ਛੇਦੇ ਹੈਂ ਕਿਨੇ ਕੇਸ ਕਟਾਏ ਚਾਇ।
ਮੇਟੀ ਰਚਨਾਂ ਰੱਬ ਦੀ ਅਪਣੀ ਸ਼ਰਾ ਕਰਾਇ।
ਹੁਕਮ ਅਦੂਲੀ ਕੇ ਭਏ ਏ ਸਭ ਗੁਨਹਿਗਾਰ।
ਤਬਕ ਲਾਨਤੀ ਪਾਇਓ ਗਲ ਸਾਹਿਬ ਕੇ ਦਰਬਾਰ।
ਖੜੇ ਅਜ਼ੁਰਦਾ ਜ਼ਰਦਰੂ ਕੋਇ ਨਾ ਲੈ ਹੈ ਸਾਰ।
ਏਸੇ ਕਾਰਨ ਤੇ ਪ੍ਰਭੁ ਭੇਜਿਓ ਮੋਹਿ ਬੁਲਾਇ।
ਆਗਿਆ ਕਰੀ ਅਕਾਲ ਇਹ ਜਗ ਮੈ ਨਾਮ ਜਪਾਇ।
ਪੈਗੰਬਰ ਆਖੀਰ ਹੁਣ ਦੱਸੋ ਹੋਯਾ ਕੌਣ?
ਹੁਕਮ ਕਮਾਓ ਉਸੇ ਦਾ ਮਿਟ ਹੈ ਆਵਾ ਗੌਣ।
ਫਿਰਕਾ ਮਜ਼੍ਹਬ ਨ ਆਪਣਾ ਚਿੰਨ੍ਹ ਚਲਾਵੋ ਕੋਇ।
ਜੈਸੇ ਪੈਦਾ ਪ੍ਰਭ ਕਰੇ ਰਾਖੋ ਤੈਸਾ ਲੋਇ।
ਚਾਰ ਕਤੇਬਾਂ ਬੇਦ ਚਾਰ ਸਭ ਦਾ ਸਾਰ ਨਿਕਾਰ।
ਹੋਸੀ ਪੰਚਮ ਗ੍ਰੰਥ ਅਬ ਜਗਤ ਉਬਾਰਨ ਹਾਰ।
ਹੋਸੀ ਮਜ਼੍ਹਬ ਅਕਾਲ ਦਾ ਖ਼ਾਸ ਖਾਲਸਾ ਸਾਰ।
ਨਿਆਰਾ ਹਿੰਦੂ ਤੁਰਕ ਤੇ ਸਭ ਮਜ਼੍ਹਬਨ ਸਰਦਾਰ।
ਦੇਵਾਲੇ ਮਾਸੀਤ ਤਜ ਮਾਨੈ ਏਕੰਕਾਰ।
ਘਰ ਘਰ ਹੋਵੈ ਧਰਮਸਾਲ ਕੀਰਤਨ ਨਾਮ ਉਚਾਰ।
ਦੂਈ ਦਿਲ ਤੋਂ ਦੂਰ ਕਰ ਸਾਬਤ ਰਹੇ ਇਮਾਨ।
ਕਲਮਾਂ ਪੜ੍ਹੋ ਅਕਾਲ ਦਾ ਪਾਵੋ ਪਦ ਨਿਰਬਾਨ।
ਚਾਰੇ ਯਾਰ ਖੁਦਾਇ ਦੇ ਅਰਬਾ ਨਾਸਰ ਜਾਤ।
ਰਹਿਣੀ ਇਨ ਕੀ ਜੋ ਰਹੇ ਸੋਈ ਲਹੇ ਨਜਾਤ।
ਸਾਹਿਬ ਨੇ ਫੁਰਮਾਇਆ ਲਿਖਿਆ ਵਿੱਚ ਕੁਰਾਨ।
ਬਿਨਾਂ ਇਬਾਦਤ ਰੱਬ ਦੀ ਹੋਰ ਅਮਲ ਸ਼ੈਤਾਨ।
ਨਾਨਕ ਨਾਉਂ ਖੁਦਾਇ ਕਾ ਦਿਲ ਹੱਛੇ ਮੁਖ ਲੇਹੁ।
ਅਵਰ ਦਿਵਾਜੇ ਦੁਨੀ ਕੇ ਝੂਠੇ ਅਮਲ ਤਜੇਹੁ।

ਸਵਾਲ ਕਾਜ਼ੀ ਰੁਕਨਦੀਨ

ਆਖੇ ਰੁਕਨਲ ਨਾਨਕਾ! ਲਿਖਯਾ ਵਿੱਚ ਕੁਰਾਨ।
ਆਇਆ ਮੁਹੰਮਦ ਮੁਸਤਫਾ ਖਾਸਾ ਮੁਸਲਮਾਨ।
ਜੁੱਸਾ ਥਾ ਉਸ ਪਾਕ ਦਾ ਸਾਯਾ ਓਸ ਨ ਮੂਲ।
ਨੂਰੀ ਜੁੱਸਾ ਓਸ ਦਾ ਮੱਖੀ ਬਹੇ ਨ ਮੂਲ।

ਕਾਇਮ ਕਿਆਮਤ ਲੌਂ ਰਹੇ ਆਪ ਖ਼ੁਦਾ ਕੇ ਪਾਸ।
ਭਿਸ਼ਤ ਦਿਵਾਏ ਉੱਮਤੀ ਦੇਇ ਗਵਾਹੀ ਖਾਸ।
ਰੋਜ਼ੇ ਰਖੇ ਨਿਮਾਜ਼ ਪੜ੍ਹ ਕਲਮਾਂ ਹੱਜ ਜ਼ਕਾਤ।
ਪੰਜੇ ਅਮਲ ਕਰੇਂਦੜੇ ਸੋਈ ਪਾਇ ਨਜਾਤ।

ਜਵਾਬ ਨਾਨਕ ਸ਼ਾਹ ਸੂਰਾ

ਨਾਨਕ ਆਖੇ ਰੁਕਨਲਾ ਨੂਰੀ ਇੱਕ ਖੁਦਾਇ।
ਜੁੱਸਾ ਉਸ ਦਾ ਆਤਸ਼ੀ ਮੱਖੀ ਤਹਾਂ ਨ ਜਾਇ।
ਖਾਕੀ ਜੁੱਸਾ ਆਦਮੀ ਸਾਯਾ ਬਿਨਾ ਨਾ ਕੋਇ।
ਕਾਇਮ ਇੱਕ ਖੁਦਾਇ ਬਿਨ ਔਰ ਨ ਰਹਿਸੀ ਕੋਇ।
ਅਮਲਾਂ ਪਿੱਛੇ ਮਿਲੇ ਹੈ ਦੋਜ਼ਖ ਭਿਸ਼ਤ ਵਿਚਾਰ।
ਪਾਸ ਖ਼ੁਦਾ ਦੇ ਕੋਇ ਨਹਿੰ ਰਹੇ ਨਬੀ ਅਵਤਾਰ।
ਲਾਲਚ ਕੂੜ ਦਿਖਾਇ ਕੇ ਦੁਨੀਆਂ ਕੀਤੀ ਯਾਰ।
ਪੜ੍ਹ ਤੌਰੇਤ ਅੰਜੀਲ ਨੂੰ ਜੰਬੂਰੇ ਫੁਰਕਾਨ।
ਬਿਨਾਂ ਬੰਦਗ਼ੀ ਦੋਜ਼ਕੀ ਹਿੰਦੂ ਮੁਸਲਮਾਨ।

ਸਵਾਲ ਰੁਕਨਦੀਨ

ਸੁਣਹੋ ਨਾਨਕ ਹਿੰਦੂਆਂ ਭਿਸ਼ਤੀ ਨੂੰ ਮੰਨ ਪਾਕ।
ਕਾਫਰ ਭਿਸ਼ਤ ਨਾ ਜਾਂਹਿਗੇ ਆਤਸ਼ ਜਲਨ ਨਾਪਾਕ।
ਹੂਰੋਂ ਪਰੀਓਂ ਭਿਸ਼ਤ ਤੋਂ ਰਹਿਸਨ ਓਹ ਮਹਿਰੂਮ।
ਪਉਸਨ ਦੋਜ਼ਕ ਹਾਵੀਏ ਸੁਣਸੀ ਨਬੀ ਨਾ ਧੂਮ।
ਮੁੱਸਲਮਾਨੀ ਪਾਕ ਹੈ ਪੜ੍ਹਨ ਕਤੇਬ ਕੁਰਾਨ।
ਕਰਨ ਨਮਾਜ਼ਾਂ ਰੋਜ਼ੜੇ ਦੋਜ਼ਕ ਤਿਨ੍ਹਾਂ ਹਰਾਮ।

ਜਵਾਬ ਨਾਨਕ ਸ਼ਾਹ ਸੂਰਾ

ਸੁਣਹੋ ਕਾਜੀ ਰੁਕਨਲੂ ! ਸੱਚਾ ਸੁਖਨ ਜਵਾਬ।
ਕਈ ਮੁਹੰਮਦ ਮੁਸਤਫਾ ਮੋਏ ਵਿੱਚ ਅਜ਼ਾਬ।
ਨਾਮ ਓਸ ਦਾ ਕੰਮ ਕਿਸ ਜੋ ਮਰ ਹੋਏ ਖਾਕ।
ਖਾਕੂ ਫੇਰਿ ਜਲਾਈਅਨਿ ਘੜਿ ਘੜਿ ਭਾਂਡੇ ਪਾਕ।
ਇਕਨਾਂ ਦੁੱਧ ਸਮਾਈਅਨਿ ਇਕਨਾਂ ਵਿੱਚ ਪੇਸ਼ਾਬ।
ਮਿੱਟੀ ਮੁੱਸਲਮਾਨ ਦੀ ਜਲਦੀ ਪਾਖਿ ਅਜ਼ਾਬ।
ਕਿਥੇ ਨਿਮਾਜ਼ਾਂ ਰੋਜ਼ੜੇ ਕਲਮਾਂ ਹੱਦ ਕੁਰਾਨ।
ਜਲ ਬਲ ਹੋਵਨ ਧੂੜ ਸਭ ਕਾਫਰ ਮੁੱਸਲਮਾਨ।
ਲਿਖਿਆ ਦਰ ਦਰਗਾਹ ਦੇ ਬਿਨਾਂ ਖੁਦਾਇ ਨ ਕੋਇ।
ਲੱਖ ਮੁਹੰਮਦ ਜੇਵਹੇ ਆਜਜ਼ ਰਹੇ ਖਲੋਇ।
ਇਕ ਦਿਨ ਅੰਦਰ ਖਾਬ ਦੇ ਡਿੱਠੀ ਮੁਹੰਮਦ ਮਾਇ।
ਰੋਂਦੀ ਧਾਹੀਂ ਮਾਰਦੀ ਅਗੋਂ ਉਠੇ ਪੁਕਾਰ।
ਕੇਹੜਾ ਮੁਹੰਮਦ ਮੁਸਤਫਾ ਤੇਰਾ ਪੁੱਤ ਨਿਹਾਰ।
ਉਸ ਨੇ ਕਹਿਆ ਪਛਾਣ ਸੀ ਉਸ ਨੂੰ ਜਬਰਾਈਲ।
ਜਬਰਾਈਲ ਬੇਅੰਤ ਹੀ ਉੱਠੇ ਮੇਕਾ ਈਲ।
ਮਲਕੁਲ ਮੌਤ ਬਿਅੰਤ ਹੀ ਰਾਖਸ਼ ਜਿੰਨ ਕਿਤਾਨ।
ਡਿਠੋ ਏਹ ਮਸ਼ਾਹਿਦਾ ਹੋਇ ਰਹੀ ਹੈਰਾਨ।

ਏਥੇ ਕੋਇ ਨ ਜਾਣਦਾ ਉੱਤਮ ਕੌਣ ਰਸੂਲ।
ਜੀਵਦਿਆਂ ਹੀ ਸਾਹਿਬੀ ਮੋਏ ਮਿਲ ਗਏ ਧੂੜ।
ਖੁੱਲੀ ਅੱਖ ਰਸੂਲ ਦੀ ਹੋਇ ਰਿਹਾ ਹੈਰਾਨ।
ਕੁਦਰਤ ਕਹਿਉ ਬਿਅੰਤ ਹੈ ਟੁੱਟਿਓ ਗਰਬ ਗੁਮਾਨ।
ਇਕ ਦਿਨ ਫੇਰ ਮੁਹਮੰਦੇ ਡਿੱਠੀ ਊਠ ਕਤਾਰ।
ਅੰਤ ਨ ਪਾਇਓ ਓਸ ਦਾ ਲੱਦੇ ਬਕਸ ਅਪਾਰ।
ਅੰਡੇ ਇੱਕ ਇਕ ਬਕਸ ਵਿੱਚ ਡਿੱਠੇ ਕਈ ਹਜ਼ਾਰ।
ਇਕ ਇੱਕ ਅੰਡੇ ਵਿੱਚ ਉਨ ਡਿੱਠਾ ਸਭ ਬ੍ਰਹਮੰਡ।
ਕਈ ਮੁਹੰਮਦ ਮੁਸਤਫਾ ਪੀਰ ਪੈਗੰਬਰ ਪਿੰਡ।
ਗ਼ੌਸ ਕੁਤਬ ਅਵਤਾਰ ਬਹੁ ਜੀਆ ਜੰਤ ਜਹਾਨ।
ਮਰ ਮਰ ਫਿਰ ਫਿਰ ਉਪਜਨੀ ਦੇਖ ਰਹਜੋ ਹੈਰਾਨ।
ਜਿਸ ਦਾ ਕੀਤਾ ਰੱਬ ਨੂੰ ਅੱਖੀਂ ਮੀਚ ਨਿਦਾਨ।
ਅੱਖ ਉਘਾੜੀ ਕੁਛ ਨਹੀਂ ਟੁੱਟਾ ਸਭ ਗੁਮਾਨ।

ਸਵਾਲ ਰੁਕਨਦੀਨ

ਰੁਕਨਲ ਆਖੇ ਨਾਨਕਾ! ਲਿਖਜਾ ਵਿੱਚ ਕੁਰਾਨ।
ਵਾਲੋਂ ਨਿੱਕੀ ਪੁਰਸਲਾਤ ਖ਼ੰਡਜੋਂ ਤਿੱਖੀ ਜਾਨ।
ਉਥੇ ਟਿਕੇ ਨ ਭੁਣਭੁਣਾ ਠਹਿਰ ਨ ਸਕੇ ਪੈਰ।
ਮੁਸ਼ਕਲ ਓਨਾਂ ਲੰਘਣਾਂ ਜਿਨ੍ਹਾਂ ਕਮਾਏ ਵੈਰ।
ਸਾਇਰ ਲੋਹੂ ਪੂੰਝ ਦਾ ਅਗਨੀ ਭੜ ਭੜਾਹਿ।
ਕੰਧੀ ਦਿੱਸ ਨ ਆਵਈ ਧਾਹੀ ਪਵੈ ਕਹਾਹਿ।
ਕਲਮਾਂ ਉਥੇ ਮਹੰਮਦੀ ਉੱਮਤ ਪਾਰ ਲੰਘਾਇ।
ਕਾਫਰ ਪਾਰ ਨਾ ਜਾ ਸਕੇ ਤਪੇ ਤੇ ਬਿਲਾਇ।

ਜਵਾਬ ਨਾਨਕ ਸ਼ਾਹ ਸੂਰਾ

ਨਾਨਕ ਆਖੇ ਰੁਕਨਲਾ! ਮੁਖ ਤੇ ਸਮਝ ਅਲਾਇ।
ਜਿੱਥੇ ਸਾਇਰ ਆਤਸ਼ੀ ਬੇੜਾ ਨਾਮ ਖੁਦਾਇ।
ਮੁਰਸ਼ਦ ਆਰਫ ਦਾ ਤਹਾਂ ਇਕੋ ਸ਼ਬਦ ਮਲਾਹਿ।
ਬੇ ਪੀਰਾਂ ਬੇ ਮੁਰਸ਼ਦਾਂ ਢੋਈ ਨਾ ਦਰਗਾਹਿ।
ਰਾਹੇ ਵਿੱਚ ਫਰੇਸ਼ਤੇ ਮਾਲ ਜ਼ਕਾਤੀ ਲੇਹ।
ਅਮਲਾਂ ਉੱਤੇ ਨਿੱਬੜੇ ਸੱਚਾ ਕਲਮਾਂ ਏਹ।
ਕਲਮਾ ਕਿਸੇ ਨ ਰੱਖਸੀ ਆਸ ਮਹੰਮਦ ਕੂਰ।
ਉਥੇ ਮੁਹੰਮਦ ਜੇਵਹੇ ਜਲ ਦਲ ਹੋਵਨ ਧੂਰਿ।
ਪਾਉਂਦੇ ਵਿੱਚ ਗੜਾੜ ਦੇ ਬੂੰਦ ਤਵੇ ਤਪਤਾਇ।
ਤਲੇ ਬਲਨ ਤਿਨ੍ਹਾਂ ਹੱਡੀਆਂ ਜੋ ਬੇਅਦਲੀ ਸ਼ਾਹਿ।
ਕਾਜ਼ੀ ਮੁਫਤੀ ਕਾਰਕੁਨ ਹਾਕਮ ਚੋਰ ਜੁਆਰ।
ਮੁਲਾਂ ਪੁਜਾਰੀ ਬਾਣੀਏਂ ਛਲ ਦਾ ਕਰਨ ਬਪਾਰ।
ਖਾਨ ਗ਼ਰੀਬਾਂ ਲੁੱਟ ਕੇ ਕਰ ਕਰ ਜ਼ੋਰ ਅਫਾਰ।
ਕੁੱਟਣੀਆਂ ਅਰ ਗਸ਼ਤੀਆਂ ਜੋ ਘਰੀਂ ਬਿਰਾਨੀ ਜਾਣ।
ਲੂਣ ਹਰਾਮੀ ਵਿਸ੍ਵਾਸ ਘਾਤ ਨਿੰਦਕ ਚੁਗਲ ਤਕਾਨ।
ਸਰ ਪਰ ਦੋਜ਼ਕ ਪੈਸਨੀ ਰੱਖ ਨ ਸਕੈ ਕੋਇ।

ਖਾਵਨ ਕੀੜੇ ਮਾਸ ਤਿਨ ਜਿਨ੍ਹਾਂ ਖੋਟੀ ਖੋਇ।
ਜਲਦੇ ਦੋਜ਼ਖ ਹਾਵੀਏ ਦੇਨ ਗਵਾਹੀ ਕੂਰ।
ਮਾਰ ਵੰਞਾਇਨ ਦੁਖਤਰਾਂ ਜਲਦੇ ਡਿੱਠੇ ਪੂਰ।
ਸੁਣ ਹੋ ਕਾਜ਼ੀ ਰੁਕਨਦੀਨ ਪੰਜ ਨਸੀਹਤਾਂ ਲੇਹ।
ਅੱਲਾਂ ਦੀ ਕਰ ਬੰਦਗੀ ਸੱਚ ਬੋਲੀਂ ਨਿਸ ਦੇਹ।
ਖਾਹੁ ਖਵਾਵੋ ਖੱਟ ਕੇ ਕਰੋ ਮਸੱਕਤਿ ਕਾਰਿ।
ਨਖ ਸਿੱਖ ਪਵੇ ਪਸੀਨੜਾ ਓਹੋ ਖਾਣਾਂ ਸਾਰ।
ਦਸਵਾਂ ਹਿੱਸਾ ਓਸ ਥੀਂ ਰਾਹਿ ਰੱਬ ਦੇ ਦੇਹ।
ਅਣ ਪੁੱਛੇ ਭਿਸ਼ਤ ਸੋ ਸੱਚ ਹਕੀਕਤ ਏਹ।

ਸਵਾਲ ਕਾਜ਼ੀ ਰੁਕਨਦੀਨ

ਰੁਕਨਲ ਆਖੇ ਨਾਨਕਾ! ਤੁਧ ਵਿੱਚ ਵਡ ਕਰਾਮਾਤ।
ਕੀਤੇ ਸਭ ਮਨਸੂਖ ਤੋਂ ਬਾਝਹੁ ਅੱਲਾ ਪਾਕ।
ਜੇਤੇ ਪੜਦੇ ਦੁਨੀ ਦੇ ਦਿੱਤੇ ਸਭ ਉਠਾਇ।
ਤੂੰ ਨਹਿਂ ਮੰਨੇ ਕਿਸੇ ਨੂੰ ਅੱਲਾ ਪਾਕ ਬਿਨਾਇ।
ਜੋ ਤੂੰ ਆਖੇਂ ਸੱਚ ਸਭ ਜਾਨਿਓਂ ਮੈਂ ਤਹਕੀਕ।
ਪੂਰਾ ਮੁਰਸ਼ਦ ਮੇਲ ਹੈ ਪੂਰਾ ਯਾਰ ਹਕੀਕ।
ਪੁਛੇ ਪੰਡਿਤ ਜੋਤਸ਼ੀ ਕਾਜ਼ੀ ਬਨ ਉਲਮਾਇ।
ਖਾਤਰ ਨਿਸ਼ਾ ਨ ਕਰ ਸਕੇ ਤਦਬੀਰਾਂ ਮੇਲਾਇ।
ਕਿਉਂ ਕਰ ਪੈਦਾ ਜਗ ਕਰਿਓ ਅਰਥਾ ਨਾਸਰ ਰੂਹ।
ਕਿਉਂ ਕਰ ਹੋਇ ਮਿਲਾਵੜਾ ਕਿਉਂ ਕਰ ਮਿਟਸੀ ਲੂਹ।
ਕਿਉਂ ਕਰ ਹੋਇ ਨਜਾਤ ਇਹੁ ਸੱਭੇ ਭੇਦ ਬਤਾਇ।
ਅਕੇ ਤੇ ਜਾਣਨ ਫਕਰ ਕੁਛ ਅਕੇ ਤਾਂ ਆਪ ਖੁਦਾਇ।

ਜਵਾਬ ਨਾਨਕ ਸ਼ਾਹ ਸੂਰਾ

ਨਾਨਕ ਆਖੇ ਰੁਕਨਲਾ! ਭੇਤ ਖੁਦਾਇ ਜੋਇ।
ਆਪੇ ਅੱਲਾ ਜਾਣਦਾ ਔਰ ਨ ਜਾਣੇ ਕੋਇ।
ਜਿਸ ਨੋਂ ਓਹ ਜਣਾਇਦਾ ਜਾਣੇ ਸੋਈ ਫ਼ਕੀਰ।
ਪੰਡਿਤ ਮੁੱਲਾਂ ਜੋ ਇਸੀ ਪੈਕੰਬਰ ਤੇ ਪੀਰ।
ਭੇਤ ਕਿਸੇ ਨੂੰ ਨਾ ਮਿਲੇ ਪੜ੍ਹ ਪੜ੍ਹ ਹੋਏ ਲਚਾਰ।
ਅੱਲਾ ਫੱਕਰ ਏਕ ਹੈ ਜਾਣਨ ਫੱਕਰ ਸਾਰ।
ਇੱਛਾ ਜੋ ਹੈ ਰੱਬ ਦੀ ਕੁਦਰਤ ਕਹੀਏ ਸਾਇ।
ਤਿਸ ਤੇ ਤੀਨੋਂ ਗੁਣ ਭਏ ਗੁਣ ਤੇ ਉਪਜੀ ਵਾਇ।
ਤਿਸਤੇ ਆਤਸ਼ ਆਬ ਹੁਇ ਧਰਤੀ ਲਈ ਉਪਾਇ।
ਧਰਤੈ ਭਈ ਵਨਾਸਪਤਿ ਉਤਭੁਜ ਖਾਣੀ ਢੇਰ। ਤਿਸ ਤੇ ਸ੍ਵੇਤੇਜ ਅੰਡਜਾ ਉਪਜੀ ਖਾਣੀ ਜੇਰ।
ਗੁਨਾ ਗੁਨ ਪੈਦਾਇਸ਼ੀ ਜੜ ਚੇਤਨ ਆਪਾਰ।
ਸਾਜਿਆ ਮਾਨੁਖ ਨੂਰ ਤੋਂ ਸਭ ਦੇ ਸਿਰ ਸਰਦਾਰ।
ਦਿੱਤਾ ਇਸ ਨੋਂ ਗਿਆਨ ਵਡ ਜਾਣੇ ਪਾਕਨ ਪਾਕ।
ਆਪੇ ਬੰਧਨ ਬੰਧਿਆ ਆਪੇ ਲਏ ਨ ਜਾਤਿ।

ਸਵਾਲ ਕਾਜ਼ੀ

ਰੁਕਨਲ ਪੁਛੇ ਨਾਨਕਾ! ਸੱਚ ਸੁਣਾਵੋ ਬਾਤ।

ਕਿੱਕੂੰ ਉਪਜਨ ਆਦਮੀ ਹੈਵਾਨਾਤ ਨਬਾਤ।
ਮਰ ਕੇ ਰਲਦੇ ਖਾਕ ਨਾਲ ਰੂਹ ਕਿਥਾਊਂ ਜਾਇ।
ਗੈਬੀ ਖ਼ਬਰ ਖੁਦਾਇ ਦੀ ਫੱਕਰ ਦੇਨ ਸੁਨਾਇ।
ਕਰ ਤਦਬੀਰਾਂ ਸਭ ਲਿਖੇ ਬੇਦ ਕਤੇਬਾਂ ਭਾਰ।
ਘੱਤ ਜੰਜੀਰਾਂ ਮਾਰਦੇ ਕਾਜ਼ੀ ਪੰਡਤ ਕਾਰ।
ਮੋਇਆ ਕੋਈ ਨਾ ਆਇ ਜੋ ਖਬਰਾਂ ਦੇਵੇ ਆਇ।
ਪੈਗੰਬਰਾਂ ਅਵਤਾਰ ਮਰ ਕੋਇ ਨ ਆਇ ਸੁਣਾਇ।
ਖਤਰਾ ਮਨੋਂ ਨ ਉਤਰੈ ਬਿਨਾਂ ਫ਼ਕੀਰ ਅਲਾਹਿ।
ਖਬਰ ਸੁਣਾ ਅੱਗ ਗੈਬ ਦੀ ਦੁਬਿਧਾ ਮਨੋਂ ਨਸਾਹਿ।

ਜਵਾਬ ਨਾਨਕ ਸ਼ਾਹ ਸੂਰਾ

ਨਾਨਕ ਆਖੇ ਰੁਕਨਦੀਨ! ਸੱਚੀ ਦੇਹੁੰ ਸੁਨਾਇ।
ਮਰ ਮਰ ਮਿਲ ਗਏ ਖਾਕ ਨਾਲ ਫਿਰ ਹੋਇ ਉਪੰਨੇ ਘਾਹਿ।
ਮੇਵੇ ਅੰਨ ਨਿਆਮਤਾਂ ਹੋਵਨ ਗੂਨਾ ਗੂਨ।
ਖਾਣ ਚਰਿੰਦ ਪਰਿੰਦ ਮਨੁੱਖ ਉਸ ਤੋਂ ਉਪਜੇ ਖ਼ੂਨ।
ਨੁਤਫਾ ਹੋਵੇ ਖ਼ੂਨ ਤੇ ਕਰ ਨਰ ਨਾਰੀ ਮੇਲ।
ਉਪਜੇ ਸ੍ਰਿਸ਼ਟੀ ਬਿਨਸ ਹੈ ਰਚ ਰਾਖੀ ਪ੍ਰਭ ਖੇਲ।
ਬੇਦ ਕਤੇਬਾਂ ਪੜੇ ਤੇ ਭੇਤ ਨ ਲੱਭੇ ਕੋਇ।
ਮੁਰਸ਼ਦ ਭੇਦ ਬਤਾਇੰਦਾ ਦੁਬਿਧਾ ਦੇਂਦਾ ਖੋਇ।

ਸਵਾਲ ਕਾਜ਼ੀ

ਰੁਕਨਲ ਆਖੈ ਨਾਨਕਾ! ਦਰਗਹਿ ਦੀ ਸੋਣਾਇ।
ਕੇਹਾ ਰੰਗ ਮਹੱਲ ਦਾ ਜਿੱਥੇ ਰਹੇ ਖੁਦਾਇ।
ਛੱਜੇ ਛੱਤਾਂ ਬੁਰਜ ਘਰ ਕੇਹੇ ਲੱਗੇ ਚੁਕਾਠ।
ਕੇਹਾ ਗਾਰਾ ਚੂਨੜਾ ਕਿਸ ਬਨਾਯਾ ਠਾਟ।
ਸੂਰਤ ਕੌਣ ਮਹਲ ਦੀ ਕਿਉਂ ਕਰ ਹੋਇ ਦੀਦਾਰ।
ਦਰ ਤੇ ਕੀ ਕੁਛ ਲਿਖਿਆ ਕੇੜ੍ਹਾ ਉਸ ਦਾ ਯਾਰ।
ਕੇਹੜੀ ਸੁੰਨਤ ਪਾਈਏ ਕਰ ਕੇ ਕੌਣ ਨਮਾਜ।
ਕੌਣ ਰਸੂਲ ਪੁਚਾਇੰਦਾ ਚਹੀਏ ਕੇਹੜਾ ਸਾਜ।
ਸਭ ਨਿਸ਼ਾਨੀਆਂ ਦੇਹ ਖਾਂ ਤਾਂ ਤੂੰ ਅੱਵਲ ਫ਼ਕੀਰ।
ਪੀਰਾਂ ਦੇ ਸਿਰ ਪੀਰ ਤੂੰ ਮੀਰਾਂ ਦੇ ਸਿਰ ਮੀਰ।

ਜਵਾਬ ਨਾਨਕ ਸ਼ਾਹ ਸੂਰਾ

ਨਾਨਕ ਆਖੇ ਰੁਕਨਦੀਨ ਦਰਗਹਿ ਦੀ ਸੁਧ ਲੇਹ।
ਰੰਗਿ ਅਜਾਇਬ ਮਹਲ ਦਾ ਹੀਰੇ ਲਾਲ ਜੜੇ।
ਆਫਤਾਬ ਮਹਿਤਾਬ ਲਖ ਰੋਸ਼ਨ ਬਲਨ ਮਸਾਲ।
ਬਾਰਾਂ ਬੁਰਜ ਮਹੱਲ ਦੇ ਨੌਂ ਦਰਵਾਜੇ ਨਾਲ।
ਪਹਿਰੂ ਪੰਜ ਖਵਾਸ ਹੈਂ ਕਾਰਕੁੰਨ ਪਾਚੀਸ।
ਛੱਜੇ ਛੱਤ ਅਮੋਲਕਾ ਮੀਨਾਕਾਰੀ ਦੀਸ।
ਗਾਰਾ ਚੂਨਾ ਕੇਸਰੀ ਅਰ ਚੰਦਨ ਚੋਕਾਠ।
ਦੇਹਲ ਪਾਰਸ ਦੇ ਬਨੇ ਬੱਜਰ ਦੇ ਕਾਪਾਟ।
ਕਾਮਧੇਨ ਲਖ ਲਛਮੀ ਕਰਨ ਗੋਲੀਆਂ ਕਾਰ।

ਰਿੱਧੀ ਸਿੱਧੀ ਨਵੋਂ ਨਿਧ ਹਾਜ਼ਰ ਰਹੇ ਦੁਵਾਰ।
ਬਾਵਨ ਕਿੰਗਰੇ ਕੋਟ ਦੇ ਊਪਰ ਨੂਰ ਮਹੱਲ।
ਸਤ ਸਮੁੰਦਰ ਖਾਈਆਂ ਤਿਸ ਵਿੱਚ ਕਮਲ ਅਚੱਲ।
ਇਕ ਮਹਿਲ ਦੋ ਬਾਰੀਆਂ ਸ਼ਿਵ ਸ਼ਕਤੀ ਸੁਲਤਾਨ।
ਨੂਰੀ ਬੈਠਾ ਬਾਦਸ਼ਾਹ ਸੱਚ ਤਖ਼ਤ ਸੁਬਹਾਨ।
ਗੈਬੀ ਵਾਜੇ ਵੱਜਦੇ ਭਾਂਤਿ ਅਨੇਕ ਅਪਾਰ।
ਰਾਗ ਰਾਗਨੀ ਗਾਂਵਦੇ ਅਧਭੁਤ ਸੁਰਾਂ ਉਚਾਰ।
ਮੁਰਸ਼ਦ ਖੋਲ੍ਹ ਕਪਾਟ ਜਿਸ ਹੋਸੀ ਤਿਸੇ ਦੀਦਾਰ।
ਰਾਹ ਖੁਦਾਇ ਭੀਹਾਵਲਾ ਵਾਲਹ ਦਸਵੇਂ ਭਾਇ।
ਹਾਥੀ ਜਾਇ ਨ ਸਕਨੀ ਕੀੜੀ ਪਹੁੰਚੇ ਜਾਇ।
ਸੂਰਤ ਰੰਗ ਮਹਲ ਦੀ ਕੋਈ ਕਹਿ ਨ ਸਕਾਇ।
ਦਰ ਤੇ ਏਹੋ ਲਿਖਿਆ ਇਕੋ ਪਾਕ ਖੁਦਾਇ।
ਕੁਦਰਤਿ ਕਈ ਰਸੂਲ ਹੈਂ ਯਾਰਾਂ ਅੰਤ ਨ ਕਾਇ।
ਜਿਸ ਦੀ ਯਾਰੀ ਧੁਰ ਚੜੇ ਸੋਈ ਪਹੁੰਚੇ ਜਾਇ।
ਰਹਿਸਨ ਉਰੇ ਉੱਮਤਾਂ ਨਾਲੇ ਨਬੀ ਰਸੂਲ।
ਨਿਗੁਰੇ ਰਾਹ ਨ ਪਾਇਨੀ ਝੁਰਿ ਝੁਰ ਮਰਦੇ ਭੂਲ।
ਸੱਚੀ ਸੁੰਨਤ ਬੰਦਗੀ ਸੱਚ ਨਿਮਾਜ਼ ਕਰਾਇ।
ਪਹੁੰਚੇ ਕੋਈ ਸੂਰਮਾਂ ਨਾਨਕ ਅਮਲ ਕਮਾਇ।

ਜਦ ਏਸੇ ਪ੍ਰਕਾਰ ਦੇ ਅਪਾਰ ਪ੍ਰਸ਼ਨਾਂ ਦੇ ਉੱਤਰ ਸੁਣ ਕੇ ਮੱਕੇ ਦੇ ਵੱਡੇ ਕਾਜ਼ੀ ਰੁਕਨਦੀਨ ਨੇ ਬਾਬੇ ਦੇ ਕਦਮ ਫੜ ਲਏ ਤੇ ਮੁਰੀਦ ਬਣਿਆ। ਤਾਂ ਹਾਜੀਆਂ ਨੂੰ ਜੋਸ਼ ਆਯਾ ਤੇ ਓਨ੍ਹਾਂ ਬਹੁਤ ਪ੍ਰਸ਼ਨ ਕੀਤੇ ਜਿਨ੍ਹਾਂ ਦੇ ਉੱਤਰ ਲੈ ਕੇ ਓਹ ਭੀ ਨਿਰੁੱਤ੍ਰ ਹੋ ਬੈਠੇ। ਓਨ੍ਹਾਂ ਵਿੱਚੋਂ ਸਾਰੰਸ ਦੇਖਾਂਵਦੇ ਹਾਂ:

ਸਵਾਲ ਹਾਜੀਆਂ

ਹਾਜੀ ਆਖਣ ਨਾਨਕਾ ਲਿਖਿਆ ਵਿੱਚ ਕਿਤਾਬ।
ਹਿੰਦੂ ਜਲਦੇ ਹਾਵੀਏ ਦੋਜ਼ਖ ਲਹਿਨ ਅਜ਼ਾਬ।
ਉੱਮਤ ਪਾਕ ਮੁਹੰਮਦੀ ਖਾਕੂ ਵਿੱਚ ਸਮਾਇ।
ਅਜ਼ਰਾਈਲ ਫਰੇਸਤਾ ਜਦ ਫੂਕੇ ਕਰਨਾਇ।
ਉਠਸਨ ਸੱਭੇ ਉੱਮਤੀ ਜੋ ਖਾਕੂ ਸੰਗ ਸਮਾਇ।
ਆਪ ਮੁਹੰਮਦ ਮੁਸਤਫਾ ਬੈਠ ਹਿਸਾਬ ਕਰਾਇ।
ਕਲਮਾਂ ਜਿਨਾਂ ਰਸੂਲ ਦਾ ਪੜ੍ਹਿਆ ਭਿਸ਼ਤੀ ਜਾਣ।
ਕਲਮਾਂ ਜਿਨਾਂ ਨ ਜਾਣਿਆ ਸੋ ਦੋਜ਼ਖ ਵਿੱਚ ਪਾਣ।

ਜਵਾਬ ਨਾਨਕ ਸ਼ਾਹ

ਨਾਨਕ ਆਖੇ ਹਾਜੀਓ! ਸੱਚਾ ਸੁਣੋ ਵਿਚਾਰ।
ਹਿੰਦੂ ਜੰਮਦੇ ਇੱਕ ਵਾਰ ਮੁਸਲਮਾਨ ਬਹੁ ਵਾਰ।
ਇੱਟਾਂ ਡਾਂਡੇ ਹੋਇ ਕੇ ਜਲਸਨ ਆਵਿਆਂ ਮਾਂਹਿ।
ਟੁੱਟੇ ਫੁੱਟੇ ਖਾਕ ਮਿਲ ਹੋਇ ਬਨਸਪਤਿ ਵਾਹਿ।
ਜਿਤਨੀ ਖਾਕ ਜਮੀਨ ਪਰ ਸੱਭੇ ਮੁਸਲਮਾਨ।
ਖਾਕੋਂ ਰੂਹਾਂ ਹੋਵਨੀ ਬਨਸਪਤੀ ਹੈਵਾਨ।
ਕਟ ਕਟ ਫੇਰ ਜਲਾਈਅਨਿ ਲਕੜੀ ਹੋਇ ਅੰਗਾਰ।
ਖਾਵਨ ਮਾਰ ਹੈਵਾਨ ਕੋ ਕਰ ਦਰਿੰਦ ਸ਼ਿਕਾਰ।

ਮੈਲ ਹੋਇ ਕੇ ਖਾਕ ਵਿੱਚ ਏਵੇਂ ਨਿੱਤ ਸਮਾਇ।
ਬਾਰ ਬਾਰ ਇਸ ਤੌਰ ਹੀ ਜਲ ਬਲ ਖਾਕ ਮਿਲਾਇ।
ਮੂਸਾਈ ਈਸਾਈਆਂ ਪਾਰਸੀਆਂ ਜਹੂਦ।
ਰਹਿਸਨ ਰੂਹਾਂ ਖਾਕ ਵਿੱਚ ਏਨ੍ਹਾਂ ਸਦਾ ਅਲੂਦ।
ਰੂਹ ਨ ਹਿੰਦੂ ਕਿਸੇ ਦੀ ਰੈਹੈ ਵਿੱਚ ਜ਼ਮੀਨ।
ਉਪਜੇ ਖਪੇ ਨ ਸੋ ਕਦੇ ਜੁੱਸੇ ਵਿੱਚ ਰਹੀਨ।
ਕਿਥੇ ਮੁਹੰਮਦ ਮੁਸਤਫਾ ਕਿੱਥੇ ਚਾਰੋਂ ਯਾਰ।
ਕਹਾਂ ਇਮਾਮ ਖਾਂਨ ਵਾਦੜੇ ਗੌਸ ਕੁਤਬ ਸਾਲਾਰ।
ਜੁੱਸਾ ਰਿਹਾ ਨ ਕਿਸੇ ਦਾ ਰਲ ਗਏ ਸੱਭੇ ਖਾਕ।
ਸੜਦੇ ਵਿੱਚ ਪਜਾਵਿਆਂ ਰੱਬ ਰਿਹਾ ਇੱਕ ਪਾਕ।
ਜੋ ਪੈਦਾਇਸ਼ ਖਾਕ ਦੀ ਖਾਕੀ ਜੁੱਸੇ ਆਹਿ।
ਹਿੰਦੂ ਮੁਸਲਮਾਨ ਸਭ ਅੰਤੇ ਖਾਕ ਮਿਲਾਹਿ।
ਰਹਿੰਦੇ ਰੂਹ ਇਮਾਨਤੀ ਲੱਖ ਚੁਰਾਸੀ ਮਾਂਹਿ।
ਲੱਖ ਚੁਰਾਸੀ ਮੇਦਨੀ ਘਟੇ ਨ ਵਧੇ ਕਦਾਹਿ।
ਪੰਡਤ ਕਾਜ਼ੀ ਅੰਧਲੇ ਚੱਲਣ ਭੇਡਾਂ ਚਾਲ।
ਲੋਕਾਂ ਨੂੰ ਬਹਿਕਾਇ ਕੇ ਕਰਦੇ ਗੁਜ਼ਰ ਸੰਭਾਲ।
ਜੇ ਸੌ ਅੰਧ ਸੁਣਾਈਏ ਭਿਜੇ ਨਚਿੱਤ ਕਠੋਰ।
ਖੁਦੀ ਤਕੱਬਰੀ ਕਰ ਮੁਏ ਲਹਨਿ ਸਜਾਈਂ ਚੋਰ।
ਸੱਚ ਛਿਪਾਇਆ ਉਨ੍ਹੋਂ ਨੇ ਜ਼ਾਹਰ ਕੀਤੋ ਕੂੜ।
ਏਨ੍ਹਾਂ ਪਿੱਛੇ ਲੱਗ ਰਹੇ ਜੀਵ ਅਗਿਆਨੀ ਮੂੜ।

ਸਵਾਲ ਇਮਾਮ ਕਰੀਮਦੀਨ ਸੱਯਦ

ਕਹਿ ਕਰੀਮ ਕਹੁ ਨਾਨਕਾ ! ਰੂਹਾਂ ਦਾ ਕੀ ਤੋਲ।
ਮੂਰਤ ਕੀ ਹੈ ਰੂਹ ਦੀ ਮੋਟੇ ਪਤਲੇ ਖੋਲ।
ਰੰਗ ਕਿਨੇਹਾ ਰੂਹ ਦਾ ਕੌਣ ਬਨਾਵਣ ਹਾਰ।
ਬਹੁਤੇ ਹੈਨ ਕਿ ਇੱਕ ਹੈ ਛੋਟੇ ਬਡੇ ਉਚਾਰਿ।
ਇਨਸਾਨ ਔਰ ਹੈਵਾਨ ਦੀ ਹਈ ਤਫਾਵਤ ਕੋਇ।
ਰੂਹ ਖ਼ੁਦਾ ਇਨਸਾਨ ਦਾ ਇਕੋ ਹੈ ਕਿ ਦੋਇ।
ਕਿੱਥੋਂ ਆਲਮ ਉਪਜਦਾ ਕਿੱਥੇ ਜਾਇ ਸਮਾਹਿ।
ਏਹੁ ਹਕੀਕਤ ਜੋ ਦਸੇ ਸੋਈ ਰਸੂਲ ਖੁਦਾਇ।

ਜਵਾਬ ਨਾਨਕ ਸ਼ਾਹ

ਨਾਨਕ ਕਹੇ ਕਰੀਮਦੀਨ ! ਬਾਦੇ ਦਾ ਕੀ ਤੋਲ ?
ਸੂਰਤ ਕੀ ਹੈ ਪੌਣ ਦੀ ? ਸਿੱਟੇ ਬਿਰਛਾਂ ਰੋਲ।
ਆਤਸ਼ ਦਾ ਕੀ ਕੱਦ ਹੈ ? ਮੋਟਾ ਪਤਲਾ ਹੋਇ।
ਕੌਣ ਤਰੰਗ ਬਠਾਇੰਦਾ ? ਰੰਗ ਆਬ ਦਾ ਕੋਇ ?
ਚੰਦ ਬਿੰਬ ਪ੍ਰਤਿ ਬਿੰਬ ਜਿਉਂ ਛੋਟੇ ਬਡਾ ਹੁਵੰਤ।
ਬਾਦੀ ਰੂਹ ਇਨਸਾਨ ਦੀ ਖਾਕੀ ਰੂਹ ਹੈਵਾਨ।
ਬਾਦੀ ਰੂਹ ਖੁਦਾਇ ਦੀ ਸਾਹਿਬ ਸਗਲ ਜਹਾਨ।
ਰੂਹ ਨ ਛੋਟਾ ਬੜਾ ਕਿਸ ਛੋਟੇ ਬੜੇ ਸਰੀਰ।
ਅੰਦਰ ਬਾਹਰ ਸਰਬ ਦੇ ਪਸਰਿਆ ਇੱਕੋ ਬੀਰ।

ਜਲ ਤਰੰਗ ਜਿਉਂ ਰੱਬ ਤੇ ਜਗ ਉਪਜੇ ਹੋਇ ਲੀਨ।
ਕੁਦਰਤਿ ਚਲਤ ਖੁਦਾਇ ਦੀ ਸੱਚੀ ਹਮ ਕਹਿ ਦੀਨ।

ਸਵਾਲ ਕਰੀਮਦੀਨ

ਵਲੀ ਹਿੰਦ ਸੁਣ ਨਾਨਕਾ! ਦੱਸ ਹਮਾਰਾ ਸ੍ਵਾਲ।
ਹੱਕ ਬਿਗਾਨਾ ਜੋ ਖਾਏ ਤਿਨ੍ਹਾਂ ਕੌਨ ਹਵਾਲ।
ਮੂਏ ਖਾਕੂ ਜੇ ਮਿਲੇ ਵੱਤ ਨ ਆਦਮ ਹੋਇ।
ਲੈਣਾ ਦੇਣਾ ਦੁਨੀ ਦਾ ਕਿਉਂ ਕਰ ਫ਼ੈਸਲ ਹੋਇ।
ਅੱਗੇ ਇੱਕ ਖੁਦਾਇ ਜੇ ਏਥੇ ਕਿਉਂ ਦੋ ਹੱਦ।
ਸੱਚੀ ਗੱਲ ਸੁਣਾਇ ਦਿਹੁ ਕੂੜੀ ਦੇਹੋ ਰੱਦ।
ਕੌਣ ਇਬਾਦਤ ਰੱਬ ਦੀ ਭਿਸ਼ਤਿ ਹਮੇਸ਼ ਦਿਵਾਇ।
ਮੁਰਸ਼ਦ ਤੂੰ ਹੈਂ ਜਗਤ ਦਾ ਸੱਚਾ ਰਾਹ ਬਤਾਇ।

ਜਵਾਬ ਨਾਨਕ ਸ਼ਾਹ

ਸੁਣੋਂ ਇਮਾਮ ਕਰੀਮਦੀਨ! ਨਾਨਕ ਕਹੇ ਫ਼ਕੀਰ।
ਹੱਕ ਬਿਗਾਨਾ ਜੋ ਖਸਨ ਮਰਸਨ ਹੋਇ ਜ਼ਹੀਰ।
ਨਿੰਦਕ ਚੋਰ ਲਵਾਰ ਜੇ ਮਿੱਤਰ ਧੋਹਿ ਜੋਇ।
ਬੰਦਰ ਰਿੱਛ ਕਲੰਦਰੀ ਬੈਲ ਗਧਾ ਪਰ ਹੋਇ।
ਜੀਉਂਦੇ ਦੁੱਖ ਸਹਾਰਦੇ ਮਰ ਦੋਜ਼ਖ ਮੈਂ ਜਾਹਿ।
ਲੈਣਾ ਦੇਣਾ ਰੂਹ ਨੇ ਰੂਹ ਨ ਮਰੇ ਕਿਦਾਹਿ।
ਫਿਰਕੇ ਦੋਵੇਂ ਰੱਦ ਕੇ ਇੱਕੋ ਮੰਨ ਖੁਦਾਇ।
ਇਕੋ ਸੁਇਨਾਂ ਭਾਂਤ ਬਹੁ ਗਹਿਣੇ ਨਾਮ ਸਦਾਇ।
ਗੋਸ਼ੇ ਬੈਠ ਧਿਆਨ ਧਰ ਸੂਰਤ ਸਾਹਿਬ ਏਹ।
ਸੁਇਨੇ ਵਾਂਙੂੰ ਚਮਕਦਾ ਨੂਰੋਂ ਨੂਰ ਦਸੇਹ।
ਦਰਸ਼ਨ ਹੋਸੀ ਓਸ ਨੂੰ ਜਿਸ ਦੇ ਵੱਡੇ ਭਾਗ।
ਮਿਲੇ ਨੂਰ ਮੇਂ ਨੂਰ ਤਿਸ ਜਿਸ ਨੂੰ ਹੋਇ ਅਨੁਰਾਗ।

ਸਵਾਲ ਹਾਜੀਆਂ

ਬੋਲਿਆ ਪੀਰ ਬਹਾਵਦੀਨ ਮੁਲਤਾਨੀ ਮਖਦੂਮ।
ਕੌਣ ਨਮੂਨਾ ਰੂਹ ਦਾ ਕਿਥੇ ਰਹੇ ਕਦੂਮ?
ਭੇਦ ਖ਼ੁਦਾ ਅਰ ਰੂਹ ਦਾ ਜੋ ਕੁਝ ਹਈ ਬਤਾਇ।
ਕੀ ਕੁਛ ਕਰੇ ਅਵਾਜ ਸੋ ਦਿੱਸੇ ਕੌਣ ਉਪਾਇ।
ਜੇ ਸ਼ੱਕ ਉਤਾਰੇਂ ਦਿਲੇ ਦਾ ਤੂੰਹੇਂ ਅੱਵਲ ਫ਼ਕੀਰ।
ਮੈਂ ਜੋਇੰਦਾ ਸੱਚ ਦਾ ਕਹੇ ਬਹਾਵਦੀ ਪੀਰ।

ਜਵਾਬ ਨਾਨਕ ਸ਼ਾਹ

ਸੁਣ ਬਹਾਵਦੀ ਪੀਰ ਤੂੰ ਆਖੇ ਨਾਨਕ ਸ਼ਾਹ।
ਨਾਹਿਂ ਨਮੂਨਾ ਰੂਹ ਦਾ ਰਹੋ ਨ ਕਿਸਹੀ ਜਾਇ।
ਜ਼ਾਤਿ ਸਫਾਤੋਂ ਬਾਹਰਾ ਰੂਪ ਰੰਗ ਨਹਿ ਕੋਇ।
ਕਰੇ ਅਵਾਜ਼ਾਂ ਗੈਬ ਦਾ ਨਦਰੀ ਪਵੈ ਨ ਸੋਇ।
ਰੂਹ ਖੁਦਾਇ ਨ ਭੇਦ ਕੁਛ ਰਹਿਸਨ ਇੱਕੇ ਥਾਇ।
ਸੱਚੀ ਏਹੋ ਬੰਦਗੀ ਰਹਿਣਾ ਖ਼ੁਸ਼ੀ ਰਜਾਇ।
ਸਭ ਨੂੰ ਨੂਰ ਖੁਦਾਇ ਦਾ ਜਾਣੇ ਆਪਣਾ ਆਪ।

ਜਿਨ੍ਹਾਂ ਆਪ ਪਛਾਣਿਆ ਤਿਨ੍ਹਾਂ ਪੁੰਨ ਨ ਪਾਪ।

ਸਵਾਲ ਪੀਰ

ਆਖੇ ਪੀਰ ਬਹਾਵਦੀਨ ਸੁਣਹੋ ਨਾਨਕ ਸ਼ਾਹ !
ਰੱਦੇ ਦੋਵੇਂ ਮਜ਼੍ਹਬ ਤੈਂ ਤੀਜਾ ਕੌਣ ਸਰਾਹਿ।
ਹਿੰਦੂ ਅਤੇ ਮੁੱਸਲਮਾਨ ਦੋਇ ਆਦਮ ਦੇ ਫਰਜ਼ੰਦ।
ਕੇਹੜਾ ਪਾਸ ਖੁਦਾਇ ਦੇ ਕੇਹੜਾ ਦੂਰ ਰਹੰਦ।
ਖਾਂਦਾ ਕੀ ਖੁਦਾਇ ਹੈ ਪਹਿਨੇ ਕੌਣ ਪੁਸ਼ਾਕ।
ਕੇਹੜਾ ਮਜ਼੍ਹਬ ਨਪਾਕ ਹੈ ਕੇਹੜਾ ਸੱਚਾ ਪਾਕ।

ਜਵਾਬ ਨਾਨਕ ਸ਼ਾਹ

ਨਾਨਕ ਕਹੇ ਬਹਾਵਦੀਨ ! ਰੱਦੇ ਹਨ ਗੁਮਰਾਹ।
ਸੋਈ ਮਜ਼੍ਹਬ ਅਕਾਲ ਦਾ ਫੜਸੀ ਸੱਚਾ ਰਾਹ।
ਮਜ਼੍ਹਬ ਨ ਕੋਈ ਰੱਬ ਦਾ ਬੰਦਿਆਂ ਕਰੇ ਅਜਾਦ।
ਓਹ ਨਜ਼ੀਕ ਖੁਦਾਇ ਦੇ ਜੋ ਰੱਖਦੇ ਹੈਂ ਯਾਦ।
ਖਾਣਾਂ ਗ਼ਮ ਹੈ ਰੱਬ ਦਾ ਪੈਨਣ ਖਿਮਾਂ ਪੁਸ਼ਾਕ।
ਕੂੜੇ ਕੁਟਲ ਨਪਾਕ ਹੈਂ ਸੱਚੇ ਸਦ ਹੀ ਪਾਕ।
ਮਜ਼੍ਹਬ ਸ਼ਰਹ ਪਰ ਚਲਦੇ ਗਡੀ ਜਿਉਂ ਕਾਪੂਤ।
ਤੀਨੋਂ ਲੀਕ ਨ ਚੱਲਦੇ ਸੂਰੇ ਸਿੰਘ ਸਪੂਤ।
ਨਾਨਕ ਆਖੇ ਸੱਚ ਪੰਦ ਸੁਣੋਂ ਬਹਾਵਦ ਪੀਰ।
ਰੱਦੀ ਹਿੰਦੂ ਤੁਰਕ ਨੋਂ ਬਨੋਂ ਫ਼ਕੀਰ।
ਰੱਦ ਜਹੂਦਾਂ ਕਾਫਰਾਂ ਮੁਨਾਫਕਾਂ ਤੇ ਮੁਲਹੱਦ।
ਰੂੰਮੀ ਈਸਾਈ ਜੰਗੀ ਇਰਮਾਨੀ ਰਾਹ ਬੱਦ।
ਹਬਸ਼ੀ ਤੇ ਕਿਲਮਾਕ ਬੋਧ ਚੀਨੋਂ ਪਾਰਸੀ ਵਾਹਿ।
ਨਾਨਕ ਸਚੇ ਨਾਮ ਬਿਨ ਮਜ਼੍ਹਬ ਸਭੇ ਗੁਮਰਾਹਿ।

ਏਹ ਬਚਨ ਸੁਣ ਕੇ ਪੀਰ ਜਲਾਲਦੀਨ ਬਗਦਾਦੀ ਪੋਤ੍ਰਾ ਪੀਰ ਮੁਹੱਯੁੱਦ ਦੀਨ ਦਾ ਤਮਕ ਖਾ ਕੇ ਬੋਲਿਆ:

ਸਵਾਲ ਪੀਰ ਜਲਾਲ ਦੀਨ

ਆਖੇ ਪੀਰ ਜਲਾਲਦੀਨ ਸੁਣ ਨਾਨਕ ਸ਼ਾਹ ਫ਼ਕੀਰ !
ਹਿੰਦੂ ਸੂਰਤ ਦੋਜ਼ਖੀ ਵਿੱਚ ਆਤਸ਼ ਹੋਨ ਜ਼ਹੀਰ।
ਮੁਸਲਮਾਨਾਂ ਵਾਸਤੇ ਭਿਸ਼ਤਿ ਬਨਾਏ ਰੱਬ।
ਜੇ ਤੂੰ ਹੋਏਂ ਮੁਹੰਮਦੀ ਮੰਨਣ ਤੈਨੂੰ ਸਭ।
ਹਿੰਦੂ ਭਿਸ਼ਤਿ ਨ ਕੋ ਗਿਆ ਆਤਸ਼ ਦਏ ਜਲਾਇ।
ਉਨ੍ਹਾਂ ਦਰੂਦ ਨ ਫਾਇਤਾ ਕੁੱਲ ਚਲੀਹਾ ਨਾਇ।

ਜਵਾਬ ਨਾਨਕ ਸ਼ਾਹ

ਨਾਨਕ ਆਖੇ ਪੀਰ ਜੀ ! ਕਿਉਂ ਕਰਸੇਂ ਹੰਕਾਰ।
ਹਿੰਦੂ ਮੁਸਲਮਾਨ ਸਭ ਆਪੇ ਕਰੇ ਕਰਤਾਰ।
ਰੂਹ ਨ ਹਿੰਦੂ ਤੁਰਕ ਹੈ ਮਜ਼ਹਬ ਜੁੱਸੇ ਦੇ ਸਭ।
ਬਿਸ਼ਟਾ ਮਿੱਟੀ ਖਾਕ ਹੋਇ ਜੁਸਾ ਸਭ ਦਾ ਲੱਭ।
ਮਜ਼੍ਹਬ ਕਿਸੇ ਦੀ ਭਿਸ਼ਤ ਨਾ ਦੋਜ਼ਕ ਭਿਸ਼ਤ ਭੁਗਾਇ।
ਪੈਗੰਬਰ ਅਵਤਾਰ ਜੋ ਕਿਸੇ ਨ ਰੱਖ ਸਕਾਹਿ।
ਜੇ ਕੋਈ ਉਲਟਾ ਕਰਜੋ ਚਹਿ ਸੋ ਭੀ ਦੋਜ਼ਕ ਜਾਹਿ।

ਮੁਸ਼ਕਲ ਮੁਸਲਮਾਨੜੀ ਹਿੰਦੂ ਹਰ ਕੰਮ ਮਾਹਿ।
ਦੋਵੇਂ ਕਾਇਮ ਨਾ ਰਹਿਨ ਦਾਵੇ ਕਰ ਉੱਠ ਜਾਹਿ।
ਨਾਨਕ ਦਾਵਾ ਛੱਡਿਆ ਦੁਹਿ ਤੇ ਨਿਆਰਾ ਹੋਇ।
ਇਥੇ ਮਿਲਨ ਬਡਿਆਈਆਂ ਦਰਗਹਿ ਪਾਵੈ ਢੋਇ।
ਬੋਲਿਆ ਪੀਰ ਬਹਾਵਦੀ ਸੁਣ ਜਲਾਲਦੀਨ ਪੀਰ।
ਨਾਨਕ ਪਾਸੋਂ ਪੁਛਣਾ ਬਹੁਤ ਇਹੋ ਤਕਸੀਰ।
ਜ਼ਾਹਰ ਅਜਮਤ ਇਸ ਦੀ ਕਾਬਾ ਦਿੱਤਾ ਫਿਰਾਇ।
ਮਜ਼੍ਹਬ ਸਭੇ ਮਨਸੂਖ ਕਰ ਮੰਨਿਆਂ ਇੱਕ ਖੁਦਾਇ।
ਚਾਰ ਕਿਤਾਬਾਂ ਬੇਦ ਚਾਰ ਪੈਗੰਬਰ ਅਵਤਾਰ।
ਕਰੇ ਸਭੇ ਮਨਸੂਖ ਇਨ ਮੰਨੇ ਇਮਾਮ ਨ ਯਾਰ।
ਭਾਵੇਂ ਮੂੰਹੋਂ ਨ ਆਖਦਾ ਜ਼ਾਹਰ ਦਿਸਨ ਅਸਾਰ।
ਆਯਾ ਅਖੀਰੀ ਧੁਰੋਂ ਇਹ ਪੈਗੰਬਰ ਅਵਤਾਰ।
ਬਡਾ ਫ਼ਕੀਰੀ ਮਰਤਬਾ ਮਾਰਫਤੀ ਸਚ ਰਾਹ।
ਮਾਰਫਤੋਂ ਜੋ ਬਾਹਰੇ ਸੱਭੇ ਹੈਂ ਗੁਮਰਾਹ।
ਮਹਿਰਮ ਤੁਸੀਂ ਨ ਪੀਰ ਜੀ ਨਾਨਕ ਬਡਾ ਫ਼ਕੀਰ।
ਰੱਬ ਜਿਸੇ ਦੀ ਮੰਨਦਾ ਸੋਈ ਵੱਡਾ ਪੀਰ।
ਨਾਨਕ ਆਖੇ ਪੀਰ ਸੁਣ ਮੇਰੀ ਕਰ ਨ ਤਰੀਫ।
ਬਡਾ ਕਰੇ ਸਾਹਿਬ ਕਿਸੇ ਚਾਹੇ ਕਰੇ ਹਰੀਫ।
ਰੱਬ ਨਿਤਾਣਿਆਂ ਤਾਣ ਹੈ ਨਿਮਾਣੇ ਦਾ ਮਾਣ।
ਜੇ ਕੀਰੀ ਵਿੱਚ ਬਲ ਕਰੇ ਲੇਵੇ ਫੀਲ ਰੰਵਾਣ।

ਨਦੀਆ ਵਿਚਿ ਟਿਬੇ ਦੇਖਾਲੇ ਥਲੀ ਕਰੇ ਅਸਗਾਹ ॥
ਕੀੜਾ ਥਾਪਿ ਦੇਇ ਪਾਤਿਸਾਹੀ ਲਸਕਰ ਕਰੇ ਸੁਆਹ ॥

(ਵਾਰ-ਮਾਝ, ਮਃ ੧ - ੧੪੪)

ਛੰਦ ਬਚਨ ਸਭੇ ਸਤਗੁਰ ਕੇ ਪਿਆਰੇ ਲਾਗੇ ਪੀਰਾਂ ਤਾਂਈ।
ਕਰੀ ਦਸਤ ਬੋਲ ਗਲ ਮਿਲ ਕੇ ਆਨੰਦ ਭਏ ਮਹਾਂਈ।
ਪੁਛਜਾ ਸੱਚ ਪੀਰ ਜੀ ਦੱਸੋ ਜਾਮਾ ਕਿਸ ਘਰ ਧਾਰਾ?
ਹਿੰਦੂ ਹੈ ਕਿ ਮੁਸਲਮਾਨਾ ਫਿਰਕਾ ਕੌਣ ਤੁਮਾਰਾ?

ਜਵਾਬ ਨਾਨਕ ਸ਼ਾਹ

ਹਿੰਦੂ ਕਹਾਂ ਤਾ ਮਾਰੀਆਂ ਮੁਸਲਮਾਨ ਭੀ ਨਾਹਿ।
ਪਾਂਚ ਤੱਤ ਕਾ ਪੁਤਲਾ ਗੈਬੀ ਖੇਲੇ ਮਾਹਿ।
ਗੈਬੀ ਆਇਆ ਗੈਬ ਤੋਂ ਆਣ ਲਗਾਇਆ ਐਬ।
ਉਲਟ ਸਮਾਨਾ ਗੈਬ ਮੈਂ ਮਿਟ ਗਏ ਸਭੇ ਐਬ।
ਕਲਿਜੁਗ ਨਾਨਕ ਨਿਰਮਲਾ ਪੰਥ ਚਲਾਯੋ ਆਇ।
ਬੇਦ ਕਤੇਬੋਂ ਬਾਹਰਾ ਜਪਦੇ ਏਕ ਖੁਦਾਇ।
ਕਲਿਜੁਗ ਨਾਨਕ ਨਿਰਮਲੀ ਸਿੱਖੀ ਹੈ ਪਰਵਾਨ।
ਪਾਰ ਉੱਤਰੇ ਉਮਤੀ ਸਤਨਾਮ ਦੈ ਦਾਨ।
ਹਿੰਦੂ ਮੁਸਲਮਾਨ ਸਭ ਮਜ਼੍ਹਬ ਚਲਾਏ ਕੂਰ।
ਸੱਚਾ ਮਜ਼੍ਹਬ ਅਲਾਹਿ ਦਾ ਲਾ ਮਜ਼੍ਹਬੀ ਇੱਕ ਨੂਰ।
ਅਮਲਾਂ ਉੱਤੇ ਨਿੱਬੜੇ ਸਾਹਿਬ ਦੇ ਦਰਬਾਰ।
ਕੋਈ ਕਰੇ ਸਹਾਇ ਨਾ ਪੈਗੰਬਰ ਅਵਤਾਰ।

ਏਹ ਬਚਨ ਸੁਣ ਕੇ ਅਤੇ ਸਾਮ੍ਰਥਾ ਦੇਖ ਕਰ ਸਭ ਕਾਜ਼ੀ, ਹਾਜੀ, ਮੁੱਲਾਂ, ਮਜਾਵਰ, ਪੀਰ, ਫ਼ਕੀਰ, ਬਾਬੇ ਜੀ ਦੇ ਦਾਸ ਹੋ ਗਏ। ਓਥੋਂ ਚੱਲਣ ਲੱਗੇ ਤਾਂ ਬਾਬੇ ਦੀ ਇੱਕ ਖੜਾਂਵ ਜ਼ਯਾਰਤ ਵਾਸਤੇ ਓਨ੍ਹਾਂ ਰੱਖ ਲੀਤੀ, ਜੋ ਹੁਣ ਕਾਬੇ ਵਿੱਚ ਹੈ। ਜਿੱਥੇ ਬਾਬਾ ਜੀ ਮੱਕੇ ਤੋਂ ਬਾਹਰ ਅਮਰੇ ਸ਼ਹਿਰ ਦੇ ਰਾਹ ਉੱਤੇ ਬਾਬੇ ਫ਼ਕੀਰ ਦੀ ਮਸੀਤ ਪਾਸ ਰਿਹਾ ਕਰਦੇ ਸੇ ਓਹ ਮਕਾਨ ਮਸੀਤ ਦੀ ਸ਼ਕਲ ਪਰ ਹੁਣ ਵਲੀ ਹਿੰਦ ਦਾ ਉਜਾਗਰ ਹੈ। ਬੇਰੀ ਤੇ ਖਜੂਰ ਦੋ ਬ੍ਰਿਛ ਇੱਕ ਬਾਵਲੀ ਸਦਾਬ੍ਰਤ ਬਾਦਸ਼ਾਹ ਰੂਮ ਵੱਲੋਂ ਓਸੇ ਮਕਾਨ ਵਿੱਚ ਹੈਨ ਹੋਰ ਕਿਸੇ ਥਾਂ ਨਹੀਂ।

ਇਕ ਦਿਨ ਭਾਈ ਮਰਦਾਨੇ ਨੇ ਆਖਿਆ, "ਜੀ! ਤੁਸੀਂ ਏਥੇ ਵੱਸਣ ਆਏ ਹੋ? ਚਲੋ ਅੱਗੇ ਮਦੀਨਾਂ ਦੇਖੀਏ।" ਤਾਂ ਬਾਬਾ ਜੀ ਸਾਥੀਆਂ ਸਮੇਤ (ਮੱਕੇ ਤੋਂ ਤਿੰਨ ਸੌ ਕੋਹ) ਮਦੀਨੇ {ਮਦੀਨਾ} ਜਾ ਫਿਰੇ। ਪੈਗੰਬਰ ਦੀ ਕਬਰ ਤੋਂ ਬਾਹਰ ਫਾਤਮਾਂ ਵਾਲੇ ਦਰਵਾਜ਼ੇ ਅੱਗੇ ਬੈਠ ਕੇ ਰਬਾਬ ਵਜਵਾ ਕਰ ਏਹ ਸ਼ਬਦ ਗਾਵਿਆ:

ਬਸੰਤੁ ਹਿੰਡੋਲੁ ਮਹਲਾ ੧ ਘਰੁ ੨
ੴ ਸਤਿਗੁਰ ਪ੍ਰਸਾਦਿ ॥
ਨਉ ਸਤ ਚਉਦਹ ਤੀਨਿ ਚਾਰਿ ਕਰਿ ਮਹਲਤਿ ਚਾਰਿ ਬਹਾਲੀ ॥
ਚਾਰੇ ਦੀਵੇ ਚਹੁ ਹਥਿ ਦੀਏ ਏਕਾ ਏਕਾ ਵਾਰੀ ॥੧॥
ਮਿਹਰਵਾਨ ਮਧੁਸੂਦਨ ਮਾਧੌ ਐਸੀ ਸਕਤਿ ਤੁਮ੍ਾਰੀ ॥੧॥ ਰਹਾਉ ॥
ਘਰਿ ਘਰਿ ਲਸਕਰੁ ਪਾਵਕੁ ਤੇਰਾ ਧਰਮੁ ਕਰੇ ਸਿਕਦਾਰੀ ॥
ਧਰਤੀ ਦੇਗ ਮਿਲੈ ਇਕ ਵੇਰਾ ਭਾਗੁ ਤੇਰਾ ਭੰਡਾਰੀ ॥੨॥
ਨਾ ਸਾਬੂਰੁ ਹੋਵੈ ਫਿਰਿ ਮੰਗੈ ਨਾਰਦੁ ਕਰੇ ਖੁਆਰੀ ॥
ਲਬੁ ਅਧੇਰਾ ਬੰਦੀਖਾਨਾ ਅਉਗਣ ਪੈਰਿ ਲੁਹਾਰੀ ॥੩॥
ਪੂੰਜੀ ਮਾਰ ਪਵੈ ਨਿਤ ਮੁਦਗਰ ਪਾਪੁ ਕਰੇ ਕੁੋਟਵਾਰੀ ॥
ਭਾਵੈ ਚੰਗਾ ਭਾਵੈ ਮੰਦਾ ਜੈਸੀ ਨਦਰਿ ਤੁਮ੍ਾਰੀ ॥੪॥
ਆਦਿ ਪੁਰਖ ਕਉ ਅਲਹੁ ਕਹੀਐ ਸੇਖਾਂ ਆਈ ਵਾਰੀ ॥
ਦੇਵੇਂ ਦੇਵਤਿਆ ਕਰੁ ਲਾਗਾ ਐਸੀ ਕੀਰਤਿ ਚਾਲੀ ॥੫॥
ਕੂਜਾ ਬਾਂਗ ਨਿਵਾਜ ਮੁਸਲਾ ਨੀਲ ਰੂਪ ਬਨਵਾਰੀ ॥
ਘਰਿ ਘਰਿ ਮੀਆ ਸਭਨਾਂ ਜੀਆਂ ਬੋਲੀ ਅਵਰ ਤੁਮਾਰੀ ॥੬॥
ਜੇ ਤੂ ਮੀਰ ਮਹੀਪਤਿ ਸਾਹਿਬੁ ਕੁਦਰਤਿ ਕਉਣ ਹਮਾਰੀ ॥
ਚਾਰੇ ਕੁੰਟ ਸਲਾਮੁ ਕਰਹਿਗੇ ਘਰਿ ਘਰਿ ਸਿਫਤਿ ਤੁਮ੍ਾਰੀ ॥੭॥
ਤੀਰਥ ਸਿੰਮ੍ਰਿਤਿ ਪੁੰਨ ਦਾਨ ਕਿਛੁ ਲਾਹਾ ਮਿਲੈ ਦਿਹਾੜੀ ॥
ਨਾਨਕ ਨਾਮੁ ਮਿਲੈ ਵਡਿਆਈ ਮੇਕਾ ਘੜੀ ਸਮ੍ਾਲੀ ॥੮॥੧॥੮॥

(ਬਸੰਤੁ ਹਿੰਡੋਲ, ਮਃ ੧ - ੧੧੯੦)

ਜਦ ਏਹ ਸ਼ਬਦ ਗਾਵਿਆ ਤਾਂ ਜੋ ਲੋਕ ਸ਼ਰਾ ਮੁਹੰਮਦੀ ਅਨੁਸਾਰ ਗਾਉਣ ਨੂੰ ਗੁਨਹਗਾਰੀ ਸਮਝਦੇ ਸੇ, ਓਹ ਹਟਾਵਣ ਆਏ। ਬਹੁਤ ਬੁਰਾ ਭਲਾ ਬੋਲੇ ਪਰ ਬਾਬਾ ਜੀ ਗਾਉਂਦੇ ਹੀ ਰਹੇ। ਓੜਕ ਓਨ੍ਹਾਂ ਨੇ ਮਾਰਨ ਵਾਸਤੇ ਇੱਟਾਂ ਵੱਟੇ ਵੱਟੇ ਤਾਂ (ਜਨਮਸਾਖੀ ਵਿੱਚ ਲਿਖ੍ਯਾ ਹੈ) ਬਾਬੇ ਜੀ ਦੀ ਸ਼ਕਤੀ ਨਾਲ ਓਨ੍ਹਾਂ ਦੇ ਹੱਥਾਂ ਨਾਲ ਵੱਟੇ ਚਿੰਮੜ ਗਏ। ਜਿੱਥੇ ਕਿਸੇ ਦਾ ਹੱਥ ਸੀ ਓਥੇ ਹੀ ਰਹਿ ਗਿਆ। ਏਹ ਬਾਤ ਸੁਣ ਕੇ ਸ਼ਹਿਰ ਵਿੱਚ ਰੌਲਾ ਪੈ ਗਿਆ। ਲੋਕਾਂ ਨੇ ਇਮਾਮਾਂ ਨੂੰ, ਜੋ ਓਥੋਂ ਦੇ ਹਾਕਮ ਅਲੀ ਦੀ ਉਲਾਦ ਵਿੱਚੋਂ ਸਨ; ਜਾ ਦੱਸ੍ਯਾ। ਓਹ ਬੜੇ ਖ਼ਫ਼ਾ ਹੋਏ। ਅਨੇਕ ਉਲਮਾ, ਫਜ਼ਲਾ, ਕਾਜ਼ੀ, ਮੁੱਲਾਂ, ਫ਼ਕੀਰ, ਪੀਰ, ਮਿਲ ਕੇ ਬਾਬੇ ਪਾਸ ਆਏ। ਬਾਬਾ ਗਾਂਵਦਾ ਸੀ ਇਮਾਮਾਂ ਨੇ ਕੰਨਾਂ ਵਿੱਚ ਉਂਗਲੀਆਂ ਦੇ ਲਈਆਂ। ਸੋ ਓਸੇ ਥਾਂ ਚਿਮਟ ਗਈਆਂ ਤਾਂ ਪੀਰਾਂ ਦੀ ਖਾਨਜੋਂ ਗਈ। ਇਮਾਮ ਕਮਾਲਦੀਨ, ਜਮਾਲਦੀਨ, ਕੁਤਬਦੀਨ, ਗਉਸਦੀਨ, ਕਰਮਦੀਨ,

ਇਮਾਮਜ਼ਾਫਰ, ਇਮਾਮ ਸਾਫੀ, ਆਦਿਕ ਹੈਰਾਨ ਹੋ ਗਏ। ਇਮਾਮਜ਼ਾਫਰ ਫ਼ਕੀਰ ਦੋਸਤ ਸੀ। ਓਸ ਨੇ ਖ਼ੁਸ਼ੀ ਹੋ ਕੇ ਫ਼ਕੀਰ ਦਾ ਸਰੋਦ ਸੁਣਿਆ ਤੇ ਗੁਰੂ ਜੀ ਅੱਗੇ ਬੇਨਤੀ ਕੀਤੀ ਤਾਂ ਸਭ ਦੀ ਖਲਾਸੀ ਹੋਈ। ਫੇਰ ਬਹੁਤ ਸਾਰੇ ਸਵਾਲ ਜਵਾਬ ਹੋਏ ਜਿਨ੍ਹਾਂ ਦਾ ਸਾਰੰਸ ਏਹ ਹੈ:

ਓਨ੍ਹਾਂ ਆਖਿਆ, "ਖ਼ੁਦਾ ਨੇ ਪਹਿਲੇ ਆਦਮ ਤੇ ਹੱਵਾ ਨੂੰ ਪੈਦਾ ਕਰ ਕੇ ਹੁਕਮ ਦਿੱਤਾ ਏਹਨਾਂ ਦੀ ਸੰਤਾਨ ਭਿਸ਼ਤ ਵਿੱਚ ਰਹੇਗੀ ਅਰ ਜੋ ਹਿੰਦੂ ਮਤ ਦੀ ਸੰਤਾਨ ਹੋਣੇ ਕਰ ਮਨੁੱਖ ਸਦਾਉਂਦੇ ਹਨ ਜੋ ਮਤ ਸ਼ੈਤਾਨ ਦਾ ਨਾਉਂ ਹੈ। ਸ਼ੈਤਾਨ ਨੂੰ ਬਹਿਸ਼ਤਾਂ ਵਿੱਚੋਂ ਖ਼ੁਦਾ ਨੇ ਕੱਢ ਛੱਡਿਆ ਹੈ। ਓਸ ਦੀ ਸੰਤਾਨ ਨੂੰ ਭੀ ਭਿਸ਼ਤਿ ਨਹੀਂ ਕਿੰਤੂ ਦੋਜ਼ਕ ਮਿਲਦਾ ਹੈ। ਨਾਲੇ ਹਿੰਦੂਆਂ ਦਾ ਵੱਡਾ ਕੋਈ ਖ਼ੁਦਾ ਦਾ ਯਾਰ ਨਹੀਂ। ਸਾਡੇ ਚਾਰ ਪੈਗੰਬਰ ਦਾਊਦ, ਮੂਸਾ, ਈਸਾ, ਮੁਹੰਮਦ, ਏਹ ਚਾਰ ਯਾਰ ਖ਼ੁਦਾ ਦੇ ਪਾਸ ਹਰ ਵੇਲੇ ਰਹਿੰਦੇ ਹਨ। ਏਨ੍ਹਾਂ ਦੀ ਸਲਾਹ ਸਫਾਰਸ਼ ਖ਼ੁਦਾ ਮੰਨਦਾ ਹੈ। ਜੰਬੂਰ, ਤੌਰੇਤ, ਅੰਜੀਲ, ਕੁਰਾਨ, ਏਹ ਚਾਰੇ ਕਿਤਾਬਾਂ ਖ਼ੁਦਾ ਨੇ ਬਖ਼ਸ਼ੀਆਂ ਹਨ। ਏਨ੍ਹਾਂ ਕਿਤਾਬਾਂ ਦੇ ਹੁਕਮ ਪਰ ਚੱਲਣ ਵਾਲੇ ਨਜਾਤ ਦੇ ਭਾਗੀ ਹਨ। ਫੇਰ ਆਖਿਆ ਅਖ਼ੀਰੀ ਪੈਗੰਬਰ ਹਜ਼ਰਤ ਰਸੂਲਿੱਲਾ ਮੁਹੰਮਦ ਸਾਹਿਬ ਦਾ ਹੁਕਮ ਪ੍ਰਵਾਨ ਕਰਨ ਵਾਲਜਾਂ ਦੇ ਸਹਾਇਕ ਪੈਗੰਬਰ ਦੇ ਯਾਰ ਸਦੀਕ, ਅਬੂਬਕਰ, ਉਮਰ ਅਲੀ, ਮੱਦਦਗਾਰ ਬਣੇ ਰਹਿੰਦੇ ਹਨ। ਏਸੇ ਕਰ ਕੇ ਹਿੰਦੂਆਂ ਦੀ ਕਮਾਨ ਉੱਤਰ ਗਈ ਮੁਸਲਮਾਨਾਂ ਦੀ ਚੜ੍ਹਦੀ ਕਲਾ ਬਾਦਸ਼ਾਹੀ ਬਣੀ ਹੋਈ ਹੈ। ਤਾਂ ਤੇ ਤੁਸੀਂ ਭੀ ਦੀਨ ਮੁਹੰਮਦੀ ਮੰਨੋਂ।"

ਏਨ੍ਹਾਂ ਦੇ ਪ੍ਰਸ਼ਨਾਂ ਦੇ ਉੱਤਰ ਬਾਬੇ ਜੀ ਵੱਲੋਂ ਮੱਕੇ ਮਦੀਨੇ ਦੀ ਗੋਸਟ ਤੇ ਜਨਮ ਸਾਖੀ ਵਿੱਚ ਬਹੁਤ ਲਿਖੇ ਹਨ, ਸੋ ਸੰਖੇਪ {ਮਦੀਨੇ ਦੀ ਗੋਸਟ} ਏਹ ਹੈ:

"ਮਨ ਦੀ ਸੰਤਾਨ ਤਾਂ ਸਾਰਾ ਹੀ ਸੰਸਾਰ ਹੈ, ਓਸ ਦੀਆਂ ਦੋ ਇਸਤ੍ਰੀਆਂ ਸੁਮੱਤੀ, ਕੁਮੱਤੀ ਸਨ। ਕੁਮੱਤੀ ਤੋਂ ਆਸੁਰੀ ਸੰਪਦਾ ਅਸੁਰ ਹੋਏ। ਸੁਮੱਤੀ ਤੋਂ ਸੁਰੀ ਸੰਪਤਿ ਜਿਨ੍ਹਾਂ ਨੂੰ ਸੁਰ ਬੋਲਦੇ ਹਨ ਪੈਦਾ ਹੋਏ। ਓਨ੍ਹਾਂ ਤੋਂ ਹਿੰਦੂ ਹੋਏ ਅਸੁਰਾਂ ਵਿੱਚੋਂ ਆਦਮ ਹੋਯਾ ਅਤੇ ਪੈਗੰਬਰ ਚਾਰ ਨਹੀਂ ਸਵਾ ਲੱਖ ਹੋ ਚੁੱਕਾ ਹੈ। ਖ਼ੁਦਾ ਦੇ ਯਾਰ ਚਾਰ ਪੈਗੰਬਰ ਏਹ ਨਹੀਂ ਜੋ ਤੁਸੀਂ ਆਖਦੇ ਹੋ। ਪੌਣ, ਧਰਤੀ, ਅਗਨੀ, ਜਲ, ਏਹ ਚਾਰ ਰੱਬ ਦੇ ਯਾਰ ਹਨ, ਜਿਨ੍ਹਾਂ ਦੁਆਰੇ ਸ੍ਰਿਸ਼ਟੀ ਰਚੀ ਹੈ। ਏਨ੍ਹਾਂ ਹੀ ਤੱਤਾਂ ਦੇ ਸਭ ਜੁੱਸੇ ਬਣੇ ਹੋਏ ਹਨ। ਪ੍ਰਤੇਕ ਜੁੱਸੇ ਵਿੱਚ ਆਏ ਹੋਏ ਚੇਤਨ ਦਾ ਨਾਮ ਰੂਹ (ਜੀਵ) ਹੈ। ਸਾਰੇ ਬ੍ਰਹਮੰਡ ਵਿੱਚ ਬਜਾਪਕ ਚੇਤਨ ਦਾ ਨਾਮ ਈਸ਼ਵਰ ਹੈ। ਬ੍ਰਹਮੰਡ ਦੇ ਬਾਹਰ ਅੰਦਰ ਬਯਾਪਕ ਚੇਤਨ ਦਾ ਨਾਮ ਬ੍ਰਹਮ ਹੈ। ਤੁਸੀਂ ਤਾਂ ਆਪਣੇ ਪੈਗੰਬਰਾਂ ਨੂੰ ਹੀ ਖ਼ੁਦਾ ਦੇ ਯਾਰ ਮੰਨਦੇ ਹੋ ਅਰ ਹਿੰਦੂ ਅਪਣੇ ਅਵਤਾਰਾਂ ਨੂੰ ਖੁਦ ਖ਼ੁਦਾ ਮੰਨਦੇ ਹਨ। ਅਸੀਂ ਅਵਤਾਰ ਤੇ ਪੈਗੰਬਰਾਂ ਦੋਹਾਂ ਨੂੰ ਰੱਬ ਦੇ ਬੰਦੇ ਤੇ ਮਜ਼੍ਹਬਾਂ ਨੂੰ ਬਣਾਉਟੀ ਸਮਝਦੇ ਹਾਂ। ਬਨਾਵਟ ਝੂਠੀ ਹੁੰਦੀ ਹੈ। ਤੁਸਾਡੇ ਸੁੰਨਤ ਕਰਨੀ, ਲਬਾਂ ਲੈਣੀਆਂ, ਮੁਹੰਮਦ ਦਾ ਕਲਮਾ ਪੜ੍ਹਨਾ, ਕਾਬੇ ਵਲ ਸਿਰ ਝੁਕਾਉਣਾ, ਰੋਜ਼ੇ ਰੱਖਣੇ, ਏਹ ਸਭ ਬਨਾਵਟ ਹੈ। ਹਿੰਦੂਆਂ ਵਿੱਚ ਜਨੇਊ ਪਹਿਰਨਾ, ਕੰਨ ਛੇਦਣੇ, ਭੱਦਣ ਕਰਨੇ, ਪ੍ਰਿਤਮਾ ਪੂਜਣੀ, ਬ੍ਰਤ ਰੱਖਣੇ, ਏਹ ਬਨਾਵਟ ਹੈ। ਏਸੇ ਵਾਸਤੇ ਅਸੀਂ ਆਪਣਾ ਮਜ਼੍ਹਬ ਕੋਈ ਨਹੀਂ ਬਣਾਇਆ। ਅਣਵਿੱਧ ਜਟਾ ਜੂਟ ਜੈਸਾ ਪ੍ਰਮੇਸ਼ਵਰ ਨੇ ਮਨੁੱਖ ਨੂੰ ਪੈਦਾ ਕੀਤਾ ਹੈ, ਓਸਾ ਹੀ ਰੱਖਣਾ ਹੈ। ਆਪਣਾ ਚਿੰਨ੍ਹਯ ਕੋਈ ਨਹੀਂ ਚਲਾਵਣਾ। ਕੇਵਲ ਸਿਖ੍ਯਾ ਧਾਰਨੇ ਕਰ ਸਿੱਖ ਕਹਾਵਾਂਗੇ। ਭਿਸ਼ਤਿ ਦੋਜ਼ਕ ਸਭ ਨੂੰ ਕਰਮਾਂ ਅਨੁਸਾਰ ਪ੍ਰਮੇਸ਼ਵਰ ਦਿੰਦਾ ਹੈ। ਤੁਸੀਂ ਝੂਠੇ ਜ਼ਿੱਦੀ ਹਿਰਸੀ ਹੋ, ਜੋ ਆਪ ਨੂੰ ਭਿਸ਼ਤੀ ਤੇ ਹਿੰਦੂਆਂ ਨੂੰ ਦੋਜ਼ਕੀ ਆਖਦੇ ਹੋ। ਖ਼ੁਦਾ ਦੇ ਘਰੋਂ ਕਦੇ ਕਿਸੇ ਨੂੰ ਕੋਈ ਕਿਤਾਬ ਨਹੀਂ ਮਿਲੀ। ਸਭ ਮਨੁੱਖਾਂ ਨੇ ਰਚੀਆਂ ਹਨ। ਹੁਣ ਪ੍ਰਮੇਸ਼੍ਵਰ ਨੇ ਹਿੰਦੂ ਤੁਰਕ ਦੋਹਾਂ ਦੇ ਸੁਧਾਰ ਵਾਸਤੇ ਸਾਨੂੰ ਅਖ਼ੀਰੀ ਪੈਗੰਬਰ ਕਰ ਕੇ ਭੇਜਿਆ ਹੈ। ਸੋ ਜੇਕਰ ਸਾਡਾ ਕਹਿਣਾ ਮੰਨੋਂਗੇ ਤਾਂ ਤੁਸਾਡਾ ਭਲਾ ਹੋਵੇਗਾ।"

ਏਹ ਗੱਲਾਂ ਕਰਦੇ ਹੀ ਸਨ ਕਿ ਤਦੋਂ ਨੂੰ ਮੱਕੇ ਤੋਂ ਚੱਲੇ ਹੋਏ ਕਾਜ਼ੀ ਰੁਕਨਦੀਨ, ਪੀਰ ਜਲਾਲ, ਪੀਰ ਬਹਾਵਦੀਨ ਆਦਿਕ ਬਹੁਤ ਲੋਕ ਆ ਪਹੁੰਚੇ। ਓਨ੍ਹਾਂ ਨੇ ਇਮਾਮਾਂ ਨੂੰ ਪੁਛਿਆ, "ਏਹ ਫ਼ਕੀਰ

ਨਾਨਕ ਸ਼ਾਹ ਕਿਸ ਦਿਨ ਮਦੀਨੇ ਆਯਾ ਹੈ?" ਇਮਾਮਾਂ ਨੇ ਦੱਸਿਆ ਤਾਂ ਓਨ੍ਹਾਂ ਆਖਿਆ, "ਜਿਸ ਦਿਨ, ਜਿਸ ਘੜੀ ਏਹ ਮਦੀਨੇ ਪੁੱਜੇ ਹਨ ਓਸੇ ਘੜੀ ਓਸੇ ਤਰੀਕ ਨੂੰ ਏਹ ਮੱਕੇ ਤੋਂ ਚੱਲੇ ਸਨ ਤੇ ਅਸੀਂ ਪੰਦ੍ਰੀਂ ਦਿਨੀਂ ਊਠਾਂ ਦੀ ਸਵਾਰੀ ਪਰ ਆਏ ਹਾਂ।"

ਫੇਰ ਕਾਜ਼ੀ ਰੁਕਨਦੀਨ ਬੋਲਿਆ

ਆਖੇ ਕਾਜ਼ੀ ਰੁਕਨਦੀਨ ਸੁਣਹੋ ਚਾਰ ਇਮਾਮ।
ਨਾਨਕ ਆਯਾ ਜਗਤ ਪਰ ਲੈ ਸੱਚਾ ਫਰਮਾਨ।
ਬੋਲੇ ਸੱਯਦ ਜਲਾਲਦੀਨ ਔਰ ਬਹਾਵਦੀ ਪੀਰ।
ਨਾਨਕ ਤਾਈਂ ਛੋੜਨਾ ਬਹੁਤੀ ਹੈ ਤਕਸੀਰ।
ਬੋਲੇ ਚਾਰ ਇਮਾਮ ਇਨ ਰੱਦੇ ਪੈਗੰਬਰ ਯਾਰ।
ਮਜ਼੍ਹਬ ਕਰੇ ਮਨਸੂਖ ਇਨ ਜੋ ਹੈ ਵਿੱਚ ਸੰਸਾਰ।
ਸੁਲ੍ਹਾਕੁਲ ਇਹੁ ਪੀਰ ਹੈ ਰੱਦ ਕਰੋਗੇ ਕੂਰ।
ਬਿਨ ਪ੍ਰਮੇਸ਼੍ਵਰ ਔਰ ਕੀ ਮੰਨਤ ਕਰ ਹੈ ਦੂਰ।
ਮੁਸਲਮਾਨੀ ਹਿੰਦਵੀ ਦੋਵੇਂ ਮੇਟੈ ਰਾਹ।
ਸ਼ਰਾ ਚਿੰਨ੍ਹਜ ਕੁਛ ਆਪਣਾ ਨਾਹਿ ਚਲਾਵੇ ਕਾਹਿ।

ਸਵਾਲ ਇਮਾਮ

ਸੁਣਹੋ ਨਾਨਕ ਹਿੰਦਵੀ! ਸੱਚਾ ਰਾਹ ਬਤਾਇ।
ਜਿਸ ਪੈਂਡੇ ਸੁ ਚਲਦਿਆਂ ਮਲਕੁਲ ਮੌਤ ਨ ਖਾਇ।
ਕਾਜ਼ੀ ਮੁੱਲਾਂ ਪੰਡਤੀ ਜਗਤ ਭੁਲਾਇਆ ਰਾਹਿ।
ਅੱਲਾ ਮੰਨ ਫੱਕਰ ਰਹੇ ਫੱਕਰ ਅੱਲਾ ਦੇ ਮਾਹਿ।
ਮਰਤਬ ਬੜਾ ਫ਼ਕੀਰ ਦਾ ਫੁਰਮਾਇਆ ਰੱਬ ਆਪ।
ਕੇੜ੍ਹੀ ਕਰੀਏ ਬੰਦਗ਼ੀ ਜਿਸ ਕਰ ਹੋਇ ਮਿਲਾਪ।

ਜਵਾਬ ਨਾਨਕ ਸ਼ਾਹ ਸੂਰਾ

ਨਾਨਕ ਆਖੇ ਸੱਚ ਦੀ ਸੁਣ ਹੋ ਪੰਦ ਇਮਾਮ।
ਛੱਡੋ ਖੁਦੀ ਤਕੱਬਰੀ ਬਣੋਂ ਨ ਸ਼ਰਾ ਗ਼ੁਲਾਮ।
ਤੋਬਾ ਕਰੋ ਗ਼ੁਨਾਹ ਥੀਂ ਹੱਕ ਪਰਾਯਾ ਛੱਡ।
ਲੋਕ ਦਿਖਾਵਾ ਨਾ ਕਰੋ ਮਨ ਅੱਲਾ ਵਿੱਚ ਗੱਡ।
ਓਹੀ ਮੁਹੰਮਦ ਮਹਾਦੇਉ ਕਲਮਾ ਮੰਤਰ ਏਕ।
ਕਰਨ ਛੇਦ ਸੁੰਨਤ ਇਕੋ ਅੱਲਾ ਰਾਮ ਬਵੇਕ।
ਕੁਰਬਾਨੀ ਤੇ ਬਲੀ ਇੱਕ ਦੇਵਲ ਉਹੀ ਮਸੀਤ।
ਭਰਮ ਭੇਦ ਤਜ ਦ੍ਵੈਤ ਕੋ ਤੇ ਜਾਵੈਂ ਜਗ ਜੀਤ।
ਕਰ ਅੱਲਾ ਦੀ ਬੰਦਗ਼ੀ ਏਕਾ ਏਕੀ ਹੋਇ।
ਸਿਲ ਅਲੂਣੀ ਚੱਟਣੀ ਪੌਸੀ ਮੁਸ਼ਕਲ ਖੋਇ।
ਪੰਦ ਫ਼ਕੀਰਾਂ ਜੋ ਸੁਣੇ ਹਿੰਦੂ ਮੁੱਸਲਮਾਨ।
ਹੋਨ ਗ਼ੁਨਾਹੀਂ ਪਾਕ ਸਭ ਪਾਵਨ ਸੁਖ ਸੁਬਹਾਨ।
ਇੱਕੋ ਦੀ ਕਰ ਬੰਦਗ਼ੀ ਦੂਜਾ ਫਾਨੀ ਧਾਰ।
ਕਿੱਤੀ ਲੱਖ ਪੈਗੰਬਰਾਂ ਕਿੱਤੇ ਹੈਂ ਅਵਤਾਰ।
ਪੰਡਤ ਮੁੱਲਾਂ ਜੋਤਸ਼ੀ ਜੋਗੀ ਕਾਜ਼ੀ ਸ਼ੇਖ।
ਕਿੱਸੇ ਸ਼ਾਂਤ ਨ ਆਈਆ ਬਾਝਹੁ ਮੁਰਸ਼ਦ ਵੇਖ।
ਹਾਜ਼ਰ ਨਾਜ਼ਰ ਰੱਬ ਇੱਕ ਹਿੰਦੂ ਮੁੱਸਲਮਾਨ।

ਜੋ ਚੱਲੇ ਸੋ ਪਹੁੰਚ ਹੈ ਤਜ ਕੈ ਮਜ਼੍ਹਬ ਗੁਮਾਨ।
ਸੱਚਾ ਫਿਰਕਾ ਸਾਜਿਆ ਨਾਨਕ ਸ਼ਾਹ ਫ਼ਕੀਰ।
ਜੋ ਆਵੈ ਦ੍ਰਿਢ ਭਾਉ ਕਰ ਪਾਵੈ ਗੁਣੀ ਗਹੀਰ।

ਏਹ ਬਚਨ ਸੁਣ ਕੇ ਇਮਾਮ ਸਭ ਖ਼ੁਸ਼ੀ ਹੋਏ ਤੇ ਬਾਬੇ ਜੀ ਨੂੰ ਪੁੱਛਿਆ, "ਏਹ ਤੁਸਾਂ ਪਾਸ ਜੋ ਕਿਤਾਬ ਹੈ ਏਸ ਤੋਂ ਤੁਸਾਨੂੰ ਤੇ ਲੋਕਾਂ ਨੂੰ ਕੀ ਹਾਸਲ ਹੈ?" {ਕਿਤਾਬ ਤੋਂ ਕੀ ਹਾਸਿਲ ਹੈ?} ਬਾਬੇ ਜੀ ਨੇ ਆਖਯਾ, "ਕਿਤਾਬ ਬੱਕਰੀ ਹੈ। ਆਰਫ ਲੋਕ ਏਸ ਦਾ ਮਗਜ਼ ਖਾਂਦੇ ਹਨ, ਜੱਗਿਆਸੀ ਭਗਤ ਦੁੱਧ ਪੀਂਦੇ ਹਨ, ਕਾਜ਼ੀ ਪੰਡਿਤ ਹੱਡੀਆਂ ਚੱਬਦੇ ਹਨ, ਹਾਕਮ ਏਸ ਦਾ ਲਹੂ ਚੱਟਦੇ ਹਨ।" ਏਸੇ ਪ੍ਰਕਾਰ ਹਮੇਸ਼ ਹੋਰ ਬਹੁਤ ਚਰਚਾ ਹੁੰਦੀ ਰਹੀ।

ਬਾਬਾ ਜੀ ਓਥੇ ਬਹੁਤ ਦਿਨ ਰਹੇ। ਫੌਜੀ ਲੋਕਾਂ ਨੇ ਜੋ ਸ਼ਾਹ ਰੂਮ ਵੱਲੋਂ ਓਥੇ ਰਹਿੰਦੇ ਸਨ ਇੱਕ ਮੰਦਰ ਬਾਬੇ ਦਾ ਬਣਾ ਦਿੱਤਾ ਜੋ ਸੁਨੈਹਰੀ ਕਲਸ ਵਾਲਾ ਹੁਣ ਵਲੀ ਹਿੰਦ ਦਾ ਬੋਲਯਾ ਜਾਂਦਾ ਹੈ ਤੇ ਮੁਹੰਮਦ ਸਾਹਿਬ ਦੀ ਕਬਰ ਤੋਂ ਤਿੰਨ ਮੀਲ ਉੱਤਰ ਵੱਲ ਛਾਵਨੀ ਤੇ ਸ਼ਹਿਰ ਦੇ ਵਿਚਕਾਰ ਹੈ। ਮੁਹੰਮਦ ਦੀ ਕਬਰ ਫੀਰੋਜ਼ੀ ਰੰਗ ਦੇ ਪੱਥਰ ਦੀ ਬਹੁਤ ਅਚਰਜ ਮਕਬਰਾ ਹੈ। ਚੁਫੇਰੇ ਦੀ ਚਾਰ ਦਿਵਾਰੀ ਦੇ ਚਾਰ ਦਰਵਾਜੇ ਹਨ, ਅਬੂਬਕਰ ੧, ਅਬਾਬਲ ੨, ਜਬਰਾਈਲ ੩, ਸ਼ਾਹ ਅਲੀ ੪, ਪੰਜਵੀਂ ਮੋਰੀ ਫਾਤਮਾਂ ਦੀ ਹੈ, ਏਸੇ ਮੋਰੀ ਤੋਂ ਸਿੱਧੀ ਸੜਕ ਨਾਨਕ ਕਲੰਦਰ ਦੇ ਮਕਾਨ ਨੂੰ ਜਾਂਦੀ ਹੈ।

ਲਿਖਯਾ ਹੈ ਕਿ ਬਾਬੇ ਜੀ ਦੀ ਇੱਕ ਖੜਾਂਵ ਕਾਬੇ ਤੇ ਇੱਕ ਮਦੀਨੇ ਜ਼ਯਾਰਤ ਲਈ ਓਥੋਂ ਦੇ ਲੋਕਾਂ ਨੇ ਰੱਖ ਲਈ ਸੀ, ਜੋ ਹੁਣ ਤੱਕ ਹਨ।

ਭਾਈ ਮਰਦਾਨੇ ਨੇ ਬੇਨਤੀ ਕੀਤੀ ਕਿ ਹੁਣ ਆਏ ਤਾਂ ਹੋ, ਰੂਮ ਸ਼ਾਮ ਭੀ ਦਿਖਾ ਦਿਓ। ਬਾਬੇ ਜੀ ਨੇ ਆਖਿਆ, "ਚਲ ਭਾਈ ਮਰਦਾਨਾ! ਰੂਮ ਵਾਲੇ ਬਾਦਸ਼ਾਹ ਦਾ ਦੀਦਾਰ ਕਰਾਈਏ।" ਮਦੀਨੇ ਤੋਂ ਚੱਲ ਕੇ ਅਜਾਰਾ ਮਸਹਦ, ਅਲੀ, ਕਿਰਬਲਾ, (ਜਿੱਥੇ ਹਸਨ ਹੁਸੈਨ, ਜਜ਼ੀਦ ਬਾਦਸ਼ਾਹ ਦੇ ਜੰਗ ਵਿੱਚ ਮਾਰੇ ਗਏ ਸੇ) ਏਨ੍ਹਾਂ ਦੇਸਾਂ ਦੇ ਸੈਲ ਤੇ ਨਾਮੀ ਨਾਮੀ ਪੀਰਾਂ ਫ਼ਕੀਰਾਂ ਨੂੰ ਦੀਦਾਰ ਦਿੰਦੇ ਲੈਂਦੇ ਮੁਲਕ ਮਿਸਰ ਵਿੱਚ ਕੈਕੈ ਸ਼ੈਹਰ (ਜਿੱਥੇ ਸੁਲਤਾਨ ਮਹੀਦ ਕਾਰੂੰ ਰਹਿੰਦਾ ਸੀ) ਕਿਲ੍ਹੇ ਦੇ ਸਾਹਮਣੇ ਬਿਰਾਜੇ। ਏਥੇ ਹੁਣ ਦੱਖਣੀ ਦਰਵਾਜੇ ਦੇ ਬਾਹਰ ਵਾਰ ਨਹਿਰ ਕਿਨਾਰੇ ਛਾਵਣੀ ਦੇ ਰਾਹ ਉੱਤੇ ਨਾਨਕ ਵਲੀ ਦਾ ਚੌਂਤਰਾ ਬਣਿਆ ਹੋਯਾ ਹੈ। ਜਦ ਮਹਿਦੀ ਨਾਲ ਜੰਗ ਕਰਨ ਲਈ ਸੰਨ ੧੮ ਸੌ ਪਚਾਸੀ ਛਿਆਸੀ ਈਸਵੀ ਨੂੰ ਸਿੰਘਾਂ ਦੀ ਫੌਜ ਪੰਦਰਾਂ ਨੰਬਰ ਓਥੇ ਗਈ ਸੀ ਤਾਂ ਓਹ ਦੇਖ ਆਈ ਹੈ। ਸਗੋਂ ਨੌਂ ਸੌ ਰੁਪਏ ਦਾ ਕੜਾਹ ਪ੍ਰਸ਼ਾਦ ਫੌਜ ਨੇ ਓਥੇ ਕਰਾਯਾ। ਨਾਨਕ ਵਲੀ ਦਾ ਚੌਤਰਾ ਓਥੇ ਮਸ਼ਹੂਰ ਹੈ। ਗੁਰੂ ਜੀ ਨੇ ਜਦ ਓਥੇ ਰਬਾਬ ਵਜਵਾ ਕੇ ਓਸ ਦੇਸ ਦੀ ਬੋਲੀ ਵਿੱਚ ਸ਼ਬਦ ਗਾਵਿਆ ਤਾਂ ਬਹੁਤ ਲੋਕ 'ਕੱਠੇ ਹੋ ਗਏ। ਕਿਉਂ ਜੋ ਗੁਰੂ ਜੀ ਦੇ ਸ਼ਬਦ ਵਿੱਚ ਏਹ ਬੜੀ ਭਾਰੀ ਸ਼ਕਤੀ ਸੀ, ਜੋ ਕੋਈ ਸੁਣਦਾ, ਮੋਹਿਤ ਹੋ ਜਾਂਦਾ। ਸ਼ਹਰ ਵਿੱਚ ਧੁੰਮ ਪੈ ਗਈ। ਬਾਬੇ ਦੀ ਮਹਿਮਾ ਸੁਣ ਕੇ ਪੀਰ ਦਸਤਗੀਰ ਦੇ ਗੱਦੀ ਨਸ਼ੀਨ ਪੀਰ ਜਲਾਲ ਦਾ ਪੁੱਤ੍ਰ (ਜੁਲਜਲਾਲੀ) ਆਪਣੇ ਮੁਰੀਦਾਂ ਨਾਲ ਬਾਬੇ ਦੇ ਦੀਦਾਰ ਨੂੰ ਆ ਰਿਹਾ ਸੀ ਤਾਂ ਰਾਹ ਵਿੱਚ ਭਾਈ ਮਰਦਾਨਾ ਨਹਿਰੋਂ ਨ੍ਹਾ ਕੇ:

ਪਾਤਾਲਾ ਪਾਤਾਲ ਲਖ ਆਗਾਸਾ ਆਗਾਸ ॥
ਓੜਕ ਓੜਕ ਭਾਲਿ ਥਕੇ ਵੇਦ ਕਹਨਿ ਇਕ ਵਾਤ ॥

(ਜਪੁ, ਮਃ ੧ – ੫)

ਏਹ ਗੁਰੂ ਜੀ ਦੀ ਬਾਣੀ ਪੜ੍ਹਦਾ ਆਉਂਦਾ ਸੀ, ਪੀਰ ਦੇ ਪੁੱਤ੍ਰ ਨੇ ਸੁਣ ਕੇ ਆਖਯਾ, "ਤੂੰ ਕੋਈ ਬਾਵਲਾ ਹੈਂ ਯਾ ਕਾਫਰ ਹੈਂ ਜੋ ਏਤਨਾ ਕੁਫਰ ਬੋਲਦਾ ਹੈਂ। ਤਬਕ ਤਾਂ ਚੌਦਾਂ ਹੀ ਪੈਗੰਬਰ ਨੇ ਦੱਸੇ ਹਨ।" ਮਰਦਾਨੇ ਆਖਯਾ, "ਜੀ! ਮੇਰਾ ਮੁਰਸ਼ਦ ਤਾਂ ਅਨੇਕ ਆਖਦਾ ਹੈ।"

ਏਹ ਦੋਵੇਂ ਏਹੋ ਚਰਚਾ ਕਰਦੇ ਹੋਏ ਪੀਰ ਜੁੱਲ ਜਲਾਲ ਬਾਦਸ਼ਾਹ ਦੇ ਮੁਰਸ਼ਦ ਪਾਸ ਚਲੇ ਗਏ, ਪੀਰ ਨੇ ਪਹਿਲੇ ਹੀ ਬਾਬੇ ਦੀ ਮਹਿਮਾ ਸੁਣੀ ਹੋਈ ਸੀ। ਬਹੁਤ ਖ਼ੁਸ਼ੀ ਹੋਯਾ ਤੇ ਆਖਯਾ ਓਸ ਹਿੰਦੁਵੀ ਫ਼ਕੀਰ ਨੂੰ ਮੇਰੇ ਪਾਸ ਬੁਲਾ ਲਯਾਵੋ।

ਮਰਦਾਨੇ ਆਖਯਾ, "ਜੀ ਪੀਰ ਜੀ! ਓਹ ਤਾਂ ਕਦੇ ਕਿਸੇ ਦਾ ਸੱਦਿਆ ਨਹੀਂ ਆਂਵਦਾ, ਬੇ ਪਰਵਾਹ ਹੈ। ਆਪੇ ਭਾਵੇਂ ਕਿਸੇ ਥਾਂ ਚਲਿਆ ਜਾਵੇ।" ਪੀਰ ਨੇ ਆਖਯਾ ਏਹੋ ਜੇਹੇ ਪਹੁੰਚੇ ਹੋਏ ਫ਼ਕੀਰਾਂ ਦੇ ਦੀਦਾਰ ਖ਼ੁਦਾ ਦੇ ਦੀਦਾਰ ਹਨ, ਚਲੋ ਕਰੀਏ। ਪੀਰ ਆਯਾ ਤਾਂ ਬਾਬੇ ਜੀ ਨੇ ਓਸ ਨੂੰ ਨੇਕ ਪਾਕ ਸਮਝ ਕੇ ਅੱਗੋਂ ਉੱਠ ਕੇ ਦਸਤ ਪੰਜਾ ਲੀਤਾ, ਸਲਾਮਾਲੈਕ, ਸਤਕਰਤਾਰ, ਕਹ ਸੁਣ ਕੇ ਬੈਠ ਗਏ। ਤਾਂ {ਪੀਰ ਜੁਲਜੁਲਾਲ ਨਾਲ ਚਰਚਾ} ਪੀਰ ਬੋਲਯਾ:

ਆਖੇ ਜੁਲਜਲਾਲ ਦੀਨ ਨਾਨਕ ਸ਼ਾਹ ਕਤਾਲ।
ਚੌਦਹ ਤਬਕ ਕਿਤਾਬ ਵਿੱਚ ਤਿਸਤੇ ਪਰੇ ਜਵਾਲ।
ਡਿੱਠੇ ਬਾਝਹੁ ਕਿਸੇ ਦੀ ਖਾਤਰ ਜਮਾ ਨ ਹੋਇ।
ਕਹਿਣਾ ਸੁਣਨਾਂ ਬਾਦ ਹੈ ਮਜਲਸ ਵਿੱਚ ਖਲੋਇ।

ਜਵਾਬ ਨਾਨਕ ਸ਼ਾਹ

ਆਖੇ ਨਾਨਕ ਸੱਚ ਸੁਣ ਪੀਰ ਜਲਾਲ ਸਦਾਤ।
ਹਿਕੇ ਤੇ ਚੱਲੋ ਆਪ ਹੀ ਹਿਕੇ ਤਾਂ ਦੇਹੁ ਸੰਗਾਤ।
ਆਕਾਸਾ ਆਕਾਸ ਲਖ ਪਾਤਾਲਾ ਪਾਤਾਲ।
ਸਭਨਾਂ ਦੇ ਸਿਰ ਰੱਬ ਇੱਕ ਸਭ ਦੀ ਕਰੇ ਸੰਭਾਲ।
ਦਿੱਤਾ ਬੇਟਾ ਪੀਰ ਨਾਲ ਜੁਲ ਜਲਾਲੀ ਨਾਮ।
ਮਜਲਸ ਅੰਦਰ ਬੈਠਿਆਂ ਹੋਏ ਅੰਤਰ ਧਿਆਨ।
ਇੱਕ ਪਲਕ ਦੇ ਫਰਕਣੇ ਡਿੱਠੇ ਲੱਖ ਅਕਾਸ।
ਕਈ ਪੈਗੰਬਰ ਦੇਖ ਕੇ ਮੰਨਯਾ ਪੀਰ ਤਰਾਸ।
ਫੇਰ ਗਏ ਪਾਤਾਲ ਨੋਂ ਵੇਖ ਬੇਅੰਤ ਪਤਾਲ।
ਪੈਗੰਬਰ ਅਵਤਾਰ ਬਹੁ ਗਿਣਤੀ ਨਾਹਿ ਸੰਭਾਲ।
ਜਿੱਥੇ ਬਾਬਾ ਜਾਵਹੇ ਅੱਗੇ ਤਿਆਰ ਕੜਾਹ।
ਸੰਗਤ ਜੁੜੀ ਅਪਾਰ ਹੁਇ ਗਾਵਨ ਸ਼ਬਦ ਸਰਾਹ।
ਦਰਸ਼ਨ ਕਰ ਕੁਰਬਾਨ ਹੋਇ ਨਜ਼ਰਾਂ ਦੇਣ ਅਮੋਲ।
ਇਕ ਇੱਕ ਥਾਓਂ ਕੜਾਹ ਲੈ ਮਾਸਾ ਮਾਸਾ ਤੋਲ।
ਪੂਰ ਗਿਆ ਕਚਕੌਲ ਉਸ ਪੀਰ ਹੋਯਾ ਹੈਰਾਨ।
ਆਖਿਓ ਹੁਣ ਤਾਂ ਸ਼ਾਹ ਜੀ ਚਲੋ ਆਪਣੇ ਥਾਨ।
ਆਏ ਫ਼ਲ ਮੈਂ ਉਸੇ ਥਾਂ ਜਿੱਥੇ ਬੈਠਾ ਪੀਰ।
ਗੱਲਾਂ ਸੁਣ ਕਚਕੌਲ ਪਿਖ ਹੋਯਾ ਪੀਰ ਜ਼ਹੀਰ।
ਆਖਯਾ ਬੇਟੇ ਪੀਰ ਦੇ ਏਹ ਤਾਂ ਖੁਦ ਖੁਦਾਇ।
ਲੱਖ ਅਕਾਸ ਪਤਾਲ ਜਿਨ ਫ਼ਲ ਮੈਂ ਦਏ ਦਿਖਾਇ।

ਏਹ ਸ਼ਕਤੀ ਦੇਖ ਕੇ ਪੀਰ ਜੁਲ ਜਲਾਲ ਨੇ ਆਖਯਾ ਸ਼ਾਹ ਜੀ "ਕਦਮ ਦਰਵੇਸ਼ਾਂ ਰੱਦ ਬਲਾਈਂ। ਇੱਥੋਂ ਦਾ ਬਾਦਸ਼ਾਹ ਸੁਲਤਾਨ ਹਮੀਦ ਕਾਰੂ {ਹਮੀਦ ਕਾਰੂੰ ਬਾਦਸ਼ਾਹ} ਬੜਾ ਜ਼ਾਲਮ ਅਨਯਾਈ ਹੈ। ਜਿਕੂੰ ਮੂਸੇ ਪੈਗੰਬਰ ਦੇ ਸਮੇਂ ਕਾਰੂ ਬਾਦਸ਼ਾਹ ਨੇ ਚਾਲੀ ਗੰਜ ਦੌਲਤ ਦੇ ਜੋੜੇ ਸੇ, ਏਸ ਨੇ ਬਤਾਲੀ ਗੰਜ ਜਮ੍ਹਾਂ ਕੀਤੇ ਹਨ। ਸਾਰੇ ਮੁਲਕ ਵਿੱਚ ਕਿਸੇ ਪਾਸ ਇੱਕ ਰੁਪੱਯਾ ਨਹੀਂ ਛੱਡਿਆ। ਕੌਡੀਆਂ ਤੇ ਬਦਾਮਾਂ ਦਾ ਚੱਲਣ ਕਰ ਰੱਖਯਾ ਹੈ। ਇੱਕ ਦਿਨ ਬਹੁਤ ਸੁੰਦਰ ਜਵਾਨ ਆਪਣੀ ਗੋਲੀ ਨੂੰ ਏਸ ਨੇ ਬਜ਼ਾਰ ਖੜੀ ਕਰ ਇੱਕ ਰੁਪਯੇ ਦੀ ਬੋਲੀ ਵੇਚਣ ਲਈ ਦਿੱਤੀ। ਜਾਂ ਹੋਰ ਕਿਨੇਂ ਨਾ

ਲਈ ਤਾਂ ਇੱਕ ਸੁਦਾਗਰ ਬੱਚੇ ਰੰਡੀ ਦੇ ਪੁੱਤਰ ਨੇ ਆਜ਼ੁਰਦਾ ਹੋ ਕੇ ਆਪਣੀ ਮਾਂ ਤੋਂ ਇੱਕ ਰੁਪਜਾ ਮੰਗਿਆ। ਉਨ ਆਖਿਆ ਤੇਰੇ ਬਾਪ ਦੇ ਮੂੰਹ ਵਿੱਚ ਇੱਕ ਰੁਪੱਜਾ ਪਾ ਕੇ ਦੱਬਿਆ ਸੀ ਉਹ ਕੱਢ ਲੈ। ਤਾਂ ਉਨ ਗੋਰ ਪੁੱਟ ਕੇ ਰੁਪੱਜਾ ਕੱਢ ਕੇ ਉਹ ਕਨੀਜ਼ਕ ਖ਼ਰੀਦ ਲਈ। ਉਸ ਕਰ ਕੇ ਬਾਦਸ਼ਾਹ ਨੇ ਸਭ ਕਬਰਾਂ ਪੁਟਾ ਛੱਡੀਆਂ। ਸਾਡਾ ਉਪਦੇਸ਼ ਏਸ ਨੂੰ ਨਹੀਂ ਲੱਗਦਾ। ਤੁਸਾਡੀ ਕਲਾਮ ਬਰਕਤ ਵਾਲੀ ਹੈ, ਉਪਦੇਸ਼ ਕਰੋ।" ਬਾਬਾ ਜੀ ਤਾਂ ਇਹੋ ਜੇਹੇ ਕੁਫਰ ਦੇ ਕੜੇ ਤੋੜਦੇ ਹੀ ਸੇ। ਪੀਰ ਨੂੰ ਆਖਜਾ, "ਰੱਬ ਭਲਾ ਕਰਸੀ। ਸ਼ਾਹ ਨੂੰ ਆਵਣ ਦੇਹੋ। ਅਸੀਂ ਭੀ ਏਸੇ ਵਾਸਤੇ ਆਏ ਹਾਂ ਜੋ ਪਰਜਾ ਸੁਖੀ ਹੋਵੇ।" ਜਦ ਬਾਬਾ ਜੀ ਸ਼ਬਦ ਗਾਵਣ ਤਾਂ ਮੇਲਾ ਲਗਾ ਰਹੇ। ਉਸ ਸ਼ਹਿਰ ਤੇ ਦੇਸ ਵਿੱਚ ਬਾਬੇ ਜੀ ਦੀ ਬਹੁਤ ਮਹਿਮਾ ਹੋਈ। ਪੀਰ ਜੁਲ ਜਲਾਲਦੀਨ ਭੀ ਤਾਰੀਫ਼ ਕਰੇ। ਪੀਰ ਅਬਦੁਲ ਕਾਦਰੀ ਤੇ ਪੀਰ ਬਹਾਵਲ ਆਦਿਕ ਬਹੁਤ ਬਾਬੇ ਜੀ ਪਾਸ ਆਉਣ ਤੇ ਸ਼ਬਦ ਸੁਣ ਕੇ ਆਨੰਦ ਹੋ ਰਹਿਣ। ਛੇਕੜ ਗੁਰੂ ਜੀ ਦੀ ਮਹਿਮਾ ਸੁਣ ਕੇ ਇੱਕ ਦਿਨ ਸੁਲਤਾਨ ਹਮੀਦ ਕਾਰੂ ਭੀ ਬਾਬੇ ਦੇ ਦਰਸ਼ਨ ਕਰਨ ਆਯਾ ਤਾਂ ਗੁਰੂ ਜੀ ਆਉਂਦਿਆਂ ਨੂੰ ਕੰਕਰੀਆਂ ਕੱਠੀਆਂ ਕਰਨ ਲਗ ਪਏ। ਬਾਦਸ਼ਾਹ ਨੇ ਸਲਾਮ ਕਰ ਕੇ ਪੁੱਛਿਆ, "ਸ਼ਾਹ ਜੀ ਕੰਕਰੀਆਂ ਕਿਉਂ ਜਮ੍ਹਾਂ ਕਰਦੇ ਹੋ?" ਤਾਂ ਬਾਬੇ ਜੀ ਨੇ ਆਖਜਾ, "ਫ਼ਕੀਰਾਂ ਨੂੰ ਤਪੱਸਜਾ ਕਰਨ ਵਾਸਤੇ ਕੰਕਰੀਆਂ ਦਾ ਬਿਸਤਰਾ ਪ੍ਰਲੋਕ ਵਿੱਚ ਚਾਹੀਦਾ ਹੈ, ਉਥੇ ਭੇਜਾਂਗੇ।" ਸੁਲਤਾਨ ਬੋਲਜਾ, "ਉਥੇ ਕੀਕੂੰ ਭੇਜੋਗੇ?" ਬਾਬੇ ਕਿਹਾ, "ਜੀਕੂੰ ਤੇਰੀ ਦੌਲਤ ਦੇ ਹਜ਼ਾਰਾਂ ਗੱਡੇ ਊਠ ਲੱਦੇ ਜਾਵਣਗੇ, ਉਨ੍ਹਾਂ ਨਾਲ ਇੱਕ ਊਠ ਸਾਡੇ ਕੰਕਰ* ਦਾ ਭੀ ਪਹੁੰਚ ਜਾਏਗਾ।" ਤਾਂ ਸੁਲਤਾਨ ਨੇ ਮਤਲਬ ਸਮਝ ਕੇ ਆਖਜਾ, "ਸ਼ਾਹ ਜੀ ਸੱਚ ਆਖਦੇ ਹੋ। ਕਿਸੇ ਦੇ ਨਾਲ ਕੁਛ ਨਹੀਂ ਜਾਏਗਾ। ਪਰ ਮਨ ਨੂੰ ਸਬਰ ਨਹੀਂ ਆਂਵਦਾ, ਹਿਰਸ ਨਹੀਂ ਛੁੱਟਦੀ।" ਬਾਬੇ ਜੀ ਨੇ ਉਸ ਨੂੰ ਸੰਤੋਖ ਤੇ ਗਜਾਨ ਦ੍ਰਿੜ੍ਹਾਉਣ ਲਈ ਨਸੀਹਤ ਨਾਮਾ ਉਚਾਰਿਆ:

*ਕਿਸੇ ਥਾਂ ਐਉਂ ਲਿਖਜਾ ਹੈ ਕਿ ਬਾਬੇ ਜੀ ਨੇ ਇੱਕ ਸੂਈ ਦੇ ਕੇ ਆਖਜਾ ਇਹ ਅਮਾਨਤ ਰੱਖੋ ਪ੍ਰਲੋਕ ਵਿੱਚ ਲਵਾਂਗੇ।

ਨਸੀਹਤ ਨਾਮਾ

ਕੀਚੈ ਨੇਕ ਨਾਮੀ ਜੋ ਦੇਵੈ ਖੁਦਾਇ ॥
ਜੋ ਦੀਸੈ ਜਿਮੀ ਪਰ ਸੋ ਹੋਸੀ ਫਨਾਹਿ ॥
ਦਾਯਮ ਵ ਦੌਲਤ ਕਸੇ ਬੇ ਸ਼ੁਮਾਰ ॥
ਨ ਰਹਿੰਗੇ ਕਰੋੜੀ ਨ ਰਹਿੰਗੇ ਹਜ਼ਾਰ ॥
ਦਮੜਾ ਉਸੀ ਕਾ ਜੋ ਖ਼ਰਚੇ ਅਰ ਖਾਇ ॥
ਦੇਵੇ ਦਿਲਾਵੇ ਰਜਾਵੇ ਖੁਦਾਇ ॥
ਹੋਤਾ ਨ ਰਾਖੈ ਅਕੇਲਾ ਨ ਖਾਇ ॥
ਤਹਕੀਕ ਦਿਲ ਦਾਨੀ ਵਹੀ ਭਿਸ਼ਤ ਜਾਇ ॥
ਕੀਜੈ ਤੋਬਾ ਨ ਕੀਜੇ ਗੁਮਾਨ ॥
ਹਮੇਸ਼ਾ ਨ ਰਹਿਗੀ ਤੂ ਐਸੀ ਨ ਜਾਨ ॥
ਹਾਥੀ ਵ ਘੋੜੇ ਵ ਲਸ਼ਕਰ ਹਜ਼ਾਰ ॥
ਸਭੀ ਗਰਕ ਹੋਤੋਂ ਕੋ ਲਾਗੇ ਨ ਬਾਰ ॥
ਦੁਨੀਆ ਕਾ ਦੀਵਾਨਾ ਕਹੇ ਮੁਲਕ ਮੇਰਾ ॥
ਆਈ ਮੌਤ ਸਿਰ ਪਰ ਨ ਤੇਰਾ ਨ ਮੇਰਾ ॥
ਕੇਤੀ ਗਈ ਦੇਖ ਬਾਜੇ ਬਜਾਇ ॥
ਰਹੇਗਾ ਵੁਹੀ ਏਕ ਸਾਚਾ ਖੁਦਾਇ ॥
ਆਯਾ ਅਕੇਲਾ ਅਕੇਲਾ ਚਲਾਯਾ ॥
ਚਲਤੇ ਵਕਤ ਕਿਛੁ ਕਾਮ ਨ ਆਯਾ ॥
ਲੇਖਾ ਮੰਗੀਜੇ ਕਿਆ ਦੀਜੇ ਜਵਾਬ ॥
ਤੋਬਾ ਪੁਕਾਰੇ ਤੇ ਪਾਵੇਂ ਅਜ਼ਾਬ ॥
ਕੀਆ ਜ਼ੁਲਮ ਦੁਨੀਆ ਪੈ ਦਮੜਾ ਕਮਾਯਾ ॥
ਨ ਖਾਯਾ ਖੁਲਾਯਾ ਅਜਾਈਂ ਗਵਾਯਾ ॥
ਹੋਵੇਂਗਾ ਪਸ਼ੇਮਾਂ ਕਰੇਂ ਹਾਇ! ਹਾਇ! ॥
ਜਾਏਂਗਾ ਦਰਗਹ ਤੋਂ ਪਾਏਂ ਸਜ਼ਾਇ ॥
ਲਾਨਤ ਹੈ ਉਨ ਕੋ ਔਰ ਉਨ ਕੀ ਕਮਾਈ ॥
ਦਗੇ ਬਾਜ਼ੀ ਕਰ ਕੇ ਦੁਨੀਆ ਲੂਟ ਖਾਈ ॥
ਪੀਏ ਪਜਾਲੋ ਵ ਖਾਏ ਕਬਾਬ ॥
ਦੇਖੋ ਰੇ ਲੋਗੋ ਵੋ ਹੋਤੇ ਖ਼ਰਾਬ ॥
ਜਿਸ ਕਾ ਤੂੰ ਬੰਦਾ ਉਸੇ ਨਾ ਚਿਤਾਰਾ ॥
ਦੁਨੀਆ ਕੇ ਲਾਲਚ ਤੈਂ ਸਾਹਿਬ ਬਿਸਾਰਾ ॥
ਨ ਕੀਤੀ ਇਬਾਦਤ ਨ ਰੱਖਯੋ ਇਮਾਨ ॥
ਕਰੇਂ ਨਿੱਤ ਜ਼ੁਲਮੀ ਪੁਕਾਰੇ ਜਹਾਨ ॥
ਵਸਤੀ ਉਜਾੜੇਂ ਫਿਰ ਨਾ ਬਸਾਵੇਂ ॥
ਕੂਕੇਂ ਪੁਕਾਰੇਂ ਕੋਈ ਦਾਦ ਨ ਪਾਵੇਂ ॥
ਹਾਕਮ ਕਹਾਵੇਂ ਹਕੂਮਤ ਨ ਹੋਇ ॥
ਦੁਨੀਆ ਕਾ ਦੀਵਾਨਾ ਫਿਰੈ ਮਸਤ ਲੋਇ ॥
ਲੂਟੇ ਮੁਲਕ ਐਸ਼ ਅਸ਼ਰਤ ਕਮਾਇ ॥
ਦੋਜ਼ਖ ਕੀ ਆਤਸ਼ ਮੇਂ ਆਖਰ ਜਲਾਇ ॥

ਮਿਹਰ ਸੇ ਨ ਦੇਖੇ ਦੁਨੀਆ ਕੇ ਦੀਵਾਨੇ! ॥
ਹਮੇਸ਼ਾ ਨ ਰਹਿਗੀ ਤੂ ਐਸੀ ਨ ਜਾਨੇ ॥
ਸ਼ਰਮਿੰਦਾ ਨ ਹੋ ਕੁਛ ਨੇਕੀ ਕਮਾਇ ॥
ਲਾਨਤ ਕਾ ਜਾਮਾ ਤੂੰ ਪਹਿਰੇ ਨ ਜਾਇ ॥
ਗਫਲਤ ਕਰੋਗੇ ਤੇ ਖਾਓਗੇ ਮਾਰ ॥
ਬੇਟਾ ਵ ਬੇਟੀ ਕੋ ਲੇ ਹੈ ਨ ਸਾਰ ॥
ਤੋਬਾ ਕਰੋ ਬਹੁਤ ਕੀਜੇ ਨ ਜ਼ੋਰ ॥
ਦੋਜ਼ਖ ਕੀ ਆਤਸ਼ ਜਲਾਏਗੀ ਗੋਰ ॥
ਮਸਾਇਕ ਪੈਗੰਬਰ ਕਿਤੇ ਸ਼ਾਹ ਖਾਨ ॥
ਨ ਰਹਿੰਗੇ ਜ਼ਿਮੀ ਪਰ ਇਨੋਂ ਕੇ ਨਿਸ਼ਾਨ ॥
ਚਲਤੇ ਕਬੂਤਰ ਜਨਾਵਰ ਕੀ ਛਾਉਂ ॥
ਕਿਤੇ ਖਾਕ ਹੋਏ ਕੋ ਪੂਛੇ ਨ ਨਾਉਂ ॥
ਚਿਹਲ ਗੰਜ ਜੋੜੇ ਨ ਰੱਖਯੋ ਈਮਾਨ ॥
ਵੋਹ ਕਾਰੂ ਭੀ ਆਖਰ ਹੂਆ ਪਸ਼ੇਮਾਨ ॥
ਨ ਹਰ ਵਕਤ ਬੰਦੇ ਇਬਾਦਤ ਬਿਸਾਰ ॥
ਮਸਤੀ ਵ ਗਫਲਤ ਸੇ ਬਾਜ਼ੀ ਨ ਹਾਰ ॥
ਤੋਬਾ ਕਰੋ ਹਰ ਵਕਤ ਕਰੋ ਨ ਗ਼ੁਨਾਹ ॥
ਨਾਨਕ ਇਸ ਆਲਮ ਸੇ ਤੇਰੀ ਪਨਾਹ ॥

ਏਹ ਨਸੀਹਤ ਨਾਮਾ ਸੁਣ ਕੇ ਬਾਦਸ਼ਾਹ ਦਾ ਮਨ ਬੜਾ ਨਰਮ ਹੋ ਗਿਆ। ਬਾਬੇ ਜੀ ਦੇ ਚਰਨ ਫੜ ਲੀਤੇ। ਹੱਥ ਜੋੜ ਕੇ ਅਰਜ਼ ਕੀਤੀ, "ਤੁਸੀਂ ਪੂਰੇ ਪੁਰਖ ਹੋ, ਮੇਰਾ ਉਧਾਰ ਕਰੋ।" ਗੁਰੂ ਸਾਹਿਬ ਜੀ ਨੇ ਆਖਿਆ, "ਬਾਦਸ਼ਾਹ ਦਾ ਖ਼ਜਾਨਾਂ ਪਰਜਾ ਹੈ। ਪਰਜਾ ਦਾ ਦੌਲਤਵੰਦ ਹੋਣਾ ਹੀ ਬਾਦਸ਼ਾਹਾਂ ਦੀ ਵਡਿਆਈ ਤੇ ਦੌਲਤਮੰਦੀ ਹੈ। ਪਰਜਾ ਬਾਗ਼ ਹੈ, ਬਾਦਸ਼ਾਹ ਮਾਲੀ ਹੈ, ਪਰਜਾ ਬੱਕਰੀਆਂ ਹੈਂ ਬਾਦਸ਼ਾਹ ਅੱਯਾਲੀ ਹੈ। ਜਿਸ ਦੀ ਪਰਜਾ ਸੁਖੀ ਤੇ ਬਾਦਸ਼ਾਹ ਖ਼ੁਸ਼ੀ ਹੈ ਓਸ ਨੂੰ ਕਦੇ ਗਨੀਮ ਦਾ ਭੈਅ ਨਹੀਂ ਹੁੰਦਾ। ਪਰਜਾ ਆਪਣਾ ਤਨ ਮਨ ਧਨ ਓਸ ਉੱਤੋਂ ਵਾਰ ਛੱਡਦੀ ਹੈ। ਓਨ੍ਹਾਂ ਨੂੰ ਐਥੇ ਸੁਖ ਜੱਸ ਅੱਗੇ ਭਿਸ਼ਤ ਲੱਭਦਾ ਹੈ। ਜ਼ਾਲਮ, ਮੂਜੀ, ਅਨਿਆਈ ਹੋ ਕੇ ਬਾਦਸ਼ਾਹ ਐਸ਼ ਅਸ਼ਰਤ ਵਿੱਚ ਪਏ ਰਹਿੰਦੇ ਹਨ। ਓਨ੍ਹਾਂ ਦਾ ਰਾਜ ਸੁਖ ਬਾਲੂ ਰੇਤ ਦੀ ਕੰਧ ਵਾਂਗੂੰ ਬਹਿ ਜਾਂਦਾ ਹੈ। ਪਰਜਾ ਉਨ੍ਹਾਂ ਦੇ ਲਹੂ ਦੀ ਪਿਆਸੀ ਹੋ ਕੇ ਕਦੇ ਨ ਕਦੇ ਓਸ ਨੂੰ ਨਿਰਬੰਸ ਕਰ ਦਿੰਦੀ ਹੈ। ਫੇਰ ਜਿਸ ਦੌਲਤ ਦੇ ਜਮ੍ਹਾਂ ਕਰਨ ਲਈ ਪਰਜਾ ਨੂੰ ਦੁੱਖ ਦੇਣਾ ਹੈ। ਜਦ ਓਹ ਸਾਥ ਨਹੀਂ ਜਾਣੀ ਨਾ ਕਿਸੇ ਕੰਮ ਆਵਣੀ ਹੈ ਤਾਂ ਓਸ ਬਦਲੇ ਅਨੇਕਾਂ ਨੂੰ ਦੁੱਖ ਦੇਨਾ ਹੀ ਆਪ ਨੂੰ ਦੋਜ਼ਕ ਦੇ ਦਹਾਨੇ ਵਿੱਚ ਪਾਵਣਾ ਹੈ। ਤਾਂ ਤੇ ਏਹ ਗੰਜ ਸਭ ਪਰਜਾ ਨੂੰ ਵੰਡ ਦੇਹ।"

ਬਾਦਸ਼ਾਹ ਨੇ ਬਾਬੇ ਜੀ ਦਾ ਬਚਨ ਮੰਨ ਕੇ ਸਭ ਦੌਲਤ ਯਥਾ ਯੋਗ ਪਰਜਾ ਤੇ ਅਨਾਥਾਂ ਨੂੰ ਵੰਡ ਦਿੱਤੀ, ਪੁੱਤ੍ਰ ਨੂੰ ਰਾਜ ਦੇ ਕੇ ਆਪ ਮਹਾਂ ਸੁਖੀ ਹੋ ਬੈਠਾ। ਈਸ਼੍ਵਰ ਦੀ ਭਗਤੀ ਸਤਸੰਗ ਕਰਨ ਲੱਗਾ।

ਓਥੋਂ ਚੱਲ ਕੇ ਬਾਬਾ ਜੀ ਹੋਰ ਅਨੇਕ ਦੇਸਾਂ ਦਾ ਸੈਲ ਕਰ ਲੋਕਾਂ ਨੂੰ ਨਾਮ ਜਪਣ ਲਾਂਵਦੇ ਹੋਏ ਬਗ਼ਦਾਦ ਸ਼ਹਿਰ ਦੇ ਪੂਰਬ ਵੱਲ ਪਹਾੜੀ ਦੇ ਹੇਠਾਂ ਬਾਗ਼ ਵਿੱਚ, ਜਿੱਥੇ ਹੁਣ ਵਲੀ ਹਿੰਦ ਦੀ ਜਗ੍ਹਾ ਹੈ; ਜਾ ਬੈਠੇ। ਓਥੋਂ ਦੇ ਖਲੀਫੇ ਵਲੀਦ ਦੇ ਪੜੋਤ੍ਰੇ ਬਕਰ ਨੇ ਪ੍ਰਜਾ ਨੂੰ ਤੇ ਫ਼ਕੀਰਾਂ ਨੂੰ ਬੜਾ ਦੁੱਖ ਦੇ ਰੱਖਯਾ ਸੀ। ਅਨੇਕ ਸਾਧੂ ਕਰਾਮਾਤ ਦੇਖਣ ਲਈ ਕੈਦ ਕਰ ਰੱਖੇ ਸੇ। ਜਦ ਬਾਬਾ ਜੀ ਰਬਾਬ ਵਜਵਾ ਕੇ ਸ਼ਬਦ ਗਾਂਵਣ ਲੱਗੇ ਤੇ ਲੋਕ 'ਕੱਠੇ ਹੋਏ ਤਾਂ ਖਲੀਫੇ ਦੇ ਮੁਰਸ਼ਦ ਅਬਦੁਲ ਰਹਿਮਾਨ

ਨੇ ਅਪਣਾ ਚੇਲਾ ਅਬਦੁਲ ਵਜੀਦ ਬਾਬੇ ਜੀ ਨੂੰ ਗਾਉਣੋਂ ਬੰਦ ਕਰਨ ਲਈ ਭੇਜਿਆ। ਅੱਗੇ ਬਾਬਾ ਜੀ ਏਹ ਸ਼ਬਦ:

ਸਿਰੀਰਾਗੁ ਮਹਲਾ ੧ ॥
ਸੁਣਿ ਮਨ ਮਿਤ੍ਰ ਪਿਆਰਿਆ ਮਿਲੁ ਵੇਲਾ ਹੈ ਏਹ ॥
ਜਬ ਲਗੁ ਜੋਬਨਿ ਸਾਸੁ ਹੈ ਤਬ ਲਗੁ ਇਹੁ ਤਨੁ ਦੇਹ ॥
ਬਿਨੁ ਗੁਣ ਕਾਮਿ ਨ ਆਵਈ ਢਹਿ ਢੇਰੀ ਤਨੁ ਖੇਹ ॥੧॥
ਮੇਰੇ ਮਨ ਲੈ ਲਾਹਾ ਘਰਿ ਜਾਹਿ ॥
ਗੁਰਮੁਖਿ ਨਾਮੁ ਸਲਾਹੀਐ ਹਉਮੈ ਨਿਵਰੀ ਭਾਹਿ ॥੧॥ ਰਹਾਉ ॥
ਸੁਣਿ ਸੁਣਿ ਗੰਢਣੁ ਗੰਢੀਐ ਲਿਖਿ ਪੜਿ ਬੁਝਹਿ ਭਾਰੁ ॥
ਤ੍ਰਿਸਨਾ ਅਹਿਨਿਸਿ ਅਗਲੀ ਹਉਮੈ ਰੋਗੁ ਵਿਕਾਰੁ ॥
ਓਹੁ ਵੇਪਰਵਾਹੁ ਅਤੋਲਵਾ ਗੁਰਮਤਿ ਕੀਮਤਿ ਸਾਰੁ ॥੨॥
ਲਖ ਸਿਆਣਪ ਜੇ ਕਰੀ ਲਖ ਸਿਉ ਪ੍ਰੀਤਿ ਮਿਲਾਪੁ ॥
ਬਿਨੁ ਸੰਗਤਿ ਸਾਧ ਨ ਧ੍ਰਾਪੀਆ ਬਿਨੁ ਨਾਵੈ ਦੂਖ ਸੰਤਾਪੁ ॥
ਹਰਿ ਜਪਿ ਜੀਅਰੇ ਛੁਟੀਐ ਗੁਰਮੁਖਿ ਚੀਨੈ ਆਪੁ ॥੩॥
ਤਨੁ ਮਨੁ ਗੁਰ ਪਹਿ ਵੇਚਿਆ ਮਨੁ ਦੀਆ ਸਿਰੁ ਨਾਲਿ ॥
ਤ੍ਰਿਭਵਣੁ ਖੋਜਿ ਢੰਢੋਲਿਆ ਗੁਰਮੁਖਿ ਖੋਜਿ ਨਿਹਾਲਿ ॥
ਸਤਗੁਰਿ ਮੇਲਿ ਮਿਲਾਇਆ ਨਾਨਕ ਸੋ ਪ੍ਰਭੁ ਨਾਲਿ ॥੪॥੧੭॥

(ਸਿਰੀਰਾਗੁ, ਮਃ ੧ - ੨੦)

ਅਰਬੀ ਜ਼ੁਬਾਨ ਵਿੱਚ ਮਸਤ ਹੋਏ ਗਾਇ ਰਹੇ ਸੇ, ਏਹ ਸੁਣ ਕੇ ਓਸ ਨੂੰ ਹਟਾਉਣਾਂ ਭੁੱਲ ਗਿਆ, ਸਗੋਂ ਆਪ ਗਾਵਣ ਲੱਗ ਪਿਆ।

ਪੀਰ ਨੇ ਹੋਰ ਆਦਮੀ ਭੇਜੇ। ਜੋ ਆਵੇ, ਓਹੋ ਸ਼ਬਦ ਸੁਣ ਕੇ ਮਸਤ ਹੋ ਜਾਵੇ। ਓੜਕ ਪੀਰ ਜੀ ਆਪ ਆਏ ਤਾਂ ਅਨੇਕ ਅਮੀਰ ਫ਼ਕੀਰ ਜੋ ਓਸ ਦੇ ਨਾਲ ਆਏ ਓਹ ਭੀ ਬਾਬੇ ਦੀ ਅਵਾਜ ਸੁਣ ਕੇ ਬੇਖਬਰ ਹੋ ਗਏ। ਜਾਂ ਆਪੇ ਗਾਵਣੋਂ ਬਾਬਾ ਜੀ ਬੰਦ ਹੋਏ ਤਾਂ ਪੀਰ ਸਮਝ ਗਿਆ ਜੋ ਏਹ ਓਹੋ ਨਾਨਕ ਸ਼ਾਹ ਫ਼ਕੀਰ ਹੈ, ਜਿਸ ਦੀ ਧੁੰਮ ਪੈ ਰਹੀ ਹੈ। ਦਸਤਪੰਜਾ ਲੀਤਾ। ਪੀਰ ਨੇ ਆਖਿਆ, "ਸ਼ਰਾ ਮੁਹੰਮਦੀ ਵਿੱਚ ਸਰੋਦ ਕਰਨਾ ਬੁਰਾ ਫੁਰਮਾਇਆ ਹੈ।" ਬਾਬਾ ਜੀ ਬੋਲੇ, "ਜੇ ਸਰੋਦ ਨੂੰ ਮੁਹੰਮਦ ਸਾਹਿਬ ਬੁਰਾ ਸਮਝਦੇ ਤਾਂ ਬੀਬੀ ਆਇਸ਼ਾਂ ਨੂੰ ਆਪਣੇ ਮੋਢਿਆਂ ਉੱਤੇ ਚੁੱਕ ਕੇ ਬਲੋਚਾਂ ਦੇ ਰਾਗ ਸੁਣਾਂਵਨ ਲਈ ਰਾਤ ਸਮੇਂ ਕਿਉਂ ਲੈ ਜਾਂਦੇ?" ਏਹ ਗੱਲ ਘਰ ਦੇ ਭੇਤ ਦੀ ਸੁਣ ਕੇ ਓਹ ਚੁੱਪ ਕਰ ਰਹੇ। ਬਾਬੇ ਦਾ ਜਸ ਸੁਣ ਕੇ ਖਲੀਫਾ ਬਕਰ ਭੀ ਦਰਸ਼ਨ ਕਰਨ ਨੂੰ ਆਯਾ ਤਾਂ ਬਾਬਾ ਜੀ ਏਹ ਸ਼ਬਦ ਬੋਲੇ:

ਮਃ ੧ ॥
ਨਾਨਕੁ ਆਖੈ ਰੇ ਮਨਾ ਸੁਣੀਐ ਸਿਖ ਸਹੀ ॥
ਲੇਖਾ ਰਬੁ ਮੰਗੇਸੀਆ ਬੈਠਾ ਕਢਿ ਵਹੀ ॥
ਤਲਬਾ ਪਉਸਨਿ ਆਕੀਆ ਬਾਕੀ ਜਿਨਾ ਰਹੀ ॥
ਅਜਰਾਈਲੁ ਫਰੇਸਤਾ ਹੋਸੀ ਆਇ ਤਈ ॥
ਆਵਣੁ ਜਾਣੁ ਨ ਸੁਝਈ ਭੀੜੀ ਗਲੀ ਫਹੀ ॥
ਕੂੜ ਨਿਖੁਟੇ ਨਾਨਕਾ ਓੜਕਿ ਸਚਿ ਰਹੀ ॥੨॥

(ਰਾਮਕਲੀ ਵਾਰ-੧, ਮਃ ੧ - ੯੫੩)

ਏਹ ਸ਼ਬਦ ਸੁਣ ਕੇ ਖਲੀਫੇ ਨੇ ਬਾਬੇ ਅੱਗੇ ਹੱਥ ਜੋੜ ਕੇ ਆਖਿਆ, "ਕੁਛ ਟਹਿਲ ਦੱਸੋ।" ਬਾਬੇ ਜੀ ਨੇ ਆਖਿਆ, "ਕਰਾਮਾਤ ਕਹਿਰ ਹੈ। ਫ਼ਕੀਰਾਂ ਨੂੰ ਛੱਡ ਦੇਹ। ਤੇਰੀ ਮੁਰਾਦ ਪੁੱਤਰ ਦੀ ਹੈ, ਸੋ ਰੱਬ ਪੂਰੀ ਕਰੇਗਾ।" ਓਹ ਬੋਲਿਆ, "ਤਦ ਛੱਡਦਾ ਹਾਂ ਜੇ ਤੁਸੀਂ ਜ਼ਾਮਨ ਹੋਵੋ।" ਗੁਰੂ ਜੀ ਨੇ

ਫ਼ਕੀਰ ਛੁਡਾ ਦਿੱਤੇ ਤੇ ਆਪ ਓਥੇ ਰਹੇ। ਏਸ ਗਲੋਂ ਬਹੁਤ ਜਸ ਹੋਇਆ। ਕਰਤਾਰ ਦੀ ਕੁਦਰਤ ਨਾਲ ਖਲੀਫੇ ਦੀ ਸ਼ਾਹ ਬੇਗਮ ਨੂੰ ਗਰਭ ਹੋ ਗਿਆ। ਓਸ ਨੇ ਬਾਬੇ ਦੀ {ਗੁਰੂ ਜੀ ਦੀ ਤਸਵੀਰ ਅਤੇ ਚੋਲਾ} ਤਸਵੀਰ ਉਤਾਰ ਕੇ ਦਰਸ਼ਨ ਕਰਨ ਲਈ ਮਹਿਲ ਵਿੱਚ ਰਖੀ ਸੀ। ਇੱਕ ਪੈਹਰਣ ਬੜੇ ਚੰਗੇ ਰੇਸ਼ਮੀ ਕੱਪੜੇ ਉੱਤੇ ਆਇਤਾਂ ਕੁਰਾਨ ਦੀਆਂ ਕੱਢ ਕੇ ਬੇਗਮ ਨੇ ਆਪ ਤਿਆਰ ਕੀਤਾ।

ਓਸ ਦੇ ਬੇਟਾ ਹੋਇਆ, ਬੜੀ ਖ਼ੁਸ਼ੀ ਮਨਾਈ। ਬਾਬੇ ਜੀ ਅੱਗੇ ਬਹੁਤ ਤੋਹਫੇ ਹੀਰਾ ਮੋਤੀ ਧਰ ਕੇ ਮੱਥਾ ਟੇਕਿਆ। ਜਦ ਬਾਬੇ ਜੀ ਨੇ ਹੋਰ ਕੁੱਝ ਨਾ ਲੀਤਾ ਤਾਂ ਓਹ ਚੋਲਾ* ਖਲੀਫੇ ਨੇ ਬਾਬੇ ਦੇ ਗਲ ਪਾ ਦਿੱਤਾ ਅਤੇ ਆਖਿਆ ਕੁਛ ਉਪਦੇਸ਼ ਕਰੋ ਤਾਂ ਬਾਬੇ ਜੀ ਨੇ ਏਹ ਸ਼ਬਦ ਸੁਣਾਯਾ:

ਰਾਗੁ ਤਿਲੰਗ ਮਹਲਾ ੧ ਘਰੁ ੧
ੴ ਸਤਿਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ
ਅਕਾਲ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ ॥
ਯਕ ਅਰਜ ਗੁਫਤਮ ਪੇਸਿ ਤੋ ਦਰ ਗੋਸ ਕੁਨ ਕਰਤਾਰ ॥
ਹਕਾ ਕਬੀਰ ਕਰੀਮ ਤੂ ਬੇਐਬ ਪਰਵਦਗਾਰ ॥੧॥
ਦੁਨੀਆ ਮੁਕਾਮੇ ਫਾਨੀ ਤਹਕੀਕ ਦਿਲ ਦਾਨੀ ॥
ਮਮ ਸਰ ਮੂਇ ਅਜਰਾਈਲ ਗਿਰਫਤਹ ਦਿਲ ਹੇਚਿ ਨ ਦਾਨੀ ॥੧॥ ਰਹਾਉ ॥
ਜਨ ਪਿਸਰ ਪਦਰ ਬਿਰਾਦਰਾਂ ਕਸ ਨੇਸ ਦਸਤੰਗੀਰ ॥
ਆਖਿਰ ਬਿਅਫਤਮ ਕਸ ਨ ਦਾਰਦ ਚੂੰ ਸਵਦ ਤਕਬੀਰ ॥੨॥
ਸਬ ਰੋਜ ਗਸਤਮ ਦਰ ਹਵਾ ਕਰਦੇਮ ਬਦੀ ਖਿਆਲ ॥
ਗਾਹੇ ਨ ਨੇਕੀ ਕਾਰ ਕਰਦਮ ਮਮ ਈਂ ਚਿਨੀ ਅਹਵਾਲ ॥੩॥
ਬਦਬਖਤ ਹਮ ਚੁ ਬਖੀਲ ਗਾਫਿਲ ਬੇਨਜਰ ਬੇਬਾਕ ॥
ਨਾਨਕ ਬੁਗੋਯਦ ਜਨੁ ਤੁਰਾ ਤੇਰੇ ਚਾਕਰਾਂ ਪਾ ਖਾਕ ॥੪॥੧॥

(ਤਿਲੰਗ, ਮਃ ੧ - ੭੨੧)

ਤਾਂ ਖਲੀਫੇ ਲਿਖ ਕੇ ਕੰਠ ਕਰ ਲੀਤਾ। ਹਮੇਸ਼ ਪੜ੍ਹ ਕੇ ਅਮਲ ਕਰਨ ਲੱਗਾ। ਜਨਮ ਸੁਧਾਰ ਲੀਤਾ।

ਗੁਰੂ ਸਾਹਿਬ ਬਗ਼ਦਾਦ ਤੋਂ ਚੱਲ ਕਰ ਏਸੇ ਪ੍ਰਕਾਰ ਹੋਰ ਅਨੇਕਾਂ ਦਾ ਸੁਧਾਰ ਕਰ ਨਦੀ ਮੇਘ ਵਾਂਗੂੰ ਉਪਦੇਸ਼ ਦੀ ਵਰਖਾ ਨਾਲ ਸ਼ਾਂਤੀ ਬਖ਼ਸ਼ਦੇ ਹੋਏ ਸੋਆਸ਼ ਸ਼ਹਿਰ ਜਾ ਉੱਤਰੇ। ਓਥੋਂ ਦੇ ਸੂਬੇ ਨੇ ਮੁਸਲਮਾਨਾਂ ਨੂੰ ਹੋਰ ਮਜ਼੍ਹਬ ਦੇ ਆਦਮੀ ਮਾਰਨ ਦਾ ਹੁਕਮ ਦੇ ਰੱਖਯਾ ਸੀ। ਓਹ ਬਾਬੇ ਜੀ ਨੂੰ ਮਾਰਨ ਆਏ। ਜਨਮ ਸਾਖੀ ਵਿੱਚ ਲਿਖਯਾ ਹੈ ਕਿ ਓਥੇ ਬਾਬੇ ਜੀ ਨੇ ਸ਼ਬਦ ਉਚਾਰਿਆ:

ਗਉੜੀ ਮਹਲਾ ੧ ॥
ਗੁਰ ਪਰਸਾਦੀ ਬੂਝਿ ਲੇ ਤਉ ਹੋਇ ਨਿਬੇਰਾ ॥
ਘਰਿ ਘਰਿ ਨਾਮੁ ਨਿਰੰਜਨਾ ਸੋ ਠਾਕੁਰੁ ਮੇਰਾ ॥੧॥
ਬਿਨੁ ਗੁਰ ਸਬਦ ਨ ਛੂਟੀਐ ਦੇਖਹੁ ਵੀਚਾਰਾ ॥
ਜੇ ਲਖ ਕਰਮ ਕਮਾਵਹੀ ਬਿਨੁ ਗੁਰ ਅੰਧਿਆਰਾ ॥੧॥ ਰਹਾਉ ॥
ਅੰਧੇ ਅਕਲੀ ਬਾਹਰੇ ਕਿਆ ਤਿਨ ਸਿਉ ਕਹੀਐ ॥
ਬਿਨੁ ਗੁਰ ਪੰਥੁ ਨ ਸੂਝਈ ਕਿਤੁ ਬਿਧਿ ਨਿਰਬਹੀਐ ॥੨॥
ਖੋਟੇ ਕਉ ਖਰਾ ਕਹੈ ਖਰੇ ਸਾਰ ਨ ਜਾਣੈ ॥
ਅੰਧੇ ਕਾ ਨਾਉ ਪਾਰਖੂ ਕਲੀ ਕਾਲ ਵਿਡਾਣੈ ॥੩॥
ਸੂਤੇ ਕਉ ਜਾਗਤੁ ਕਹੈ ਜਾਗਤ ਕਉ ਸੂਤਾ ॥

---

*ਚੋਲਾ ਜੋ ਹੁਣ ਡੇਹਰੇ ਬਾਬੇ ਨਾਨਕ ਦੇ ਅਤਰ ਸਿੰਘ ਬੇਦੀ ਦੇ ਘਰ ਹੈ, ਜੇ ਓਸ ਉੱਤੇ ਨਕਾਸ਼ੀ ਦੀਆਂ ਆਇਤਾਂ ਹਨ ਤਾਂ ਓਹੋ ਹੈ। ਜੇ ਛਾਪੇ ਦੀਆਂ ਹਨ ਤਾਂ ਕਿਸੇ ਹੋਰ ਮੁਸਲਮਾਨ ਫ਼ਕੀਰ ਦਾ ਹੈ, ਤੇ ਨਾਲੇ ਓਸ ਚੋਲੇ ਉੱਪਰ ਸਭਨਾਂ ਇਲਮਾਂ ਦੇ ਅੱਖਰ ਹੋਣੇ ਚਾਹੀਦੇ ਹਨ ਕਿਉਂਕਿ ਜਨਮ ਸਾਖੀ ਵਿੱਚ ਸਾਰੇ ਇਲਮ ਹੋਣੇ ਲਿਖੇ ਹਨ।

ਜੀਵਤ ਕਉ ਮੂਆ ਕਹੈ ਮੂਏ ਨਹੀ ਰੋਤਾ ॥੪॥
ਆਵਤ ਕਉ ਜਾਤਾ ਕਹੈ ਜਾਤੇ ਕਉ ਆਇਆ ॥
ਪਰ ਕੀ ਕਉ ਅਪੁਨੀ ਕਹੈ ਅਪੁਨੋ ਨਹੀ ਭਾਇਆ ॥੫॥
ਮੀਠੇ ਕਉ ਕਉੜਾ ਕਹੈ ਕੜੂਏ ਕਉ ਮੀਠਾ ॥
ਰਾਤੇ ਕੀ ਨਿੰਦਾ ਕਰਹਿ ਐਸਾ ਕਲਿ ਮਹਿ ਡੀਠਾ ॥੬॥
ਚੇਰੀ ਕੀ ਸੇਵਾ ਕਰਹਿ ਠਾਕੁਰੁ ਨਹੀ ਦੀਸੈ ॥
ਪੋਖਰੁ ਨੀਰੁ ਵਿਰੋਲੀਐ ਮਾਖਨੁ ਨਹੀ ਰੀਸੈ ॥੭॥
ਇਸੁ ਪਦ ਜੋ ਅਰਥਾਇ ਲੇਇ ਸੋ ਗੁਰੂ ਹਮਾਰਾ ॥
ਨਾਨਕ ਚੀਨੈ ਆਪ ਕਉ ਸੋ ਅਪਰ ਅਪਾਰਾ ॥੮॥
ਸਭੁ ਆਪੇ ਆਪਿ ਵਰਤਦਾ ਆਪੇ ਭਰਮਾਇਆ ॥
ਗੁਰ ਕਿਰਪਾ ਤੇ ਬੂਝੀਐ ਸਭੁ ਬ੍ਰਹਮੁ ਸਮਾਇਆ ॥੯॥੨॥੧੮॥

(ਗਉੜੀ, ਮਃ ੧ - ੨੨੯)

ਓਸੇ ਦੇਸ ਦੀ ਬੋਲੀ ਵਿੱਚ ਬਾਬੇ ਜੀ ਦਾ ਸ਼ਬਦ ਸੁਣਦੇ ਸਾਰ ਓਨ੍ਹਾਂ ਦੇ ਮਨ ਫਿਰ ਗਏ ਤੇ ਬਾਬੇ ਜੀ ਦੇ ਚਰਨੀਂ ਆ ਪਏ। ਤਾਂ ਪੁੱਛਣੇ ਪਰ ਓਨ੍ਹਾਂ ਆਖਯਾ ਗ਼ੈਰ ਮਜ਼੍ਹਬ ਦੇ ਆਦਮੀ ਨੂੰ ਮਾਰਨੇ ਕਰ ਜਿਤਨੇ ਰੋਮ ਹੋਣਗੇ ਓਤਨੇ ਪਾਪ (ਗ਼ੁਨਾਹ) ਸਾਡੇ ਖ਼ੁਦਾ ਬਖ਼ਸ਼ੇਗਾ। ਏਹ ਗੱਲ ਕਾਜ਼ੀ ਮੁਲਾਣੇ ਸਾਨੂੰ ਦੱਸਦੇ ਹਨ। ਗੁਰੂ ਜੀ ਨੇ ਆਖਯਾ ਬੇ ਗ਼ੁਨਾਹ ਮਨੁੱਖ ਨੂੰ ਮਾਰੀਏ ਤਾਂ ਓਸ ਦੇ ਕੇਸਾਂ ਜਿਤਨੇ ਬਰਸ ਮਾਰਨ ਵਾਲਾ ਦੋਜ਼ਕ ਵਿੱਚ ਰਹਿੰਦਾ ਹੈ। ਕਿਉਂ ਜੋ ਮਨੁੱਖ ਨੂੰ ਖ਼ੁਦਾ ਨੇ ਆਪਣੇ ਨੂਰ ਤੋਂ ਪੈਦਾ ਕੀਤਾ ਹੈ। ਮਨੁੱਖ ਤੇ ਖ਼ੁਦਾ ਦਾ ਕੁਛ ਭੇਦ ਨਹੀਂ। ਹੋਰ ਖ਼ਾਕੀ ਸ੍ਰਿਸ਼ਟੀ ਹੈ, ਏਹ ਨੂਰੀ ਹੈ। ਤਾਹੀਂ ਨਰ ਨਾਰਾਇਣੀ ਦੇਹ ਹਿੰਦੂ ਅਤੇ ਅਸ਼ਰਫੁਲ ਮਖਲੂਕਾਤ ਤੁਸੀਂ ਮੰਨਦੇ ਹੋ। ਸਰਦਾਰੀ ਸਾਰੀ ਮਖ਼ਲੂਕਾਤ ਦੀ ਖ਼ੁਦਾ ਨੇ ਏਸੇ ਨੂੰ ਬਖ਼ਸ਼ੀ ਹੈ। ਫੇਰ ਗੁਰੂ ਜੀ ਨੇ ਏਹ ਵਾਕ ਬੋਲੇ:

ਆਦਮ ਨੂਰ ਖੁਦਾਇ ਥੀਂ ਪੈਦਾ ਹੋਯਾ ਜੱਗ।
ਤਿਸ ਤੋਂ ਹੋਏ ਆਦਮੀ ਦੁਨੀਆਂ ਜਿੱਥੋਂ ਲੱਗ।
ਭੇਦ ਨ ਬੇਟੇ ਬਾਪ ਮੈਂ ਇੱਕ ਜ਼ਾਤ ਦੁਇ ਨਾਮ।
ਝੂਠੇ ਮਜ਼੍ਹਬ ਬਨਾਵਟੀ ਬੰਦਿਆਂ ਰਚੇ ਤਮਾਮ।
ਮਜ਼੍ਹਬ ਖ਼ੁਦਾ ਦਾ ਇੱਕ ਹੈ ਸਾਰੀ ਦੁਨੀਆਂ ਮਾਹਿ।
ਸੱਭੇ ਉਸ ਨੂੰ ਮੰਨਦੇ ਮਾਲਕ ਸਭ ਦਾ ਵਾਹਿ।
ਬੰਨੇ ਵੱਟਾਂ ਜ਼ਿਮੀ ਪਰ ਪਾਵਨ ਜਿਉਂ ਕਿਰਸਾਨ।
ਕੀਤੇ ਮਜ਼੍ਹਬ ਪੈਗੰਬਰਾਂ ਤੈਸੇ ਬਹੁਤ ਜਹਾਨ।
ਜ਼ੁਲਮ ਕਿਸੇ ਪਰ ਜੋ ਕਰੇ ਹਿਰਸ ਮਜ਼੍ਹਬ ਦੀ ਚਾਇ।
ਜਿਨ੍ਹਾਂ ਮਾਰੇ ਆਦਮੀ ਦੋਜ਼ਕ ਪੈਸਨ ਜਾਇ।
ਭੱਠੀ ਅੰਦਰ ਪਾਈਅਨਿ ਲਾਵਨ ਤਾਇ ਸੁਲਾਇ।
ਬਾਲੂ ਰੇਤ ਭਖਾਈਏ ਉੱਪਰ ਉਸ ਦੇ ਪਾਇ।
ਅੰਦਰ ਭੁੱਜੇ ਧਾਣ ਜਿਉਂ ਤੜਫੇ ਤੇ ਬਿਲਲਾਇ।
ਮਾਰਤ ਜੋ ਹੈਂ ਆਦਮੀ ਬਿਨਾ ਗੁਨਾਹ ਕਰਾਲ।
ਪੌਂਦੇ ਦੋਜ਼ਕ ਹਾਵੀਏ ਜੇਤੇ ਦੇਹੀ ਵਾਲ।
ਚਸ਼ਮੇਂ ਕੱਢੇ ਔਗੁਨੀ ਨਾਸੀ ਗੰਧ ਗੁਬਾਰ।
ਕੋਪਰ ਉੱਤੇ ਢਾਢੜੀ ਜਲਦੇ ਕਰਨ ਪੁਕਾਰ।
ਤ੍ਰਿਸ਼ਨਾਂ ਰੱਖ ਨ ਸਕਈ ਬੇਪੀਰਾਂ ਗਾਵਾਰ।
ਨਾਨਕ ਪਾਇਨ ਦੁਖ ਸਦ ਜਨ ਪਾਪੀ ਆਪਾਰ। (ਇਹ ਗੁਰਬਾਣੀ ਨਹੀਂ)

ਏਹ ਬਚਨ ਸੁਣ ਕੇ ਓਨ੍ਹਾਂ ਆਦਮੀਂ ਮਾਰਨੋਂ ਤੋਬਾ ਕੀਤੀ। ਹਾਕਮ ਨੇ ਡੌਂਡੀ ਫਿਰਾ ਦਿੱਤੀ ਕੋਈ ਕਿਸੇ ਨੂੰ ਨਾ ਮਾਰੇ। ਓਥੋਂ ਦੇ ਹਾਕਮ ਸਮੇਤ ਸਭਨਾਂ ਨੂੰ ਆਦਮੀ ਦੇ ਮਾਰਨ ਦੀ ਸੌਂਹ ਪਵਾ ਕੇ ਰੱਬ ਦਾ ਭੈਅ ਭਗਤੀ ਦ੍ਰਿੜ੍ਹਾ ਕਰ ਬਾਬਾ ਜੀ ਅੱਗੇ ਈਰਾਨ ਮੁਲਕ ਵਿੱਚ ਜਾ ਫਿਰੇ ਜਿੱਥੇ ਜ਼ਰਦਸਤ ਪੈਗੰਬਰ ਪਾਰਸੀਆਂ ਦੇ ਮਜ਼ਹਬ ਦਾ ਅਚਾਰਯ ਹੋਯਾ ਹੈ। ਪਹਿਲੇ ਏਹ ਸਾਰਾ ਦੇਸ ਅਗਨਿ ਹੋਤ੍ਰੀ ਗਊ ਦੇ ਪੂਜਕ ਪਾਰਸੀਆਂ ਦਾ ਸੀ। ਖਲੀਫੇ ਓਮਰ ਨੇ ਸੰਨ ੮੪ ਹਿ. ਨੂੰ ਤਲਵਾਰ ਦੇ ਜ਼ੋਰ ਮੁਸਲਮਾਨ ਕਰ ਕੱਢਜਾ। ਜੇਹੜੇ ਭੱਜ ਕੇ ਬੱਚੇ ਓਹ ਪਾਰਸੀ ਹੁਣ ਬੰਬਈ ਜੇਹੇ ਸ਼ਹਿਰਾਂ ਵਿੱਚ ਹਨ।

ਏਥੋਂ ਚੱਲ ਬਾਬਾ ਜੀ ਤੂਹਰਾਨ ਸ਼ਹਿਰ ਜਾ ਉੱਤਰੇ ਜਿੱਥੋਂ ਦਾ ਨਾਦਰਸ਼ਾਹ ਹੋਯਾ ਹੈ। ਓਸੇ ਦਾ ਵੱਡਾ ਕੈਕੈ ਨਾਮ ਓਥੋਂ ਦਾ ਹਾਕਮ ਬੜਾ ਜ਼ਾਲਮ ਅੰਨਜਾਈ ਸੀ। ਬਾਬੇ ਜੀ ਦੇ ਦਰਸ਼ਨ ਕਰਨ ਆਯਾ ਤਾਂ ਬਾਬਾ ਜੀ ਨੇ ਉਪਦੇਸ਼ ਕੀਤਾ ਕਿ ਦੁਨੀਆਂ ਤੋਂ ਇੱਕ ਦਿਨ ਜ਼ਰੂਰ ਮਰਣਾ ਹੈ। ਦੌਲਤ ਨਾਲ ਨਹੀਂ ਜਾਣੀ ਤੇ ਨਾ ਹੀ ਕਿਸੇ ਭੈਣ ਭਾਈ ਨੇ ਸਹਾਇਤਾ ਕਰਨੀ ਹੈ। ਏਹ ਉਪਦੇਸ਼ ਬਾਬੇ ਦਾ ਕਾਟ ਕਰ ਗਿਆ ਹੱਥ ਜੋੜ ਕੇ ਪਿਛਲੇ ਗ਼ੁਨਾਹਾਂ ਦੀ ਮਾਫ਼ੀ ਮੰਗੀ ਤੇ ਅੱਗੇ ਨੂੰ ਨਿਆਇਕਾਰੀ ਪਰਜਾ ਪਾਲਕ ਹੋ ਗਿਆ।

ਏਸੇ ਪ੍ਰਕਾਰ ਅਪਾਰ ਪੁਰਖਾਂ ਦਾ ਪਰਚਾ ਧਰਮ ਵਿੱਚ ਕਰਾਕਰ ਅਸਫਹਾਨ, ਨੈਰਸੀ, ਬੇਲਸ ਆਦਿਕ ਸ਼ਹਿਰਾਂ ਨਗਰਾਂ ਜੰਗਲਾਂ ਦਾ ਸੈਲ ਕਰਦੇ ਅਤੇ ਉਸ ਦੇਸ ਦੇ ਬੇਅੰਤ ਪੁਰਖਾਂ ਨੂੰ ਈਸ਼੍ਵਰ ਦੀ ਭਗਤੀ ਵਿੱਚ ਜੋੜਦੇ ਹੋਏ (ਉਰਗੰਜ ਦੇਸ) ਰੂਸ ਦੇ ਰਾਜ ਵਿੱਚ ਜਾ ਫਿਰੇ। ਇਹ ਦੇਸ ਈਰਾਨ ਤੇ ਤੁਰਕਿਸਤਾਨ ਦੇ ਵਿਚਕਾਰ ਹੈ।

ਇੱਥੇ ਇੱਕ ਪਹਾੜੀ ਵਿੱਚੋਂ ਬਹੁਤ ਜਗ੍ਹਾ ਜ੍ਵਾਲਾ ਮੁਖੀ ਦੇ ਮੰਦਰ ਵਾਂਗੂੰ ਅੱਗ ਦੀਆਂ ਲਾਟਾਂ ਨਿਕਲਦੀਆਂ ਹਨ। ਉਸ ਨੂੰ ਮਹਾਂਜ੍ਵਾਲਾ ਆਖਦੇ ਹਨ। ਉਸ ਪਹਾੜ ਦੀ ਲਹਿਰ ਬਹਿਰ ਸਾਥੀਆਂ ਨੂੰ ਦਿਖਾ ਕੇ ਉਥੋਂ ਚਾਰ ਮੰਜਲਾਂ ਗੁਲੇਲਾਲ ਨਾਮ ਪਰਬਤ ਦਾ ਆਨੰਦ ਜਾ ਲੀਤਾ। ਇੱਥੇ ਇੱਕ ਬੂਟੀ ਲਾਲ ਪਤ੍ਰਾਂਸ਼ (ਪੁਸ਼ਪਾਂ) ਵਾਲੀ ਕੇਵੜੇ ਵਰਗੀ ਖ਼ੁਸ਼ਬੋਦਾਰ ਬਾਰਾਂ ਮਹੀਨੇ ਹਰੀ ਭਰੀ ਰਹਿੰਦੀ ਹੈ। ਉਥੋਂ ਦੇ ਵਸਨੀਕ ਭੀ ਅਤੀ ਸੁੰਦਰ ਕੋਮਲ, ਪਤਲੇ, ਸਰੀਰ ਹਸਮੁਖ, ਨਰਮ ਸੁਭਾਵ ਦੇਖਣ ਦੇ ਯੋਗ ਹਨ। ਦੂਰੋਂ ਦੂਰੋਂ ਅਮੀਰ ਫ਼ਕੀਰ ਸੁਘੜ ਲੋਕ ਉਨ੍ਹਾਂ ਨੂੰ ਦੇਖਣ ਜਾਂਦੇ ਹਨ। ਉਸ ਪਰਬਤ ਜੈਸਾ ਦੁਨੀਆਂ ਵਿੱਚ ਹੋਰ ਕੋਈ ਪਹਾੜ ਨਰੋਆ, ਸ਼ੋਭਨੀਕ ਨਹੀਂ। ਉਥੋਂ ੬ ਮਜਲ ਜਾਵੋਹੀ ਸ਼ਹਿਰ ਪਾਸ ਪਹਾੜੀ ਵਿੱਚ ਸੀਰਾਜ ਨਾਮੀ ਸਿੱਧ ਰਹਿੰਦਾ ਸੀ। ਉਸ ਦੀਆਂ ਕਰਾਮਾਤਾਂ ਤੇ ਹੋਰ ਗੁਣਾਂ ਦੀ ਮਹਿਮਾ ਸੁਣ ਕੇ ਬਾਬਾ ਜੀ ਉਸ ਪਾਸ ਜਾ ਪੁੱਜੇ। ਅੱਗੇ ਉਹ ਬੈਠਾ ਸ੍ਵਰਗ ਦੇ ਭੋਗ ਚਿਤਵ ਰਿਹਾ ਸੀ। ਬਾਬਾ ਜੀ ਹੱਸ ਕੇ ਬੋਲੇ, "ਦੇਖ ਭਾਈ ਮਰਦਾਨਾ ਬਾਦਸ਼ਾਹ ਖਲ ਖਾਣ ਦੀ ਇੱਛਾ ਕਰਦਾ ਹੈ।" ਇਹ ਸੁਣ ਕੇ ਉਹ ਸਿੱਧ ਸਮਝ ਕੇ ਚਰਨੀਂ ਆ ਲੱਗਾ। ਉਹ ਬਹੁਤ ਵੱਡੀ ਉਮਰ ਦਾ ਸੀ। ਬਾਬੇ ਜੀ ਨੂੰ ਪਿਛਲੀਆਂ ਗੱਲਾਂ ਲੱਗਾ ਸੁਣਾਵਣ। ਜੈਸੇ ਜੈਸੇ ਜ਼ੋਰ ਜ਼ੁਲਮ ਖਲੀਫੇ ਉਮਰ ਨੇ ਕਰ ਕੇ ਉਸ ਮੁਲਕ (ਈਰਾਨ) ਨੂੰ ਮੁਹੰਮਦੀ ਕੀਤਾ ਸੀ ਉਹ ਗੱਲਾਂ ਤੇ ਹੋਰ ਬਹੁਤ ਫ਼ਕੀਰਾਂ ਸਿੱਧਾਂ ਦੇ ਨਾਮ ਲੈ ਲੈ ਸੁਣਾਏ। ਅਪਣੀ ਵੱਡੀ ਉਮਰ ਤੇ ਗੁਫ਼ਾ ਵਿੱਚ ਰਹਿਣ ਦਾ ਹਾਲ ਉਸ ਨੇ ਹੰਕਾਰ ਨਾਲ ਵਰਣਨ ਕੀਤਾ ਤਾਂ ਬਾਬੇ ਜੀ ਨੇ ਏਹ ਸ਼ਬਦ ਬੋਲਿਆ:

ਸਿਰੀਰਾਗੁ ਮਹਲਾ ੧ ॥

ਕੋਟਿ ਕੋਟੀ ਮੇਰੀ ਆਰਜਾ ਪਵਣੁ ਪੀਅਣੁ ਅਪਿਆਉ ॥
ਚੰਦੁ ਸੂਰਜੁ ਦੁਇ ਗੁਫੈ ਨ ਦੇਖਾ ਸੁਪਨੈ ਸਉਣ ਨ ਥਾਉ ॥
ਭੀ ਤੇਰੀ ਕੀਮਤਿ ਨਾ ਪਵੈ ਹਉ ਕੇਵਡੁ ਆਖਾ ਨਾਉ ॥੧॥
ਸਾਚਾ ਨਿਰੰਕਾਰੁ ਨਿਜ ਥਾਇ ॥
ਸੁਣਿ ਸੁਣਿ ਆਖਣੁ ਆਖਣਾ ਜੇ ਭਾਵੈ ਕਰੇ ਤਮਾਇ ॥੧॥ ਰਹਾਉ ॥
ਕੁਸਾ ਕਟੀਆ ਵਾਰ ਵਾਰ ਪੀਸਣਿ ਪੀਸਾ ਪਾਇ ॥

ਅਗੀ ਸੇਤੀ ਜਾਲੀਆ ਭਸਮ ਸੇਤੀ ਰਲਿ ਜਾਉ ॥
ਭੀ ਤੇਰੀ ਕੀਮਤਿ ਨਾ ਪਵੈ ਹਉ ਕੇਵਡੁ ਆਖਾ ਨਾਉ ॥੨॥
ਪੰਖੀ ਹੋਇ ਕੈ ਜੇ ਭਵਾ ਸੈ ਅਸਮਾਨੀ ਜਾਉ ॥
ਨਦਰੀ ਕਿਸੈ ਨ ਆਵਊ ਨਾ ਕਿਛੁ ਪੀਆ ਨ ਖਾਉ ॥
ਭੀ ਤੇਰੀ ਕੀਮਤਿ ਨਾ ਪਵੈ ਹਉ ਕੇਵਡੁ ਆਖਾ ਨਾਉ ॥੩॥
ਨਾਨਕ ਕਾਗਦ ਲਖ ਮਣਾ ਪੜਿ ਪੜਿ ਕੀਚੈ ਭਾਉ ॥
ਮਸੂ ਤੋਟਿ ਨ ਆਵਈ ਲੇਖਣਿ ਪਉਣੁ ਚਲਾਉ ॥
ਭੀ ਤੇਰੀ ਕੀਮਤਿ ਨਾ ਪਵੈ ਹਉ ਕੇਵਡੁ ਆਖਾ ਨਾਉ ॥੪॥੨॥

(ਸਿਰੀਰਾਗੁ, ਮਃ ੧ - ੧੪)

ਏਹ ਸ਼ਬਦ ਸੁਣ ਕੇ ਉਸ ਦਾ ਹੰਕਾਰ ਦੂਰ ਹੋ ਗਿਆ। ਬਾਬੇ ਜੀ ਦੇ ਚਰਨ ਫੜ ਲੀਤੇ। ਗੁਰੂ ਜੀ ਉਸ ਨੂੰ ਭਗਤੀ ਗਿਆਨ ਨਿਰ ਅਭਿਮਾਨਤਾ ਦ੍ਰਿੜ ਕਰਾ ਕੇ ਤੁਰਨ ਲੱਗੇ ਤਾਂ ਓਨ ਇੱਕ ਅਮੋਲਕ ਰਤਨ ਬਾਬੇ ਜੀ ਦੀ ਨਜ਼ਰ ਕੀਤਾ। ਬਾਬੇ ਜੀ ਨੇ ਸਾਰਾ ਪਹਾੜ ਹੀ ਰਤਨ ਦਾ ਕਰ ਦਖਾਯਾ। ਜੀਕੂੰ ਬੰਨੂੰ ਪਾਸ ਇੱਕ ਪਹਾੜ ਝੂਠੇ ਹੀਰਿਆਂ ਦਾ ਹੈ। ਏਸੇ ਤਰ੍ਹਾਂ ਓਹ ਭੀ ਰਾਤ ਨੂੰ ਐਨ ਸੁੱਚੇ ਹੀਰਿਆਂ ਵਾਂਗੂੰ ਚਮਕਦੇ ਹਨ। ਹਾੜ ਦੀ ਪੁੰਨਜਾਂ ਨੂੰ ਓਥੇ 'ਵਲੀ ਹਿੰਦ' ਦੇ ਨਾਮ ਦਾ ਬੜਾ ਮੇਲਾ ਭਰਦਾ ਹੈ। ਓਸ ਦੇਸ ਵਿੱਚ ਬਾਬੇ ਦਾ ਨਾਮ 'ਵਲੀ ਹਿੰਦ' ਉਜਾਗਰ ਹੈ। ਜਿੱਥੇ ਜਿੱਥੇ ਓਧਰ ਗੁਰੂ ਜੀ ਗਏ ਓਥੇ ਓਥੇ ਮਕਾਨ ਭੀ ਬਾਬੇ ਜੀ ਦੇ ਮਸੀਤਾਂ ਦੀ ਸ਼ਕਲ ਦੇ ਬਣੇ ਹੋਏ ਵਲੀ ਹਿੰਦ ਦੇ ਬੋਲੇ ਜਾਂਦੇ ਹਨ। ਓਥੋਂ ਅੱਗੇ ੧੦੦ ਕੋਹ ਪਰ ਬਾਬੇ ਜੀ ਨੇ (ਕੋਕਾਨ)* ਦੇਸ ਜਾ ਵੇਖਿਆ। ਓਹ ਦੇਸ ਕਸ਼ਮੀਰ ਵਾਂਗੂੰ ਚਾਰ ਚੁਫੇਰੇ ਪਹਾੜ ਵਿਚਕਾਰ ਮੈਦਾਨ ੩੦੦ ਕੋਹ ਲੰਬਾ ੫੦ ਕੋਹ ਚੌੜਾ ਬਹੁਤ ਰਮਣੀਕ ਮੇਵਿਆਂ ਦਾ ਘਰ ਹੈ। ਕਾਲੇ ਅੰਗੂਰ ਤੇ ਸਰਦੇ ਵੱਡੇ ਵੱਡੇ ਓਥੋਂ ਜੇਹੇ ਹੋਰ ਕਿਤੇ ਨਹੀਂ ਹੁੰਦੇ। ਸੀਰ ਨਾਮ ਦਰਿਆ ਜੋ ਓਸ ਦੇਸ ਵਿੱਚ ਵਗਦਾ ਹੈ, ਉਸ ਵਿੱਚੋਂ ਅਨੇਕ ਨਾਲੇ ਸੂਏ ਕੱਢੇ ਹੋਏ ਰਮਾਉਂਦੇ ਹਨ। ਓਸ ਜਲ ਦਾ ਸਵਾਦ ਦੁੱਧ ਵਰਗਾ ਹੈ। ਰੇਸ਼ਮ, ਮਮੂਰ ਪਸ਼ਮੀਨਾ ਪੈਹਨਦੇ ਹਨ। ਏਥੇ ਪਹਿਲੇ ਤਾਸ਼ਕੰਦ ਵਾਲੇ ਬਾਦਸ਼ਾਹ ਦਾ ਤਹਿਤ ਸੀ। ਪਰ ਸੰਨ ੧੯੨੩ ਬਿਕ੍ਰਮੀ ਨੂੰ ਖੁਦਾਈ ਯਾਰ ਖਾਂ ਪਾਸੋਂ ਸ਼ਾਹ ਰੂਸ ਨੇ ਲੈ ਲੀਤਾ ਹੈ।

ਕੋਕਾਨ ਵਾਸੀ ਜੋ ਜਿੰਨਾਂ, ਭੂਤਾਂ, ਪਰੀਆਂ, ਦੇਵਾਂ ਨੂੰ ਮੰਨਦੇ ਪੂਜਦੇ ਸੇ ਬਾਬੇ ਜੀ ਨੇ ਪਰਮੇਸ਼੍ਵਰ ਦੀ ਭਗਤੀ ਕਰਨ ਲਾਏ। ਤਦੋਂ ਕੋਈ ਮਜ਼੍ਹਬ ਓਨ੍ਹਾਂ ਦਾ ਨਹੀਂ ਸੀ। ਹੁਣ ਈਸਾਈ, ਮੁਸਲਮਾਨ ਦੋ ਮਜ਼੍ਹਬ ਓਥੇ ਹਨ। ਤਾਸਕੰਦੋਂ ਚੱਲ ਕੇ ਤਖ਼ਤ ਸੁਲੇਮਾਨ* ਜੋ ਲਾਲ ਪੱਥਰ ਦਾ ਤਿੰਨ ਸੌ ਮੁਰੱਬਾ ਹੈ ਭਾਈ

---

*ਕੋਕਾਨ ਮੁਲਕ ਵਿੱਚ ਓਸਮ੍ਰਿਗਨਾਲ, ਖੋਜੰਦ, ਨਿਮਗਾਨ, ਤਾਸਕੰਦ ਆਦਿਕ ਵੱਡੇ ਵੱਡੇ ਸ਼ਹਿਰ ਹਨ। ਰੇਸ਼ਮ ਦੇ ਕਾਰਖਾਨੇ ਬਹੁਤ ਹਨ, ਅਤਲਸ, ਸਾਂਟਲ, ਦਰਜਾਈ, ਮਸ਼ਹੂਰ, ਕਨਾਵੇਜ਼ ਗਰਦੇ, ਕਲਾਗਈ, ਆਦਿਕ ਅਨੇਕ ਤਰ੍ਹਾਂ ਦੇ ਰੇਸ਼ਮੀ ਕੱਪੜੇ ਓਥੋਂ ਦੇ ਉੱਘੇ ਹਨ। ਖੋਜੰਦ ਤੋਂ ੯ ਮੀਲ ਪੂਰਬ ਵੱਲ ਜੰਗਲ ਵਿੱਚ ਜ਼ਮੀਨ ਦਾ ਪੜ ਪਾਟਾ ਹੋਇਆ ਹੈ। ਇੱਕ ਮੀਲ ਲੰਮਾਂ ਅੱਧਾ ਮੀਲ ਚੌੜਾ। ਓਸ ਵਿੱਚੋਂ ਬਾਰਾਂ ਮਹੀਨੇ ਹਰ ਵੇਲੇ ਪੌਣ ਵੱਡੀ ਡਾਢੀ ਤੇਜ ਬੰਬੇ ਦੀ ਭਾਫ ਵਾਂਗੂੰ ਨਿਕਲਦੀ ਹੈ। ਦੋ ਦੋ ਮੀਲ ਕੋਈ ਨੇੜੇ ਨਹੀਂ ਢੁੱਕ ਸਕਦਾ। ਕਜ਼ਾਕੀ, ਘੋੜੇ ਮੋਟੇ ਮਧਰੇ ਵੱਡੀ ਜੱਤ ਦੇ ਹੁੰਦੇ ਹਨ। ਹਿੰਦ ਵਿੱਚ ਓਹ ਚਾਰਗੋਸ਼ ਸੱਦੇ ਜਾਂਦੇ ਹਨ। ਚਾਰ ਚਾਰ ਕੰਨ ਭੀ ਅਨੇਕਾਂ ਦੇ ਹੁੰਦੇ ਹਨ। ਕਿਗਜ਼ੀ ਜਾਤ ਦੇ ਘੋੜੇ ਪਤਲੇ ਜ਼ੋਰਾਵਰ ਸੌ ਸੌ ਕੋਹ ਦਾ ਦਮ ਰੱਖਣ ਵਾਲੇ ਏਥੇ ਹਨ। ਤਾਸਕੰਦ ਤੋਂ ੪੦ ਕੋਹ ਜੀਜ਼ਕ ਸ਼ਹਿਰ ਬੜੀ ਪੈਂਠ ਦੀ ਜਗ੍ਹਾ ਹੈ। ਓਥੋਂ ੬੦ ਕੋਹ ਔਲੀਆ ਹਾਤਾ ਹੈ, ਜਿੱਥੇ ਹੁਣ ਰੂਸ ਦੀ ਛਾਵਣੀ ਕਲਕੱਤੇ ਵਰਗੀ ਹੈ। ਸੜਕਾਂ, ਨਹਿਰਾਂ, ਅੰਗਰੇਜ਼ੀ ਰਾਜ ਵਾਂਗੂੰ ਹਨ। ਗੱਡੀਆਂ ਦੋ ਦੋ ਮੰਜੇ ਜਿਤਨੀਆਂ ਤਿੰਨ ਤਿੰਨ ਗਜ਼ ਉੱਚੇ ਪਹੀਏ ਵਾਲੀਆਂ ਲੋਹੇ ਤੋਂ ਬਗ਼ੈਰ ਹਨ। ਫਾਨੇ ਮੈਜਕ ਨਾਮ ਲੱਕੜੀ ਦੇ ਲਾ ਕੇ ਤੂਤਾਂ ਦੀਆਂ ਛਟੀਆਂ ਤੇ ਸੜੀਆਂ ਵਾਂਗੂੰ ਬੰਨ੍ਹ ਮਾਰ ਛੱਡਦੇ ਹਨ। ਘੋੜੇ ਦਰਿਆਵਾਂ ਵਿੱਚੋਂ ਦੀ ਅਸਵਾਰ ਨੂੰ ਤਾਰ ਕੇ ਲੈ ਜਾਂਦੇ ਹਨ। ਕੱਪੜਾ ਰੇਸ਼ਮੀ ਬਹੁਤ, ਊੱਨੀ ਥੋੜ੍ਹਾ, ਕਪਾਹ ਨਹੀਂ, ਖਾਣਾ ਮੱਛੀ, ਚਾਵਲ, ਦਾਲ ਮਸਰਾਂ ਦੀ, ਗੋਭੀ, ਸ਼ਲਗਮ, ਮੂਲੀ ਗਾਜਰ, ਡਬਲ ਰੋਟੀ, ਮੱਖਣ, ਤਿੰਨ ਵੇਲੇ ਖਾਣਾ ਸਭ ਲੋਕ ਖਾਂਦੇ ਹਨ। ਘੋੜੇ ਨੂੰ ਆਦਮੀ ਤੋਂ ਤਿੱਗੁਣੀ ਖੁਰਾਕ ਮਿਲਦੀ ਹੈ। ਤਿੰਨ ਵਕਤ ਘਾਸ ਨੀਲ ਵਰਗਾ ਮਿਲਦਾ ਹੈ ਜੋ ਲਗਰਾਂ ਵਾਲਾ ਸੋਹਣਾ ਬਾਰਾਂ ਮਹੀਨੇ ਹਰਿਆ ਰਹਿੰਦਾ ਹੈ। ਪੰਦਰੀਂ ਦਿਨੀਂ ਫੇਰ ਕੱਟਣ ਵਾਲਾ ਹੋ ਜਾਂਦਾ ਹੈ। ਜੰਗਲ ਬਹੁਤ ਹਨ। ਗਊ, ਘੋੜੀ, ਊਠਣੀ, ਬੱਕਰੀ, ਏਨ੍ਹਾਂ ਦਾ ਦੁੱਧ ਹੁੰਦਾ ਹੈ ਭੈਂਸ ਨਹੀਂ। ਗੈਂਡਾ ਬਾਰਾਂ ਸਿੰਗੇ, ਚਿੱਟੇ ਸ਼ੇਰ ਛੋਟੇ ਕੱਦ ਦੇ ਬਹੁਤ ਹਨ। ਰੂਸੀ ਸਭ ਜਾਨਵਰਾਂ ਦਾ ਮਾਸ ਖਾ ਲੈਂਦੇ ਹਨ।

*ਸੁਲੇਮਾਨੀ ਤਖ਼ਤ ਤੋਂ ੩੨ ਕੋਹ ਪੂਰਬ ਜਾਨਕ ਸ਼ਹਿਰ ਰਾਜੇ ਚੰਦਰਹਾਸ ਦਾ ਹੈ, ਜਿਸ ਦੀ ਕਥਾ ਭਗਤਮਾਲਾ ਵਿੱਚ ਹੈ। ਓਸ ਦੇ ਨਾਮ ਦੇ ਸਿੱਕੇ ਬਰਤਨ ਸੁਇਨੇ ਦੇ ਪੱਥਰ ਸੰਸਕ੍ਰਿਤ ਖੁਦੇ ਹੋਏ ਅਨੇਕ ਨਿਕਲਦੇ ਹਨ। ਏਥੇ ਇੱਕ ਦੇਵੀ ਦੀ ਗੁਫ਼ਾ ਲਾਲ ਪੱਥਰ ਦੀ ਬੇਓੜਕੀ ਹੈ। ਸ਼ਿਵਲਿੰਗ ਉੱਤੇ ਪਾਣੀ ਦਾ ਟੀਪਾ ਆਪੇ ਪਰਬਤ ਵਿੱਚੋਂ ਟਪਕਦਾ ਰਹਿੰਦਾ ਹੈ। ਕੰਧਾਂ ਵਿੱਚ ਸ਼ਿਵ, ਬਿਸ਼ਨ ਆਦਿਕ ਦੇਵਤਿਆਂ

ਮਰਦਾਨੇ ਨੂੰ ਜਾ ਦਿਖਾਇਆ। ਆਖਦੇ ਹਨ ਕਿ ਏਹ ਤਖ਼ਤ ਪਰੀਆਂ ਸੁੱਟ ਗਈਆਂ ਸਨ। ਏਥੋਂ ਦੇ ਯਾਬੂ ਘੋੜੇ ਗਜ਼ ਗਜ਼ ਲੰਮੀ ਜੱਤ ਵਾਲੇ ਬਹੁਤ ਚੰਗੇ ਹੁੰਦੇ ਹਨ।

ਤਖ਼ਤ ਸੁਲੇਮਾਨ ਦੇ ਮਜੌਰਾਂ ਨੂੰ ਤੇ ਹੋਰ ਅਨੇਕ ਪੁਰਖਾਂ ਨੂੰ ਪ੍ਰਮੇਸ਼ਰ ਦੀ ਭਗਤੀ ਵਿੱਚ ਲਾ ਕੇ ਸ਼ੈਹਰ ਓਰਾਤਪਾ, ਕੋਰਾਟੇਪਾ, ਕੱਤਾਕੁਰ ਗਾਨ; ਜੋ ਸੀਰ ਦਰਯਾ ਦੇ ਕਿਨਾਰੇ ਕੋਕਾਨ ਤੇ ਬੁਖਾਰੇ ਦੇ ਮੁਲਕ ਦੇ ਵਿਚਕਾਰ ਹਨ, ਦੇਖਦੇ ਅਤੇ ਦਰਸ਼ਨ ਉਪਦੇਸ਼ ਦੇ ਕੇ ਨਿਹਾਲ ਕਰਦੇ ਹੋਏ ਕਰਮੀਨੇ ਸ਼ਹਿਰ ਆ ਉੱਤਰੇ। ਏਥੇ ਜਦ ਰਬਾਬ ਵਜਵਾ ਕੇ ਬਾਬੇ ਜੀ ਨੇ ਸ਼ਬਦ ਗਾਵਿਆ ਤਾਂ ਸੁਣ ਕੇ ਬੜੇ ਲੋਕ 'ਕੱਠੇ ਆ ਹੋਏ। ਇੱਕ ਫ਼ਕੀਰ ਸਾਦਕ ਸ਼ਾਹ; ਜੋ ਓਸ ਦੇਸ ਵਿੱਚ ਪੀਰ ਕਰਾਮਾਤੀ ਮੰਨਯਾ ਹੋਯਾ ਸੀ, ਬਾਬੇ ਨਾਲ ਚਰਚਾ ਕਰਨ ਆ ਲੱਗਾ। ਓੜਕ ਹਾਰ ਗਿਆ ਤਾਂ ਸਭ ਲੋਕ ਬਾਬੇ ਜੀ ਦੇ ਅਜੇਹੇ ਪੱਕੇ ਸੇਵਕ ਬਣ ਗਏ ਜੋ ਹੁਣ ਤੱਕ ਵਲੀ ਹਿੰਦ ਤੋਂ ਬਿਨਾਂ ਕਿਸੇ ਨੂੰ ਨਹੀਂ ਮੰਨਦੇ ਤੇ ਨਾ ਹੀ ਮੱਕੇ ਜਾਂਦੇ ਹਨ। ਨਾਸਪਾਤੀ, ਨਾਖ, ਨੇਉਜਾ, ਖਰਬੂਜਾ, ਸਰਦਾ ਏਥੋਂ ਦਾ ਬਹੁਤ ਮਿੱਠਾ ਤੇ ਵੱਡਾ ਹੁੰਦਾ ਹੈ।

ਓਥੋਂ ਜੀਜਕ, ਕਰਮੀਨਾ, ਸ਼ਹਿਰ ਨੂੰ ਦੇਖਦੇ ਹੋਏ ਵਾਉਕੰਦ ਸ਼ਹਿਰ ਆ ਠਹਿਰੇ। ਬਹਾਵਦੀ ਨਾਮ ਪੀਰ ਜੋ ਓਸ ਦੇਸ ਦਾ ਮੁਰਸ਼ਦ ਬਣਿਆ ਹੋਇਆ ਕਾਰ ਭੇਟ ਲੈਂਦਾ ਫਿਰਦਾ ਸੀ ਬਾਬੇ ਜੀ ਦੀ ਮਹਿਮਾ ਸੁਣ ਕੇ ਆਯਾ। ਦਸਤ ਪੰਜਾ ਲੈ ਕੇ ਬੈਠੇ। ਬਾਬੇ ਨੂੰ ਓਸ ਨੇ ਖਾਣਾ ਦੇਣ ਲਈ ਪੁੱਛਿਆ ਤਾਂ ਬਾਬੇ ਜੀ ਨੇ ਸਲੋਕ ਬੋਲਯਾ:

ਮਃ ੧ ॥
ਨ ਰਿਜਕੁ ਦਸਤ ਆ ਕਸੇ ॥
ਹਮਾ ਰਾ ਏਕੁ ਆਸ ਵਸੇ ॥
ਅਸਤਿ ਏਕੁ ਦਿਗਰ ਕੁਈ ॥
ਏਕ ਤੁਈ ਏਕੁ ਤੁਈ ॥੫॥
ਮਃ ੧ ॥
ਪਰੰਦਏ ਨ ਗਿਰਾਹ ਜਰ ॥
ਦਰਖਤ ਆਬ ਆਸ ਕਰ ॥
ਦਿਹੰਦ ਸੁਈ ॥
ਏਕ ਤੁਈ ਏਕ ਤੁਈ ॥੬॥
ਮਃ ੧ ॥
ਨਾਨਕ ਲਿਲਾਰਿ ਲਿਖਿਆ ਸੋਇ ॥
ਮੇਟਿ ਨ ਸਾਕੈ ਕੋਇ ॥
ਕਲਾ ਧਰੈ ਹਿਰੈ ਸੁਈ ॥

ਦੀਆਂ ਮੂਰਤਾਂ ਬੇਅੰਤ ਹਨ। ਭੀਮਸੈਨ, ਅਰਜਨ ਆਦਿਕ ਦੀਆਂ ਮੂਰਤਾਂ ਰੰਗ ਰੂਪ ਬੜਾ ਚੰਗਾ ਬਣਿਆ ਹੋਇਆ ਇੱਕ ਬਿਸਵ ਰੂਪ ਦੀ ਮੂਰਤੀ ਤੀਸ ਚਾਲੀ ਗਜ਼ ਉੱਚੀ ਪੰਦਰਾਂ ਵੀਹ ਗਜ਼ ਚੌੜੀ ਹੈ। ਹੋਰ ਬਹੁਤ ਭੰਨੀਆਂ ਤੋੜੀ ਮੂਰਤਾਂ ਓਥੇ ਹਨ। ਬਿਸਵ ਰੂਪ ਦੇ ਸਾਹਮਣੇ ਲੱਛਮੀ ਨਾਰਾਇਣ ਦੀ ਮੂਰਤੀ ਹੈ। ਓਸ ਗੁਫ਼ਾ ਵਿੱਚ ਦੋ ਮੀਲ ਮਸਾਲਾਂ ਦੇ ਚਾਨਣੇ ਜਾ ਕੇ ਇੱਕ ਦਰਵਾਜ਼ਾ ਖੱਬੇ ਹੱਥ ਪੱਥਰ ਦੇ ਕਿਵਾੜਾਂ ਵਾਲਾ ਹੈ। ਓਥੋਂ ਦੇ ਲੋਕ ਆਖਦੇ ਸੇ ਏਸ ਦੇਸ ਦਾ ਅਲਾਬਖ਼ਸ਼ ਵਜ਼ੀਰ ਕਈ ਪੀਪੇ ਤੇਲ ਦੇ ਲੈ ਕੇ ਤਖ਼ਤੇ ਖੁਲ੍ਹਾ ਕਰ ਅੰਦਰ ਗਿਆ। ਮੰਦਰ ਸਿੰਘਾਸਨ ਬਣਿਆ ਹੋਇਆ ਦੇਖਿਆ ਤੇ ਦੂਜੇ ਪਾਸੇ ਪੰਜਾਹਾਂ ਕੋਹਾਂ ਪਰ ਹੋਰ ਕੰਧਾਂ ਵਿੱਚੋਂ ਜਾ ਨਿੱਕਲਿਆ। ਓਸ ਗੁਫ਼ਾ ਦੇ ਬੂਹੇ ਅੱਗੇ ਇੱਕ ਚੌਂਤਰਾ ਕਾਲੇ ਚਿਕਨੇ ਪੱਥਰ ਦੀ ਇਕੋ ਅਪੂਰਬ ਸਿਲਾ ਦਾ ਹੈ ਜੋ ੨੬ ਹੱਥ ਲੰਮੀ ੧੨ ਹੱਥ ਚੌੜੀ ਹੈ। ਲੋਕ ਓਸ ਅਸਥਾਨ ਨੂੰ ਦੇਵਾਂ ਦਾ ਦੱਸਦੇ ਹਨ। ਪਰ ਮਾਲੂਮ ਹੁੰਦਾ ਹੈ ਕਿ ਪਾਂਡਵਾਂ ਦੇ ਸਮੇਂ ਓਥੇ ਹਿੰਦੂਆਂ ਦਾ ਰਾਜ ਸੀ। ਏਸੇ ਪ੍ਰਕਾਰ ਅਨੰਤ ਜਗ੍ਹਾ ਤੇ ਓਨਾਂ ਦੇਸਾਂ ਵਿੱਚ ਹੁਣ ਤੱਕ ਅਨੰਤ ਨਿਸ਼ਾਨੀਆਂ ਹਿੰਦੂਆਂ ਦੀਆਂ ਹਨ। ਜਿਨ੍ਹਾਂ ਉੱਤੇ ਸੰਸਕ੍ਰਿਤ ਖੁਦੀ ਹੋਈ ਹੈ॥ ਓਸ ਦੇਸ ਵਿੱਚ ਸਾਰੇ ਘੋੜਿਆਂ ਤੇ ਖੋਤਿਆਂ ਦੇ ਹਲ ਚੱਲਦੇ ਹਨ। ਸੰਮਤ ੧੯੧੩ ਬਿਕ੍ਰਮੀ ਤੱਕ ਜਜੀਕ ਸ਼ਹਿਰ ਸ਼ਾਹਰੂਸ ਤੇ ਸ਼ਾਹਬੁਖਾਰੇ ਦੀ ਹਦ ਰਿਹਾ। ਫੇਰ ਸੰਮਤ ੧੯੧੬ ਬਿਕ੍ਰਮੀ ਤੱਕ ਜਜੀਕ ਸ਼ਹਿਰ ਸ਼ਾਹਰੂਸ ਤੇ ਸ਼ਾਹਬੁਖਾਰੇ ਦੀ ਹਦ ਰਿਹਾ। ਫੇਰ ਸੰਮਤ ੧੯੧੬ ਬਿਕ੍ਰਮੀ ਨੂੰ ਬੁਖਾਰੇ ਤੱਕ ਸਾਰਾ ਮੁਲਕ ਰੂਸ ਦੇ ਕਬਜ਼ੇ ਚਲਾ ਗਿਆ ਸੰਨ: ੧੯੨੩ ਬਿਕ੍ਰਮੀ ਨੂੰ ਬੁਖਾਰਾ ਭੀ ਰੂਸ ਨੇ ਲੈ ਲੀਤਾ। ਹੁਣ ਹਾਮੂ ਦਰਿਆ ਬੁਖਾਰ ਤੇ ਸੱਤ ਮੰਜ਼ਲਾਂ ਉਰੇ ਹੱਦ ਹੈ।

ਏਕੁ ਤੁਈ ਏਕੁ ਤੁਈ ॥੭॥

(ਵਾਰ-ਮਾਝ, ਮਃ ੧ - ੧੪੪)

ਏਹ ਬਚਨ ਸੁਣ ਕੇ ਓਹ ਬਾਬੇ ਜੀ ਦਾ ਮੁਰੀਦ ਬਣ ਗਿਆ। ਬਾਬੇ ਜੀ ਨੇ ਸੇਲੀ, ਟੋਪੀ, ਚੋਲਾ, ਓਸ ਨੂੰ ਬਖ਼ਸ਼ੇ। ਹੁਣ ਓਸ ਦੀ ਸੰਪ੍ਰਦਾਇ ਦੇ ਫ਼ਕੀਰ ਜੋ ਬਹਾਵਦੀ ਸਦਾਵੰਦੇ ਹਨ ਓਨ੍ਹਾਂ ਬਿਨਾਂ ਸੇਲੀ, ਟੋਪੀ ਦਲਕ ਦੀ, ਚੋਲਾ ਹੋਰ ਕਿਸੇ ਨੂੰ ਨਹੀਂ ਪਹਰਨਾ ਮਿਲਦਾ। ਓਹੋ ਪਹਿਨਦੇ ਹਨ ਤੇ (ਬਹਿਰਤਵੀਲ) ਜਪੁਜੀ ਸਮੇਤ ਜੋ ਬਾਣੀ ਬਾਬੇ ਜੀ ਨੇ ਪੀਰ ਬਹਾਵਦੀ ਨੂੰ ਯਾਦ ਕਰਾਈ ਸੀ, ਓਹੋ ਬਾਣੀ ਸਭ ਪੜ੍ਹਦੇ ਹਨ ਓਨ੍ਹਾਂ ਬਿਨਾਂ ਹੋਰ ਕੋਈ ਫ਼ਕੀਰ ਓਸ ਦੇਸ ਵਿੱਚ ਨਹੀਂ। ਨਾਨਕ ਸ਼ਾਹ ਨੂੰ ਮੁਰਸ਼ਦ ਕਰ ਕੇ ਮੰਨਦੇ ਹਨ। ਆਖਦੇ ਹਨ ਸਾਡੇ ਪੀਰ ਨੂੰ ਰੌਸ਼ਨੀ 'ਵਲੀ ਹਿੰਦ' ਨਾਨਕ ਸ਼ਾਹ ਤੋਂ ਆਈ ਹੈ। ਓਥੇ ਇੱਕ ਚਸ਼ਮਾ ਬਾਬੇ ਦੇ ਬਚਨ ਨਾਲ ਦ੍ਰਖਤ ਦੇ ਸਿਰ ਵਿੱਚੋਂ ਨਿਕਲਜਾ ਹੋਯਾ ਹੁਣ ਤੱਕ ਜਾਰੀ ਹੈ। ਓਥੇ ਪਹਾੜ ਨਹੀਂ ਰੋਜ਼ਾ ਬਹਾਉਦੀ ਔਲੀਏ ਦਾ ਮਦਾਨ ਵਿੱਚ ਹੈ। ਜਿਸ ਉੱਤੇ ਤਾਜ ਬੀਬੀ ਦੇ ਰੋਜ਼ੇ ਤੋਂ ਬਹੁਤੀ ਲਾਗਤ ਲੱਗੀ ਹੈ ਤੇ ਹਿੰਦੂ ਮੁਸਲਮਾਨ ਓਸ ਦੇਸ ਦੇ ਸਭ ਓਸ ਨੂੰ ਮੰਨਦੇ ਹਨ, ਹਰ ਮੰਗਲਵਾਰ ਨੂੰ ਮੇਲਾ ਭਰਦਾ ਹੈ।

ਏਥੇ ਗੁਰੂ ਸਾਹਿਬ ਦੇ ਦੌਰੇ ਦਾ ਤੇ ਓਸ ਬ੍ਰਿਛ ਦਾ ਦਰਸ਼ਨ ਹੁੰਦਾ ਹੈ ਜੋ ਸੋਟੇ ਤੋਂ ਹਰਾ ਹੋ ਕੇ ਵਡਾ ਰੁੱਖ ਬਨ ਰਿਹਾ ਹੈ। ਪਛਾਣ ਵਿੱਚ ਨਹੀਂ ਆਂਵਦਾ ਕਿ ਇਸ ਦੇਸ ਦਾ ਕੇਹੜਾ ਰੁੱਖ ਹੈ। ਬਾਰਾਂ ਮਹੀਨੇ ਫ਼ੁੱਲ ਖ਼ੁਸ਼ਬੋਦਾਰ ਗੁਲਾਬੀ ਰਹੂੜੇ ਬ੍ਰਿਛ ਜੇਹੇ ਲੱਗੇ ਰਹਿੰਦੇ ਹਨ।

ਗੁਰੂ ਸਾਹਿਬ ਓਥੋਂ ਓਸ ਬਾਦਸ਼ਾਹੀ ਬਾਗ਼ ਦਾ; ਜਿਸ ਬੁਖਾਰੇ ਦੇ ਬਾਗ਼ ਦੀ ਤਾਰੀਫ਼ ਕਤਾਬਾਂ ਵਿੱਚ ਲਿਖੀ ਹੈ, ਸੈਲ ਕਰਦੇ ਹੋਏ ਸਮਰਕੰਦ ਸ਼ਹਿਰ ਵਿੱਚ (ਜਿੱਥੇ ਓਦੋਂ ਬਾਬਰ ਮੁਗ਼ਲ ਦੀ ਬਾਦਸ਼ਾਹੀ ਸੀ) ਜਾ ਬੈਠੇ। ਏਥੇ ਇੱਕ ਤਖ਼ਤ ਹੈ। ਓਸ ਨੂੰ ਬ੍ਰਹਮਾਂ ਦਾ ਆਖਦੇ ਹਨ। ਓਸ ਦੇ ਚੁਫੇਰੇ ਜੰਗਲਾ ਕਰਾ ਰਖਯਾ ਹੈ ਤੇ ਓਸ ਉੱਤੇ ਬੈਠਦਾ ਕੋਈ ਨਹੀਂ। ਏਹ ਸ਼ਹਰ ੩੨ ਕੋਹ ਲੰਮਾ ਤੇ ਅੱਧਾ ਮੀਲ ਚੌੜਾ ਹੈ, ਸਵਾ ਲੱਖ ਮਸੀਤ ਹੈ। ਇਥੋਂ ਦੇ ਕਾਜ਼ੀਆਂ, ਮੌਲਵੀਆਂ, ਪੀਰਾਂ, ਫ਼ਕੀਰਾਂ, ਨਾਲ ਗਜਾਨ ਚਰਚਾ ਕਰ ਬਾਬੇ ਜੀ ਨੇ ਓਨ੍ਹਾਂ ਨੂੰ ਸਰਬ ਸ਼ਕਤੀਵਾਨ ਬਯਾਪਕ ਪ੍ਰਮੇਸ਼ਵਰ ਮਨਾ ਕੇ ਭਿਸ਼ਤ ਦੋਜ਼ਕ ਕਰਮਾ ਪਿੱਛੇ ਮਿਲਦਾ ਨਿਸਚੇ ਕਰਾ ਦਿੱਤਾ। ਪਹਿਲਾਂ ਓਹ ਬਹਿਸ਼ਤ ਜਾਣਾ ਮੁਹੰਮਦ ਦੀ ਸਫਾਰਸ਼ ਨਾਲ ਮੰਨਦੇ ਸੇ ਤੇ ਖ਼ੁਦਾ ਨੂੰ ਦੇਹਧਾਰੀ ਸੱਤਵੇਂ ਅਕਾਸ ਵਿੱਚ ਮੰਨਦੇ ਸੇ।

ਏਥੋਂ ਸਿੰਧ ਦਰੀਆਇ ਉੱਤਰ ਕੇ ਸਬਜ਼ ਸ਼ਹਰ* ਤੇ ਛੋਟਾ ਤਖ਼ਤ ਸੁਲੇਮਾਨੀ ਮਰਦਾਨੇ ਨੂੰ ਜਾ ਦਖਾਯਾ। ਪਰੀਆਂ ਦੀ ਉਪਾਸ਼ਨਾ ਤੇ ਚਾਹ ਵਿੱਚ ਬਹੁਤ ਆਦਮੀ ਕਮਲੇ ਹੋਏ ਹੋਏ ਦੇਖੇ। ਬਾਬੇ ਜੀ ਨੇ ਉਨ੍ਹਾਂ ਨੂੰ ਉਸ ਬਹਿਕੜੇ ਤੋਂ (ਜੋ ਰਾਤ ਦਿਨੇ ਜੰਤ੍ਰ ਮੰਤ੍ਰ ਕਰਦੇ ਰਹਿੰਦੇ ਸੇ) ਹਟਾ ਕੇ ਪ੍ਰਮੇਸ਼ਵਰ ਦੀ ਭਗਤੀ ਕਰਨ ਲਾਯਾ। ਨਾਨਕ ਕਲੰਦਰ ਦੇ ਆਸੇ ਦੀ ਉਥੇ ਹੁਣ ਤੱਕ ਪੂਜਾ, ਜ਼ਿਆਰਤ ਹੁੰਦੀ ਹੈ।

ਉਥੋਂ ਸੀਕਨ ਪਰਬਤ ਨੂੰ ਚੀਰ ਕੇ ਅਰਗੁਜ, ਕਤਾ ਕੁਰਗਾਨ, ਸ਼ਹਿਰਾਂ ਨੂੰ ਦੇਖਦੇ ਹੋਏ ਪੰਜ ਸ਼ੰਬੇ ਸ਼ਹਿਰ ਜਾ ਉੱਤਰੇ। ਉਸ ਦੇਸ ਦੇ ਲੋਕ ਏਹ ਸਮਝੀ ਬੈਠੇ ਸੇ ਜੋ ਪੈਗੰਬਰ ਸਾਨੂੰ ਭਿਸ਼ਤ ਦਿਵਾਵੇਗਾ, ਜਿੱਥੇ ੭੦ ਹੂਰਾਂ ਤੇ ੭੨ ਗੁਲਫਾਮ ਅਰਥਾਤ ਮੁੰਡੇ ਸਾਨੂੰ ਵਿਸ਼ੇ ਭੋਗਣ ਵਾਸਤੇ ਮਿਲਣਗੇ। ਉਥੋਂ ਦੇ ਉਜਾਗਰ ਮੰਨੇ ਦੰਨੇ ਹੋਏ ਜਲਾਲ ਮਰਦਾਨ ਪੀਰ ਤੇ ਹੋਰ ਕਾਜ਼ੀਆਂ ਮੌਲਵੀਆਂ ਨਾਲ ਵੀਚਾਰ ਕਰ ਕੇ ਬਾਬੇ ਜੀ ਨੇ ਉਨ੍ਹਾਂ ਨੂੰ ਉਹ ਬੂਰ ਦੇ ਲੱਡੂ ਝੂਠੇ ਮਨੋਂ ਰਾਜ ਗਪੌੜੇ ਸਾਬਤ ਕਰ ਕੇ ਈਸ਼ਵਰ ਦੇ ਭਜਨ ਵਿੱਚ (ਜਿਸ ਤੋਂ ਭਿਸ਼ਤ ਮਿਲੇ) ਲਾਯਾ।

---

*ਸਬਜ਼ ਸ਼ਹਿਰ ਨੂੰ ਪਰੀਆਂ ਦਾ ਅਤੇ ਓਥੋਂ ਦੇ ਕੋਹ ਕਤਾਬ ਸ਼ਹਿਰ ਨੂੰ ਦੇਵਾਂ ਦਾ ਆਖਦੇ ਹਨ। ਏਥੇ ਇੱਕ ਪਹਾੜੀ ਉੱਤੇ ਕੋਠਾ ਹੈ, ਜਿਸ ਨੂੰ ਸੁਲੇਮਾਨ ਦਾ ਤਖ਼ਤ ਆਖਦੇ ਹਨ। ਸੁਣਿਆ ਹੈ ਜਦ ਓਥੇ ਰਾਤ ਨੂੰ ਪਰੀਆਂ ਆਂਵਦੀਆਂ ਹਨ ਤਾਂ ਕੇਵੜੇ ਜੈਸੀ ਸੁਗੰਧੀ ਖਿੱਲਰ ਜਾਂਦੀ ਹੈ। ਆਦਮੀ ਰਾਤ ਓਥੇ ਰਹਿਣ ਵਾਲਾ ਮਰ ਜਾਂਦਾ ਹੈ। ਏਥੇ ਹੀ ਹੁਸਨਬਾਨੋ, ਨਰਗਸਬਾਨੋ, ਪਰੀ ਦੀ ਕੰਦਰਾ ਹੈ। ਓਸ ਵਿੱਚੋਂ ਐਡੇ ਜ਼ੋਰ ਨਾਲ ਜਲ ਦੀ ਧਾਰਾ ਨਿਕਲਦੀ ਹੈ ਜੋ ਕਿਸੇ ਆਦਮੀ ਨੂੰ ਅੰਦਰ ਨਹੀਂ ਜਾਣ ਦਿੰਦੀ। ਫੇਰ ਓਹੋ ਜਲ ਕੋਹਸਤਾਨ ਨਾਮ ਦਰਯਾ ਬਣ ਕੇ ਚੱਲਦਾ ਹੈ। ਸੱਚ ਮੁਚ ਓਸ ਪਹਾੜ ਦੀਆਂ ਇਸਤ੍ਰੀਆਂ ਖੰਭਾਂ ਬਿਨਾਂ ਪਰੀਆਂ ਹਨ।

ਅੱਗੇ ਸੀਕਮ ਦੇ, ਪਹਾੜ ਵਿੱਚ ਦੀ ਕਾਤ੍ਰਜ਼ਈ, ਕਰਮੀਨਾ ਆਦਿਕ ਸ਼ਹਿਰਾਂ ਤੇ ਮੁਲਕਾਂ ਦਾ ਸੈਲ ਕਰਦੇ ਹੋਏ ਸਿੰਧ ਦਰਯਾ ਦੇ ਕਿਨਾਰੇ ਕਿਨਾਰੇ; ਜਿੱਥੇ ਸਭ ਪ੍ਰਕਾਰ ਦੇ ਮੇਵੇ ਬੇਅੰਤ ਹੁੰਦੇ ਹਨ, ਸੈਲ ਕੀਤਾ ਤੇ ਮਰਦਾਨੇ ਦੀ ਭੁੱਖ ਲਾਹੀ।

ਉਸ ਸਮੇਂ ਉਥੇ ਇੱਕ ਉੱਚੀ ਪਹਾੜੀ ਉੱਤੇ ਨਰਾਤਾ ਨਾਮ ਸੰਤ ਤਪੱਸਜਾ ਕਰਦਾ ਸੀ ਤੇ ਜਲ ਤੋਂ ਵੱਡਾ ਤੰਗ ਰਹਿੰਦਾ ਸੀ ਕਿਉਂਕਿ ਕੋਹ ਹੇਠਾਂ ਜਲ ਸੀ। ਬਾਬੇ ਜੀ ਦੀ ਉਸ ਨੇ ਸੱਚੇ ਸਤਿਗੁਰੂ ਮੰਨ ਕੇ ਵੱਡੀ ਆਗਤ ਭਾਗਤ ਕੀਤੀ, ਜਿਸ ਦਾ ਫ਼ਲ ਉਸ ਨੂੰ ਸੱਤ ਨਾਮ ਦਾ ਉਪਦੇਸ਼ ਤੇ ਉਸੇ ਪਹਾੜੀ ਉੱਤੋਂ ਪਾਣੀ ਦਾ ਸੋਮਾ ਪ੍ਰਾਪਤ ਹੋਯਾ, ਜਿਸ ਕਰ ਕੇ ਉਥੇ ਹੁਣ ਨੁਰਾਤਾ ਨਾਮ ਪਿੰਡ ਵੱਸਦਾ ਹੈ ਤੇ ਮੇਵੇ ਤੇ ਬ੍ਰਿਛ ਬੇਅੰਤ ਹੋ ਗਏ।

ਉਨ੍ਹਾਂ ਦੇਸਾਂ ਦੇ ਲੋਕ ਬਾਬੇ ਜੀ ਨੂੰ ਬਾਲਗਰਦਾਨ ਪੀਰ ਯਾ ਵਲੀ ਹਿੰਦ ਤੇ ਟਾਂਵੇਂ ਟਾਂਵੇਂ ਨਾਨਕ ਕਲੰਦਰ ਭੀ ਆਖਦੇ ਹਨ। ਪੁੰਨਯਾਂ ਦੀ ਪੁੰਨਯਾਂ ਮੰਨਤ ਦੇਣ ਵਾਲਯਾਂ ਦਾ ਮੇਲਾ ਭਰਦਾ ਹੈ। ਚੜ੍ਹਤ ਨੁਰਾਤੇ ਫ਼ਕੀਰ ਦੇ ਚੇਲੇ ਲੈਂਦੇ ਹਨ। ਉਹ ਨਾਨਕ ਪੀਰ ਦਾ ਚਸ਼ਮਾਂ ਦੱਸਦੇ ਹਨ। ਉਥੋਂ ਦੀਆਂ ਮੱਛੀਆਂ ਨੂੰ ਸੋਨੇ ਦੀਆਂ ਨੱਥਾਂ ਹਨ। ਮਾਰਦਾ ਕੋਈ ਨਹੀਂ, ਮਜਾਵਰ ਤੇ ਦੇਸੀ ਲੋਕ ਆਖਦੇ ਹਨ ਜਦ ੧੮੯੩ ਬਿਕ੍ਰਮੀ ਵਿੱਚ ਬੁਖਾਰੇ ਦੇ ਬਾਦਸ਼ਾਹ ਅਬਦੁੱਲਾ ਨੇ ਹਸਾਰ ਮੁਲਕ ਦੇ ਮੀਰ ਉੱਤੇ ਚੜ੍ਹਾਈ ਕੀਤੀ ਤਾਂ ਪਹਿਲੇ ਹਾਰ ਹੋਈ। ਫੇਰ ਨਾਨਕ ਪੀਰ ਦੀ ਚਸ਼ਮੇ ਦੀ ਸੁੱਖਣਾਂ ਸੁੱਖੀ ਤਾਂ ਫਤੇ ਪਾਈ ਤਾਂ ਉਸ ਨੇ ਮੱਛੀਆਂ ਨੂੰ ਨੱਥਾਂ ਪਾ ਛੱਡੀਆਂ ਹਨ।

ਪਹਿਲੇ ਮੁਲਕ ਹਜ਼ਾਰਾ, ਕੁਲਾਬ, ਕੁਵਾਦੀਆ, ਕੋਕਾਨ, ਹਸਾਰ, ਤਾਸਕੰਦ, ਸਬਜ਼ ਸ਼ਹਰ, ਏਨ੍ਹਾਂ ਸਭਨਾਂ ਮੁਲਕਾਂ ਦੇ ਮੀਰ ਸ਼ਾਹਬੁਖਾਰੇ ਦੇ ਤਾਬੇਦਾਰ ਹੁੰਦੇ ਸਨ ਤੇ ਹੁਣ ਸ਼ਾਹ ਰੂਸ ਦੇ ਤਾਬੇ ਹਨ। ਅਬਦੁੱਲੇ ਸ਼ਾਹ ਨੇ ਆਪਣੇ ਮੁਲਕ ਵਿੱਚ ਘੁੱਗੀ, ਕੂੰਜ, ਸਾਰਸ, ਚਿੜੀ ਮਾਰਨੋਂ ਬੰਦ ਕਰ ਰੱਖੀ ਸੀ, ਹੁਣ ਤੱਕ ਓਹੋ ਰਿਵਾਜ ਹੈ। ਓਸ ਦੇਸ ਵਿੱਚ ਭੈਂਸ, ਹਾਥੀ, ਨਹੀਂ ਹੁੰਦੇ। ਗਊਆਂ ਥੋੜੀਆਂ, ਬੱਕਰੀ, ਦੁੰਬੀ, ਊਠਣੀ, ਬਹੁਤ। ਓਨ੍ਹਾਂ ਦਾ ਹੀ ਦੁੱਧ ਵਰਤਦੇ ਹਨ। ਮਾਸ ਮੇਵਾ ਬਹੁਤ, ਅੰਨ ਥੋੜ੍ਹਾ ਖਾਂਦੇ ਹਨ।

ਨੁਰਾਤੇ ਤੋਂ ਚੱਲ ਕੇ ਬੁਖਾਰੇ* ਵਿੱਚ; ਜਿੱਥੇ ਹੁਣ ਬਾਬੇ ਦਾ ਤਕੀਆ ਤੇ ਚਸ਼ਮਾਂ ਉੱਘਾ ਹੈ, ਜਾ ਬੈਠੇ। ਏਥੇ ਇੱਕ ਅਫਜੁਲ ਕਾਦਰੀ ਨਾਮੇ ਫ਼ਕੀਰ ਉੱਘਾ ਸੀ। ਮਰਦਾਨਾ ਜਲ ਲੈਣ ਗਿਆ ਤਾਂ ਓਸ ਨੇ ਆਖਿਆ ਆਪਣਾ ਲਿਆ ਕੇ ਪੀਓ। ਮਰਦਾਨਾ ਨਿੰਮੋਂ ਝਾਣਾ ਹੋ ਕੇ ਮੁੜ ਆਯਾ। ਬਾਬੇ ਜੀ ਨੇ ਭਾਈ ਬਾਲੇ ਨੂੰ ਆਪਣਾ ਆਸਾ ਦੇ ਕੇ ਮਰਦਾਨੇ ਨਾਲ ਭੇਜਿਆ। ਓਥੋਂ ਬਾਰਾਂ ਕੋਹ ਵਾਕੰਦ ਸ਼ਹਿਰ ਪਾਸ ਸਿੰਧ ਦਰਿਆ ਚੱਲਦਾ ਸੀ। ਏਹ ਬਾਬੇ ਜੀ ਦੇ ਆਸੇ ਨਾਲ ਲੀਕ ਕਰਦੇ ਚਲੇ ਆਏ ਤੇ ਦਰਿਆ ਪਿੱਛੇ ਪਿੱਛੇ ਆਉਂਦਾ ਬੁਖਾਰੇ ਪਾਸ ਆ ਗਿਆ। ਏਹ ਕਥਾ ਓਥੋਂ ਦੇ ਨਿਵਾਸੀ ਸੁਣਾਉਂਦੇ ਹਨ।

ਬੁਖਾਰੇ ਤੱਕ ਤਾਂ ਹਿੰਦੂ ਅਰੋੜੇ ਗੁਰੂ ਕੇ ਸਿੱਖ ਬਹੁਤ ਹਨ ਤੇ ਪਰੇ ਥੋੜੇ। ਬੁਖਾਰੇ ਤੇ ਚੱਲ ਕੇ ੮ ਮਜ਼ਲ ਪਰ ਕੜਛ ਸ਼ਹਿਰ ਪਹੁੰਚੇ। ਏਥੇ ਡੂਢ ਸੌ ਕੋਹ ਦੇ ਵਿਚਕਾਰ ਰੇਤੇ ਦੀ ਧਰਤੀ ਹੈ। ਕੜਛ ਤੋਂ ਦੱਖਣ ਪੰਜ ਦਿਨ ਦਾ, ਪੱਛੋਂ ਵੱਲ ਚਾਰਾਜੋਏ ਦਾ, ਪੂਰਬ ਵੱਲ ਕਤਾ ਕੁਰਗਾਨ, ਬਰਕੇ, ਲਕਏ, ਏਹ ਤਿੰਨੇ ਦੇਸ ਹਨ। ਲਕਏ ਦੇਸ ਵਿੱਚ ਜੁਰਚੀ, ਦੀਨਉ, ਹੀਸਾਰ, ਕਰਾਤਾਕ, ਏਹ ਸ਼ੈਹਰ

---

*ਬੁਖਾਰੇ ਵਿੱਚ ੩੦ ਤਾਲਾਬ ਹਨ ਜੋ ਦਰਿਆਇ ਦੇ ਜਲ ਨਾਲ ਭਰੇ ਜਾਂਦੇ ਹਨ। ਸਾਰਾ ਸ਼ਹਰ ਓਥੋਂ ਹੀ ਪਾਣੀ ਪੀਂਦਾ ਹੈ। ਹਰੇਕ ਤਾਲ ਦੇ ਕੰਢੇ ਇੱਕ ਇੱਕ ਮਦਰਸਾ ਤੇ ਸ਼ਹਿਰ ਵਿੱਚ ੩੬੦ ਮਸੀਤ ਹੈ। ਇੱਕ ਧਰਮ ਸਾਲਾ ਹੈ ਜਿੱਥੇ ਸੰਮਤ ੧੯੧੫ ਬਿਕ੍ਰਮੀ ਨੂੰ ਸਿੱਖਾਂ ਨੇ ਵੱਡੀ ਧੂੰਮ ਧਾਮ ਨਾਲ ਗੁਰੂ ਗ੍ਰੰਥ ਸਾਹਿਬ ਜੀ ਲੈ ਜਾ ਕੇ ਖੋਲ੍ਹਿਆ। ਕਾਜ਼ੀਆਂ ਨੇ ਨਵਾਬ ਪਾਸ ਗੱਪ ਮਾਰੀ ਨਵਾਬ ਨੇ ਗ੍ਰੰਥ ਸਾਹਿਬ ਤੇ ਕੁਰਾਨ ਦੋਵੇਂ ਮੰਗਾਏ। ਸਿੱਖ ਤਾਂ ਰਾਜ ਆਗਜਾ ਲੈ ਕੇ ਵੱਡੇ ਵਾਜੇ ਗਾਜੇ ਤੇ ਅਦਬ ਨਾਲ ਲੈ ਕੇ ਗਏ ਤੇ ਇੱਕ ਉੱਚੀ ਜਗ੍ਹਾ ਖੋਲ੍ਹਿਆ ਤੇ ਵੱਡੇ ਵੱਡੇ ਮੁੱਲ ਦੇ ਰੁਮਾਲ ਪਾਏ। ਕੁਰਾਨ ਨੂੰ ਮੁਲਾਣਾ ਕੱਛ ਵਿੱਚ ਮਾਰ ਕੇ ਲੈ ਗਿਆ। ਇੱਕ ਨੀਲੇ ਜੇਹੇ ਮੈਲੇ ਰੁਮਾਲ ਵਿੱਚੋਂ ਲੱਕੜੀ ਦੀ ਰੇਲ ਪਰ ਖੋਲ ਕੇ ਹੇਠਾਂ ਬੈਠ ਗਿਆ। ਨਵਾਬ ਨੇ ਗਰੰਥ ਸਾਹਿਬ ਦੇ ਸ਼ਬਦ ਦੇ ਅਰਥ ਸੁਣੇ ਤਾਂ ਪ੍ਰਸੰਨ ਹੋਇਆ। (ਕਿਉਂਕਿ ਸੁਨਾਵਣ ਵਾਲਾ ਅਰਬੀ, ਪਸ਼ਤੋ, ਗੁਰਮੁਖੀ ਜਾਣਦਾ ਸੀ) ਕਈ ਦਿਨ ਕਿਤੋਂ ੨ ਸੁਣਦਾ ਰਿਹਾ,ਓੜਕ ਨਵਾਬ ਨੇ ਕਾਜ਼ੀਆਂ ਨੂੰ ਝਿੜਕ ਦੇ ਕੇ ਆਖਿਆ ਏਹ ਸੁਲ੍ਹਾ ਕੁਲ ਕਿਤਾਬ ਨਾਨਕ ਸ਼ਾਹੀ ਹੈ।

ਬੜੇ ਉਜਾਗਰ ਹਨ। ਹਥਿਆਰ ਓਥੋਂ ਜੇਹੇ ਕਿਤੇ ਨਹੀਂ ਬਣਦੇ। ਕੁਲਾਬ, ਲਾਲਬਦਖਸ਼ਾਂ, ਜਿੱਥੋਂ ਉਕਾਬ ਜਾਨਵਰਾਂ ਦੇ ਪਰ ਆ ਕੇ ਕਲਗੀਆਂ ਵਿੱਚ ਲੱਗਦੇ ਹਨ ਤੇ ਬਾਦਸ਼ਾਹਾਂ ਦੇ ਸਿਰ੍ਹਾਣੇ ਗਦੇਲੇ ਭਰੇ ਜਾਂਦੇ ਹਨ ਓਹ ਏਹੋ ਦੇਸ਼ ਹੈ।

ਬਾਜ ਜਾਨਵਰ ਭੀ ਚੰਗੇ ਓਥੋਂ ਹੀ ਆਵੰਦੇ ਹਨ ਏਹ ਮੁਲਕ ਕੜਛ ਤੋਂ ਉੱਤਰ ਵੱਲ ਹੈ। ਬਿਖਕਸ਼ਾ ਤੋਂ ੪੦ ਕੋਹ ਇੱਕ ਤਸਵੀਰ ਪਹਾੜ ਵਿੱਚ ਚਿੱਟੇ ਬਾਜ਼ ਹੁੰਦੇ ਹਨ। ਏਸ ਮੁਲਕ ਦਾ ਕੁਲਾਬ ਸ਼ਹਿਰ ਤਖ਼ਤ ਹੈ। ਏਸ ਹਾਮੂ ਵਿੱਚ ਘੋੜੇ ਬੇੜੀਆਂ ਖਿੱਚ ਕੇ ਤਾਰਦੇ ਹਨ ਕਿਉਂਕਿ ਤਿੰਨ ਕੋਹ ਚੌੜਾ ਪਾਣੀ ਤਾਰੂ ਹਮੇਸ਼ ਅਤੇ ਜੇਠ, ਹਾੜ, ਸਾਵਣ, ਭਾਦਰੋਂ, ਚਾਰ ਮਹੀਨੇ ਛੀ, ਸੱਤ, ਕੋਹ ਵਿੱਚ ਹਾਮੂ ਤੋਂ ਵਗਦਾ ਹੈ। ਹਾਮੂ ਤੋਂ ਬਲਕ ਤੱਕ ੧੭ ਮਜ਼ਲਾ ਰੇਤੇ ਦੇ ਟਿਬੇ ਹਨ। ਪ੍ਰਤੇਕ ਮਜ਼ਲ ਦੇ ਪੜਾਉ ਪੜਾਉ ਪਰ ਇੱਕ ਇੱਕ ਖੂਹ, ਬੜਾ ਬੜਾ ਚੌੜਾ ਚੁਫੇਰੇ ਪੌੜੀਆਂ ਵਾਲਾ ਉੱਤਰ ਕੇ ਜਲ ਪੀਣ ਲਈ ਹੈ ਕਿਉਂਕਿ ਪਾਣੀ ਦੀ ਅਤੀ ਤੰਗੀ ਸੀ। ਪ੍ਰਤੇਕ ਪੜਾਉ ਪਰ ਇੱਕ ਇੱਕ ਬੁਰਜ ਹਾਮੂ ਦਾ ਪਾਣੀ ਤੇ ਧਾੜਵੀਆਂ ਦੇ ਦੇਖਣ ਲਈ; ਜੋ ਰਾਹ ਖੋਹ ਲੈਂਦੇ ਸੇ, ਕਿਸੇ ਸੌਦਾਗਰ ਦੇ ਬਣਵਾਏ ਹੋਏ ਹੁਣ ਬਹੁਤ ਸੁਖ ਦੇ ਰਹੇ ਹਨ। ਬਜਾਸੀ ਲੱਖ ਤ੍ਰਿਤਾਲੀ ਹਜ਼ਾਰ ਮੁਹੰਮਦ ਸ਼ਾਹੀ ਰੁਪੱਯਾ ਓਹਨਾਂ ਉੱਤੇ ਖ਼ਰਚ ਲਿਖਿਆ ਹੋਯਾ ਹੈ। ਓਨ੍ਹਾਂ ਟਿੱਬਿਆਂ ਵਿੱਚ ਦੁੰਬਿਆਂ, ਊਠਾਂ, ਗਊਆਂ ਵਾਲੇ ਲੋਕ ਰਹਿੰਦੇ ਹਨ। ਹੋਰ ਘੱਟ ਵਸਤੀ ਹੈ। ਏਥੇ ਕੜਛ ਸ਼ਹਿਰ ਦੇ ਦੱਖਣ ਪਾਸੇ ਨਾਨਕ ਕਲੰਦਰ ਦਾ ਤਕੀਆ ਮਸ਼ਹੂਰ ਹੈ।

ਓਥੋਂ ਚੱਲ ਕੇ ਉਜਬੁਕ ਤਾਜਕ, ਕੌਮਾਂ ਦੇ ਬਾਰਾਂ ਤੇਰਾਂ ਪਿੰਡ ਹਾਮੂੰ ਤੱਕ ਹਨ। ਓਹ ਸੋਨਾਂ ਕੱਢਦੇ ਹਨ ਜਾਂ ਸਮੂਰ ਦੇ ਚੂਹੇ ਮਾਰ ਮਾਰ ਖਾ ਕੇ ਓਨ੍ਹਾਂ ਦੀ ਖੱਲ (ਸਮੂਰ) ਵੇਚ ਕੇ ਗੁਜ਼ਾਰਾ ਕਰਦੇ ਹਨ, ਹੋਰ ਕੁਛ ਨਹੀਂ ਕਰਦੇ। ਬਾਬਾ ਜੀ ਓਨ੍ਹਾਂ ਪਿੰਡਾਂ ਵਿੱਚ ਦੀ ਕਲੀਫ ਦੇ ਪੱਤਣ ਹਾਮੂੰ ਲੰਘ ਕੇ ਤੁਰਕਮਾਨ ਦੇਸ ਦਾ ਸੈਲ ਕਰਦੇ ਹੋਏ ਬਲਕ* ਸ਼ਹਿਰ ਆ ਬਿਰਾਜੇ। ਓਸ ਭਾਈ ਬਾਲੇ ਮਰਦਾਨੇ

---

*ਬਾਲਕ ਸ਼ਹਿਰ ਨੂੰ ਬਲੀ ਰਾਜੇ ਪ੍ਰਹਿਲਾਦ ਭਗਤ ਦੇ ਪੋਤਰੇ ਦਾ ਨਗਰ ਤੇ ਓਸ ਦੇਸ ਨੂੰ ਮਹਾਂਭਾਰਤ ਵਿੱਚ ਬਾਲ੍ਹੀਕ ਲਿਖਿਆ ਹੈ। ਬਲੀ ਰਾਜੇ ਦਾ ਕਿਲ੍ਹਾ ਹੋਰ ਤਾਂ ਸਭ ਤੁਰਕਾਂ ਨੇ ਢਾਹ ਸਿੱਟਿਆ। ਇੱਕ ਦਰਵਾਜਾ ਪਰਬਤ ਜੇਹਾ ਸੌ ਗਜ ਉਚਾ ਖੜਾ ਹੈ ਓਸ ਦੇ ਸੱਜੇ ਖੱਬੇ ਪਾਸੇ ਦੋ ਮੂਰਤਾਂ ਭੈਰੋਂ ਤੇ ਹਨੂਮਾਨ ਦੀਆਂ ਬੜੀਆਂ ਭਜਾਨਕ ਹਨ ਓਥੋਂ ਤੁਰਕਾਂ ਨੂੰ ਡਰ ਲੱਗਾ ਤੇ ਕਈ ਢਾਹੁਣ ਵਾਲੇ ਮਰ ਗਏ ਇਸ ਕਰ ਕੇ ਛੱਡ ਗਏ ਤਾਂ ਹੀ ਓਸ ਕਿਲ੍ਹੇ ਨੂੰ ਓਥੋਂ ਦੇ ਲੋਕ ਦੇਵਾਂ ਦਾ ਕਿਲ੍ਹਾ ਯਾ ਤਖ਼ਤ ਦੱਸਦੇ ਹਨ। ਕਿਉਂਕਿ ਓਹ ਸਿਲਾਂ ਜੋ ਕਿਲ੍ਹੇ ਨੂੰ ਲਗੀਆਂ ਹਨ ਸੌ ਸੌ ਆਦਮੀ ਤੋਂ ਇੱਕ ਨਹੀਂ ਹਿਲ ਸਕਦੀ। ਕਿਲ੍ਹੇ ਵਿੱਚ ਬਲੀ ਦਾ ਤਖ਼ਤ ੭ ਗਜ ਲੰਮਾ ੫ ਗਜ ਚੌੜਾ ੨੧ ਪਾਵਜਾਂ ਵਾਲਾ ਇਕੋ ਸਿਲਾ ਦਾ ਹੈ। ਕੋਈ ਮਲੂਮ ਨਹੀਂ ਕਰ ਸਕਦਾ ਕਿ ਓਹ ਕਿਸੇ ਮੁਲਕ ਦਾ ਪੱਥਰ ਹੈ। ਤੁਰਕ ਕੱਟਨ ਨੂੰ ਬਥੇਰਾ ਜ਼ੋਰ ਲਾ ਚੁਕੇ ਕੱਟਿਆ ਯਾ ਫੋੜਿਆ ਨਹੀਂ ਜਾਂਦਾ। ਬਲੀ ਰਾਜਾ ਦੇ ਜੱਗਜ ਦੀਆਂ ਨਿਸ਼ਾਨੀਆਂ ਕੁੰਡਾਂ ਆਦਿਕ ਅਨੇਕ ਹੁਣ ਤੱਕ ਹਨ ਅਤੇ ਓਹ ਗੁਫ਼ਾ ੪੫ ਗਜ਼ ਲੰਮੀ ੧੫ ਗਜ਼ ਚੌੜੀ ਹੈ। ਜਿੱਥੋਂ ਦੀ ਬਲੀਰਾਜਾ ਨੂੰ ਬਾਵਨ ਅਵਤਾਰ ਨੇ ਪਤਾਲ ਨੂੰ ਧਸਾਯਾ ਸੀ ਆਖਦੇ ਹਨ। ਓਥੋਂ ਦੇ ਕਿਸੇ ਖਾਨ ਨੇ ਕਈ ਹਜ਼ਾਰ ਗਜ਼ ਰੱਸਾ ਤਜਾਰ ਕਰਾ ਕੇ ਓਸ ਨਾਲ ਛਿੱਕਾ ਬੰਨ੍ਹ ਕੇ ਵਹਾਯਾ ਸੀ ਪਰ ਅੰਤ ਨਹੀਂ ਆਯਾ। ਹੁਣ ਓਸ ਦੇ ਗਿਰਦੇ ਆਦਮੀ ੨ ਜੇਡੀ ਕੰਧ ਕਰਾ ਛੱਡੀ ਹੈ। ਓਥੋਂ ਦੀਆਂ ਉਜਾਗਰ ਤੇ ਚੰਗੀਆਂ ਚੀਜ਼ਾਂ ਆੜੂ, ਸੇਉ ਅਧ ਅਧ ਸੇਰ ਪਕੇ ਦੇ, ਕੋਚਕ, ਛੁਹਾਰੇ, ਖੁਰਮਾਨੀਆਂ, ਖਰਬੂਜਾ ਧੜੀ ੨ ਦਾ, ਹਦਵਾਣਾ ਚਾਰ ੨ ਮਣ ਦਾ, ਅਨਾਰ ਅੰਬ ਵਾਂਙੂੰ ਰਸਦਾਰ, ਕਾਗ਼ਜ਼ੀ ਬਦਾਮ, ਐਸੇ ਜਿਸ ਨੂੰ ਝੋਲੀ ਵਿੱਚ ਪਾ ਕੇ ਹਲਾਈਏ ਤਾਂ ਫੁੱਟ ਜਾਣ, ਪਿਸਤਾ, ਬੱਗੂਗੋਸਾ, ਕੋਤਨਲ ਬਹੁਤ ਹੁੰਦੇ ਹਨ। ਇੱਕ ਕਿਸਮ ਦੀ ਮੂਲੀ ਹਾਥੀ ਦੇ ਸੁੰਡ ਜੈਸੀ ਮੋਟੀ ਢਾਈ ਤਿੰਨ ਹੱਥ ਲੰਮੀ ਵੈਸਾਖ ਵਿੱਚ ਆਪਣੇ ਆਪ ਇੱਕ ਜੰਗਲ ਵਿੱਚ ਪੈਦਾ ਹੁੰਦੀ ਹੈ, ਫੁਲਦੀ ਹੈ ਤਾਂ ਅਤਿ ਮਹਿਕਦੀ ਹੈ। ਪਸ਼ੂ, ਪੰਖੀ, ਆਦਮੀ ਓਸ ਦੀ ਬੋ ਨਾਲ ਬੇਹੋਸ਼ ਹੋ ਕੇ ਡਿੱਗ ਪੈਂਦੇ ਹਨ। ਜਦ ਫ਼ੁੱਲ ਝੜ ਜਾਂਦੇ ਹਨ ਤਾਂ ਮੂੰਹ, ਨੱਕ, ਬੰਨ੍ਹ ਕੇ ਆਦਮੀ ਉਸ ਨੂੰ ਪੱਛਦੇ ਹਨ। ਰਸ ਗੂੰਦ ਵਾਂਙੂੰ ਜੰਮ ਜਾਂਦਾ ਹੈ ਓਹ ਅਸਲ ਹਿੰਗੁ ਹੁੰਦੀ ਹੈ। ਓਹ ਹਿੰਦੁਸਤਾਨ ਨਹੀਂ ਆਉਂਦੀ ਠੰਢੇ ਦੇਸਾਂ ਨੂੰ ਜਾਂਦੀ ਹੈ। ਬਾਕੀ ਜੋ ਪੱਤੇ ਡੰਡੇ, ਕੁੱਟ ੨ ਮਸਰਾਂ ਦਾ ਆਟਾ ਮਿਲਾ ਕੇ ਹਿੰਗ ਬਨਦੀ ਹੈ ਓਹ ਹਿੰਦੁਸਤਾਨ ਵਿੱਚ ਆਉਂਦੀ ਹੈ। ਏਥੇ ਦਸਤ ਅਰਜਨ ਨਾਮ ਪਿੰਡ ਵਿੱਚ ਇੱਕ ਕੁੱਤਾ ਬੇਸ਼ੁਮਾਰ ਬਰਸਦਾ ਹੈ ਜਿਸ ਨੂੰ ਤੁਰਕ ਦੇਵਾਂ ਦਾ ਤੇ ਹਿੰਦੂ ਪਾਂਡਵਾਂ ਦਾ ਆਖਦੇ ਹਨ। ਉੱਘੀਆਂ ਚੀਜ਼ਾਂ ਬਲਕ ਦੀਆਂ ਏਹ ਹਨ। ਊਠ ਬਹੁਤ ਮਜਬੂਤ ਦੋ ਦੋ ਬੰਨ੍ਹਾਂ ਵਾਲੇ ਤੇ ਪਸ਼ਮੀਨਾ ਊਠ, ਬੱਕਰੀ, ਦੁੰਬੇ ਦੀ ਜੱਤ ਤਿੰਨ ਚਾਰ ਤਰ੍ਹਾਂ ਦਾ ਹੁੰਦਾ ਹੈ। ਸਮੂਰ ਦਰਿਆਈ ਚੂਹਿਆਂ ਦਾ ਬਹੁਤ ਮਹਿੰਗਾ ਹੈ, ਜਿਸ ਦੀ ਇੱਕ ਪੋਸਤੀਨ ਦੋ ਹਜ਼ਾਰ ਰੁਪੱਯੇ ਨੂੰ ਬਣਦੀ ਹੈ। ਦੂਜਾ ਸਮੂਰ ਜੰਗਲੀ ਚੂਹਜਾਂ ਤੇ ਗਿੱਦੜਾਂ ਲੂੰਬੜਾਂ ਦੀ ਜੱਤ ਦਾ ਸਸਤਾ ਹੈ ੧੫ ਯਾਂ ੨੦ ਰੁਪੱਯੇ ਵਿੱਚ ਓਸ ਦੀ ਪੋਸਤੀਨ ਬਣਦੀ ਹੈ। ਕਾਬਲ ਦਾ ਬਦਾਨਾ ਤੂਤ ਦਰੇ ਕੱਜੇ ਦਾ ਅਨਾਰ ਬਦਾਨਾ, ਦਰੇ ਸ਼ਕਰੇ ਦੇ ਕਾਠੇ ਬਦਾਮ, ਦਰੇ ਹੈਵਕ ਦੀ ਨਾਖ, ਦਰੇ ਪਸ਼ਾਵਰ ਦੇ ਬੀਹ, ਦਰੇ ਛਰਾਕਾਰ ਦੀ ਸਾਉਗੀ, ਅੰਗੂਰ ਕਿਸ ਮਿਸ, ਲਾਲ ਮੇਵਾ, ਅੰਗੂਰ ਮੁਨੱਕਾ, ਅੰਗੂਰ ਹੁਸੈਨੀ, ਸਰਦਾ ਲੰਮਾ, ਗਰਮਾ ਗੋਲ, ਦਰੇ ਕਦਾਮਾਨ ਦਾ ਤੇ ਦਰੇ ਜੁਰਚੀ ਦਾ ਨੇਉਜਾ, ਰਸ਼ਟਮ, ਕਸੀ ਛੁਹਾਰਾ, ਚੁਕਰੀ, ਤੇ ਦਰੇ ਹਸਾਰ ਦਾ ਖਰਬੂਜਾ, ਮੁਹੰਮਦ ਅਲੀ ਖਰਬੂਜਾ, ਕੋਕਚ, ਦਰੇ ਕਰਾਤਾਕ ਦੇ ਹੱਥਜਾਰ (ਏਥੇ ਇੱਕ ਚਸ਼ਮੇਂ ਦੇ ਪਾਣੀ ਦੀ ਤਾਸੀਰ ਹੈ ਓਸ ਵਿੱਚ ਬੁਝਾਏ ਤੋਂ ਪਾਣ ਚੜ੍ਹ ਜਾਂਦੀ ਹੈ) ਦਰੇ ਹਜ਼ਰਤ ਇਮਾਮ ਯਾ ਦਰੇ ਬੁਰਕਜਾ ਦਾ ਘੋੜਾ ਦਰੇ ਬਿਦਖਸ਼ਾਂ ਦਾ ਜਿਸ ਨੂੰ ਲਾਲ ਸ਼ਹਿਰ ਭੀ ਆਖਦੇ ਹਨ ਚੂਨੀ, ਪੰਨਾ, ਫੀਰੋਜ਼ਾ,

ਨੂੰ ਬਲੀ ਰਾਜਾ ਦੀ ਜੱਗਜ ਸ਼ਾਲਾ ਤੇ ਓਹ ਗੁਫ਼ਾ ੧੫ ਗਜ ਚੌੜੀ ੪੫ ਗਜ ਲੰਮੀ ਵਿਖਾਈ ਜਿੱਥੋਂ ਦੀ ਬਾਵਨ ਨੇ ਬਲੀ ਰਾਜਾ ਨੂੰ ਪਤਾਲ ਭੇਜਿਆ ਸੀ। ਓਥੋਂ ਦੇ ਮੁਸਲਮਾਨਾਂ ਨੂੰ ਬਾਬੇ ਜੀ ਨੇ ਸ਼ਬਦ ਸੁਣਾਏ ਤਾਂ ਓਹ ਸਭ ਬਾਬੇ ਦੇ ਸੇਵਕ ਬਣ ਗਏ। ਪਖੰਡ ਛੱਡ ਕੇ ਪ੍ਰਮੇਸ਼੍ਵਰ ਦੀ ਭਗਤੀ ਕਰਨ ਲਗ ਪਏ।

ਬਲਕ ਤੋਂ ਚੱਲ ਕੇ ਸੋਹਾਣ ਸ਼ਹਿਰ ਤੇ ਮਜ਼ਾਰ ਪਿੰਡ ਦੇ ਵਿਚਕਾਰ ਆ ਉੱਤਰੇ। ਚੇਤ ਵਿੱਚ ਓਥੇ ਵੱਡਾ ਭਾਰੀ ਮੇਲਾ ਲਗਦਾ ਹੈ। ਓਥੇ ਇੱਕ ਦੇਗ ਸੱਤ ਧਾਂਤੂ ਦੀ ਢਲੀ ਧਾਂਤੂ ਦੇ ਚੁਲ੍ਹੇ ਉੱਤੇ ਕੋਠੇ ਜੇਡੀ ੩੫ ਹੱਥ ਮੁਰੱਬੇ ਪਈ ਹੈ। ੫੧ ਮਣ ਚਾਵਲ ਵੀਹ ਇੱਕੀ ਦੁੰਬੇ ਓਸ ਵਿੱਚ ਮੇਲੇ ਵਾਲੇ ਦਿਨ ਰਿੱਝਦੇ ਹਨ। ਉਸ ਨੂੰ ਉੱਤਮ ਪ੍ਰਸ਼ਾਦ ਸਮਝ ਕੇ ਓਸ ਦੇਸ ਦੇ ਹਿੰਦੂ ਮੁਸਲਮਾਨ ਸਭ ਲੈ ਜਾਂਦੇ ਹਨ। ਮੁਸਲਮਾਨ ਓਸ ਨੂੰ ਦੇਵਾਂ ਦੀ ਦੇਗ ਤੇ ਹਿੰਦੂ ਬਲੀ ਰਾਜਾ ਦੀ ਯਾਂ ਪਾਂਡਵਾਂ ਦੀ ਦੇਗ ਆਖਦੇ ਹਨ। ਓਸ ਮੇਲੇ ਦਾ ਨਾਮ ਗੁਲੇ ਸੁਰਖ ਦੇਗ ਦਾ ਮੇਲਾ ਹੈ। ਏਹ ਮੇਲਾ ੪੧ ਦਿਨ ਰਹਿੰਦਾ ਹੈ।

ਜਦ ਬਾਬਾ ਜੀ ਓਥੇ ਗਏ ਸ਼ਬਦ ਗਾਵਿਆ ਤਾਂ ਸਾਰਾ ਮੇਲਾ ਏਹਨਾਂ ਦੇ ਗਿਰਦੇ ਆ ਹੋਯਾ। ਸਭ ਨੂੰ ਈਸ਼੍ਵਰ ਦੀ ਭਗਤੀ ਤੇ ਰਜਾਇ ਵਿੱਚ ਰਾਜ਼ੀ ਰਹਣ ਦਾ ਉਪਦੇਸ਼ ਦੇ ਕੇ ਨਿਹਾਲ ਕੀਤਾ। ਜਾਂ ਓਨ੍ਹਾਂ ਨੇ ਖਾਣਾ ਅੱਗੇ ਲਿਆ ਰੱਖਿਆ ਤਾਂ ਬਾਬੇ ਜੀ ਨੇ ਏਹ ਸ਼ਬਦ ਬੋਲਿਆ:

ਮਃ ੧ ॥
ਕਿਆ ਖਾਧੈ ਕਿਆ ਪੈਧੈ ਹੋਇ ॥
ਜਾ ਮਨਿ ਨਾਹੀ ਸਚਾ ਸੋਇ ॥
ਕਿਆ ਮੇਵਾ ਕਿਆ ਘਿਉ ਗੁੜੁ ਮਿਠਾ ਕਿਆ ਮੈਦਾ ਕਿਆ ਮਾਸੁ ॥
ਕਿਆ ਕਪੜੁ ਕਿਆ ਸੇਜ ਸੁਖਾਲੀ ਕੀਜਹਿ ਭੋਗ ਬਿਲਾਸ ॥
ਕਿਆ ਲਸਕਰ ਕਿਆ ਨੇਬ ਖਵਾਸੀ ਆਵੈ ਮਹਲੀ ਵਾਸੁ ॥
ਨਾਨਕ ਸਚੇ ਨਾਮ ਵਿਣੁ ਸਭੇ ਟੋਲ ਵਿਣਾਸੁ ॥੨॥

(ਵਾਰ-ਮਾਝ, ਮਃ ੧ - ੧੪੨)

ਏਹ ਸ਼ਬਦ ਸੁਣ ਕੇ ਬਹੁਤ ਲੋਕ ਗੁਰੂ ਕੇ ਮੁਰੀਦ ਬਨ ਗਏ, ਜਿਨ੍ਹਾਂ ਵਿੱਚੋਂ ਰਜਬਸ਼ਾਹ ਸੱਯਦ ਬੜਾ ਸਿਦਕੀ ਸੱਚਾ ਸੰਤ ਹੋਯਾ। ਓਸ ਦਾ ਚੇਲਾ ਤਗਾਰੇਸ਼ਾਹ ਸਿੱਧ ਪੁਰਖ ਗੁਲੇਸੁਰਖ ਦੇ ਬਾਗ਼ ਵਿੱਚ ਰਹਿੰਦਾ ਹੈ। ਜੋਗ ਅੱਭਜਾਸ ਕਰ ਕੇ ਓਸ ਦੀ ਉਮਰ ਵੱਡੀ ਹੈ। ਓਥੋਂ ਦੇ ਲੋਕ ਉਸ ਦੀ ਉਮਰ ਤਿੰਨ ਸੌ ਬਰਸ ਦੀ ਦੱਸਦੇ ਹਨ।

ਓਸ ਦੇਸ ਵਿੱਚ ਗੁਰੂ ਨਾਨਕ ਜੀ ਨੂੰ ਓਥੋਂ ਦੇ ਲੋਕ ਪੀਰ ਬਲਾਗਰਦਾਨ ਬੋਲਦੇ ਹਨ। ਆਖਦੇ ਸੇ ਕਿ ਏਥੇ ਜਦ ਮੇਲੇ ਦੇ ਸਮੇਂ ਪੀਰ ਬਲਾਗਰਦਾਨ ਆਏ ਤਾਂ ਓਦੂੰ ਪਹਿਲਾਂ ਇੱਕ ਸੌਦਾਗਰ ਨੇ ਏਹ ਦੇਗ ਭਰਨੀ ਸੁੱਖੀ ਹੋਈ ਸੀ। ੫੧ ਊਠਾਂ ਦੇ ਭਾਰ ਚਾਵਲ ਪਾਏ ਤਾਂ ਨਾ ਭਰੀ। ਇੱਕ ਵਾਰੀ ਏਥੇ ਦੇ ਖਾਨ ਨੇ ੧੫੦ ਦੁੰਬੇ ਕੱਟ ਕੇ ਪਾਏ ਸੀ ਤਾਂ ਭੀ ਨਾ ਭਰੀ ਤੇ ਨਾ ਰਿੱਝੀ ਕਿਉਂਕਿ ਏਹ ਮੇਲੇ ਵਿੱਚ ਜੋ ਸੁੱਖਣਾ ਦੇ ਯਾ ਚੜ੍ਹਾਵੇ ਦੇ ਚਾਵਲ ਤੇ ਦੁੰਬੇ ਆਉਂਦੇ ਹਨ ਉਨ੍ਹਾਂ ਨਾਲ ਭਰ ਕੇ ਪਕਾਈ ਜਾਂਦੀ ਹੈ। ਤਾਂ ਪੀਰ ਬਲਾਗਰਦਾਨ ਨੇ ਪੰਜ ਮੁਠੀ ਚਾਵਲਾਂ ਨਾਲ ਭਰ ਦਿੱਤੀ। ਜਦੋਂ ਤੱਕ ਏਥੇ ਸਾਰਾ ਹੀ ਮੇਲਾ ਏਹੋ ਖਾਂਦਾ ਰਿਹਾ, ਮੁੱਕੀ ਨਾ। ਓਹ ਤੁਰ ਗਏ ਤਾਂ ਮੁੱਕੀ।

ਓਸੇ ਮਜਾਰ ਤੋਂ ੪੦ ਕੋਹ ਦੱਖਣ ਵੱਲ ਮੋਮਨਾ ਸ਼ਹਿਰ ਪਰੀਆਂ ਦਾ ਹੈ ਜਿੱਥੇ ਬੁਦਰੀ ਜਮਾਲ ਪਰੀ ਪਾਸ ਤਾਜੁਲਮਲੂਕ ਸ਼ਾਹਜ਼ਾਦੇ ਦਾ ਜਾਣਾ ਗੁਲ ਬਕਾਬਲੀ ਕਿਤਾਬ ਵਿੱਚ ਲਿਖਿਆ ਹੈ। ਮਜਾਰ, ਸੋਹਾਣ ਤੋਂ ਚੱਲ ਕੇ ਕੋਤਲ ਅਬਦੂ ਸ਼ਹਿਰ ਨੂੰ ਦੇਖਦੇ ਹੋਏ ਪਰਬਤ ਲੰਘ ਕੇ ਕੌਲਮ ਸ਼ਹਿਰ ਦਾ

ਤਾਮੜ, ਲਸਨੀਆਂ, ਨੀਲਮ, ਏਹ ਰਤਨ ਬਰਖਾ ਪਈ ਤੋਂ ਪਰਬਤਾਂ ਵਿੱਚੋਂ ਮਿਲਦੇ ਹਨ। ਦਰੇ ਮੇਮਨਾ ਦੇ ਦੁੰਬੇ, ਦਰੇ ਤੁਰਕਮਾਨ ਦੇ ਘੋੜੇ, ਨੌ ਨੌ ਗਿਠ ਉਚੇ ਤੇ ਲੰਮੇ ਬਹੁਤ ਹੁੰਦੇ ਹਨ। ਬਾਕੀ ਕਲੀਚੇ, ਕੁਰਜੀ, ਧੁਸੇ, ਊਠ ਏਥੇ ਬਹੁਤ ਚੰਗੇ ਹੁੰਦੇ ਹਨ। ਦਰੇ ਬੁਕਾਰੇ ਦਾ ਸੋਇਨਾ ਜੋ ਹਾਮੂੰ ਵਿੱਚੋਂ ਨਿੱਕਲਦਾ ਹੈ ਖਰੋਟ ਤੇ ਬਦਾਮ ਕਾਗ਼ਜ਼ੀ ਏਹ ਉਕਤ ਚੀਜ਼ਾਂ ਇਨ੍ਹਾਂ ਅਸਥਾਨਾਂ ਦੀਆਂ ਬਹੁਤ ਚੰਗੀਆਂ ੨ ਮਸ਼ਹੂਰ ਹਨ।

ਮੈਦਾਨ; ਜੋ ਬਹੁਤ ਸੁੰਦਰ ਰਮਣੀਕ ਦੇਸ਼ ਮੇਵਿਆਂ ਦਾ ਘਰ ਹੈ, ਜਾ ਦੇਖਿਆ ਤੇ ਮਰਦਾਨੇ ਨੂੰ ਬਹੁਤ ਸਵਾਦੀ ਮੇਵੇ ਛਕਵਾਏ। ਓਥੋਂ ਖੂਲਮ* ਆ ਉੱਤਰੇ। ਓਥੇ ਰੋਸ਼ਨ ਜ਼ਮੀਰ ਪੀਰ ਨਾਲ ਗੋਸ਼ਟ ਕਰ ਕੇ ਓਸ ਨੂੰ ਬਾਬੇ ਨੇ ਮੁਹੰਮਦ ਦੀ ਸਫਾਤ ਭਰਨ ਦੇ ਕੱਚੇ ਭਰੋਸੇ ਤੋਂ ਹਟਾ ਕੇ ਸੱਚੇ ਪਰਮੇਸ਼੍ਵਰ ਦੀ ਭਗਤੀ ਕਰਨ ਲਾਯਾ। ਓਥੋਂ ਬੁਤ ਬਾਮੀਏ+ ਦਰੇ ਦਾ ਸੈਲ ਕਰਦੇ ਹੋਏ ਜਮਾਲਕ ਦਰੀਆਇ ਲੰਘ ਕੇ ਫੱਗਣ ਮਹੀਨੇ ਸੰਮਤ ੧੫੭੭ ਬਿਕ੍ਰਮੀ ਨੂੰ ਕਾਬਲ ਤੋਂ ਲਹਿੰਦੇ ਦੋ ਮੀਲ (ਜਿਥੇ ਪਹਾੜੀ ਉੱਤੇ ਬਾਗ਼ ਵਿੱਚ ਬਾਬਰ ਬਾਦਸ਼ਾਹ ਦੇ ਮਹੱਲ ਮਸੀਤ ਸੰਗਮਰਮਰ ਦੇ ਬਣੇ ਹੋਏ ਹਨ) ਆ ਬੈਠੇ, ਅੰਮ੍ਰਿਤ ਵੇਲੇ ਰਬਾਬ ਵਜਵਾ ਕੇ ਬਾਬੇ ਤੇ ਮਰਦਾਨੇ ਨੇ ਜਦ ਏਹ ਸ਼ਬਦ ਗਾਵਿਆ:

ਮੰਦਰ ਮਿਟੀ ਸੰਦੜੇ ਪਥਰ ਕੀਤੇ ਰਾਸਿ ਜੀਉ ॥
ਹਉ ਏਨੀ ਟੋਲੀ ਭੁਲੀਅਸੁ ਤਿਸੁ ਕੰਤ ਨ ਬੈਠੀ ਪਾਸਿ ਜੀਉ ॥

(ਸੂਹੀ, ਮਃ ੧ - ੭੬੨)

ਤਾਂ ਬਾਬੇ ਦੀ ਬਾਣੀ ਬਾਬਰ ਬਾਦਸ਼ਾਹ ਨੂੰ (ਜੋ ਸੁਣਦਾ ਸੀ) ਜਾਦੂ ਦੀ ਤਾਸੀਰ ਕਰ ਗਈ ਘੰਡਾ ਹੇੜੇ ਦੇ ਮ੍ਰਿਗ ਵਾਗੂੰ ਮਸਤ ਹੋ ਗਿਆ। ਦਿਨ ਚੜ੍ਹੇ ਆ {ਬਾਬਰ ਦਰਸ਼ਨਾਂ ਨੂੰ ਆਇਆ} ਸਲਾਮ ਕੀਤਾ। ਕੁਛ ਅਸ਼ਰਫੀਆਂ ਤੇ ਰਤਨ ਨਜ਼ਰ ਕੀਤੇ ਤਾਂ ਬਾਬੇ ਜੀ ਨੇ ਏਹ ਸ਼ਬਦ ਸੁਣਾਯਾ:

ੴ ਸਤਿਗੁਰ ਪ੍ਰਸਾਦਿ ॥
ਰਾਗੁ ਸਿਰੀਰਾਗੁ ਮਹਲਾ ਪਹਿਲਾ ੧ ਘਰੁ ੧ ॥
ਮੋਤੀ ਤ ਮੰਦਰ ਊਸਰਹਿ ਰਤਨੀ ਤ ਹੋਹਿ ਜੜਾਉ ॥
ਕਸਤੂਰਿ ਕੁੰਗੂ ਅਗਰਿ ਚੰਦਨਿ ਲੀਪਿ ਆਵੈ ਚਾਉ ॥
ਮਤੁ ਦੇਖਿ ਭੂਲਾ ਵੀਸਰੈ ਤੇਰਾ ਚਿਤਿ ਨ ਆਵੈ ਨਾਉ ॥੧॥
ਹਰਿ ਬਿਨੁ ਜੀਉ ਜਲਿ ਬਲਿ ਜਾਉ ॥
ਮੈ ਆਪਣਾ ਗੁਰੁ ਪੂਛਿ ਦੇਖਿਆ ਅਵਰੁ ਨਾਹੀ ਥਾਉ ॥੧॥ ਰਹਾਉ ॥
ਧਰਤੀ ਤ ਹੀਰੇ ਲਾਲ ਜੜਤੀ ਪਲਘਿ ਲਾਲ ਜੜਾਉ ॥
ਮੋਹਣੀ ਮੁਖਿ ਮਣੀ ਸੋਹੈ ਕਰੇ ਰੰਗਿ ਪਸਾਉ ॥
ਮਤੁ ਦੇਖਿ ਭੂਲਾ ਵੀਸਰੈ ਤੇਰਾ ਚਿਤਿ ਨ ਆਵੈ ਨਾਉ ॥੨॥
ਸਿਧੁ ਹੋਵਾ ਸਿਧਿ ਲਾਈ ਰਿਧਿ ਆਖਾ ਆਉ ॥
ਗੁਪਤੁ ਪਰਗਟੁ ਹੋਇ ਬੈਸਾ ਲੋਕੁ ਰਾਖੈ ਭਾਉ ॥
ਮਤੁ ਦੇਖਿ ਭੂਲਾ ਵੀਸਰੈ ਤੇਰਾ ਚਿਤਿ ਨ ਆਵੈ ਨਾਉ ॥੩॥
ਸੁਲਤਾਨੁ ਹੋਵਾ ਮੇਲਿ ਲਸਕਰ ਤਖਤਿ ਰਾਖਾ ਪਾਉ ॥
ਹੁਕਮੁ ਹਾਸਲੁ ਕਰੀ ਬੈਠਾ ਨਾਨਕਾ ਸਭ ਵਾਉ ॥
ਮਤੁ ਦੇਖਿ ਭੂਲਾ ਵੀਸਰੈ ਤੇਰਾ ਚਿਤਿ ਨ ਆਵੈ ਨਾਉ ॥੪॥੧॥

(ਸਿਰੀਰਾਗੁ, ਮਃ ੧ - ੧੪)

---

*ਖੂਲਮ ਤੋਂ ੧੫ ਕੋਸ ਪੂਰਬ (ਚੜ੍ਹਾਵਦੇ) ਪਹਾੜ ਵਿੱਚ ਇੱਕ ਗਊ ਵਰਗੀ ਪਹਾੜੀ ਦੀ ਸ਼ਕਲ ਵਿੱਚੋਂ ਜਲ ਦੀ ਧਾਰਾ ਨਿਕਲਦੀ ਹੈ। ਓਸ ਨੂੰ ਹਿੰਦੂ ਤੁਰਕ ਸਭ ਗੰਗੋਤ੍ਰੀ ਬੋਲਦੇ ਹਨ। ਓਹ ਧਾਰਾ ਬਹੁਤ ਮੋਟੇ ਲਾਲ ਪੱਥਰ ਦੇ ਸ਼ਿਵਲਿੰਗ ਉੱਤੇ ਪੈਂਦੀ ਹੈ ਵੈਸਾਖੀ ਤੇ ਰੱਖੜੀ ਨੂੰ ਮੇਲਾ ਭਰਦਾ ਹੈ। ਏਸੇ ਤਰ੍ਹਾਂ ਹਸਾਰ ਦੇ ਮੁਲਕ ਵਿੱਚ 'ਦੀਨ' ਸ਼ਹਿਰ ਦੇ ਪਾਸ ਅਰਥਾਤ ਨਾਮ ਦੇਵੀ ਦੀ ਗੁਫ਼ਾ ਵਿੱਚ ਠੰਢੇ ਠਾਰ ਜਲ ਦੀ ਧਾਰ ਨਿਕਲਦੀ ਹੈ। ਪਰ ਕਣਕ ਚਾਵਲ ਸਾਫੇ ਵਿੱਚ ਬੰਨ੍ਹ ਕੇ ਉਸ ਪਾਣੀ ਵਿੱਚ ਪਾਈਏ ਤਾਂ ਛੇਤੀ ਹੀ ਰਿੱਝ ਜਾਂਦੇ ਹਨ। ਨੁਰਾਤਿਆਂ ਵਿੱਚ ਮੇਲਾ ਲੱਗਦਾ ਹੈ ਹਿੰਦੂ ਮੁਸਲਮਾਨ ਸਭ ਮੰਨਤਾਂ ਕਰਦੇ ਹਨ।

+ਬੁਤ ਬਾਮੀਏ ਦੇ ਪਰਬਤ ਨਾਲ ਪੰਜ ਮਰਦ, ਇੱਕ ਤੀਵੀਂ ਦੀਆਂ ਬੀਸ ਬੀਸ ਹੱਥ ਉਚੀਆਂ ਤੇ ਚੌੜੀਆਂ ਮੂਰਤਾਂ ਪਰਬਤ ਵਿੱਚ ਉੱਕਰੀਆਂ ਹੋਈਆਂ ਹਨ, ਹਿੰਦੂ ਪਾਂਡਵਾਂ ਦੀਆਂ ਤੇ ਤੁਰਕ ਦੇਵਾਂ ਦੀਆਂ ਆਖਦੇ ਹਨ॥ ਏਨ੍ਹਾਂ ਨੂੰ ਮੀਰ ਤੋੜਨ ਲੱਗਾ ਸੀ ਤਾਂ ਓਸ ਨੂੰ ਵਿਘਨ ਪੈ ਗਿਆ॥ ਤਦ ਤੋਂ ਡਰਦਾ ਹੁਣ ਕੋਈ ਹੱਥ ਨਹੀਂ ਲਾਂਵਦਾ॥ ਏਥੋਂ ੭ ਕੋਹ ਉੱਤਰ ਵਲ ਇੱਕ ਚਸ਼ਮੇ ਦਾ ਪਾਣੀ ਹੈ ਕਿ ਚੁਲੀਆਂ ਕਰਨ ਨਾਲ ਦੰਦਾਂ ਤੇ ਦਾੜ੍ਹਾਂ ਦੀ ਸਭ ਬੀਮਾਰੀ ਦੂਰ ਹੁੰਦੀ ਹੈ। ਓਥੇ ਇੱਕ ਬੂਟੀ ਹੈ ਜੋ ਸਿਰ ਬੰਨ੍ਹਣ ਨਾਲ ਦਾਹੜ ਤੇ ਸਿਰ ਦੁਖਦੇ ਨੂੰ ਆਰਾਮ ਹੁੰਦਾ ਹੈ। ਏਥੇ ਉਸ ਨੂੰ ਅਪਾ ਮਾਰਗ ਆਖਦੇ ਹਨ॥

ਇਹ ਸ਼ਬਦ ਸੁਣ ਕੇ ਚਰਨ ਫੜ ਲਏ ਤੇ ਆਖਯਾ, "ਜੀ ਤੁਸੀਂ ਤਾਂ ਖੁਦਾਇ ਦਾ ਰੂਪ ਹੋ। ਬਚਨ ਕਰੋ ਮੈਂ ਹਿੰਦੁਸਤਾਨ ਦਾ ਬਾਦਸ਼ਾਹ ਹੋਵਾਂ, ਤਾਂ ਪਰਜਾ ਨੂੰ ਬਹੁਤ ਸੁਖ ਨਯਾਉਂ ਦੇਵਾਂ। ਕਿਉਂਕਿ ਲੋਦੀ ਪਠਾਣ ਹਿੰਦ ਦੇ ਹਾਕਮ ਅਤਿ ਅੱਨਯਾਈ ਪਰਜਾ ਨੂੰ ਦੁਖਦਾਈ ਹੋ ਰਹੇ ਹਨ ਜਿਸ ਕਰ ਕੇ ਬਹੁਤ ਹਿੰਦੂ ਰਾਜੇ ਦੁਖੀ ਹੋ ਕੇ ਮੇਰੇ ਪਾਸ ਆਏ ਬੈਠੇ ਹਨ। ਦੋ ਹੱਲੇ ਹਿੰਦ ਉੱਤੇ ਮੈਂ ਕੀਤੇ ਫਤੇ ਨਹੀਂ ਹੋਈ। ਤੁਸੀਂ ਬਚਨ ਕਰੋ ਫਤੇ ਹੋਵੇ।" ਬਾਬਾ ਜੀ ਤਾਂ ਏਮਨਾਬਾਦ ਲਾਲੋ ਦੇ ਪਰਥਾਇ ਮੁਗਲਾਂ ਦੀ ਜਿੱਤ ਦਾ ਤੇ ਪਠਾਨਾਂ ਦੀ ਹਾਰ ਦਾ ੧੦ ਬਰਸ ਪਹਿਲੇ ਹੀ ਸ਼ਬਦ ਉਚਾਰ ਚੁੱਕੇ ਸੇ। ਬਚਨ ਕੀਤਾ, "ਕਰਤਾਰ ਫਤੇ ਦੇਵੇਗਾ।" ਬਾਦਸ਼ਾਹ ਬੜਾ ਖ਼ੁਸ਼ ਹੋਇਆ। ਜਿੱਥੇ ਬੈਠੇ ਸੇ ਉਥੇ ਹੁਣ ਪੱਕਾ ਥੜਾ ਬਾਬੇ ਦਾ ਹੈ।

ਉਥੋਂ ਉੱਠ ਕੇ ਮਹਾਰਾਜ ਕਾਬਲ ਸ਼ਹਿਰ ਵਿੱਚ; ਜਿੱਥੇ ਹੁਣ ਗੁਰੂ ਜੀ ਦੀ ਧਰਮਸਾਲਾ ਹੈ, ਜਾ ਠਹਿਰੇ। ਸ਼ਬਦ, ਸਾਖੀ, ਉਪਦੇਸ਼ ਦੇ ਕਰ ਅਨੰਤ ਜੀਵਾਂ ਦਾ ਉਧਾਰ ਕੀਤਾ। ਉਥੋਂ ਉੱਤ੍ਰ ਦਿਸ਼ਾ ਲੁੰਡੇ ਯਾਂ ਟੁੰਡੇ ਦਰਯਾ ਤੋਂ ਪਾਰ ਹੋ ਆਸਾ ਮਾਈ ਦੀ ਟੇਕਰੀ ਨੂੰ ਦੇਖ ਕੇ ਕਾਬਲੋਂ ੯ ਕੋਹ ਅਸਕਰਾ ਨਾਮ ਪਹਾੜ ਉਤੇ; ਜਿੱਥੇ ਹੁਣ ਗੁਰੂ ਕਾ ਕੋਠਾ ਤੇ ਚਸ਼ਮਾ ਹੈ, ਜਾ ਉੱਤਰੇ। ਲੋਕਾਂ ਨੇ ਸੇਵਾ ਸਤਿਸੰਗ ਬਹੁਤ ਕੀਤਾ। ਗੁਰੂ ਜੀ ਉਨ੍ਹਾਂ ਦੇ ਸਤਿਸੰਗ ਕਰਨ ਲਈ ਇੱਕ ਬੰਦੇ ਨੂੰ ਆਪਣਾ ਰੰਗ ਦੇ ਕੇ ਤੁਰਨ ਲੱਗੇ। ਤਾਂ ਉਨ੍ਹਾਂ ਆਖਯਾ, "ਫੇਰ ਦਰਸ਼ਨ ਕਦ ਹੋਣਗੇ?" ਤਾਂ ਬਾਬੇ ਜੀ ਨੇ ਇੱਕ {ਕਾਬਲ ਵਾਸੀਆਂ ਨੂੰ ਪੋਥੀ ਬਖ਼ਸ਼ੀ} ਪੋਥੀ ਉਨ੍ਹਾਂ ਨੂੰ ਬਖ਼ਸ਼ੀ ਜਿਸ ਦੇ ਦਰਸ਼ਨ ਹੁਣ ਹੁੰਦੇ ਹਨ ਤੇ ਵਿਸਾਖੀ ਦਾ ਮੇਲਾ ਭਰਦਾ ਹੈ। ਹਿੰਦੂ ਮੁਸਲਮਾਨ ਸਭ ਗੁਰੂ ਕੀ ਮੰਨਤ ਦਾ ਕੜਾਹ ਨੌਚੰਦੇ ਐਤਵਾਰ ਨੂੰ ਕਰਾਉਂਦੇ ਹਨ। ਆਖਦੇ ਹਨ ਪੰਜਾ ਲੱਗਦਾ ਹੈ। ਫੇਰ ਲੁੰਡੇ ਦਰਿਯਾ ਦੇ ਨਿਕਾਸ ਦੀ ਗੁਫ਼ਾ ਵਿੱਚ ਜੋ ਇੱਕ ਸਿੱਧ ਰਹਿੰਦਾ ਸੀ, ਉਸ ਨੂੰ ਜਾ ਮਿਲੇ। ਚਰਚਾ ਹੋਈ। ਸ਼ਕਤੀ ਦੇਖੀ ਤਾਂ ਓਸ ਦਾ ਹੰਕਾਰ ਟੁੱਟ ਗਿਆ। ਉਥੇ ਚਾਰ ਮਣ ਪੱਕੇ ਲਾਲ ਪੱਥਰ ਦਾ ਗੋਲਾ ਪਿਆ ਹੈ। ਹਿੰਦੂ ਉਸ ਨੂੰ ਨਰ ਸਿੰਘ ਜੀ ਤੇ ਮੁਸਲਮਾਨ ਗੋਲ ਮੋਲ ਪੀਰ ਆਖਦੇ ਹਨ। ਮੰਨਤ ਉਸ ਦੀ ਸਭ ਕਰਦੇ ਹਨ। ਆਖਦੇ ਹਨ ਕਈ ਵਾਰੀ ਤੁਰਕ ਦਰਿਆ ਵਿੱਚ ਸਿੱਟ ਆਏ ਹਨ। ਪਰ ਫੇਰ ਉਹ ਬਾਬੇ ਜੀ ਦੇ ਕੋਠੇ ਅੱਗੇ ਆਪੇ ਆ ਜਾਂਦਾ ਹੈ।

ਏਦੂੰ ਅੱਗੇ ਕਾਬਲੋਂ ੨੫ ਕੋਹ ਜੋ ਘੜੂਕਾ ਨਾਮ ਬਾਬੇ ਦੀ ਮਸ਼ਹੂਰ ਜਗ੍ਹਾ ਹੈ ਉਸ ਪਹਾੜੀ ਉੱਤੇ ਹਸਾਰ ਦੇਸ ਦਾ ਅਮੀਰ ਫ਼ਕੀਰ ਘੜੂਕਾ {ਘੜੂਕਾ ਫ਼ਕੀਰ} ਨਾਮ ਬੈਠਾ ਤਪ ਕਰਦਾ ਸੀ ਬੋਲਦਾ ਨਹੀਂ ਸੀ। ਪ੍ਰਤੱਗਯਾ ਕਰ ਰੱਖੀ ਸੀ ਕਿ ਜੋ ਕੋਈ ਮੈਨੂੰ ਬੁਲਾ ਲਏਗਾ ਉਸ ਨੂੰ ਮੈਂ ਮੁਰਸ਼ਦ ਕਰਾਂਗਾ। ਅਨੇਕ ਪੀਰ ਫ਼ਕੀਰ ਆਏ ਪਰ ਓਹ ਨਾ ਬੋਲਯਾ। ਬਾਬੇ ਜੀ ਨੇ ਜਾ ਕੇ ਸ਼ਬਦ ਗਾਵਿਆ ਤਾਂ ਉਸ ਦਾ ਮਨ ਖਿੱਚਿਆ ਗਿਆ, ਆਪੇ ਬੋਲ ਪਿਆ। ਬਾਬੇ ਜੀ ਦੇ ਚਰਨ ਆ ਫੜੇ। ਉਪਦੇਸ਼ ਲੀਤਾ। ਉਸ ਦੇ ਸੇਵਕਾਂ ਨੇ ਖ਼ੁਸ਼ੀ ਦੇ ਵਾਜੇ ਵਜਾਏ। ਬਾਬਾ ਜੀ ਟੁਰਨ ਲੱਗੇ ਤਾਂ ਫ਼ਕੀਰ ਨੇ ਅਰਜ਼ ਕੀਤੀ ਕਿ ਫੇਰ ਕਦੋਂ ਦਰਸ਼ਨ ਦਿਓਗੇ? ਤਾਂ ਗੁਰੂ ਜੀ ਬੋਲੇ, "ਜਦੋਂ ਤੂੰ ਯਾਦ ਕਰੇਂਗਾ।" ਲੋਕਾਂ ਆਖਯਾ, "ਸਾਨੂੰ ਕੀਕੂੰ ਖ਼ਬਰ ਹੋਊ?" ਬਾਬੇ ਜੀ ਆਖਯਾ, "ਕੁਦਰਤੀ ਵਾਜੇ ਵੱਜਿਆ ਕਰਨਗੇ।" ਹੁਣ ਉਥੇ ਹਰ ਪੁੰਨਯਾਂ ਨੂੰ ਮੇਲਾ* ਭਰਦਾ ਹੈ, ਲੋਕ ਦੂਰੋਂ ਦੂਰੋਂ ਆਂਵਦੇ ਹਨ।

ਘੜੂਕੇ ਤੋਂ ਅੱਗੇ ਫਰੇ ਸ਼ਹਿਰ ਹੁੰਦੇ ਹੋਏ ਹਜ਼ਾਰੇ ਮੁਲਕ ਵਿੱਚ ਹਜ਼ਾਰੇ ਪਰਬਤ ਦੇ ਨਿਵਾਸੀ ਲੋਕਾਂ ਨੂੰ ਦਰਸ਼ਨ ਜਾ ਦਿੱਤਾ। ਉਨ੍ਹਾਂ ਵਿੱਚ ਚੋਰੀ, ਯਾਰੀ, ਠਗੀ ਬਖੀਲੀ ਤਾਂ ਅੱਗੇ ਹੀ ਨਹੀਂ ਸੀ ਤੇ ਨਾ

*ਏਥੇ ਰੇਤ ਦਾ ਟਿਬਾ ਮੀਲ ਭਰ ਉੱਚਾ ਪਹਾੜੀ ਦੇ ਨਾਲ ਕੰਧ ਵਾਂਗੂੰ ਹੈ। ਹੋਰ ਕਿਤੇ ਰੇਤਾ ਨਹੀਂ ਸੰਗਤ ਜਾਂਦੀ ਹੈ। ਘੜੂਕੇ ਦੇ ਦਰਸ਼ਨ ਕਰ ਮੁੜ ਅਧ ਵਿੱਚ ਟਿਬੇ ਤੇ ਆ ਕੇ ਜਦ ਬਾਬੇ ਦਾ ਜੈਕਾਰਾ ਬੋਲਦੀ ਹੈ, ਤਾਂ ਕੁਦਰਤੀ ਵਾਜੇ ਵਜਦੇ ਹਨ। ਸਾਰੇ ਲੋਕ ਖ਼ੁਸ਼ੀ ਹੋ ਕੇ ਰੇਤੇ ਨੂੰ ਪੈਰਾਂ ਨਾਲ ਹੇਠਾਂ ਢਾਲਦੇ ਹਨ, ਲੇਟਦੇ ਹਨ। ਰਾਤ ਨੂੰ ਰੇਤਾ ਢਾਲ ਆਂਵਦੇ ਹਨ। ਅੰਮ੍ਰਿਤ ਵੇਲੇ ਦੇਖਦੇ ਹਨ ਤਾਂ ਫੇਰ ਉੱਪਰ ਚੜ੍ਹਯਾ ਹੋਇਆ ਹੁੰਦਾ ਹੈ। ਘੋੜਿਆਂ ਦੇ ਸੁੰਬ ਲੱਗੇ ਹੋਏ ਦੇਖਦੇ ਹਨ, ਤਾਂ ਯਾਤ੍ਰਾ ਸਫ਼ਲ ਮੰਨਦੇ ਹਨ।

ਹੀ ਕਿਸੇ ਮਜ਼ਬ ਦੀ ਜੰਜੀਰ ਵਿੱਚ ਬਧੇ ਹੋਏ ਸੇ। ਬਾਬੇ ਜੀ ਦੇ ਸੱਚੇ ਉਪਦੇਸ਼ ਨੂੰ ਐਸਾ ਧਾਰਨ ਕੀਤਾ ਕਿ ਪੰਜਾਬ ਵਿੱਚ ਵੀ ਉਹੋ ਜੇਹੇ ਸਿਦਕੀ ਸਿੱਖ ਥੋੜੇ ਹਨ।

ਓਹ ਮੁਰੀਦ ਨਾਨਕ ਵਲੀ ਦੇ ਸਦਾਉਂਦੇ ਹਨ। ਉਨ੍ਹਾਂ ਦੇ ਪ੍ਰੇਮ ਦੇ ਅਧੀਨ ਬਾਬਾ ਜੀ ਦੋ ਮਹੀਨੇ ਉਥੇ ਰਹੇ। ਉਨ੍ਹਾਂ ਨੂੰ ਨਿਹਾਲ ਕੀਤਾ। ਉਹ ਹਿੰਦੂ ਮੁਸਲਮਾਨ ਨਹੀਂ ਦੋਹਾਂ ਤੋਂ ਵੱਖਰੇ ਹਨ। ਹਜਾਰੇ ਸਦੀਂਦੇ ਹਨ। ਜੇ ਕੜਾਹ ਪ੍ਰਸ਼ਾਦ ਉੱਤੇ ਪੰਜਾ ਉਥੇ ਲਗਦਾ ਹੈ ਤਾਂ ਵਰਤਦਾ ਹੈ, ਨਹੀਂ ਤਾਂ ਦੱਬ ਦਿੰਦੇ ਹਨ।

ਫੇਰ ਹੋਰ ਹੋਰ ਮੁਲਕਾਂ ਦਾ ਸੈਲ ਕਰਦੇ ਹੋਏ ਨੌ ਨਗਰ ਹਾਰ ਨਾਮ ਪਹਾੜ ਦੇ ਪਰਗਣੇ ਵਿੱਚ ਜਿੱਥੇ ਹੁਣ ਸੁਲਤਾਨਪੁਰ ਪਿੰਡ ਦੇ ਪਾਸ (ਇਕ ਚਸ਼ਮਾ ਬਾਬੇ ਦਾ, ਇੱਕ ਭਾਈ ਬਾਲੇ ਦਾ, ਇੱਕ ਭਾਈ ਮਰਦਾਨੇ ਦਾ, ਤਿੰਨੇ ਚਸ਼ਮੇ ਇੱਕ ਧਰਮਸ਼ਾਲਾ ਹੈ) ਜਾ ਠਹਿਰੇ। ਉਥੇ ਹੁਣ ਬੇਦੀ ਕਰਮ ਸਿੰਘ ਰਹਿੰਦਾ ਹੈ ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਭੀ ਹੁੰਦਾ ਹੈ। ਇਥੇ ਇੱਕ ਅਬਦੁਲ ਗੌਸ ਵੱਡੇ ਅਜ਼ਮਤੀ, ਹੰਕਾਰੀ ਫ਼ਕੀਰ ਪਾਸ ਪਹਾੜੀ ਉੱਤੇ ਜਲ ਸੀ। ਮਰਦਾਨਾ ਜਲ ਲੈਣ ਗਿਆ ਤਾਂ ਉਸ ਨੇ ਜਲ ਦੀ ਥਾਂ ਝਿੜਕਾਂ ਦਿੱਤੀਆਂ। ਮਰਦਾਨਾ ਰੋਂਦਾ ਆਇਆ ਤਾਂ ਬਾਬੇ ਆਖਿਆ ਤੈਨੂੰ ਕਰਤਾਰ ਪਾਸੋਂ ਤਿੰਨ ਚਸ਼ਮੇ ਲੈ ਦਿੰਦੇ ਹਾਂ। ਤਦੋਂ ਹੀ ਜਲ ਫੁੱਟ ਕੇ ਵਹਿ ਤੁਰਿਆ। ਹੁਣ ਹਿੰਦੂ ਮੁਸਲਮਾਨ ਓਹੋ ਜਲ ਵਰਤਦੇ ਹਨ ਤੇ ਬਾਬੇ ਨੂੰ ਮੰਨਦੇ ਹਨ।

ਭਾਈ ਮਰਦਾਨੇ ਨੇ ਆਖਿਆ, "ਜੀ! ਏਥੇ ਲਾਲ ਕਾਫਰਾਂ ਦਾ ਮੁਲਕ ਹੈ ਓਹ ਭੀ ਦਿਖਾਓ।" ਬਾਬਾ ਜੀ ਬੋਲੇ, "ਚੱਲ ਭਾਈ! ਓਹ ਭੀ ਦੇਖ ਲੈ।" ਸੁਲਤਾਨਪੁਰੋਂ ਚੱਲ ਕੇ ਇੱਕ ਪਰਬਤ ਉੱਤੇ ਗਏ ਤਾਂ ਸਭ ਲੋਗ ਦਾੜ੍ਹੀ ਕੇਸਾਂ ਵਾਲੇ ਇਸਤ੍ਰੀ ਮਰਦ ਚੰਮ ਦੇ ਚੋਲੇ ਪਾਈ ਫਿਰਦੇ ਤੇ ਤੀਰ ਕਮਾਨ ਸਭ ਦੇ ਪਾਸ ਦੇਖੇ। ਬਾਬੇ ਜੀ ਨੇ ਆਖਿਆ, "ਭਾਈ ਮਰਦਾਨਿਆ! ਏਹੋ ਲਾਲ ਕਾਫਰ ਹਨ। ਜਦ ਅਰਜਨ, ਭੀਮ ਸੈਨ, ਅਸ੍ਵਮੇਧ ਜੱਗ ਦਾ ਘੋੜਾ ਫੇਰਦੇ ਹੋਏ ਏਸ ਦੇਸ ਆਏ ਤਾਂ ਓਹ ਆਪ ਤਾਂ ਅੱਗੇ ਨਿੱਕਲ ਗਏ। ਪਰ ਬਰਫ ਪੈਣ ਨਾਲ ਉਨ੍ਹਾਂ ਦੀ ਫੌਜ ਜੇਹੜੀ ਪਿੱਛੇ ਰਹਿ ਗਈ ਸੀ, ਕੁੱਝ ਤਾਂ ਮਰ ਗਈ ਤੇ ਬਾਕੀ ਜੋ ਰਹੀ ਸੋ ਏਥੇ ਹੀ ਵੱਸ ਗਈ। ਕਈ ਸੌ ਕੋਸ ਵਿੱਚ ਦੇਸ ਇਨ੍ਹਾਂ ਨੇ ਮੱਲ ਰੱਖਿਆ ਹੈ। ਸੁਤੰਤ੍ਰ ਹਨ, ਕਿਸੇ ਦੇ ਤਾਬੇਦਾਰ ਕਦੇ ਨਹੀਂ ਹੋਏ। ਬੱਕਰੀਆਂ ਦੁੰਬੀਆਂ ਬਹੁਤ ਰੱਖਦੇ ਹਨ। ਉਹਨਾਂ ਦੀ ਖੱਲ ਦੇ ਰੰਗ ਦੇ ਕੱਪੜੇ ਬਣਾ ਰੱਖਦੇ ਹਨ ਤੇ ਮਾਸ ਖਾ ਲੈਂਦੇ ਹਨ। ਖੇਤੀ ਥੋੜ੍ਹੀ ਕਰਦੇ ਹਨ। ਮਜ਼ਬ ਹੋਰ ਕੋਈ ਨਹੀਂ, ਇੱਕ ਰੱਬ ਨੂੰ ਮੰਨਦੇ ਹਨ। ਮੋਏ ਦਾ ਸ਼ੋਕ ਨਹੀਂ, ਜੰਮੇਂ ਦੀ ਖ਼ੁਸ਼ੀ ਨਹੀਂ। ਮੋਏ ਹੋਏ ਨੂੰ ਨਦੀ ਵਿੱਚ ਯਾ ਖੱਡ ਵਿੱਚ ਸਿੱਟ ਦਿੰਦੇ ਹਨ।" ਬਾਬੇ ਜੀ ਨੇ ਉਹਨਾਂ ਨੂੰ ਦੇਖਿਆ ਤਾਂ ਉਹ ਪਾਸ ਆ ਗਏ। ਦਰਸ਼ਨ ਕਰ ਬਚਨ ਸੁਣ ਬੜੇ ਖ਼ੁਸ਼ ਹੋਏ। ਚੰਗੇ ਚੰਗੇ ਮੇਵੇ ਲਿਆ ਦਿੱਤੇ। ਰੱਖਣ ਨੂੰ ਬਥੇਰਾ ਜ਼ੋਰ ਲਾਯਾ ਪਰ ਬਾਬਾ ਜੀ ਚਤ੍ਰਾਲ ਦੇ ਇਲਾਕੇ ਦਾ ਝਾਕਾ ਲੈਂਦੇ ਹੋਏ ਤੁਰਬਤ, ਕੂੰਬਟ, ਪੰਜਕੌੜਾ, ਸੁਵਾਂਤਾ, ਲਾਲ ਪੁਰ ਨੂੰ ਹੁੰਦੇ ਹੋਏ ਦਰੇ ਚੱਕ ਨੂੰ ਆ ਨਿੱਕਲੇ। ਏਥੇ ਪੀਰ ਔਜ ਕਬੀਰ ਨਾਲ ਬਹੁਤ ਗਜਾਨ ਚਰਚਾ ਹੋਈ। ਏਥੋਂ ਦੇ ਸਭ ਲੋਕ ਬਾਬੇ ਜੀ ਦੇ ਸੇਵਕ ਬਣ ਗਏ। ਤਦੇ ਹੀ ਚੱਕ ਦੇ ਦਰੇ ਵਿੱਚ ਨਾਨਕ ਵਲੀ ਦੀ ਮੰਨਤ ਹੈ। ਦਰੇ ਚੱਕ ਤੋਂ ਮਾਲਾ ਕੰਡ, ਜਲਾਲਾ ਬਾਦ, ਪੇਸ ਬਲਾਕ, ਬਸੌਲ ਜਮਰੌਦ, ਬਾਲ ਪੁਰ ਢਕਾ, ਅਲੀ ਮਸੀਤ, ਦਰੇ ਖੈਬਰ ਨੂੰ ਹੋ ਕੇ ਅਨੇਕ ਪੁਰਖਾਂ ਦਾ ਭਲਾ ਕਰ ਦਿਦਾਰ ਝਾਕਾ ਲੈਂਦੇ ਹੋਏ ਪਸ਼ਾਵਰ ਸ਼ੈਹਰ ਗੰਜ ਮਹੱਲੇ ਆ ਬਿਰਾਜੇ, ਜਿੱਥੇ ਹੁਣ ਸਿਰੀ ਚੰਦ ਜੀ ਦੀ ਧਰਮਸਾਲਾ ਸਦਾਵੰਦੀ ਹੈ ਤੇ ਆਯਾ ਸਿੰਘ ਨੇ ਚੰਗੀ ਸਤਸੰਗ ਦੀ ਰੌਣਕ ਕਰ ਰੱਖੀ ਹੈ। ਬਾਬੇ ਜੀ ਦਾ ਸ਼ਬਦ ਤੇ ਭਾਈ ਮਰਦਾਨੇ ਦਾ ਰਬਾਬ; ਜੋ ਕੁਦਰਤੀ 'ਕਰਤਾਰ' 'ਕਰਤਾਰ' ਅਵਾਜ਼ ਕੱਢਦਾ ਸੀ, ਸੁਣ ਕੇ ਇਸਤ੍ਰੀ ਪੁਰਖ ਸਭ ਗੁਰੂ ਕੇ ਸੇਵਕ ਬਣ ਗਏ। ਉਥੋਂ ਲੰਡੇ ਦਰਿਆ ਦੇ ਕੰਢੇ ਕੰਢੇ ਨੁਸ਼ੈਹਰੇ ਆ ਠਹਿਰੇ। ਅਨੇਕਾਂ ਨੂੰ ਭਗਤੀ ਭਾਵ ਬਖਸ਼ਿਆ। ਹੁਣ ਉਥੇ ਭਾਈ ਹਰੀ ਸਿੰਘ ਵਾਲੀ ਧਰਮਸਾਲ ਸੱਚਮੁਚ ਧਰਮ ਦਾ ਅਸਥਾਨ ਹੈ।

ਉਥੋਂ ਅੱਗੇ ਹੋਤੀ ਮਰਦਾਨ ਨੂੰ ਦੇਖਦੇ ਹੋਏ ਖੈਰਾਬਾਦ ਇੱਕ ਫ਼ਕੀਰ ਨਾਲ ਬਹੁਤ ਚਰਚਾ ਹੋਈ। ਉਸ ਨੂੰ ਅਗਜਾਨ ਦੇ ਖੂਹ ਵਿੱਚੋਂ ਕੱਢ ਸੁਖੀ ਕੀਤਾ। ਬਾਬਾ ਜੀ ਨੇ ਖੈਰਾਬਾਦ ਥੀਂ ਚੱਲ ਕੇ ਅਟਕ ਦਰਿਆ ਪਾਰ ਹੋ ਵੈਸਾਖ ਸੰਮਤ ੧੫੭੮ ਬਿਕ੍ਰਮੀ ਨੂੰ ਹਸਨ ਅਬਦਾਲ ਪਿੰਡ ਪਹੁੰਚ; ਜੋ ਹੁਣ {ਪੰਜਾ ਸਾਹਿਬ} ਪੰਜਾ ਸਾਹਿਬ ਉੱਘਾ ਹੈ, ਇੱਕ ਪਿਪਲ ਦੀ ਠੰਢੀ ਛਾਂ ਹੇਠ ਆ ਡੇਰਾ ਲਾਯਾ। ਗੁਰੂ ਜੀ ਦੀ ਸ਼ਕਤੀ ਦੇਖ ਤੇ ਮਨਮੋਹਣੀ ਬਾਣੀ ਸੁਣ ਸੁਣ ਲੋਕ ਸੇਵਕ ਹੋਣ ਲਗ ਪਏ। ਉਪਦੇਸ਼ ਦੇ ਤਿਹਾਏ ਦੂਰੋਂ ਦੂਰੋਂ ਲੋਕ ਆਵਣ ਲਗੇ। ਉਥੇ ਇੱਕ {ਵਲੀ ਕੰਧਾਰੀ} 'ਵਲੀ ਕੰਧਾਰੀ' ਨਾਮੇ ਫ਼ਕੀਰ ਦੇਸ ਵਿੱਚ ਮੰਨਿਆ ਹੋਇਆ ਓਸ ਪਹਾੜੀ ਉੱਤੇ ਰਿਹਾ ਕਰਦਾ ਸੀ। (ਜਿੱਥੇ ਹੁਣ ਉਸ ਦਾ ਮਕਾਨ ਹੈ) ਉਸ ਨੂੰ ਬਾਬੇ ਦੀ ਮੰਨਤਾ ਹੁੰਦੀ ਦੇਖ ਕੇ ਗੱਚ ਤਾਂ ਬਥੇਰਾ ਚੜ੍ਹੇ, ਪਰ ਪੇਸ਼ ਕੁੱਝ ਨਾ ਜਾਵੇ। ਇੱਕ ਦਿਨ ਮਰਦਾਨਾ ਉਸ ਦੇ ਕੁਦਰਤੀ ਚਸ਼ਮੇ ਦਾ ਪਾਣੀ ਪੀਣ ਓਸ ਪਾਸ ਗਿਆ ਤਾਂ ਓਨ ਨਾਲੇ ਮਾਰਿਆ ਤੇ ਨਾਲੇ ਪਾਣੀ ਨਾ ਪੀਣ ਦਿੱਤਾ। ਮਰਦਾਨਾ ਨਿੰਮੋਤਾਣਾ ਤਿਹਾਯਾ ਦੁੱਖ ਪਾ ਕੇ ਗੁਰੂ ਜੀ ਪਾਸ ਆ ਰੋਇਆ ਤਾਂ ਬਾਬੇ ਜੀ ਆਖਿਆ, "ਭਾਈ ਤੁਸਾਂ ਓਸ ਦਾ ਜਲ ਕਿਉਂ ਪੀਣਾਂ ਹੈ? ਤੁਹਾਡੇ ਲਈ ਤਾਂ ਈਸ਼੍ਵਰ ਨੇ ਪਹਲੇ ਹੀ ਸਭੋ ਕੁੱਝ ਰਚ ਰੱਖਿਆ ਹੈ?" ਪੱਥਰ ਚੁੱਕਯਾ ਤਾਂ ਨਿਰਮਲ ਜਲ ਵਹਿ ਤੁਰਿਆ ਅਤੇ ਫ਼ਕੀਰ ਦਾ ਚਸ਼ਮਾ; ਜੋ ਪਹਾੜੀ ਉੱਤੇ ਸੀ, ਨਿਭਾਗ ਪੁਰਖ ਦੇ ਸੁਖਾਂ ਵਾਂਗੂੰ ਸੁੱਕ ਗਿਆ। ਵਲੀ ਕੰਧਾਰੀ ਨੇ ਕਹਿਰਵਾਨ ਹੋ ਕੇ ਇੱਕ ਟਿੱਲਾ ਬਾਬੇ ਦੇ ਸਿੱਧ ਸਿੱਟਣ ਲਈ ਪਹਾੜੀ ਉੱਤੋਂ ਰੇੜ੍ਹ ਦਿੱਤਾ। ਪਰ ਆਤਮਕ ਸ਼ਕਤੀ ਦੇ ਸ਼ਹਿਨਸ਼ਾਹ ਸਤਗੁਰੂ ਨੇ ਉਸ ਨੂੰ ਹੱਥ ਉੱਤੇ ਰੋਕ ਲੀਤਾ। ਪੰਜਾ ਪੱਥਰ ਵਿੱਚ ਧਸ ਗਿਆ ਜਿਸ ਦਾ ਨਿਸ਼ਾਨ ਹੁਣ ਤੱਕ ਹੈ। ਕਈ ਵਾਰੀ ਮੁਹੰਮਦੀਆਂ ਨੇ ਪੁੱਟ ਪੁੱਟ ਕੇ ਨਿਸ਼ਾਨ ਮੇਟਣਾਂ ਚਾਹਿਆ ਪਰ ਮਿਟਿਆ ਨਹੀਂ, ਅਖੰਡ ਹੈ। ਸੋਮਾਂ ਭੀ ਵਡਾ ਨਿਰਮਲ ਅਰ ਮਿਠਾ ਹੈ, ਬਾਰਾਂ ਮਹੀਨੇ ਹੀ ਵਗਦਾ ਰਹਿੰਦਾ ਹੈ। ਦੇਖਣ ਵਾਲੇ ਆਖਣਗੇ ਪਹਾੜੀ ਪੰਜੇ ਤੋਂ ਦੂਰ ਹੈ, ਰਿੜ੍ਹ ਕੇ ਜਾ ਨਹੀਂ ਸਕਦੀ। ਪਰ ਆਤਮਕ ਸ਼ਕਤੀ ਅੱਗੇ ਰੇੜ੍ਹਨੀ ਕੀ ਚੀਜ਼ ਹੈ। ਬਾਬੇ ਦੀ ਸ਼ਕਤੀ ਦੇਖ ਕੇ ਵਲੀ ਕੰਧਾਰੀ ਨੇ ਚਰਨ ਆ ਫੜੇ ਤਾਂ ਉਸ ਨੂੰ ਬਾਬੇ ਜੀ ਨੇ ਸਤ ਧਰਮ ਦਾ ਉਪਦੇਸ਼ ਦੇ ਕੇ ਏਹ ਬਚਨ ਕੀਤਾ 'ਤੇਰਾ ਭੀ ਦੀਵਾ ਟਮਕਦਾ ਰਹੇਗਾ'। ਏਸ ਵਰ ਕਰ ਕੇ ਓਸ ਦਾ ਮਕਾਨ ਜੋ ਪਹਾੜੀ ਉੱਤੇ ਹੈ ਓਥੇ ਮਜਾਵਰ ਰਹਿੰਦਾ ਹੈ। ਓਸ ਪ੍ਰਗਨੇ ਦੇ ਸਭ ਲੋਗ ਇੱਕ ਦਿਨ ਘੀ ਚਰਾਗੀ ਉਥੇ ਚੜ੍ਹਾ ਜਾਂਦੇ ਹਨ। ਦੀਵਾ ਜਗਦਾ ਹੋਇਆ ਦਸ ਦਸ ਕੋਹ ਤੋਂ ਦਿਸਦਾ ਹੈ।

ਓਥੋਂ ਚੱਲ ਕੇ ਬਾਬਾ ਜੀ ਮਾਰਗਲੇ ਨੂੰ ਲੰਘ ਕੇ ਰਾਵਲ ਪਿੰਡੀ ਜਿੱਥੇ ਹੁਣ ਤਪੋ ਬਣ ਸੰਤਾਂ ਦਾ ਅਸਥਾਨ ਹੈ ਆ ਉੱਤਰੇ। ਓਸ ਸਮੇਂ ਏਥੇ ਪੰਜ ਸਤ ਘਰ ਰਾਵਲਾਂ ਦੇ ਸੇ, ਹੋਰ ਬਸਤੀ ਕੋਈ ਨੇੜੇ ਨਹੀਂ ਸੀ। ਇੱਕ ਫ਼ਕੀਰ ਜੰਗਲ ਵਿੱਚ ਬੈਠਾ ਬਹੁਤ ਤਪ ਕਰ ਰਿਹਾ ਸੀ। ਉਸ ਨੂੰ ਆਤਮ ਗਿਆਨ ਦ੍ਰਿੜ੍ਹਾ ਕੇ ਬਾਬੇ ਜੀ ਨੇ ਸ਼ਾਂਤ ਚਿਤ ਕੀਤਾ। ਓਥੋਂ ਮਰੀ ਦੇ ਪਹਾੜਾਂ ਵਿੱਚ ਦੀ ਕਹੂਟੇ ਤੋਂ ਅੱਗੇ ਜੇਹਲਮ ਦਰਿਆ ਤੋਈ ਨਦੀ ਟੱਪ ਕੇ 'ਮੀਰ ਪੁਰ' ਜਿੱਥੇ ਹੁਣ ਸੰਤ ਰਹਿੰਦੇ ਹਨ, ਉੱਤਰ ਕੇ ਦੌਲੇ ਨਾਮੇ ਭਗਤ ਬ੍ਰਾਹਮਣ ਦੇ ਭਰਮ ਦਾ ਪੜਦਾ ਉਠਾ ਕਰ 'ਭਿੰਬਰ' ਆ ਠਹਿਰੇ। ਓਥੋਂ ਦਾ ਨਵਾਬ ਪਠਾਣ ਬਹੁਤ ਅਨਿਆਈ ਸੀ। ਗੁਰੂ ਜੀ ਦਾ ਉਪਦੇਸ਼ ਸੁਣ ਕੇ ਨਿਆਇਕਾਰੀ ਪ੍ਰਮੇਸੁਰ ਦਾ ਭਗਤ ਬਣ ਗਿਆ। ਉਥੋਂ ਚੰਦਰ ਭਾਗਾ ਨਦੀ ਪਾਰ ਹੋ ਕਿਰਿਆ ਵਾਲੇ, ਨੁਸ਼ੈਹਰੇ, ਅਹਿਮਦਪੁਰ ਆਦਿਕ ਨਗਰ ਦੇ ਲੋਗਾਂ ਨੂੰ ਸਤ ਧਰਮ ਦ੍ਰਿੜ੍ਹਾ ਕੇ ਸਯਾਲਕੋਟ; ਜਿੱਥੇ ਹੁਣ ਬਾਬੇ ਦੀ ਬਾਉਲੀ ਹੈ, ਆ ਬਿਰਾਜੇ। ਜਦ ਸੰਨ ੧੫੫੯ ਬਿਕ੍ਰਮੀ ਨੂੰ ਗੁਰੂ ਜੀ ਪਹਿਲੇ ਇੱਕ ਵਾਰੀ ਏਥੇ ਹਮਜ਼ਾ ਗੌਸ ਫ਼ਕੀਰ ਨੂੰ ਗਿਆਨ ਦੇਣ ਆਏ ਸੇ ਤਦੋਂ ਇੱਕ ਮੂਲਾ ਨਾਮੇ ਖਤ੍ਰੀ ਹੱਟੀ ਲੁਟਾ ਕੇ ਬਾਬੇ ਜੀ ਦੇ ਨਾਲ ਹੀ ਤੀਰਥ ਯਾਤ੍ਰਾ ਨੂੰ ਚਲਾ ਗਿਆ ਸੀ ਤੇ 'ਗਇਆ' ਦੇ ਨੇੜੇ ਰਾਜ ਗਿਰੀ ਤੋਂ ਬਾਬੇ ਜੀ ਦੀ ਆਗਿਆ ਲੈ ਕੇ ਫੇਰ ਘਰ ਆ ਕਰ ਬਿਆਹ ਕਰਾ ਲੀਤਾ ਸੀ। ਹੁਣ ਬਾਬੇ ਜੀ ਨੇ ਭਾਈ ਮਰਦਾਨੇ ਦੇ ਹੱਥ ਉਸ ਨੂੰ ਬੁਲਾ ਭੇਜਿਆ ਤਾਂ ਉਹ ਮਰਦਾਨੇ ਨੂੰ ਦੇਖ ਕੇ

{ਮੂਲਾ ਬੇਮੁਖ ਹੋਇਆ} ਅੰਦਰ ਲੁਕ ਗਿਆ। ਇਸਤ੍ਰੀ ਨੇ ਆਖਿਆ, "ਜੀ! ਮੂਲਾ ਤਾਂ ਹੈ ਨਹੀਂ।" ਏਹੋ ਗੱਲ ਬਾਬੇ ਪਾਸ ਭਾਈ ਮਰਦਾਨੇ ਨੇ ਆ ਦੱਸੀ ਤਾਂ ਬਾਬੇ ਜੀ ਨੇ ਇਹ ਬਚਨ ਉਚਾਰਿਆ:

ਨਾਲਿ ਕਿਰਾੜਾ ਦੋਸਤੀ ਕੂੜੈ ਕੂੜੀ ਪਾਇ ॥
ਮਰਣੁ ਨ ਜਾਪੈ ਮੂਲਿਆ ਆਵੈ ਕਿਤੈ ਥਾਇ ॥੨੧॥

(ਸਲੋਕ ਵਾਰਾਂ ਤੇ ਵਧੀਕ, ਮਃ ੧ - ੧੪੧੨)

ਜਿਥੇ ਉਹ ਲੁਕਿਆ ਸੀ, ਕੁਦਰਤ ਨਾਲ ਉਥੋਂ ਸੱਪ ਲੜ ਗਿਆ ਅਰ ਮੂਲਾ ਮਰ ਗਿਆ। ਓਸ ਦੀ ਇਸਤ੍ਰੀ ਦੇਖ ਕੇ ਰੋਣ ਪਿਟਣ ਤੇ ਪਛਤਾਉਣ ਲੱਗੀ ਤਾਂ ਭਾਈ ਮਰਦਾਨੇ ਨੇ ਆਖਿਆ, "ਜੀ ਏਹ ਖੱਤ੍ਰੀ ਭਗਤ ਤਾਂ ਦੇਖ ਲੀਤਾ। ਚਲੋ ਭਾਈ ਲਾਲੋ ਨੂੰ ਦੇਖ ਚੱਲੀਏ।" ਗੁਰੂ ਜੀ ਨੇ ਆਖਿਆ, "ਚੱਲ ਭਾਈ ਮਰਦਾਨਿਆ! ਤੇਰੀ ਮਰਜ਼ੀ, ਕੁਛ ਉਖਿਆਈ ਹੋਸੀ।" ਪਰ ਮਰਦਾਨੇ ਦਾ ਹਠ ਵੇਖ ਕੇ ਬਾਬਾ ਜੀ ੪ ਕਤਕ ਸੰਮਤ ੧੫੭੮ ਬਿਕ੍ਰਮੀ ਨੂੰ ਏਮਨਾਂਬਾਦ ਰੋੜੀ ਸਾਹਿਬ ਜਾ ਪਹੁੰਚੇ।

ਖਬਰ ਸੁਣ ਕੇ ਭਾਈ ਲਾਲੋ ਆਦਿਕ ਬਾਬੇ ਜੀ ਦੇ ਸਿਦਕੀ ਅਤਯੰਤ ਖ਼ੁਸ਼ੀ ਹੋ ਕੇ ਬਾਬੇ ਜੀ ਦੀ ਸੇਵਾ ਵਿੱਚ ਆ ਪਹੁੰਚੇ ਤੇ ਮਲਕ ਭਾਗੋ ਜੇਹੇ ਪਾਪੀ ਨਿੰਦਕ ਸੁਣ ਕੇ ਜਲ ਬਲ ਗਏ। ਅਜੇ ਪੰਜ ਸੱਤ ਦਿਨ ਹੀ ਓਥੇ ਗਿਆਂ ਨੂੰ ਹੋਏ ਸੇ ਕਿ ਤਦੋਂ {ਏਮਨਾਬਾਦ ਦੀ ਲੁੱਟ} ਬਾਬਰ ਬਾਦਸ਼ਾਹ ਮਹਾਂ ਜ਼ਾਲਮ ਲੋਦੀ ਪਠਾਣਾਂ ਦੇ ਪਾਪਾਂ ਦੀ ਫੌਜ ਲੈ ਕੇ ਕਾਬਲੋਂ ਚੜ੍ਹ ਕਰ ਮਾਰ ਲੁੱਟ ਕਤਲ ਕਰਦਾ ਹੋਇਆ 'ਸੈਦਪੁਰੇ' (ਏਮਨਾਬਾਦ) ਆ ਪਹੁੰਚਯਾ। ਏਮਨਾਬਾਦ ਦੇ ਨਵਾਬਾਂ ਨੇ ਦਿੱਲੀ ਵਾਲੇ ਇਬਰਾਹੀਮ ਬਾਦਸ਼ਾਹ ਤੋਂ ਡਰਦੇ ਮਾਰਿਆਂ ਬਾਬਰ ਨੂੰ ਰਸਤ ਪਾਣੀ ਕੁਛ ਨਾ ਦਿੱਤਾ। ਮੁਗਲਾਂ ਨੇ ਮੰਗਿਆ ਤਾਂ ਆਕੀ ਹੋ ਬੈਠੇ। ਪਠਾਣਾਂ ਦੇ ਪੀਰਾਂ ਨੇ ਆਖਿਆ, "ਅਸੀਂ ਮੁਗਲਾਂ ਦੇ ਸ਼ਸਤ੍ਰ ਬੰਨ੍ਹ ਕੇ ਤੋਪਾਂ ਬੰਦੂਕਾਂ ਵਿੱਚ ਪਾਣੀ ਪਾ ਦੇਵਾਂਗੇ। ਏਸੇ ਭਰੋਸੇ ਪਰ ਪਠਾਣ ਮੁਕਾਬਲਾ ਕਰ ਬੈਠੇ। ਬਾਬਰ ਬਾਦਸ਼ਾਹ ਦੀ ਫੌਜ ਨੇ ਏਮਨਾਬਾਦ ਨੂੰ ਲੁੱਟ ਮਾਰ ਕਤਲ ਕਰ ਵੈਰਾਨ ਕਰ ਸੁਟਿਆ। ਭਾਜੜਾਂ ਪੈ ਗਈਆਂ। ਭੈਣ ਨੂੰ ਭਾਈ, ਪੁੱਤ੍ਰ ਨੂੰ ਮਾਈ, ਇਸਤ੍ਰੀ, ਪਤੀ ਕੋਈ ਕਿਸੇ ਦਾ ਸਾਥੀ ਨਾ ਰਿਹਾ। ਬਾਬੇ ਜੀ ਦਾ ਉਹ ਭਵਿਖਤ ਬਚਨ ਸੰਮਤ ੧੫੫੯ ਬਿਕ੍ਰਮੀ ਨੂੰ ਪਠਾਣਾਂ ਦੇ ਸਤਾਉਣੇ ਕਰ ਜੋ ਭਾਈ ਲਾਲੋ ਨੂੰ ਸੁਣਾਇਆ ਸੀ:

ਤਿਲੰਗ ਮਹਲਾ ੧ ॥
ਜੈਸੀ ਮੈ ਆਵੈ ਖਸਮ ਕੀ ਬਾਣੀ ਤੈਸੜਾ ਕਰੀ ਗਿਆਨੁ ਵੇ ਲਾਲੋ ॥
ਪਾਪ ਕੀ ਜੰਞ ਲੈ ਕਾਬਲਹੁ ਧਾਇਆ ਜੋਰੀ ਮੰਗੈ ਦਾਨੁ ਵੇ ਲਾਲੋ ॥
ਸਰਮੁ ਧਰਮੁ ਦੁਇ ਛਪਿ ਖਲੋਏ ਕੂੜੁ ਫਿਰੈ ਪਰਧਾਨੁ ਵੇ ਲਾਲੋ ॥
ਕਾਜੀਆ ਬਾਮਣਾ ਕੀ ਗਲ ਥਕੀ ਅਗਦੁ ਪੜੈ ਸੈਤਾਨੁ ਵੇ ਲਾਲੋ ॥
ਮੁਸਲਮਾਨੀਆ ਪੜਹਿ ਕਤੇਬਾ ਕਸਟ ਮਹਿ ਕਰਹਿ ਖੁਦਾਇ ਵੇ ਲਾਲੋ ॥
ਜਾਤਿ ਸਨਾਤੀ ਹੋਰਿ ਹਿਦਵਾਣੀਆ ਏਹਿ ਭੀ ਲੇਖੈ ਲਾਇ ਵੇ ਲਾਲੋ ॥
ਖੂਨ ਕੇ ਸੋਹਿਲੇ ਗਾਵੀਅਹਿ ਨਾਨਕ ਰਤੁ ਕਾ ਕੁੰਗੂ ਪਾਇ ਵੇ ਲਾਲੋ ॥੧॥
ਸਾਹਿਬ ਕੇ ਗੁਣ ਨਾਨਕੁ ਗਾਵੈ ਮਾਸ ਪੁਰੀ ਵਿਚਿ ਆਖੁ ਮਸੋਲਾ ॥
ਜਿਨਿ ਉਪਾਈ ਰੰਗਿ ਰਵਾਈ ਬੈਠਾ ਵੇਖੈ ਵਖਿ ਇਕੇਲਾ ॥
ਸਚਾ ਸੋ ਸਾਹਿਬੁ ਸਚੁ ਤਪਾਵਸੁ ਸਚੜਾ ਨਿਆਉ ਕਰੇਗੁ ਮਸੋਲਾ ॥
ਕਾਇਆ ਕਪੜੁ ਟੁਕੁ ਟੁਕੁ ਹੋਸੀ ਹਿਦੁਸਤਾਨੁ ਸਮਾਲਸੀ ਬੋਲਾ ॥
ਆਵਨਿ ਅਠਤਰੈ ਜਾਨਿ ਸਤਾਨਵੈ ਹੋਰੁ ਭੀ ਉਠਸੀ ਮਰਦ ਕਾ ਚੇਲਾ ॥
ਸਚ ਕੀ ਬਾਣੀ ਨਾਨਕੁ ਆਖੈ ਸਚੁ ਸੁਣਾਇਸੀ ਸਚ ਕੀ ਬੇਲਾ ॥੨॥੩॥੫॥

(ਤਿਲੰਗ, ਮਃ ੧ - ੭੨੨/੨੩)

ਸਚਾ ਸਫ਼ਲਾ ਹੋਇ ਗਿਆ। ਉਸ ਸਮੇਂ ਬੀ ਬਾਬੇ ਜੀ ਨੇ ਸੈਦਪੁਰ ਦੀ ਜੈਸੀ (ਦੁਰਦਸਾ ਵੈਰਾਨ) ਦੇਖੀ ਵੈਸੇ ਹੀ ਓਥੇ ਸ਼ਬਦ ਉਚਾਰੇ:

ਰਾਗੁ ਆਸਾ ਮਹਲਾ ੧ ਅਸਟਪਦੀਆ ਘਰੁ ੩
ੴ ਸਤਿਗੁਰ ਪ੍ਰਸਾਦਿ ॥
ਜਿਨ ਸਿਰਿ ਸੋਹਨਿ ਪਟੀਆ ਮਾਂਗੀ ਪਾਇ ਸੰਧੂਰੁ ॥
ਸੇ ਸਿਰ ਕਾਤੀ ਮੁੰਨੀਅਨ੍ਹਿ ਗਲ ਵਿਚਿ ਆਵੈ ਧੂੜਿ ॥
ਮਹਲਾ ਅੰਦਰਿ ਹੋਦੀਆ ਹੁਣਿ ਬਹਣਿ ਨ ਮਿਲਨ੍ਹਿ ਹਦੂਰਿ ॥੧॥
ਆਦੇਸੁ ਬਾਬਾ ਆਦੇਸੁ ॥
ਆਦਿ ਪੁਰਖ ਤੇਰਾ ਅੰਤੁ ਨ ਪਾਇਆ ਕਰਿ ਕਰਿ ਦੇਖਹਿ ਵੇਸ ॥੧॥ ਰਹਾਉ ॥
ਜਦਹੁ ਸੀਆ ਵੀਆਹੀਆ ਲਾੜੇ ਸੋਹਨਿ ਪਾਸਿ ॥
ਹੀਡੋਲੀ ਚੜਿ ਆਈਆ ਦੰਦ ਖੰਡ ਕੀਤੇ ਰਾਸਿ ॥
ਉਪਰਹੁ ਪਾਣੀ ਵਾਰੀਐ ਝਲੇ ਝਿਮਕਨਿ ਪਾਸਿ ॥੨॥
ਇਕੁ ਲਖੁ ਲਹਨ੍ਹਿ ਬਹਿਠੀਆ ਲਖੁ ਲਹਨ੍ਹਿ ਖੜੀਆ ॥
ਗਰੀ ਛੁਹਾਰੇ ਖਾਂਦੀਆ ਮਾਣਨ੍ਹਿ ਸੇਜੜੀਆ ॥
ਤਿਨ੍ਹ ਗਲਿ ਸਿਲਕਾ ਪਾਈਆ ਤੁਟਨ੍ਹਿ ਮੋਤਸਰੀਆ ॥੩॥
ਧਨੁ ਜੋਬਨੁ ਦੁਇ ਵੈਰੀ ਹੋਏ ਜਿਨ੍ਹੀ ਰਖੇ ਰੰਗੁ ਲਾਇ ॥
ਦੂਤਾ ਨੋ ਫੁਰਮਾਇਆ ਲੈ ਚਲੇ ਪਤਿ ਗਵਾਇ ॥
ਜੇ ਤਿਸੁ ਭਾਵੈ ਦੇ ਵਡਿਆਈ ਜੇ ਭਾਵੈ ਦੇਇ ਸਜਾਇ ॥੪॥
ਅਗੋ ਦੇ ਜੇ ਚੇਤੀਐ ਤਾਂ ਕਾਇਤੁ ਮਿਲੈ ਸਜਾਇ ॥
ਸਾਹਾਂ ਸੁਰਤਿ ਗਵਾਈਆ ਰੰਗਿ ਤਮਾਸੈ ਚਾਇ ॥
ਬਾਬਰਵਾਣੀ ਫਿਰਿ ਗਈ ਕੁਇਰੁ ਨ ਰੋਟੀ ਖਾਇ ॥੫॥
ਇਕਨਾ ਵਖਤ ਖੁਆਈਅਹਿ ਇਕਨ੍ਹਾ ਪੂਜਾ ਜਾਇ ॥
ਚਉਕੇ ਵਿਣੁ ਹਿੰਦਵਾਣੀਆ ਕਿਉ ਟਿਕੇ ਕਢਹਿ ਨਾਇ ॥
ਰਾਮੁ ਨ ਕਬਹੂ ਚੇਤਿਓ ਹੁਣਿ ਕਹਣਿ ਨ ਮਿਲੈ ਖੁਦਾਇ ॥੬॥
ਇਕਿ ਘਰਿ ਆਵਹਿ ਆਪਣੈ ਇਕਿ ਮਿਲਿ ਮਿਲਿ ਪੁਛਹਿ ਸੁਖ ॥
ਇਕਨ੍ਹਾ ਏਹੋ ਲਿਖਿਆ ਬਹਿ ਬਹਿ ਰੋਵਹਿ ਦੁਖ ॥
ਜੋ ਤਿਸੁ ਭਾਵੈ ਸੋ ਥੀਐ ਨਾਨਕ ਕਿਆ ਮਾਨੁਖ ॥੭॥੧੧॥

(ਆਸਾ, ਮਃ ੧ - ੪੧੭)

ਇਤਯਾਦਕ ਏਹ ਦੋਵੇਂ ਸ਼ਬਦ ਪੜ੍ਹਨੇ ਤੋਂ ਭਲੀ ਪ੍ਰਕਾਰ ਸਾਬਤ ਹੋ ਜਾਂਦਾ ਹੈ ਕਿ ਓਨ੍ਹਾਂ ਪਠਾਣਾਂ ਦੇ ਕੁਕਰਮਾਂ ਦਾ ਫ਼ਲ ਬਹੁਤ ਬੁਰਾ ਉਨ੍ਹਾਂ ਨੂੰ ਭੋਗਣਾ ਪਿਆ। ਜਦ ਕਸਬੇ ਸੈਦਪੁਰ ਨੂੰ ਲੁੱਟ ਪੁੱਟ ਕੇ ਮੁਗਲਾਂ ਨੇ ਦੌਲਤ ਦੇ ਬੋਝੇ ਬੰਨ੍ਹ ਬੰਨ੍ਹ ਲੋਕਾਂ ਨੂੰ ਵਗਾਰ ਫੜ ਕੇ ਚੁਕਾਏ ਤਾਂ ਓਸ ਅਫੜਾ ਤਫੜੀ ਵਿਚ:

ਕਬੀਰ ਚਾਵਲ ਕਾਰਨੇ ਤੁਖ ਕਉ ਮੁਹਲੀ ਲਾਇ ॥
ਸੰਗਿ ਕੁਸੰਗੀ ਬੈਸਤੇ ਤਬ ਪੂਛੇ ਧਰਮ ਰਾਇ ॥੨॥

(ਰਾਮਕਲੀ ਵਾਰ-੨, ਮਃ ੫ - ੯੬੫)

ਬਾਬਾ ਜੀ ਭਾਈ ਬਾਲੇ ਮਰਦਾਨੇ ਸਮੇਤ ਫੜੇ ਗਏ। ਬੋਝੇ ਚੁਕਾ ਕੇ ਤੋਰ ਲੀਤੇ ਤਾਂ ਗੁਰੂ ਜੀ ਜੋ ਪ੍ਰਭੂ ਦੀ ਰਜਾ ਵਿੱਚ ਸਦਾ ਹੀ ਖ਼ੁਸ਼ੀ ਰਹਿੰਦੇ ਸੇ ਇਹ ਸ਼ਬਦ ਗਾਉਣ ਲਗੇ:

ਸਲੋਕੁ ਮਃ ੧ ॥
ਸੀਹਾ ਬਾਜਾ ਚਰਗਾ ਕੁਹੀਆ ਏਨਾ ਖਵਾਲੇ ਘਾਹ ॥
ਘਾਹੁ ਖਾਨਿ ਤਿਨਾ ਮਾਸੁ ਖਵਾਲੇ ਏਹਿ ਚਲਾਏ ਰਾਹ ॥
ਨਦੀਆ ਵਿਚਿ ਟਿਬੇ ਦੇਖਾਲੇ ਥਲੀ ਕਰੇ ਅਸਗਾਹ ॥
ਕੀੜਾ ਥਾਪਿ ਦੇਇ ਪਾਤਿਸਾਹੀ ਲਸਕਰ ਕਰੇ ਸੁਆਹ ॥

ਜੇਤੇ ਜੀਅ ਜੀਵਹਿ ਲੈ ਸਾਹਾ ਜੀਵਾਲੇ ਤਾ ਕਿ ਅਸਾਹ ॥
ਨਾਨਕ ਜਿਉ ਜਿਉ ਸਚੇ ਭਾਵੈ ਤਿਉ ਤਿਉ ਦੇਇ ਗਿਰਾਹ ॥੧॥

(ਵਾਰ-ਮਾਝ, ਮਃ ੧ - ੧੪੪)

ਇਹ ਸ਼ਬਦ ਅਤੇ ਰਬਾਬ ਦੀ ਤਾਰ ਸੁਣ ਕੇ ਬਾਬੇ ਜੀ ਨੂੰ ਪ੍ਰਤਾਪੀ ਪੁਰਖ ਤੇ ਮੱਥੇ ਤੇ ਕੁਦਰਤੀ ਨੂਰ ਝਲਕਦਾ ਦੇਖ ਕਾਮਲ ਫ਼ਕੀਰ ਰੱਬ ਨੂੰ ਪਹੁੰਚੇ ਹੋਏ ਸਮਝ ਕੇ (ਅਥਵਾ ਜੋ ਜਨਮ ਸਾਖੀ ਵਿੱਚ ਲਿਖਯਾ ਹੈ ਕਿ ਏਨ੍ਹਾਂ ਤਿੰਨਾਂ ਦੇ ਬੋਝੇ ਸਿਰਾਂ ਤੋਂ ਉੱਚੇ ਚਲੇ ਜਾਂਦੇ ਸਨ) ਏਹ ਅਜ਼ਮਤ ਸ਼ਕਤੀ ਦੇਖ ਕੇ ਬਾਬੇ ਦੇ ਚਰਨ ਫੜ ਲੀਤੇ ਤੇ ਆਪਣੀ ਭੁੱਲ ਮਾਫ਼ ਕਰਾਈ।

'ਅਵਾਣ' {ਅਵਾਣ ਪਿੰਡ ਬਾਬਰ ਨਾਲ ਮਿਲਾਪ} ਪਿੰਡ ਜਿੱਥੇ ਜਾ ਕੇ ਬਾਬਰ ਨੇ ਡੇਰਾ ਕੀਤਾ ਸੀ, ਜਮਾਂਦਾਰ ਨੇ ਬਾਦਸ਼ਾਹ ਨੂੰ ਸਾਰੀ ਕਥਾ ਬਾਬੇ ਜੀ ਦੀ ਸੁਣਾਈ ਤਾਂ ਬਾਦਸ਼ਾਹ ਨੇ ਪ੍ਰੀਖਯਾ ਵਾਸਤੇ ਆਪਣੇ ਮੁਰਸ਼ਦ 'ਮਰਦਾਨਸ਼ਾਹ' ਨੂੰ ਬਾਬੇ ਪਾਸ ਭੇਜਿਆ। ਓਸ ਨੇ ਕਾਬਲ ਵਿੱਚ ਬਾਬੇ ਜੀ ਨੂੰ ਦੇਖਯਾ ਸੀ। ਪਛਾਣ ਕੇ ਦਸਤਪੰਜਾ ਲੈ ਕੇ ਬੜਾ ਖ਼ੁਸ਼ੀ ਹੋਯਾ ਤੇ ਬਾਦਸ਼ਾਹ ਦੇ ਤੰਬੂ ਵਿੱਚ ਲੈ ਗਿਆ। ਬਾਬਰ* ਨੇ ਭੀ ਏਨ੍ਹਾਂ ਨੂੰ (ਕਾਬਲ ਵਿੱਚ ਦੇਖਯਾ ਸੀ) ਸਿਵਾਣ ਕੇ ਅਦਬ ਨਾਲ ਸਲਾਮ ਕੀਤਾ। ਹੀਰਾ ਮੋਤੀ ਮੋਹਰਾਂ ਨਜ਼ਰ ਕੀਤੀਆਂ ਪਰ ਬਾਬੇ ਜੀ ਨੇ ਕੁੱਝ ਨਾ ਲੀਤਾ। ਤਾਂ ਓਸ ਨੇ ਫੇਰ ਅਰਜ਼ ਕੀਤੀ ਕਿ ਆਪ ਦੇ ਲੰਗਰ ਧਰਮਸਾਲਾ ਦੀ ਰੌਣਕ ਵਾਸਤੇ ਜਾਗੀਰ ਲਾ ਦੇਵਾਂ? ਤਾਂ ਬਾਬੇ ਜੀ ਨੇ ਏਹ ਸ਼ਬਦ ਉਚਾਰਯਾ:

ਮਹਲਾ ੧

ਐਮਾ ਦੀਆਂ ਏਕ ਖੁਦਾਇ ॥
ਜਿਸਕਾ ਦੀਆ ਸਭ ਕੋਈ ਖਾਇ ॥੧॥
ਇਕ ਦਾਤਾ ਸਭ ਜਗਤ ਭਿਖਾਰੀ ॥
ਤਿਸਕੋ ਛਾਡ ਅਵਰ ਕਉ ਜਾਚਹਿ
ਤਿਸ ਜਮ ਕਰੇ ਖੁਆਰੀ ॥੧॥ ਰਹਾਉ ॥
ਸਾਹ ਬਾਦਸਾਹ ਸਭ ਤਿਸਕੇ ਕੀਏ ॥
ਤਿਸਹੀ ਕੇਸਭ ਹੈ ਅਰਥੀਏ ॥੨॥
ਮਾਨੁਖ ਕੀ ਜੋ ਲੇਵੈ ਓਟ ॥
ਦੀਨ ਦੁਨੀ ਮੈ ਤਾਕਉ ਤੋਟੁ ॥੩॥
ਕਹਿ ਨਾਨਕ ਸੁਣਬਾਬਰ ਮੀਰ ॥

---

*ਮੁਗਲ ਮੀਰ ਤਹਿਮੂਰ ਜਿਸ ਨੂੰ ਤਿਮਰਲੰਗ ਆਖਦੇ ਹਨ, ਓਸ ਦੇ ਪੜਪੋਤੇ ਦਾ ਬੇਟਾ ਤੇ ਚੰਗੇਜ਼ ਖਾਂ ਮੁਗਲ ਦੇ ਖਾਨਦਾਨ ਦਾ ਦੋਹਤਾ ਤੇ ਸਮਰਕੰਦ ਤੇ ਬੁਖਾਰੇ ਦਾ ਬਾਦਸ਼ਾਹ ਏਹੋ ਬਾਬਰ ਹੋਯਾ ਹੈ। ਫੇਰ ਸੰਮਤ ੧੫੬੨ ਬਿਕ੍ਰਮੀ ਵਿੱਚ ਕਾਬਲ ਪਠਾਣਾਂ ਤੋਂ ਛੁਡਾ ਕੇ ਓਥੋਂ ਦਾ ਭੀ ਮਾਲਕ ਬਣ ਗਿਆ। ਸੰਮਤ ੧੫੭੦ ਬਿਕ੍ਰਮੀ ਵਿੱਚ ਹਿੰਦ ਪਰ ਚੜ੍ਹ ਆਯਾ ਪਰ ਜੰਮੂ ਦੇ ਪਾਸੋਂ ਆ ਕੇ ਮੁੜ ਗਿਆ ਕਿਉਂਕਿ ਪਿਛੋਂ ਮੁਲਕ ਬਿਦਖਸ਼ਾਂ ਪਰ ਈਰਾਨੀ ਚੜ੍ਹ ਆਏ ਸੇ। ਓਧਰੋਂ ਨਿਰਸੰਦੇਹ ਹੋ ਕੇ ਸੰਮਤ ੧੫੭੬ ਬਿਕ੍ਰਮੀ ਵਿੱਚ ਇੱਕ ਲੱਖ ਅਸਵਾਰ ਲੈ ਕੇ ਫੇਰ ਦੌਲਤ ਖਾਂ ਲੋਦੀ ਸੂਬੇਦਾਰ ਪੰਜਾਬ ਦੇ ਬੁਲਾਉਣੇ ਪਰ ਆਯਾ ਤੇ ਲਾਹੌਰ ਨੂੰ ਲੁੱਟ ਕੇ ਅੱਗ ਲਾ ਦਿੱਤੀ। ਜਦ ਦਿਪਾਲ ਪੁਰ ਵਾਲੇ ਪਠਾਣਾਂ ਨੂੰ ਕਤਲ ਕਰ ਕੇ ਸਰਹੰਦ ਪਾਸ ਗਿਆ ਤਾਂ ਦੌਲਤ ਖਾਂ ਵਿਗੜ ਬੈਠਾ ਤੇ ਬਾਬਰ ਓਥੋਂ ਹੀ ਮੁੜ ਗਿਆ। ਪਰੰਤੂ ਸੰਮਤ ੧੫੭੯ ਬਿਕ੍ਰਮੀ ਨੂੰ ਤੀਸਰੀ ਵਾਰੀ ਫੇਰ ਆ ਕੇ ਸੈਦਪੁਰੇ ਅਰਥਾਤ ਏਮਨਾਵਾਦੀਏ ਪਠਾਣਾਂ ਨੂੰ ਸਣੇ ਸ਼ਹਿਰ ਕਤਲ ਕੀਤਾ। ਫੇਰ ਲਾਹੌਰ, ਸਰਹੰਦ, ਪੁਰ ਕਰਦਾ ਹੋਯਾ ਪਾਣੀਪਤ ਪਹੁੰਚਯਾ। ਏਥੇ ੧ ਇੱਕ ਲੱਖ ਅਸਵਾਰ ਤੇ ਪਯਾਦਾ ਤੇ ਇੱਕ ਹਜ਼ਾਰ ਜੰਗੀ ਹਾਥੀ ਲੈ ਕੇ ਇਬਰਾਹੀਮ ਖਾਂ ਲੋਦੀ ਬਾਦਸ਼ਾਹ ਦਿੱਲੀ ਵਾਲੇ ਨੇ ਮੁਕਾਬਲਾ ਕੀਤਾ। ਬਾਬਰ ਦੇ ਨਾਲ ਕੁਲ ੧੨ ਹਜ਼ਾਰ ਚੁਣਵੇਂ ਤੀਰੰਦਾਜ਼ ਸੇ। ਫਤੇ ਪਰਮੇਸ਼ਰ ਦੇ ਹੱਥ ਹੈ। ਇਬਰਾਹੀਮ ਸੋਲਾਂ ਹਜ਼ਾਰ ਬਹਾਦਰ ਸਮੇਤ ਜੰਗ ਵਿੱਚ ਮਾਰਿਆ ਗਿਆ। ਸੰਮਤ ੯੩੨ ਹਿਜ਼ਰੀ ਨੂੰ ਬਾਬਰ ਦਿੱਲੀ ਦੇ ਤਖ਼ਤ ਉੱਤੇ ਬੈਠ ਕੇ ਹਿੰਦੁਸਤਾਨ ਦਾ ਬਾਦਸ਼ਾਹ ਹੋਯਾ। ਏਸੇ ਖ਼ੁਸ਼ੀ ਵਿੱਚ ਫੌਜ ਨੂੰ ਬਹੁਤ ਰੁਪਯਾ ਵੰਡਯਾ ਤੇ ਕਾਬਲ ਦੇ ਸਾਰੇ ਮੁਲਕ ਵਿੱਚ ਜੀ ਜੀ ਪ੍ਰਤੀ ਇੱਕ ਇੱਕ ਰੁਪਯਾ ਦਿੱਤਾ ਤੇ ਇੱਕ ਕੰਠਾ ਰਤਨਾਂ ਦਾ ਜਿਸ ਵਿੱਚ ਇੱਕ ਹੀਰਾ ੧੦੨ ਰੱਤੀ ਵਜ਼ਨ ਦਾ ਸੀ, ਅਪਨੇ ਬੇਟੇ ਹਿਮਾਯੂ ਨੂੰ ਦਿੱਤਾ। ਏਸ ਦਿਨ ਤੋਂ ਚੁਗੱਤੇ ਮੁਗਲ ਦਿੱਲੀ ਦੇ ਬਾਦਸ਼ਾਹ ਬਨ ਗਏ। ਸੰਮਤ ੧੫੮੭ ਬਿਕ੍ਰਮੀ ਨੂੰ ਇੱਕ ਦਿਨ ਹਿਮਾਯੂੰ ਬਹੁਤ ਬੀਮਾਰ ਹੋ ਕੇ ਮਰਨ ਲੱਗਾ ਤਾਂ ਬਾਬਰ ਨੇ ਇਸ਼ਨਾਨ ਕਰ ਨਿਮਾਜ਼ ਪੜ੍ਹ ਹਿਮਾਯੂੰ ਦੇ ਗਿਰਦੇ ਗਿਰਦੇ ਫਿਰ ਕੇ ਆਖਯਾ ਕਿ ਹੇ ਰੱਬਾ ਹਿਮਾਯੂੰ ਦੀ ਮੌਤ ਮੈਨੂੰ ਆਵੇ। ਕੁਦਰਤ ਨਾਲ ਅਰਜ਼ ਮਨਜ਼ੂਰ ਹੋਈ ਤੇ ਓਸੇ ਦਿਨ ਤੋਂ ਬਾਬਰ ਬੀਮਾਰ ਹੋ ਗਿਆ ਤੇ ਹਿਮਾਯੂੰ ਰਾਜ਼ੀ ਹੋਣ ਲਗ ਗਿਆ। ਅੱਠਾਂ ਦਿਨਾਂ ਵਿੱਚ ਹਿਮਾਯੂੰ ਰਾਜ਼ੀ ਹੋ ਗਿਆ ਤੇ ਬਾਬਰ ਬੀਮਾਰ ਹੋ ਕੇ ਮਰ ਗਿਆ।

ਤੈਥੋਂ ਮੰਗੇ ਸੋ ਅਹਮਕ ਫ਼ਕੀਰ ॥੪॥

ਏਹ ਸ਼ਬਦ ਸੁਣ ਕੇ ਬਾਬਰ ਨੇ ਆਖਜਾ, "ਜੀ ਜੀਕੂੰ ਹਜ਼ਰਤ ਪੈਗ਼ੰਬਰ 'ਮੁਹੰਮਦ' ਸਾਹਿਬ ਮੁਸਲਮਾਨਾਂ ਨੂੰ ਸਿਫ਼ਾਰਸ਼ ਕਰ ਕੇ ਭਿਸ਼ਤ ਦਿਵਾਵਨਗੇ, ਤਿਕੂੰ ਕੋਈ ਹਿੰਦੂਆਂ ਦੀ ਸਫਾਰਸ਼ ਕਰਨ ਵਾਲਾ ਹਿੰਦੂ ਅਵਤਾਰ ਖ਼ੁਦਾ ਦੇ ਪਾਸ ਭੀ ਰਹਿੰਦਾ ਹੈ ਕਿ ਨਹੀਂ?" ਤਾਂ ਬਾਬੇ ਜੀ ਨੇ ਏਹ ਵਾਕ ਬੋਲਜਾ:

ਏਕੋ ਸਾਹਿਬ ਸਭ ਕੁਛ ਜਾਨੇ ॥
ਕਿਸੇ ਕੀ ਨਾਹਿ ਸਫ਼ਾਰਸ਼ ਮਾਨੇ ॥
ਜੇ ਮਾਨੇ ਤਬ ਹੋਇ ਅਨਜਾਈ ॥
ਧਰਮ ਮਰਯਾਦਾ ਤਿਸ ਤੇ ਜਾਈ ॥
ਪੈਗੰਬਰ ਅਵਤਾਰ ਅਪਾਰ ॥
ਆਜਜ ਤਿਸਕੋ ਖੜੇ ਦੁਆਰ ॥
ਰਸੂਲ ਰਸਾਲ ਅਨਿਕ ਜਗ ਆਏ ॥
ਜਬ ਚਾਹੇ ਤਬ ਪਕੜ ਮੰਗਾਏ ॥
ਇਉ ਸਹੀ ਕੀਆ ਹੈ ਨਾਨਕ ਬੰਦੇ ॥
ਪਾਕ ਖੁਦਾਇ ਔਰ ਸਭ ਗੰਦੇ ॥

ਏਹ ਸੁਣ ਕੇ ਬਾਦਸ਼ਾਹ ਨੇ ਗੁਰੂ ਜੀ ਨੂੰ ਸੱਚਾ ਫ਼ਕੀਰ ਖ਼ੁਦਾ ਨੂੰ ਪਹੁੰਚਜਾ ਹੋਯਾ ਸਮਝ ਕੇ ਬੇਨਤੀ ਕੀਤੀ ਕਿ ਕੁੱਝ ਟਹਿਲ ਦੱਸੋ। ਤਾਂ ਬਾਬੇ ਜੀ ਨੇ ਆਖ ਕੇ ਸਭ ਕੈਦੀ ਛੁਡਾ ਦਿੱਤੇ। ਬਾਦਸ਼ਾਹ ਨੇ ਸੋਚਿਆ ਏਹ ਬੇਤਮ੍ਹਾਂ ਸੱਚਾ ਫ਼ਕੀਰ ਹੈ। ਹੋਰ ਕੁੱਝ ਨਾ ਲੈਂਦਾ ਦੇਖ ਕੇ ਸਮਰਕੰਦ ਦੀ ਭੰਗ ਸੰਤਾਂ ਦੀ ਬੂਟੀ ਜਾਣ ਕੇ ਰੁਮਾਲ ਵਿੱਚ ਇੱਕ ਮੁੱਠ ਪਾਈ ਤਾਂ ਬਾਬੇ ਜੀ ਨੇ ਓਸ ਦੀ ਪ੍ਰੀਤਿ ਦੇਖ ਕੇ ਇੱਕ ਬਾਦਸ਼ਾਹੀ ਦਾ ਬਚਨ ਕੀਤਾ। ਦੂਜੀ ਪਾਈ ਤਾਂ ਦੋ, ਤੀਜੀ ਪਾਈ ਤਾਂ ਤਿੰਨ, ਏਸੇ ਤਰ੍ਹਾਂ ਸੱਤ ਮੁਠੀ ਭੰਗ ਬਾਦਸ਼ਾਹ ਨੇ ਦਿੱਤੀ ਤੇ ਬਾਬੇ ਨੇ ਸੱਤ ਪੀੜ੍ਹੀ ਬਾਦਸ਼ਾਹੀ ਕਰਨ ਦਾ ਵਰ ਦਿੱਤਾ ਤਾਂ ਭਾਈ ਮਰਦਾਨੇ ਨੇ ਰੁਮਾਲ 'ਕੱਠਾ ਕਰ ਕੇ ਆਖਿਆ, "ਸਦਾ ਏਨ੍ਹਾਂ ਨੂੰ ਹੀ ਬਖ਼ਸ਼ ਦੇਣੀ ਹੈ?"

ਪੋਥੀ ਵਿੱਚ ਲਿਖਿਆ ਹੈ ਕਿ ਤਾਂਹੀਂ ਬਾਬਰ ਦੀ ਸੰਤਾਨ ਨੇ ਸੱਤ ਪੀੜ੍ਹੀ ਬਾਦਸ਼ਾਹੀ ਕੀਤੀ। ਸੱਚ ਹੈ 'ਸਾਧੂ ਬੋਲੇ ਸਹਿਜ ਸੁਭਾਇ। ਸਾਧੂ ਦਾ ਬੋਲਿਆ ਬ੍ਰਿਥਾ ਨ ਜਾਇ।' ਕਿਉਂਕਿ ਜੋ ਹੋਣਾ ਹੁੰਦਾ ਹੈ ਓਹੋ ਬਚਨ ਸੰਤ ਦੇ ਮੂੰਹੋਂ ਨਿੱਕਲਦਾ ਹੈ।

ਕਰਤਾਰ ਪੁਰ ਪਹੁੰਚਣਾ

ਬਾਬਰ ਤਾਂ ਓਥੋਂ ਲਾਹੌਰ ਫਤੇ ਕਰ ਦਿੱਲੀ ਨੂੰ ਗਿਆ ਤੇ ਬਾਬਾ ਜੀ ੭ ਮਘਰ ਸੰਮਤ ੧੫੭੮ ਬਿਕ੍ਰਮੀ ਨੂੰ ਚੌਥੀ ਉਦਾਸੀ ਕਰ ਕੇ ਕਰਤਾਰਪੁਰ ਆ ਰਹੇ। ਗੁਰੂ ਜੀ ਦਾ ਆਵਣਾ ਸੁਣ ਕੇ ਸਿੱਖ ਸੇਵਕ ਸਾਧੂ ਅਨੇਕ ਆਵਣ ਲੱਗੇ। ਸਤਸੰਗ ਦੀ ਤੇ {ਕਰਤਾਰਪੁਰ ਰੌਣਕ} ਲੰਗਰ ਦੀ ਭੀੜ ਬਣੀ ਰਹੇ ਤੇ ਰੌਣਕ ਹੋ ਗਈ।

ਭਾਈ ਮਰਦਾਨਾ ਆਗਜਾ ਲੈ ਕੇ ਤਲਵੰਡੀ ਆਪਣੇ ਘਰ ਜਾ ਰਿਹਾ। ਬਾਬਾ ਜੀ ਖੇਤੀ ਕਰਾਵੇ ਲੰਗਰ ਚਲਾਵੇ। ਜੋ ਆਵੇ, ਬਰਸਾਵੇ।

ਇਕ ਦਿਨ ਇੱਕ ਸਿੱਖ ਨੇ ਆ ਕੇ ਅਰਜ਼ ਕੀਤੀ, "ਮਹਾਰਾਜ! ਸਤਸੰਗ ਦੀ ਮਹਿਮਾ ਜੋ ਬੇਦ ਸ਼ਾਸਤ੍ਰਾਂ ਵਿੱਚ ਬਹੁਤ ਲਿਖੀ ਹੈ ਏਸ ਦਾ ਅੰਤਰਾ ਮੈਂ {ਸਤਿਸੰਗ ਦੀ ਮਹਿਮਾ} ਬਹੁਤ ਸਾਧਾਂ ਤੋਂ ਪੁੱਛਿਆ ਹੈ ਪਰ ਮੇਰੀ ਨਿਸ਼ਾ ਨਹੀਂ ਹੋਈ।" ਗੁਰੂ ਜੀ ਨੇ ਆਖਿਆ ਤੂੰ ਸਾਧਾਂ ਨੂੰ ਕੀ ਸਮਝਦਾ ਹੈਂ? ਓਨ ਆਖਿਆ, "ਐਉਂ ਸਮਝਦਾ ਹਾਂ ਜਿਕੂੰ ਸਾਹਨ ਵੇਹਲੇ ਖੇਤੀਆਂ ਖਾਂਦੇ ਫਿਰਦੇ ਹਨ।" ਗੁਰੂ ਜੀ ਨੇ ਕਿਹਾ, "ਭਾਈ! ਸੰਤਾਂ ਦੀ ਸੇਵਾ ਕਰ ਤੇਰੀ ਨਿਸ਼ਾ ਹੋ ਜਾਊ।" ਓਹ ਸੇਵਾ ਸਤਸੰਗ ਕਰਦਾ ਰਿਹਾ। ਕਈ ਮਹੀਨੇ ਪਿੱਛੋਂ ਓਨ ਬੇਨਤੀ ਕੀਤੀ, "ਜੀ! ਮੈਨੂੰ ਅੰਤਰਾ ਮਿਲੇ ਤਾਂ ਘਰ ਨੂੰ ਜਾਵਾਂ।" ਗੁਰੂ ਜੀ ਨੇ ਪੁੱਛਿਆ, "ਹੁਣ ਤੈਨੂੰ ਸਾਧੂ ਕੇਹੋ ਜੇਹੇ ਦਿਸਦੇ ਹਨ?" ਓਨ ਆਖਜਾ, "ਜੀਕੂੰ ਪਿੰਡ ਦੇ ਪੈਂਚ ਵੇਹਲੇ ਬੈਠੇ ਚੰਗਾ ਚੋਖਾ ਖਾਂਦੇ ਹਨ, ਤਿਵੇਂ ਸਾਧੂ ਹਨ।" ਬਾਬੇ ਜੀ ਨੇ ਆਖਿਆ, "ਅੰਤ੍ਰਾ ਦੇਵਾਂਗੇ, ਧੀਰਜ ਕਰ।" ਓਹ ਫੇਰ ਲੰਗਰ ਦੀ ਟਹਿਲ ਸਤਸੰਗ ਕਰੇ। ਫੇਰ ਬਾਬੇ ਪੁੱਛਿਆ ਤਾਂ ਓਨ ਆਖਿਆ, "ਜਿਕੂੰ ਦੇਵਤਾ ਪੂਜੇ ਮੰਨੇ ਜਾਂਦੇ ਹਨ, ਤਿਵੇਂ ਸਾਧੂ ਹਨ।" ਬਾਬਾ ਜੀ ਬੋਲੇ, "ਕੁਛ ਦਿਨ ਹੋਰ ਰਹੁ ਅੰਤਰਾ ਦੇਵਾਂਗੇ।" ਦੋ ਚਾਰ ਮਹੀਨੇ ਪਿੱਛੋਂ ਬਾਬੇ ਜੀ ਨੇ ਫੇਰ ਪੁੱਛਿਆ ਤਾਂ ਓਨ ਆਖਿਆ, "ਜੀ! ਜਿਕੂੰ ਪ੍ਰਮੇਸ਼੍ਵਰ ਨੂੰ ਲੋਕ ਮੰਨਦੇ ਹਨ ਤਿਵੇਂ ਸਾਧ ਹਨ।"

ਗੁਰੂ ਜੀ ਬਚਨ ਕੀਤਾ, "ਅੰਤਰਾ ਆਯਾ ਕਿ ਨਹੀਂ? ਦੇਖ ਪਹਲੇ ਤੇਰੀ ਪਸੂ ਬੁੱਧੀ ਸੀ, ਸਾਧਾਂ ਨੂੰ ਪਸ਼ੂ ਸਮਝਦਾ ਸੀ। ਫੇਰ ਮਨੁੱਖ ਬੁੱਧੀ ਹੋਈ ਮਨੁਖ ਦੇਖਣ ਲੱਗਾ। ਫੇਰ ਦੇਵ ਬੁੱਧੀ ਹੋ ਕੇ ਦੇਵਤੇ ਦੇਖਣ ਲੱਗਾ। ਹੁਣ ਤੂੰ ਪ੍ਰਮੇਸ਼੍ਵਰ ਬੁੱਧੀ ਹੋਯਾ ਤਾਂ ਸਾਧਾਂ ਨੂੰ ਪ੍ਰਮੇਸ਼੍ਵਰ ਵਰਗੇ ਜਾਣਿਆਂ। ਏਹੋ ਸਤਸੰਗ ਦੀ ਮਹਿਮਾ ਹੈ।" ਓਹ ਬਚਨ ਮੰਨ ਕੇ ਬਾਬੇ ਜੀ ਦੀ ਚਰਨੀਂ ਢਹਿ ਪਿਆ ਅਤੇ ਸਿਦਕੀ ਸਿੱਖ ਹੋਯਾ।

ਇਕ ਹੋਰ ਸਿੱਖ ਨੇ ਅਰਜ਼ ਕੀਤੀ ਕਿ ਸੱਚੇ ਪਾਤਿਸ਼ਾਹ! ਭਜਨ ਤਾਂ ਬਥੇਰਾ ਕਰਦਾ ਹਾਂ ਪਰ ਮਨ ਵਿੱਚ ਸ਼ਾਂਤੀ ਨਹੀਂ ਹੁੰਦੀ। ਤਾਂ ਗੁਰੂ ਜੀ ਨੇ {ਖੂਹ ਵਿੱਚ ਬਿੱਲੀ ਦਾ ਦ੍ਰਿਸ਼ਟਾਂਤ} ਆਖਿਆ, "ਕਿਸੇ ਦੇ ਖੂਹ ਵਿੱਚ ਬਿੱਲੀ ਡਿੱਗ ਪਈ ਸੀ। ਓਨ੍ਹਾਂ ਨੇ ਖੂਹ ਸੁੱਧ ਕਰਨ ਲਈ ਪੰਡਤ ਨੂੰ ਪੁੱਛਿਆ ਤਾਂ ਪੰਡਤ ਨੇ ਆਖਿਆ, ਪੰਜਾਹ ਡੋਲ ਪਾਣੀ ਦੇ ਕੱਢੋ। ਓਹਨਾਂ ਨੇ ਪਾਣੀ ਤਾਂ ਕੱਢਜਾ ਪਰ ਬਿੱਲੀ ਨਾ ਕੱਢੀ। ਇਸ ਲਈ ਦੁਰਗੰਧ ਨਾ ਗਈ। ਤਿੱਕਰ ਅਵਿੱਦਿਆ ਰੂਪੀ ਬਿੱਲੀ ਅੰਤਸ਼ਕਰਨ ਵਿੱਚੋਂ ਜਦੋਂ ਤੱਕ ਨਹੀਂ ਕੱਢੀ ਜਾਂਦੀ ਤਦੋਂ ਤੱਕ ਰਾਗ ਦ੍ਵੈਸ਼ ਦੀ ਬਦਬੋ ਨਹੀਂ ਹਟਦੀ। ਭਾਵੇਂ ਲਖਾਂ ਜਪ ਤਪ ਕਰੋ। ਰਾਗ ਦ੍ਵੈਸ਼ ਮਿਟੇ ਬਿਨਾਂ ਮਨ ਸ਼ਾਂਤਿ ਨਹੀਂ ਹੁੰਦਾ। ਤਾਂ ਤੇ ਪ੍ਰੇਮਾਂ ਭਗਤੀ ਨਾਲ ਸਿਮਰਨ ਕਰੋ। ਈਸ਼੍ਵਰ ਦੀ ਰਜ਼ਾਇ ਵਿੱਚ ਰਾਜ਼ੀ ਰਹੋ। ਆਪਣੀ ਹੰਗਤਾ ਛੱਡੋ ਤਾਂ ਮਨ ਆਪੇ ਸ਼ਾਂਤ ਹੋ ਜਾਊ।"

ਏਹੋ ਜੇਹੇ ਬਚਨ ਸੁਣਾ ਸੇਵਾ ਸਤਸੰਗ ਕਰਾ ਕੇ ਬੇਅੰਤ ਪੁਰਖਾਂ ਦਾ ਗੁਰੂ ਨਾਨਕ ਜੀ ਨੇ ਉਧਾਰ ਕੀਤਾ।

ਪਾਕ ਪਟਨ ਦੇਖਣਾ

ਇਕ ਬਰਸ ਹੋਯਾ ਤਾਂ ਭਾਈ ਮਰਦਾਨੇ ਨੇ; ਜੋ ਤਲਵੰਡੀ ਤੋਂ ਫੇਰ ਕਰਤਾਰਪੁਰ ਆ ਰਿਹਾ ਸੀ, ਬੇਨਤੀ ਕੀਤੀ, "ਜੀ! ਹੁਕਮ ਹੋਵੇ ਤਾਂ ਹੁਜਰੇ ਸ਼ਾਹ ਮੁਕੀਮ ਤੇ ਪਾਕਪਟਨ ਦਾ ਮੇਲਾ ਵੇਖ ਆਵਾਂ? ਓਥੇ ਬਹੁਤ ਸੰਤ 'ਕੱਠੇ ਹੋਣਗੇ।" ਬਾਬਾ ਜੀ ਬੋਲੇ, "ਚੱਲ ਮਰਦਾਨਿਆ! ਤੇਰਾ ਨਮਿੱਤ ਬੈਠਣ ਨਹੀਂ ਦਿੰਦਾ।" ਫੱਗਣ ਸੰਮਤ ੧੫੭੯ ਬਿਕ੍ਰਮੀ ਨੂੰ ਬਾਬਾ ਜੀ ਭਾਈ ਬਾਲੇ ਮਰਦਾਨੇ ਨੂੰ ਨਾਲ ਲੈ ਕੇ ਕਰਤਾਰਪੁਰੋਂ ਚੱਲ ਕੇ 'ਨੁਸ਼ਹਰੇ' ਪਿੰਡ ਜਾ ਠਹਿਰੇ। ਓਥੇ ਇੱਕ ਸ਼ਾਹੂਕਾਰ ਨੂੰ {ਦੁਖੀ ਸੇਠ} ਗੱਦੀ ਤਕੀਆ ਲਾਈ ਬੈਠੇ ਦੇਖ ਕੇ ਮਰਦਾਨੇ ਨੇ ਬਾਬੇ ਜੀ ਪ੍ਰਤਿ ਬੇਨਤੀ ਕੀਤੀ, "ਜੀ! ਤੁਸੀਂ ਤਾਂ ਕਹਿੰਦੇ ਸੇ ਸੰਸਾਰ ਵਿੱਚ ਕੋਈ ਸੁਖੀ ਨਹੀਂ। ਆਹ ਸ਼ਾਹੂਕਾਰ ਤਾਂ ਸਭ ਤਰ੍ਹਾਂ ਸੁਖੀ ਦਿਸਦਾ ਹੈ।" ਤਾਂ ਬਾਬੇ ਜੀ ਨੇ ਕਿਹਾ, "ਪੁਛ ਵੇਖ।" ਜਾਂ ਮਰਦਾਨੇ ਨੇ ਓਸ ਨੂੰ ਪੁੱਛਿਆ ਤਾਂ ਓਹ ਬੋਲਿਆ, "ਮੇਰੇ ਜਿਹਾ ਸੰਸਾਰ ਵਿੱਚ ਕੋਈ ਦੁਖੀ ਨਹੀਂ।" ਮਰਦਾਨੇ ਦੇ ਪੁੱਛੇ ਤੋਂ ਓਸ ਨੇ ਕਿਹਾ ਕਿ ਮੇਰੀ ਇਸਤ੍ਰੀ ਵੱਡੀ ਸੁੰਦਰ ਮੁਟਿਆਰ ਹੈ। ਮੈਂ ਨਪੁੰਸਕ ਹਾਂ। ਓਹ ਪਰ ਪੁਰਖ ਹੰਡਾਂਵਦੀ ਹੈ। ਮੈਂ ਦੇਖ ਦੇਖ ਸੜਦਾ ਹਾਂ ਤੇ ਝੁਰਦਾ ਹਾਂ। ਉਪਾਇ ਬਹੁਤ ਕੀਤੇ ਕੋਈ ਰਾਸ ਨਹੀਂ ਆਯਾ। ਮਰਦਾਨਾ ਸੁਣ ਕੇ ਹੈਰਾਨ ਹੋ ਗਿਆ ਤੇ ਬਾਬੇ ਜੀ ਨੇ ਏਹ ਸਲੋਕ ਉਚਾਰਿਆ:

ਸਲੋਕੁ ਮਃ ੧ ॥
ਸਹੰਸਰ ਦਾਨ ਦੇ ਇੰਦ੍ਰੁ ਰੋਆਇਆ ॥
ਪਰਸ ਰਾਮੁ ਰੋਵੈ ਘਰਿ ਆਇਆ ॥
ਅਜੈ ਸੁ ਰੋਵੈ ਭੀਖਿਆ ਖਾਇ ॥
ਐਸੀ ਦਰਗਹ ਮਿਲੈ ਸਜਾਇ ॥
ਰੋਵੈ ਰਾਮੁ ਨਿਕਾਲਾ ਭਇਆ ॥
ਸੀਤਾ ਲਖਮਣੁ ਵਿਛੁੜਿ ਗਇਆ ॥
ਰੋਵੈ ਦਹਸਿਰੁ ਲੰਕ ਗਵਾਇ ॥
ਜਿਨਿ ਸੀਤਾ ਆਦੀ ਡਉਰੂ ਵਾਇ ॥
ਰੋਵਹਿ ਪਾਂਡਵ ਭਏ ਮਜੂਰ ॥
ਜਿਨ ਕੈ ਸੁਆਮੀ ਰਹਤ ਹਦੂਰਿ ॥
ਰੋਵੈ ਜਨਮੇਜਾ ਖੁਇ ਗਇਆ ॥
ਏਕੀ ਕਾਰਣਿ ਪਾਪੀ ਭਇਆ ॥
ਰੋਵਹਿ ਸੇਖ ਮਸਾਇਕ ਪੀਰ ॥
ਅੰਤਿ ਕਾਲਿ ਮਤੁ ਲਾਗੈ ਭੀੜ ॥
ਰੋਵਹਿ ਰਾਜੇ ਕੰਨ ਪੜਾਇ ॥
ਘਰਿ ਘਰਿ ਮਾਗਹਿ ਭੀਖਿਆ ਜਾਇ ॥
ਰੋਵਹਿ ਕਿਰਪਨ ਸੰਚਹਿ ਧਨੁ ਜਾਇ ॥
ਪੰਡਿਤ ਰੋਵਹਿ ਗਿਆਨੁ ਗਵਾਇ ॥
ਬਾਲੀ ਰੋਵੈ ਨਾਹਿ ਭਤਾਰੁ ॥
ਨਾਨਕ ਦੁਖੀਆ ਸਭੁ ਸੰਸਾਰੁ ॥
ਮੰਨੇ ਨਾਉ ਸੋਈ ਜਿਣਿ ਜਾਇ ॥
ਅਉਰੀ ਕਰਮ ਨ ਲੇਖੈ ਲਾਇ ॥੧॥

(ਰਾਮਕਲੀ ਵਾਰ-੧, ਮਃ ੧ – ੯੫੩/੫੪)

ਏਹ ਸ਼ਬਦ ਸੁਣ ਕੇ ਓਸ ਨੂੰ ਧੀਰਜ ਆ ਗਿਆ ਤੇ ਬਾਬੇ ਜੀ ਦੀ ਦਯਾ ਨਾਲ ਮਰਦ ਹੋ ਗਿਆ। ਮਨ, ਤਨ, ਧਨ ਕਰ ਕੇ ਗੁਰੂ ਕਾ ਸਿੱਖ ਬਣ ਹਮੇਸ਼ਾਂ ਸੇਵਾ ਕਰਦਾ ਰਿਹਾ।

ਨੁਸ਼ੈਹਰੇ ਤੋਂ ਚੱਲ ਕੇ ਬਾਬੇ ਜੀ ਨੇ ਜਾਜਣ ਪਿੰਡ ਰਾਤ ਕੱਟ ਕੇ ਹੁਜਰੇਸ਼ਾਹ ਮੁਕੀਮ ਦਾ ਮੇਲਾ ਦੇਖਯਾ ਤੇ ਏਹ ਸ਼ਬਦ ਗਾਵਿਆ:

(ਸਿਰੀਰਾਗੁ) ਮਹਲਾ ੧ ॥
ਸਭੇ ਕੰਤ ਮਹੇਲੀਆ ਸਗਲੀਆ ਕਰਹਿ ਸੀਗਾਰੁ ॥
ਗਣਤ ਗਣਾਵਣਿ ਆਈਆ ਸੂਹਾ ਵੇਸੁ ਵਿਕਾਰੁ ॥
ਪਾਖੰਡਿ ਪ੍ਰੇਮੁ ਨ ਪਾਈਐ ਖੋਟਾ ਪਾਜੁ ਖੁਆਰੁ ॥੧॥
ਹਰਿ ਜੀਉ ਇਉ ਪਿਰੁ ਰਾਵੈ ਨਾਰਿ ॥
ਤੁਧੁ ਭਾਵਨਿ ਸੋਹਾਗਣੀ ਅਪਣੀ ਕਿਰਪਾ ਲੈਹਿ ਸਵਾਰਿ ॥੧॥ ਰਹਾਉ ॥
ਗੁਰ ਸਬਦੀ ਸੀਗਾਰੀਆ ਤਨੁ ਮਨੁ ਪਿਰ ਕੈ ਪਾਸਿ ॥
ਦੁਇ ਕਰ ਜੋੜਿ ਖੜੀ ਤਕੈ ਸਚੁ ਕਹੈ ਅਰਦਾਸਿ ॥
ਲਾਲਿ ਰਤੀ ਸਚ ਭੈ ਵਸੀ ਭਾਇ ਰਤੀ ਰੰਗਿ ਰਾਸਿ ॥੨॥
ਪ੍ਰਿਅ ਕੀ ਚੇਰੀ ਕਾਂਢੀਐ ਲਾਲੀ ਮਾਨੈ ਨਾਉ ॥
ਸਾਚੀ ਪ੍ਰੀਤਿ ਨ ਤੁਟਈ ਸਾਚੇ ਮੇਲਿ ਮਿਲਾਉ ॥
ਸਬਦਿ ਰਤੀ ਮਨੁ ਵੇਧਿਆ ਹਉ ਸਦ ਬਲਿਹਾਰੈ ਜਾਉ ॥੩॥
ਸਾ ਧਨ ਰੰਡ ਨ ਬੈਸਈ ਜੇ ਸਤਿਗੁਰ ਮਾਹਿ ਸਮਾਇ ॥
ਪਿਰੁ ਰੀਸਾਲੂ ਨਉਤਨੋ ਸਾਚਉ ਮਰੈ ਨ ਜਾਇ ॥
ਨਿਤ ਰਵੈ ਸੋਹਾਗਣੀ ਸਾਚੀ ਨਦਰਿ ਰਜਾਇ ॥੪॥
ਸਾਚੁ ਧੜੀ ਧਨ ਮਾਡੀਐ ਕਾਪੜੁ ਪ੍ਰੇਮ ਸੀਗਾਰੁ ॥
ਚੰਦਨੁ ਚੀਤਿ ਵਸਾਇਆ ਮੰਦਰੁ ਦਸਵਾ ਦੁਆਰੁ ॥
ਦੀਪਕੁ ਸਬਦਿ ਵਿਗਾਸਿਆ ਰਾਮ ਨਾਮੁ ਉਰ ਹਾਰੁ ॥੫॥
ਨਾਰੀ ਅੰਦਰਿ ਸੋਹਣੀ ਮਸਤਕਿ ਮਣੀ ਪਿਆਰੁ ॥
ਸੋਭਾ ਸੁਰਤਿ ਸੁਹਾਵਣੀ ਸਾਚੈ ਪ੍ਰੇਮਿ ਅਪਾਰ ॥
ਬਿਨੁ ਪਿਰ ਪੁਰਖੁ ਨ ਜਾਣਈ ਸਾਚੇ ਗੁਰ ਕੈ ਹੇਤਿ ਪਿਆਰਿ ॥੬॥
ਨਿਸਿ ਅੰਧਿਆਰੀ ਸੁਤੀਏ ਕਿਉ ਪਿਰ ਬਿਨੁ ਰੈਣਿ ਵਿਹਾਇ ॥
ਅੰਕੁ ਜਲਉ ਤਨੁ ਜਾਲੀਅਉ ਮਨੁ ਧਨੁ ਜਲਿ ਬਲਿ ਜਾਇ ॥
ਜਾ ਧਨ ਕੰਤਿ ਨ ਰਾਵੀਆ ਤਾ ਬਿਰਥਾ ਜੋਬਨੁ ਜਾਇ ॥੭॥
ਸੇਜੈ ਕੰਤ ਮਹੇਲੜੀ ਸੂਤੀ ਬੂਝ ਨ ਪਾਇ ॥
ਹਉ ਸੁਤੀ ਪਿਰੁ ਜਾਗਣਾ ਕਿਸ ਕਉ ਪੂਛਉ ਜਾਇ ॥
ਸਤਿਗੁਰਿ ਮੇਲੀ ਭੈ ਵਸੀ ਨਾਨਕ ਪ੍ਰੇਮੁ ਸਖਾਇ ॥੮॥੨॥

(ਸਿਰੀਰਾਗੁ, ਮਃ ੧ - ਪ੪)

ਇਤਯਾਦਿਕ ਏਹ ਸ਼ਬਦ ਸੁਣ ਕੇ ਸਭ ਫ਼ਕੀਰ ਬਾਬੇ ਜੀ ਦੇ ਪਰਮ ਪਿਆਰੇ ਬਣ ਗਏ। ਗੁਰੂ ਕੀ ਮਹਿਮਾ ਦੀ ਮਾਲਤੀ ਸਾਰੇ ਫੈਲ ਗਈ। ਓਥੋਂ ਦੀਪਾਲਪੁਰ ਗਏ ਤਾਂ ਭਗਤੀਏ ਨਿਰਤ ਕਰ ਰਹੇ ਸੇ। ਗੁਰੂ ਜੀ ਨੇ ਉਨ੍ਹਾਂ ਦੀ ਕਲਯਾਨ ਕਰਨ ਵਾਸਤੇ ਸੱਚੀ ਨਿਰਤ ਕਰਨ ਦਾ ਉਪਦੇਸ਼ ਕੀਤਾ:

ਆਸਾ ਮਹਲਾ ੧ ॥
ਵਾਜਾ ਮਤਿ ਪਖਾਵਜੁ ਭਾਉ ॥
ਹੋਇ ਅਨੰਦੁ ਸਦਾ ਮਨਿ ਚਾਉ ॥
ਏਹਾ ਭਗਤਿ ਏਹੋ ਤਪ ਤਾਉ ॥
ਇਤੁ ਰੰਗਿ ਨਾਚਹੁ ਰਖਿ ਰਖਿ ਪਾਉ ॥੧॥
ਪੂਰੇ ਤਾਲ ਜਾਣੈ ਸਾਲਾਹ ॥
ਹੋਰੁ ਨਚਣਾ ਖੁਸੀਆ ਮਨ ਮਾਹ ॥੧॥ ਰਹਾਉ ॥

ਸਤੁ ਸੰਤੋਖੁ ਵਜਹਿ ਦੁਇ ਤਾਲ ॥
ਪੈਰੀ ਵਾਜਾ ਸਦਾ ਨਿਹਾਲ ॥
ਰਾਗੁ ਨਾਦੁ ਨਹੀ ਦੂਜਾ ਭਾਉ ॥
ਇਤੁ ਰੰਗਿ ਨਾਚਹੁ ਰਖਿ ਰਖਿ ਪਾਉ ॥੨॥
ਭਉ ਫੇਰੀ ਹੋਵੈ ਮਨ ਚੀਤਿ ॥
ਬਹਦਿਆ ਉਠਦਿਆ ਨੀਤਾ ਨੀਤਿ ॥
ਲੇਟਣਿ ਲੇਟਿ ਜਾਣੈ ਤਨੁ ਸੁਆਹੁ ॥
ਇਤੁ ਰੰਗਿ ਨਾਚਹੁ ਰਖਿ ਰਖਿ ਪਾਉ ॥੩॥
ਸਿਖ ਸਭਾ ਦੀਖਿਆ ਕਾ ਭਾਉ ॥
ਗੁਰਮੁਖਿ ਸੁਣਣਾ ਸਾਚਾ ਨਾਉ ॥
ਨਾਨਕ ਆਖਣੁ ਵੇਰਾ ਵੇਰ ॥
ਇਤੁ ਰੰਗਿ ਨਾਚਹੁ ਰਖਿ ਰਖਿ ਪੈਰ ॥੪॥੬॥

(ਆਸਾ, ਮਃ ੧ - ੩੫੦)

ਏਹ ਸ਼ਬਦ ਸੁਣ ਕੇ ਓਹ ਗੁਰੂ ਕੇ ਸੇਵਕ ਬਨ ਗਏ।

ਓਥੋਂ ਅੱਗੇ ਬਾਬੇ ਜੀ ਨੇ 'ਪਾਕਪਟਨ' ਦਾ ਤੇ ਬਾਵੇ ਫਰੀਦ {ਫਰੀਦ ਦੇ ਸਥਾਨ ਤੇ ਗੋਸ਼ਟ} ਦਾ ਰੋਜ਼ਾ ਦੇਖਜਾ। ਏਸ ਰੋਜ਼ੇ ਨੂੰ ਸਵਾ ਮਨ ਦਾ ਜੰਦ੍ਰਾ ਲਾ ਰੱਖਦੇ ਹਨ। ਐਸੀ ਕਲਾ ਰਖੀ ਹੈ ਕਿ ਜਾਣਕਾਰ ਦੇ ਇੱਕ ਉਂਗਲ ਲਾਏ ਖੁੱਲ੍ਹ ਜਾਂਦਾ ਹੈ ਤੇ ਅਣਜਾਣਾਂ ਤੋਂ ਕੁੰਜੀ ਨਾਲ ਭੀ ਨਹੀਂ ਖੁਲ੍ਹਦਾ। ਓਸ ਨੂੰ ਕਰਾਮਾਤ ਪੀਰ ਦੀ ਮੰਨਦੇ ਹਨ। ਏਥੇ ਘਾਰੇ ਦਰਿਆ ਦਾ ਪੱਤਨ ਹੁੰਦਾ ਸੀ, ਤਿਸ ਤੋਂ ਪਟਨ ਹੋ ਗਿਆ। ਬਜਾਸਾ ਸਤਲੁਜ ਮਿਲੇ ਹੋਏ ਨੂੰ ਘਾਰਾ ਬੋਲਦੇ ਹਨ। ਏਥੇ ਬਾਬੇ ਜੀ ਨੇ ਅੰਮ੍ਰਿਤ ਵੇਲੇ ਰਬਾਬ ਵਜਾ ਕੇ ਏਹ ਸ਼ਬਦ ਗਾਵਿਆ:

ਮਃ ੧ ॥
ਆਪੇ ਪਟੀ ਕਲਮ ਆਪਿ ਉਪਰਿ ਲੇਖੁ ਭਿ ਤੂੰ ॥
ਏਕੋ ਕਹੀਐ ਨਾਨਕਾ ਦੂਜਾ ਕਾਹੇ ਕੂ ॥੨॥

(ਵਾਰ-ਮਲਾਰ, ਮਃ ੧ - ੧੨੯੧)

ਬਾਬੇ ਜੀ ਦੀ ਮਨਮੋਹਣੀ ਧੁਨਿ ਸੁਣ ਕੇ ਅਨੇਕ ਫ਼ਕੀਰ ਬਾਵੇ ਫਰੀਦ ਦੇ ਮੁਰੀਦ ਜਪੀ ਤਪੀ ਬਹੁਤ 'ਕੱਠੇ ਹੋ ਕੇ ਆਖਣ ਲੱਗੇ 'ਇਕ ਖ਼ੁਦਾ ਦੁਜਾ ਰਸੂਲ। ਦੋਹਾਂ ਦਾ ਕਲਮਾ ਕਬੂਲ।' ਬਾਬੇ ਜੀ ਬੋਲੇ:

ਦੂਜਾ ਕਾਹੇ ਸਿਮਰੀਏ ਜੰਮੇ ਤੇ ਮਰ ਜਾਇ ॥
ਏਕੋ ਸਿਮਰਹੁ ਨਾਨਕਾ ਜੋ ਜਲ ਥਲ ਰਹਿਆ ਸਮਾਇ ॥

(ਇਹ ਗੁਰਬਾਣੀ ਨਹੀਂ)

ਏਹ ਸੁਣ ਕੇ ਸ਼ੇਖ ਇਬਰਾਹੀਮ ਗੱਦੀ ਨਸ਼ੀਨ ਪੀਰ ਨੇ ਆਖਿਆ, "ਨਾਨਕ ਜੀ! ਇੱਕ ਸਾਹਿਬ ਦੋ ਹੱਦੀਂ। ਕੇਹੜਾ ਸੇਵੀ ਕੇਹੜਾ ਰੱਦੀਂ?" ਗੁਰੂ ਜੀ ਬੋਲੇ, "ਇੱਕੋ ਸਾਹਿਬ ਇੱਕੋ ਹੱਦ। ਇੱਕੋ ਸੇਵੀਂ ਦੂਜਾ ਰੱਦ।" ਹੋਰ ਫ਼ਕੀਰ ਬੋਲਿਆ:

ਫਰੀਦਾ ਪਾੜਿ ਪਟੋਲਾ ਧਜ ਕਰੀ ਕੰਬਲੜੀ ਪਹਿਰੇਉ ॥
ਜਿਨੀ ਵੇਸੀ ਸਹੁ ਮਿਲੈ ਸੇਈ ਵੇਸ ਕਰੇਉ ॥੧੦੩॥

(ਸਲੋਕ, ਸੇਖ ਫਰੀਦ ਜੀ - ੧੩੮੩)

ਗੁਰੂ ਜੀ:

ਮਃ ੩ ॥
ਕਾਇ ਪਟੋਲਾ ਪਾੜਤੀ ਕੰਬਲੜੀ ਪਹਿਰੇਇ ॥
ਨਾਨਕ ਘਰ ਹੀ ਬੈਠਿਆ ਸਹੁ ਮਿਲੈ ਜੇ ਨੀਅਤਿ ਰਾਸਿ ਕਰੇਇ ॥੧੦੪॥

(ਸਲੋਕ ਮਃ ੩, ਸੇਖ ਫਰੀਦ ਜੀ - ੧੩੮੩)
(ਇਹ ਸਲੋਕ ਗੁਰੂ ਅਮਰਦਾਸ ਜੀ ਦਾ ਉਚਾਰਨ ਕੀਤਾ ਹੈ)

ਸ਼ੇਖ ਬੋਲਿਆ, "ਮਾਇਆ ਬੁਰੀ ਛਲੀਆ ਹੈ। ਏਸ ਤੋਂ ਕੈਸੇ ਬਚੇਂ ਅਤੇ ਬਿਨਾਂ ਤੇਲ ਦੀਵਾ ਜਗਾਉਣਾ ਕੈਸੇ ਹੋਵੇ?" ਗੁਰੂ ਜੀ ਬੋਲੇ:

ਸਿਰੀਰਾਗੁ ਮਹਲਾ ੧ ਘਰੁ ੫ ॥
ਅਛਲ ਛਲਾਈ ਨਹ ਛਲੈ ਨਹ ਘਾਉ ਕਟਾਰਾ ਕਰਿ ਸਕੈ ॥
ਜਿਉ ਸਾਹਿਬੁ ਰਾਖੈ ਤਿਉ ਰਹੈ ਇਸੁ ਲੋਭੀ ਕਾ ਜੀਉ ਟਲ ਪਲੈ ॥੧॥
ਬਿਨੁ ਤੇਲ ਦੀਵਾ ਕਿਉ ਜਲੈ ॥੧॥ ਰਹਾਉ ॥
ਪੋਥੀ ਪੁਰਾਣ ਕਮਾਈਐ ॥
ਭਉ ਵਟੀ ਇਤੁ ਤਨਿ ਪਾਈਐ ॥
ਸਚੁ ਬੂਝਣੁ ਆਣਿ ਜਲਾਈਐ ॥੨॥
ਇਹੁ ਤੇਲੁ ਦੀਵਾ ਇਉ ਜਲੈ ॥
ਕਰਿ ਚਾਨਣੁ ਸਾਹਿਬ ਤਉ ਮਿਲੈ ॥੧॥ ਰਹਾਉ ॥
ਇਤੁ ਤਨਿ ਲਾਗੈ ਬਾਣੀਆ ॥
ਸੁਖੁ ਹੋਵੈ ਸੇਵ ਕਮਾਣੀਆ ॥
ਸਭ ਦੁਨੀਆ ਆਵਣ ਜਾਣੀਆ ॥੩॥
ਵਿਚਿ ਦੁਨੀਆ ਸੇਵ ਕਮਾਈਐ ॥
ਤਾ ਦਰਗਹ ਬੈਸਣੁ ਪਾਈਐ ॥
ਕਹੁ ਨਾਨਕ ਬਾਹ ਲੁਡਾਈਐ ॥੪॥੩੩॥

(ਸਿਰੀਰਾਗੁ, ਮਃ ੧ - ੨੫/੨੬)

ਸ਼ੇਖ ਨੇ ਪੁੱਛਿਆ ਜਿਨ੍ਹਾਂ ਨੂੰ ਚਾਨਣ ਹੋਇਆ ਹੈ ਓਨ੍ਹਾਂ ਦੀ ਬ੍ਰਿਤੀ ਕੈਸੀ ਹੈ? ਤਾਂ ਗੁਰੂ ਜੀ ਨੇ ਏਹ ਸਲੋਕ ਉਚਾਰਿਆ:

ਮਃ ੧ ॥
ਕੁਦਰਤਿ ਦਿਸੈ ਕੁਦਰਤਿ ਸੁਣੀਐ ਕੁਦਰਤਿ ਭਉ ਸੁਖ ਸਾਰੁ ॥
ਕੁਦਰਤਿ ਪਾਤਾਲੀ ਆਕਾਸੀ ਕੁਦਰਤਿ ਸਰਬ ਆਕਾਰੁ ॥
ਕੁਦਰਤਿ ਵੇਦ ਪੁਰਾਣ ਕਤੇਬਾ ਕੁਦਰਤਿ ਸਰਬ ਵੀਚਾਰੁ ॥
ਕੁਦਰਤਿ ਖਾਣਾ ਪੀਣਾ ਪੈਨ੍ਣੁ ਕੁਦਰਤਿ ਸਰਬ ਪਿਆਰੁ ॥
ਕੁਦਰਤਿ ਜਾਤੀ ਜਿਨਸੀ ਰੰਗੀ ਕੁਦਰਤਿ ਜੀਅ ਜਹਾਨ ॥
ਕੁਦਰਤਿ ਨੇਕੀਆ ਕੁਦਰਤਿ ਬਦੀਆ ਕੁਦਰਤਿ ਮਾਨੁ ਅਭਿਮਾਨੁ ॥
ਕੁਦਰਤਿ ਪਉਣੁ ਪਾਣੀ ਬੈਸੰਤਰੁ ਕੁਦਰਤਿ ਧਰਤੀ ਖਾਕੁ ॥
ਸਭ ਤੇਰੀ ਕੁਦਰਤਿ ਤੂੰ ਕਾਦਿਰੁ ਕਰਤਾ ਪਾਕੀ ਨਾਈ ਪਾਕੁ ॥
ਨਾਨਕ ਹੁਕਮੈ ਅੰਦਰਿ ਵੇਖੈ ਵਰਤੈ ਤਾਕੋ ਤਾਕੁ ॥੨॥

(ਵਾਰ-ਆਸਾ, ਮਃ ੧ - ੪੬੪)

ਏਹ ਸ਼ਬਦ ਸੁਣ ਕੇ ਸ਼ੇਖ ਨੇ ਬਾਬੇ ਦੇ ਚਰਨ ਫੜ ਲੀਤੇ। ਬਹੁਤ ਖ਼ੁਸ਼ੀ ਹੋਯਾ, ਬਾਬੇ ਦਾ ਉਪਦੇਸ਼ ਧਾਰਨ ਕਰ ਮੁਕਤਿ ਦਾ ਭਾਗੀ ਹੋ ਗਿਆ। ਹੋਰ ਫ਼ਕੀਰ ਭੀ ਸੱਭੇ ਖ਼ੁਸ਼ੀ ਹੋਏ। ਗੁਰੂ ਜੀ ਦੇ ਹੁਕਮ ਅਨੁਸਾਰ ਅਕਾਲ ਪੁਰਖ ਦੀ ਬੰਦਗ਼ੀ ਕਰਨ ਲਗ ਪਏ।

ਪਾਕਪਟਨ ਤੋਂ ਚੱਲ ਕੇ ਮੁਲਤਾਨ {ਮੁਲਤਾਨ ਦੁੱਧ ਕਟੋਰਾ} ਸ਼ਮਸ ਤਬ੍ਰੇਜ਼ ਦੀ ਚਾਰ ਦੀਵਾਰੀ ਦੇ ਅੰਦ੍ਰ; ਜਿੱਥੇ ਹੁਣ ਬਾਬੇ ਜੀ ਦੀ ਮੰਜੀ ਸਾਹਿਬ ਹੈ, ਜਾ ਉੱਤਰੇ। ਬਾਬੇ ਜੀ ਦਾ ਸ਼ਬਦ ਸਾਖੀ ਸੁਣ ਕੇ ਬਹੁਤ ਲੋਗ ਆਉਣ ਲੱਗੇ। ਓਥੋਂ ਦੇ ਪੀਰਾਂ ਫ਼ਕੀਰਾਂ ਨੇ ਸੋਚਿਆ ਕਿ ਜੇ ਏਥੇ ਏਹ ਠਹਿਰ ਗਏ ਤਾਂ ਸਾਡੀ ਮਾਨਤਾ ਘਟ ਜਾਊ। ਓਨ੍ਹਾਂ ਨੇ ਇੱਕ ਪਿਆਲਾ ਦੁੱਧ ਦਾ ਭਰ ਕੇ ਬਾਬੇ ਪਾਸ ਭੇਜ ਦਿੱਤਾ। ਏਨ੍ਹਾਂ ਨੇ ਓਸ ਵਿੱਚ ਪਤਾਸੇ ਪਾ ਕੇ ਉੱਤੇ ਫ਼ੁੱਲ ਰੱਖ ਕਰ ਪਿਆਲਾ ਮੋੜ ਦਿੱਤਾ। ਮਰਦਾਨੇ ਦੇ ਪੁੱਛਣ ਪਰ ਗੁਰੂ ਜੀ ਨੇ ਆਖਿਆ, "ਏਥੋਂ ਦੇ ਫ਼ਕੀਰ ਆਖਦੇ ਹਨ ਮੁਲਤਾਨ ਸ਼ਹਿਰ ਪਜਾਲੇ

ਵਾਂਗੂੰ ਪਹਿਲੇ ਹੀ ਪੀਰਾਂ ਨਾਲ ਪੁਰ ਹੈ। ਅਸਾਂ ਆਖਿਆ ਹੈ ਅਸੀਂ ਮਿੱਠੇ ਵਾਂਗੂੰ ਵਿੱਚੇ ਸਮਾਕੇ ਸ੍ਵਾਦ ਕਰ ਦੇਵਾਂਗੇ ਤੇ ਫ਼ੁੱਲ ਵਾਂਗ ਸਭ ਦੇ ਉੱਪਰ ਅਸੰਗ ਰਹਾਂਗੇ।"

ਇਸ ਪ੍ਰਕਾਰ ਬਚਨ ਕਰ ਮੁਲਤਾਨ ਤੋਂ ਚੱਲ ਕੇ {ਉੱਚ ਦਾ ਪੀਰ ਜਲਾਲ} 'ਉੱਚ' ਪਿੰਡ ਗਏ ਤਾਂ ਪੀਰ ਜਲਾਲਦੀਨ ਸੱਯਦ ਮਿਲਿਆ, ਜਿੱਥੋਂ ਦੇ ਉੱਚ ਦੇ ਪੀਰ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਸਦਾਏ ਸੇ ਅਤੇ ਉਲਾਦ ਓਹਨਾਂ ਸੱਯਦਾਂ ਦੀ ਦੇਸ ਵਿੱਚ ਪੀਰ ਕਰ ਕੇ ਮੰਨੀ ਜਾਂਦੀ ਹੈ। ਭਾਈ ਮਰਦਾਨਾ

ਗੁਰਮੁਖਿ ਨਾਦੰ ਗੁਰਮੁਖਿ ਵੇਦੰ ਗੁਰਮੁਖਿ ਰਹਿਆ ਸਮਾਈ ॥

(ਜਪੁ, ਮ: ੧ – ੨)

ਵਾਲੀ ਪਉੜੀ ਪੜ੍ਹ ਰਹਿਆ ਸੀ। ਏਹ ਸੁਣ ਕੇ ਪੀਰ ਜਲਾਲ ਨੇ ਹੋਰ ਹੋਰ ਬਾਤਾਂ ਕਰ ਬਾਬੇ ਜੀ ਨੂੰ ਪੁੱਛਿਆ, "ਗੁਰਮੁਖ ਕਿਸ ਨੂੰ ਆਖਦੇ ਹਨ?" ਗੁਰੂ ਜੀ ਬੋਲੇ ਦੇਖਣੇ ਹਨ ਕਿ ਸੁਣਨੇ? ਓਨ੍ਹਾਂ ਦੇਖਣੇ ਮੰਗੇ ਤਾਂ ਗੁਰੂ ਜੀ ਨੇ ਸਿੰਧ ਦਰਿਆ ਕਨਾਰੇ ਇੱਕ ਪਰਬਤ ਦਾ ਪਤਾ ਦਿੱਤਾ। ਓਹ ਦਰਿਆ ਪਾਰ ਹੋ ਕੇ ਓਥੇ ਗਿਆ ਤਾਂ ਇੱਕੀ ਸੰਤ ਬੈਠੇ ਭਜਨ ਕਰਦੇ ਦੇਖੇ। ਪੀਰ ਨੇ ਬੁਲਾਏ ਨਾ ਤੇ ਦਰਿਆ ਕਿਨਾਰੇ ਹੋ ਬੈਠਾ। ਇੱਕ ਬੇੜਾ ਮਲਾਹਾਂ ਤੋਂ ਬੇਵਸਾ ਹੋ ਕੇ ਡੁੱਬਣ ਲੱਗਾ। ਆਖਜਾ, "ਹੇ ਖ਼ੁਦਾ! ਏਨ੍ਹਾਂ ਨੂੰ ਕਿਉਂ ਡੋਬਦਾ ਹੈਂ?" ਓਹ ਬੇੜਾ ਸੰਭਲ ਗਿਆ। ਰਾਤ ਪਈ ਸੰਤਾਂ ਪਾਸ ਆਇ ਬੈਠਾ। ਓਨ੍ਹਾਂ ਨੂੰ ਪ੍ਰਸ਼ਾਦ ਦੇ ਥਾਲ ਆਏ, ਪੀਰ ਨੂੰ ਨਾ ਆਯਾ। ਸੁੱਤੇ ਨੂੰ ਛੱਡ ਕੇ ਸੰਤ ਸਵੇਰੇ ਹੀ ਰਮ ਗਏ। ਓਹ ਫੇਰ ਸਿੰਧ ਕਿਨਾਰੇ ਜਾ ਬੈਠਾ। ਓਸ ਸਮੇਂ ਬਰਖਾ ਬਿਨਾਂ ਖੇਤੀਆਂ ਸੁਕਦੀਆਂ ਸਨ। ਦਰਿਆ ਵਿੱਚ ਬਰਖਾ ਹੋਵੇ, ਬਾਹਰ ਨਾ ਹੋਵੇ। ਪੀਰ ਨੇ ਬੇਨਤੀ ਕੀਤੀ, ਹੇ ਪ੍ਰਮੇਸ਼੍ਵਰ! ਤੇਰੇ ਘਰ ਕਿਹਾ ਅਨਿਆਇ ਹੈ! ਜਿੱਥੇ ਲੋੜ ਹੈ ਓਥੇ ਬਰਸਦਾ ਨਹੀਂ, ਜਿੱਥੇ ਲੋੜ ਨਹੀਂ ਓਥੇ ਬਰਸਦਾ ਹੈਂ।" ਏਤਨੇ ਨਾਲ ਬਰਖਾ ਬੰਦ ਹੋ ਗਈ। ਸੰਤਾਂ ਦੇ ਪਾਸ ਗਿਆ ਓਹਨਾਂ ਨੂੰ ਫੇਰ ਥਾਲ ਆਏ, ਏਸ ਨੂੰ ਨਾ ਆਯਾ। ਓਨ੍ਹਾਂ ਸੰਤਾਂ ਦਾ ਮਹੰਤ ਬੋਲਿਆ, "ਭਾਈ ਜਲਾਲ! ਤੈਂ ਕੋਈ ਮਨਮਤ ਕੀਤੀ ਹੈ। ਇਸ ਲਈ ਤੈਨੂੰ ਪ੍ਰਸ਼ਾਦ ਨਹੀਂ ਆਯਾ। ਤੂੰ ਗੁਰੂ ਨਾਨਕ ਪਾਸ ਜਾਹ। ਓਹੋ ਤੈਨੂੰ ਅੰਤਰਾ ਦੇਣਗੇ।" ਪੀਰ ਨੇ ਆਇ ਗੁਰੂ ਨਾਨਕ ਜੀ ਪਾਸ ਸਭ ਹਾਲ ਦੱਸਿਆ। ਗੁਰੂ ਨਾਨਕ ਜੀ ਨੇ ਆਖਿਆ, "ਪੀਰ! ਓਹ ਗੁਰਮੁਖ ਸੰਤ ਹਨ, ਜੋ ਮਾਲਕ ਦੀ ਰਜ਼ਾ ਵਿੱਚ ਰਾਜ਼ੀ ਰਹਿੰਦੇ ਹਨ। ਸੱਚੀ ਪਤਿਬ੍ਰੱਤਾ ਓਹੋ ਇਸਤ੍ਰੀ ਹੈ ਜੋ ਭਰਤਾ ਦੀ ਆਗਯਾ ਭੰਗ ਨਾ ਕਰੇ। ਪੀਰ ਜੀ! ਜਲ ਵਿੱਚ ਅਨੰਤ ਜੀਵ ਮੋਤੀਏ ਸਿੱਪਾਂ ਵਾਂਗੂੰ ਅਜੇਹੇ ਹਨ ਜੇਹੜੇ ਬਰਖਾ ਦਾ ਹੀ ਜਲ ਪੀਂਦੇ ਹਨ। ਜੇ ਨਾ ਬਰਸੇ ਤਾਂ ਤੜਫਦੇ ਰਹਿੰਦੇ ਹਨ। ਓਨ੍ਹਾਂ ਨੂੰ ਕਰਤਾਰ ਤ੍ਰਿਪਤ ਕਰ ਰਿਹਾ ਸੀ। ਤੂੰ ਵਿਘਨਕਾਰੀ ਹੋਯਾ। ਏਸੇ ਪ੍ਰਕਾਰ ਓਸ ਬੇੜੇ ਨੂੰ ਈਸ਼੍ਵਰ ਨੇ ਡੋਬਨਾ ਸੀ ਤੂੰ ਸਫਾਰਸ਼ ਕੀਤੀ, ਬਚ ਗਿਆ। ਮਾਲਕ ਦੀ ਮਰਜ਼ੀ ਹਟਾਈ।" ਪੀਰ ਜਲਾਲ ਨੇ ਬਾਬੇ ਦੇ ਚਰਨ ਫੜ ਲੀਤੇ ਤੇ ਅੱਗੇ ਨੂੰ ਸੌਂਹ ਖਾਧੀ। ਗੁਰਮਤਿ ਸਿੱਖੀ ਤੇ ਮਨਮਤ ਛੱਡੀ।

ਏਸੇ ਪ੍ਰਕਾਰ ਹੋਰ ਅਨੇਕ ਪੁਰਖਾਂ ਦਾ ਉਧਾਰ ਕਰਦੇ ਹੋਏ ਜਦ ਪੰਜੇ ਨਦ ਲੰਘ ਕੇ ਸੀਤਾ ਪੁਰ ਪਾਸੋਂ ਅਟਕ ਨਦੀ ਪਾਰ ਹੋ ਜਾਮਪੁਰ ਦੇ ਲੋਕਾਂ ਨੂੰ ਸੁਮੱਤੇ ਲਾਵੰਦੇ ਹੋਏ ਡੇਰਹੇ ਇਸਮਾਈਲ ਖਾਂ ਦੇ ਪਰਗਣੇ ਵਿਚ; ਜੋ ਮਨੁੱਖ ਪਸੂਆਂ ਵਾਂਗੂੰ ਕੇਵਲ ਪੇਟ ਭਰਨ ਦੇ ਧੰਧਿਆਂ ਵਿੱਚ ਜਨਮ ਬਰਬਾਦ ਕਰ ਰਹੇ ਸੇ, ਓਨ੍ਹਾਂ ਨੂੰ ਪ੍ਰਮੇਸ਼੍ਵਰ ਦੀ ਭਗਤੀ ਕਰਨ ਲਾਇਆ। ਓਥੋਂ ਭਾਈ ਮਰਦਾਨੇ ਨੇ ਕੰਧਾਰ ਵੇਖਣ ਦਾ ਵੱਡਾ ਹਠ ਕੀਤਾ। ਤਾਂ ਬਾਬਾ ਜੀ ਸੁਲੇਮਾਨੀ ਪਹਾੜਾਂ ਤੇ ਜੰਗਲਾਂ ਵਿੱਚ ਦੀ ਮਰੀ ਕੌਮ ਦੇ ਲੋਕਾਂ ਨੂੰ ਰੱਬ ਦੇ ਰਾਹ ਪਾ ਕੇ ਬਲੋਚਾਂ ਦੇ ਮੁਲਕ ਵਿੱਚ ਜਾ ਫਿਰੇ। ਕਲਾਤੇ ਤੋਂ ਪਰੇ ਕੇਚਮ, ਭੰਬੋਰ ਆਦਿਕ ਸ਼ੈਹਰਾਂ ਤੇ ਥਲਾਂ ਦਾ ਰੰਗ ਢੰਗ ਦੇਖਦੇ ਹੋਏ ਕੰਧਾਰ ਸ਼ਹਿਰ; ਜਿੱਥੇ ਹੁਣ ਬਾਬੇ ਜੀ ਦੀ ਧਰਮਸਾਲਾ ਹੈ ਇੱਕ ਮਸੀਤ ਪਾਸ ਵੈਸਾਖ ਸੰਮਤ ੧੫੮੧ ਬਿਕ੍ਰਮੀ ਨੂੰ, ਜਾ ਬਿਰਾਜੇ। ਓਥੋਂ ਦਾ ਹਾਕਮ ਬੜਾ ਅਨਿਆਈ, ਪਰਜਾ ਨੂੰ ਦੁਖਦਾਈ ਸੀ। ਜਾਂ ਓਥੇ ਨਿਮਾਜ ਪੜ੍ਹਨ ਆਯਾ ਤਾਂ ਬਾਬੇ ਜੀ ਨੇ ਇਹ ਸਲੋਕ ਗਾਵਿਆ:

ਮਃ ੧ ॥
ਸਉ ਮਣੁ ਹਸਤੀ ਘਿਉ ਗੁੜੁ ਖਾਵੈ ਪੰਜਿ ਸੈ ਦਾਣਾ ਖਾਇ ॥
ਡਕੈ ਫੂਕੈ ਖੇਹ ਉਡਾਵੈ ਸਾਹਿ ਗਇਐ ਪਛੁਤਾਇ ॥
ਅੰਧੀ ਫੂਕਿ ਮੁਈ ਦੇਵਾਨੀ ॥
ਖਸਮਿ ਮਿਟੀ ਫਿਰਿ ਭਾਨੀ ॥
ਅਧੁ ਗੁਲ੍ਹਾ ਚਿੜੀ ਕਾ ਚੁਗਣੁ ਗੈਣਿ ਚੜੀ ਬਿਲਲਾਇ ॥
ਖਸਮੈ ਭਾਵੈ ਓਹਾ ਚੰਗੀ ਜਿ ਕਰੇ ਖੁਦਾਇ ਖੁਦਾਇ ॥
ਸਕਤਾ ਸੀਹੁ ਮਾਰੇ ਸੈ ਮਿਰਿਆ ਸਭ ਪਿਛੈ ਪੈ ਖਾਇ ॥
ਹੋਇ ਸਤਾਣਾ ਘੁਰੈ ਨ ਮਾਵੈ ਸਾਹਿ ਗਇਐ ਪਛੁਤਾਇ ॥
ਅੰਧਾ ਕਿਸ ਨੋ ਬੁਕਿ ਸੁਣਾਵੈ ॥
ਖਸਮੈ ਮੂਲਿ ਨ ਭਾਵੈ ॥
ਅਕ ਸਿਉ ਪ੍ਰੀਤਿ ਕਰੇ ਅਕ ਤਿਡਾ ਅਕ ਡਾਲੀ ਬਹਿ ਖਾਇ ॥
ਖਸਮੈ ਭਾਵੈ ਓਹੋ ਚੰਗਾ ਜਿ ਕਰੇ ਖੁਦਾਇ ਖੁਦਾਇ ॥
ਨਾਨਕ ਦੁਨੀਆ ਚਾਰਿ ਦਿਹਾੜੇ ਸੁਖਿ ਕੀਤੈ ਦੁਖੁ ਹੋਈ ॥
ਗਲਾ ਵਾਲੇ ਹੈਨਿ ਘਣੇਰੇ ਛਡਿ ਨ ਸਕੈ ਕੋਈ ॥
ਮਖੀ ਮਿਠੈ ਮਰਣਾ ॥
ਜਿਨ ਤੂ ਰਖਹਿ ਤਿਨ ਨੇੜਿ ਨ ਆਵੈ ਤਿਨ ਭਉ ਸਾਗਰੁ ਤਰਣਾ ॥੨॥

(ਵਾਰ-ਮਲਾਰ, ਮਃ ੧ - ੧੨੮੬)

ਏਹ ਸ਼ਬਦ ਸੁਣ ਓਸ ਖਾਨ ਨੇ ਬਾਬੇ ਜੀ ਨੂੰ ਆ ਸਲਾਮ ਕੀਤਾ ਤਾਂ ਬਾਬੇ ਕਿਹਾ:

ਮਃ ੧ ॥
ਰਾਜੁ ਮਾਲੁ ਰੂਪੁ ਜਾਤਿ ਜੋਬਨੁ ਪੰਜੇ ਠਗ ॥
ਏਨੀ ਠਗੀਂ ਜਗੁ ਠਗਿਆ ਕਿਨੈ ਨ ਰਖੀ ਲਜ ॥
ਏਨਾ ਠਗਨ੍ਹਿ ਠਗ ਸੇ ਜਿ ਗੁਰ ਕੀ ਪੈਰੀ ਪਾਹਿ ॥
ਨਾਨਕ ਕਰਮਾ ਬਾਹਰੇ ਹੋਰਿ ਕੇਤੇ ਮੁਠੇ ਜਾਹਿ ॥੨॥

(ਵਾਰ-ਮਲਾਰ, ਮਃ ੧ - ੧੨੮੮)

ਇਤਯਾਦਕ ਬਚਨ ਸੁਣ ਕੇ ਸਿੱਧੇ ਰਸਤੇ ਪਾਯਾ। ਗੁਰੂ ਜੀ ਨੂੰ ਖਾਨ ਨੇ ੧੫ ਦਿਨ ਪ੍ਰੇਮ ਨਾਲ ਰੱਖਿਆ। ਹੁਣ ਭੀ ਓਸ ਦੀ ਸੰਤਾਨ ਗੁਰੂ ਜੀ ਤੋਂ ਬਿਨਾਂ ਹੋਰ ਕਿਸੇ ਨੂੰ ਨਹੀਂ ਮੰਨਦੀ।

ਮਰਦਾਨੇ ਦਾ ਚਲਾਣਾ

ਕੰਧਾਰ ਤੋਂ ਹੋ ਕੇ ਗਜ਼ਨੀ ਤੱਕ ਸੈਲ ਕਰ ਜਦ ਕੁਰਮ ਨਦੀ ਦੇ ਕੰਢੇ ਕੁਰਮ ਸ਼ਹਿਰ ਵਿੱਚ ਪਹੁੰਚੇ ਤਾਂ ਮਰਦਾਨੇ ਨੂੰ ਸੂਲ ਹੋਯਾ। ਗੁਰੂ ਜੀ ਨੇ ਤਿਸ ਨੂੰ ਕਿਹਾ, "ਮਰਦਾਨਿਆਂ! ਹੁਣ ਤੇਰਾ ਸਰੀਰ ਛੁੱਟੇਗਾ। ਜੋ ਤੂੰ ਕਹੇਂ ਸੋ ਕੀਤਾ ਜਾਵੇ।" ਤਾਂ ਮਰਦਾਨੇ ਕਿਹਾ, "ਮਹਾਰਾਜ! ਮੈਂ ਆਪ ਦਾ ਸੇਵਕ ਹਾਂ। ਜਨਮ ਦਾ ਮੁਸਲਮਾਨ ਹਾਂ, ਪਰੰਤੂ ਕਰਮ ਦਾ ਨਹੀਂ। ਇਸ ਲਈ ਮੇਰਾ ਸਸਕਾਰ ਕਰਨਾ।" ਦੂਸਰੇ ਦਿਨ ੧੩ ਮੱਘਰ ਸੰਮਤ ੧੫੯੧ ਬਿਕ੍ਰਮੀ ਨੂੰ ਭਾਈ ਮਰਦਾਨੇ ਦੀ ਦੇਹ ਛੁੱਟੀ। ਗੁਰੂ ਜੀ ਓਸ ਦਾ ਸਸਕਾਰ ਕਰ ਕੇ ਈਸਾ ਖੇਲ ਲੱਕੀ ਤੋਂ ਅੱਗੇ ਅਟਕ ਨਦੀ ਤੋਂ ਉੱਤਰ ਸੈਦ ਮਿੱਠੇ ਬਾਗ਼ ਜਾ ਉੱਤਰੇ ਅਰ ਸ਼ਬਦ ਪੜ੍ਹਦੇ ਰਹੇ। ਪੀਰ ਅਬਦੁਲ ਰਹਮਾਨ (ਜਿਸਦਾ ਹੁਣ ਭੀ ਮੇਲਾ ਲੱਗਦਾ ਹੈ) ਗੁਰੂ ਜੀ ਦੇ ਸ਼ਬਦ ਸੁਣ ਕੇ ਮਸਤ ਹੋ ਗਿਆ ਅਰ ਪੁੱਛਯਾ ਜੋ ਖ਼ੁਦਾ ਦੀ ਸਿੱਫਤ ਕਿੰਨੀਕੁ ਹੈ? ਤਾਂ ਬਾਬੇ ਜੀ ਨੇ ਏਹ ਉੱਤਰ ਦਿੱਤਾ:

ਪੰਖੀ ਹੋਇ ਕੈ ਜੇ ਭਵਾ ਸੈ ਅਸਮਾਨੀ ਜਾਉ ॥

(ਸਿਰੀਰਾਗੁ, ਮਃ ੧ – ੧੪)

ਏਹ ਸੁਣ ਕੇ ਪੀਰ ਬਹੁਤ ਪ੍ਰਸੰਨ ਹੋਯਾ। ਪਰੰਤੂ ਓਸ ਦਾ ਚੇਲਾ ਮਿਠਾ ਸੱਯਦ ਤੜਿੰਗ ਹੋਯਾ ਅਰ ਬੋਲਿਆ, "ਸਭਨਾਂ ਚੌਦਾਂ ਤਬਕ ਆਖੇ ਹਨ, ਤੁਸੀਂ ਸੌ ਦੱਸੇ ਹਨ।" ਗੁਰੂ ਜੀ ਕਿਹਾ, "ਜਿਸ ਨੇ ੧੪ ਦੇਖੇ ਓਸ ਨੇ ੧੪ ਕਹੇ, ਜਿਸ ਨੇ ਸੌ ਦੇਖੇ ਓਸ ਨੇ ਸੌ ਕਹੇ।" ਅੰਤ ਨੂੰ ਕੁਛ ਚਰਚਾ ਦੇ ਪਿੱਛੋਂ ਸੱਯਦ ਮਿੱਠੇ ਨੂੰ ਗੁਰੂ ਜੀ ਪਾਸੋਂ ਨਿਰੁਤ੍ਰ ਹੋ ਜਾਣ ਕਰ ਕੇ ਚੇਲਾ ਬਣਨਾ ਪਿਆ। ਅੱਜ ਤੱਕ ਓਥੇ ਗੁਰੂ ਜੀ ਦੀ ਧਰਮਸਾਲਾ ਹੈ।

ਓਥੋਂ ਹੁੰਦੇ ਹੋਏ ਗੁਰੂ ਜੀ ਡੇਰੇ ਪਹੁੰਚੇ। ਓਥੇ ਇੱਕ {ਸਹੁ ਸੁਹਾਗਣ} ਸਦਾ ਸੁਹਾਗਣ ਨਾਮੇ ਆਦਮੀ ਇਸਤ੍ਰੀ ਬਾਣੇ ਵਿੱਚ ਰਹਿੰਦਾ ਸੀ। ਓਸ ਦੇ ਘਰ ਅੱਗੇ ਪਹੁੰਚੇ। ਲੋਕਾਂ ਤੋਂ ਬ੍ਰਿਤਾਂਤ ਪੁੱਛਿਆ ਤਾਂ ਬਾਲੇ ਕਿਹਾ, "ਸਭ ਪਾਖੰਡ ਹੈ।" ਏਹ ਸੁਣ ਕੇ ਓਸ ਦੇ ਮੁਰੀਦਾਂ ਗ਼ੁੱਸਾ ਕੀਤਾ। ਗੁਰੂ ਜੀ ਅੰਦਰ ਜਾਣ ਲੱਗੇ ਤਾਂ ਨਾ ਜਾਣ ਦਿੱਤਾ। ਗੁਰੂ ਜੀ ਨੇ ਬਾਹਰ ਬੈਠ ਕੇ ਏਹ ਸ਼ਬਦ ਪੜ੍ਹਿਆ:

ਰਾਗੁ ਸੂਹੀ ਮਹਲਾ ੧ ਕੁਚਜੀ
ੴ ਸਤਿਗੁਰ ਪ੍ਰਸਾਦਿ ॥

ਮੰਞੁ ਕੁਚਜੀ ਅੰਮਾਵਣਿ ਡੋਸੜੇ ਹਉ ਕਿਉ ਸਹੁ ਰਾਵਣਿ ਜਾਉ ਜੀਉ ॥
ਇਕ ਦੂ ਇਕਿ ਚੜੰਦੀਆ ਕਉਣੁ ਜਾਣੈ ਮੇਰਾ ਨਾਉ ਜੀਉ ॥
ਜਿਨ੍ਹੀ ਸਖੀ ਸਹੁ ਰਾਵਿਆ ਸੇ ਅੰਬੀ ਛਾਵੜੀਏਹਿ ਜੀਉ ॥
ਸੇ ਗੁਣ ਮੰਞੁ ਨ ਆਵਨੀ ਹਉ ਕੈ ਜੀ ਦੋਸ ਧਰੇਉ ਜੀਉ ॥
ਕਿਆ ਗੁਣ ਤੇਰੇ ਵਿਥਰਾ ਹਉ ਕਿਆ ਕਿਆ ਘਿਨਾ ਤੇਰਾ ਨਾਉ ਜੀਉ ॥
ਇਕਤੁ ਟੋਲਿ ਨ ਅੰਬੜਾ ਹਉ ਸਦ ਕੁਰਬਾਣੈ ਤੇਰੈ ਜਾਉ ਜੀਉ ॥
ਸੁਇਨਾ ਰੁਪਾ ਰੰਗੁਲਾ ਮੋਤੀ ਤੈ ਮਾਣਿਕੁ ਜੀਉ ॥
ਸੇ ਵਸਤੂ ਸਹਿ ਦਿਤੀਆ ਮੈ ਤਿਨ੍ ਸਿਉ ਲਾਇਆ ਚਿਤੁ ਜੀਉ ॥
ਮੰਦਰ ਮਿਟੀ ਸੰਦੜੇ ਪਥਰ ਕੀਤੇ ਰਾਸਿ ਜੀਉ ॥
ਹਉ ਏਨੀ ਟੋਲੀ ਭੁਲੀਅਸੁ ਤਿਸੁ ਕੰਤ ਨ ਬੈਠੀ ਪਾਸਿ ਜੀਉ ॥
ਅੰਬਰਿ ਕੂੰਜਾ ਕੁਰਲੀਆ ਬਗ ਬਹਿਠੇ ਆਇ ਜੀਉ ॥
ਸਾ ਧਨ ਚਲੀ ਸਾਹੁਰੈ ਕਿਆ ਮੁਹੁ ਦੇਸੀ ਅਗੈ ਜਾਇ ਜੀਉ ॥
ਸੁਤੀ ਸੁਤੀ ਝਾਲੁ ਥੀਆ ਭੁਲੀ ਵਾਟੜੀਆਸੁ ਜੀਉ ॥
ਤੈ ਸਹ ਨਾਲਹੁ ਮੁਤੀਅਸੁ ਦੁਖਾ ਕੂੰ ਧਰੀਆਸੁ ਜੀਉ ॥
ਤੁਧੁ ਗੁਣ ਮੈ ਸਭਿ ਅਵਗਣਾ ਇਕ ਨਾਨਕ ਕੀ ਅਰਦਾਸਿ ਜੀਉ ॥
ਸਭਿ ਰਾਤੀ ਸੋਹਾਗਣੀ ਮੈ ਡੋਹਾਗਣਿ ਕਾਈ ਰਾਤਿ ਜੀਉ ॥੧॥

(ਸੂਹੀ, ਮਃ ੧ - ੭੬੨)

ਜਦ ਲੋਕਾਂ ਏਹ ਸ਼ਬਦ ਸੁਣਿਆ ਤਾਂ ਲੋਕ ਬਾਬੇ ਪਾਸ ਆ 'ਕੱਠੇ ਹੋਏ। ਓਸ ਦੇ ਚੇਲੇ ਬਾਬੇ ਨੂੰ ਓਥੋਂ ਉਠਾਉਣ, ਪਰ ਲੋਕੀਂ ਉੱਠਣ ਨਾ ਦੇਣ। ਕੁਦਰਤ ਵਾਹਿਗੁਰੂ ਦੀ ਓਸ ਵੇਲੇ ਓਹ ਸਦਾ ਸੁਹਾਗਣ ਇੱਕ ਪਰ ਇਸਤ੍ਰੀ ਨਾਲ ਭੋਗ ਕਰਦਾ ਫੜਿਆ ਗਿਆ। ਲੋਕਾਂ ਨੇ ਓਸ ਨੂੰ ਮਾਰ ਕੁੱਟ ਕੇ ਕੱਢ ਦਿੱਤਾ। ਡੇਰਾ ਲੁੱਟ ਪੁੱਟ ਲਿਆ। ਮਾਰ ਕੁੱਟ ਖਾ ਕੇ ਓਹ ਬਾਬੇ ਦੀ ਚਰਨੀ ਆ ਡਿੱਗਾ। ਗੁਰੂ ਜੀ ਨੇ ਪਖੰਡ ਛੱਡ ਕੇ ਸੱਚੇ ਮਾਰਗ ਚੱਲਣ ਦਾ ਉਪਦੇਸ਼ ਕੀਤਾ।

ਓਥੋਂ ਤੁਰ ਕੇ ਡਿੰਗੇ ਪਹੁੰਚੇ। ਓਥੇ ਇੱਕ ਮੰਦਰ ਅੱਗੇ ਭੀੜ ਦੇਖ ਕੇ ਲੋਕਾਂ ਤੋਂ ਪੁੱਛਿਆ ਜੋ ਕੀ ਹੈ? ਤਾਂ ਲੋਕਾਂ ਦੱਸਿਆ ਇੱਕ ਜੋਗੀ ਹੈ ਜੋ ਚਾਲੀ ਦਿਨਾਂ ਪਿੱਛੋਂ ਨਿੱਕਲਦਾ ਹੈ। ਖਾਂਦੀ ਪੀਂਦਾ ਕੁਛ ਨਹੀਂ। ਅੱਜ ਨਿੱਕਲੇਗਾ। ਬਾਬੇ ਕਿਹਾ, "ਮਾਨ ਹੰਕਾਰ ਦਾ ਭੋਜਨ ਕਰਦਾ ਹੈ।" ਓਸ ਦੇ ਚੇਲੇ ਚਿੜ ਪਏ, ਗੁਰੂ ਜੀ ਨੇ ਕਿਹਾ, "ਸਭ ਨਗਰੀ ਢੋਲ ਵਜਵਾ ਦੇਵੋ ਕਿ ਅੱਜ ਜੋਗੀ ਨਹੀਂ ਨਿੱਕਲੇਗਾ।" ਲੋਕਾਂ ਓਸੇ ਤਰ੍ਹਾਂ ਕੀਤਾ। ਕੋਈ ਆਦਮੀ ਨਾ ਆਯਾ। ਜਦ ਜੋਗੀ ਨਿੱਕਲਿਆ। ਕਿਸੇ ਨੂੰ ਬਾਹਰ ਨਾ ਦੇਖ ਕੇ ਹਾਹੁਕਾ ਭਰ ਬਿਹੋਸ਼ ਹੋ ਕੇ ਡਿਗ ਪਿਆ। ਬਾਬੇ ਕਿਹਾ, "ਦੇਖਿਆ ਜੇ! ਏਹ ਮਾਨ ਦਾ ਭੋਜਨ ਹੈ। ਹੁਣੇ ਲੋਕ 'ਕੱਠੇ ਕਰੋ।" ਜਦ ਲੋਕ 'ਕੱਠੇ ਹੋਏ ਤਾਂ ਬਾਬਾ ਜੀ ਨੇ ਓਸ ਨੂੰ ਹੋਸ਼ ਵਿੱਚ ਲਿਆਂਦਾ। ਓਹ ਆਪਣੇ ਚੇਲੇ ਦੇਖ ਕੇ ਪ੍ਰਸੰਨ ਹੋ ਖਿੜ ਖਿੜ ਕਰਨ ਲੱਗ ਪਿਆ। ਗੁਰੂ ਜੀ ਨੇ ਓਸ ਨੂੰ ਭੀ ਪਾਖੰਡ ਦੇ ਤਿਆਗ ਦਾ ਉਪਦੇਸ਼ ਦੇ ਕੇ ਸੁਮੱਤੇ ਲਾਇਆ।

ਫਿਰਦੇ ਤੁਰਦੇ ਗੁਰੂ ਜੀ ਚੇਤ੍ਰ ੧੯ ਸੰਮਤ ੧੫੮੨ ਨੂੰ ਕਰਤਾਰਪੁਰ ਆ ਗਏ। ਸਿੱਖ ਸੰਗਤਾਂ ਦੂਰੋਂ ਦੂਰੋਂ ਦਰਸ਼ਨ ਨੂੰ ਆਈਆਂ। ਧਰਮ ਉਪਦੇਸ਼ ਤੇ ਲੰਗਰ ਅਖੰਡ ਪਾਠ ਚੱਲਦਾ ਸੀ। ਮਰਦਾਨੇ ਦੇ ਦੋਵੇਂ ਪੁੱਤ੍ਰ ਸਜਾਦਾ ਰਾਜਦਾ ਪਿਤਾ ਦੇ ਮਰਨ ਦੀ ਖ਼ਬਰ ਸੁਣ ਕੇ ਗੁਰੂ ਜੀ ਪਾਸ ਆਏ ਅਰ ਕਿਹਾ, "ਜੀ! ਸਾਨੂੰ ਸਾਡੇ ਪਿਤਾ ਦੀ ਸਮਾਧ ਦਾ ਦਰਸ਼ਨ ਕਰਾਓ।" ਗੁਰੂ ਜੀ ਨੇ ਰਜਾਦੇ ਨੂੰ ਕਰਤਾਰਪੁਰ ਰਹਿਣ ਦੀ ਆਗਜ਼ਾ ਕੀਤੀ ਅਰ ਸਜਾਦੇ ਨੂੰ ਨਾਲ ਲੈ ਕੇ ਮੁੜ ਕੁਰਮ ਸ਼ਹਿਰ ਵੱਲ ਤੁਰ ਪਏ। ਗੁਜਰਾਂਵਾਲੇ, ਹਾਫਜ਼ਾਬਾਦ, ਜਲਾਲਪੁਰ ਹੁੰਦੇ ਹੋਏ ਕੁਰਮ ਸ਼ਹਿਰ ਵਿੱਚ ਜਾ ਮਰਦਾਨੇ ਦੀ ਸਮਾਧ ਦਿਖਾਈ। ਸਜਾਦੇ ਦੀ ਸੰਤਾਨ ਹੁਣ ਤੱਕ ਓਥੇ ਹੈ ਅਰ ਪੀਰ ਸਦਾਉਂਦੀ ਹੈ।

ਅੱਚਲ ਵਟਾਲਾ

ਗੁਰੂ ਜੀ ਤੋਂ ਜੋਗੀ ਸੰਨਜਾਸੀ ਆਦਿਕ ਭੇਖਾਂ ਵਾਲੇ ਕਈ ਵਾਰੀ ਭਾਂਜ ਖਾ ਚੁੱਕੇ ਸਨ ਪਰ ਸੰਮਤ ੧੫੮੩ ਨੂੰ ਸ਼ਿਵਰਾਤ੍ਰੀ ਦੇ ਮੇਲੇ ਤੇ ਕੰਨ ਪਾਟੇ ਜੋਗੀਆਂ ਨੇ ਗੁਰੂ ਜੀ ਨੂੰ ਫੇਰ ਚਰਚਾ ਲਈ ਵੰਗਾਰਿਆ। ਗੁਰੂ ਜੀ ਨੇ ਆਪਣੇ ਸੇਵਕ ਅਜਿੱਤੇ ਰੰਧਾਵੇ ਨੂੰ ਆਤਮਕ ਸ਼ਕਤੀ ਦੇ ਕੇ ਸਿੱਧਾਂ ਨਾਲ ਗੋਸ਼ਟ ਕਰਨ ਡਾਹ ਦਿੱਤਾ। ਓਸ ਨੇ ਅਜੇਹੀ ਆਤਮਕ ਚਰਚਾ ਕੀਤੀ ਜੋ ਸਿੱਧ ਨਿਰੁੱਤ੍ਰ ਹੋ ਕੇ ਉੱਠ ਗਏ। ਤਾਂ ਬਾਬੇ ਜੀ ਨੇ ਏਹ ਸ਼ਬਦ ਪੜ੍ਹਿਆ:

ਰਾਮਕਲੀ ਮਹਲਾ ੧ ॥
ਜਗੁ ਪਰਬੋਧਹਿ ਮੜੀ ਬਧਾਵਹਿ ॥
ਆਸਣੁ ਤਿਆਗਿ ਕਾਹੇ ਸਚੁ ਪਾਵਹਿ ॥
ਮਮਤਾ ਮੋਹੁ ਕਾਮਣਿ ਹਿਤਕਾਰੀ ॥
ਨਾ ਅਉਧੂਤੀ ਨਾ ਸੰਸਾਰੀ ॥੧॥
ਜੋਗੀ ਬੈਸਿ ਰਹਹੁ ਦੁਬਿਧਾ ਦੁਖੁ ਭਾਗੈ ॥
ਘਰਿ ਘਰਿ ਮਾਗਤ ਲਾਜ ਨ ਲਾਗੈ ॥੧॥ ਰਹਾਉ ॥
ਗਾਵਹਿ ਗੀਤ ਨ ਚੀਨਹਿ ਆਪੁ ॥
ਕਿਉ ਲਾਗੀ ਨਿਵਰੈ ਪਰਤਾਪੁ ॥
ਗੁਰ ਕੈ ਸਬਦਿ ਰਚੈ ਮਨ ਭਾਇ ॥
ਭਿਖਿਆ ਸਹਜ ਵੀਚਾਰੀ ਖਾਇ ॥੨॥
ਭਸਮ ਚੜਾਇ ਕਰਹਿ ਪਾਖੰਡੁ ॥
ਮਾਇਆ ਮੋਹਿ ਸਹਹਿ ਜਮ ਡੰਡੁ ॥
ਫੂਟੈ ਖਾਪਰੁ ਭੀਖ ਨ ਭਾਇ ॥
ਬੰਧਨਿ ਬਾਧਿਆ ਆਵੈ ਜਾਇ ॥੩॥
ਬਿੰਦੁ ਨ ਰਾਖਹਿ ਜਤੀ ਕਹਾਵਹਿ ॥
ਮਾਈ ਮਾਗਤ ਤ੍ਰੈ ਲੋਭਾਵਹਿ ॥
ਨਿਰਦਇਆ ਨਹੀ ਜੋਤਿ ਉਜਾਲਾ ॥
ਬੂਡਤ ਬੂਡੇ ਸਰਬ ਜੰਜਾਲਾ ॥੪॥
ਭੇਖ ਕਰਹਿ ਖਿੰਥਾ ਬਹੁ ਥਟੂਆ ॥
ਝੂਠੋ ਖੇਲੁ ਖੇਲੈ ਬਹੁ ਨਟੂਆ ॥
ਅੰਤਰਿ ਅਗਨਿ ਚਿੰਤਾ ਬਹੁ ਜਾਰੇ ॥
ਵਿਣੁ ਕਰਮਾ ਕੈਸੇ ਉਤਰਸਿ ਪਾਰੇ ॥੫॥
ਮੁੰਦ੍ਰਾ ਫਟਕ ਬਨਾਈ ਕਾਨਿ ॥
ਮੁਕਤਿ ਨਹੀ ਬਿਦਿਆ ਬਿਗਿਆਨਿ ॥
ਜਿਹਵਾ ਇੰਦ੍ਰੀ ਸਾਦਿ ਲੁੋਭਾਨਾ ॥
ਪਸੂ ਭਏ ਨਹੀ ਮਿਟੈ ਨੀਸਾਨਾ ॥੬॥
ਤ੍ਰਿਬਿਧਿ ਲੋਗਾ ਤ੍ਰਿਬਿਧਿ ਜੋਗਾ ॥
ਸਬਦੁ ਵੀਚਾਰੈ ਚੂਕਸਿ ਸੋਗਾ ॥
ਊਜਲੁ ਸਾਚੁ ਸੁ ਸਬਦੁ ਹੋਇ ॥
ਜੋਗੀ ਜੁਗਤਿ ਵੀਚਾਰੇ ਸੋਇ ॥੭॥
ਤੁਝ ਪਹਿ ਨਉ ਨਿਧਿ ਤੂ ਕਰਣੈ ਜੋਗੁ ॥
ਥਾਪਿ ਉਥਾਪੇ ਕਰੇ ਸੁ ਹੋਗੁ ॥

ਜਤੁ ਸਤੁ ਸੰਜਮੁ ਸਚੁ ਸੁਚੀਤੁ ॥
ਨਾਨਕ ਜੋਗੀ ਤ੍ਰਿਭਵਣ ਮੀਤੁ ॥੮॥੨॥

(ਰਾਮਕਲੀ, ਮਃ ੧ – ੯੦੩)

ਇਤਯਾਦਿਕ ਸਾਰਾ ਸ਼ਬਦ ਸੁਣਾਯਾ ਜਿਸ ਨੂੰ ਸੁਣ ਕੇ ਸਿੱਧ ਸਮਝਣ ਦੀ ਥਾਂ ਸਗੋਂ ਭੁੜਕ ਉੱਠੇ ਅਰ ਫੇਰ ਗੋਸ਼ਟ ਨੂੰ ਤਿਆਰ ਹੋ ਪਏ, ਜਿਸ ਦਾ ਸਾਰਾ ਵੇਰਵਾ ਸਿੱਧ ਗੋਸ਼ਟ ਬਾਣੀ ਵਿੱਚ ਹੈ।

ਦੁਆਬੇ ਵਿੱਚ ਢੱਕ ਦੇ ਪ੍ਰਗਣੇ ਇੱਕ {ਭੂਮੀਆ ਚੋਰ} ਭੂਮੀਆਂ ਨਾਮੇ ਬੜਾ ਪ੍ਰਸਿੱਧ ਧਾੜਵੀ ਰਹਿੰਦਾ ਸੀ। ਓਸ ਨੇ ਇੱਕ ਧਰਮਸਾਲਾ ਭੀ ਬਣਵਾਈ ਹੋਈ ਸੀ ਅਰ ਆਏ ਗਏ ਸਿੱਖ ਸਾਧ ਦੀ ਸੇਵਾ ਕਰਦਾ ਸੀ। ਗੁਰੂ ਜੀ ਭੀ ਓਥੇ ਜਾ ਉੱਤਰੇ। ਭੂਮੀਏਂ ਨੇ ਗੁਰੂ ਜੀ ਦੇ ਬਚਨ ਸੁਣ ਕੇ ਕਿਹਾ, "ਜੀ! ਮੈਨੂੰ ਸਿੱਖ ਬਨਾਓ।" ਗੁਰੂ ਜੀ ਨੇ ਉਸ ਤੋਂ ਤਿੰਨਾਂ ਗੱਲਾਂ ਦਾ ਪ੍ਰਣ ਕਰਵਾ ਕੇ ਸਿੱਖ ਬਣਾਇਆ। ਇੱਕ ਸੱਚ ਬੋਲਣਾ, ਦੂਸਰੇ ਗ਼ਰੀਬ ਦੀ ਚੋਰੀ ਨਹੀਂ ਕਰਨੀ, ਤੀਸਰੇ ਕਿਸੇ ਦਾ ਲੂਣ ਖਾ ਕੇ ਬੁਰਾ ਨਹੀਂ ਕਰਨਾ। ਫੇਰ ਗੁਰੂ ਜੀ ਓਥੋਂ ਚੱਲਦੇ ਹੋਏ। ਕੁਛ ਦਿਨ ਪਿੱਛੋਂ ਭੂਮੀਆਂ ਓਥੋਂ ਦੇ ਰਾਜੇ ਦਾ ਘਰ ਲੁੱਟਣ ਨੂੰ ਤੁਰ ਪਿਆ। ਚੰਗੀ ਪੋਸ਼ਾਕ ਪਹਿਨ ਮਹਲ ਅੱਗੇ ਪਹੁੰਚਾ ਤਾਂ ਪਹਿਲੀ ਡੇਉੜੀ ਤੇ ਪਹਿਰੇਦਾਰ ਨੇ ਪੁੱਛਯਾ, "ਕੌਣ ਹੈਂ?" ਉੱਤਰ ਦਿੱਤਾ, "ਮੈਂ ਚੋਰ ਹਾਂ ਅਰ ਚੋਰੀ ਕਰਨ ਚੱਲਿਆ ਹਾਂ।" ਪਹਿਰੇਦਾਰ ਸਮਝਿਆ ਕਿ ਚੋਰ ਕਦੇ ਆਪ ਨੂੰ ਚੋਰ ਨਹੀਂ ਕਹਿੰਦਾ। ਏਹ ਕੋਈ ਰਾਜੇ ਦਾ ਸੰਬੰਧੀ ਹੋਊ। ਏਹ ਸੋਚ ਕੇ ਚੁੱਪ ਹੋ ਰਿਹਾ। ਭੂਮੀਆਂ ਦੂਸਰੀ, ਤੀਸਰੀ ਡੇਉੜੀ ਤੇ ਭੀ ਏਹੋ ਕੁਛ ਕਹਿੰਦਾ ਅੰਦਰ ਲੰਘ ਗਿਆ ਅਰ ਖ਼ਜ਼ਾਨਾ ਭੰਨ ਕੇ ਪੰਡਾਂ ਬੰਨ੍ਹ ਲਈਆਂ। ਇੱਕ ਤਾਸੀ ਵਿੱਚ ਚੂਰਨ ਸੀ। ਖੰਡ ਸਮਝ ਕੇ ਫੱਕਾ ਮਾਰਿਆ ਤਾਂ ਲੂਣ ਦਾ ਸਵਾਦ ਆਯਾ। ਸਭ ਕੁਛ ਛੱਡ ਕੇ ਤੁਰ ਪਿਆ। ਦਿਨ ਚੜ੍ਹੇ ਰਾਜੇ ਨੇ ਦੇਖਿਆ ਜੋ ਸਭ ਕੁੱਝ ਬੱਧਾ ਪਿਆ ਹੈ। ਢੰਡੋਰਾ ਫਿਰਾਇਆ ਜੋ ਕੇਹੜਾ ਚੋਰ ਹੈ ਜੋ ਏਨ੍ਹਾਂ ਕੁਛ ਬੰਨ੍ਹ ਕੇ ਛੱਡ ਗਿਆ ਹੈ। ਮੇਰੇ ਸਾਹਮਣੇ ਆਵੇ ਮੈਂ ਓਸ ਨੂੰ ਇਨਾਮ ਦੇਵਾਂਗਾ। ਭੂਮੀਆ ਜਾ ਹਾਜ਼ਰ ਹੋਯਾ। ਰਾਜੇ ਨੇ ਓਸ ਨੂੰ ਕੁੱਲ ਹਾਲ ਪੁੱਛਿਆ। ਓਸ ਨੇ ਗੁਰੂ ਜੀ ਦੇ ਸਿੱਖ ਹੋਣ ਤੇ ਤਿੰਨ ਗੱਲਾਂ ਦਾ ਇਕਰਾਰ ਕਰਨ ਦਾ ਬ੍ਰਿਤਾਂਤ ਸੁਣਾਯਾ। ਰਾਜੇ ਨੇ ਗੁਰੂ ਜੀ ਦੇ ਦਰਸ਼ਨ ਕਰਨ ਵਾਸਤੇ ਕਿਹਾ। ਇਸ ਪਰ ਭਾਈ ਭੂਮੀਏਂ ਨੇ ਕਿਹਾ, "ਤੁਸੀਂ ਓਨ੍ਹਾਂ ਦਾ ਧਿਆਨ ਧਰੋ ਤੁਸਾਨੂੰ ਗੁਰੂ ਜੀ ਆ ਦਰਸ਼ਨ ਦੇਣਗੇ।" ਇਸ ਗੱਲ ਤੋਂ ਭਾਈ ਭੂਮੀਏਂ ਅਤੇ ਰਾਜਾ ਨੂੰ ਅਜੇਹਾ ਗਯਾਨ ਹੋਯਾ ਕਿ ਸਭ ਕੰਮ ਕਾਰ ਛੱਡ ਕੇ ਬਾਬੇ ਦੇ ਧਿਆਨ ਵਿੱਚ ਮਗਨ ਰਹਿਣ ਲਗ ਪਏ।

ਏਥੋਂ ਤੁਰ ਗੁਰੂ ਜੀ ਸਤਲੁਜ ਦਰਿਆ ਦੇ ਕੰਢੇ ਬੈਠ ਕੇ ਸ਼ਬਦ ਪੜ੍ਹਨ ਲੱਗ ਪਏ। ਪਰ ਇੱਕ ਮੁਸਲਮਾਨ ਮੁਗਲ ਪਿੰਡ ਦਾ ਰਾਜਾ ਗੁਰੂ ਜੀ ਨੂੰ ਦਰਿਆ ਕਨਾਰੇ ਸ਼ਬਦ ਬੋਲਦੇ ਸੁਣ ਕੇ ਮਸਤ ਹੋ ਗਿਆ। ਓਨ ਪੁੱਛਿਆ, "ਤੁਸਾਡਾ ਮੁਰਸ਼ਦ ਕੌਣ ਹੈ?" ਤਾਂ ਗੁਰੂ ਜੀ ਬੋਲੇ:

ਇੱਕੋ ਵਾਹਦ ਲਾ ਸ਼ਰੀਕ ॥ ਮੁਰਸ਼ਦ ਸਾਡਾ ਤਹਕੀਕ ॥
ਦੂਜੀ ਦਰੋਗ ਦੂਰ ਹੈ ਕੀਨਾ ॥ ਅਜਰ ਅਮਰ ਪਦ ਤਬਤੇ ਲੀਨਾ ॥
ਜੇ ਤੂੰ ਦੂਈ ਦਿਲੋਂ ਵਿਸਾਰੇਂ ॥ ਹਾਜਰ ਨਾਜਰ ਰੱਬ ਨਿਹਾਂਰੇਂ ॥

ਇਹ ਬਚਨ ਸੁਣ ਕੇ ਮੁਗਲ ਚਰਨਾਂ ਉੱਤੇ ਢਹਿ ਪਿਆ। ਗੁਰੂ ਜੀ ਦੀ ਕ੍ਰਿਪਾ ਨਾਲ ਓਸ ਦਾ ਹੋਰ ਹੀ ਰੰਗ ਹੋ ਗਿਆ। ਘਰ ਗਿਆ ਤਾਂ ਓਸ ਦੇ ਸੰਬੰਧੀ ਤੇ ਦੋਸਤ ਦੇਖ ਕੇ ਹੈਰਾਨ ਹੋ ਰਹੇ। ਇੱਕ ਪਠਾਣ ਜੋ ਓਸ ਦਾ ਮਿੱਤਰ ਬਿਦਰ ਸ਼ਹਿਰ ਤੋਂ ਓਸ ਦੇ ਮਿਲਣ ਲਈ ਆਇਆ ਸੀ, ਓਸ ਨੇ ਭੀ ਬਾਬੇ ਜੀ ਦੇ ਚਰਨ ਆ ਫੜੇ, ਓਹ ਭੀ ਕਿਰਤਾਰਥ ਹੋ ਗਿਆ। (ਦੇਖੋ ਸਫਾ ਜਨਮ ਸਾਖੀ ੫੭੬)

ਏਸੇ ਪ੍ਰਕਾਰ ਅਨੇਕਾਂ ਪੁਰਸ਼ਾਂ ਦਾ ਉਧਾਰ ਕਰਦੇ ਹੋਏ {ਹਰਿਦੁਆਰ ਕੌਤਕ} ਹਰਿਦੁਆਰ ਗੰਗਾ ਕਨਾਰੇ ਜਾ ਬਿਰਾਜੇ। ਸੱਚੇ ਧਰਮ ਦਾ ਉਪਦੇਸ਼ ਕਰਨ ਲੱਗੇ ਤਾਂ ਬਾਬੇ ਪਾਸ ਬਹੁਤ ਲੋਕ ਆਉਣ ਤੇ ਸੱਚਾ ਉਪਦੇਸ਼ ਸੁਣ ਕੇ ਪੰਡਿਆਂ ਦੇ ਛਲ ਹੇਠ ਨਾ ਆਉਣ। ਪੰਡੇ ਖਿਝ ਕੇ ਬਾਬੇ ਜੀ ਨੂੰ ਉਠਾਉਣ

ਆਏ ਤਾਂ ਬਾਬੇ ਦੇ ਸੰਗਤੀਆਂ ਨੇ ਮਾਰ ਭਜਾਏ। ਇੱਕ ਦਿਨ ਜਦ ਪੰਡੇ ਓਥੇ ਪੂਜਾ ਕਰ ਕੇ ਪੂਰਬ ਵੰਨੀਂ ਜਲ ਦੇਣ ਲੱਗੇ ਤਾਂ ਬਾਬਾ ਜੀ ਪੱਛੋਂ ਵੰਨੀਂ ਜਲ ਉਛਾਲਣ ਲੱਗ ਪਏ। ਓਨ੍ਹਾਂ ਪੁੱਛਿਆ, "ਪੱਛੋਂ ਵੰਨੀਂ ਕਿਉਂ ਜਲ ਦਿੰਦੇ ਹੋ? ਪਿਤ੍ਰਾਂ ਦੇ ਦੇਵਤਿਆਂ ਨੂੰ ਤਾਂ ਪੂਰਬ ਵੰਨੀਂ ਜਲ ਦੇਈਦਾ ਹੈ?" ਗੁਰੂ ਜੀ ਨੇ ਆਖਿਆ, "ਅਸੀਂ ਤਾਂ ਆਪਣੀ ਖੇਤੀ ਨੂੰ ਜਲ ਦਿੰਦੇ ਹਾਂ ਜੋ ਕਰਤਾਰਪੁਰ ਰਾਵੀ ਕਿਨਾਰੇ ਬੀਜੀ ਹੋਈ ਹੈ।" ਪੰਡਤ ਬੋਲੇ, "ਐਤਨੀ ਦੂਰ ਏਹ ਜਲ ਕਿਕੂੰ ਪਹੁੰਚੇਗਾ?" ਗੁਰੂ ਜੀ ਨੇ ਆਖਿਆ, "ਜਿਕੂੰ ਤੁਸਾਡੇ ਪਿਤ੍ਰਾਂ ਪਾਸ ਤੁਸਾਡਾ ਦਿੱਤਾ ਜਲ ਪਹੁੰਚੇਗਾ, ਓਸੇ ਤਰ੍ਹਾਂ ਇਹ ਪਹੁੰਚੇਗਾ।" ਏਹ ਸੁਣ ਕੇ ਓਹ ਨਿਰੁਤ੍ਰ ਹੋ ਗਏ। ਗੁਰੂ ਜੀ ਬੋਲੇ ਇਹ ਫੋਕਟ ਕਰਮ ਲੋਕ ਦਿਖਾਵਾ ਛੱਡ ਕੇ ਪ੍ਰਮੇਸ੍ਵਰ ਦਾ ਭਜਨ ਭਗਤੀ ਕਰੋ। ਕਲਿਜੁਗ ਵਿੱਚ ਬਿਨਾਂ ਭਗਤੀ ਭਜਨ ਹੋਰ ਕਿਸੇ ਕਰਮ ਤੋਂ ਕਲਿਆਣ ਨਹੀਂ ਹੁੰਦੀ। ਸਭ ਪੰਡਤ ਇਹ ਬਾਤ ਮੰਨ ਗਏ। ਪਰ ਇੱਕ ਪੰਡਤ ਬੋਲਿਆ ਵਿੱਦਿਆ ਪੜ੍ਹੇ ਬਿਨਾਂ ਗਿਆਨ ਨਹੀਂ ਹੁੰਦਾ। ਏਸ ਪਰ ਬਾਬੇ ਜੀ ਨੇ ਬਚਨ ਕੀਤਾ:

ਸਲੋਕੁ ਮਃ ੧ ॥
ਪੜਿ ਪੜਿ ਗਡੀ ਲਦੀਅਹਿ ਪੜਿ ਪੜਿ ਭਰੀਅਹਿ ਸਾਥ ॥
ਪੜਿ ਪੜਿ ਬੇੜੀ ਪਾਈਐ ਪੜਿ ਪੜਿ ਗਡੀਅਹਿ ਖਾਤ ॥
ਪੜੀਅਹਿ ਜੇਤੇ ਬਰਸ ਬਰਸ ਪੜੀਅਹਿ ਜੇਤੇ ਮਾਸ ॥
ਪੜੀਐ ਜੇਤੀ ਆਰਜਾ ਪੜੀਅਹਿ ਜੇਤੇ ਸਾਸ ॥
ਨਾਨਕ ਲੇਖੈ ਇਕ ਗਲ ਹੋਰੁ ਹਉਮੈ ਝਖਣਾ ਝਾਖ ॥੧॥

(ਵਾਰ-ਆਸਾ, ਮਃ ੧ - ੪੬੭)

ਪੁਨਾ:

ਮਃ ੧ ॥
ਲਿਖਿ ਲਿਖਿ ਪੜਿਆ ॥ ਤੇਤਾ ਕੜਿਆ ॥
ਬਹੁ ਤੀਰਥ ਭਵਿਆ ॥ ਤੇਤੋ ਲਵਿਆ ॥
ਬਹੁ ਭੇਖ ਕੀਆ ਦੇਹੀ ਦੁਖੁ ਦੀਆ ॥
ਸਹੁ ਵੇ ਜੀਆ ਅਪਣਾ ਕੀਆ ॥
ਅੰਨੁ ਨ ਖਾਇਆ ਸਾਦੁ ਗਵਾਇਆ ॥
ਬਹੁ ਦੁਖੁ ਪਾਇਆ ਦੂਜਾ ਭਾਇਆ ॥
ਬਸਤ੍ਰ ਨ ਪਹਿਰੈ ॥ ਅਹਿਨਿਸਿ ਕਹਰੈ ॥
ਮੋਨਿ ਵਿਗੂਤਾ ॥ ਕਿਉ ਜਾਗੈ ਗੁਰ ਬਿਨੁ ਸੂਤਾ ॥
ਪਗ ਉਪੇਤਾਣਾ ॥ ਅਪਣਾ ਕੀਆ ਕਮਾਣਾ ॥
ਅਲੁ ਮਲੁ ਖਾਈ ਸਿਰਿ ਛਾਈ ਪਾਈ ॥
ਮੂਰਖਿ ਅੰਧੈ ਪਤਿ ਗਵਾਈ ॥
ਵਿਣੁ ਨਾਵੈ ਕਿਛੁ ਥਾਇ ਨ ਪਾਈ ॥
ਰਹੈ ਬੇਬਾਣੀ ਮੜੀ ਮਸਾਣੀ ॥
ਅੰਧੁ ਨ ਜਾਣੈ ਫਿਰਿ ਪਛੁਤਾਣੀ ॥
ਸਤਿਗੁਰੁ ਭੇਟੇ ਸੋ ਸੁਖੁ ਪਾਏ ॥
ਹਰਿ ਕਾ ਨਾਮੁ ਮੰਨਿ ਵਸਾਏ ॥
ਨਾਨਕ ਨਦਰਿ ਕਰੇ ਸੋ ਪਾਏ ॥
ਆਸ ਅੰਦੇਸੇ ਤੇ ਨਿਹਕੇਵਲੁ ਹਉਮੈ ਸਬਦਿ ਜਲਾਏ ॥੨॥

(ਵਾਰ-ਆਸਾ, ਮਃ ੧ - ੪੬੭)

ਏਸੇ ਪ੍ਰਕਾਰ ਬਿਨਾਂ ਪ੍ਰਮੇਸ਼ੂਰ ਦੇ ਨਾਮ ਤੋਂ ਸਭ ਕਰਮ ਹੰਕਾਰ ਦਾ ਅੰਧਕਾਰ ਅਗਿਆਨ ਵਧਾਉਣੇ ਵਾਲੇ ਹਨ। ਏਹ ਬਚਨ ਸੁਣ ਕੇ ਸਭ ਭੇਖੀ ਤਪੀ ਜਪੀ ਬਾਬੇ ਜੀ ਦੇ ਉਪਦੇਸ਼ੀ ਬਣ ਗਏ।

ਬਾਬਾ ਜੀ ਗੰਗਾ ਤੋਂ ਹਟ ਕੇ ਜਦ ਸਹਾਰਨ ਪੁਰ ਆਏ ਤਾਂ ਇੱਕ ਕਾਜ਼ੀ ਨੂੰ ਲੋਕਾਂ ਪ੍ਰਤਿ ਉਪਦੇਸ਼ ਕਰਦੇ ਹੋਏ ਦੇਖ ਕਰ ਏਹ ਸ਼ਲੋਕ ਬੋਲੇ:

ਸਲੋਕੁ ਮਃ ੧ ॥
ਕੂੜੁ ਬੋਲਿ ਮੁਰਦਾਰੁ ਖਾਇ ॥
ਅਵਰੀ ਨੋ ਸਮਝਾਵਣਿ ਜਾਇ ॥
ਮੁਠਾ ਆਪਿ ਮੁਹਾਏ ਸਾਥੈ ॥
ਨਾਨਕ ਐਸਾ ਆਗੂ ਜਾਪੈ ॥੧॥

(ਵਾਰ-ਮਾਝ, ਮਃ ੧ - ੧੩੯)

ਏਹ ਬਚਨ ਸੁਣ ਕੇ ਕਾਜ਼ੀ ਬਹੁਤ ਖਿਝਜਾ ਪਰ ਬਾਬੇ ਨਾਲ ਕੁਛ ਪੇਸ਼ ਨਾ ਗਈ ਤਾਂ ਹੱਥ ਜੋੜ ਖੜੋਤਾ।

ਓਥੋਂ ਚੱਲ ਕੇ ਅਨੇਕ ਪੁਰਸ਼ਾਂ ਦਾ ਉਧਾਰ ਕਰਦੇ ਹੋਏ ਸੰਮਤ ੧੫੮੪ ਬਿਕ੍ਰਮੀ {ਕਪਾਲ ਮੋਚਨ} ਕਪਾਲ ਮੋਚਨ ਤੀਰਥ ਦਾ ਮੇਲਾ; ਜੋ ਕੱਤਕ ਦੀ ਪੁੰਨਜਾਂ ਨੂੰ ਹੁੰਦਾ ਹੈ, ਜਾ ਦੇਖਿਆ। ਏਥੇ ਭਗਤ, ਸੰਤ, ਅਵਧੂਤ, ਜੋਗੀ, ਸੰਨਜਾਸੀ, ਬੈਰਾਗੀ, ਬਹੁਤ 'ਕੱਠੇ ਹੋਏ ਤਾਂ ਬਾਬੇ ਜੀ ਨੇ ਸ਼ਬਦ ਬੋਲਿਆ:

ਮਃ ੧ ॥
ਨਾਵਣ ਚਲੇ ਤੀਰਥੀ ਮਨਿ ਖੋਟੈ ਤਨਿ ਚੋਰ ॥
ਇਕੁ ਭਾਉ ਲਥੀ ਨਾਤਿਆ ਦੁਇ ਭਾ ਚੜੀਅਸੁ ਹੋਰ ॥
ਬਾਹਰਿ ਧੋਤੀ ਤੂਮੜੀ ਅੰਦਰਿ ਵਿਸੁ ਨਿਕੋਰ ॥
ਸਾਧ ਭਲੇ ਅਣਨਾਤਿਆ ਚੋਰ ਸਿ ਚੋਰਾ ਚੋਰ ॥੨॥

(ਵਾਰ-ਸੂਹੀ, ਮਃ ੧ - ੭੮੯)

ਏਹ ਸ਼ਬਦ ਸੁਣ ਕੇ ਸਭ ਸੰਤ ਖ਼ੁਸ਼ੀ ਹੋਏ। ਸੰਤਾਂ ਨੇ ਲੱਖਣ ਪੁੱਛੇ ਤਾਂ ਬਾਬੇ ਜੀ ਨੇ {ਰਤਨ ਮਾਲਾ} 'ਰਤਨ ਮਾਲਾ' ਬਰਨਨ ਕੀਤੀ। ਓਸ ਵਿੱਚ ਸਭ ਪ੍ਰਕਾਰ ਦੇ ਸੰਤਾਂ ਦੇ ਲੱਖਣ ਦੱਸੇ ਹਨ। ਬਿਸਤਾਰ ਦੇ ਭੈ ਕਰ ਕੇ ਏਥੇ ਨਹੀਂ ਲਿਖੇ।

ਓਥੋਂ ਦੇ ਪਾਂਡਯਾਂ ਨੇ ਤੀਰਥ ਮਹਾਤਮ ਦੱਸਜਾ ਕਿ ਜਦ ਬ੍ਰਹਮਾ ਨੇ ਸੁਰਸ੍ਵਤੀ ਨੂੰ ਦੇਖਣ ਵਾਸਤੇ ਪਹਿਲੇ ਚਾਰ ਮੂੰਹ ਬਣਾਏ ਫੇਰ ਓਹ ਆਕਾਸ਼ ਨੂੰ ਚੜੀ ਤਾਂ ਪੰਜਵਾਂ ਮੂੰਹ ਹੋਰ ਨਿਕਾਲ ਲੀਤਾ। ਏਸ ਅਨਜਾਇ ਪਰ ਗ਼ੁੱਸੇ ਹੋ ਕੇ ਸ਼ਿਵਜੀ ਨੇ ਹੱਥ ਮਾਰ ਕੇ ਬ੍ਰਹਮਾਂ ਦਾ ਸਿਰ ਤੋੜ ਸਿੱਟਿਆ। ਓਹ ਕਿਪਾਲੀ ਸ਼ਿਵਜੀ ਦੇ ਹੱਥ ਨੂੰ ਅਜੇਹਾ ਕਲੰਕ ਚੰਬੜੀ ਕਿ ਬਥੇਰੇ ਤੀਰਥ ਪਰਸੇ ਕਿਤੋਂ ਨਾ ਲੱਥੀ। ਜਾਂ ਏਥੇ ਨ੍ਹਾਤੇ ਤਾਂ ਸੁੱਧ ਹੋ ਗਏ। ਏਸੇ ਕਰ ਕੇ ਏਸ ਤੀਰਥ ਦਾ ਨਾਮ ਕਪਾਲ ਮੋਚਨ ਹੈ। ਏਥੇ ਇਸ਼ਨਾਨ ਦਾਨ ਕਰਨ ਵਾਲੇ ਪੁਰਸ਼ਾਂ ਦੇ ਸਭ ਕਲੰਕ, ਪਾਪ, ਦੂਰ ਹੋ ਜਾਂਦੇ ਹਨ। ਬਾਬਾ ਜੀ ਨੇ {ਕਪਾਲ ਮੋਚਨ ਦਾ-ਦ੍ਰਿਸ਼ਟਾਂਤ} ਆਖਜਾ, "ਏਸ ਕਹਾਣੀ ਦਾ ਮਤਲਬ ਏਹ ਨਹੀਂ ਜੋ ਤੁਸਾਂ ਸਮਝਿਆ ਹੈ। ਸ੍ਰਸ੍ਵਤੀ ਨਾਮ ਮਾਯਾ ਦਾ, ਬ੍ਰਹਮਾ ਨਾਮ ਰਜੋ ਗੁਣ ਪ੍ਰਧਾਨ ਕਾਮ ਦੇਵਤਾ। ਸ਼ਿਵਜੀ ਨੇ ਕਾਮਦੇਵ ਨੂੰ ਮਾਰਜਾ। ਹੰਕਾਰ ਦਾ ਕਲੰਕ ਲੱਗਾ। ਏਥੇ ਸਤਸੰਗ ਵਿੱਚ ਬੈਠਾ ਤਾਂ ਓਸ ਦਾ ਹੰਕਾਰ ਨਵਿਰਤ ਹੋਣੇ ਕਰ ਏਸ ਥਾਉ ਦਾ ਮਹਾਤਮ ਉਚਾਰਿਆ ਅਥਵਾ ਸ਼ਿਵ ਨਾਮ ਆਤਮਾ ਦਾ ਹੈ। ਆਤਮਾ ਨੂੰ ਕਾਮ ਦੇ ਸੰਬੰਧ ਕਰ ਕੇ ਕਲੰਕ ਅਵਿੱਦਆ ਕਪਾਲੀ ਲੱਗੀ ਹੋਈ ਸਤਸੰਗ ਰੂਪ ਤੀਰਥ ਵਿੱਚੋਂ ਦੂਰ ਹੋ ਜਾਂਦੀ ਹੈ। ਤੀਰਥਾਂ ਉੱਪਰ ਮਹਾਤਮਾਂ ਦਾ ਸਤਸੰਗ ਹੋਣੇ ਕਰ ਤੀਰਥਾਂ ਦਾ ਮਹਾਤਮ ਸ਼ਾਸਤ੍ਰਾਂ ਵਿੱਚ ਲਿਖਿਆ ਹੈ। ਤਾਂ ਤੇ ਸਤਸੰਗ ਰੂਪ ਤੀਰਥ ਵਿੱਚ ਪ੍ਰਵੇਸ਼ ਕਰਨਾ ਤੁਸਾਨੂੰ ਉਚਿੱਤ ਹੈ।"

ਬਾਬੇ ਜੀ ਦੇ ਬਚਨ ਸੁਣ ਕੇ ਬਹੁਤ ਲੋਕ ਸਤਸੰਗੀ ਹੋ ਗਏ। ਇੱਕ ਖਤ੍ਰੀ ਭਗਤ ਸੇਠ ਨੇ ਖਟ ਦਰਸ਼ਨ ਨੂੰ ਭੰਡਾਰਾ ਕੀਤਾ। ਪੰਗਤ ਲਾਉਣ ਦੇ ਸਮੇਂ ਓਸ ਦੇ ਘਰ ਬੇਟਾ ਪੈਦਾ ਹੋ ਪਿਆ। ਬ੍ਰਾਹਮਣਾਂ ਨੇ

ਆਖਿਆ ਤੇਰੇ ਘਰ ਸੂਤਕ ਹੋਣ ਕਰ ਭੋਜਨ ਅਪਵਿੱਤ੍ਰ ਹੋ ਗਿਆ ਹੈ। ਸੋ ਅਸੀਂ ਨਹੀਂ ਛਕਦੇ। ਤਾਂ ਬਾਬੇ ਇਹ ਸਲੋਕ {ਸੂਤਕ ਖੰਡਨ} ਬੋਲਿਆ:

ਸਲੋਕੁ ਮਃ ੧ ॥
ਜੇ ਕਰਿ ਸੂਤਕੁ ਮੰਨੀਐ ਸਭ ਤੈ ਸੂਤਕੁ ਹੋਇ ॥
ਗੋਹੇ ਅਤੈ ਲਕੜੀ ਅੰਦਰਿ ਕੀੜਾ ਹੋਇ ॥
ਜੇਤੇ ਦਾਣੇ ਅੰਨ ਕੇ ਜੀਆ ਬਾਝੁ ਨ ਕੋਇ ॥
ਪਹਿਲਾ ਪਾਣੀ ਜੀਉ ਹੈ ਜਿਤੁ ਹਰਿਆ ਸਭੁ ਕੋਇ ॥
ਸੂਤਕੁ ਕਿਉ ਕਰਿ ਰਖੀਐ ਸੂਤਕੁ ਪਵੈ ਰਸੋਇ ॥
ਨਾਨਕ ਸੂਤਕੁ ਏਵ ਨ ਉਤਰੈ ਗਿਆਨੁ ਉਤਾਰੇ ਧੋਇ ॥੧॥
ਮਃ ੧ ॥
ਮਨ ਕਾ ਸੂਤਕੁ ਲੋਭੁ ਹੈ ਜਿਹਵਾ ਸੂਤਕੁ ਕੂੜੁ ॥
ਅਖੀ ਸੂਤਕੁ ਵੇਖਣਾ ਪਰ ਤ੍ਰਿਅ ਪਰ ਧਨ ਰੂਪੁ ॥
ਕੰਨੀ ਸੂਤਕੁ ਕੰਨਿ ਪੈ ਲਾਇਤਬਾਰੀ ਖਾਹਿ ॥
ਨਾਨਕ ਹੰਸਾ ਆਦਮੀ ਬਧੇ ਜਮ ਪੁਰਿ ਜਾਹਿ ॥੨॥
ਮਃ ੧ ॥
ਸਭੋ ਸੂਤਕੁ ਭਰਮੁ ਹੈ ਦੂਜੈ ਲਗੈ ਜਾਇ ॥
ਜੰਮਣੁ ਮਰਣਾ ਹੁਕਮੁ ਹੈ ਭਾਣੈ ਆਵੈ ਜਾਇ ॥
ਖਾਣਾ ਪੀਣਾ ਪਵਿਤ੍ਰੁ ਹੈ ਦਿਤੋਨੁ ਰਿਜਕੁ ਸੰਬਾਹਿ ॥
ਨਾਨਕ ਜਿਨ੍ੀ ਗੁਰਮੁਖਿ ਬੁਝਿਆ ਤਿਨ੍ਾ ਸੂਤਕੁ ਨਾਹਿ ॥੩॥

(ਵਾਰ-ਆਸਾ, ਮਃ ੧ - ੪੭੨)

"ਭਾਈ ਪੰਡਿਤੋ! ਜੇਕਰ ਤੁਸੀਂ ਏਸ ਤਰ੍ਹਾਂ ਸੂਤਕ ਪਾਤਕ ਮੰਨੋਗੇ ਤਾਂ ਤੁਸੀਂ ਕਦੇ ਭੀ ਪਵਿਤ੍ਰ ਨਹੀਂ ਹੋ ਸਕੋਗੇ ਕਿਉਂਕਿ ਲੱਕੜੀਆਂ ਗੋਹਿਆਂ ਵਿੱਚ ਅਨੇਕ ਜੀਉ ਹਰ ਰੋਜ਼ ਮਰਦੇ ਹਨ ਤੇ ਦਾਣੇ ਦਾਣੇ ਵਿੱਚ ਜੀਉ ਹੈ। ਤਾਂ ਤੇ ਜਦ ਤੁਸੀਂ ਏਸ ਸੂਤਕ ਪਾਤਕ ਤੋਂ ਬਚ ਨਹੀਂ ਸਕਦੇ ਤਾਂ ਜੰਮਣਾ ਮਰਣਾਂ ਪ੍ਰਮੇਸ਼੍ਵਰ ਦੇ ਹੁਕਮ ਵਿੱਚ ਮੰਨ ਕੇ ਓਸ ਦਾ ਦਿੱਤਾ ਹੋਯਾ ਰਿਜ਼ਕ ਛਕ ਲੈਣਾ ਚਾਹੀਏ। ਬਿਨਾਂ ਗਿਆਨ ਵਿਚਾਰ ਦੇ ਹੋਰ ਕਿਸੇ ਪ੍ਰਕਾਰ ਸੂਤਕ ਪਾਤਕ ਦੂਰ ਨਹੀਂ ਹੁੰਦਾ। ਏਹ ਬਚਨ ਸੁਣ ਕੇ ਸੇਠਾਂ ਨੇ ਗ਼ਰੀਬਾਂ ਨੂੰ ਭੋਜਨ ਛਕਾਉਣਾ ਆਰੰਭ ਕਰ ਦਿੱਤਾ। ਓੜਕ ਬ੍ਰਾਹਮਣ ਭੀ ਖਾਣ ਆ ਲਗੇ।

ਕਰਤਾਰ ਪੁਰ ਪ੍ਰਵੇਸ਼

ਏਸੇ ਤਰ੍ਹਾਂ ਹੋਰ ਅਨੇਕ ਪ੍ਰਕਾਰ ਦੇ ਬ੍ਰਾਹਮਣਾਂ ਦੇ ਜਾਲ ਵਿੱਚੋਂ ਸਿੱਖਾਂ ਨੂੰ ਕੱਢਦੇ ਹੋਏ ਗੁਰੂ ਜੀ ਮੁੜ ਕਰਤਾਰਪੁਰ ਆ ਪਹੁੰਚੇ ਅਤੇ ਫੇਰ ਕਿਤੇ ਨਾ ਗਏ। ਰਾਤ ਦਿਨ ਸਤਸੰਗ ਦੀ ਰੰਗਣ ਚੜ੍ਹਾ ਰੱਖੀ। ਬੇਸ਼ੁਮਾਰ ਹਿੰਦੂ ਮੁਸਲਮਾਨ ਰੰਗੇ ਗਏ।

ਇੱਕ ਦਿਨ ਗੁਰੂ ਜੀ ਭਾਈ ਬਾਲੇ ਸਮੇਤ ਜੰਗਲ ਵਿੱਚ ਗਏ ਤਾਂ ਇੱਕ ਬਾਲਕ ਬੂੜਾ {ਭਾਈ ਬੂੜਾ-ਬੁੱਢਾ} ਨਾਮ ਗੋਤ ਰਧਾਵਾ ਡੱਲੇ ਪਿੰਡ ਦਾ ਬੱਕਰੀਆਂ ਚਾਰਦਾ ਹੋਇਆ ਮਿਲਿਆ। ਓਸ ਨੇ ਆ ਕੇ ਮੱਥਾ ਟੇਕਿਆ ਤੇ ਆਖਿਆ, "ਜੀ! ਮੇਰਾ ਉਧਾਰ ਕਰੋ।" ਬਾਬੇ ਜੀ ਨੇ ਪੁੱਛਜਾ, "ਤੈਨੂੰ ਕੀ ਦੁੱਖ ਹੈ? ਤੂੰ ਤਾਂ ਅਜੇ ਬਾਲਕ ਹੈਂ?" ਓਨ ਆਖਿਆ ਜੀ ਮੁਗਲਾਂ ਦੀ ਫੌਜ ਨੇ ਸਾਡੇ ਪਿੰਡ ਦੀ ਕੱਚੀ ਪੱਕੀ ਸਭ ਖੇਤੀ ਕੱਟ ਖੜੀ ਹੈ। ਮੈਨੂੰ ਖ਼ਿਆਲ ਆਯਾ ਕਿ ਜਦ ਏਹਨਾਂ ਨੂੰ ਕੋਈ ਨਹੀਂ ਰੋਕ ਸਕਿਆ ਤਾਂ ਜਮ ਜੋ ਏਦੂੰ ਭੀ ਜ਼ੋਰ ਵਾਲਾ ਹੈ, ਓਸ ਨੂੰ ਕੌਣ ਰੋਕੇਗਾ? ਤੇ ਏਹਨਾਂ ਵਾਂਗੂੰ ਜਦੋਂ ਓਸ ਦਾ ਜੀ ਕਰੇਗਾ ਬਾਲਕ ਜੁਆਨ ਸਭ ਨੂੰ ਬੰਨ੍ਹ ਕੇ ਲੈ ਜਾਏਗਾ। ਤੇ ਮੈਂ ਸੁਣਿਆ ਹੈ ਕਿ ਸੰਤ ਕਾਲ ਤੋਂ ਬਚਾ ਲੈਂਦੇ ਹਨ। ਏਸ ਲਈ ਆਪ ਦੀ ਸ਼ਰਣ ਆਯਾ ਹਾਂ।" ਗੁਰੂ ਜੀ ਬੋਲੇ, "ਨਿੱਕਿਆ! ਤੂੰ ਤਾਂ ਕੋਈ ਬੁੱਢਾ ਹੈਂ ਜੋ ਬੁਢਿਆਂ ਵਰਗੀਆਂ ਗੱਲਾਂ ਕਰਦਾ ਹੈਂ।" ਓਸ ਦਿਨ ਤੋਂ ਓਸ ਦਾ ਨਾਮ ਬੁੱਢਾ ਪੈ ਗਿਆ। ਬਾਬੇ ਜੀ ਦੇ ਸਤਸੰਗ ਕਰ ਕੇ ਓਸ ਦੇ ਕਪਾਟ ਖੁੱਲ੍ਹ ਗਏ। ਆਤਮ ਗਜਾਨ ਹੋ ਗਿਆ। ਬਾਬੇ ਜੀ ਨੇ ਆਖਿਆ ਅੰਮ੍ਰਿਤ ਵੇਲੇ ਇਸ਼ਨਾਨ ਕਰ ਕੇ ਈਸ਼੍ਵਰ ਦਾ ਧਿਆਨ ਕੀਤਾ ਕਰੋ। ਬਾਬਾ ਬੁੱਢਾ ਬੋਲਿਆ, "ਆਪ ਦੀ ਕ੍ਰਿਪਾ ਨਾਲ ਜਦ ਮੇਰੀ ਅਵਿੱਦਿਆ ਮੈਲ ਦੂਰ ਹੋ ਚੁੱਕੀ, ਜਨਮ ਜਨਮ ਦੇ ਕਲੇਸ਼ ਮਿਟ ਗਏ ਤਾਂ ਹੁਣ ਇਸ਼ਨਾਨ ਆਦਿਕ ਸਾਧਨ ਕਿਸ ਕੰਮ?" ਬਾਬੇ ਜੀ ਨੇ ਆਖਜਾ, "ਤੈਨੂੰ ਦੇਖ ਕੇ ਹੋਰ ਲੋਗਾਂ ਨੂੰ ਸ਼ੁਭ ਆਚਰਨ ਕਰਨ ਦੀ ਰੁਚੀ ਹੋਵੇਗੀ।" ਤਦ ਉਨ੍ਹਾਂ ਦਾ ਉਧਾਰ ਹੋਵੇਗਾ। ਤਦੋਂ ਤੋਂ ਬੁੱਢਾ ਜੀ ਹਮੇਸ਼ ਗੁਰੂ ਸਾਹਿਬ ਪਾਸ ਛੇਵੇਂ ਗੁਰੂ ਸਾਹਿਬ ਜੀ ਤੱਕ ਰਹੇ। ਉਸ ਦਾ ਆਦਰ ਮਾਣ ਪੰਜੇ ਗੁਰੂ ਰੱਖਦੇ ਰਹੇ।

ਏਸੇ ਪ੍ਰਕਾਰ ਇੱਕ ਹੋਰ ਨੀਂਗਰ {ਤਾਰੂ ਪੋਪਟ} ਤਾਰੂ ਪੋਪਟ ਨੇ ਆ ਕੇ ਬੇਨਤੀ ਕੀਤੀ, "ਜੀ! ਮੇਰੀ ਮਾਂ ਅੱਗ ਬਾਲਣ ਲੱਗੀ ਤਾਂ ਛੋਟੀਆਂ ਲੱਕੜੀਆਂ ਨੂੰ ਮੋਟੀਆਂ ਤੋਂ ਪਹਿਲਾਂ ਅੱਗ ਲੱਗੀ। ਮੈਨੂੰ ਡਰ ਉਪਜਿਆ ਕਿ ਮੈਂ ਸਾਰੇ ਟੱਬਰ ਵਿੱਚ ਛੋਟਾ ਹਾਂ। ਕਿਤੇ ਮੈਨੂੰ ਹੀ ਪਹਿਲਾਂ ਕਾਲ ਨਾ ਖਾ ਜਾਏ।" ਬਾਬੇ ਜੀ ਨੇ ਓਸ ਨੂੰ ਆਤਮਕ ਗਜਾਨ ਦੇ ਕੇ ਨਿਰਭੈ ਕੀਤਾ।

ਏਸੇ ਸਮੇਂ ਗੁਰੂ ਸਾਹਿਬ ਜੀ ਦੀ ਸੇਵਾ ਵਿੱਚ ਗੁਰੂ ਅੰਗਦ ਜੀ ਆਏ। (ਜਿਨ੍ਹਾਂ ਦੀ ਕਥਾ ਉਨ੍ਹਾਂ ਦੇ ਪ੍ਰਸੰਗ ਵਿੱਚ ਦਿਖਾਵਾਂਗੇ) ਉਨ੍ਹਾਂ ਨੇ ਤੇਰਾਂ ਬਰਸ ਮਨੋਂ ਤਨੋਂ ਸੇਵਾ ਕਰ ਕੇ ਗੁਰਿਆਈ ਤੇ ਬ੍ਰਹਮਗਜਾਨ ਦਾ ਮੇਵਾ ਪਾਇਆ। ਹੋਰ ਭਾਈ ਮੂਲਚੰਦ ਸਣਖੱਤ੍ਰਾ, ਪ੍ਰਿਥੀਮੱਲ, ਭਾਈ ਲਾਲੋ, ਭਾਈ ਕਾਲਾ, ਭਾਈ ਸੀਹਾਂ, ਭਾਈ ਅਜਿੱਤਾ ਰੰਧਾਵਾ, ਮਾਣਕ ਬ੍ਰਹਮਣ, ਸੁੱਖਾ ਤ੍ਰਖਾਣ, ਪੀਰਾ ਲੁਹਾਰ, ਧੀਰੂ ਨਾਈ, ਸਧਾਰਣ ਖੜ੍ਹੀ, ਨਿਹਾਲਾ ਰੰਧਾਵਾ, ਦਲੇਲ ਪਠਾਣ, ਸੰਤਾ, ਭਾਈ ਕਮਲੀਆ, ਭਾਈ ਬਾਲਾ ਆਦਿਕ ਬਹੁਤ ਪ੍ਰੇਮੀਆਂ ਦੀ ਭੀੜ ਭਾੜ ਬਣੀ ਰਹੇ।

ਇਕ ਦਿਨ ਕੰਨ ਪਾਟੇ ਫ਼ਕੀਰਾਂ ਦੀ ਜਮਾਤ (ਡੇਢ ਕੁ ਸੌ ਫ਼ਕੀਰ) ਰੋਟੀ ਦਾ ਵਕਤ ਟਾਲ ਕੇ ਆਈ। ਬਾਬੇ ਜੀ ਨੇ ਲਾਂਗਰੀਆਂ ਨੂੰ ਪੁੱਛਿਆ ਤਾਂ ਓਨ੍ਹਾਂ ਆਖਿਆ, "ਜੀ! ਭੰਡਾਰੇ ਵਿੱਚ ਤਾਂ ਅੱਜ ਕਾਈ ਚੀਜ਼ ਨਹੀਂ।" ਤਾਂ ਬਾਬੇ ਜੀ ਨੇ ਭਾਈ ਕਮਲੀਏ ਨੂੰ ਆਖਿਆ ਕਿ ਚੋਣੀ ਨੂੰ ਪੁੱਛੋ ਜੋ ਘਰ ਵਿੱਚ ਕੁਛ ਪਦਾਰਥ ਹੈ? ਉਨ੍ਹਾਂ ਨੂੰ ਪੰਜ ਪ੍ਰਸ਼ਾਦੇ ਲੰਗਰੋਂ ਰੋਜ਼ ਜਾਂਦੇ ਹੁੰਦੇ ਸੇ, ਓਹ ਅਜੇ ਛਕੇ ਨਹੀਂ ਸੀ। ਸ੍ਰੀ {ਸ੍ਰੀ ਸੁਲੱਖਣੀ ਜੀ ਦੀ ਉਦਾਰਤਾ} ਸੁਲੱਖਣੀ ਜੀ ਨੇ ਆਖਿਆ, "ਬਹੁਤ ਕੁਛ ਹੈ।" ਅੰਦਰੋਂ ਘਿਉ ਤੇ ਖੰਡ ਮਿਲਾ ਕੇ ਗੁਰੂ ਪਰਮੇਸ਼੍ਵਰ ਦਾ ਧਜਾਨ ਧਰ ਕੇ 'ਪੰਚ ਪਰਵਾਨ ਪੰਚ ਪ੍ਰਧਾਨ' ਏਹ ਤੁਕ ਪੜ੍ਹਦੀ ਗਈ ਤੇ ਚੁੰਗਲ ਭਰ ਭਰ ਮਿੱਠੇ ਘੀ ਦਾ, ਦੋ ਦੋ ਪ੍ਰਸ਼ਾਦੇ ਸਭ ਨੂੰ ਦਿੰਦੀ ਗਈ। ਸਾਰੀ ਜਮਾਤ ਤ੍ਰਿਪਤ ਹੋ ਗਈ ਪਰ ਇੱਕ ਸਿੱਧ ਛਕਣੋਂ ਨਾ ਹਟਿਆ ਅਤੇ ਰਿੱਧੀ ਭੀ ਨਾ ਮੁੱਕੀ। ਏਹ ਕੌਤਕ ਦੇਖ ਕੇ ਸਿੱਧ ਸਾਧ ਅਚਰਜ ਹੋ ਰਹੇ। ਓੜਕ ਸ੍ਰੀ ਮਾਤਾ ਜੀ

ਨੇ ਆਪ ਇੱਕ ਪ੍ਰਸ਼ਾਦਾ ਓਸ ਅੱਗੇ ਰੱਖ ਕੇ ਆਖਿਆ, "ਲੈ ਪੁੱਤ੍ਰ! ਰੱਜ ਲੈ।" ਓਹ ਪ੍ਰਸ਼ਾਦਾ ਓਸ ਤੋਂ ਨਾ ਛਕਿਆ ਗਿਆ, ਜਿਸ ਪੁਰ ਖ਼ੁਸ਼ੀ ਹੋ ਕੇ ਗੁਰੂ ਜੀ ਨੇ ਵਰ ਦਿੱਤਾ, "ਚੋਣੀਏ! ਤੇਰੀ ਸੰਤਾਨ ਬੇਅੰਤ ਹੋਵੇਗੀ। ਸੋ ਹੁਣ ਇੱਕ ਲਖਮੀ ਚੰਦ ਦੀ ਸੰਤਾਨ ਹੀ ਸੱਤ ਹਜ਼ਾਰ ਤੋਂ ਉੱਪਰ ਹੈ। ਏਹ ਸਾਖੀ ਲਿਖੀ ਹੋਈ ਤਾਂ ਕਿਤੇ ਨਹੀਂ ਦੇਖੀ ਪਰੰਤੂ ਨੌਰੰਗ ਸਿੰਘ ਬੇਦੀ ਦੀ ਜ਼ਬਾਨੀ ਸੁਣੀ ਹੈ।

ਓਨ੍ਹਾਂ ਜੋਗੀਆਂ ਨੇ ਬਾਬੇ ਜੀ ਨੂੰ ਪੁਛਿਆ, "ਪ੍ਰਮੇਸ਼੍ਵਰ ਕੈਸੇ ਪ੍ਰਾਪਤਿ ਹੋਵੇ?" ਤਾਂ ਬਾਬੇ ਜੀ ਨੇ ਆਖਿਆ, "ਪਹਿਲੇ ਸਤਿਗੁਰੂ ਦੀ ਪਛਾਣ ਕਰਨੀ। ਜਿਸ ਨੂੰ ਸੰਤ ਭਗਤ ਸਲਾਹੁਣ, ਓਸ ਤੋਂ ਉਪਦੇਸ਼ ਲੈ ਕੇ ਮਨ ਨੂੰ ਪ੍ਰਮੇਸ਼੍ਵਰ ਦੇ ਧਯਾਨ ਵਿੱਚ ਜੋੜਨਾਂ ਤੇ ਮਾਇਕ ਪਦਾਰਥਾਂ ਵਲੋਂ ਤੋੜਨਾ। ਆਤਮਾ ਪ੍ਰਮਾਤਮਾਂ ਨੂੰ ਇੱਕ ਕਰ ਜਾਨਣਾ, ਸਭ ਨੂੰ ਪ੍ਰਮੇਸ਼੍ਵਰ ਦਾ ਰੂਪ ਦੇਖਣਾ, ਭੁੱਖੇ ਨੰਗੇ ਨੂੰ ਛਾਦਨ ਭੋਜਨ ਦੇਣਾ, ਸਤ ਸੰਤੋਖ ਦਯਾ ਵੈਰਾਗ ਬਿਬੇਕ ਸਤਸੰਗ ਵਿੱਚ ਰਹਿਣਾ। ਏਸ ਰੀਤ ਬਰਤਣੇ ਕਰ ਪ੍ਰਮੇਸ਼੍ਵਰ ਮਿਲ ਜਾਂਦਾ ਹੈ।" ਏਹ ਬਚਨ ਸੁਣ ਕੇ ਸਭ ਸੰਤ ਪ੍ਰਸੰਨ ਹੋਇ ਗਏ।

ਏਸੇ ਪ੍ਰਕਾਰ ਓਸ ਸਮੇਂ ਸੰਨਯਾਸੀਆਂ ਤੇ ਬੈਰਾਗੀਆਂ ਦੀਆਂ ਜਮਾਤਾਂ; ਜੋ ਸੌ ਸੌ, ਦੋ ਦੋ ਸੌ, ਘੋੜੇ ਹਾਥੀ ਊਠ ਲੈ ਕੇ ਲਸ਼ਕਰਾਂ ਦੇ ਲਸ਼ਕਰ ਬਹੁਤ ਫਿਰਦੇ ਹੁੰਦੇ ਸੇ, ਕਦੇ ਕੋਈ, ਕਦੇ ਕੋਈ ਜਮਾਤ ਬਾਬੇ ਦੀ ਮਹਿਮਾ ਸੁਣ ਕੇ ਕਰਤਾਰਪੁਰ ਆਈ ਰਹਿੰਦੀ ਸੀ ਤੇ ਬਾਬੇ ਜੀ ਦੇ ਭੰਡਾਰੇ ਵਿੱਚੋਂ ਭੋਜਨ ਬਾਂਛਤ ਛਕਦੀ ਰਹਿੰਦੀ ਸੀ। ਗ਼ਰੀਬ ਲੋਕ ਦਰਵਾਜੇ ਤੇ ਬੈਠੇ ਰਹਿਣ, ਨਿਰਾਸਾ ਕੋਈ ਨਾ ਜਾਵੇ। ਭਾਵੇਂ ਸਿੱਖ ਸੇਵਕ ਬਾਬੇ ਦੀ ਸੇਵਾ ਬਹੁਤ ਕਰਦੇ ਸੇ, ਪਰ ਬਾਬਾ ਜੀ ਖੇਤੀ ਬਹੁਤ ਕਰਾਉਂਦੇ ਰਹੇ। ਨਾਰੋਵਾਲ, ਦੋਦੇ ਆਦਿਕ ਪਿੰਡਾਂ ਦੇ ਜ਼ਿਮੀਦਾਰ ਵਾਹੀ ਕਰਦੇ ਸੇ। ਕਰੋੜੀ ਮੱਲ ਖੱਤ੍ਰੀ ਨੇ; ਜੋ ਓਸ ਸਮੇਂ ਓਥੋਂ ਦਾ ਮੁਹਾਲ ਵਾਲਾ ਸੀ ਤੇ ਕਲਾਨੌਰ ਰਿਹਾ ਕਰਦਾ ਸੀ, ਬਾਬੇ ਜੀ ਦੇ ਪਰਚੇ ਤੇ ਲੰਗਰ ਚੱਲਦਾ ਦੇਖ ਕੇ ਪਿੰਡ ਦਾ ਮਾਮਲਾ ਸੂਬੇ ਲਾਹੌਰ ਤੋਂ ਮਾਫ਼ ਕਰਾ ਦਿੱਤਾ। ਗੁਰੂ ਜੀ ਦੀ ਕ੍ਰਿਪਾ ਨਾਲ ਸਾਰੇ ਦੇਸ ਦਾ ਸੁਧਾਰ ਹੋਇਆ। ਬਾਰਾਂ ਤੇਰਾਂ ਬਰਸ ਕਰਤਾਰਪੁਰ ਬੈਠ ਕੇ ਧਰਮ ਦਾ ਪ੍ਰਚਾਰ ਅਤੇ ਅਧਰਮ ਦਾ ਪ੍ਰਹਾਰ ਕੀਤਾ। ਆਪਣੇ ਸੇਵਕਾਂ ਪੁਤ੍ਰਾਂ ਵਿੱਚੋਂ ਅਨੇਕ ਪ੍ਰਕਾਰ ਦੇ ਤਾਉ (ਕਸੌਟੀ) ਦੇ ਕੇ ਕਸੌਟੀ ਉੱਤੇ ਸੋਨਾ ਲਾ ਕੇ ਪਰਖਣ ਵਾਂਗੂੰ ਜਦ ਸਰਬ ਪ੍ਰਕਾਰ ਚੰਗੀ ਤਰ੍ਹਾਂ ਲਹਿਣੇ ਜੀ ਨੂੰ ਗੁਰਿਆਈ ਦੇ ਲਾਇਕ ਪਰਖ ਲੀਤਾ ਤਾਂ ਅਤਿ ਪ੍ਰਸੰਨਯ ਹੋ ਕੇ ਗਲੱਫੜੀ ਵਿੱਚ ਲੈ ਕੇ ਅੰਗਦ ਨਾਮ ਰੱਖਿਆ ਅਤੇ ਗੱਦੀ ਗੁਰਿਆਈ ਦੀ ਦੇ ਕੇ ਸਭ ਸੰਗਤ ਤੋਂ ਮੱਥਾ ਟਿਕਾ ਦਿੱਤਾ। ਏਸ ਬਾਤ ਪਰ ਪੁੱਤ੍ਰ ਨਰਾਜ਼ ਹੋਏ ਅਤੇ ਸ੍ਰੀ ਸੁਲੱਖਣੀ ਜੀ ਨੇ ਭੀ ਬਹੁਤ ਅਰਜ਼ੋਈਆਂ ਕਰ ਕੇ ਆਖਿਆ, "ਪੁਤ੍ਰ ਨੂੰ ਛੱਡ ਕੇ ਦੂਸਰੇ ਨੂੰ ਗੁਰਿਆਈ ਬਖ਼ਸ਼ ਦਿੱਤੀ ਏਹ ਗੱਲ ਚੱਗੀ ਨਹੀਂ।" ਗੁਰੂ ਜੀ ਬੋਲੇ, "ਚੋਣੀਏ! ਤੂੰ ਪੁਤ੍ਰਾਂ ਨੂੰ ਆਖਦੀ ਹੈਂ। ਏਹ ਚੀਜ਼ ਸੇਵਕ ਦੀ ਹੈ ਮਰੂਸੀ ਨਹੀਂ। ਪੁੱਤ੍ਰ ਏਸ ਲਾਇਕ ਨਹੀਂ। ਜੇ ਹੁੰਦੇ ਤਾਂ ਏਹੋ ਮਾਲਕ ਸੇ। ਏਹ ਗੁਰਿਆਈ ਦਾ ਕੰਮ ਬੜਾ ਔਖਾ ਹੈ, ਏਨ੍ਹਾਂ ਦੇ ਚੁੱਕਣ ਦਾ ਨਹੀਂ।

ਫੇਰ ਸੁਲੱਖਣੀ ਜੀ ਬੋਲੀ, "ਕਿਉਂ ਨਹੀਂ? ਏਹ ਤੁਹਾਡੇ ਪੁੱਤ੍ਰ ਲਾਇਕ ਹਨ।" ਗੁਰੂ ਜੀ ਨੇ ਆਖਿਆ, "ਭਲੀ ਹੋਈ। ਜੇ ਚੁੱਕਣ ਜੋਗੇ ਹਨ ਤਾਂ ਚੁੱਕ ਲੈਣ। ਏਹ ਕਹਿ ਕੇ ਬਾਬੇ ਜੀ ਨੇ ਇੱਕ ਗੋਦੜਾ {ਗੁਰਤਾ ਦਾ ਭਾਰਾਪਨ} ਮੈਦਾਨ ਵਿੱਚ ਰਖਵਾ ਦਿੱਤਾ ਤੇ ਆਖਿਆ, "ਏਹ ਗੁਰਿਆਈ ਹੈ। ਜਿਸ ਵਿੱਚ ਸ਼ਕਤੀ ਹੈ ਚੁੱਕ ਲਓ।" ਸਿਰੀ ਚੰਦ ਜੀ ਨੇ ਛੇਤੀ ਨਾਲ ਉੱਠ ਕੇ ਹੱਥ ਤਾਂ ਜਾ ਪਾਇਆ ਪਰ ਗੋਦੜੇ ਦਾ ਇੱਕ ਪੱਲਾ ਭੀ ਨਾ ਚੁੱਕ ਸਕਿਆ। ਫੇਰ ਲੱਖਮੀ ਚੰਦ ਭੀ ਗਿਆ ਤੇ ਦੋਵੇਂ ਰਲ ਕੇ ਚੁੱਕ ਰਹੇ ਤਾਂ ਭੀ ਨਾ ਚੁੱਕ ਸਕੇ। ਜਦ ਓਹ ਸ਼ਰਮਿੰਦੇ ਹੋ ਕੇ ਹਟ ਬੈਠੇ ਤਾਂ ਜੇਹੜੇ ਬਾਬੇ ਬੁੱਢੇ ਤੇ ਅਜਿੱਤੇ ਜੇਹੇ ਆਪਣੇ ਆਪ ਨੂੰ ਸਭ ਤਰ੍ਹਾਂ ਲਾਇਕ ਅਜ਼ਮਤ ਅਕਲ ਦੇ ਧਨੀ ਮੰਨੀ ਬੈਠੇ ਸੇ ਅਤੇ ਮਨੋ ਮਨ ਗੁਰਿਆਈ ਚਾਹੁੰਦੇ ਸੇ, ਓਹਨਾਂ ਨੂੰ ਭੀ ਆਗਿਆ ਹੋਈ ਕਿ ਤੁਸੀਂ ਚੁੱਕੋ। ਓੜਕ ਇੱਕ ਪੱਲਾ ਬਾਬੇ ਬੁੱਢੇ ਨੇ ਚੁਕਿਆ। ਹੋਰ ਕਿਸੇ ਤੋਂ ਨਾ ਹਿੱਲਿਆ। ਜਿਸ ਤਰ੍ਹਾਂ ਜਨਕ ਪੁਰ ਵਿੱਚ ਧਨਖ ਤੋੜਨ ਸਮੇਂ ਸਭ ਰਾਜੇ ਹੰਕਾਰੀ ਛੋਹ ਛੋਹ ਕੇ ਸ਼ਰਮਿੰਦੇ ਹੋਏ ਸੇ, ਓਹ ਦਸਾ

ਗੋਦੜੇ ਨੇ ਕੀਤੀ। ਗੁਰਿਆਈ ਦਾ ਦਾਵਾ ਕਰਨ ਵਾਲੇ ਜਦ ਲੱਜਜਾਵਾਨ ਹੋ ਕੇ ਹੇਠਾਂ ਮੂੰਹ ਕਰ ਬੈਠੇ ਤਾਂ ਬਾਬੇ ਜੀ ਦੇ ਹੁਕਮ ਨਾਲ ਅੰਗਦ ਜੀ ਨੇ ਸਹਿਜੇ ਹੀ ਗੋਦੜਾ ਉਠਾ ਕੇ ਆਪਣੇ ਉੱਪਰ ਲੈ ਲਿਆ। ਏਸ ਵੇਲੇ ਗੁਰੂ ਜੀ ਨੇ ਬਚਨ ਕੀਤਾ ਕਿ ਭਾਈ ਬੁੱਢੇ ਦੇ ਘਰ ਕੁਛ ਦਿਨ ਗੁਰਿਆਈ ਦੀ ਸ਼ਾਖ ਰਹੇਗੀ।

ਹੁਣ ਜਦ ਹੋਰ ਕੋਈ ਬਹਾਨਾਂ ਗੁਰੂ ਜੀ ਦੇ ਪੁਤ੍ਰਾਂ ਨੂੰ ਗੁਰਿਆਈ ਦੇ ਮੰਗਣ ਦਾ ਨਾ ਰਿਹਾ ਤਦ ਗੁਰੂ ਅੰਗਦ ਜੀ ਨੂੰ ਮਾਰ ਕੁੱਟ ਕੇ ਕਰਤਾਰਪੁਰੋਂ ਕੱਢ ਦੇਣ ਦੇ ਮਨਸੂਬੇ ਕਰਨ ਲੱਗ ਪਏ। ਫੇਰ ਭੀ ਬਾਬੇ ਜੀ ਨੇ ਕਿਰਪਾ ਕੀਤੀ ਤੇ ਆਖਿਆ, "ਏਹ ਚੀਜ਼ ਸੇਵਾ ਦੀ ਹੈ। ਤੁਸੀਂ ਦਾਵਾ ਛੱਡ ਦਿਓ। ਤੁਹਾਡੀ ਜ਼ਬਾਨ ਪਰ ਰਿੱਧੀ ਸਿੱਧੀ ਰਹੇਗੀ।" ਏਸ ਪਰ ਭੀ ਧੀਰਜ ਨਾ ਕੀਤਾ। ਸਿਰੀ ਚੰਦ ਤਾਂ ਰੁੱਸ ਕੇ ਗਾਲ੍ਹੀਆਂ ਕੱਢਦਾ ਹੋਯਾ ਆਪਣੇ ਸਿਰ ਵਿੱਚ ਬਿਭੂਤੀ ਪਾ ਕੇ ਪਿੰਡੋਂ ਬਾਹਰ ਇੱਕ ਟਾਹਲੀ ਦੇ ਹੇਠ ਜਾ ਬੈਠਾ ਤੇ ਲਖਮੀ ਚੰਦ ਵਿਰੋਧ ਕਰਨੋਂ ਨਾ ਹਟਿਆ ਤਾਂ ਬਾਬੇ ਜੀ ਨੇ ਅੰਗਦ ਜੀ ਨੂੰ ਹੁਕਮ ਦਿੱਤਾ, "ਪੁਰਖਾ! ਤੂੰ ਖਡੂਰ ਨਿਹਾਲੇ ਜੱਟ ਦੇ ਘਰ ਜਾ ਰਹੋ।" ਓਥੇ ਨਾਮ ਜਪਾ, ਲੋਕਾਂ ਦਾ ਉਧਾਰ ਕਰ। ਅਸੀਂ ਭੀ ਛੇਤੀ ਆਵਾਂਗੇ।" ਬਾਬੇ ਜੀ ਦਾ ਹੁਕਮ ਮੰਨ ਕੇ ਗੁਰੂ ਅੰਗਦ ਜੀ ਖਡੂਰ ਜਾ ਰਹੇ।

ਪੱਖੋਕੇ ਪਿੰਡ ਏਕਾਂਤ ਰਹਿਣਾ

ਗੁਰੂ ਨਾਨਕ ਜੀ ਭੀ (ਪੁਤ੍ਰਾਂ ਦੇ ਆਗਿਆਕਾਰੀ ਨਾ ਹੋਣ ਕਰ ਕੇ) ਕਰਤਾਰਪੁਰੋਂ ਉਦਾਸ ਹੋ ਕੇ ਜੰਗਲ ਵਿੱਚ ਜਾ ਬੈਠੇ ਤੇ ਹੁਕਮ ਦਿੱਤਾ ਕਿ ਸਾਡੇ ਪਾਸ ਕੋਈ ਨਾ ਆਵੇ ਬਲਕਿ ਭਾਈ ਬੁੱਢਾ, ਬੂੜਾ ਕਲਾਲ, ਧੀਰੂ ਨਾਈ, ਅਜਿੱਤਾ ਰੰਧਾਵਾ, ਏਹ ਜੋ ਸਿਦਕੀ ਸਿੱਖ ਹਰ ਵੇਲੇ ਪਾਸ ਰਹਿਣ ਵਾਲੇ ਸੇ, ਏਹ ਭੀ ਸਭ ਵਿਦਾ ਕਰ ਦਿੱਤੇ। ਭਾਈ ਬਾਲੇ ਨੂੰ ਪਹਿਲੇ ਹੀ ਤੋਰ ਛੱਡਿਆ ਸੀ। ਓਹ ਅਪਨੇ ਪਿੰਡ ਧਾਲੇ ਨੁਸ਼ੈਹਰੇ; ਜਿੱਥੇ ਹੁਣ ਓਸ ਦੀ ਸੰਤਾਨ ਹੈ, ਜਾ ਰਿਹਾ ਸੀ। ਸਿਰਫ ਇੱਕ ਕਮਲੀਆ ਬਾਬੇ ਜੀ ਦੇ ਪਾਸ ਜਾਯਾ ਕਰਦਾ, ਹੋਰ ਸਭ ਬੰਦ ਸੇ। ਏਸੇ ਤਰ੍ਹਾਂ ਕਈ ਦਿਨ ਜੰਗਲ ਵਿੱਚ ਰਾਵੀ ਕਿਨਾਰੇ ਰਹੇ। ਦੌਦੇ ਪਿੰਡ ਦੀ ਇੱਕ ਮਾਈ; ਜਿਸ ਨੂੰ ਪਰਮੇਸ਼੍ਵਰ ਦੇ ਮਿਲਨ ਦਾ ਸ਼ੌਕ ਸੀ, ਸੇਵਾ ਕਰਦੀ ਰਹੀ। ਫੇਰ ਪੱਖੋਕੇ ਪਿੰਡ ਸਾਧਾਰਨ ਨਾਮੀ ਸਿੱਖ ਦੇ ਘਰ ਜਾ ਡੇਰਾ ਲਾਇਆ ਅਰ ਹੁਕਮ ਕੀਤਾ ਕਿ ਕਿਸੇ ਨੂੰ ਸਾਡੇ ਏਥੇ ਆਉਣ ਦਾ ਹਾਲ ਨਹੀਂ ਦੱਸਣਾ।

ਏਧਰ ਗੁਰੂ ਜੀ ਦੇ ਪੁਤ੍ਰਾਂ ਨੇ ਆਪਣੇ ਆਪ ਨੂੰ ਬਨਾਉਣ ਦੇ ਬਹੁਤ ਯਤਨ ਕੀਤੇ ਕਰਤਾਰਪੁਰ ਗੱਦੀ ਤੇ ਬੈਠ ਸਿੱਖਾਂ ਨੂੰ ਪ੍ਰੇਰਿਆ। ਕਰਾਮਾਤਾਂ ਦਿਖਾਈਆਂ ਪਰ ਸਿੱਖ ਨਾ ਡੋਲੇ ਅਰ ਕਿਹਾ, "ਗੁਰੂ ਓਹੋ ਹੈ ਜਿਸ ਨੂੰ ਸਤਿਗੁਰਾਂ ਨੇ ਗੱਦੀ ਬਖ਼ਸ਼ੀ ਹੈ।" ਸਿੱਖਾਂ ਨੇ ਗੁਰੂ ਜੀ ਨੂੰ ਬਹੁਤ ਟੋਲਿਆ ਪਰ ਕੁਛ ਥਹੁ ਨਾ ਲੱਗਾ। ਇੱਕ ਦਿਨ ਗੁਰੂ ਜੀ ਨੇ ਭਾਈ ਸਾਧਾਰਨ ਨੂੰ ਕਿਹਾ ਜਿਸ ਥਿੱਤ ਨੂੰ ਤੇਰੇ ਪਿਓ ਨੇ ਚਲਾਣਾ ਕੀਤਾ ਸੀ, ਓਸੇ ਥਿੱਤ ਨੂੰ; ਜੋ ਬਹੁਤ ਥੋੜੇ ਦਿਨਾਂ ਤੱਕ ਆਉਣ ਵਾਲੀ ਹੈ, ਅਸੀਂ ਦੇਹ ਤਿਆਗਾਂਗੇ। ਭਾਈ ਸਾਧਾਰਨ ਨੇ ਇਹ ਗੱਲ ਭਾਈ ਬੁੱਢੇ ਨੂੰ ਦੱਸ ਦਿੱਤੀ। ਬਸ ਸਾਰੇ ਦੇਸ ਵਿੱਚ ਧੁੰਮ ਪੈ ਗਈ। ਸਭ ਸਿੱਖ ਆ 'ਕੱਠੇ ਹੋਏ। ਮਾਤਾ ਸੁਲੱਖਣੀ ਜੀ ਭੀ ਪੁਤ੍ਰਾਂ ਸਮੇਤ ਆ ਪਹੁੰਚੀ। ਪੁੱਤ੍ਰ ਦਰਸ਼ਨ ਕਰ ਸ਼ਿਕਾਰ ਨੂੰ ਚਲੇ ਗਏ। ਵੇਲਾ ਨੇੜੇ ਵੇਖ ਗੁਰੂ ਜੀ ਨੇ ਸਾਧਾਰਨ ਨੂੰ ਕਿਹਾ, "ਵਰ ਮੰਗ!" ਓਸ ਕਿਹਾ, "ਜੀ! ਮੇਰਾ ਕੁੜਮ ਕੈਦ ਹੈ ਓਹ ਛੁੱਟੇ।" ਤਿੰਨੇ ਵਾਰ ਏਹੋ ਮੰਗਿਆ, ਓਸ ਨੂੰ ਓਹਦੇ ਮਨ ਇੱਛਤ ਵਰ ਦੇ ਕੇ ਸਤਿਗੁਰੂ ਜੀ ਵਾਹਿਗੁਰੂ ਨਾਮ ਨੂੰ ਉਚਾਰਨ ਕਰਦੇ ਹੋਏ ਜੋਤੀ ਜੋਤਿ ਸਮਾ ਗਏ। ਪੁੱਤਰ ਆ ਕੇ ਪਛਤਾਏ। ਮਾਤਾ ਸੁਲੱਖਣੀ ਜੀ ਨੇ ਵਿਆਕੁਲ ਹੋ ਬੇਨਤੀ ਕੀਤੀ, "ਸੁਆਮੀ ਜੀ! ਦੋ ਗੱਲਾਂ ਪੁਤ੍ਰਾਂ ਨਾਲ ਤਾਂ ਕਰੋ।" ਓਸੇ ਵੇਲੇ ਬਾਲੇ ਨੇ ਆ ਢਾਹ ਮਾਰੀ ਅਰ ਕਿਹਾ, "ਗੁਰੂ ਜੀ! ਆਪ ਨੇ ਕਿਹਾ ਸੀ, ਤੈਨੂੰ ਨਾਲ ਲੈ ਚਲਾਂਗੇ।" ਬਾਲੇ ਤੇ ਸਿੱਖਾਂ ਦੇ ਬਹੁਤ ਵਿਰਲਾਪ ਕਰਨ ਤੇ ਗੁਰੂ ਜੀ ਉੱਠੇ ਅਰ ਕਿਹਾ, "ਤੂੰ ਸਾਥੋਂ ਵੱਖਰਾ ਨਹੀਂ। ਕੁਛ ਦਿਨ ਜਾ ਕੇ ਅੰਗਦ ਜੀ ਪਾਸ ਰਹੁ। ਓਹ ਮੇਰਾ ਰੂਪ ਹੈ। ਓਸ ਨੂੰ ਮੇਰਾ ਹਾਲ ਸੁਣਾ ਫੇਰ ਤੈਨੂੰ ਅਸੀਂ ਸੱਦ ਲਵਾਂਗੇ।"

ਸ੍ਰੀ ਮਾਤਾ ਸੁਲੱਖਣੀ ਜੀ ਦੀ ਬੇਨਤੀ ਮੰਨ ਗੁਰੂ ਜੀ ਕਰਤਾਰਪੁਰ ਆ ਰਹੇ। ਏਥੇ ਆ ਕੇ ਇੱਕ ਭਾਰਾ ਯੱਗ ਕੀਤਾ। ਦੂਰ ਦੂਰ ਤੋਂ ਸਾਧ ਬ੍ਰਾਹਮਣ ਅਤਿਥੀ 'ਕੱਠੇ ਹੋਏ। ਫੇਰ ਸਾਧਾਰਨ ਸਿੱਖ ਨੂੰ ਨਾਲ ਲੈ ਕੇ ਬਾਹਰ ਜਾ ਕੇ ਅੱਠ ਵਿਘੇ ਭੋਂ ਕਛਾਈ। ਚੰਦਨ ਕਸਤੂਰੀ ਘਿਓ ਆਦਿਕ ਵਸਤਾਂ ਕੱਠੀਆਂ ਕਰਵਾਈਆਂ। ਮਾਤਾ ਸੁਲੱਖਣੀ ਜੀ ਨੇ ਨਾਲ ਚੱਲਣ ਦੀ ਆਗਜਾ ਮੰਗੀ। ਗੁਰੂ ਜੀ ਨੇ ਪੋਤ੍ਰਾ ਖਿਡਾ ਕੇ ਆਉਣ ਦੀ ਆਗਜਾ ਕੀਤੀ। ਫੇਰ ਆਸਣ ਵਿਛਾ ਕੇ ਬਿਰਾਜ ਗਏ। ਕੀਰਤਨ ਹੋਣ ਲੱਗ ਪਿਆ। ਜਾਂ ਦਸਮੀ ਵਾਲੇ ਦਿਨ ਚਾਰ ਘੜੀ ਦਿਨ ਚੜ੍ਹਿਆ ਤਾਂ ਪਦਮਾਸਨ ਬੈਠ ਗਏ {ਪਦਮਾਸਨ ਬੈਠ ਕੇ ਸਰੀਰ ਦਾ ਪ੍ਰੀਤਿਆਗ} ਅਰ ਸ੍ਰੀਰ ਤਿਆਗ ਦਿੱਤਾ। ਓਸੇ ਵੇਲੇ ਹਿੰਦੂ ਮੁਸਲਮਾਨਾਂ ਦਾ ਝਗੜਾ ਹੋਣ ਲੱਗ ਪਿਆ। ਹਿੰਦੂ ਕਹਿਣ, "ਗੁਰੂ ਸਾਡੇ ਸਨ" ਤੇ ਮੁਸਲਮਾਨ ਆਪਣਾ ਪੀਰ ਬਨਾਉਣ। ਓਹ ਕਹਿਣ, "ਅਸੀਂ ਸਾੜਾਂਗੇ" ਓਹ ਦੱਬਣ ਲਈ ਜ਼ਿਦ ਕਰਨ।

ਓਸੇ ਵੇਲੇ ਦੇਵਨੇਤ ਪੰਜ ਕੰਨ ਪਾਟੇ ਸਾਧ ਓਥੇ ਆ ਗਏ। ਓਹਨਾਂ ਨੇ ਝਗੜੇ ਦਾ ਕਾਰਨ ਪੁੱਛ ਕੇ ਕਿਹਾ, "ਤੁਸੀਂ ਤਾਂ ਐਵੇਂ ਝਗੜਦੇ ਹੋ। ਗੁਰੂ ਨਾਨਕ ਜੀ ਤਾਂ ਹੁਣ ਪੰਜਾਂ ਸਿੱਖਾਂ ਸਮੇਤ ਏਥੋਂ ੪-੫ ਕੋਹ ਦੀ ਵਿੱਥ ਤੇ ਸਾਨੂੰ ਜਾਂਦੇ ਮਿਲੇ ਹਨ।" ਸਿੱਖਾਂ ਨੇ ਕਿਹਾ, "ਤੁਹਾਨੂੰ ਭਰਮ ਹੋਯਾ ਹੈ। ਆਹ ਦੇਖੋ ਓਨ੍ਹਾਂ ਦੀ ਦੇਹ ਪਈ ਹੈ।" ਜੋਗੀਆਂ ਕਿਹਾ, "ਕਿੱਥੇ ਹੈ?" ਜਾਂ ਚਾਦਰ ਚੁੱਕੀ ਤਾਂ {ਸਰੀਰ

ਸਮੇਤ ਅੰਤਰਧਿਆਨ} ਪੁਸ਼ਪਾਂ ਦਾ ਢੇਰ ਅਰ ਬਿਸਤ੍ਰਾ ਹੀ ਨਜ਼ਰ ਆਯਾ। ਸਭ ਝਗੜਾ ਆਪੇ ਨਿੱਬੜ ਗਿਆ। ਦੋਹਾਂ ਧੜਿਆਂ ਨੇ ਚਾਦਰ ਅੱਧੋ ਅੱਧ ਵੰਡ ਲਈ। ਓਨ੍ਹਾਂ ਸੰਸਕਾਰ ਕਰ ਕੇ ਸਮਾਧ ਬਨਾ ਦਿੱਤੀ। ਮੁਸਲਮਾਨਾਂ ਨੇ ਦੱਬ ਕੇ ਕਬਰ ਬਨਾ ਦਿੱਤੀ। ਦਰਯਾ ਦਾ ਹੜ੍ਹ ਆਯਾ ਦੋਵੇਂ ਰੋੜ੍ਹ ਕੇ ਲੈ ਗਿਆ। ਪਰ ਪ੍ਰੇਮੀ ਸਿੱਖ ਸਰਦਾਰ ਸੁੱਧ ਸਿੰਘ ਦੂਦੇ ਵਾਲੇ ਨੇ ਫੇਰ ਪੱਕੀ ਸਮਾਧ ਕਰਤਾਰਪੁਰ ਵਿੱਚ ਬਨਾ ਦਿੱਤੀ, ਜੋ ਹੁਣ ਤੱਕ ਹੈ ਅਰ ਉਦਾਸੀ ਸਾਧੂ ਸੇਵਾਦਾਰ ਹੈ। ਫੇਰ ਗੁਰੂ ਜੀ ਦੇ ਪੜੋਤੇ ਧਰਮਚੰਦ, ਮੇਹਰਚੰਦ ਨੇ ਰਾਵੀਓਂ ਉਰਾਰ ਇੱਕ ਨਗਰ ਵਸਾ ਕੇ ਗੁਰੂ ਜੀ ਦੀ ਸਮਾਧ ਬਨਾਈ, ਜਿਸ ਦਾ ਨਾਉਂ ਡੇਹਰਾ ਬਾਬਾ ਨਾਨਕ ਰੱਖਿਆ। ਹੁਣ ਤੱਕ ਓਸ ਨਗਰ ਦਾ ਨਾਉਂ ਡੇਹਰਾ ਬਾਬਾ ਨਾਨਕ ਹੈ। ਬੜਾ ਸੁੰਦਰ ਤੇ ਪੱਕਾ ਸੰਗਮਰਮਰ ਦਾ ਗੁਰਦਵਾਰਾ ਹੈ। ਗੁਰੂ ਜੀ ਦਾ ਚੋਲਾ ਭੀ ਏਥੇ ਹੀ ਹੈ।

ਗੁਰੂ ਨਾਨਕ ਦੇਵ ਜੀ ਦੀ ਸਾਖੀ ਲਿਖਣ ਲਈ ਅਸੀਂ ਝਿਜਕਦੇ ਸੀ ਕਿਉਂਕਿ ਸਮਾਂ ਕਿਸੇ ਹੋਰ ਸੰਗਤ ਵਿੱਚ ਹੈ। ਅੰਗਰੇਜੀ ਪੜ੍ਹੇ ਲਿਖੇ ਕਰਾਮਾਤਾਂ ਦੇ ਕਾਇਲ ਨਹੀਂ ਹੁੰਦੇ। ਪੁਰਾਣੇ ਬ੍ਰਿਧ ਪੁਰਸ਼ ਕਰਾਮਾਤਾਂ ਮੰਨਦੇ ਹਨ। ਜੇ ਲਿਖੀਏ ਤਾਂ ਓਹ ਗ਼ੁੱਸੇ, ਜੇ ਨਾ ਲਿਖੀਏ ਤਾਂ ਓਹ ਗ਼ੁੱਸੇ। ਪਰ ਹੁਣ ਜਦ ਮਿਸਮਰੇਜ਼ਮ ਅਰ ਯੋਗ ਬਲ ਹੈਪਨੋਟਿਜ਼ਮ ਆਦਿਕ ਨਾਲ ਅੰਗ੍ਰੇਜ਼ੀ ਪੜ੍ਹਿਆਂ ਹੋਇਆਂ ਦੇ ਮਨ ਤੇ ਠੋਕਰ ਵੱਜੀ ਹੈ ਤਾਂ ਗੁਰੂ ਜੀ ਦੀਆਂ ਕਰਾਮਾਤਾਂ ਨੂੰ ਭੀ ਠੀਕ ਮੰਨਣ ਲੱਗ ਪਏ ਹਨ।

ਹੁਣ ਅਸੀਂ ਗੁਰੂ ਜੀ ਦੇ ਜੀਵਣ ਤੇ ਆਪਣੇ ਵਲੋਂ ਕੁਛ ਰਾਇ ਨਹੀਂ ਲਿਖਦੇ। ਪ੍ਰੰਤੂ ਕੁਛਕੁ ਦੂਸਰੇ ਮੱਤਾਂ ਵਾਲਿਆਂ ਦੀ ਰਾਇ; ਜੋ ਓਨ੍ਹਾਂ ਨੇ ਆਪਣੀਆਂ ਪੁਸਤਕਾਂ ਵਿੱਚ ਲਿਖੀ ਹੈ, ਦਰਜ ਕਰਦੇ ਹਾਂ। ਦੇਖੋ ਮਿਸਟਰ ਕਿਸ਼ਟ ਸਾਹਿਬ ਕਮਿਸ਼ਨਰ ਅੰਮ੍ਰਿਤਸਰ ਲਿਖਦੇ ਹਨ:

"ਗੁਰੂ ਨਾਨਕ ਦੇਵ ਜੀ ਪ੍ਰਮੇਸ਼੍ਵਰ ਦੇ ਓਹਨਾਂ ਖ਼ਾਸ ਪਿਆਰਿਆਂ ਵਿੱਚੋਂ ਸਨ ਜਿਨ੍ਹਾਂ ਨੂੰ ਓਸ ਨੇ ਆਪਣੇ ਜਿਹਾ ਬਣਾ ਰੱਖਿਆ ਸੀ। ਆਪਣੀਆਂ ਤਾਕਤਾਂ ਓਨ੍ਹਾਂ ਵਿੱਚ ਪਾ ਰਖੀਆਂ ਸੀ। ਗੁਰੂ ਜੀ ਸੁਲਹ ਕੁਲ ਸਨ। ਹਰ ਇੱਕ ਨੂੰ ਸੱਚੇ ਮਾਰਗ ਦਾ ਉਪਦੇਸ਼ ਦੇਂਦੇ ਸੇ।" ਗੱਲ ਕੀ ਏਸੇ ਤਰ੍ਹਾਂ ਛੇ ਸਫੇ ਓਸ ਨੇ ਗੁਰੂ ਜੀ ਦੀ ਉਸਤਤ ਦੇ ਲਿਖੇ ਹਨ।

ਹੋਰ ਦੁਬਿਸਤਾਨ ਮਜ਼ਾਹਬ ਦਾ ਕਰਤਾ ਜੋ ਇੱਕ ਈਰਾਨ ਦਾ ਮੌਲਵੀ ਸੀ, ਆਪਣੀ ਪੁਸਤਕ ਵਿੱਚ ਸਤਿਗੁਰੂ ਨਾਨਕ ਦੇਵ ਜੀ ਦੀ ਅਤਜੰਤ ਉਪਮਾ ਕਰਦਾ ਹੋਯਾ ਲਿਖਦਾ ਹੈ ਕਿ "ਜੇ ਕੋਈ ਮਜ਼੍ਹਬ ਖ਼ੁਦਾ ਨੂੰ ਮਿਲਣ ਅਰ ਬਿਨਾਂ ਈਰਖਾ ਦਵੈਸ਼ ਦੇ ਹੈ, ਤਾਂ ਓਹ ਗੁਰੂ ਨਾਨਕ ਜੀ ਦਾ ਮਜ਼੍ਹਬ ਹੈ। ਮੈਂ ਓਨ੍ਹਾਂ ਦੀ ਗੱਦੀ ਦੇ ਛੇਵੇਂ ਗੁਰੂ ਹਰਗੋਬਿੰਦ ਜੀ ਪਾਸ ਕੁਛ ਮਹੀਨੇ ਰਹਿ ਕੇ ਦੇਖਿਆ ਹੈ ਕਿ ਓਨ੍ਹਾਂ ਵਿੱਚ ਕੋਈ ਦਿਖਾਵੇ ਦੀ ਗੱਲ ਨਹੀਂ। ਕਹਿਣੀ ਕਰਨੀ ਦੇ ਪੂਰੇ ਹਨ। ਮੈਂ ਉਨ੍ਹਾਂ ਦੀਆਂ ਬਹੁਤ ਕਰਾਮਾਤਾਂ ਦੇਖੀਆਂ ਹਨ। ਓਹ ਲੱਖ ਕੱਖ ਨੂੰ ਇੱਕ ਸਮਾਨ ਸਮਝਦੇ ਹਨ।" ਇਤਜਾਦਿਕ ਬਹੁਤ ਕੁਛ ਲਿਖਿਆ ਹੈ।

ਇਸ ਵਿੱਚ ਕੁਛ ਸੰਦੇਹ ਨਹੀਂ ਕਿ ਸਤਿਗੁਰੂ ਨਾਨਕ ਦੇਵ ਜੀ ਨੇਕੀ ਦੇ ਪੁੰਜ, ਨੂਰ ਇਲਾਹੀ, ਸੱਚੇ ਸਤਿਗੁਰੂ ਸੇ।

ਸਤਿਗੁਰੂ ਨਾਨਕ ਦੇਵ ਜੀ ਕੱਤਕ ਸੁਦੀ ਪੂਰਨ ਮਾਸ਼ੀ ਸੰਮਤ ੧੫੨੬ ਨੂੰ ਰਾਏ ਭੋਏ ਦੀ ਤਲਵੰਡੀ ਵਿੱਚ ਪ੍ਰਗਟੇ ਅਰ ੬੯ ਬਰਸ, ੧੦ ਮਹੀਨੇ, ੧੦ ਦਿਨ ਸੰਸਾਰ ਵਿੱਚ ਰਹਿ ਕੇ ਅੱਸੂ ਵਦੀ ਦਸਮੀ ਸੰਮਤ ੧੫੯੬ ਬਿਕ੍ਰਮੀ ਨੂੰ ਕਰਤਾਰਪੁਰ ਵਿੱਚ ਜੋਤੀ ਜੋਤ ਸਮਾ ਗਏ।

(ਪਹਿਲਾ ਹਿੱਸਾ ਸਮਾਪਤ)